Sri Guru Granth Sahib

ENGLISH & PUNJABI TRANSLATION

VOL.2

Publisher :

Shiromani Gurdwara Parbandhak Committee,

Amritsar

135/-

ੴ

SRI GURU GRANTH SAHIB

(English & Panjabi Translation)

Vol. 2

Translated by

MANMOHAN SINGH

SHIROMANI GURDWARA PARBANDHAK COMMITTEE
AMRITSAR

All Rights Reserved by

THE SHIROMANI GURDWARA PARBANDHAK COMMITTEE, AMRITSAR.

No Part of this excluding the original Gurbani may be reproduce in any form without permission in writing from The Shiromani Gurdwara Parbandhak Committee, except by a reviewer who wishes to quote brief passages in connections with a review.

Ist Edition	1964	
2nd Edition	1980	
3rd Edition	1988	
4th Edition	November 1994	5000
5th Edition	March 2001	5000
6th Edition	April 2006	5000

Distributed in India and abroad by
The Shiromani Gurdwara Parbandhak Committee,
Teja Singh Samundri Hall, Golden Temple,
Amritsar.

PRINTED IN INDIA

Printed at :
Golden Offset Press (S.G.P.C.)
Gurdwara Ramsar Sahib, Amritsar.

Dedicated
to my beloved wife
Sardarni Ajaib Kaur
through whose encouragement
and service, this
Divine work is
accomplished.

ACKNOWLEDGEMENT

It is my pleasure to record my gratitude to various persons for their generous spirit and wholehearted co-operation in reading the manuscript.

M. S.

PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi, so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at 1 P.M. on 12-4-1948, the birthday of the Khalsa Panth. The relevant hymn of the time from the Holy Sri Guru Granth Sahib reads as :—

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥ ੧ ॥ ਰਹਾਉ ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥ ੨ ॥ ੫ ॥ ੨੮ ॥

By the Guru's Grace the entire work of translation was fully completed at 8 A.M. on 8-8-1960, at Patiala and the order of the time from Sri Guru Granth Sahib reads as :—

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਚੂ ਮਹਿ ਪਾਏ ॥
ਰਾਖਿ ਲੇਹ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥ ੧ ॥ ਰਹਾਉ ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ ॥ ੨ ॥ ੩ ॥ ੪੩ ॥

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformity with the grammatical rules, or the principles enunciated in Shabdarath but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume on 12. 1. 62, the auspicious occasion of the birthday of the Tenth Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala, for the success of the mission. The entire work shall be printed in eight volumes, covering about five thousand pages of the size and pattern of first volume which has already been got printed by me.

To facilitate the understanding of translation, the following points may kindly be borne in mind :

(i) To know the meaning of a particular word in the text, the corresponding numbers in the English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within the lines of the text denotes the page of 1430 pages edition of Sri Guru Granth Sahib.

My endeavour has been throughout to be very faithful to the text and to avoid unnecessary dilations.

At my request made in May, 1962, the Shiromani Gurdwara Prabandhak Committee, Amritsar has very kindly consented to print and sell all the eight volumes of this translation of Sri Guru Granth Sahib, at no profit no loss basis, vide its resolution No. 596 of 30. 5. 1962. I take this opportunity to thank the S. G. P. C. heartily for the same and agree to the terms of aforesaid resolution with respectful feelings of indebtedness.

This rendering makes available to the S. G. P. C. the word for word version of the text into Panjabi and English. It is possible now to translate the text specially from English into Urdu, Hindi and other foreign languages. I earnestly beseech the S.G.P.C. to move in this direction as well, by securing the services of suitable persons and thereby earn the blessings of the Great Guru by propagating His faith and mission.

During this stupendous task I have mainly consulted the following books and treatises with whose help and guidance I have succeeded in my undertaking :

(i) The Sikh Religion by Max Arthur Macauliffe.
(ii) Teeka of Sri Guru Granth Sahib (Faridkot).
(iii) Teeka Sri Guru Granth Sahib (by Bhai Bishan Singh Gyani).
(iv) Shabad Ratnakar by Bhai Kahan Singh ji Nabha.
(v) Sri Guru Granth Kosh.
(vi) English version of Sri Guru Granth Sahib by Dr. Gopal Singh (At revision stage only).
(vii) Dictionaries of various languages and descriptions

Detailed information about the following would be printed in the 8th volume of this work :

(i) Glossary of the technical terms employed in the

Sri Guru Granth Sahib.

(ii) Miscellaneous Information.

(iii) Table of Contents and Index.

(iv) Addendum and Corrigendum.

By means of an *Ardasa* at the Golden Temple (Sri Harimander Sahib), Amritsar at 12-00 Noon on 3. 8. 1962, I made this humble offering of the printed first volume and other relevant record and papers unto the Great Guru and handed over the same to the S.G.P.C., as it is the only representative body of the Panth. May the Divine Guru grant it the power to accomplish the task it has taken upon itself.

Blessed blessed is the Lord incarnate Guru who has very mercifully bestowed this unique service unto me, a meritless slave of His.

Village & P. O. Mohi,
District Ludhiana
and
Village & P.O. Bhadaur,
District Sangrur

MANMOHAN SINGH
Advocate
Bungalow No. 4,
Street B, Sector 11-A,
Chandigarh
June 1, 1964

੧੫੧	151	੧੫੧
ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ	Rag Gauri Guareri, 1st Guru, Chaupade Dupde	ਰਾਗੁ ਗਉੜੀ ਗੁਆਰੇਰੀ, ਪਹਿਲੀ ਪਾਤਸ਼ਾਹੀ, ਚਉਪਦੇ ਦੁਪਦੇ
੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥	There is but one God. True is His Name, Creative His personality and Immortal His form. He is without fear, without enmity, unborn, and self-illumined. By Guru's favour He is obtained.	ਵਾਹਿਗੁਰੂ ਕੇਵਲ ਇਕ ਹੈ, ਸੱਚਾ ਹੈ ਉਸ ਦਾ ਨਾਮ, ਰਚਣਹਾਰ ਹੈ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਬੇ-ਖੌਫ਼, ਦੁਸ਼ਮਨੀ ਰਹਿਤ, ਅਜਨਮਾ ਅਤੇ ਸਵੈ-ਪਰਕਾਸ਼ਵਾਨ ਹੈ। ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ।
ਭਉ[12] ਮੁਚੁ[13] ਭਾਰਾ[14] ਵਡਾ[15] ਤੋਲੂ[16] ॥ ਮਨ[17] ਮਤਿ[18] ਹਉਲੀ[19] ਬੋਲੇ[20] ਬੋਲੂ[21] ॥ ਸਿਰਿ[22] ਧਰਿ[23] ਚਲੀਐ[24] ਸਹੀਐ[25] ਭਾਰੁ[26] ॥	Lord's fear[12] is very[13] great[14] and very[15] heavy[16]. Paltry[19] is man's[17] intellect[18] and the speech[21], that he delivers[20]. Walk[24], by placing[23] Lord's fear on thy head[22], and bear[25] the weight[26] thereof.	ਸਾਹਿਬ ਦਾ ਡਰ[12] ਬਹੁਤ[13] ਵਡਾ[14] ਅਤੇ ਬਹੁਤ[15] ਵਜ਼ਨਦਾਰ[16] ਹੈ। ਤੁਛ[19] ਹੈ ਆਦਮੀ[17] ਦੀ ਅਕਲ[18] ਤੇ ਬਚਨ ਬਿਲਾਸ[21], ਜੋ ਉਹ ਉਚਾਰਦਾ ਹੈ[20]। ਸਾਹਿਬ ਦਾ ਡਰ ਆਪਣੇ ਸੀਸ[22] ਤੇ ਰਖ[23] ਕੇ ਟੁਰ[24] ਅਤੇ ਉਸ ਦਾ ਬੋਝ[26] ਸਹਾਰ[25]।
ਨਦਰੀ[27] ਕਰਮੀ[28] ਗੁਰ ਬੀਚਾਰੁ[29] ॥ ੧ ॥	He, on whom is the grace[28], of the Merciful[27], through the Guru, meditates[29] on Him.	ਜਿਸ ਉਤੇ ਮਿਹਰਬਾਨ[27] ਪੁਰਖ ਦੀ ਮਿਹਰ[28] ਹੈ, ਉਹ ਗੁਰਾਂ ਦੇ ਰਾਹੀਂ ਉਸ ਦਾ ਸਿਮਰਨ[29] ਕਰਦਾ ਹੈ।
ਭੈ ਬਿਨੁ ਕੋਇ ਨ ਲੰਘਸਿ[30] ਪਾਰਿ ॥ ਭੈ[31] ਭਉ[32] ਰਾਖਿਆ ਭਾਇ[33] ਸਵਾਰਿ[34] ॥ ੧ ॥ ਰਹਾਉ ॥	Without Lord's fear none can cross[30] the world-ocean. Lord's fear[31] and dread[32] bedecks[34] man's love[33] for Him. Pause.	ਸਾਹਿਬ ਦੇ ਡਰ ਬਗ਼ੈਰ ਕੋਈ ਭੀ ਸੰਸਾਰ-ਸਮੁੰਦਰ ਤੋਂ ਪਾਰ[30] ਨਹੀਂ ਹੋ ਸਕਦਾ। ਸਾਹਿਬ ਦਾ ਡਰ[31] ਤੇ ਤ੍ਰਾਹ[32] ਇਨਸਾਨ ਦੀ ਉਸ ਨਾਲ ਪ੍ਰੀਤ[33] ਨੂੰ ਸ਼ਿੰਗਾਰ[34] ਦਿੰਦਾ ਹੈ। ਠਹਿਰਾਉ।
ਭੈ ਤਨਿ[35] ਅਗਨਿ[36] ਭਖੈ[37] ਭੈ ਨਾਲਿ ॥ ਭੈ ਭਉ ਘੜੀਐ[38] ਸਬਦਿ[39] ਸਵਾਰਿ[40] ॥	The body's[35] fire[36] of fear is burnt[37] away by the dread of God. With Lord's fear and fright, man's speech[39] is fashioned[38] and decorated[40].	ਸ੍ਰੀਰ[35] ਦੀ ਡਰ ਦੀ ਅੱਗ[36], ਵਾਹਿਗੁਰੂ ਦੇ ਤ੍ਰਾਸ ਨਾਲ ਸੜ[37] ਜਾਂਦੀ ਹੈ। ਸੁਆਮੀ ਦੇ ਡਰ ਅਤੇ ਤ੍ਰਾਹ ਨਾਲ ਬੰਦੇ ਦੀ ਬੋਲਚਾਲ[39] ਢਾਲੀ[38] ਅਤੇ ਸ਼ਿੰਗਾਰੀ[40] ਜਾਂਦੀ ਹੈ।
ਭੈ ਬਿਨੁ ਘਾੜਤ[41] ਕਚੁਨਿਕਚ[42] ॥ ਅੰਧਾ[43] ਸਚਾ[44] ਅੰਧੀ ਸਟ[45] ॥੨॥ ਬੁਧੀ[46] ਬਾਜੀ[47] ਉਪਜੈ[48]	What is fashioned[41] without Lord's fear is altogether worthless[42]. Useless[43] is the mould[44] and useless the stroke[45] thereon. The desire[49] for worldly plays[47]	ਜੋ ਕੁਛ ਸਾਹਿਬ ਦੇ ਡਰ ਦੇ ਬਗ਼ੈਰ ਬਣਾਇਆ[41] ਜਾਂਦਾ ਹੈ ਉਹ ਬਿਲਕੁਲ ਹੀ ਨਿਕੰਮਾ[42] ਹੁੰਦਾ ਹੈ। ਡਜ਼ੂਲ[43] ਹੈ ਸੰਚਾ[44] ਤੇ ਡਜ਼ੂਲ ਹੈ ਉਸ ਦੇ ਉਤੇ ਲਾਈ ਟਕੋਰ[45]। ਸੰਸਾਰੀ ਖੇਡਾਂ[47] ਦੀ ਖ਼ਾਹਿਸ਼[49] ਇਨਸਾਨ ਦੀ ਅਕਲ[46]

ਚਾਉ[49] ॥
ਸਹਸ[50] ਸਿਆਣਪ[51] ਪਵੈ[52] ਨ ਤਾਉ[53] ॥

arises[48] in man's intellect[46].
Inspite of thousands[50] of ingenuities[51], the heat[53] of Lord's fear comes not unto[52] play.

ਅੰਦਰ ਪੈਦਾ[48] ਹੁੰਦੀ ਹੈ ।
ਹਜ਼ਾਰਾਂ[50] ਹੀ ਅਕਲਮੰਦੀਆਂ[51] ਦੇ ਬਾਵਜੂਦ, ਸਾਹਿਬ ਦੇ ਡਰ ਦਾ ਸੇਕ[53] ਨਹੀਂ ਲਗਦਾ[52] ।

ਨਾਨਕ ਮਨਮੁਖਿ[54] ਬੋਲਣੁ[55] ਵਾਉ[56]॥ਅੰਧਾ[57] ਅਖਰੁ[58] ਵਾਉ ਦੁਆਉ[59] ॥੩॥੧॥

Nanak, the speech[55] of an apostate[54] is nonsense[56]. Worthless[57] & absurd[59] is his preaching[58].

ਨਾਨਕ ਅਧਰਮੀ[54] ਦੀ ਗਲਬਾਤ[55] ਬੇਹੂਦਾ[56] ਹੁੰਦੀ ਹੈ । ਨਿਕੰਮਾ ਅਤੇ ਫ਼ਜ਼ੂਲ ਹੈ ਉਸ ਦਾ ਉਪਦੇਸ਼ ।

ਗਉੜੀ ਮਹਲਾ ੧ ॥

Gauri, 1st Guru.

ਗਉੜੀ, ਪਹਿਲੀ ਪਾਤਸ਼ਾਹੀ

ਡਰਿ[60] ਘਰੁ[61] ਘਰਿ[62] ਡਰੁ[63] ਡਰਿ[64] ਡਰੁ[65] ਜਾਇ[66] ॥

Place God's fear[60] in thy heart[61], and let thy home be in His dread.[63] Thy fear[64] of Death, then, shall be frightened[65] away[66].

ਰੱਬ ਦੇ ਭੈ[60] ਨੂੰ ਆਪਣੇ ਦਿਲ[61] ਅੰਦਰ ਧਾਰ ਅਤੇ ਤੇਰਾ ਗ੍ਰਹਿ[62] ਉਸ ਦੇ ਤ੍ਰਾਸ[63] ਅੰਦਰ ਰਹੇ, ਤਦ, ਤੇਰਾ ਮੌਤ ਦਾ ਭੈ[64], ਭੈ-ਭੀਤ[65] ਹੋ ਕੇ ਟੁਰ[66] ਜਾਏਗਾ ।

ਸੋ[67] ਡਰੁ ਕੇਹਾ[68] ਜਿਤੁ[69] ਡਰਿ[70] ਡਰੁ[71] ਪਾਇ ॥

What sort of fear is that[67], by which[69] the fear of death[70] is frightened[71] ?

ਉਹ[67] ਭੈ ਕਿਸ ਕਿਸਮ[68] ਦਾ ਹੈ, ਜਿਸ ਦੁਆਰਾ[69] ਮੌਤ ਦਾ ਭਉ[70] ਭੈ-ਭੀਤ[71] ਹੋ ਜਾਂਦਾ ਹੈ ?

ਤੁਧੁ ਬਿਨੁ[72] ਦੂਜੀ[73] ਨਾਹੀ ਜਾਇ[74] ॥ ਜੋ ਕਿਛੁ[75] ਵਰਤੈ[76] ਸਭੁ[77] ਤੇਰੀ ਰਜਾਇ[78] ॥੧॥

Without[72] Thee, there is no other[73] place[74] of rest. Whatsoever[75] happens[76], is all[77] according to Thy Will[78].

ਤੇਰੇ ਬਗ਼ੈਰ[72] ਹੋਰ[73] ਕੋਈ ਆਰਾਮ ਦੀ ਥਾਂ[74] ਨਹੀਂ । ਜੋ ਕੁਝ[75] ਭੀ ਹੁੰਦਾ[76] ਹੈ, ਸਮੂਹ[77] ਤੇਰੇ ਭਾਣੇ[78] ਅਨੁਸਾਰ ਹੈ ।

ਡਰੀਐ[79] ਜੇ[80] ਡਰੁ ਹੋਵੈ ਹੋਰੁ[81] ॥

Fear[79], if[80] we have any other[81] fear than that of the Lord.

ਅਸੀਂ ਖ਼ੌਫ਼ ਖਾ, ਜੇਕਰ[80] ਸਾਨੂੰ ਪ੍ਰਭੂ ਦੇ ਬਾਝੋਂ ਕਿਸੇ[81] ਹੋਰਸ ਦਾ ਖ਼ੌਫ਼ ਹੋਵੇ ।

ਡਰਿ[82] ਡਰਿ[83] ਡਰਣਾ[84] ਮਨ[85] ਕਾ ਸੋਰੁ[86] ॥
੧ ॥ ਰਹਾਉ ॥

To be awed[84] with fear[83], other than the fear[82] of God, is but mind's[85] tumult[86]. Pause

ਰੱਬ ਦੇ ਭਉ[82] ਬਗ਼ੈਰ ਹੋਰਸ ਦੇ ਭਉ[83] ਨਾਲ ਸਹਿਮ[84] ਜਾਣਾ ਨਿਰਾਪੁਰਾ ਚਿਤ[85] ਦਾ ਸ਼ੋਰ ਸ਼ਰਾਬਾ[86] ਹੀ ਹੈ । ਠਹਿਰਾਉ ।

ਨਾ ਜੀਉ[87] ਮਰੈ[88] ਨ ਡੂਬੈ[89] ਤਰੈ[90] ॥

By itself the soul[87] dies[88] not, neither it is drowned[89], nor swims across[90].

ਆਪਣੇ ਆਪ ਨਾ ਆਤਮਾ[87] ਮਰਦੀ[88] ਹੈ, ਨਾ ਡੁਬਦੀ[89] ਹੈ, ਅਤੇ ਨਾ ਹੀ ਪਾਰ[90] ਉਤਰਦੀ ਹੈ ।

ਜਿਨਿ[96] ਕਿਛੁ[91] ਕੀਆ[92] ਸੋ[93] ਕਿਛੁ[94] ਕਰੈ[95] ॥

He[93], who[96] did make[92] the Creation[91], does[95] everything[94].

ਜਿਸ[96] ਨੇ ਰਚਨਾ[91] ਰਚੀ[92] ਹੈ, ਉਹੀ[93] ਸਭ ਕੁਝ[94] ਕਰਦਾ[95] ਹੈ ।

ਹੁਕਮੇ[97] ਆਵੈ[99] ਹੁਕਮੇ ਜਾਇ[98] ॥

By Lord's order[97] man comes[99], and by His order he goes[98].

ਸਾਈਂ ਦੇ ਅਮਰ[97] ਦੁਆਰਾ ਬੰਦਾ ਆਉਂਦਾ[99] ਹੈ, ਅਤੇ ਉਸ ਦੀ ਆਗਿਆ ਦੁਆਰਾ ਉਹ ਚਲਿਆ[98] ਜਾਂਦਾ ਹੈ ।

ਆਗੈ[100] ਪਾਛੈ[2] ਹੁਕਮਿ[3] ਸਮਾਇ[4] ॥੨॥

Before[100] and after[2] this birth, as well, the mortal remains absorbed[4] in His fiat[3].

ਇਸ ਜਨਮ ਦੇ ਅਗਾੜੀ[100] ਤੇ ਪਿਛਾੜੀ[2] ਭੀ ਪ੍ਰਾਣੀ ਉਸ ਦੇ ਫੁਰਮਾਨ[3] ਅੰਦਰ ਲੀਨ[4] ਰਹਿੰਦਾ ਹੈ ।

ਹੰਸੁ[5] ਹੇਤੁ[6] ਆਸਾ[7]

Cruelty[5], worldly[6] love, desire[7], and

ਨਿਰਦਈਪਣਾ[5], ਸੰਸਾਰੀ[6] ਮੋਹ, ਖ਼ਾਹਿਸ਼[7] ਅਤੇ ਹੰਕਾਰ[8],

ਅਸਮਾਨੂ[8] ॥
ਤਿਸੁ[9] ਵਿਚਿ ਭੂਖ[10]
ਬਹੁਤੁ[12] ਨੈ[13] ਸਾਨੁ[14] ॥
ਭਉ[15] ਖਾਣਾ ਪੀਣਾ[16]
ਆਧਾਰੁ[17] ॥
ਵਿਣੁ[18] ਖਾਧੇ[19] ਮਰਿ[20]
ਹੋਹਿ ਗਵਾਰ[21] ॥੩॥
ਜਿਸ[22] ਕਾ ਕੋਇ[23] ਕੋਈ
ਕੋਇ[24] ਕੋਇ[25] ॥

ਸਭੂ[26] ਕੋ ਤੇਰਾ ਤੂੰ ਸਭਨਾ
ਕਾ ਸੋਇ[27] ॥
ਜਾ ਕੇ ਜੀਅ[28] ਜੰਤੂ[29]
ਧਨੁ[30] ਮਾਲੂ[31] ॥ ਨਾਨਕ
ਆਖਣੂ[32] ਬਿਖਮੁ[33]
ਬੀਚਾਰੂ[34] ॥੪॥੨॥

ਗਉੜੀ ਮਹਲਾ ੧ ॥
ਮਾਤਾ[35] ਮਤਿ[36] ਪਿਤਾ[37]
ਸੰਤੋਖੁ[38] ॥
ਸਤੁ[39] ਭਾਈ[40] ਕਰਿ[41]
ਏਹੁ ਵਿਸੇਖੁ[42] ॥੧॥
ਕਹਣਾ[43] ਹੈ ਕਿਛੁ[44] ਕਹਣੂ
ਨ ਜਾਇ ॥

੧੫੨

ਤਉ[45] ਕੁਦਰਤਿ[46]
ਕੀਮਤਿ[47] ਨਹੀ ਪਾਇ ॥
੧ ॥ ਰਹਾਉ ॥
ਸਰਮ[48] ਸੁਰਤਿ[49] ਦੁਇ[50]
ਸਸੁਰ[51] ਭਏ[52] ॥
ਕਰਣੀ[53] ਕਾਮਣਿ[54]
ਕਰਿ[55] ਮਨ ਲਏ[56] ॥੨॥
ਸਾਹਾ[57] ਸੰਜੋਗੁ[58]
ਵੀਆਹੁ[59] ਵਿਜੋਗੁ[60] ॥
ਸਚੁ ਸੰਤਤਿ[61] ਕਹੁ[62]
ਨਾਨਕ ਜੋਗੁ[63] ॥੩॥੩॥

egotism[8],
In them[9], like[14] the water of a stream[13], there is a great[12] hunger[10].
For the Guruwards, Lord's fear[15] is the food, drink[16], and main-stay[17].
Without[18] entertaining[19] Lord's fear the fools[21] perish[20] away.
If mortal has someone[23] as his own[22], then that someone[25] is very rare[24] indeed.

All[26] are Thine, and Thou, O, Sublime[27] Lord art of all.
Nanak, difficult[33] it is to explain[32], and remember[34] Him, to whom belong men[28], other living beings[29], wealth[30] and property[31].

Gauri 1st Guru.
I make[41] wisdom[36] as my mother[35], contentment[38] as my father[37], and truthfulness[39] as my brother[40].
These are my good[42] relations.
People describe[43] Him, but he cannot be described, in the least[44].

152
Thine[45] Omnipotence[46], O, Master cannot be appraised[47].

Pause.
Modesty[48] and understanding[49] have become[52] two[50] parents-in-law[51].
Good deeds[53] I have made[55] and accepted[56] as my wife[54].
Union[58] with saints is my time[57] of wedding, and separation[60] from the world my marriage[59]. Says[62] Nanak, from such a union[63], has sprung

ਉਨ੍ਹਾਂ[9] ਵਿਚ ਨਦੀ[13] ਦੇ ਪਾਣੀ ਮਾਨਿੰਦ[14], ਬੜੀ[12] ਭੁਖ[10] ਹੈ।
ਗੁਰਮੁਖਾਂ ਲਈ ਸੁਆਮੀ ਦਾ ਡਰ[15] ਹੀ ਖਾਣ, ਪੀਣ[16] ਅਤੇ ਆਸਰਾ[17] ਹੈ।
ਸਾਹਿਬ ਦਾ ਡਰ ਧਾਰਨ[19] ਕਰਨ ਦੇ ਬਾਝੋਂ[18], ਮੂਰਖ[21] ਨਾਸ[20] ਹੋ ਜਾਂਦੇ ਹਨ।
ਜੇਕਰ ਪ੍ਰਾਣੀ ਦਾ ਕੋਈ ਜਣਾ[23] ਆਪਣਾ[22] ਨਿੱਜ ਦਾ ਹੈ, ਤਾਂ ਉਹ ਕੋਈ ਜਣਾ[25] ਬਹੁਤ ਹੀ ਵਿਰਲਾ[24] ਹੈ।

ਸਾਰੇ[26] ਤੇਰੇ ਹਨ, ਅਤੇ ਤੂੰ, ਹੇ ਸ੍ਰੇਸ਼ਟ[27] ਸੁਆਮੀ, ਸਾਰਿਆਂ ਦਾ ਹੈਂ।
ਨਾਨਕ, ਔਖਾ[33] ਹੈ, ਉਸ ਦਾ ਵਰਨਣ[32] ਅਤੇ ਸਿਮਰਨ[34] ਕਰਨਾ, ਜਿਸ ਦੇ ਇਨਸਾਨ[28], ਦੂਜੇ ਜਾਨਦਾਰ[29], ਦੌਲਤ[30] ਅਤੇ ਜਾਇਦਾਦ[31] ਮਲਕੀਅਤ ਹਨ।

ਗਉੜੀ ਪਹਿਲੀ ਪਾਤਸ਼ਾਹੀ।
ਮੈਂ ਸਿਆਣਪ[36] ਨੂੰ ਆਪਣੀ ਅੰਮੜੀ[35], ਸੰਤੁਸ਼ਟਤਾ[38] ਨੂੰ ਆਪਣਾ ਬਾਬਲ[37] ਅਤੇ ਸਚਾਈ[39] ਨੂੰ ਆਪਣਾ ਭਰਾ[40] ਬਣਾ[41] ਲਿਆ ਹੈ। ਇਹ ਹਨ ਮੇਰੇ ਚੰਗੇ[42] ਸਨਬੰਧੀ।

ਲੋਕ ਉਸ ਨੂੰ ਬਿਆਨ[43] ਕਰਦੇ ਹਨ, ਪ੍ਰੰਤੂ ਉਹ ਕੁਝ[44] ਭੀ ਬਿਆਨ ਕੀਤਾ ਨਹੀਂ ਜਾ ਸਕਦਾ।

੧੫੨

ਤੇਰੀ[45] ਅਪਾਰ ਸ਼ਕਤੀ[46] ਦਾ, ਹੇ ਮਾਲਕ! ਮੁੱਲ[47] ਪਾਇਆ ਨਹੀਂ ਜਾ ਸਕਦਾ।

ਠਹਿਰਾਉ।
ਲੱਜਿਆ[48] ਤੇ ਗਿਆਤ[49] ਦੋਨੋਂ[50] ਮੇਰੇ ਸੱਸ ਤੇ ਸਹੁਰਾ[51] ਹੋ ਗਏ[52] ਹਨ।
ਚੰਗੇ ਅਮਲਾਂ[53] ਨੂੰ ਮੈਂ ਆਪਣੀ ਪਤਨੀ[54] ਬਣਾਇਆ[55] ਤੇ ਮੰਨ ਲਿਆ[56] ਹੈ।
ਸੰਤਾਂ ਦਾ ਮਿਲਾਪ[58] ਮੇਰਾ ਸ਼ਾਦੀ ਦਾ ਵੇਲਾ[57] ਹੈ ਅਤੇ ਦੁਨੀਆਂ ਨਾਲੋਂ ਟੁਟ[60] ਜਾਣਾ ਮੇਰਾ ਅਨੰਦ ਕਾਰਜ[59]।
ਗੁਰੂ ਜੀ ਆਖਦੇ[62] ਹਨ, ਐਸੇ ਮਿਲਾਪੂ[63] ਤੋਂ, ਸੱਚ ਦੀ ਸੰਤਾਨ[61], ਮੇਰੇ ਪੈਦਾ ਹੋਈ ਹੈ।

truth as my off-spring[61].

ਗਉੜੀ ਮਹਲਾ ੧ ॥	Gauri 1st Guru.	ਗਉੜੀ ਪਹਿਲੀ ਪਾਤਸ਼ਾਹੀ ।
ਪਉਣੈ[64] ਪਾਣੀ[65] ਅਗਨੀ[66] ਕਾ ਮੇਲੁ[67] ॥	The body is the union[67] of air[64], water[65], and fire[66].	ਦੇਹਿ, ਹਵਾ[64], ਜਲ[65] ਅਤੇ ਅੱਗ[66] ਦਾ ਮਿਲਾਪ[67] ਹੈ ।
ਚੰਚਲ[68] ਚਪਲ[69] ਬੁਧਿ[70] ਕਾ ਖੇਲੁ[71] ॥	It is the plaything[71] of the fickle[68] and unsteady[69] mind[70].	ਇਹ ਚੁਲਬੁਲੇ[68] ਅਤੇ ਅਨਿਸਥਿਰ[69] ਮਨ[70] ਦਾ ਇਕ ਖਿਡੌਣਾ[71] ਹੈ ।
ਨਉ ਦਰਵਾਜੇ[72] ਦਸਵਾ ਦੁਆਰੁ[73] ॥ ਬੁਝੁ[74] ਰੇ[75] ਗਿਆਨੀ[76] ਏਹੁ[77] ਬੀਚਾਰੁ[78] ॥੧॥	It has nine doors[72], and tenth the gate[73], O[75], theologian[76], understand[74] and reflect[78] on this[77].	ਇਸ ਦੇ ਨੌਂ ਬੂਹੇ[72] ਹਨ ਅਤੇ ਦਸਵਾਂ ਦੁਆਰਾ[73], ਹੇ[75] । ਬ੍ਰਹਮ ਬੇਤੇ[76] ! ਇਸ[77] ਨੂੰ ਸਮਝ[74] ਤੇ ਸੋਚ ਵਿਚਾਰ[78] ।
ਕਥਤਾ[79] ਬਕਤਾ[80] ਸੁਨਤਾ[81] ਸੋਈ[82] ॥	That Lord is the utterer[79], speaker[80] and the listener[81].	ਉਹ[82] ਸੁਆਮੀ ਬੋਲਣ ਵਾਲਾ[79], ਕਹਿਣ ਵਾਲਾ[80] ਅਤੇ ਸੌਂਤਾ[81] ਹੈ ।
ਆਪੁ[83] ਬੀਚਾਰੇ[84] ਸੁ[85] ਗਿਆਨੀ ਹੋਈ ॥	He[85], who reflects[84] upon his own-self[83] is the knower of God.	ਜੋ ਆਪਣੇ ਆਪੇ[83] ਨੂੰ ਸੋਚਦਾ ਸਮਝਦਾ[84] ਹੈ, ਉਹ[85] ਵਾਹਿਗੁਰੂ ਨੂੰ ਜਾਨਣ ਵਾਲਾ ਹੈ ।
੧ ॥ ਰਹਾਉ ॥	Pause.	ਠਹਿਰਾਉ ।
ਦੇਹੀ ਮਾਟੀ ਬੋਲੈ ਪਉਣੁ[86] ॥	The body is the dust, and the wind[86] speaks therein.	ਦੇਹਿ ਮਿੱਟੀ ਹੈ ਅਤੇ ਹਵਾ[86] ਉਸ ਅੰਦਰ ਬੋਲਦੀ ਹੈ ।
ਬੁਝੁ[87] ਰੇ[89] ਗਿਆਨੀ ਮੂਆ[88] ਹੈ ਕਉਣੁ[90] ॥	Consider[87], O[89], wiseman, who[90] it is that has died[88].	ਸੋਚ ਕਰ[87], ਹੇ[89] ਸਿਆਣੇ ਬੰਦੇ ! ਉਹ ਕੌਣ[90] ਹੈ ਜੋ ਮਰ[88] ਗਿਆ ਹੈ ।
ਮੂਈ[91] ਸੁਰਤਿ[92] ਬਾਦੁ[93] ਅਹੰਕਾਰੁ[94] ॥	It is the inner-understanding[92]; strife[93], and ego[94] which have died[91].	ਇਹ ਅੰਤ੍ਰੀਵੀ[92] ਗਿਆਤ, ਲੜਾਈ[93] ਝਗੜਾ ਤੇ ਹੰਕਾਰ[94] ਹੈ, ਜੋ ਮਰ[91] ਗਏ ਹਨ ।
ਓਹੁ ਨ ਮੂਆ[96] ਜੋ ਦੇਖਣਹਾਰੁ[95] ॥੨॥	He, who is the Seer[95], dies[96] not.	ਜੋ ਵੇਖਣ ਵਾਲਾ[95] ਹੈ, ਉਹ ਛੰਤ[96] ਨਹੀਂ ਹੁੰਦਾ ।
ਜੈ[97] ਕਾਰਣਿ[98] ਤਟਿ[99] ਤੀਰਥ[100] ਜਾਹੀ[2] ॥	The invaluable[4] jewel[3], for[98] which[97] thou goest[2] to the banks[99] of the holy streams[100], is in[6] thy mind[5].	ਅਮੋਲਕ[4] ਜਵੇਹਰ[3], ਜਿਸ[97] ਦੀ ਖ਼ਾਤਰ[98] ਤੂੰ ਪਵਿੱਤ੍ਰ ਨਦੀਆਂ[100] ਦੇ ਕਿਨਾਰਿਆਂ[99] ਤੇ ਜਾਂਦਾ[2] ਹੈਂ, ਤੇਰੇ ਮਨ[5] ਵਿਚ[6] ਹੀ ਹੈ ।
ਰਤਨੁ[3] ਪਦਾਰਥੁ[4] ਘਟ[5] ਹੀ ਮਾਹੀ[6] ॥		
ਪੜਿ ਪੜਿ[7] ਪੰਡਿਤੁ ਬਾਦੁ[8] ਵਖਾਣੈ[9] ॥	The Brahmans continually lead and utter[9] (enter into) controversies[8], but know[13] not the thing[12], which is within[10].	ਬ੍ਰਹਿਮਨ ਇਕ ਰਸ[7] ਵਾਚਦੇ ਅਤੇ ਬਹਿਸ ਮੁਬਾਹਿਸੇ[8] ਉਚਾਰਦੇ[9] (ਕਰਦੇ) ਹਨ, ਪਰ ਉਹ ਉਸ ਚੀਜ਼[12] ਨੂੰ ਨਹੀਂ ਜਾਣਦੇ[13], ਜਿਹੜੀ ਅੰਦਰ[10] ਹੀ ਹੈ ।
ਭੀਤਰਿ[10] ਹੋਦੀ ਵਸਤੁ[12] ਨ ਜਾਣੈ[13] ॥੩॥		
ਹਉ[14] ਨ ਮੂਆ ਮੇਰੀ ਮੁਈ ਬਲਾਇ[15] ॥	I[14] have not died, rather my calamitous[15] ignorance is dead.	ਮੈਂ[14] ਨਹੀਂ ਮਰਿਆ, ਸਗੋਂ ਮੇਰੀ ਮੁਸੀਬਤ[15] ਲਿਆਉਣ ਵਾਲੀ ਅਗਿਆਨਤਾ ਮਰ ਗਈ ਹੈ ।
ਓਹੁ ਨ ਮੂਆ ਜੋ ਰਹਿਆ ਸਮਾਇ[16] ॥	He, who is everywhere contained[16], dies not.	ਜੋ ਹਰ ਥਾਂ ਵਿਆਪਕ[16] ਹੋ ਰਿਹਾ ਹੈ, ਉਹ ਨਹੀਂ ਮਰਦਾ ।

ਕਹੁ ਨਾਨਕ ਗੁਰਿ ਬ੍ਰਹਮੁ[17] ਦਿਖਾਇਆ[18] ॥	Says Nanak, the Guru has revealed[18] unto me the Pervading Lord[17],	ਗੁਰੂ ਜੀ ਫ਼ੁਰਮਾਉਂਦੇ ਹਨ, ਗੁਰਾਂ ਨੇ ਮੈਨੂੰ ਵਿਆਪਕ ਸੁਆਮੀ[17] ਵਿਖਾਲ[18] ਦਿੱਤਾ ਹੈ,
ਮਰਤਾ[19] ਜਾਤਾ[20] ਨਦਰਿ[21] ਨ ਆਇਆ ॥ ॥੪॥੪॥	And now, none seems[21] me to die[19], or to be born[20].	ਅਤੇ ਹੁਣ ਮੈਨੂੰ ਕੋਈ ਵੀ ਮਰਦਾ[19] ਅਤੇ ਜੰਮਦਾ[20] ਮਲੂਮ[21] ਨਹੀਂ ਹੁੰਦਾ ।
ਗਉੜੀ ਮਹਲਾ ੧ ਦਖਣੀ ॥	Gauri 1st Guru Dakhni.	ਗਉੜੀ ਪਹਿਲੀ ਪਾਤਸ਼ਾਹੀ ਦਖਣੀ ।
ਸੁਣਿ[22] ਸੁਣਿ ਬੂਝੈ[23] ਮਾਨੈ[24] ਨਾਉ[25] ॥	I am ever[27] a sacrifice[28] unto him[26], who continually[22] hears, understands[23], and believes[24] in God's Name[25].	ਹਮੇਸ਼ਾਂ[27] ਹੀ ਮੈਂ ਉਸ[26] ਉਤੋਂ ਕੁਰਬਾਨ[28] ਹਾਂ, ਜੋ ਰੱਬ ਦੇ ਨਾਮ[25] ਨੂੰ ਲਗਾਤਾਰ[22] ਸੁਣਦਾ, ਸਮਝਦਾ[23] ਤੇ ਉਸ[26] ਉਤੇ ਭਰੋਸਾ[24] ਧਾਰਦਾ ਹੈ ।
ਤਾ[26] ਕੈ ਸਦ[27] ਬਲਿਹਾਰੈ[28] ਜਾਉ ॥		
ਆਪਿ ਭੁਲਾਏ[29] ਠਉਰ[30] ਨ ਠਾਉ[31] ॥	When the Lord Himself strayest[29], the mortal finds no place[30] or abode[31].	ਜਦ ਪ੍ਰਭੂ ਖੁਦ ਗੁਮਰਾਹ[29] ਕਰਦਾ ਹੈ, ਪ੍ਰਾਣੀ ਨੂੰ ਕੋਈ ਥਾਂ[30] ਜਾਂ ਵਸੇਬਾ[31] ਨਹੀਂ ਮਿਲਦਾ ।
ਤੂੰ ਸਮਝਾਵਹਿ[32] ਮੇਲਿ[33] ਮਿਲਾਉ ॥੧॥	Thou impartest understanding[32], and unitest with Thy union[33].	ਤੂੰ ਹੀ ਜਣਾਉਂਦਾ[32] ਅਤੇ ਆਪਣੇ ਮਿਲਾਪ[33] ਅੰਦਰ ਮਿਲਾਉਂਦਾ ਹੈਂ ।
ਨਾਮੁ ਮਿਲੈ[34] ਚਲੈ[35] ਮੈ ਨਾਲਿ[36] ॥	May I obtain[34] the Name which shall go[35] with[36] me.	ਮੈਨੂੰ ਨਾਮ ਪ੍ਰਾਪਤ[34] ਹੋਵੇ, ਜਿਹੜਾ ਮੇਰੇ ਸਾਥ[36] ਜਾਏਗਾ[35] ।
ਬਿਨੁ ਨਾਵੈ ਬਾਧੀ[37] ਸਭ ਕਾਲਿ[38] ॥੧॥ ਰਹਾਉ ॥	Without God's Name, all are chained[37] by death[38]. Pause.	ਵਾਹਿਗੁਰੂ ਦੇ ਨਾਮ ਦੇ ਬਗੈਰ ਸਾਰੇ ਮੌਤ[38] ਨੇ ਨਰੜੇ[37] ਹੋਏ ਹਨ । ਠਹਿਰਾਉ ।
ਖੇਤੀ[39] ਵਣਜੁ[40] ਨਾਵੈ ਕੀ ਓਟ[41] ॥	My cultivation[39] and trade[40] lie in the support[41] of Lord's Name.	ਮੇਰੀ ਵਾਹੀ[39] ਤੇ ਸੁਦਾਗਰੀ[40] ਸਾਹਿਬ ਦੇ ਨਾਮ ਦੇ ਆਸਰੇ[41] ਵਿਚ ਹੀ ਹੈ ।
ਪਾਪੁ[42] ਪੁੰਨੁ[43] ਬੀਜ[44] ਕੀ ਪੋਟ[45] ॥	Of the seed[44] of sin[42] and virtue[43] the mortal is the bundle[45].	ਬਦੀ[42] ਅਤੇ ਨੇਕੀ[43] ਦੇ ਬੀ[44] ਦਾ ਪ੍ਰਾਣੀ ਇਕ ਗਠੜੀ[45] ਹੈ ।
ਕਾਮੁ[46] ਕ੍ਰੋਧੁ[47] ਜੀਅ[48] ਮਹਿ[49] ਚੋਟ[50] ॥	Lust[46] and wrath[47] are the wounds[50] in[49] the mind[48].	ਮਿਥਨ[46] ਵੇਗ ਤੇ ਰੋਹੁ[47], ਅੰਤਸ਼ਕਰਣ[48] ਅੰਦਰ[49] ਜ਼ਖ਼ਮ[50] ਹਨ ।
ਨਾਮੁ ਵਿਸਾਰਿ[51] ਚਲੇ[52] ਮਨਿ ਖੋਟ[53] ॥ ੨ ॥	The evil-minded[53] forget[51] God's Name and depart[52].	ਮੰਦੇ ਚਿਤ[53] ਵਾਲੇ ਰਬ ਦੇ ਨਾਮ ਨੂੰ ਭੁਲਾ[51] ਕੇ ਤੁਰ ਜਾਂਦੇ[52] ਹਨ ।
ਸਾਚੇ ਗੁਰ ਕੀ ਸਾਚੀ ਸੀਖ[54] ॥	True is the instruction[54] of the True Guru.	ਸੱਚੀ ਹੈ ਸਿਖਿਆ[54] ਸੱਚੇ ਗੁਰਾਂ ਦੀ ।
ਤਨੁ[55] ਮਨੁ[56] ਸੀਤਲੁ[57] ਸਾਚੁ[58] ਪਰੀਖ[59] ॥	By knowing the real worth[59] of the True Name[58], the body[55] and mind[56] become cool[57].	ਸੱਚੇ ਨਾਮ[58] ਦੀ ਅਸਲੀ ਕਦਰ[59] ਜਾਨਣ ਦੁਆਰਾ ਦੇਹਿ[55] ਤੇ ਦਿਲ[56] ਠੰਢੇ[57] ਹੋ ਜਾਂਦੇ ਹਨ ।
ਜਲ[60] ਪੁਰਾਇਨਿ[61] ਰਸ[62] ਕਮਲ[63] ਪਰੀਖ[64] ॥	The test[64] of the Guru-ward is this, that in the world, he remains detached like the water-lily[61] in	ਗੁਰਮੁਖ ਦੀ ਪ੍ਰੀਖਿਆ[64] ਇਹ ਹੈ, ਕਿ ਉਹ ਚੁੱਪਤੀ[61] ਦੇ ਪਾਣੀ[60] ਵਿਚ ਜਾਂ ਕੰਵਲ[63] ਦੇ ਪਾਣੀ[62] ਵਿਚ ਦੀ ਮਾਨਿੰਦ, ਜਗ ਵਿਚ ਅਟੰਕ ਰਹਿੰਦਾ ਹੈ।

water[60], or the lotus[63] in water[62].

ਸਬਦਿ[65] ਰਤੇ[66] ਮੀਠੇ[67] ਰਸ[68] ਈਖ[69] ॥ ੩ ॥

Imbued[66] with God's[65] Name, he is sweet[67] like the juice[68] of sugarcane[69].

ਵਾਹਿਗੁਰੂ[65] ਦੇ ਨਾਮ ਨਾਲ ਰੰਗਿਆ[66] ਹੋਇਆ, ਉਹ ਕਮਾਦ[69] ਦੇ ਰਹੁ[68] ਦੀ ਤਰ੍ਹਾਂ ਮਿੱਠਾ[67] ਹੈ।

ਹੁਕਮਿ[70] ਸੰਜੋਗੀ[71] ਗੜਿ[72] ਦਸ[73] ਦੁਆਰ[74] ॥

On the receipt[71] of the order[70] of God the body castle[72], with ten[73] gates[74], came into existence.

ਵਾਹਿਗੁਰੂ ਦੇ ਫ਼ੁਰਮਾਨ[70] ਦੇ ਪਹੁੰਚਣ[71] ਉਤੇ ਦਸਾਂ[73] ਦਰਵਾਜ਼ਿਆਂ[74] ਵਾਲਾ ਸਰੀਰ ਕਿਲ੍ਹਾ[72] ਵਜੂਦ ਵਿਚ ਆਇਆ।

ਪੰਚ[75] ਵਸਹਿ[76] ਮਿਲਿ[77] ਜੋਤਿ[78] ਅਪਾਰ[79] ॥

Therein abide[76] the five[75] evil passions, together[77] with the infinite[79] Divine light[78].

ਉਸ ਵਿਚ ਪੰਜ[75] ਮੰਦ-ਵਿਸ਼ੇ ਵੇਗ, ਅਨੰਤ[79] ਰਬੀ ਨੂਰ[78] ਦੇ ਨਾਲ[77] ਹੀ ਰਹਿੰਦੇ[76] ਹਨ !

ਆਪਿ[80] ਤੁਲੈ[81] ਆਪੇ ਵਣਜਾਰ[82] ॥

The Lord Himself[80] is the weighable[81] merchandise and Himself the merchant[82].

ਪ੍ਰਭੂ ਖ਼ੁਦ[80] ਜੋਖੇ ਜਾਣ ਵਾਲਾ[81] ਸੌਦਾ ਸੂਤ ਹੈ, ਅਤੇ ਖ਼ੁਦ ਹੀ ਸੁਦਾਗਰ[82]।

ਨਾਨਕ ਨਾਮਿ ਸਵਾਰਣਹਾਰ[83] ॥੪॥੫॥

Nanak, God's Name is man's regenerator[83].

ਨਾਨਕ ਹਰੀ ਦਾ ਨਾਮ ਬੰਦੇ ਨੂੰ ਈਸ਼ਵਰ-ਪਰਾਇਣ[83] ਕਰਨ ਵਾਲਾ ਹੈ।

ਗਉੜੀ ਮਹਲਾ ੧ ॥

Gauri 1st Guru.

ਗਉੜੀ ਪਹਿਲੀ ਪਾਤਸ਼ਾਹੀ।

ਜਾਤੋ[84] ਜਾਇ ਕਹਾ[83*] ਤੇ ਆਵੈ[84*] ॥

Can it be known[84], whence[83*] the man has come[84*] ?

ਕੀ ਇਹ ਜਾਣਿਆ[84] ਜਾ ਸਕਦਾ ਹੈ ਕਿ ਆਦਮੀ ਕਿਥੋਂ[83*] ਆਇਆ[84*] ਹੈ ?

ਕਹ ਉਪਜੈ[85] ਕਹ[86] ਜਾਇ[87] ਸਮਾਵੈ[88] ॥

Where has he sprung[85] from, and whither[86] does he go[87] and merge[88] ?

ਉਹ ਕਿਥੋਂ ਪੈਦਾ[85] ਹੋਇਆ ਹੈ, ਅਤੇ ਉਹ ਕਿਥੇ[86] ਜਾ[87] ਕੇ ਲੀਨ[88] ਹੋ ਜਾਂਦਾ ਹੈ ?

ਕਿਉ[89] ਬਾਧਿਓ[90] ਕਿਉ ਮੁਕਤੀ[91] ਪਾਵੈ[92] ॥

How[89] is he bound down[90], and how does he obtain[92] emancipation[91] ?

ਉਹ ਕਿਸ[89] ਤਰ੍ਹਾਂ ਜਕੜਿਆ[90] ਜਾਂਦਾ ਹੈ ਅਤੇ ਕਿਸ ਤਰ੍ਹਾਂ ਕਲਿਆਣ[91] ਨੂੰ ਪ੍ਰਾਪਤ[92] ਹੁੰਦਾ ਹੈ ?

ਕਿਉ ਅਬਿਨਾਸੀ[93] ਸਹਜਿ[94] ਸਮਾਵੈ[95] ॥੧॥

How is he easily[94] absorbed[95] in the Imperishable[93] Lord ?

ਉਹ ਕਿਸ ਤਰ੍ਹਾਂ ਸੁਖੈਨ[94] ਹੀ ਅਮਰ[93] ਸੁਆਮੀ ਅੰਦਰ ਲੀਨ[95] ਹੁੰਦਾ ਹੈ ?

ਨਾਮੁ ਰਿਦੈ[96] ਅੰਮ੍ਰਿਤੁ[97] ਮੁਖਿ[98] ਨਾਮੁ ॥

He, who has the Name in his heart[96], the Name Nectar[97] in his mouth[98],

ਜਿਸ ਦੇ ਦਿਲ[96] ਵਿਚ ਨਾਮ ਤੇ ਮੂੰਹ[98] ਵਿਚ ਨਾਮ ਸੁਧਾਰਸ[97] ਹੈ,

ਨਰ[99] ਹਰ[100] ਨਾਮੁ[2] ਨਰਹਰ[3] ਨਿਹਕਾਮੁ[4] ॥

and remembers the Name of Lord, in Man[99]-lion[100] form, becomes desire-free[4] like God, the Reverdurer[3] of Mortals[2]. Pause.

ਅਤੇ ਜੋ ਮਨੁਸ਼[99]-ਸ਼ੇਰ[100] ਸਰੂਪ ਸੁਆਮੀ ਦੇ ਨਾਮ ਦਾ ਆਰਾਧਨ ਕਰਦਾ ਹੈ, ਉਹ ਪ੍ਰਾਣੀਆਂ[2] ਨੂੰ ਸਰਸਬਜ਼[3] ਕਰਨ ਵਾਲੇ ਵਾਹਿਗੁਰੂ ਦੀ ਤਰ੍ਹਾਂ ਇਛਿਆ-ਰਹਿਤ[4] ਹੋ ਜਾਂਦਾ ਹੈ।

੧ ॥ ਰਹਾਉ ॥

ਠਹਿਰਾਉ

ਸਹਜੇ[5] ਆਵੈ ਸਹਜੇ ਜਾਇ[6] ॥

Subject to natural law[5] the man comes, and subject to the natural law he departs[6].

ਕਾਨੂਨ-ਕੁਦਰਤ[5] ਦੇ ਅਧੀਨ ਆਦਮੀ ਆਉਂਦਾ ਹੈ ਅਤੇ ਕਾਨੂਨ-ਕੁਦਰਤ ਦੇ ਅਧੀਨ ਹੀ ਉਹ ਟੁਰ[6] ਜਾਂਦਾ ਹੈ।

ਮਨ[10] ਤੇ ਉਪਜੈ[7] ਮਨ ਮਾਹਿ[8] ਸਮਾਇ[9] ॥

From mind's[10] desires he is sprung[7], and in[8] mind's desires he is absorbed[9].

ਮਨੂਏ[10] ਦੀਆਂ ਖ਼ਾਹਿਸ਼ਾਂ ਤੋਂ ਉਹ ਪੈਦਾ[7] ਹੋਇਆ ਹੈ ਅਤੇ ਮਨੂਏ ਦੀਆਂ ਖ਼ਾਹਿਸ਼ਾਂ ਅੰਦਰ[8] ਹੀ ਉਹ ਲੀਨ[9] ਹੋ ਜਾਂਦਾ ਹੈ।

ਗੁਰਮੁਖਿ[12] ਮੁਕਤੋ[13] ਬੰਧੁ[14] ਨ ਪਾਇ[15] ॥
ਸਬਦੁ[16]ਬੀਚਾਰਿ[17] ਛੂਟੈ[18] ਹਰਿ ਨਾਇ[19] ॥ ੨ ॥

The Guru-ward[12] is emancipated[13], and falls[15] not into entanglements[14].
He ponders[17] over the Divine word[16], and is delivered[18] through God's Name[19].

ਗੁਰੂ ਸਮਰਪਣ[12] ਬੰਦਖਲਾਸ[13] ਹੋ ਜਾਂਦਾ ਹੈ ਅਤੇ ਜੰਜਾਲਾਂ[14] ਵਿਚ ਨਹੀਂ ਪੈਂਦਾ[15] ।
ਉਹ ਰੱਬੀ ਕਲਾਮ[16] ਨੂੰ ਸੋਚਦਾ[17], ਸਮਝਦਾ ਹੈ ਅਤੇ ਰੱਬ ਦੇ ਨਾਮ[19] ਦੇ ਰਾਹੀਂ ਛੁਟਕਾਰਾ[18] ਪਾ ਜਾਂਦਾ ਹੈ ।

ਤਰਵਰ[20] ਪੰਖੀ[21] ਬਹੁ[22] ਨਿਸਿ[23] ਬਾਸੁ[24] ॥
ਸੁਖ[25] ਦੂਖੀਆ[26] ਮਨਿ[27] ਮੋਹ[28] ਵਿਣਾਸੁ[29] ॥

Many[22] birds[21] settle[24] on a tree[20] by night[23].
Some are happy[25] and some unhappy[26]. Through mind's[27] allurement[28] they all perish[29].

ਬਹੁਤ[22] ਸਾਰੇ ਪੰਛੀ[21] ਰਾਤ[23] ਨੂੰ ਰੁਖ[20] ਤੇ ਆ ਟਿਕਦੇ[24] ਹਨ ।
ਕਈ ਖ਼ੁਸ਼[25] ਹਨ ਤੇ ਕਈ ਨਾ-ਖ਼ੁਸ਼[26] ਮਨੂਏ[27] ਦੀ ਲਗਨ[28] ਦੇ ਰਾਹੀਂ ਉਹ ਸਾਰੇ ਨਾਸ[29] ਹੋ ਜਾਂਦੇ ਹਨ ।

ਸਾਝ[30] ਬਿਹਾਗ[31] ਤਕਹਿ[32] ਆਗਾਸੁ[33] ॥
ਦਹ[34] ਦਿਸਿ[35] ਧਾਵਹਿ[36] ਕਰਮਿ[37]ਲਿਖਿਆਸੁ[38]॥੩॥

When the night[30] passes away[31], they look[32] to the sky[33].
In ten[34] directions[35] they fly[36] according to the recorded[38] destiny[37].

ਜਦ ਰਾਤ[30] ਬੀਤ[31] ਜਾਂਦੀ ਹੈ, ਉਹ ਅਸਮਾਨ[33] ਵੱਲ ਵੇਖਦੇ[32] ਹਨ ।
ਲਿਖੀ[38] ਹੋਈ ਕਿਸਮਤ[37] ਦੇ ਅਨੁਸਾਰ, ਉਹ ਦਸਾਂ[34] ਪਾਸਿਆਂ[35] ਨੂੰ ਉਡ[36] ਜਾਂਦੇ ਹਨ ।

੧੫੩ 153 ੧੫੩

ਨਾਮ ਸੰਜੋਗੀ[39] ਗੋਇਲਿ[40] ਥਾਟੁ[41] ॥

They, who are associated[39] with the Name, seem the world a temporary[41] but in pastureland[40].

ਜੋ ਨਾਮ ਨਾਲ ਸੰਬੰਧਤ[39] ਹਨ ਉਹ ਸੰਸਾਰ ਨੂੰ ਚਰਾਗਾਹ[40] ਵਿਚ ਇਕ ਆਰਜ਼ੀ[41] ਝੁੱਗੀ ਸਮਝਦੇ ਹਨ ।

ਕਾਮ[42] ਕ੍ਰੋਧ[43] ਫੂਟੈ[44] ਬਿਖੁ[45] ਮਾਟੁ[46] ॥
ਬਿਨੁ[47] ਵਖਰ[48] ਸੂਨੋ[49] ਘਰੁ[50] ਹਾਟੁ[51] ॥

The poisonous[45] pitcher[46] of lust[42] and wrath[43], at last bursts[44].
Without[47] the merchandise[48] of the Name, the body-house[50] and the mind-shop[51] are empty[49].

ਭੋਗ ਬਿਲਾਸ[42] ਅਤੇ ਰੋਹ[43] ਦਾ ਜ਼ਹਿਰੀਲਾ[45] ਮੱਟ[46], ਆਖ਼ਰਕਾਰ ਫੁੱਟ[44] ਜਾਂਦਾ ਹੈ ।
ਨਾਮ ਦੇ ਸੌਦੇ ਸੂਤ[48] ਦੇ ਬਾਝੋਂ[47] ਦੇਹਿ ਰੂਪੀ ਗ੍ਰਹਿ[50] ਅਤੇ ਮਨ ਦੀ ਹੱਟੀ[51] ਖ਼ਾਲੀ[49] ਹਨ ।

ਗੁਰ ਮਿਲਿ[52] ਖੋਲੇ[53] ਬਜਰ[54] ਕਪਾਟ[55] ॥ ੪ ॥
ਸਾਧੁ ਮਿਲੈ ਪੂਰਬ[56] ॥ ਸੰਜੋਗ[57] ॥
ਸਚਿ ਰਹਸੇ[58] ਪੂਰੇ[59] ਹਰਿ ਲੋਗ[60] ॥
ਮਨੁ[61] ਤਨੁ[62] ਦੇ[63] ਲੈ[64] ਸਹਜਿ ਸੁਭਾਇ[65] ॥
ਨਾਨਕ ਤਿਨ[66] ਕੈ ਲਾਗਉ[67] ਪਾਇ[68] ॥ ੫ ॥ ੬ ॥

By meeting[52] the Guru, the adament[54] shutters[55] are opened[53].
The saint is met through primal[56] destiny[57].
Lord's perfect[59] people[60] rejoice[58] in Truth.
Nanak falls[67] at the feet[68] of those[66], who automatically[65] obtain[64] their Lord by surrendering[63] their soul[61] and body[62].

ਗੁਰਾਂ ਨੂੰ ਭੇਟਣ[52] ਦੁਆਰਾ ਕਰੜੇ[54] ਤਖ਼ਤੇ[55] ਖੁਲ੍ਹ[53] ਜਾਂਦੇ ਹਨ ।
ਪੂਰਬਲੀ[56] ਪ੍ਰਾਲਬਧ[57] ਰਾਹੀਂ ਸੰਤ ਮਿਲਦਾ ਹੈ ।
ਸਾਂਈਂ ਦੇ ਪੂਰਨ[59] ਪੁਰਸ਼[60] ਸੱਚ ਅੰਦਰ ਪ੍ਰਸੰਨ[58] ਹੁੰਦੇ ਹਨ ।
ਨਾਨਕ, ਉਨ੍ਹਾਂ[66] ਦੇ ਪੈਰਾਂ[68] ਉਤੇ ਡਿਗਦਾ[67] ਹੈ, ਜੋ ਆਪਣੀ ਆਤਮਾ[61] ਤੇ ਦੇਹਿ[62] ਸਮਰਪਣ[63] ਕਰਨ ਦੁਆਰਾ ਨਿਰਯਤਨ[65] ਹੀ, ਆਪਣੇ ਪ੍ਰਭੂ ਨੂੰ ਪਾ[64] ਲੈਂਦੇ ਹਨ ।

ਗਉੜੀ ਮਹਲਾ ੧ ॥	Gauri 1st Guru.	ਗਉੜੀ ਪਾਤਸ਼ਾਹੀ ਪਹਿਲੀ ।
ਕਾਮੁ[69] ਕ੍ਰੋਧੁ[70] ਮਾਇਆ[71] ਮਹਿ[72] ਚੀਤੁ[73] ॥	In[72] lust[69], wrath[70] and wealth[71], thy mind[73] is engrossed.	ਵਿਸ਼ੇ[69] ਭੋਗ, ਗੁੱਸੇ[70] ਅਤੇ ਧਨ-ਦੌਲਤ[71] ਅੰਦਰ[72] ਤੇਰਾ ਮਨ[73] ਖਚਤ ਹੋਇਆ ਹੋਇਆ ਹੈ ।
ਝੂਠ[74] ਵਿਕਾਰਿ[75] ਜਾਗੈ[76] ਹਿਤ[77] ਚੀਤੁ[78] ॥	On account of secular[77] love in thy mind[78], thou art awake[76] in falsehood[74] and sin[75].	ਆਪਣੇ ਮਨ[78] ਅੰਦਰ ਸੰਸਾਰੀ ਮਮਤਾ[77] ਹੋਣ ਦੇ ਸਬਬ ਤੂੰ ਕੂੜ[74] ਤੇ ਪਾਪ[75] ਅੰਦਰ ਸਾਵਧਾਨ[76] ਹੈਂ ।
ਪੂੰਜੀ[79] ਪਾਪ[80] ਲੋਭ[81] ਕੀ ਕੀਤੁ[82] ॥	Thou hast amassed[82] the capital[79] of vice[80] and greed[81].	ਤੂੰ ਗੁਨਾਹ[80] ਤੇ ਲਾਲਚ[81] ਦੀ ਰਾਸ[79] ਇਕੱਠੀ[82] ਕੀਤੀ ਹੋਈ ਹੈ ।
ਤਰੁ[83] ਤਾਰੀ[84] ਮਨਿ[85] ਨਾਮੁ ਸੁਚੀਤੁ[86] ॥ ੧ ॥	With the immaculate[86] Name O, my mind[85], do thou swim across[83] the life-stream[84].	ਪਵਿੱਤ੍ਰ[86] ਨਾਮ ਦੇ ਨਾਲ ਹੇ ਮੇਰੀ ਆਤਮਾ[85] ! ਤੂੰ ਜੀਵਨ ਦੀ ਨਦੀ[84] ਤੋਂ ਪਾਰ[83] ਹੋ ਜਾ ।
ਵਾਹੁ[87] ਵਾਹੁ[88] ਸਾਚੇ[89] ਮੈ ਤੇਰੀ ਟੇਕ[90] ॥	Wonderous[87], blest[88] thou art, O, my True Lord[89]. I have but Thine support[90].	ਅਸਚਰਜ[87] ਹੈਂ, ਧੰਨ[88] ਹੈਂ, ਤੂੰ ਮੇਰੇ ਸੱਚੇ ਸੁਆਮੀ[89] ! ਮੈਨੂੰ ਕੇਵਲ ਤੇਰਾ ਹੀ ਆਸਰਾ[90] ਹੈ ।
ਹਉ[91] ਪਾਪੀ[92] ਤੂੰ ਨਿਰਮਲੁ[93] ਏਕ[94] ॥ ੧ ॥ ਰਹਾਉ ॥	I[91] am a sinner[92], Thou alone[94] art pure[93]. Pause.	ਮੈਂ[91] ਗੁਨਹਗਾਰ[92] ਹਾਂ, ਕੇਵਲ[94] ਤੂੰ ਹੀ ਪਵਿੱਤ੍ਰ[93] ਹੈਂ । ਠਹਿਰਾਉ ।
ਅਗਨਿ[95] ਪਾਣੀ[96] ਬੋਲੈ[97] ਭੜ[99] ਵਾਉ[100] ॥	Because of fire[95] and water[96], the breath[100] roars[97] loudly[99].	ਅੱਗ[95] ਤੇ ਜਲ[96] ਦੇ ਕਾਰਨ ਸੁਆਸ[100] ਉੱਚੀ[99] ਉੱਚੀ ਗੂੰਜਦਾ[97] ਹੈ ।
ਜਿਹਵਾ[2] ਇੰਦ੍ਰੀ[3] ਏਕੁ ਸੁਆਉ[4] ॥	The tongue[2] and the sexual[3] organ each enjoys a relish[4].	ਜੀਭ[2] ਤੇ ਵਿਸ਼ੇ-ਭੋਗ[3] ਅੰਗ ਇਕ ਇਕ ਸੁਆਦ[4] ਮਾਣਦੇ ਹਨ ।
ਦਿਸਟਿ[5] ਵਿਕਾਰੀ ਨਾਹੀ ਭਉ[6] ਭਾਉ[7] ॥	The evil-eyed[5] possess not the fear[6] and love[7] of God.	ਮੰਦੀ-ਨਿਗ੍ਹਾ[5] ਵਾਲਿਆਂ ਦੇ ਪੱਲੇ ਵਾਹਿਗੁਰੂ ਦਾ ਡਰ[6] ਤੇ ਪਿਆਰ[7] ਨਹੀਂ ।
ਆਪੁ[8] ਮਾਰੈ ਤਾ[10] ਪਾਏ[12] ਨਾਉ[13] ॥ ੨ ॥	If man effaces[9] his self-conceit[8], he obtains[12] the Name[13], then[10].	ਜੇਕਰ ਬੰਦਾ ਆਪਣੀ ਸਵੈ-ਹੰਗਤਾ[8] ਨੂੰ ਮੇਟ[9] ਦੇਵੇ ਤਦ[10], ਉਹ ਨਾਮ[13] ਨੂੰ ਪਾ[12] ਲੈਂਦਾ ਹੈ ।
ਸਬਦਿ[14] ਮਰੈ ਫਿਰਿ[15] ਮਰਣੁ ਨ ਹੋਇ ॥	He, who dies through Gurbani[14], dies not again[15].	ਜੋ ਗੁਰਬਾਣੀ[14] ਦੁਆਰਾ ਮਰਦਾ ਹੈ ਉਹ ਮੁੜ[15] ਕੇ ਨਹੀਂ ਮਰਦਾ ।
ਬਿਨੁ ਮੂਏ[16] ਕਿਉ[17] ਪੂਰਾ[18] ਹੋਇ ॥	Without such death[16], how[17] can man attain perfection[18].	ਐਸੀ ਮੌਤ[16] ਦੇ ਬਾਝੋਂ ਬੰਦਾ ਪੂਰਣਤਾ[18] ਨੂੰ ਕਿਵੇਂ[17] ਪੁਜ ਸਕਦਾ ਹੈ ?
ਪਰਪੰਚਿ[19] ਵਿਆਪਿ[20] ਰਹਿਆ ਮਨੁ[21] ਦੋਇ[22] ॥	The mind[21] is engrossed[20] in the expansion[19] and duality[22].	ਮਨ[21], ਪਸਾਰੇ[19] ਅਤੇ ਦਵੈਤ ਭਾਵ[22] ਅੰਦਰ ਖਚਤ[20] ਹੋ ਰਿਹਾ ਹੈ ।
ਥਿਰੁ[23] ਨਾਰਾਇਣੁ[24] ਕਰੇ ਸੁ[25] ਹੋਇ[26] ॥ ੩ ॥	Whatever the Immortal[23] Lord[24] does that[25] comes to pass[26].	ਜੋ ਕੁਛ ਅਮਰ[23] ਸੁਆਮੀ[24] ਕਰਦਾ ਹੈ, ਉਹੀ[25] ਹੋ ਆਉਂਦਾ[26] ਹੈ ।
ਬੋਹਿਥਿ[27] ਚੜਉ[28] ਜਾ[29] ਆਵੈ ਵਾਰੁ[30] ॥	I shall board[28] the ship[27], when[29] my turn[30] comes.	ਮੈਂ ਜਹਾਜ਼[27] ਤੇ ਚੜ੍ਹ[28] ਜਾਵਾਂਗਾ, ਜਦ[29] ਮੇਰੀ ਵਾਰੀ[30] ਆਈ ।
ਠਾਕੇ[31] ਬੋਹਿਥ ਦਰਗਹ[32]	They, who are estopped[31] from	ਜੋ ਜਹਾਜ਼ ਉਤੇ ਸਵਾਰ ਹੋਣੋਂ ਰੋਕੇ[31] ਗਏ ਹਨ, ਉਨ੍ਹਾਂ ਨੂੰ

ਮਾਰ[33] ॥	embarking upon the ship shall be thrashed[33] in Lord's court[32].	ਪ੍ਰਭੂ ਦੇ ਦਰਬਾਰ[32] ਅੰਦਰ ਕੁਟ[33] ਪਏਗੀ।
ਸਚੁ[34] ਸਾਲਾਹੀ[35] ਧੰਨੁ[36] ਗੁਰਦੁਆਰੁ[36*]॥	Blest[36], is the court[36*] of the Guru, where the praises[35] of the True Lord[34] are sung.	ਮੁਬਾਰਕ[36] ਹੈ, ਗੁਰਾਂ ਦਾ ਦਰਬਾਰ[36*], ਜਿਥੇ ਸੱਚੇ ਸਾਹਿਬ[34] ਦੀ ਕੀਰਤੀ[35] ਗਾਇਨ ਕੀਤੀ ਜਾਂਦੀ ਹੈ।
ਨਾਨਕ ਦਰਿ[37] ਘਰਿ ਏਕੰਕਾਰੁ[38] ॥ ੪ ॥ ੭ ॥	Nanak, the unique[38] Lord is pervading hearth and home[37].	ਨਾਨਕ, ਅਦੁੱਤੀ[38] ਸਾਹਿਬ ਘਰਬਾਰ[37] ਅੰਦਰ ਵਿਆਪਕ ਹੋ ਰਿਹਾ ਹੈ।
ਗਉੜੀ ਮਹਲਾ ੧ ॥	Gauri 1st Guru.	ਗਉੜੀ ਪਹਿਲੀ ਪਾਤਸ਼ਾਹੀ।
ਉਲਟਿਓ[39] ਕਮਲੁ[40] ਬ੍ਰਹਮੁ ਬੀਚਾਰਿ [41] ॥	The inverted lotus[40] has turned[39] upwards through Lord's meditation[41].	ਸੁਆਮੀ ਦੇ ਸਿਮਰਨ[41] ਰਾਹੀਂ, ਮੂਧਾ ਕੰਵਲ[40] ਸਿੱਧਾ ਹੋ ਗਿਆ[39] ਹੈ।
ਅੰਮ੍ਰਿਤ[42] ਧਾਰ[43] ਗਗਨਿ[44] ਦਸ ਦੁਆਰਿ[45] ॥	From the tenth-gate[45] firmament[44], the nectar[42]-line[43] has commenced to trickle.	ਦਸਵੇਂ ਦੁਆਰੇ[45] ਦੇ ਆਕਾਸ਼[44] ਤੋਂ ਸੁਧਾਹਸ[42] ਦੀ ਨਦੀ[43] ਟਪਕਣੀ ਆਰੰਭ ਹੋ ਗਈ।
[46]ਤ੍ਰਿਭਵਣੁ[47] ਬੇਧਿਆ[48] ਆਪਿ[49] [50]ਮੁਰਾਰਿ[51]॥੧॥	God, the Enemy[50] of pride[51], is pervading[48] the three[46] worlds[47], Himself[49]:	ਹੰਕਾਰ[51] ਦਾ ਵੈਰੀ[50], ਵਾਹਿਗੁਰੂ, ਤਿੰਨਾਂ[46] ਜਹਾਨਾਂ[47] ਅੰਦਰ ਆਪੇ[49] ਹੀ ਵਿਆਪਕ[48] ਹੋ ਰਿਹਾ ਹੈ।
ਰੇ[52] ਮਨ ਮੇਰੇ ਭਰਮੁ[53] ਨ ਕੀਜੈ[54] ॥	O[52], my mind, entertain[54] not any doubt[53].	ਹੇ[52] ਮੇਰੀ ਜਿੰਦੜੀਏ ! ਕਿਸੇ ਸੰਸੇ[53] ਵਿਚ ਨ ਪੈ[54]।
ਮਨਿ ਮਾਨਿਐ[55]ਅੰਮ੍ਰਿਤ[56] ਰਸੁ[57] ਪੀਜੈ[58] ॥ ੧ ॥	By mind's propitiation[55], the Name's immortalising[56] Nectar[57] is quaffed[58],	ਮਨੂਏ ਦੀ ਸੰਤੁਸ਼ਟਤਾ[55] ਦੁਆਰਾ ਨਾਮ ਦਾ ਅਮਰ[56] ਕਰ ਦੇਣ ਵਾਲਾ ਆਬਿ-ਹਿਯਾਤ[57] ਪਾਨ ਕੀਤਾ[58] ਜਾਂਦਾ ਹੈ।
ਰਹਾਉ ॥	Pause.	ਠਹਿਰਾਉ ॥
ਜਨਮੁ[59] ਜੀਤਿ[60]ਮਰਣਿ[61] ਮਨੁ[62] ਮਾਨਿਆ[63] ॥	Win[60] thy life[59] game, O, man and accept[63] in thy mind[62], the truth of death[61].	ਆਪਣੀ ਜੀਵਣ[59] ਖੇਡ ਨੂੰ ਜਿੱਤ[60] ਹੇ ਬੰਦੇ ! ਅਤੇ ਆਪਣੇ ਚਿੱਤ[62] ਅੰਦਰ ਮੌਤ[61] ਦੀ ਸੱਚਾਈ ਨੂੰ ਕਬੂਲ[63] ਕਰ।
ਆਪਿ[64] ਮੂਆ[65] ਮਨੁ[66] ਮਨ[67] ਤੇ[69] ਜਾਨਿਆ[68] ॥	When self[64] is effaced[65], the[69] Supreme Soul[67] is comprehended[68] in the mind[66] itself.	ਜਦ ਆਪਾ[64] ਨਵਿਰਤੀ[65] ਹੋ ਜਾਂਦਾ ਹੈ, ਤਾਂ ਉਸ[69] ਪਰਮ-ਆਤਮਾ[67] ਦੀ ਚਿੱਤ[66] ਅੰਦਰ ਹੀ ਗਿਆਤ[68] ਹੋ ਜਾਂਦੀ ਹੈ।
ਨਜਰਿ[69*] ਭਈ[70] ਘਰੁ[71] ਘਰ[72] ਤੇ[73] ਜਾਨਿਆ[74] ॥ ੨ ॥	By the dawning[70] of God's Grace[69*], man comes to recognise[74] His mansion[71], from[73] within his home[72].	ਵਾਹਿਗੁਰੂ ਦੀ ਰਹਿਮਤ[69*] ਉਦੇ[70] ਹੋਣ ਦੁਆਰਾ, ਆਪਣੇ ਗ੍ਰਹਿ[72] ਅੰਦਰ ਤੋਂ[73] ਹੀ ਬੰਦਾ ਉਸ ਦੇ ਮਹਿਲ[71] ਨੂੰ ਸਿੰਞਾਣ[74] ਲੈਂਦਾ ਹੈ।
ਜਤੁ[75] ਸਤੁ[76] ਤੀਰਥੁ[77] ॥ ਮਜਨੁ[78] ਨਾਮਿ ॥	God's Name is the true continence[75], chastity[76] and ablution[78] at the places of pilgrimage[77].	ਵਾਹਿਗੁਰੂ ਦਾ ਨਾਮ ਸੱਚਾ ਬ੍ਰਹਮਚਰਜ[75], ਪਾਕਦਾਮਨੀ[76] ਅਤੇ ਯਾਤ੍ਰਾ ਅਸਥਾਨ[77] ਤੇ ਇਸ਼ਨਾਨ[78] ਹੈ।
ਅਧਿਕ[79] ਬਿਥਾਰੁ[80] ਕਰਉ[81]ਕਿਸੁ[82] ਕਾਮਿ[83]॥	Of what[82] avail[83] is it to make[81] extensive[79] ostentation[80] ?	ਘਣਾ[79] ਅਡੰਬਰ[80] ਰਚਨਾ[81] ਕਿਹੜੇ[82] ਕੰਮ[83] ਹੈ ?

ਨਰ[84] ਨਾਰਾਇਣ[85] ਅੰਤਰਜਾਮਿ[86] ॥ ੩ ॥
ਆਨ[87] ਮਨਉ[88] ਤਉ[89] ਪਰ[90] ਘਰ[91] ਜਾਉ[92] ॥
ਕਿਸੁ[93] ਜਾਚਉ[94] ਨਾਹੀ ਕੋ ਥਾਉ[95] ॥
ਨਾਨਕ ਗੁਰਮਤਿ[96] ਸਹਜਿ[97]ਸਮਾਉ[98]॥੪॥੮॥

The Omnipresent Lord[85] is the Knower of the hearts[86] of men[84].
If I have faith[88] in another[87], then[89], I would go[92] to another's[90] house[91].
Whom[93] should I beg[94] ? For me there is no other place[95].
Nanak, by Guru's instrucion[96], I am absorbed[98] in the Supreme[97] Lord.

ਸਰਬ-ਵਿਆਪਕ[85] ਸੁਆਮੀ ਇਨਸਾਨਾਂ[84] ਦੇ ਦਿਲਾਂ ਦੀਆਂ ਜਾਨਣਹਾਰ[86] ਹੈ ।
ਜੇਕਰ ਮੈਂ ਹੋਰਸ[87] ਤੇ ਵਿਸ਼ਵਾਸ਼[88] ਕਰਾਂ,ਤਾਂ[89] ਮੈਂ ਹੋਰਸ[90] ਦੇ ਗ੍ਰਹਿ[91] ਜਾਵਾਂਗਾ[92] ।
ਮੈਂ ਹੋਰ ਕੀਹਦੇ[93] ਕੋਲੋਂ ਮੰਗਾਂ[94] ? ਮੇਰੇ ਲਈ ਹੋਰ ਕੋਈ ਥਾਂ[95] ਨਹੀਂ ।
ਨਾਨਕ ਗੁਰਾਂ ਦੇ ਉਪਦੇਸ਼[96] ਦੁਆਰਾ, ਮੈਂ ਪਾਰਬ੍ਰਹਮ[97] ਅੰਦਰ ਲੀਨ[98] ਹੋ ਗਿਆ ਹਾਂ ।

ਗਉੜੀ ਮਹਲਾ ੧ ॥
ਸਤਿਗੁਰੂ ਮਿਲੈ ਸੂ[99] ਮਰਣੂ ਦਿਖਾਏ[100] ॥
ਮਰਣੁ[2] ਰਹਣੁ[3] ਰਸੁ[4] ਅੰਤਰਿ[5] ਭਾਏ[6] ॥

Gauri 1st Guru
When the true Guru meets, he[99] shows[100] the way to die in life.
The joy[4] of remaining[3] alive, after such a death[2], is pleasing[6] to my mind[5].

ਗਉੜੀ ਪਹਿਲੀ ਪਾਤਸ਼ਾਹੀ ।
ਜਦ ਸੱਚਾ ਗੁਰੂ ਮਿਲ ਪੈਂਦਾ ਹੈ, ਉਹ[99] ਜੀਉਂਦੇ ਜੀ ਮਰਣ ਦਾ ਮਾਰਗ ਵਿਖਾਲ[100] ਦਿੰਦਾ ਹੈ ।
ਇਹੋ ਜੇਹੀ ਮੌਤ[2] ਦੇ ਮਗਰੋਂ ਜੀਉਂਦੇ ਰਹਿਣ[3] ਦੀ ਖ਼ੁਸ਼ੀ[4] ਮੇਰੇ ਮਨ[5] ਨੂੰ ਚੰਗੀ[6] ਲਗਦੀ ਹੈ ।

ਗਰਬੁ[7] ਨਿਵਾਰਿ[8] ਗਗਨਪੁਰੁ[9] ਪਾਏ[10] ॥੧॥
ਮਰਣੁ[12]ਲਿਖਾਇ[13]ਆਏ[14] ਨਹੀ ਰਹਣਾ[15] ॥

Having abrogated[8] my ego[7], I have reached[10] the tenth gate[9].
Getting recorded[13] the time of death[12], men did come[14] into the world, and cannot stay[15] longer.

ਆਪਣਾ ਹੰਕਾਰ[7] ਮਿਟਾ[8]ਕੇ ਮੈਂ ਦਸਮ ਦੁਆਰ[9]ਨੂੰ ਅਪੜ[10] ਗਿਆ ਹਾਂ ।
ਮੌਤ[12] ਦਾ ਵੇਲਾ ਲਿਖਵਾ[13] ਕੇ ਬੰਦੇ ਜਹਾਨ ਵਿਚ ਆਏ[14] ਹਨ ਅਤੇ ਵਧੇਰਾ ਚਿਰ ਠਹਿਰ[15] ਨਹੀਂ ਸਕਦੇ ।

ਹਰਿ ਜਪਿ[16] ਜਾਪਿ[17] ਰਹਣੁ[18] ਹਰਿ ਸਰਣਾ[19] ॥ ੧ ॥ ਰਹਾਉ ॥

They should, therefore, embrace[16] God's meditation[17] and abide[18] in God's sanctuary[19]. Pause.

ਇਸ ਲਈ ਉਨ੍ਹਾਂ ਨੂੰ ਰਬ ਦਾ ਸਿਮਰਨ[17] ਕਰਨਾ[16] ਅਤੇ ਰਬ ਦੀ ਸ਼ਰਣਾਗਤਿ[19] ਤਾਬੇ ਵਸਣਾ[18] ਉਚਿਤ ਹੈ ।
ਠਹਿਰਾਉ ।

ਸਤਿਗੁਰੁ ਮਿਲੈ ਤ[20] ਦੁਬਿਧਾ[21] ਭਾਗੈ[22] ॥
ਕਮਲੁ[23] ਬਿਗਾਸਿ[24] ਮਨੁ ਹਰਿਪ੍ਰਭ ਲਾਗੈ[25] ॥
ਜੀਵਤੁ ਮਰੈ ਮਹਾ[26] ਰਸੁ[27] ਆਗੈ[28] ॥ ੨ ॥

When the true Guru meets, then[20] does duality[21] take to heels[22].
The heart lotus[23] blooms[24], and the mind gets attached[25] tothe Lord God.
He,who remains dead in life obtains Supereme[26] bliss[27] hereafter[28].

ਜਦ ਸਾਚੇ ਗੁਰੂ ਜੀ ਮਿਲ ਪੈਂਦੇ ਹਨ ਤਦ[20] ਦਵੈਤ-ਭਾਵ[21] ਦੌੜ[22] ਜਾਂਦਾ ਹੈ ।
ਦਿਲ-ਕੰਵਲ[23] ਖਿੜ[24] ਜਾਂਦਾ ਹੈ ਅਤੇ ਮਨੂਆਂ ਵਾਹਿਗੁਰੂ ਸੁਆਮੀ ਨਾਲ ਜੁੜ[25] ਜਾਂਦਾ ਹੈ ।
ਜੋ ਜੀਉਂਦੇ ਜੀ ਮਰਿਆ ਰਹਿੰਦਾ ਹੈ ਉਹ ਅਗੇ[28] ਪਰਮ[26] ਅਨੰਦ[27] ਨੂੰ ਪ੍ਰਾਪਤ ਹੁੰਦਾ ਹੈ ।

ਸਤਿਗੁਰਿ ਮਿਲਿਐ ਸਚ[29] ਸੰਜਮਿ[30] ਸੂਚਾ[31] ॥

By meeting the true Guru, one becomes truthful[29], abstinent[30], and pure[31].

ਸੱਚੇ ਗੁਰਾਂ ਨੂੰ ਮਿਲਣ ਦੁਆਰਾ, ਇਨਸਾਨ ਸਤਿਵਾਦੀ[29], ਤਿਆਗੀ[30] ਅਤੇ ਪਵਿੱਤਰ[31] ਹੋ ਜਾਂਦਾ ਹੈ ।

ਗੁਰ ਕੀ ਪਉੜੀ[32] ਊਚੋ ਊਚਾ[33] ॥
ਕਰਮਿ[34] ਮਿਲੈ[35] ਜਮ[36]

By walking in Guru's way[32] man becomes the highest of the high[33].
By beingendowed[35]withLord's grace[34],

ਗੁਰਾਂ ਦੇ ਰਾਹੇ[32] ਟੁਰਣ ਦੁਆਰਾ, ਆਦਮੀ ਬੁਲੰਦਾਂ ਦਾ ਪਰਮ-ਬੁਲੰਦ[33] ਹੋ ਜਾਂਦਾ ਹੈ ।
ਪ੍ਰਭੂ ਦੀ ਰਹਿਮਤ[34] ਦੀ ਦਾਤ ਪ੍ਰਾਪਤ[35] ਹੋਣ ਦੁਆਰਾ

ਕਾ ਭਉ[37] ਮੂਚਾ[38]॥ ੩ ॥
ਗੁਰਿ ਮਿਲਿਐ ਮਿਲਿ[39]
ਅੰਕਿ[40] ਸਮਾਇਆ[41] ॥
ਕਰਿ[42] ਕਿਰਪਾ[43] ਘਰੁ[44]
ਮਹਲੁ[45] ਦਿਖਾਇਆ[46] ॥

ਨਾਨਕ ਹਉਮੈ[47] ਮਾਰਿ[48]
ਮਿਲਾਇਆ[49] ॥੪॥੯॥

the fear[37] of death[36] is destroyed[38],
By uniting unto Guru's union[39],
mortal sinks[41] into Lord's lap[40].
Showing[42] his mercy[43], the Guru
reveals[46] Lord's mansion[45], within
man's own house[44].
Nanak, effacing[48] his ego[47], the Guru
unites[49] man with the Master.

ਮੰਤ[36] ਦਾ ਡਰ[37] ਨਾਸ[38] ਹੋ ਜਾਂਦਾ ਹੈ।
ਗੁਰਾਂ ਦੇ ਮਿਲਾਪ[39] ਅੰਦਰ ਮਿਲਣ ਦੁਆਰਾ ਪ੍ਰਾਣੀ
ਸਾਹਿਬ ਦੀ ਗੋਦੀ[40] ਅੰਦਰ ਲੀਨ[41] ਹੋ ਜਾਂਦਾ ਹੈ।
ਆਪਣੀ ਮਿਹਰ[43] ਧਾਰ[42] ਕੇ, ਗੁਰੂ ਜੀ, ਪ੍ਰਭੂ ਦਾ ਮੰਦਰ[45]
ਬੰਦੇ ਨੂੰ ਉਸ ਦੇ ਆਪਣੇ ਗ੍ਰਹਿ[44] ਵਿਚ ਹੀ ਵਿਖਾਲ[46]
ਦਿੰਦੇ ਹਨ।
ਨਾਨਕ, ਉਸ ਦੇ ਹੰਕਾਰ[47] ਨੂੰ ਮੇਟ[48] ਕੇ, ਗੁਰੂ ਜੀ
ਇਨਸਾਨ ਨੂੰ ਮਾਲਕ ਨਾਲ ਮਿਲਾ[49] ਦਿੰਦੇ ਹਨ।

੧੫੪

ਗਉੜੀ ਮਹਲਾ ॥੧॥
ਕਿਰਤੂ[50] ਪਇਆ[51] ਨਹ
ਮੇਟੈ[52] ਕੋਇ ॥
ਕਿਆ ਜਾਣਾ ਕਿਆ
ਆਗੈ[53] ਹੋਇ[54] ॥
ਜੋ[55] ਤਿਸੁ[56] ਭਾਣਾ[57]
ਸੋਈ[58] ਹੂਆ[59] ॥
ਅਵਰੁ[61] ਨ ਕਰਣੈ[62]ਵਾਲਾ
ਦੂਆ[63] ॥੧॥
ਨਾ ਜਾਣਾ[64] ਕਰਮ[65]
ਕੇਵਡ[66] ਤੇਰੀ ਦਾਤਿ[67] ॥

ਕਰਮੁ[68] ਧਰਮੁ[69] ਤੇਰੇ ਨਾਮ
ਕੀ ਜਾਤਿ[70] ॥ ੧ ॥
ਰਹਾਉ ॥
ਤੂ ਏਵਡੁ[71] ਦਾਤਾ[72]
ਦੇਵਣਹਾਰੁ[73] ॥
ਤੋਟਿ[74] ਨਾਹੀ ਤੁਧੁ
ਭਗਤਿ[75] ਭੰਡਾਰ[76] ॥
ਕੀਆ[77] ਗਰਬੁ[78] ਨ ਆਵੈ
ਰਾਸਿ[79] ॥
ਜੀਉ[80] ਪਿੰਡੁ[81] ਸਭੁ ਤੇਰੈ
ਪਾਸਿ[82] ॥ ੨ ॥
ਤੂ ਮਾਰਿ[83] ਜੀਵਾਲਹਿ[84]
ਬਖਸਿ[85] ਮਿਲਾਇ[86] ॥

154

Gauri 1st Guru
Past[51] actions[50] none can erase[52].

What do I know what shall befall[54]
me hereafter[53] ?
Whatever[55] is His[56] will[57], that[58]
comes to pass[59].
Without[61] God there is no other[63]
doer[62].
I know[64] not how great is Thy
bounty[65], and how great[66] is Thine
gift[67] !
Good actions[68], religion[69] and high
caste[70] are contained in Thy Name,
O, Lord. Pause.
Thou art so great[71] the Donor[72]
and Giver[73], that Thine treasures[76]
of meditation[75] run not short[74].

It is never right[79] to take[77] pride[78].

Man's life[80] and body[81] are all at
Thy disposal[82].
Thou takest[83] and givest[84] life, and
forgiving[85] unitest[86] the mortal with
Thee.

੧੫੪

ਗਉੜੀ ਪਹਿਲੀ ਪਾਤਸ਼ਾਹੀ।
ਪੂਰਬਲੇ[51] ਕਰਮ[50] ਕੋਈ ਭੀ ਮੇਟ[52] ਨਹੀਂ ਸਕਦਾ।

ਮੈਂ ਕੀ ਜਾਣਦਾ ਹਾਂ ਕਿ ਮੇਰੇ ਨਾਲ ਅਗੇ[53] ਕੀ
ਬੀਤੇਗੀ[54] ?
ਜੋ[55] ਕੁਛ ਉਸ[56] ਦੀ ਰਜ਼ਾ[57] ਹੈ, ਉਹੀ[58] ਹੁੰਦਾ[59] ਹੈ।

ਰੱਬ ਦੇ ਬਗੈਰ[61] ਹੋਰ[63] ਕੋਈ ਕਰਨਹਾਰ[62] ਨਹੀਂ।

ਮੈਂ ਨਹੀਂ ਜਾਣਦਾ[64] ਕਿਡੀ ਵਡੀ ਹੈ ਤੇਰੀ ਬਖ਼ਸ਼ੀਸ਼[65]
ਤੇ ਕਿੱਡਾ[66] ਵਡਾ ਹੈ ਤੇਰਾ ਅਤੀਆ[67]।

ਸ਼ੁਭ ਅਮਲ[68], ਮਜ਼ਹਬ[69]ਅਤੇ ਉਚੀ ਜਾਤੀ[70], ਤੇਰੇ ਨਾਮ
ਵਿਚ ਆ ਜਾਂਦੇ ਹਨ, ਹੇ ਸੁਆਮੀ !
ਠਹਿਰਾਉ।
ਤੂੰ ਐਡਾ[71] ਵਡਾ ਦਾਤਾਰ[72] ਤੇ ਦੇਣ[73] ਵਾਲਾ ਹੈਂ ਕਿ
ਤੇਰੇ ਸਿਮਰਨ[75] ਦੇ ਖ਼ਜ਼ਾਨੇ[76] ਕਦੇ ਘਟ[74] ਨਹੀਂ ਹੁੰਦੇ।

ਹੰਕਾਰ[78] ਕਰਨਾ[77] ਕਦੇ ਭੀ ਠੀਕ[79] ਨਹੀਂ ਹੁੰਦਾ।

ਬੰਦੇ ਦੀ ਜ਼ਿੰਦਗੀ[80] ਤੇ ਸਰੀਰ[81] ਸਭ ਤੇਰੇ ਅਧਿਕਾਰ[82]
ਵਿਚ ਹਨ।
ਤੂੰ ਜ਼ਿੰਦ ਜਾਨ ਲੈਂਦਾ[83] ਅਤੇ ਦਿੰਦਾ[84] ਹੈਂ ਅਤੇ ਮਾਫ਼[85]
ਕਰ ਕੇ ਪ੍ਰਾਣੀ ਨੂੰ ਆਪਣੇ ਨਾਲ ਰਲਾ[86] ਲੈਂਦਾ ਹੈਂ।

ਜਿਉ[87] ਭਾਵੀ[88] ਤਿਉ[89] ਨਾਮੁ ਜਪਾਇ[90] ॥
ਤੂੰ ਦਾਨਾ[91] ਬੀਨਾ[92] ਸਾਚਾ[93] ਸਿਰਿ[94] ਮੇਰੈ[95] ॥
ਗੁਰਮਤਿ[96] ਦੇਇ[97] ਭਰੋਸੈ[98] ਤੇਰੈ ॥ ੩ ॥
ਤਨ[99]ਮਹਿ[100] ਮੈਲੂ[2]ਨਾਹੀ ਮਨੁ[3] ਰਾਤਾ[4] ॥

As[87] is Thy will[88], so[89] do Thou cause me to remember[90] Thy Name,
Thou art All-wise[91], All-seeing[92], and All-true[93], O, my[95] over Lord[94],
Grant[97] unto me Guru's instruction[96],
my faith[98] is in Thee.
He, whose mind[3] is imbued[4] with the love of the Lord, has no filth[2] in his[100] body[99].

ਜਿਸ ਤਰ੍ਹਾਂ ਤੇਰੀ ਰਜ਼ਾ[88] ਹੈ, ਉਸੇ[89] ਤਰ੍ਹਾਂ ਮੇਰੇ ਪਾਸੋਂ ਆਪਣੇ ਨਾਮ ਦਾ ਸਿਮਰਨ[90] ਕਰਵਾ ।
ਤੂੰ ਸਮੂਹ-ਸਿਆਣਾ[91] ਸਮੂਹ-ਦੇਖਣਹਾਰ[92], ਅਤੇ ਸਮੂਹ-ਸੱਚਾ[93] ਹੈਂ, ਹੇ ਮੇਰੇ[95] ਸ਼੍ਰੋਮਣੀ ਸਾਹਿਬ[94] !
ਮੈਨੂੰ ਗੁਰਾਂ ਦੀ ਸਿੱਖਿਆ[96] ਪਰਦਾਨ[97] ਕਰ, ਮੇਰਾ ਯਕੀਨ[98] ਤੇਰੇ ਵਿਚ ਹੈ ।
ਜਿਸ ਦਾ ਚਿਤ[3] ਪ੍ਰਭੂ ਦੀ ਪ੍ਰੀਤ ਨਾਲ ਰੰਗੀਜਿਆ[4] ਹੈ, ਉਸ ਦੀ ਦੇਹਿ[99] ਵਿਚ[100] ਕੋਈ ਮਲੀਨਤਾ[2] ਨਹੀਂ ।

ਗੁਰਬਚਨੀ[5] ਸਚੁ ਸਬਦਿ[6] ਪਛਾਤਾ[7] ॥
ਤੇਰਾ ਤਾਣੁ[8] ਨਾਮ ਕੀ ਵਡਿਆਈ[9] ॥
ਨਾਨਕ ਰਹਣਾ[10]ਭਗਤਿ[12] ਸਰਣਾਈ[13] ॥੪॥੧੦॥

By Guru's words[5], the true Lord[6] is recognised[7].
My might[8] is in Thee and my greatness[9] in Thy Name.
Nanak abides[10] in the sanctuary[13] of Thine devotees[12].

ਗੁਰਬਾਣੀ[5] ਦੁਆਰਾ ਸੱਚਾ ਸੁਆਮੀ[6] ਸਿਞਾਣਿਆ[7] ਜਾਂਦਾ ਹੈ ।
ਮੇਰੀ ਸਤਿਆ[8] ਤੇਰੇ ਵਿਚ ਹੈ, ਤੇ ਮੇਰੀ ਵਿਸ਼ਾਲਤਾ[9] ਤੇਰੇ ਨਾਮ ਵਿਚ ।
ਨਾਨਕ ਤੇਰੇ ਸ਼ਰਧਾਲੂਆਂ[12] ਦੀ ਸ਼ਰਣਾਗਤ[13] ਅੰਦਰ ਵਸਦਾ[10] ਹੈ ।

ਗਉੜੀ ਮਹਲਾ ੧ ॥

Gauri 1st Guru.

ਗਉੜੀ ਪਹਿਲੀ ਪਾਤਸ਼ਾਹੀ ।

ਜਿਨਿ[14] ਅਕਥੁ[15] ਕਹਾਇਆ[16] ਅਪਿਉ[17] ਪੀਆਇਆ[18] ॥ ਅਨ[19] ਭੈ[20] ਵਿਸਰੇ[21] ਨਾਮਿ ਸਮਾਇਆ[22] ॥ ੧ ॥

He, who[14] utters[16] the unutterable[15] God, and quaffs[18] Nectar[17], forgets[21] other[19] fears[20], and gets absorbed[22] in Lord's Name.

ਜੋ[14] ਅਕਹਿ[15] ਵਾਹਿਗੁਰੂ ਨੂੰ ਆਖਦਾ[16] ਹੈ ਅਤੇ ਅੰਮ੍ਰਿਤ[17] ਪਾਨ[18] ਕਰਦਾ ਹੈ, ਉਹ ਹੋਰ[19] ਡਰਾਂ[20] ਨੂੰ ਭੁੱਲ[21] ਜਾਂਦਾ ਹੈ ਅਤੇ ਸੁਆਮੀ ਦੇ ਨਾਮ ਅੰਦਰ ਲੀਨ[22] ਹੋ ਜਾਂਦਾ ਹੈ ।

ਕਿਆ[23] ਡਰੀਐ[24] ਡਰੁ ਡਰਹਿ[25] ਸਮਾਨਾ[26] ॥
ਪੂਰੇ[27] ਗੁਰ ਕੈ ਸਬਦਿ[28] ਪਛਾਨਾ[29] ॥ ੧ ॥

Why[23] should we fear[24], when all the fears sink[26] in Lord's fear[25] ?
Through the instructin[28] of Perfect[27] Guru I have recognised[29] the Master.

ਆਪਾਂ ਕਿਉਂ[23] ਭੈ ਕਰੀਏ[24], ਜਦ ਸਾਰੇ ਭੈ, ਸਾਂਈ ਦੇ ਭੈ[25] ਅੰਦਰ ਗ਼ਰਕ[26] ਹੋ ਜਾਂਦੇ ਹਨ ।
ਪੂਰਨ[27] ਗੁਰਾਂ ਦੇ ਉਪਦੇਸ਼[28] ਰਾਹੀਂ ਮੈਂ ਮਾਲਕ ਨੂੰ ਸਿਞਾਣ[29] ਲਿਆ ਹੈ ।

ਰਹਾਉ ॥

Pause

ਠਹਿਰਾਉ ।

ਜਿਸੁ ਨਰ[30] ਰਾਮੁ[31] ਰਿਦੈ[32] ਹਰਿ ਰਾਸਿ[33] ॥
ਸਹਜਿ[34] ਸੁਭਾਇ ਮਿਲੇ ਸਾਬਾਸਿ[35] ॥ ੨ ॥

The mortal[30], who within his mind[32] has the Omnipresent Lord[31], and the capital[33] of God's Name, is automatically[34] blessed[35].

ਜਿਸ ਪ੍ਰਾਣੀ[30] ਦੇ ਅੰਤਰ-ਆਤਮੇ[32] ਸਰਬ-ਵਿਆਪਕ[31] ਸੁਆਮੀ ਅਤੇ ਵਾਹਿਗੁਰੂ ਦੇ ਨਾਮ ਦੀ ਪੂੰਜੀ[33] ਹੈ, ਉਸ ਨੂੰ ਨਿਰਯਤਨ[34] ਹੀ ਵਡਿਆਈ[35] ਮਿਲਦੀ ਹੈ ।

ਜਾਹਿ[36] ਸਵਾਰੇ[37] ਸਾਝ[38] ਬਿਆਲ[39] ॥ ਇਤ[40] ਉਤ[41] ਮਨਮੁਖ[42] ਬਾਧੇ[43] ਕਾਲ[44] ॥ ੩ ॥

The wayward[42], whom[36] the Lord puts to slumber[37], evening[38] and morning[39], are bound[43] to death[44] here[40] and hereafter[41].

ਆਪ-ਹੁਦਰੇ[42] ਜਿਨ੍ਹਾਂ[36] ਨੂੰ ਸੁਆਮੀ ਸ਼ਾਮ[38] ਤੇ ਸਵੇਰੇ[39] ਸੁਆਂ[37] ਡਾਡਦਾ ਹੈ ਏਥੇ[40] ਅਤੇ ਓਥੇ[41] ਮੌਤ[44] ਨਾਲ ਬੰਨ੍ਹੇ[43] ਹੋਏ ਹਨ ।

ਅਹਿ[45] ਨਿਸਿ[46] ਰਾਮੁ[47]

They[49] in whose heart[48], day[46] and

ਜਿਨ੍ਹਾਂ ਦੇ ਦਿਲ[48] ਅੰਦਰ ਦਿਨ[45] ਰੈਣ[46] ਵਿਆਪਕ

ਰਿਦੈ[48] ਸੇ[49] ਪੂਰੇ[50] ॥

night[46] abides the Pervading God[47], are perfect[50].

ਵਾਹਿਗੁਰੂ[47] ਵਸਦਾ ਹੈ, ਉਹ[49] ਮੁਕੰਮਲ[50] ਹਨ ।

ਨਾਨਕ ਰਾਮ ਮਿਲੇ[51] ਭ੍ਰਮ[52] ਦੂਰੇ[53] ॥੪॥੧੧॥

Nanak, they cast off[53] their doubt[52], and blend[51] with the Lord.

ਨਾਨਕ ਉਹ ਆਪਣਾ ਸੰਦੇਹ[52] ਦੂਰ[53] ਕਰ ਦਿੰਦੇ ਹਨ ਅਤੇ ਪ੍ਰਭੂ ਨਾਲ ਇਕ-ਮਿਕ[51] ਹੋ ਜਾਂਦੇ ਹਨ ।

ਗਉੜੀ ਮਹਲਾ ੧ ॥

Gauri Its Guru.

ਗਉੜੀ ਪਹਿਲੀ ਪਾਤਸ਼ਾਹੀ ।

ਜਨਮਿ[54] ਮਰੈ[55] ਤ੍ਰੈ[56] ਗੁਣ[57] ਹਿਤਕਾਰੁ[58] ॥

He who loves[58] the three[56] qualities[57] continues coming[54] and going[55].

ਜੋ ਤਿੰਨਾਂ[56] ਖ਼ਸਲਤਾਂ[57] ਨੂੰ ਪਿਆਰ[58] ਕਰਦਾ ਹੈ, ਉਹ ਆਉਂਦਾ[54] ਅਤੇ ਜਾਂਦਾ[55] ਰਹਿੰਦਾ ਹੈ ।

ਚਾਰੇ ਬੇਦ ਕਥਹਿ[59] ਆਕਾਰੁ[60] ॥

The four Vedas describe[59] only the visible forms[60].

ਚਾਰੇ ਹੀ ਵੇਦ ਕੇਵਲ ਦ੍ਰਿਸ਼ਟਮਾਨ ਸਰੂਪਾਂ[60] ਨੂੰ ਬਿਆਨ[59] ਕਰਦੇ ਹਨ ।

ਤੀਨਿ ਅਵਸਥਾ[61] ਕਹਹਿ ਵਖਿਆਨੁ[62] ॥

They explain and expound[62] the three mental states[61].

ਉਹ ਤਿੰਨ ਮਾਨਸਕ ਹਾਲਤਾਂ[61] ਨੂੰ ਦਸਦੇ ਅਤੇ ਵਰਨਣ[62] ਕਰਦੇ ਹਨ ।

[63]ਤੁਰੀਆਵਸਥਾ[64] ਸਤਿਗੁਰ ਤੇ ਹਰਿ[65] ਜਾਨੁ[66] ॥ ੧ ॥

The fourth state[64] of communion with the Lord[63], is known[66] through the Divine[65] True Guru.

ਚੌਥੀ, ਪ੍ਰਭੂ ਨਾਲ ਮੇਲ-ਮਿਲਾਪ[63] ਦੀ, ਦਸ਼ਾ[64] ਰਬ-[65] ਰੂਪ ਸੱਚੇ ਗੁਰਾਂ ਦੇ ਰਾਹੀਂ ਜਾਣੀ[66] ਜਾਂਦੀ ਹੈ ।

ਰਾਮ ਭਗਤਿ[67] ਗੁਰ[68] ਸੇਵਾ ਤਰਣਾ[69] ॥

Through Lord's meditation[67], and Guru's service[68], the mortal swims across[69].

ਸੁਆਮੀ ਦੇ ਸਿਮਰਨ[67] ਅਤੇ ਗੁਰਾਂ ਦੀ ਟਹਿਲ ਸੇਵਾ[68] ਦੇ ਜ਼ਰੀਏ ਪ੍ਰਾਣੀ ਪਾਰ ਉਤਰ[69] ਜਾਂਦਾ ਹੈ ।

ਬਾਹੁੜਿ[70] ਜਨਮੁ[71] ਨ ਹੋਇ ਹੈ ਮਰਣਾ[72] ॥ ੧ ॥ ਰਹਾਉ ॥

Again[70], he is not born[71] and he dies[72] not.

Pause.

ਮੁੜ[70] ਕੇ ਉਸ ਦਾ ਜਨਮ[71] ਨਹੀਂ, ਹੁੰਦਾ ਤੇ ਉਹ ਮਰਦਾ[72] ਨਹੀਂ ।

ਠਹਿਰਾਉ ।

ਚਾਰਿ ਪਦਾਰਥ[73] ਕਹੈ[74] ਸਭੁ[75] ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ[76] ਸੋਈ[77] ॥

Everyone[75] talks[74] of the four cardinal boons[73], twentyseven Simritis, six Shashtras, and the leading[76] pandits speak of them[77] as well,

ਹਰਿ ਕੋਈ[75] ਚਾਰ ਉਤਮ ਦਾਤਾਂ[73] ਦਾ ਜ਼ਿਕਰ[74] ਕਰਦਾ ਹੈ । ਸਤਾਈ ਸਿੰਮ੍ਰਤੀਆਂ, ਛੇ ਸ਼ਾਸ਼ਤਰ ਅਤੇ ਮੁਖੀ[76] ਪੰਡਤ ਭੀ ਉਨ੍ਹਾਂ[77] ਬਾਰੇ ਹੀ ਆਖਦੇ ਹਨ ।

ਬਿਨੁ ਗੁਰ ਅਰਥੁ[78] ਬੀਚਾਰੁ[79] ਨ ਪਾਇਆ[80]॥

Without the Guru none gets[80] at their meaning[78] and real significance[79].

ਗੁਰਾਂ ਦੇ ਬਗ਼ੈਰ ਕੋਈ ਭੀ ਉਨ੍ਹਾਂ ਦੇ ਮਤਲਬ[78] ਤੇ ਅਸਲ ਤਾਤਪਰਜ[79] ਨੂੰ ਪਰਾਪਤ[80] ਨਹੀਂ ਹੁੰਦਾ ।

ਮੁਕਤਿ[81] ਪਦਾਰਥੁ[82] ਭਗਤਿ[83] ਹਰਿ ਪਾਇਆ ॥ ੨ ॥

The wealth[82] of salvation[81] is obtained by the devotional service[83] of God.

ਮੋਖਸ਼[81] ਦੀ ਦੌਲਤ[82], ਵਾਹਿਗੁਰੂ ਦੀ ਪ੍ਰੇਮਮਈ ਸੇਵਾ[83] ਦੁਆਰਾ ਹੁੰਦੀ ਹੈ ।

ਜਾਕੈ[84] ਹਿਰਦੈ[85] ਵਸਿਆ[86] ਹਰਿ ਸੋਈ[87] ॥

Within whose[84] mind[85] that[87] God abides[86],

ਜਿਸ[84] ਦੇ ਅੰਤਰ ਆਤਮੇ[85] ਉਹ[87] ਵਾਹਿਗੁਰੂ ਨਿਵਾਸ[86] ਰਖਦਾ ਹੈ ।

ਗੁਰਮੁਖਿ[88] ਭਗਤਿ[89] ਪਰਾਪਤਿ[90] ਹੋਈ ॥

Through the Guru[88], he obtains[90] His meditation[89].

ਗੁਰਾਂ ਦੇ ਰਾਹੀਂ[88] ਉਹ ਉਸ ਦੇ ਸਿਮਰਨ[89] ਨੂੰ ਪਾ ਲੈਂਦਾ[90] ਹੈ ।

ਹਰਿ ਕੀ ਭਗਤਿ[91]

By God's worship[91], emancipation[92]

ਵਾਹਿਗੁਰੂ ਦੀ ਉਪਾਸਨਾ[91] ਦੁਆਰਾ, ਕਲਿਆਣ[92] ਅਤੇ

ਮੁਕਤਿ[92] ਆਨੰਦੁ[93] ॥
ਗੁਰਮਤਿ[94] ਪਾਏ
[95] ਪਰਮਾਨੰਦੁ[96] ॥ ੩ ॥
ਜਿਨਿ[97] ਪਾਇਆ[98] ਗੁਰਿ
ਦੇਖਿ[99] ਦਿਖਾਇਆ[100] ॥

and celestial bliss[93] are procured.
By Guru's instruction[94] supreme[95] happiness[96] is obtained.
He, who[97] has met[98] the Guru, himself beholds[99] God, and causes others to behold[100] Him.

ਵੈਕੁੰਠੀ ਪਰਸੰਨਤਾ[93] ਹਾਸਲ ਹੁੰਦੇ ਹਨ ।
ਗੁਰਾਂ ਦੀ ਸਿਖਮਤ[94] ਦੁਆਰਾ ਮਹਾਨ[95] ਖ਼ੁਸ਼ੀ[96] ਪ੍ਰਾਪਤ ਹੁੰਦੀ ਹੈ ।
ਜੋ[97] ਗੁਰਾਂ ਨੂੰ ਮਿਲ[98] ਪਿਆ ਹੈ, ਉਹ ਆਪ ਵਾਹਿਗੁਰੂ ਨੂੰ ਵੇਖ[99] ਲੈਂਦਾ ਹੈ ਅਤੇ ਹੋਰਨਾਂ ਨੂੰ ਵਿਖਾਲ[100] ਦਿੰਦਾ ਹੈ ।

ਆਸਾ[2] ਮਾਹਿ[3]
ਨਿਰਾਸੁ[4] ਬੁਝਾਇਆ[5] ॥
ਦੀਨਾ[6] ਨਾਥੁ[7] ਸਰਬ[8]
ਸੁਖਦਾਤਾ[9] ॥
ਨਾਨਕ ਹਰਿ[10] ਚਰਣੀ[11]
ਮਨੁ[12] ਰਾਤਾ[13]॥੪॥੧੨॥

Amidst[3] hopes[2], the Guru has instructed[5] him to remain without hope[4].
He is the Master[7] of the meek[6], and the Giver[9] of peace to all[8].
Nanak's mind[12] is imbued[13] with the love of God's[10] feet[11].

ਉਮੈਦਾ[2] ਅੰਦਰ[3] ਗੁਰੂ ਨੇ ਉਸ ਨੂੰ ਉਮੈਦ-ਰਹਿਤ[4] ਰਹਿਣਾ ਦਰਸਾ[5] ਦਿਤਾ ਹੈ ।
ਉਹ ਮਸਕੀਨਾਂ[6] ਦਾ ਮਾਲਕ[7] ਅਤੇ ਸਾਰਿਆਂ[8] ਨੂੰ ਆਰਾਮ ਦੇਣ ਵਾਲਾ[9] ਹੈ ।
ਨਾਨਕ ਦਾ ਹਿਰਦਾ[12] ਵਾਹਿਗੁਰੂ[10] ਦੇ ਚਰਨਾਂ[11] ਦੀ ਪ੍ਰੀਤ ਨਾਲਿ ਰੰਗਿਆ[13] ਹੋਇਆ ਹੈ ।

ਗਉੜੀ ਚੇਤੀ ਮਹਲਾ ੧ ॥

Gauri Cheti Ist Guru.

ਗਉੜੀ ਚੇਤੀ ਪਹਿਲੀ ਪਾਤਸ਼ਾਹੀ ।

[14] ਅੰਮ੍ਰਿਤ[15] ਕਾਇਆ[16]
ਰਹੈ ਸੁਖਾਲੀ[17] ਬਾਜੀ[18]
ਇਹੁ ਸੰਸਾਰੋ[19] ॥

O body[16], thinking thyself[14] immortal[15] thou livest in peace[17], but this world is a play[18],

ਹੇ ਦੇਹਿ[16] ! ਆਪਣੇ ਆਪ ਨੂੰ[14] ਅਮਰ[15] ਖ਼ਿਆਲ ਕਰਕੇ ਤੂੰ ਆਰਾਮ[17] ਅੰਦਰ ਰਹਿੰਦੀ ਹੈਂ, ਪਰ ਇਹ ਜਗਤ[19] ਇਕ ਖੇਡ[18] ਹੈ ।

ਲਬੁ[20] ਲੋਭੁ[21] ਮੁਚੁ[22]
ਕੂੜੁ[23] ਕਮਾਵਹਿ[24]
ਬਹੁਤੁ[25] ਉਠਾਵਹਿ[26]
ਭਾਰੋ[27] ॥

Thou practisest[24] avarice[20], covetousness[21], great[22] false-hood[23], and carriest[26] many[25] burdens[27].

ਤੂੰ ਲਾਲਚ[20], ਤਮ੍ਹਾਂ[21] ਅਤੇ ਭਾਰੇ[22] ਝੂਠ[23] ਦੀ ਕਮਾਈ[24] ਕਰਦੀ ਅਤੇ ਘਣੇ[25] ਬੋਝ[27] ਚੁਕਦੀ[26] ਹੈਂ ।

ਤੂੰ[28] ਕਾਇਆ ਮੈ
ਰੁਲਦੀ[29] ਦੇਖੀ[30] ਜਿਉ[31]
ਧਰ[32]ਊਪਰਿ[33]ਛਾਰੋ[34]॥੧॥

O, body ! I have seen[30], thee[28], wallowing[29] like[31] ashes[34] on[33] the earth[32].

ਹੇ ਦੇਹਿ ! ਤੈਨੂੰ[28] ਮੈਂ ਵੇਖਿਆ[30]ਹੈ,ਸੁਆਹ[34] ਦੀ ਤਰ੍ਹਾਂ[31] ਧਰਤੀ[32] ਉਤੇ[33] ਖੱਜਲ-ਖੁਆਰ[29] ਹੁੰਦਿਆਂ ।

ਸੁਣਿ[35] ਸੁਣਿ ਸਿਖ[36]
ਹਮਾਰੀ[37] ॥

Hearken[35], hearken to my[37] instruction[36].

ਮੇਰੀ[37] ਸਿੱਖਿਆ[36] ਵੱਲ ਕੰਨ[35] ਕਰ ਤੇ ਇਸ ਨੂੰ ਸ੍ਰਵਣ ਕਰ ।

[38] ਸੁਕ੍ਰਿਤੁ[39] ਕੀਤਾ[40]
ਰਹਸੀ[41] ਮੇਰੇ ਜੀਅੜੇ[42]
ਬਹੁੜਿ[43] ਨ ਆਵੈ
ਵਾਰੀ[44] ॥ ੧ ॥ ਰਹਾਉ ॥

The good[38] deeds[39] done[40] shall abide[41] with thee, O, my soul[42], thou shalt not, again[43] find such opportunity[44]. Pause.

ਨੇਕ[38] ਅਮਲ[39] ਕਮਾਏ[40] ਹੋਏ ਤੇਰੇ ਨਾਲ ਰਹਿਣਗੇ[41], ਹੇ ਮੇਰੀ ਆਤਮਾ[42] ! ਐਹੋ ਜੇਹਾ ਮੌਕਾ[44] ਮੁੜ[43] ਕੇ ਤੇਰੇ ਹੱਥ ਨਹੀਂ ਲਗਣਾ । ਠਹਿਰਾਉ ।

੧੫੫

ਹਉ ਤੁਧੁ[45] ਆਖਾ ਮੇਰੀ
ਕਾਇਆ ਤੂੰ ਸੁਣਿ ਸਿਖ[46]
ਹਮਾਰੀ ॥

155

I say to thee[45], O, my body. Listen carefully to my advice[46].

੧੫੫

ਹੇ ਮੇਰੀ ਦੇਹਿ ! ਮੈਂ ਤੈਨੂੰ[45] ਆਖਦੀ ਹਾਂ । ਮੇਰੀ ਨਸੀਹਤ[46] ਨੂੰ ਧਿਆਨ ਦੇ ਕੇ ਸ੍ਰਵਣ ਕਰ ।

ਨਿੰਦਾ[47] ਚਿੰਦਾ[48] ਕਰਹਿ
ਪਰਾਈ[49] ਝੂਠੀ[50]

Thou slanderest[47], and praisest[48] others[49], and indulgest in false[50]

ਤੂੰ ਹੋਰਨਾਂ[49] ਦੀ ਬਦਖੋਈ[47] ਅਤੇ ਉਸਤਤੀ[48] ਕਰਦੀ ਹੈਂ, ਅਤੇ ਕੂੜੀਆਂ[50] ਚੁਗਲੀਆਂ[51] ਖਾਂਦੀ ਹੈਂ ।

ਲਾਇਤਬਾਰੀ[51] ॥
ਵੇਲਿ[52]ਪਰਾਈ[53]ਜੋਹਹਿ[54]
ਜੀਅੜੇ[55] ਕਰਹਿ[56]ਚੋਰੀ[57]
ਬੁਰਿਆਰੀ[58] ॥

backbiting[51],
Thou, O, mind[58], beholdest[54]
another's[53] vine[52] (women) and
committest[56] theft[57] and evil deeds[58].

ਤੂੰ ਹੇ ਮਨ[58], ਹੋਰਨਾਂ[53] ਦੀ ਵੇਲ[52] (ਤ੍ਰੀਮਤ) ਨੂੰ
ਤਕਦੀ[54] ਹੈਂ, ਤੇ ਸਰਕਾ[57] ਅਤੇ ਕੁਕਰਮ[58]
ਕਮਾਉਂਦੀ[56] ਹੈਂ ।

ਹੰਸੁ[59] ਚਲਿਆ[60] ਤੂੰ
ਪਿਛੈ[61] ਰਹੀਏਹਿ[62]
ਛੁਟੜਿ[63] ਹੋਈਅਹਿ[64]
ਨਾਰੀ[65] ॥ ੨ ॥

When the soul swan departs, thou
remainest[62] behind[61], and becomest[64]
like an abandoned[63] woman[65].

ਜਦ ਆਤਮਾ, ਰਾਜ[59] ਹੰਸ ਟੁਰ[60] ਜਾਂਦਾ ਹੈ, ਤੂੰ
ਮਗਰ[61] ਰਹਿ[62] ਜਾਂਦੀ ਹੈਂ ਅਤੇ ਛੱਡੀ[63] ਹੋਈ ਤੀਵੀਂ[65]
ਵਾਂਗ ਹੋ ਜਾਂਦੀ[64] ਹੈਂ ।

ਤੂੰ ਕਾਇਆ[66] ਰਹੀਅਹਿ[67]
ਸੁਪਨੈਤਰਿ[68] ਤੁਧੁ ਕਿਆ[69]
ਕਰਮ[70] ਕਮਾਇਆ[71] ॥
ਕਰਿ ਚੋਰੀ[72] ਮੈ[73] ਜਾ ਕਿਛੁ
ਲੀਆ ਤਾ[74] ਮਨਿ[76]
ਭਲਾ[75] ਭਾਇਆ ॥
ਹਲਤਿ[77] ਨ ਸੋਭਾ[78]
ਪਲਤਿ[79] ਨ ਢੋਈ[80]
ਅਹਿਲਾ[81] ਜਨਮੁ[82]
ਗਵਾਇਆ[83] ॥ ੩ ॥
ਹਉ ਖਰੀ[84] ਦੁਹੇਲੀ[85]
ਹੋਈ[88] ਬਾਬਾ[86] ਨਾਨਕ
ਮੇਰੀ ਬਾਤ[87] ਨ ਪੁਛੈ ਕੋਈ॥
੧ ॥ ਰਹਾਉ ॥

Thou, O, body[66] abidest[67] as if in a
dream[68]. What[69] good deed[70] hast
thou done[71] ?
When[73] I took something by
stealth[72], it was, then[74] pleasing[75] to
the mind[76].
I have no honour[78] in this world[77],
and shall have no shelter[80] in the
world beyond[79]. I have lost[83] my
human[82] life in vain[81].
I have become[88] very[84] miserable[85],
O, father[86], Nanak, and none cares[87]
for me.
Pause

ਹੇ ਦੇਹਿ[66] ! ਤੂੰ ਸੁਪਨੇ[68] ਵਿਚ ਦੀ ਤਰ੍ਹਾਂ ਵਸਦੀ[67] ਹੈਂ ।
ਤੂੰ ਕਿਹੜਾ[69] ਭਲਾ ਕੰਮ[70] ਕੀਤਾ[71] ਹੈ ।

ਜਦ[73] ਮੈਂ ਤਸਕਰੀ[72] ਕਰਕੇ ਕੋਈ ਚੀਜ਼ ਲਿਆਂਦੀ
ਤਦ[74], ਇਹ ਚਿਤ[76] ਨੂੰ ਚੰਗਾ[75] ਲਗਾ ।

ਇਸ ਮਾਤ ਲੋਕ[77] ਵਿਚ, ਮੇਰੀ ਕੋਈ ਇਜ਼ਤ[78] ਨਹੀਂ
ਅਤੇ ਪ੍ਰਲੋਕ[79] ਵਿਚ ਮੈਨੂੰ ਕੋਈ ਪਨਾਹ[80] ਨਹੀਂ ਲਭਣੀ।
ਮੈਂ ਆਪਣਾ ਮਨੁਖੀ[82] ਜੀਵਨ ਬੇਫਾਇਦਾ[81] ਵੰਞ[83]ਲਿਆ
ਹੈ ।
ਮੈਂ ਬਹੁਤ[84] ਦੁਖੀ[85] ਹੋ[88] ਗਈ ਹਾਂ, ਹੇ ਪਿਤਾ[86] ।
ਨਾਨਕ, ਅਤੇ ਕੋਈ ਭੀ ਮੇਰੀ ਪਰਵਾਹ[87] ਨਹੀਂ ਕਰਦਾ ।
ਠਹਿਰਾਉ

ਤਾਜੀ[89] ਤੁਰਕੀ[90]
ਸੁਇਨਾ[91] ਰੁਪਾ[92] ਕਪੜ[93]
ਕੇਰੇ[94] ਭਾਰਾ[95] ॥
ਕਿਸਹੀ ਨਾਲਿ ਨ[97] ਚਲੇ
ਨਾਨਕ ਝੜਿ ਝੜਿ[98] ਪਏ
ਗਵਾਰਾ[99] ॥
ਕੂਜਾ[96] ਮੇਵਾ[100] ਮੈ ਸਭ
ਕਿਛੁ ਚਾਖਿਆ[2] ਇਕੁ[3]
ਅੰਮ੍ਰਿਤੁ[4] ਨਾਮੁ ਤੁਮਾਰਾ ॥
ਦੇ ਦੇ[5] ਨੀਵ[6] ਦਿਵਾਲ[7]
ਉਸਾਰੀ[8] ਭਸ[9] ਮੰਦਰ[10]

The Turkish[90] steed[89], gold[91], silver[92]
and loads[95] of[94] raiment[93]

Accompany[97] not any one, O,
Nanak. They are left behind[98] in
this world, O, Fool[99].
Crystalline-sugar[96] and raisins[100] I
have all tasted[2], The Name alone[3] is
Nectar[4] sweet, O, Lord.
By giving[5] (digging) deep founda-
tions[6], man constructs[8] the walls[7].

ਤੁਰਕਿਸਤਾਨੀ[90] ਕੋਤਲ[89], ਸੋਨਾ[91], ਚਾਂਦੀ[92] ਅਤੇ
ਬਸਤਰਾਂ[93] ਦੇ[94] ਢੇਰਾਂ ਦੇ ਢੇਰ[95],

ਕਿਸੇ ਦੇ ਭੀ ਸਾਥ ਨਹੀਂ[97] ਜਾਂਦੇ, ਹੇ ਨਾਨਕ ! ਉਹ
ਏਸ ਜਹਾਨ ਵਿਚ ਹੀ ਪਿਛੇ[98] ਰਹਿ ਜਾਂਦੇ ਹਨ, ਹੇ
ਮੂਰਖ[99] ।
ਕੂਜ਼ੇ ਦੀ ਮਿਸਰੀ[96] ਤੇ ਸੋਗੀ[100], ਮੈਂ ਸਾਰੇ ਚੱਖੇ[2] ਹਨ ।
ਕੇਵਲ[3] ਤੇਰਾ ਨਾਮ ਹੀ ਸੁਧਾਰਸ[4] ਜੈਸਾ ਮਿੱਠੜਾ ਹੈ, ਹੇ
ਸੁਆਮੀ !
ਡੂੰਘੀਆਂ ਬੁਨਿਆਦਾਂ[6] ਦੇ ਕੇ[5] (ਪੁੱਟ ਕੇ) ਬੰਦਾ ਕੰਧਾਂ[7]
ਉਸਾਰਦਾ[8] ਹੈ । ਐਹੋ ਜੇਹੀਆਂ ਇਮਾਰਤਾਂ[10], ਅਖੀਰ ਨੂੰ,

ਕੀ ਢੇਰੀ[12] ॥

Such edifices[10], at last become a heap[12] of dust[9].

ਮਿੱਟੀ[9] ਦਾ ਅੰਬਾਰ[12] ਹੋ ਜਾਂਦੀਆਂ ਹਨ ।

ਸੰਚੇ[13] ਸੰਚਿ ਨ ਦੇਈ[14] ਕਿਸ ਹੀ ਅੰਧੁ[15] ਜਾਣੈ[16] ਸਭ ਮੇਰੀ[17] ॥

The man amasses[13] and hoards riches and gives[14] to none. The fool[15] thinks[16] that all is his own[17],

ਆਦਮੀ ਦੌਲਤ ਜਮ੍ਹਾਂ[13] ਤੇ ਇਕੱਠੀ ਕਰਦਾ ਅਤੇ ਕਿਸੇ ਨੂੰ ਨਹੀਂ ਦਿੰਦਾ[14] । ਅੰਨ੍ਹਾਂ[15] ਖਿਆਲ[16] ਕਰਦਾ ਹੈ ਕਿ ਸਾਰੀ ਉਸ ਦੀ ਆਪਣੀ[17] ਹੈ ।

ਸੋਇਨ[18] ਲੰਕਾ[19] ਸੋਇਨ[20] ਮਾੜੀ[21] ਸੰਪੈ[22] ਕਿਸੈ ਨ ਕੇਰੀ ॥ ੫ ॥

Golden[18] Ceylon[19] and gold[20] palaces[21] (remained not with Ravana.) The riches[22] belong to none.

ਸੁਨਹਿਰੀ[18] ਲੰਕਾ[19] ਤੇ ਸੋਨੇ[20] ਦੇ ਮੰਦਰ[21] (ਰਾਵਣ ਦੇ ਨਾਲ ਨ ਰਹੇ ।) ਧਨ ਦੌਲਤ[22] ਕਿਸੇ ਦੀ ਭੀ ਮਲਕੀਅਤ ਨਹੀਂ ।

ਸੁਣਿ ਮੂਰਖ[23] ਮੰਨ[24] ਅਜਾਣਾ[25] ॥ ਹੋਗੁ[26] ਤਿਸੈ[27] ਕਾ ਭਾਣਾ[28] ॥੧॥ਰਹਾਉ॥

Hear O, foolish[23] and ignorant[25] mind[24] only His[27] will[28] is carried[26] out. Pause

ਕੰਨ ਦੇ, ਹੇ ਬੇਵਕੂਫ[23] ਤੇ ਬੇਸਮਝ[25] ਮਨ[24] ! ਕੇਵਲ ਉਸ[27] ਦੀ ਰਜ਼ਾ[28] ਹੀ ਨੇਪਰੇ[26] ਚੜ੍ਹਦੀ ਹੈ ।

ਠਹਿਰਾਉ

ਸਾਹੁ[29] ਹਮਾਰਾ[30] ਠਾਕੁਰੁ[31] ਭਾਰਾ ਹਮ ਤਿਸਕੇ ਵਣਜਾਰੇ[32] ॥

My[30] Banker[29] is the great Lord[31], I am his petty dealer[32].

ਮੇਰਾ[30] ਸ਼ਾਹੂਕਾਰ[29] ਵਡਾ ਮਾਲਕ[31] ਹੈ, ਮੈਂ ਉਸ ਦਾ ਅਦਨਾ ਹਟਵਾਂਣੀਆ[32] ਹਾਂ ।

ਜੀਉ[33] ਪਿੰਡੁ[34] ਸਭ ਰਾਸਿ[35] ਤਿਸੈ[36] ਕੀ ਮਾਰਿ ਆਪੇ[37] ਜੀਵਾਲੇ[38] ॥੬॥ ੧ ॥ ੧੩ ॥

The soul[33], and body[34] are all His[36] capital[35]. He Himslf[37] kills and re-animates[38].

ਆਤਮਾ[33] ਤੇ ਦੇਹਿ[34] ਸਮੂਹ ਉਸੇ[36] ਦੀ ਪੂੰਜੀ[35] ਹੈ । ਉਹ ਆਪ[37] ਹੀ ਮਾਰਦਾ ਤੇ ਸੁਰਜੀਤ[38] ਕਰਦਾ ਹੈ ।

ਗਉੜੀ ਚੇਤੀ ਮਹਲਾ ੧॥

Gauri Cheti Ist Guru.

ਗਉੜੀ ਚੇਤੀ ਪਹਿਲੀ ਪਾਤਸ਼ਾਹੀ ।

ਅਵਰਿ[39] ਪੰਚ ਹਮ[40] ਏਕ ਜਨਾ[41] ਕਿਉ[42] ਰਾਖਉ[43] ਘਰਬਾਰੁ[44] ਮਨਾ[45] ॥

ਸਹਜੇ[61] ਜਾਗੈ ਸਵੈ[62] ਨ ਕੋਇ ॥

No one, who is awake to Divine comprehension[61], goes to sleep[62].

ਕੋਈ ਜਣਾ, ਜੋ ਵਾਹਿਗੁਰੂ ਦੀ ਵੀਚਾਰ[61] ਵਲ ਜਾਗਦਾ ਹੈ, ਸੌਂਦਾ[62] ਨਹੀਂ ।

ਪੂਰੇ[63] ਗੁਰ ਤੇ ਬੂਝੈ[64] ਜਨੁ[65] ਕੋਇ[66] ॥

Rare[66] is the one[65] who understands[64] the Immortal One, through the Perfect[63] Guru. Pause.

ਕੋਈ[66] ਵਿਰਲਾ ਜਣਾ[65] ਹੀ ਪੂਰਨ[63] ਗੁਰਾਂ ਦੇ ਰਾਹੀਂ ਅਕਾਲਪੁਰਖ ਨੂੰ ਸਮਝਦਾ[64] ਹੈ ।

੧॥ ਰਹਾਉ ॥

ਠਹਿਰਾਉ ।

ਅਸੰਤੁ[67] ਅਨਾੜੀ[68] ਕਦੇ ਨਾ ਬੂਝੈ[69] ॥

The unsaintly[67] charlatan[68] never realises[69] the Master.

ਅਪਵਿਤ੍ਰ[67] ਲਪਟੀ[68] ਕਦਾਚਿੱਤ ਮਾਲਕ ਨੂੰ ਅਨੁਭਵ[69] ਨਹੀਂ ਕਰਦਾ ।

ਕਥਨੀ[70]ਕਰੇ ਤੈ[71]ਮਾਇਆ[72] ਨਾਲਿ[73] ਲੂਝੈ[74] ॥

He talks[70] (in vain), and[71] is hand and glove[74] with[73] wealth[72].

ਉਹ(ਬੇਫ਼ਾਇਦਾ)ਗੱਲਾਂ[70] ਕਰਦਾ ਹੈ ਅਤੇ[71] ਧਨ[72]ਦੌਲਤ ਦੇ ਨਾਲ[73] ਘਿਉ-ਖਿਚੜੀ[74] ਹੋਇਆ ਹੋਇਆ ਹੈ ।

ਅੰਧੁ[75] ਅਗਿਆਨੀ[76] ਕਦੇ ਨ ਸੀਝੈ[77] ॥ ੨ ॥

The blind[75] ignorant[76] never gets reformed[77].

ਅੰਨ੍ਹੇ[75] ਤੇ ਬੇਸਮਝ[76] ਦਾ ਕਦਾਚਿੱਤ ਸੁਧਾਰ[77] ਨਹੀਂ ਹੁੰਦਾ ।

ਇਸੁ ਜੁਗ ਮਹਿ[78] ਰਾਮ ਨਾਮਿ ਨਿਸਤਾਰਾ[79] ॥

In[78] this age, emanicipation[79] is through Lord's Name.

ਇਸ ਯੁਗ ਅੰਦਰ[78] ਕਲਿਆਣ[79] ਪ੍ਰਭੂ ਦੇ ਨਾਮ ਰਾਹੀਂ ਹੈ ।

ਵਿਰਲਾ[80] ਕੋ ਪਾਏ ਗੁਰ ਸਬਦਿ[81] ਵੀਚਾਰਾ[82] ॥

By Guru's instruction[81], only a few[80],attain to Master's meditation[82].

ਗੁਰਾਂ ਦੇ ਉਪਦੇਸ਼[81] ਦੁਆਰਾ ਬਹੁਤ ਹੀ ਥੋੜ੍ਹੇ[80], ਮਾਲਕ ਦੀ ਬੰਦਗੀ[82] ਨੂੰ ਪ੍ਰਾਪਤ ਹੁੰਦੇ ਹਨ ।

ਆਪਿ[83] ਤਰੈ[84] ਸਗਲੇ[87] ਕੁਲ[85] ਉਧਾਰਾ[86] ॥ ੩ ॥

He saves[84] himself[83], and saves[86] his entire[87] lineage[85].

ਉਹ ਖ਼ੁਦ[83] ਪਾਰ ਉਤਰ[84] ਜਾਂਦਾ ਹੈ ਅਤੇ ਆਪਣੀ ਸਮੂਹ[87] ਵੰਸ਼[85] ਨੂੰ ਬਚਾ[86] ਲੈਂਦਾ ਹੈ ।

੧੬੧

161

੧੬੧

ਇਸੁ ਕਲਿਜੁਗ[88] ਮਹਿ[89] ਕਰਮ[90]ਧਰਮੁ[91] ਨ ਕੋਈ[92]॥

In[89] this dark age[88], no one[92] is attached to good actions[90] and righteousness[91].

ਏਸ ਕਾਲੇ ਸਮੇਂ[88] ਅੰਦਰ[89] ਕੋਈ ਜਣਾ[92] ਨੇਕ ਅਮਲਾਂ[90] ਅਤੇ ਸਚਾਈ[91] ਨਾਲ ਜੁੜਿਆ ਹੋਇਆ ਨਹੀਂ ।

ਕਲੀ[96] ਕਾ ਜਨਮੁ[93] ਚੰਡਾਲ[94] ਕੈ ਘਰਿ[95] ਹੋਈ॥

The Darkage[96] took birth[93] in the house[95] of a pariah[94].

ਕਾਲੇ ਸਮੇਂ[96] ਦੀ ਪੈਦਾਇਸ਼[93] ਨੀਚ[94] ਦੇ ਗ੍ਰਹਿ[95] ਵਿਚ ਹੋਈ ਹੈ ।

ਨਾਨਕ ਨਾਮ ਬਿਨਾ[97] ਕੋ

Nanak, sans[97] Lord's Name, none

ਨਾਨਕ ਸੁਆਮੀ ਦੇ ਨਾਮ ਦੇ ਬਗੈਰ[97] ਕੋਈ ਭੀ ਮੋਖ਼ਸ਼[98]

ਮੁਕਤਿ[98] ਨ ਹੋਈ ॥੪॥
॥੧੦॥੩੦॥

can be emancipated[98].

ਨਹੀਂ ਪਾ ਸਕਦਾ ।

ਗਉੜੀ ਮਹਲਾ ੩
ਗੁਆਰੇਰੀ ॥

Gauri 3rd Guru.
Guareri

ਗਉੜੀ ਪਾਤਸ਼ਾਹੀ ਤੀਜੀ
ਗੁਆਰੇਰੀ ।

ਸਚਾ ਅਮਰੁ[99] ਸਚਾ ਪਾਤਿਸਾਹੁ[100] ॥

True is the Sovereign[100], and true His order[99].

ਸੱਚਾ ਹੈ ਬਾਦਸ਼ਾਹ[100] ਅਤੇ ਸੱਚਾ ਉਸ ਦਾ ਹੁਕਮ[99] ।

ਮਨਿ[2] ਸਾਚੈ[3] ਰਾਤੈ[4] ਹਰਿ ਵੇਪਰਵਾਹੁ[5] ॥ ਸਚੈ ਮਹਲਿ[6] ਸਚਿ[7] ਨਾਮਿ ਸਮਾਹੁ[8] ॥ ੧ ॥

They, whose mind[2] is imbued[4] with the True[3], and care-free[5] God, enter the True Palace[6], and merge[8] into the True Name[7].

ਜਿਨ੍ਹਾਂ ਦਾ ਚਿੱਤ[2] ਸੱਚੇ[3] ਅਤੇ ਫ਼ਿਕਰ-ਰਹਿਤ[5] ਵਾਹਿਗੁਰੂ ਨਾਲ ਰੰਗੀਜਿਆ[4] ਹੋਇਆ ਹੈ,ਉਹ ਸੱਚੇ ਮੰਦਰ[6] ਅੰਦਰ ਪ੍ਰਵੇਸ਼ ਕਰਦੇ ਤੇ ਸਤਿਨਾਮ[7] ਵਿਚ ਲੀਨ[8] ਹੋ ਜਾਂਦੇ ਹਨ ।

ਸੁਣਿ[9] ਮਨ[10] ਮੇਰੇ ਸਬਦੁ[11] ਵੀਚਾਰਿ[12] ॥ ਰਾਮ[13] ਜਪਹੁ[14] [15]ਭਵਜਲੁ[16] ਉਤਰਹੁ[17] ਪਾਰਿ ॥
੧॥ ਰਹਾਉ ॥

Listen[9] thou, O my soul[10], ponder[12] over the Lord[11]. Meditate[14] on Pervading God[13], and thus cross[17] the fearful[15] world ocean[16].

Pause.

ਸ੍ਰਵਣ[9] ਕਰ ਤੂੰ ਹੇ ਮੇਰੀ ਆਤਮਾ[10] ! ਸਾਹਿਬ[11] ਦਾ ਚਿੰਤਨ[12] ਕਰ । ਵਿਆਪਕ ਵਾਹਿਗੁਰੂ[13] ਦਾ ਆਰਾਧਨ[14] ਕਰ ਅਤੇ ਇੰਜ ਡਰਾਉਣੇ[15] ਸੰਸਾਰ ਸਮੁੰਦਰ[16] ਤੋਂ ਪਾਰ[17] ਹੋ ਜਾ ।

ਠਹਿਰਾਉ ।

ਭਰਮੇ[18] ਆਵੈ[19] ਭਰਮੇ ਜਾਇ[20] ॥

In doubt[18] the mortal comes[19], and in doubt he goes[20] away.

ਵਹਿਮ[18] ਅੰਦਰ ਜੀਵ ਆਉਂਦਾ[19] ਹੈ ਤੇ ਵਹਿਮ ਵਿਚ ਹੀ ਚਲਿਆ[20] ਜਾਂਦਾ ਹੈ ।

ਇਹੁ ਜਗੁ[21] ਜਨਮਿਆ[22] ਦੂਜੈ ਭਾਇ[23] ॥

This world[21] is born[22] out of love of mammon[23].

ਇਹ ਜਹਾਨ[21] ਮਾਇਆ ਦੀ ਮਮਤਾ[23] ਵਿਚੋਂ ਪੈਦਾ[22] ਹੋਇਆ ਹੈ ।

ਮਨਮੁਖਿ[24] ਨ ਚੇਤੈ[25] ਆਵੈ ਜਾਇ[26] ॥੨॥

The self-willed[24] person remembers[25] not the Lord and continues coming and going[26].

ਆਪ-ਹੁਦਰਾ[24] ਪੁਰਸ਼ ਪ੍ਰਭੂ ਨੂੰ ਯਾਦ[25] ਨਹੀਂ ਕਰਦਾ ਅਤੇ ਆਉਂਦਾ ਤੇ ਜਾਂਦਾ[26] ਰਹਿੰਦਾ ਹੈ ।

ਆਪਿ[27] ਭੁਲਾ[28] ਕਿ ਪ੍ਰਭਿ ਆਪਿ ਭੁਲਾਇਆ[29] ॥

Does the man himself[27] go astray[28] or the Lord Himself leads him astray[29] ?

ਕੀ ਆਦਮੀ ਖ਼ੁਦ[27] ਕੁਰਾਹੇ[28] ਪੈਂਦਾ ਹੈ ਜਾਂ ਕਿ ਸੁਆਮੀ ਖ਼ੁਦ ਉਸ ਨੂੰ ਕੁਰਾਹੇ ਪਾਉਂਦਾ[29] ਹੈ ?

ਇਹੁ ਜੀਉ[30] ਵਿਡਾਣੀ[21] ਚਾਕਰੀ[32] ਲਾਇਆ[33] ॥

This soul[30] is yoked[33] to the service[32] of another[31].

ਇਹ ਆਤਮਾ[30] ਹੋਰਸੁ[31] ਦੀ ਸੇਵਾ[32] ਅੰਦਰ ਜੁੜੀ[33] ਹੋਈ ਹੈ ।

ਮਹਾਂ[34]ਦੁਖੁ[35]ਖਟੇ[36]ਬਿਰਥਾ[37] ਜਨਮੁ[38] ਗਵਾਇਆ[39]॥੩॥

It earns[36] great[34] agony[35] and loses[39] its life[38] in vain[37].

ਇਹ ਵਡਾ[34] ਕਸ਼ਟ[35] ਕਮਾਉਂਦੀ[36] ਹੈ ਅਤੇ ਆਪਣਾ ਜੀਵਨ[38] ਬੋਂ-ਅਰਥ[37] ਗੁਆ[39] ਲੈਂਦੀ ਹੈ ।

ਕਿਰਪਾ[40] ਕਰਿ[41] ਸਤਿਗੁਰੂ ਮਿਲਾਏ[42] ॥

By showering[41] His beneditcion[40], the Lord causes man to meet[42] the true Guru.

ਆਪਣੀ ਰਹਿਮਤ[40]ਨਿਛਾਵਰ[41] ਕਰਕੇ ਸਾਹਿਬ,ਇਨਸਾਨ ਨੂੰ ਸੱਚੇ ਗੁਰਾਂ ਨਾਲ ਮਿਲਾਉਂਦਾ[42] ਹੈ ।

ਏਕੋ[43]ਨਾਮੁ ਚੇਤੇ[44]ਵਿਚਹੁ[45] ਭਰਮੁ[46]ਚੁਕਾਏ[47] ॥

He, then, meditates[44] on the Name alone[43], and casts away[47] his superstition[46] from within[45] himself.

ਉਹ ਤਦ, ਕੇਵਲ[43] ਨਾਮ ਦਾ ਹੀ ਸਿਮਰਨ[44] ਕਰਦਾ ਹੈ ਅਤੇ ਆਪਣੇ ਸੰਦੇਹ[46] ਨੂੰ ਆਪਣੇ ਅੰਦਰੋਂ[45] ਪਰੇ ਸੁਟ ਪਾਉਂਦਾ[47] ਹੈ ।

ਨਾਨਕ ਨਾਮ ਜਪੇ[48] ਨਾਉ [49]ਨਉ ਨਿਧਿ[50] ਪਾਏ ॥੪॥ ੧੧॥੩੧॥

Nanak, he repeats[48] the Name, and attains to the nine[49] treasures[50] of Lord's Name.

ਨਾਨਕ ਉਹ ਨਾਮ ਦਾ ਉਚਾਰਨ[48]ਕਰਦਾ ਹੈ ਅਤੇ ਸਾਹਿਬ ਦੇ ਨਾਮ ਦੇ ਨੌਂ[49] ਖ਼ਜ਼ਾਨੇ[50] ਪ੍ਰਾਪਤ ਕਰ ਲੈਂਦਾ ਹੈ।

ਗਉੜੀ ਗੁਆਰੇਰੀ
ਮਹਲਾ ੩ ॥

Gauri Guareri
3rd Guru.

ਗਉੜੀ ਗੁਆਰੇਰੀ
ਪਾਤਸ਼ਾਹੀ ਤੀਜੀ।

ਜਿਨਾ[51] ਗੁਰਮੁਖਿ[52] ਧਿਆਇਆ[53] ਤਿਨ[56] ਪੂਛਉ[54] ਜਾਇ[55] ॥

Go[55], and ask[54] the[56] Guru-wards[52], who[51] meditate[53] on the Lord.

ਜਾ[55] ਕੇ ਉਨ੍ਹਾਂ[56] ਗੁਰੂ-ਸਮਰਪਣਾਂ[52] ਤੋਂ ਪਤਾ[54] ਕਰ, ਜੋ[51] ਸਾਹਿਬ ਦਾ ਸਿਮਰਨ[53] ਕਰਦੇ ਹਨ।

ਗੁਰ ਸੇਵਾ[57] ਤੇ[58] ਮਨੁ ਪਤੀਆਏ[59] ॥

Through[58] Guru's service[57], the mind is appeased[59].

ਗੁਰਾਂ ਦੀ ਟਹਿਲ[57] ਸੇਵਾ ਰਾਹੀਂ[58] ਮਨੂਆ ਸੰਤੁਸ਼ਟ[59] ਹੋ ਜਾਂਦਾ ਹੈ।

ਸੇ[60] ਧਨਵੰਤ[61] ਹਰਿਨਾਮੁ ਕਮਾਇ[62] ॥

Wealthy[61] are they[60], who earn[62] God's Name.

ਅਮੀਰ[61] ਉਹ[60] ਹਨ, ਜੋ ਰਬ ਦਾ ਨਾਮ ਖਟਦੇ[62] ਹਨ।

ਪੂਰੇ[63] ਗੁਰ ਤੇ[64] ਸੋਝੀ[65] ਪਾਇ ॥ ੧ ॥

From[64] the Perfect[63] Guru understanding[65] is gained.

ਪੂਰਨ[63] ਗੁਰਾਂ ਪਾਸੋਂ[64] ਗਿਆਤ[65] ਪ੍ਰਾਪਤ ਹੁੰਦੀ ਹੈ।

ਹਰਿ[66] ਹਰਿ ਨਾਮ ਜਪਹੁ[67] ਮੇਰੇ ਭਾਈ[68] ॥

Utter[67] Lord[66] God's Name, O my brethren[68].

ਵਾਹਿਗੁਰੂ[66] ਸੁਆਮੀ ਦੇ ਨਾਮ ਦਾ ਉਚਾਰਨ[67] ਕਰੋ, ਹੇ ਮੇਰੇ ਭਰਾਓ[68]!

ਗੁਰਮੁਖਿ[69] ਸੇਵਾ[70] ਹਰਿ ਘਾਲ[71] ਥਾਇ[72] ਪਾਇ ॥ ੧ ॥ ਰਹਾਉ ॥

God accepts[72] the service[70] and love[71] of the Guru-ward[69].

Pause.

ਗੁਰੂ-ਸਮਰਪਣ[69] ਦੀ ਟਹਿਲ[70] ਅਤੇ ਮੁਸ਼ੱਕਤ[71] ਨੂੰ ਵਾਹਿਗੁਰੂ ਕਬੂਲ[72] ਕਰ ਲੈਂਦਾ ਹੈ।

ਠਹਿਰਾਉ।

ਆਪੁ[73] ਪਛਾਣੈ[74] ਮਨੁ ਨਿਰਮਲੁ[75] ਹੋਇ ॥

Pure[75] becomes the mind of him, who recognises[74] his ownself[73].

ਪਵਿੱਤ੍ਰ[75] ਹੋ ਜਾਂਦਾ ਹੈ ਉਸ ਦਾ ਚਿੱਤ, ਜੋ ਆਪਣੇ ਆਪ[73] ਨੂੰ ਸਿੰਞਾਣ[74] ਲੈਂਦਾ ਹੈ।

ਜੀਵਨ[76] ਮੁਕਤਿ[77] ਹਰਿ ਪਾਵੈ ਸੋਇ[78] ॥

He[78] is emancipated[77] in life[76] and obtains the Lord.

ਉਹ[78] ਜੀਉਂਦੇ[76] ਜੀ ਮੁਕਤ[77] ਹੈ ਅਤੇ ਸਾਂਈ ਨੂੰ ਪਾ ਲੈਂਦਾ ਹੈ।

ਹਰਿ ਗੁਣ[79] ਗਾਵੈ[80]ਮਤਿ[81] ਉਤਮ[82] ਹੋਇ[83] ॥

He sings[80] God's praises[79], and his intellect[81] is rendered[83] sublime[82].

ਉਹ[80] ਵਾਹਿਗੁਰੂ ਦਾ ਜੱਸ[79] ਗਾਇਨ[80] ਕਰਦਾ ਹੈ ਅਤੇ ਉਸ ਦੀ ਅਕਲ[81] ਸਰੇਸ਼ਟ[82] ਹੋ[83] ਜਾਂਦੀ ਹੈ।

ਸਹਜੇ[84] ਸਹਜਿ[85] ਸਮਾਵੈ[86] ਸੋਇ[87] ॥ ੨ ॥

He[87] is automatically[84], absorbed[86] in the Lord[85].

ਉਹ[87] ਸੁਤੇ ਸਿਧ[84] ਹੀ, ਸਾਹਿਬ[85] ਅੰਦਰ ਲੀਨ[86] ਹੋ ਜਾਂਦਾ ਹੈ।

ਦੂਜੈ ਭਾਇ[88] ਨ ਸੇਵਿਆ[89] ਜਾਇ ॥

In duality[88] Lord's service[89] cannot be performed.

ਦਵੈਤ-ਭਾਵ[88] ਵਿਚ ਸਾਹਿਬ ਦੀ ਸੇਵਾ[89] ਨਹੀਂ ਕੀਤੀ ਜਾ ਸਕਦੀ।

ਹਉਮੈ[90]ਮਾਇਆ[91] ਮਹਾ[92] ਬਿਖੁ[93] ਖਾਇ ॥

In egotism[90] and wordly wealth[91], the mortal eats the deadly[92] poison[93].

ਹੰਕਾਰ[90] ਤੇ ਸੰਸਾਰੀ ਪਦਾਰਥਾਂ[91] ਅੰਦਰ ਪ੍ਰਾਣੀ ਪ੍ਰਾਣ-ਨਾਸਕ[92] ਜ਼ਹਿਰ[93] ਖਾਂਦਾ ਹੈ।

ਪੁਤਿ[94] ਕੁਟੰਬਿ[95] ਗ੍ਰਿਹਿ[96] ਮੋਹਿਆ[97] ਮਾਇ[98] ॥

The sons[94], family[95], home[96], and riches[98] have fascinated[97] the man.

ਪੁਤ੍ਰਾਂ[94], ਪਰਵਾਰ[95], ਘਰ[96] ਅਤੇ ਧਨ-ਦੌਲਤ[98] ਨੇ ਇਨਸਾਨ ਨੂੰ ਫ਼ਰੇਫ਼ਤਾ[97] ਕਰ ਲਿਆ ਹੈ।

ਮਨਮੁਖਿ[99] ਅੰਧਾ[100] ਆਵੈ ਜਾਇ[2] ॥ ੩ ॥

The blind[100] wayward[99] person comes and goes[2].

ਅੰਨ੍ਹਾ[100] ਆਪ-ਹੁਦਰਾ[99] ਪੁਰਸ਼ ਆਉਂਦਾ ਤੇ ਜਾਂਦਾ[2] ਹੈ।

ਹਰਿ[3] ਹਰਿ ਨਾਮੁ ਦੇਵੈ[4] ਜਨੁ[5] ਸੋਇ[6] ॥
[7]ਅਨਦਿਨੁ[8] ਭਗਤਿ[9] ਗੁਰਸਬਦੀ[10] ਹੋਇ[12] ॥
ਗੁਰਮਤਿ[13]ਵਿਰਲਾ[14] ਬੂਝੈ[15] ਕੋਇ[14] ॥
ਨਾਨਕ ਨਾਮਿ ਸਮਾਵੈ[16] ਸੋਇ[17] ॥੪॥੧੨॥੩੨॥

ਗਉੜੀ ਗੁਆਰੇਰੀ
ਮਹਲਾ ੩ ॥

ਗੁਰ ਸੇਵਾ[18] ਜੁਗ ਚਾਰੇ[19] ਹੋਈ ॥
ਪੂਰਾ[20] ਜਨੁ[21] ਕਾਰ[22] ਕਮਾਵੈ[23] ਕੋਈ[24] ॥
ਅਖੁਟੁ[25] ਨਾਮ ਧਨੁ[26] ਹਰਿ ਤੋਟਿ[27] ਨ ਹੋਈ ॥

ਐਥੈ[28] ਸਦਾ[29]ਸੁਖੁ[30]ਦਰਿ[31] ਸੋਭਾ[32] ਹੋਈ[33] ॥੧॥
ਏ[37] ਮਨ[36] ਮੇਰੇ ਭਰਮੁ[34] ਨ ਕੀਜੈ[35] ॥
ਗੁਰਮੁਖਿ[38]ਸੇਵਾ[39]ਅੰਮ੍ਰਿਤ[40] ਰਸੁ[41] ਪੀਜੈ[42] ॥
੧॥ਰਹਾਉ॥
ਸਤਿਗੁਰੁ ਸੇਵਹਿ ਸੇ[43] ਮਹਾ[44] ਪੁਰਖ ਸੰਸਾਰੇ॥
ਆਪਿ[45] ਉਧਰੇ[46] ਕੁਲ[47] ਸਗਲ[48] ਨਿਸਤਾਰੇ[49] ॥
ਹਰਿ ਕਾ ਨਾਮੁ ਰਖਹਿ[50] ਉਰ[51] ਧਾਰੇ[52] ॥
ਨਾਮਿ ਰਤੇ[53] [54]ਭਉਜਲ[55] ਉਤਰਹਿ[56] ਪਾਰੇ ॥੨॥
ਸਤਿਗੁਰੁ ਸੇਵਹਿ ਸਦਾ[57] ਮਨਿ[58] ਦਾਸਾ[59] ॥
ਹਉਮੈ[60] ਮਾਰਿ[61] ਕਮਲੁ[62]

The[6] man[5], whom Lord God[3] gives[4] His Name, performs[12] His devotional service[9], night[7] and day[8] under Guru's instruction[10].
Some solitary[14] man understands[15] Guru's teaching[13].
Nanak, he[17] merges[16] into the Name of the Lord.

Gauri Guareri
3rd Guru.

Guru's service[18] has borne fruit in the four ages[19].
Very few[24] perfect[20] persons[21] perform[23] this deed[22].
Inexhaustible[25] is the wealth[26] of God's Name, in which there is no deficiency[27].
It, ever[29], confers[33] peace[30] here[28], and honour[32] in God's court[31].
O[37], my soul[36], regarding this, entertain[35] no doubt[34].
Through the service[39] of the exalted Guru[38], thou shalt quaff[42] the immortalising[40] Nectar[41]. Pause.
They[43], who serve the True Guru, are the great[44] persons in this world.
They save[46] themselves[45], and save[49] all[48] their generations[47].
God's Name, they keep[50] clasped[52] to their heart[51].
Imbued[53] with Lord's Name, they cross[56] the terrible[54] ocean[55].
The humble[59] men[58], who, ever[57], serve their True Guru, dispel[61] their pride[60], and their heart lotus[62]

ਜਿਸ[6] ਮਨੁੱਖ[5] ਨੂ ਵਾਹਿਗੁਰੂ[3] ਸੁਆਮੀ ਆਪਣਾ ਨਾਮ ਦਿੰਦਾ[4] ਹੈ, ਉਹ ਗੁਰਾਂ ਦੇ ਉਪਦੇਸ਼[10] ਤਾਬੇ ਰਾਤ[7] ਦਿਨ[8] ਉਸ ਦੀ ਪ੍ਰੇਮ-ਮਈ[9] ਸੇਵਾ ਕਮਾਉਂਦਾ[12] ਹੈ।
ਕੋਈ ਟਾਵਾਂ[14] ਪੁਰਸ਼ ਹੀ ਗੁਰਾਂ ਦੇ ਉਪਦੇਸ਼[13] ਨੂੰ ਸਮਝਦਾ[15] ਹੈ।
ਨਾਨਕ ਉਹ[17] ਸਾਹਿਬ ਦੇ ਨਾਮ ਨਾਲ ਅਭੇਦ[16] ਹੋ ਜਾਂਦਾ ਹੈ।

ਗਉੜੀ ਗੁਆਰੇਰੀ
ਪਾਤਸ਼ਾਹੀ ਤੀਜੀ ।

ਗੁਰਾਂ ਦੀ ਟਹਿਲ[18] ਸੇਵਾ ਚੌਹਾਂ ਯੁਗਾਂ[19] ਵਿਚ ਸਫਲੀ ਹੋਈ ਹੈ।
ਬਹੁਤ ਹੀ ਥੋੜੇ[24] ਪਵਿੱਤ੍ਰ[20] ਪੁਰਸ਼[21] ਇਸ ਕੰਮ[22] ਨੂੰ ਕਰਦੇ[23] ਹਨ।
ਨਾ-ਮੁਕਣ ਵਾਲਾ[25]ਹੈ,ਵਾਹਿਗੁਰੂ ਦੇ ਨਾਮ ਦਾ ਪਦਾਰਥ[26] ਜਿਸ ਵਿਚ ਕਦੇ ਕਮੀ[27] ਨਹੀਂ ਹੁੰਦੀ।
ਇਹ ਏਥੇ[28], ਸਦੀਵ[29] ਹੀ ਆਰਾਮ[30] ਅਤੇ ਰਬ ਦੇ ਦਰਬਾਰ[31] ਅੰਦਰ ਇੱਜ਼ਤ[32] ਬਖ਼ਸ਼ਦਾ[33] ਹੈ।
ਹੇ[37] ਮੇਰੀ ਜਿੰਦੇ[36]! ਇਸ ਦੇ ਬਾਰੇ ਕੋਈ ਸ਼ੰਕਾ[34] ਨਾ ਕਰ[35]।
ਉੱਚੇ ਗੁਰਾਂ[38] ਦੀ ਟਹਿਲ[39] ਸੇਵਾ ਰਾਹੀਂ, ਤੂੰ ਸੁਰਜੀਤ[40] ਕਰਨ ਵਾਲਾ ਸੁਧਾਰਸ[41] ਪਾਨ[42] ਕਰੇਂਗੀ!
ਠਹਿਰਾਉ।
ਜੋ ਸੱਚੇ ਗੁਰਾਂ ਦੀ ਖ਼ਿਦਮਤ ਕਰਦੇ ਹਨ ਉਹ[43] ਇਸ ਜਹਾਨ ਵਿਚ ਵਡੇ[44] ਪੁਰਸ਼ ਹਨ।
ਉਹ ਖ਼ੁਦ[45] ਤਰ[46] ਜਾਂਦੇ ਹਨ ਆਪਣੀਆਂ ਸਾਰੀਆਂ[48] ਪੀੜ੍ਹੀਆਂ[47] ਨੂੰ ਤਾਰ[49] ਦਿੰਦੇ ਹਨ।
ਵਾਹਿਗੁਰੂ ਦੇ ਨਾਮ ਨੂੰ ਉਹ ਆਪਣੇ ਦਿਲ[51] ਨਾਲ ਲਾਈ[52] ਰਖਦੇ[50] ਹਨ।
ਸਾਂਈ ਦੇ ਨਾਮ ਨਾਲ ਰੰਗੇ[53] ਹੋਏ ਉਹ ਡਰਾਉਣੇ[54] ਸਮੁੰਦਰ[55] ਤੋਂ ਪਾਰ[56] ਹੋ ਜਾਂਦੇ ਹਨ।
ਮਸਕੀਨ[59] ਮਨੁੱਖ[58] ਜੋ ਹਮੇਸ਼ਾ[57] ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ ਹਨ, ਆਪਣੇ ਹੰਕਾਰ[60] ਨੂੰ ਦੂਰ[61] ਕਰ ਦਿੰਦੇ ਹਨ ਅਤੇ ਉਨ੍ਹਾਂ ਦਾ ਦਿਲ ਕੰਵਲ[62] ਖਿੜ[63]

ਪਰਗਾਸਾ[63] ॥	blooms[63].	ਜਾਂਦਾ ਹੈ ।
ਅਨਹਦੁ[64] ਵਾਜੈ[65] ਨਿਜ[66] ਘਰਿ[67] ਵਾਸਾ[68] ॥	They abide[68] in their own[66] home[67], where the celestial[64] music plays[65] for them.	ਉਹ ਆਪਣੀ ਨਿਜ[66] ਦੇ ਗ੍ਰਹਿ[67] ਅੰਦਰ ਵਸਦੇ[68] ਹਨ, ਜਿਥੇ ਉਨ੍ਹਾਂ ਲਈ ਬੈਕੁੰਠੀ[64] ਕੀਰਤਨ ਹੁੰਦਾ[65] ਹੈ ।
ਨਾਮਿ ਰਤੇ[67*] ਘਰ[68] ਮਾਹਿ[69] ਉਦਾਸਾ[70] ॥ ੩ ॥	Dyed[67*] with the Name, they remain detached[70] in[69] their home[68]	ਨਾਮ ਨਾਲ ਰੰਗੇ[67*] ਹੋਏ ਉਹ ਆਪਣੇ ਝੁਗੇ[68] ਅੰਦਰਿ[69] ਨਿਰਲੇਪ[70] ਵਿਚਰਦੇ ਹਨ ।
ਸਤਿਗੁਰੁ ਸੇਵਹਿ ਤਿਨ[71] ਕੀ ਸਚੀ ਬਾਣੀ[72] ॥	True is the speech[72] of those[71], who serve the True Guru.	ਸੱਚੀ ਹੈ ਉਨ੍ਹਾਂ[71] ਦੀ ਬੋਲ-ਬਾਣੀ[72] ਜੋ ਸਚੇ ਗੁਰਾਂ ਦੀ ਸੇਵ ਕਮਾਉਂਦੇ ਹਨ ।
ਜੁਗੁ[73]ਜੁਗੁ ਭਗਤੀ[74] ਆਖਿ ਵਖਾਣੀ[75] ॥	In all the ages[73] the devotees[74] repeat and utter[75] the words of such persons.	ਸਾਰਿਆਂ ਯੁਗਾਂ[73] ਅੰਦਰ ਅਨੁਰਾਗੀ[74] ਉਨ੍ਹਾਂ ਦੇ ਬਚਨ ਬਿਲਾਸ ਕਹਿੰਦੇ ਤੇ ਉਚਾਰਦੇ[75] ਹਨ ।
੧੬੨	162	੧੬੨
ਅਨਦਿਨੁ[76] ਜਪਹਿ[77] ਹਰਿ ਸਾਰੰਗ[78] ਪਾਣੀ[79] ॥	Night[76] and day they meditate[77] on God, the earth[78] sustainer[79].	ਰੈਣ[76] ਦਿਹੁੰ ਉਹ ਧਰਤੀ[78] ਨੂੰ ਥੰਮਣਹਾਰ[79] ਵਾਹਿਗੁਰੂ ਦੀ ਆਰਾਧਨਾ[77] ਕਰਦੇ ਹਨ ।
ਨਾਨਕ ਨਾਮਿ[80] ਰਤੇ ਨਿਹਕੇਵਲ[81]ਨਿਰਬਾਣੀ[82]॥ ੪ ॥ ੧੩ ॥ ੩੩ ॥	Nanak, imbued[80] with Lord's Name, they become immaculate[81] and emancipated[82].	ਨਾਨਕ, ਸੁਆਮੀ ਦੇ ਨਾਮ ਨਾਲ ਰੰਗੀਜ[80] ਕੇ ਉਹ ਪਵਿੱਤ੍ਰ[81] ਅਤੇ ਮੁਕਤ[82] ਹੋ ਜਾਂਦੇ ਹਨ ।
ਗਉੜੀ ਗੁਆਰੇਰੀ ਮਹਲਾ ੩ ॥	Gauri Guareri 3rd Guru.	ਗਉੜੀ ਗੁਆਰੇਰੀ ਪਾਤਸ਼ਾਹੀ ਤੀਜੀ ।
ਸਤਿਗੁਰੁ ਮਿਲੈ [83]ਵਡਭਾਗਿ[84] ਸੰਜੋਗ[85] ॥	Through very good[83] fortune[84] and actions[85], the True Guru meets the mortal.	ਖਰੇ-ਚੰਗੇ[83] ਨਸੀਬਾਂ[84] ਅਤੇ ਅਮਲਾਂ[85] ਰਾਹੀਂ ਸੱਚੇ ਗੁਰੂ ਜੀ ਬੰਦੇ ਨੂੰ ਮਿਲਦੇ ਹਨ ।
ਹਿਰਦੈ[86] ਨਾਮੁ ਨਿਤ[87] ਹਰਿਰਸ[88] ਭੋਗ[89] ॥੧॥	With his mind[86], he, then enshrines the Name, and, ever[87], enjoys[89] God's elixir[88].	ਆਪਣੇ ਮਨ[86] ਵਿਚ ਤਦ ਉਹ ਨਾਮ ਨੂੰ ਟਿਕਾ ਲੈਂਦਾ ਹੈ ਅਤੇ ਸਦਾ[87] ਵਾਹਿਗੁਰੂ ਅੰਮ੍ਰਿਤ[88]ਨੂੰ ਮਾਣਦਾ[89] ਹੈ ।
ਗੁਰਮੁਖਿ[90] ਪ੍ਰਾਣੀ[91] ਨਾਮੁ ਹਰਿ ਧਿਆਇ[92] ॥	Through the Guru[90], O, mortal[91], meditate[92] on the Name of God.	ਗੁਰਾਂ ਦੇ ਰਾਹੀ[90], ਹੇ ਫ਼ਾਨੀ ਬੰਦੇ[91] ! ਵਾਹਿਗੁਰੂ ਦੇ ਨਾਮ ਦਾ ਸਿਮਰਨ[92] ਕਰ ।
ਜਨਮੁ[93] ਜੀਤਿ[94] ਲਾਹਾ[95] ਨਾਮੁ ਪਾਇ[96]॥੧॥ਰਹਾਉ॥	Win[94] thy life's[93] game and earn[96] the profit[95] of God's Name. Pause.	ਆਪਣੇ ਜੀਵਨ[93] ਦੀ ਖੇਡ ਨੂੰ ਜਿੱਤ[94] ਅਤੇ ਵਾਹਿਗੁਰੂ ਦੇ ਨਾਮ ਦੀ ਖੱਟੀ[95] ਖੱਟ[96] । ਠਹਿਰਾਉ ।
ਗਿਆਨੁ[97] ਧਿਆਨੁ[88] ਗੁਰਸਬਦੁ[99] ਹੈ ਮੀਠਾ[100] ॥	He, unto whom Gurbani[99] is sweet[100], obtains divine comprehension[97], and Lord's meditation[98].	ਜਿਸ ਨੂੰ ਗੁਰਬਾਣੀ[99] ਮਿਠੜੀ[100] ਲਗਦੀ ਹੈ ਉਹ ਬ੍ਰਹਮ-ਗਿਆਨ[97] ਅਤੇ ਸਾਂਈ ਦੇ ਸਿਮਰਨ[98] ਨੂੰ ਪਾ ਲੈਂਦਾ ਹੈ ।
ਗੁਰ ਕਿਰਪਾ[2] ਤੇ ਕਿਨੈ ਵਿਰਲੈ[3]ਚਖਿ[4] ਡੀਠਾ[5] ॥੨॥	By Guru's grace[2], a few[3] have tasted[4], and seen[5] it.	ਗੁਰਾਂ ਦੀ ਦਇਆ[2] ਦੁਆਰਾ ਬਹੁਤ ਹੀ ਥੋੜ੍ਹਿਆਂ[3] ਨੇ ਇਸ ਦਾ ਰਸ ਮਾਣਿਆ[4] ਤੇ ਵੇਖਿਆ[5] ਹੈ ।
ਕਰਮ[6] ਕਾਡ ਬਹੁ[7] ਕਰਹਿ[8] ਅਚਾਰ[9] ॥	Without the Name, accursed and doomed[10] is the proud[12] person, who	ਨਾਮ ਦੇ ਬਗੈਰ ਹੰਕਾਰੀ[12] ਪੁਰਸ਼ ਭ੍ਰਿਸ਼ਟੀ ਅਤੇ ਲਾਨ੍ਹਤ-ਮਾਰਿਆ[10] ਹੈ, ਜੋ ਭਾਵੇਂ ਘਨੇਰੇ[7] ਧਾਰਮਕ ਰਹੁ-ਰੀਤਾਂ

ਬਿਨੁ ਨਾਵੈ ਧ੍ਰਿਗੁ[10] ਧ੍ਰਿਗੁ ਅਹੰਕਾਰ[12] ॥੩॥
ਬੰਧਨਿ[13] ਬਾਧਿਓ[14] ਮਾਇਆ[15] ਫਾਸ[16] ॥
ਜਨ[17] ਨਾਨਕ ਛੂਟੈ[18] ਗੁਰ[19] ਪਰਗਾਸ[20] ॥੪॥੧੪॥੩੪॥

may performs[8] many[7] religious rites[6] and good actions[9].
O, slave[17] Nanak, he is bound[14] in chains[13], and is entrapped in mammons[15] noose[16], but he is released[18] by receiving Divine light[20] through the Guru[19].

ਅਤੇ ਚੰਗੇ ਕਰਮ[9] ਕਰਦਾ[8] ਹੈ।
ਹੇ ਗੋਲੇ[17] ਨਾਨਕ ! ਜੋ ਜ਼ੰਜੀਰਾਂ[13] ਅੰਦਰ ਜਕੜਿਆ[14] ਫਸਿਆ ਹੈ ਅਤੇ ਧਨ-ਦੌਲਤ[15] ਦੀ ਫਾਹੀ[16] ਵਿਚ ਫਸਿਆ ਹੋਇਆ ਹੈ, ਉਹ ਗੁਰਾਂ ਦੇ ਰਾਹੀਂ[19] ਈਸ਼ਵਰੀ ਚਾਨਣ[20] ਪ੍ਰਾਪਤ ਕਰਕੇ ਛੁਟਕਾਰਾ[18] ਪਾ ਲੈਂਦਾ ਹੈ।

ਮਹਲਾ ੩ ॥
ਗਉੜੀ ਬੈਰਾਗਣਿ ॥

3rd Guru.
Gauri Bairagan.

ਪਾਤਸ਼ਾਹੀ ਤੀਜੀ।
ਗਉੜੀ ਬੈਰਾਗਣਿ।

ਜੈਸੀ[21] ਧਰਤੀ[22] ਊਪਰ[23] ਮੇਘੁਲਾ[24] ਬਰਸਤੁ[25] ਹੈ ਕਿਆ[26] ਧਰਤੀ ਮਧੇ[27] ਪਾਣੀ[28] ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ[29] ਬਿਨੁ[30] ਪਗਾ[31] ਵਰਸਤ[32] ਫਿਰਾਹੀ ॥ ੧ ॥

As[21] the cloud[24] rains[25] water on[23] the earth[22], (so does Gurbani rain Name water). But is[26] there no water[28] in[27] earth ?
As the water is contained[29] in the earth, (so is the Name water contained in old scriptures). But the cloud rains[32] in abundance, and without[30] feet[31] (difficulty).

ਜਿਸ[21] ਤਰ੍ਹਾਂ ਬੱਦਲ[24] ਜ਼ਮੀਨ[22] ਉਤੇ[23] ਜਲ ਵਰ੍ਹਾਉਂਦਾ[25] ਹੈ,(ਏਸੇ ਤਰ੍ਹਾਂ ਗੁਰਬਾਣੀ ਨਾਮ ਦੇ ਜਲ ਨੂੰ ਵਰ੍ਹਾਉਂਦੀ ਹੈ)। ਮਰ ਕੀ[26] ਜ਼ਮੀਨ ਵਿਚ[27] ਜਲ[28] ਹੈ ਨਹੀਂ ?
ਜਿਸ ਤਰ੍ਹਾਂ ਜ਼ਮੀਨ ਵਿਚ ਜਲ ਰਮਿਆ[29] ਹੋਇਆ ਹੈ, (ਏਸ ਤਰ੍ਹਾਂ ਪੁਰਾਤਨ ਧਾਰਮਕ ਗ੍ਰੰਥਾਂ ਵਿਚ ਨਾਮ-ਜਲ ਰਮਿਆ ਹੋਇਆ ਹੈ) ਪਰ ਬੱਦਲ ਪੈਰਾਂ[31] (ਤਕਲੀਫ਼) ਦੇ ਬਗੈਰ[30] ਅਤੇ ਬਹੁਤਾਤ ਵਿਚ ਬਰਸਦਾ[32] ਹੈ !

ਬਾਬਾ[33] ਤੂੰ ਐਸੇ[34] ਭਰਮੁ[35] ਚੁਕਾਹੀ[36] ॥
ਜੋ ਕਿਛੁ[37] ਕਰਤੁ[38] ਹੈ ਸੋਈ[39] ਕੋਈ[40] ਹੈ[41] ਰੇ[42] ਤੈਸੇ[43] ਜਾਇ[44] ਸਮਾਹੀ[45] ॥
੧ ॥ ਰਹਾਉ ॥

O, Father[33], like this[34] do then dispel[36] Thy doubt[35].
O[42], what-so-ever[37] the Lord makes[38] the man, so[39] does he[40] become[41]. Like that[43] he goes[44] and mixes[45] with his kind. Pause.

ਹੇ ਪਿਤਾ[33] ! ਇਸ ਤਰ੍ਹਾਂ[34] ਤੂੰ ਆਪਣੇ ਵਹਿਮ[35] ਨੂੰ ਦੂਰ[36] ਕਰ।
ਓ[42] ਜੋ ਕੁਝ[37] ਭੀ ਪ੍ਰਭੂ ਬੰਦੇ ਨੂੰ ਬਣਾਉਂਦਾ[38] ਹੈ, ਉਹੀ[39] ਕੁਝ ਉਹ[40] ਹੋ ਜਾਂਦਾ[41] ਹੈ।
ਉਸ ਤਰ੍ਹਾਂ[43] ਉਹ ਜਾ[44] ਕੇ ਆਪਣੀ ਕਿਸਮ ਨਾਲ ਰਲ[45] ਜਾਂਦਾ ਹੈ। ਠਹਿਰਾਉ।

ਇਸਤਰੀ[46] ਪੁਰਖ[47] ਹੋਇ[48] ਕੈ ਕਿਆ[49] ਓਇ ਕਰਮ[50] ਕਮਾਹੀ[51] ॥
ਨਾਨਾ[52] ਰੂਪ[53] ਸਦਾ[54] ਹਹਿ[55] ਤੇਰੇ ਤੁਝਹੀ ਮਾਹਿ[56] ਸਮਾਹੀ[57] ॥ ੨ ॥

Becoming[48] female[46] and male[47], what[49] work[50] can they accomplish[51] (without Thine interposition ?)
The diverse[52] forms[53] are[55] ever[54] Thine, and they merge[57] into[56] Thee.

ਨਾਰੀ[46] ਤੇ ਨਰ[47] ਹੋ ਕੇ[48],(ਤੇਰੀ ਵਿਸ਼ਾਲਤਾ ਦੇ ਬਾਝੋਂ), ਉਹ ਕਿਹੜਾ[49] ਕੰਮ[50] ਨੇਪਰੇ[51] ਚਾੜ੍ਹ ਸਕਦੇ ਹਨ ?
ਮੁਖਤਲਿਫ਼[52] ਸਰੂਪ[53], ਸਦੀਵ[54] ਹੀ, ਤੇਰੇ ਹਨ[55] ਅਤੇ ਤੇਰੇ ਵਿਚ[56] ਹੀ ਲੀਨ ਹੋ ਜਾਂਦੇ ਹਨ।

ਇਤਨੇ[58] ਜਨਮ[59] ਭੂਲਿ ਪਰੇ[60] ਸੇ ਜਾ[61] ਪਾਇਆ ਤਾ[62] ਭੂਲੇ[63] ਨਾਹੀ ॥

For so many[58] births[59] I had gone astray[60], now when[61] I have obtained Thee, I shall not stray[63] again[62].

ਐਨਿਆਂ[58] ਜਨਮਾਂ[59] ਅੰਦਰ ਮੈਂ ਕੁਰਾਹੇ[60] ਪਿਆ ਹੋਇਆ ਸਾਂ, ਹੁਣ ਜਦ[61] ਮੈਂ ਤੈਨੂੰ ਪਾ ਲਿਆ ਹੈ, ਮੈਂ ਮੁੜ[62] ਕੇ ਨਹੀਂ ਭੁਲਾਂਗਾ[63]।

ਜਾ[64] ਕਾ ਕਾਰਜੁ[65] ਸੋਈ[66] [67]ਪਰੁਜਾਣੈ[68] ਜੇ[69] ਗੁਰ ਕੈ

If[69] man merges[71] into Gurbani[70], he will realise that, whose[64] work[65] it is,

ਜੇਕਰ[69] ਬੰਦਾ ਗੁਰਬਾਣੀ[70] ਅੰਦਰ ਲੀਨ[71] ਹੋ ਜਾਵੇ,ਤਾਂ ਉਹ ਅਨੁਭਵ ਕਰ ਲਵੇਗਾ ਕਿ ਜਿਸ[64] ਦਾ ਇਹ ਕੰਮ[65]

ਸਬਦਿ[70] ਸਮਾਹੀ[71] ॥੩॥
ਤੇਰਾ[72] ਸਬਦੂ[73] ਤੂੰਹੈ[74]
ਹਹਿ[75] ਆਪੇ[76] ਭਰਮੁ[77]
ਕਹਾ[78] ਹੀ[79] ॥
ਨਾਨਕ ਤਤੁ[80] ਤਤ ਸਿਉ[81]
ਮਿਲਿਆ[82] ਪੁਨਰਪਿ[83]
ਜਨਮਿ[84] ਨ ਆਹੀ[85] ॥
੪ ॥ ੧੫ ॥ ੩੫ ॥

ਗਉੜੀ ਬੈਰਾਗਣਿ
ਮਹਲਾ ੩ ॥

ਸਭੁ ਜਗੁ[86] ਕਾਲੈ[87] ਵਸਿ[88]
ਹੈ ਬਾਧਾ[89] ਦੂਜੈ ਭਾਇ[90] ॥
ਹਉਮੈ[91] ਕਰਮ[92]
ਕਮਾਵਦੇ[93] ਮਨਮੁਖਿ[94]
ਮਿਲੈ[95] ਸਜਾਇ[96] ॥ ੧ ॥
ਮੇਰੇ ਮਨ[97] ਗੁਰ ਚਰਣੀ[98]
ਚਿਤੁ[99] ਲਾਇ ॥[100]
ਗੁਰਮੁਖਿ[2] ਨਾਮੁ ਨਿਧਾਨ[3]
ਲੈ[4] ਦਰਗਹ[5] ਲਏ
ਛਡਾਇ[6] ॥ ੧ ॥ ਰਹਾਉ ॥
ਲਖ ਚਉਰਾਸੀਹ[7]
ਭਰਮਦੇ[8] ਮਨ[9] ਹਠਿ[10]
ਆਵੈ ਜਾਇ[12] ॥

ਗੁਰ ਕਾ ਸਬਦੂ[13] ਨ
ਚੀਨਿਓ[14] ਫਿਰਿ[15] ਫਿਰਿ
ਜੋਨੀ[16] ਪਾਇ[17] ॥ ੨ ॥

ਗੁਰਮੁਖਿ[18] ਆਪੁ[19]
ਪਛਾਣਿਆ[20] ਹਰਿਨਾਮੁ
ਵਸਿਆ[21] ਮਨਿ[22]
ਆਇ[23] ॥
ਅਨਦਿਨੁ[24] ਭਗਤੀ[25]
ਰਤਿਆ[26]ਹਰਿਨਾਮੇ ਸੁਖਿ[27]
ਸਮਾਇ[28] ॥ ੩ ॥

He[66] alone knows[68] it well[67].
Thine[72] is the Gurbani[73], Thou art[74],
and hast become[75], all by Thyself[76],
where[78] is[79] the doubt[77] ?
Nanak, he whose essence[80] is merged[82]
with[81] Lord's essence, does not,
again[83], come[85] under the purview
of birth[84].

Gauri Bairagan
3rd Guru.

The entire world[86] is in the power[88] of
death[87], and is bound[89] to duality[90].
The wayward[94] go about[93] their
business[92] in pride[91], and are
awarded[96] punishment[96].
O, my Soul[97], fix[100] thy attention[99]
on Guru's feet[98].
Through the Guru[2], obtain[4] the
Name treasure[3]; it will deliver[6]
you in Lord's court[5]. Pause.
Through mind's[9] obstinacy[10], men
wander[8] in eightyfour lacs[7] of
existences, and continue coming and
going[12].
They realise[14] not Guru's
instruction[13], and are cast[17], again
and again[15] unto existences[16]
through womb.
By Guru's grace[18], when man
understands[20] his ownself[19], God's
Name comes[23] to abide[21] within his
mind[22].
Being imbued[26] with the devotional
service[25] of God, night and day[24],
the mortal merges[28] in the peace[27]

ਹੈ, ਉਹ[66] ਹੀ ਇਸ ਨੂੰ ਚੰਗੀ ਤਰ੍ਹਾਂ[67] ਜਾਣਦਾ[68] ਹੈ ।
ਤੇਰੀ[72] ਹੈ ਗੁਰਬਾਨੀ[73], ਤੂੰ ਆਪ ਹੀ[74] ਸਾਰਾ ਕੁਛ[76]
ਹੈਂ[75] ਅਤੇ ਹੋ ਗਿਆ[75] ਹੈਂ[75] । ਵਹਿਮ[77] ਕਿੱਥੇ[78] ਹੈ[79] ?

ਨਾਨਕ ਜਿਸ ਦਾ ਜੌਹਰ[80] ਸਾਹਿਬ ਦੇ ਜੌਹਰ ਨਾਲ[81]
ਸਮਾ[82] ਗਿਆ ਹੈ, ਉਹ ਮੁੜ[83] ਕੇ ਜੰਮਣ[84] ਦੇ ਦਾਇਰੇ
ਵਿਚ ਨਹੀਂ[85] ਆਉਂਦਾ[85] ।

ਗਉੜੀ ਬੈਰਾਗਣਿ
ਪਾਤਸ਼ਾਹੀ ਤੀਜੀ ।

ਸਾਰਾ ਸੰਸਾਰ[86] ਮੌਤ[87] ਦੇ ਅਖ਼ਤਿਆਰ[88] ਵਿਚ ਹੈ ਅਤੇ
ਦਵੈਤ-ਭਾਵ[90] ਨਾਲ ਨਰੜਿਆ[89] ਹੋਇਆ ਹੈ ।
ਆਪ-ਹੁਦਰੇ[94] ਆਪਣੇ ਕਾਰਵਿਹਾਰ[92] ਹੰਕਾਰ[91] ਅੰਦਰ
ਕਰਦੇ[93] ਹਨ ਅਤੇ ਉਨ੍ਹਾਂ ਨੂੰ ਸਜ਼ਾ[96] ਮਿਲਦੀ[96] ਹੈ ।

ਹੇ ਮੇਰੀ ਜਿੰਦੜੀਏ[97], ਗੁਰਾਂ ਦੇ ਚਰਨਾਂ[98] ਨਾਲ ਆਪਣੀ
ਬਿਰਤੀ[99] ਜੋੜ[100] ।
ਗੁਰਾਂ ਦੁਆਰਾ[2] ਨਾਮ ਦੇ ਖ਼ਜ਼ਾਨੇ[3] ਨੂੰ ਪ੍ਰਾਪਤ[4] ਕਰ,ਸਾਂਈ
ਦੇ ਦਰਬਾਰ[5] ਵਿਚ ਇਹ ਤੇਰੀ ਖ਼ਲਾਸੀ[6] ਕਰਾ ਦੇਵੇਗਾ ।
ਠਹਿਰਾਉ ।
ਮਨੂਏ[9] ਦੀ ਜ਼ਿੱਦ[10] ਰਾਹੀਂ ਇਨਸਾਨ ਚੁਰਾਸੀ ਲੱਖ[7]
ਜੂਨੀਆਂ ਅੰਦਰ ਭਟਕਦੇ[8] ਹਨ ਅਤੇ ਆਉਂਦੇ ਤੇ ਜਾਂਦੇ[12]
ਰਹਿੰਦੇ ਹਨ ।

ਉਹ ਗੁਰਾਂ ਦੀ ਸਿਖ[13] ਮਤ ਨੂੰ ਅਨੁਭਵ[14] ਨਹੀਂ[14] ਕਰਦੇ
ਅਤੇ ਮੁੜ ਮੁੜ[15] ਕੇ ਗਰਭਜੂਨੀਆਂ[16] ਅੰਦਰ ਪਾਏ
ਜਾਂਦੇ[17] ਹਨ ।

ਗੁਰਾਂ ਦੀ ਦਇਆ[18]ਦੁਆਰਾ ਜਦ ਬੰਦਾ ਆਪਣੇ ਆਪ[19]
ਨੂੰ ਸਮਝ[20] ਲੈਂਦਾ ਹੈ, ਰਬ ਦਾ ਨਾਮ ਆ[23] ਕੇ ਉਸ ਦੇ
ਚਿਤ[22] ਵਿਚ ਟਿਕ[21] ਜਾਂਦਾ ਹੈ ।

ਰੈਣ[24] ਦਿਹੁੰ ਵਾਹਿਗੁਰੂ ਦੀ ਪ੍ਰੇਮ-ਮਈ ਸੇਵਾ[25] ਅੰਦਰ
ਰੰਗੀਜਣ[26] ਦੁਆਰਾ ਪ੍ਰਾਣੀ ਉਸ ਦੇ ਨਾਮ ਦੀ ਠੰਢ-
ਚੈਨ[27] ਅੰਦਰ ਲੀਨ[28] ਹੋ ਜਾਂਦਾ ਹੈ ।

of His Name.

ਮਨੁ[29] ਸਬਦਿ[30] ਮਰੈ[31] ਪਰਤੀਤਿ[32]ਹੋਇ[33] ਹਉਮੈ[34] ਤਜੇ[35] ਵਿਕਾਰ[36] ॥

When man's mind[29] dies[31] of Guru's word[30], he gains[33] confidence[32], and banishes[35] his ego[34] and evil[36].

ਜਦ ਮਨੁੱਖ ਦਾ ਮਨ[29] ਗੁਰਾਂ ਦੇ ਬਚਨ[30] ਦੁਆਰਾ ਮਰ[31] ਜਾਂਦਾ ਹੈ, ਤਾਂ ਉਸ ਮਨੁੱਖ ਦਾ ਭਰੋਸਾ[32] ਬੱਝ[33] ਜਾਂਦਾ ਹੈ ਅਤੇ ਉਹ ਆਪਣੀ ਹੰਗਤਾ[34] ਤੇ ਦੁਸ਼ਟਤਾ[36] ਨੂੰ ਛਡ[35] ਦਿੰਦਾ ਹੈ।

ਜਨ[37] ਨਾਨਕ ਕਰਮੀ[38] ਪਾਈਅਨਿ[39] ਹਰਿਨਾਮਾ ਭਗਤਿ[40] ਭੰਡਾਰ[41] ॥੪॥ ੨ ॥ ੧੬ ॥ ੩੬ ॥

O, servant[37] Nanak, by God's grace[38], man receives[39] the treasure[41] of His Name and devotion[40].

ਹੇ ਨੌਕਰ[37] ਨਾਨਕ ! ਵਾਹਿਗੁਰੂ ਦੀ ਰਹਿਮਤ[38] ਦੁਆਰਾ ਇਨਸਾਨ ਉਸ ਦੇ ਨਾਮ ਅਤੇ ਅਨੁਰਾਗ[40] ਦੇ ਖ਼ਜ਼ਾਨੇ[41] ਨੂੰ ਪ੍ਰਾਪਤ[39] ਕਰ ਲੈਂਦਾ ਹੈ।

ਗਉੜੀ ਬੈਰਾਗਣਿ
ਮਹਲਾ ੩ ॥

Gauri Bairagan
3rd Guru.

ਗਉੜੀ ਬੈਰਾਗਣ
ਪਾਤਸ਼ਾਹੀ ਤੀਜੀ।

ਪੇਈਅੜੈ[42] ਦਿਨ ਚਾਰਿ ਹੈ ਹਰਿ[43] ਹਰਿ ਲਿਖਿ ਪਾਇਆ ॥ ਸੋਭਾਵੰਤੀ[44] ਨਾਰਿ[45] ਹੈ ਗੁਰਮੁਖਿ[46] ਗੁਣ[47] ਗਾਇਆ[48] ॥ ਪੇਵਕੜੈ[49] ਗੁਣ[50] ਸੰਮਲੈ[51] ਸਾਹੁਰੈ[52] ਵਾਸੁ[53] ਪਾਇਆ॥

The Lord God[43] has ordained that woman is to remain in her parents house[42] for four days. Glorious[44] is the bride[45], who, through the Guru,[46] sings[48] the praises[47] of God. She, who, takes care[51] of virtues[50] in her parents[49] home, obtains an abode[53] at her in-laws[52].

ਵਾਹਿਗੁਰੂ ਸੁਆਮੀ[43] ਨੇ ਲਿਖ ਛਡਿਆ ਹੈ ਕਿ ਇਸਤਰੀ ਨੇ ਆਪਣੇ ਪੇਕੇ ਘਰ[42] ਚਾਰ ਦਿਨਾਂ ਲਈ ਰਹਿਣਾ ਹੈ। ਸੁਭਾਇਮਾਨ[44] ਹੈ ਪਤਨੀ[45] ਜੋ, ਗੁਰਾਂ ਦੁਆਰਾ[46] ਵਾਹਿਗੁਰੂ ਦੀ ਮਹਿਮਾ[47] ਗਾਇਨ[48] ਕਰਦੀ ਹੈ।

ਜੋ ਆਪਣੇ ਮਾਪਿਆਂ[49] ਦੇ ਘਰ ਨੇਕੀਆਂ[50] ਨੂੰ ਸੰਭਾਲਦੀ[51] ਹੈ, ਉਹ ਆਪਣੇ ਸਹੁਰਿਆਂ[52] ਦੇ ਵਸੇਬਾ ਪਾ ਲੈਂਦੀ ਹੈ।

ਗੁਰਮੁਖਿ[54] ਸਹਜਿ[55] ਸਮਾਣੀਆ[56] ਹਰਿ[57] ਹਰਿ ਮਨਿ[58] ਭਾਇਆ[59] ॥੧॥ ਸਸੁਰੈ[60] ਪੇਈਐ[61] ਪਿਰੁ[62] ਵਸੈ[63] ਕਹੁ[64] ਕਿਤੁ[65] ਬਿਧਿ[66] ਪਾਈਐ[67] ॥ ਆਪਿ[68]ਨਿਰੰਜਨੁ[69]ਅਲਖੁ[70] ਹੈ ਆਪੇ[71] ਮੇਲਾਈਐ[72] ॥ ੧ ॥ਰਹਾਉ॥

They to whose mind[58] the Lord[57] Master is pleasing[59], are, easily[55] absorbed[56] in Him through the Guru[54]. The beloved[62] dwells[63] in this World[61], and the World beyond[60]. Say[64], in what[65] way[66] can He be found[67] ? Himself[68] the immaculate Lord[69] is invisible[70]. He unites[72] man with Himself. Pause.

ਜਿਨ੍ਹਾਂ ਦੇ ਚਿੱਤ[58] ਨੂੰ ਸੁਆਮੀ[57] ਮਾਲਕ ਚੰਗਾ[59] ਲਗਦਾ ਹੈ, ਉਹ ਗੁਰਾਂ ਦੁਆਰਾ[54]ਸੁਖੈਨ[55] ਹੀ ਉਸ ਵਿਚ ਲੀਨ[56] ਹੋ ਜਾਂਦੀਆਂ ਹਨ।
ਪ੍ਰੀਤਮ[62] ਇਸ[61] ਲੋਕ ਅਤੇ ਪ੍ਰਲੋਕ[60] ਵਿਚ ਨਿਵਾਸ[63] ਰਖਦਾ ਹੈ। ਦੱਸੋ[64], ਉਸ ਨੂੰ ਕਿਸ[65] ਤਰੀਕੇ[66] ਨਾਲ ਪ੍ਰਾਪਤ[67] ਕੀਤਾ ਜਾ ਸਕਦਾ ਹੈ ?
ਖ਼ੁਦ[68] ਪਵਿਤ੍ਰ ਪ੍ਰਭੂ[69] ਅਦ੍ਰਿਸਟ[70] ਹੈ। ਇਨਸਾਨ ਨੂੰ ਉਹ ਆਪਣੇ[71] ਨਾਲ ਜੋੜ[72] ਲੈਂਦਾ ਹੈ।
ਠਹਿਰਾਉ।

੧੬੩

163

੧੬੩

ਆਪੇ[73] ਹੀ ਪ੍ਰਭੁ ਦੇਹਿ[74] ਮਤਿ[75] ਹਰਿਨਾਮੁ ਧਿਆਈਐ[76] ॥

The Lord Himself[73] grants[74] wisdom, and the man meditates[76] on God's Name.

ਸੁਆਮੀ ਆਪ[73] ਹੀ ਸਿਆਣਪ[75] ਬਖ਼ਸ਼ਦਾ[74] ਹੈ ਅਤੇ ਬੰਦਾ ਵਾਹਿਗੁਰੂ ਦੇ ਨਾਮ ਦਾ ਸਿਮਰਨ[76] ਕਰਦਾ ਹੈ।

[77]ਵਡਭਾਗੀ[78]ਸਤਿਗੁਰੁ ਮਿਲੈ ਮੁਖਿ[79]ਅੰਮ੍ਰਿਤੁ[80]ਪਾਈਐ[81]॥ ਹਉਮੈ[82]ਦੁਬਿਧਾ[83]ਬਿਨਸਿ[84] ਜਾਇ ਸਹਜੇ[85] ਸੁਖਿ[86]

By the greatest[77] good luck[78] is met the True Guru who puts[81] nectar[80] in his mouth[79]. When pride[82] and worldliness[83] depart[84], he easily[85]

ਬਹੁਤ[77] ਚੰਗੇ ਭਾਗਾਂ[78] ਦੁਆਰਾ ਸੱਚੇ ਗੁਰੂ ਜੀ ਮਿਲਦੇ ਹਨ, ਜੋ ਉਸ ਦੇ ਮੂੰਹ[79] ਵਿਚ ਸੁਧਾਰਸ[80] ਪਾਉਂਦੇ[81] ਹਨ। ਜਦ ਹੰਕਾਰ[82] ਤੇ ਦੁਨੀਆਦਾਰੀ[83] ਦੂਰ[84] ਹੋ ਜਾਂਦੇ ਹਨ, ਉਹ ਸੁਖੈਨ[85] ਹੀ ਆਰਾਮ[86] ਅੰਦਰ ਰਮ[87]

ਸਮਾਈਐ[87] ॥
ਸਭੁ ਆਪੇ ਆਪਿ[88] ਵਰਤਦਾ[89] ਆਪੇ ਨਾਇ[90] ਲਾਈਐ[91] ॥ ੨ ॥
ਮਨਮੁਖਿ[92] ਗਰਬਿ[93] ਨ ਪਾਇਓ[94] ਅਗਿਆਨ[95] ਇਆਣੇ[96] ॥
ਸਤਿਗੁਰ ਸੇਵਾ[97] ਨਾ ਕਰਹਿ[98] ਫਿਰਿ[99] ਫਿਰਿ ਪਛੁਤਾਣੇ[100]॥
ਗਰਭ[2]ਜੋਨੀ ਵਾਸੁ[3] ਪਾਇਦੇ ਗਰਭੇ[4] ਗਲਿ[5] ਜਾਣੇ ॥
ਮੇਰੇ ਕਰਤੇ[6] ਏਵੈ[7] ਭਾਵਦਾ[8] ਮਨਮੁਖ[9] ਭਰਮਾਣੇ[10] ॥੩॥
ਮੇਰੈ ਹਰਿਪ੍ਰਭਿ[12] ਲੇਖੁ[13] ਲਿਖਾਇਆ[14] ਧੁਰਿ[15] ਮਸਤਕਿ[16] ਪੂਰਾ[17] ॥ ਹਰਿ ਹਰਿ ਨਾਮੁ ਧਿਆਇਆ[18] ਭੇਟਿਆ[19] ਗੁਰੁ ਸੂਰਾ[20] ॥
ਮੇਰਾ ਪਿਤਾ[21] ਮਾਤਾ[22] ਹਰਿਨਾਮੁ ਹੈ ਹਰਿ ਬੰਧਪੁ[23] ਬੀਰਾ[24] ॥
ਹਰਿ ਹਰਿ ਬਖਸਿ[25] ਮਿਲਾਇ[26] ਪ੍ਰਭ ਜਨੁ[27] ਨਾਨਕੁ ਕੀਰਾ[28] ॥੪॥੩॥ ੧੭॥੩੭॥

ਗਉੜੀ ਬੈਰਾਗਣਿ ਮਹਲਾ ੩ ॥

ਸਤਿਗੁਰ[29] ਤੇ ਗਿਆਨੁ[30] ਪਾਇਆ ਹਰਿ ਤਤੁ[33] ਬੀਚਾਰਾ[34] ॥
ਮਤਿ[34*]ਮਲੀਣ[35]ਪਰਗਟੁ[36] ਭਈ ਜਪਿ[37] ਨਾਮੁ

merges[87] in peace[86].
He, of Himself[88] is all pervading[89], and Himself attaches[91] man to His Name[90].
The perverse[92], through pride[93], find[94] not God; they are ignorant[95] and childish[96].
They perform[98] not True Guru's service[97], and repent[100] again and again[99].
In the existences[2] of womb they obtain a dwelling[3], and within the belly[4], they putrefy[5].
It so[7] pleases[8] my Creator[6], that the self-willed[9] may continue wandering[10] about.
My Lord[12] God wrote[14] mortal's full[17] destiny[13] on his forehead[16] in the very beginning[15]. When man meets[19] the valient[20] Guru, he ponders[18] over the Name of the Lord God.
God's Name is my father[21] and mother[22].God is my kinsman[23] and brother[24].
My Lord, the Master, pardon[25] and blend[26] with Thee the worm[28], slave[27] Nanak.

Gauri Bairagan
3rd Guru.

Receiving Divine knowledge[30] from[29] the True Guru I have deliberated[34] over God's quintessence[33].
My dirty[35] wit[34*] has been enlightened[36] by repeating[37] the

ਜਾਂਦਾ ਹੈ ।
ਉਹ ਆਪਣੇ[88] ਆਪ ਹੀ ਸਾਰੇ ਵਿਆਪਕ[89] ਹੋ ਰਿਹਾ ਹੈ ਅਤੇ ਆਪ ਹੀ ਬੰਦੇ ਨੂੰ ਆਪਣੇ ਨਾਮ[90] ਨਾਲ ਜੋੜਦਾ[91] ਹੈ ।
ਅਧਰਮੀ[92], ਹੰਕਾਰ[93] ਕਾਰਨ, ਵਾਹਿਗੁਰੂ ਨੂੰ ਪ੍ਰਾਪਤ[94] ਨਹੀਂ ਹੁੰਦੇ, ਉਹ ਬੇ-ਸਮਝ[95] ਤੇ ਨਾਦਾਨ[96] ਹਨ ।
ਉਹ ਸੱਚੇ ਗੁਰਾਂ ਦੀ ਟਹਿਲ[97] ਨਹੀਂ ਕਮਾਉਂਦੇ[98] ਅਤੇ ਮੁੜ ਮੁੜ[99] ਕੇ, ਅਫ਼ਸੋਸ[100] ਕਰਦੇ ਹਨ ।
ਬੱਚੇਦਾਨੀ ਦੀਆਂ ਜੂਨੀਆਂ[2] ਅੰਦਰ ਉਨ੍ਹਾਂ ਨੂੰ ਵਸੇਬਾ[3] ਮਿਲਦਾ ਹੈ, ਅਤੇ ਪੇਟ[4] ਅੰਦਰ ਹੀ ਗਲ-ਸੜ[5] ਜਾਂਦੇ ਹਨ ।
ਮੇਰੇ ਸਿਰਜਣਹਾਰ[6] ਨੂੰ ਇਸੇ ਤਰ੍ਹਾਂ[7] ਚੰਗਾ[8] ਲਗਦਾ ਹੈ ਕਿ ਆਪ-ਹੁਦਰੇ[9] ਭਟਕਦੇ[10] ਫਿਰਨ ।
ਮੇਰੇ ਵਾਹਿਗੁਰੂ[12] ਸੁਆਮੀ ਨੇ ਐਨ ਆਰੰਭ[15] ਤੋਂ ਹੀ ਪ੍ਰਾਣੀ ਦੇ ਮਥੇ[16] ਉਤੇ ਉਸ ਦੀ ਪੂਰਨ[17] ਕਿਸਮਤ[13] ਲਿਖ[14] ਛਡੀ ਸੀ । ਜਦ ਆਦਮੀ ਸੂਰਮੇ[20] ਗੁਰਾਂ ਨੂੰ ਮਿਲ[19] ਪੈਂਦਾ ਹੈ, ਉਹ ਵਾਹਿਗੁਰੂ ਸੁਆਮੀ ਦੇ ਨਾਮ ਦਾ ਸਿਮਰਨ[18] ਕਰਦਾ ਹੈ ।
ਰੱਬ ਦਾ ਨਾਮ ਮੇਰਾ ਬਾਬਲ[21] ਤੇ ਅੰਮੜੀ[22] ਹੈ । ਵਾਹਿਗੁਰੂ ਹੀ ਮੇਰਾ ਸਨਬੰਧੀ[23] ਤੇ ਵੀਰ[24] ਹੈ।
ਮੇਰੇ ਵਾਹਿਗੁਰੂ ਸੁਆਮੀ ਮਾਲਕ, ਕੀੜੇ[28] ਗੋਲੇ[27] ਨਾਨਕ ਨੂੰ ਮਾਫ਼ੀ[25] ਦੇ ਕੇ ਆਪਣੇ ਨਾਲ ਅਭੇਦ[26] ਕਰ ਲੈ ।

ਗਉੜੀ ਬੈਰਾਗਣਿ
ਪਾਤਸ਼ਾਹੀ ਤੀਜੀ ।

ਸੱਚੇ ਗੁਰਾਂ ਪਾਸੋਂ[29] ਬ੍ਰਹਮ ਬੋਧ[30] ਪ੍ਰਾਪਤ ਕਰਕੇ ਮੈਂ ਵਾਹਿਗੁਰੂ ਦੇ ਜੌਹਰ[33] ਨੂੰ ਸੋਚਿਆ[34] ਸਮਝਿਆ ਹੈ ।
ਮੇਰੀ ਗੰਦੀ[35] ਬੁਧੀ[34*], ਹੰਕਾਰ[36] ਦੇ ਵੈਰੀ[39] ਵਾਹਿਗੁਰੂ ਦੇ ਨਾਮ ਦਾ ਉਚਾਰਨ[37] ਕਰਨ ਦੁਆਰਾ ਰੋਸ਼ਨ[36] ਹੋ

38ਮੁਰਾਰਾ39 ॥
ਸਿਵਿ40 ਸਕਤਿ41 ਮਿਟਾਇਆ42 ਚੂਕਾ43 ਅੰਧਿਆਰਾ44 ॥
ਧੁਰਿ45ਮਸਤਕਿ46ਜਿਨ ਕਉ ਲਿਖਿਆ ਤਿਨ47 ਹਰਿਨਾਮੁ ਪਿਆਰਾ48 ॥੧॥
ਹਰਿ ਕਿਤੁ49ਬਿਧਿ50ਪਾਈਐ ਸੰਤੁ53 ਜਨਹੁ51 ਜਿਸੁ ਦੇਖਿ ਹਉ ਜੀਵਾ52 ॥
ਹਰਿ ਬਿਨੁ54 ਚਸਾ55 ਨ ਜੀਵਤੀ56 ਗੁਰ ਮੇਲਿਹੁ ਹਰਿ ਰਸੁ57 ਪੀਵਾ58 ॥
੧ ॥ ਰਹਾਉ ॥
ਹਉ59 ਹਰਿਗੁਣ60 ਗਾਵਾ61 ਨਿਤ63 ਹਰਿ ਸੁਣੀ64 ਹਰਿ ਹਰਿ65 ਗਤਿ66 ਕੀਨੀ ॥
ਹਰਿਰਸੁ67 ਗੁਰ ਤੇ68 ਪਾਇਆ ਮੇਰਾ ਮਨੁ69 ਤਨੁ70 ਲੀਨੀ71 ॥
ਧਨੁ72ਧਨੁ ਗੁਰੁ ਸਤ ਪੁਰਖੁ73 ਹੈ ਜਿਨਿ ਭਗਤਿ74 ਹਰਿ ਦੀਨੀ75 ॥
ਜਿਸੁ76 ਗੁਰ ਤੇ77 ਹਰਿ ਪਾਇਆ80ਸੋ78 ਗੁਰੁ ਹਮ78* ਕੀਨੀ79 ॥੨॥
ਗੁਣ81ਦਾਤਾ82ਹਰਿ ਰਾਇ83 ਹੈ ਹਮ84ਅਵਗੁਣਿਆਰੇ85॥
ਪਾਪੀ86 ਪਾਥਰ87 ਡੂਬਦੇ88 ਗੁਰਮਤਿ89 ਹਰਿ ਤਾਰੇ90॥
ਤੂੰ ਗੁਣ91 ਦਾਤਾ92 ਨਿਰਮਲਾ93 ਹਮ94 ਅਵਗੁਣਿਆਰੇ95 ॥
ਹਰਿ ਸਰਣਾਗਤਿ96ਰਾਖਿ97

Name of God, the Enemy39 of Ego38.
The Lord40 has destroyed42 the mammon41, and my darkness44 is dispelled43.
On whose forehead46 it is so written from the very out-set45, unto them47 God's Name is dear48.
By what49 means50, O, saintly53 persons51, may I attain to God, by seeing whom I sustain life52 ?
Without54 God, I cannot live56 even for a moment55. Unite me with the Guru, that I may quaff58 God's Nectar57. Pause.
I59 sing61 God's praises60, and daily63 hear64 God's glories. Me, the Lord God65 has emancipated66.
God's elixir67, I have gained from68 the Guru. My mind69 and body70 are absorbed71 therein.
Blest72, blest is the True personality73 of the Guru, who has granted75 unto me God's meditation.
Him76, I78* have taken79, as my Guru, through77 which76 Guru, I have obtained80 God.
The Giver82 of merits81 is the Sovereign83 Lord. I84 am a sinner85.
The sinners86 sink88 like stone87. By Guru's instruction89 God floats them across90.
Thou, O, immaculate93 Lord, are the Bestower92 of virtues91. I94 am an offender95.
My God, save97 me. I have entered

ਗਈ ਹੈ ।
ਸੁਆਮੀ40 ਨੇ ਮਾਇਆ41 ਨੂੰ ਨਾਸ42 ਕਰ ਦਿਤਾ ਹੈ ਅਤੇ ਮੇਰਾ ਹਨ੍ਹੇਰਾ44 ਦੂਰ43 ਹੋ ਗਿਆ ਹੈ ।
ਜਿਨ੍ਹਾਂ ਦੇ ਮਥੇ46 ਉਤੇ ਐਨ ਆਰੰਭ45 ਤੋਂ ਇਹੋ ਜਿਹਾ ਲਿਖਿਆ ਹੋਇਆ ਹੈ, ਉਨ੍ਹਾਂ47 ਨੂੰ ਰਬ ਦਾ ਨਾਮ ਲਾਡਲਾ48 ਲਗਦਾ ਹੈ ।
ਕਿਹੜੇ49 ਸਾਧਨਾਂ50 ਨਾਲ ਹੇ ਪਵਿੱਤ੍ਰ53 ਪੁਰਸ਼51 ! ਮੈਂ ਵਾਹਿਗੁਰੂ ਨੂੰ ਪ੍ਰਾਪਤ ਹੋਵਾਂ, ਜਿਸ ਨੂੰ ਵੇਖ ਕੇ ਮੈਂ ਜੀਉਂਦੀ52 ਹਾਂ ?
ਵਾਹਿਗੁਰੂ ਦੇ ਬਾਝੋਂ54ਮੈਂ ਇਕ ਮੁਹਤ55ਲਈ ਜਿਉਂਦੀ56 ਨਹੀਂ ਰਹਿ ਸਕਦੀ । ਮੈਨੂੰ ਗੁਰਾਂ ਦੇ ਨਾਲ ਮਿਲਾ ਦਿਓ ਤਾਂ ਜੋ ਮੈਂ ਵਾਹਿਗੁਰੂ ਅੰਮ੍ਰਿਤ57 ਨੂੰ ਪਾਨ58 ਕਰਾਂ !
ਠਹਿਰਾਉ ।
ਮੈਂ59 ਵਾਹਿਗੁਰੂ ਦਾ ਜੱਸ60 ਗਾਇਣ61 ਕਰਦੀ ਹਾਂ ਅਤੇ ਨਿਤਾਪ੍ਰਤੀ63 ਵਾਹਿਗੁਰੂ ਦੀਆਂ ਵਡਿਆਈਆਂ ਸੁਣਦੀ64 ਹਾਂ । ਮੈਨੂੰ ਵਾਹਿਗੁਰੂ65ਸੁਆਮੀ ਨੇ ਮੁਕਤ66ਕਰ ਦਿਤਾ ਹੈ ।
ਵਾਹਿਗੁਰੂ ਦਾ ਅੰਮ੍ਰਿਤ67 ਮੈਂ ਗੁਰਾਂ ਪਾਸੋਂ68 ਪ੍ਰਾਪਤ ਕੀਤਾ ਹੈ । ਮੇਰੀ ਆਤਮਾ69 ਤੇ ਦੇਹਿ70 ਉਸ ਅੰਦਰ ਸਮਾ71 ਗਏ ਹਨ ।
ਮੁਬਾਰਕ72, ਮੁਬਾਰਕ ਹੈ ਗੁਰਾਂ ਦੀ, ਸੱਚੀ ਵਿਅਕਤੀ73 ਜਿਨ੍ਹਾਂ ਨੇ ਮੈਨੂੰ ਵਾਹਿਗੁਰੂ ਦੀ ਬੰਦਗੀ74 ਪ੍ਰਦਾਨ75 ਕੀਤੀ ਹੈ ।
ਉਸ76 ਨੂੰ ਮੈਂ78* ਆਪਣਾ ਗੁਰੂ ਧਾਰਨ79 ਕੀਤਾ ਹੈ, ਜਿਹੜੇ76 ਗੁਰਾਂ ਦੀ ਰਾਹੀਂ77 ਮੈਂ ਵਾਹਿਗੁਰੂ ਨੂੰ ਪ੍ਰਾਪਤ80 ਕੀਤਾ ਹੈ ।
ਖੂਬੀਆਂ81 ਪ੍ਰਦਾਨ82 ਕਰਨ-ਵਾਲਾ ਪ੍ਰਭੂ ਪਾਤਸ਼ਾਹ83 ਹੈ । ਮੈਂ ਗੁਨਹਿਗਾਰ85 ਹਾਂ ।
ਗੁਨਾਹੀ 86 ਪਾਹਨ87 ਦੀ ਤਰ੍ਹਾਂ ਡੁਬ88 ਜਾਂਦੇ ਹਨ । ਗੁਰਾਂ ਦੇ ਉਪਦੇਸ਼89 ਦੁਆਰਾ ਵਾਹਿਗੁਰੂ ਉਨ੍ਹਾਂ ਨੂੰ ਪਾਰ90 ਕਰ ਦਿੰਦਾ ਹੈ ।
ਤੂੰ ਹੇ ਪਵਿੱਤ੍ਰ93 ਪ੍ਰਭੂ ! ਨੇਕੀਆਂ91 ਬਖ਼ਸ਼ਣਹਾਰ92 ਹੈਂ ਮੈਂ94 ਅਪਰਾਧੀ95 ਹਾਂ ।
ਮੇਰੇ ਵਾਹਿਗੁਰੂ ਮੈਂ ਤੇਰੀ ਪਨਾਹ96 ਲਈ ਹੈ,ਮੇਰੀ ਰਖਿਆ97

ਲੇਹੁ ਮੂੜ[98] ਮੁਗਧ[99] ਨਿਸਤਾਰੇ[100] ॥ ੩ ॥

Thine asylum[99]. Fools[98] and blockheads[99] Thou hast saved[100].

ਕਰ । ਬੇਵਕੂਫ[98] ਅਤੇ ਬੁਧੂ[99] ਤੂੰ ਪਾਰ[100] ਕਰ ਦਿਤੇ ਹਨ ।

ਸਹਜੁ[2] ਅਨੰਦ ਸਦਾ[3] ਗੁਰਮਤੀ[4] ਹਰਿ ਹਰਿ ਮਨਿ[5] ਧਿਆਇਆ[6] ॥

The celestial bliss[2] is obtained by ever[3] thinking[6] of the Lord Master in the mind[5], under Guru's instruction[4].

ਗੁਰਾਂ ਦੇ ਉਪਦੇਸ਼[4] ਤਾਬੇ, ਚਿੱਤ[5] ਅੰਦਰ, ਸਦੀਵ[3] ਹੀ ਸੁਆਮੀ ਮਾਲਕ ਨੂੰ ਚੇਤੇ ਕਰਨ[6] ਦੁਆਰਾ ਬੈਕੁੰਠੀ ਪ੍ਰਸੰਨਤਾ[2] ਪ੍ਰਾਪਤ ਹੋ ਜਾਂਦੀ ਹੈ ।

ਸਜਣੁ[7] ਹਰਿਪ੍ਰਭੁ ਪਾਇਆ ਘਰਿ[8] ਸੋਹਿਲਾ[9] ਗਾਇਆ[10] ॥

By obtaining within my home[8] Lord God, the Friend[7], I have sung[10] the songs of joy[9].

ਆਪਣੇ ਗ੍ਰਹਿ[8] ਅੰਦਰ ਵਾਹਿਗੁਰੂ ਸੁਆਮੀ, ਮਿੱਤ੍ਰ[7] ਨੂੰ ਪ੍ਰਾਪਤ ਕਰਕੇ,ਮੈਂ ਖ਼ੁਸ਼ੀ[9] ਦੇ ਗੀਤ ਗਾਇਨ[10] ਕੀਤੇ ਹਨ।

ਹਰਿ ਦਇਆ[12] ਧਾਰਿ[13] ਪ੍ਰਭ ਬੇਨਤੀ[14] ਹਰਿ ਹਰਿ ਚੇਤਾਇਆ[15] ॥

O, Lord Master, I make a supplication[14], show[13] mercy[12] unto me, that I may meditate[15] on the Lord God.

ਹੇ ਸੁਆਮੀ ਮਾਲਕ ! ਮੇਰੀ ਪ੍ਰਾਰਥਨਾ[14] ਹੈ ਮੇਰੇ ਉਤੇ ਕਿਰਪਾ[12] ਕਰ[13], ਤਾਂ ਜੋ ਮੈਂ ਵਾਹਿਗੁਰੂ ਸੁਆਮੀ ਦੇ ਨਾਮ ਦਾ ਚਿੰਤਨ[15] ਕਰਾਂ ।

ਜਨ[16]ਨਾਨਕੁ ਮੰਗੈ[17]ਧੂੜਿ[18] ਤਿਨ[19] ਜਿਨ ਸਤਿਗੁਰੁ ਪਾਇਆ[20] ॥੪॥੪॥੧੮॥ ੩੮ ॥

Serf[16] Nanak, asks[17] for the dust[18] of their[19] feet, who have obtained[20] the True Guru.

ਗੁਲਾਮ[16] ਨਾਨਕ ਉਹਨਾਂ[19] ਦੇ ਪੈਰਾਂ ਦੀ ਖ਼ਾਕ[18] ਦੀ ਯਾਚਨਾ[17] ਕਰਦਾ ਹੈ, ਜਿਨ੍ਹਾਂ ਨੂੰ ਸੱਚਾ ਗੁਰੂ ਪ੍ਰਾਪਤ[20] ਹੋਇਆ ਹੈ ।

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ

Gauri Guareri
4th Guru, Chaupade.

ਗਉੜੀ ਗੁਆਰੇਰੀ
ਪਾਤਸ਼ਾਹੀ ਚੌਥੀ, ਚਉਪਦੇ ।

ੴ ਸਤਿਗੁਰ ਪ੍ਰਸਾਦਿ ॥

There is but one God. By the favour of the True Guru He is obtained.

ਵਾਹਿਗੁਰੂ ਕੇਵਲ ਇਕ ਹੈ ਸੱਚੇ ਗੁਰਾਂ ਦੀ ਮੇਹਰ ਦੁਆਰਾ ਉਹ ਪ੍ਰਾਪਤ ਹੁੰਦਾ ਹੈ ।

ਪੰਡਿਤੁ[21] ਸਾਸਤ[22] ਸਿਮ੍ਰਿਤਿ[23] ਪੜਿਆ[24] ॥

The Brahmin[21] recites[24] Shastras[22] (the six schools of philosophy), and Smritis[23] (twenty seven Hindu ceremonial treatises).

ਬ੍ਰਹਿਮਣ[21], ਸ਼ਾਸਤਰਾਂ (ਭਾਵ ਛਲਸਫ਼ੇ ਦੇ ਛੇ ਗ੍ਰੰਥਾਂ[22]) ਅਤੇ ਸਿਮ੍ਰਿਤੀਆਂ (ਭਾਵ ਸਤਾਈ ਹਿੰਦੂ ਕਰਮਕਾਂਡੀ ਪੁਸਤਕਾਂ[23]) ਦਾ ਪਾਠ[24] ਕਰਦਾ ਹੈ ।

ਜੋਗੀ ਗੋਰਖੁ ਗੋਰਖੁ ਕਰਿਆ[25] ॥ ਮੈ ਮੂਰਖੁ[26] ਹਰਿ[27] ਹਰਿ ਜਪੁ[28] ਪੜਿਆ[29] ॥੧॥

Yogi cries[25] the Name of his Guru "Gorakh, Gorakh". But I, a stupid[26] one, repeat[29] only the Name[28] of Lord[27] God.

ਜੋਗੀ ਆਪਣੇ ਗੁਰੂ ਦਾ ਨਾਮ "ਗੋਰਖ ਗੋਰਖ" ਪੁਕਾਰਦਾ[25] ਹੈ ਪਰ ਮੈਂ, ਮੂੜ੍ਹ[26], ਕੇਵਲ ਵਾਹਿਗੁਰੂ[27] ਸੁਆਮੀ ਦੇ ਨਾਮ[28] ਦਾ ਉਚਾਰਨ[29] ਕਰਦਾ ਹਾਂ ।

ਨਾ ਜਾਨਾ[30] ਕਿਆ[31] ਗਤਿ[32] ਰਾਮ[33] ਹਮਾਰੀ[34]॥ ਹਰਿ ਭਜੁ[35] ਮਨ[36] ਮੇਰੇ ਤਰੁ[37] [38]ਭਉਜਲੁ[39] ਤੂ ਤਾਰੀ[40] ॥੧॥ਰਹਾਉ॥

O, Omnipresent[33] Lord ! I know[30] not what[31] my[34] condition[32] shall be. Meditate[35] on God, O, my soul[36]. So shalt thou sail over[37] the terrible[38] ocean[39] and get across[40]. Pause.

ਹੇ ਸਰਬ-ਵਿਆਪਕ[33] ਸੁਆਮੀ ! ਮੈਂ ਨਹੀਂ ਜਾਣਦਾ[30] ਕਿ[31] ਮੇਰੀ[34] ਕੀ ਹਾਲਤ[32] ਹੋਵੇਗੀ ।
ਵਾਹਿਗੁਰੂ ਦਾ ਸਿਮਰਨ[35] ਕਰ ਹੇ ਮੇਰੀ ਜਿੰਦੜੀਏ[36] ! ਇੰਜ ਤੂੰ ਡਰਾਉਣੇ[38] ਸਮੁੰਦਰ[39] ਤੋਂ ਪਾਰ[37] ਹੋ, ਬੰਨੇ[40] ਜਾ ਲੱਗੇਂਗੀ । ਠਹਿਰਾਉ ।

164

੧੬੪

ਸੰਨਿਆਸੀ[41] ਬਿਭੂਤ[42]

The solitarian[41] applies[43] ashes[42] to

ਇਕਾਂਤੀ[41] ਸੁਆਹ[42] ਮਲ[43] ਕੇ, ਆਪਣੇ ਸਰੀਰ[44] ਨੂੰ

ਲਾਇ[43]ਦੇਹ[44] ਸਵਾਰੀ[45] ॥
ਪਰ[46] ਤ੍ਰਿਅ[47] ਤਿਆਗੁ[48]
ਕਰੀ[49] ਬ੍ਰਹਮਚਾਰੀ[50] ॥
ਮੈ ਮੂਰਖ[52] ਹਰਿ ਆਸ[51]
ਤੁਮਾਰੀ ॥੨॥
ਖਤ੍ਰੀ ਕਰਮ[53] ਕਰੇ
ਸੂਰਤਣੁ[54] ਪਾਵੈ ॥
ਸੂਦੁ ਵੈਸੁ ਪਰ[55] ਕਿਰਤਿ[56]
ਕਮਾਵੈ[57] ॥ ਮੈ ਮੂਰਖ[58]
ਹਰਿਨਾਮੁ ਛਡਾਵੈ[59] ॥੩॥
ਸਭ ਤੇਰੀ ਸ੍ਰਿਸਟਿ[60] ਤੂੰ
ਆਪਿ ਰਹਿਆ ਸਮਾਈ[61] ॥
ਗੁਰਮੁਖਿ[62] ਨਾਨਕ ਦੇ[63]
ਵਡਿਆਈ[64] ॥
ਮੈ ਅੰਧੁਲੇ[65] ਹਰਿ ਟੇਕ[66]
ਟਿਕਾਈ[67] ॥੪॥੩੯॥

ਗਉੜੀ ਗੁਆਰੇਰੀ
ਮਹਲਾ ੪ ॥

[68]ਨਿਰਗੁਣ[69] ਕਥਾ[70] ਕਥਾ
ਹੈ ਹਰਿ ਕੀ ॥
ਭਜੁ[71] ਮਿਲਿ[72] ਸਾਧੂ[73]
ਸੰਗਤਿ[74] ਜਨ[75] ਕੀ ॥
ਤਰੁ[76] [77]ਭਉਜਲ[78]ਅਕਥ[79]
ਕਥਾ[80] ਸੁਨਿ[81] ਹਰਿ ਕੀ ॥
੧॥
[82]ਗੋਬਿੰਦ[83]ਸਤ ਸੰਗਤਿ[84]
ਮੇਲਾਇ[85] ॥
ਹਰਿਰਸੁ[86] ਰਸਨਾ[87] ਰਾਮ[88]
ਗੁਨ[89] ਗਾਇ[90] ॥
੧॥ ਰਹਾਉ॥
ਜੋ[91] ਜਨ[92] ਧਿਆਵਹਿ[93]
ਹਰਿ ਹਰਿ ਨਾਮਾ।ਤਿਨ[94]
ਦਾਸਨਿ[95] ਦਾਸ ਕਰਹੁ[96]
ਹਮ[97] ਰਾਮਾ[98] ॥
ਜਨ[99] ਕੀ ਸੇਵਾ[100] ਉਤਮ[2]

decorate[45] his body[44].
By abandoning[48] other's[46] women[47]
good men practise[49] celibacy[50].
Ignorant[52] though I am, but my
hope[51], O my God, rests in Thee.
The Kshatrya does the deeds[53] of
valour, and obtains chivalry[54].
The Shudra and Vaisha do[57] work[56]
for others[55]. I am an ignorant[58] and
am saved[59] by God's Name.
The entire creation[60] is Thine, Thou
Thyself art contained[61] there-in.
On the true disciples[62] of Guru, the
Lord bestows[63] glory[64], O, Nanak.
I, blind[65], have set[67] up God as my
support[66].

Gauri Guareri
4th Guru.

Of all the discourses[70], God's
discourse is [68]unutterable[69],
Ponder[71] over God, by meeting[72] the
society[74] of His saints[73] and slaves.[75]
Sail across[76] the terrible[77] ocean[78]
by hearing[81] the ineffable[79]
exposition[80] of God.
O, Master[83] of the Universe[82], unite[85]
me with the Saints' congregation[84].
Immersed in God's love[86], with my
tongue[87] I sing[90] the praises[89] of the
All-pervading[88] Lord. Pause.
O, Master[98], make[96] me[97] the slave
of the slaves[95] of those[94] persons[92],
who[91] meditate[93] on the Name of
Lord God.
Thy serf's[99] service[100] is a

ਸ਼ਿੰਗਾਰਦਾ[45] ਹੈ ।
ਪਰਾਈ[46] ਇਸਤਰੀ[47] ਨੂੰ ਛਡ[48] ਕੇ, ਭਲੇ ਪੁਰਸ਼
ਜਤ[50] ਕਮਾਉਂਦੇ[49] ਹਨ ।
ਭਾਵੇਂ ਮੈਂ ਬੇਸਮਝ[52] ਹਾਂ ਪਰ ਮੇਰੀ ਉਮੈਦ[51], ਹੇ ਮੇਰੇ
ਵਾਹਿਗੁਰੂ, ਤੇਰੇ ਵਿਚ ਹੀ ਹੈ ।
ਛਤ੍ਰੀ ਬਹਾਦਰੀ ਦੇ ਕੰਮ[53] ਕਰਦਾ ਹੈ ਅਤੇ ਸੂਰਮਤਾਈ[54]
ਪਾਉਂਦਾ ਹੈ !
ਸੂਦਰ ਅਤੇ ਵੈਸ਼ ਹੋਰਨਾ[55] ਦਾ ਕੰਮ[56] ਕਰਦੇ[57] ਹਨ ।
ਮੈਂ ਬੇਸਮਝ[58]ਹਾਂ ਤੇ ਵਾਹਿਗੁਰੂ ਦਾ ਨਾਮ ਮੇਰੀ ਖਲਾਸੀ[59]
ਕਰਾਉਂਦਾ ਹੈ ।
ਸਮੂਹ ਰਚਨਾ[60] ਤੇਰੀ ਹੈ, ਤੂੰ ਆਪੇ ਹੀ ਉਸ ਅੰਦਰ
ਰਮ[61] ਰਿਹਾ ਹੈਂ ।
ਗੁਰੂ ਦੇ ਸੱਚੇ ਸਿੱਖਾਂ[62] ਨੂੰ ਪ੍ਰਭੂ, ਪ੍ਰਭਤਾ[64] ਪਰਦਾਨ[63]
ਕਰਦਾ ਹੈ, ਹੇ ਨਾਨਕ !
ਮੈਂ ਅੰਨ੍ਹੇ[65] ਨੇ ਵਾਹਿਗੁਰੂ ਦੀ ਓਟ[66] ਧਾਰੀ[67] ਹੋਈ ਹੈ ।

ਗਉੜੀ ਗੁਆਰੇਰੀ
ਪਾਤਸ਼ਾਹੀ ਚੌਥੀ ।

ਸਾਰੀਆਂ ਵਿਆਖਿਆਂ[70] ਵਿਚੋਂ ਰਬ ਦੀ ਵਿਆਖਿਆ[68]
ਅਕੱਥ[69] ਹੈ ।
ਉਸ ਦੇ ਸੰਤਾਂ[73] ਅਤੇ ਸੇਵਕਾਂ[75] ਦੇ ਸਮੇਲਨ[74] ਨਾਲ
ਜੁੜ[72] ਕੇ ਵਾਹਿਗੁਰੂ ਦਾ ਚਿੰਤਨ[71] ਕਰ । ਵਾਹਿਗੁਰੂ
[77]ਭਉਜਲ[78] ਦੀ ਨਾ-ਬਿਆਨ[79] ਹੋਣ ਵਾਲੀ ਵਾਰਤਾ[80]
ਸ੍ਰਵਣ[81] ਕਰ ਕੇ, ਤੂੰ ਭਿਆਨਕ[77] ਸਮੁੰਦਰ[78] ਤੋਂ ਪਾਰ[76]
ਹੋ ਜਾ ।
ਹੇ ਆਲਮ[82] ਦੇ ਮਾਲਕ[83] ! ਮੈਨੂੰ ਸਾਧ ਸਮੇਲਨ[84] ਨਾਲ
ਜੋੜ[85] ਦੇ !
ਵਾਹਿਗੁਰੂ ਦੀ ਪ੍ਰੀਤ[86] ਅੰਦਰ ਰਮ ਕੇ, ਆਪਣੀ ਜੀਭ[87]
ਨਾਲ ਮੈਂ ਸਰਬ-ਵਿਆਪਕ[88] ਸਾਂਈਂ ਦਾ ਜੱਸ[89]
ਅਲਾਪਦਾ[90] ਹਾਂ । ਠਹਿਰਾਉ ।
ਮੇਰੇ ਮਾਲਕ[98], ਮੈਨੂੰ[97] ਉਨ੍ਹਾਂ[94] ਪੁਰਸ਼ਾਂ[92] ਦੇ ਗੋਲਿਆਂ[95]
ਦਾ ਗੋਲਾ ਬਣਾ[96], ਜਿਹੜੇ[91] ਵਾਹਿਗੁਰੂ ਸੁਆਮੀ ਦੇ
ਨਾਮ ਦਾ ਆਰਾਧਨ[93] ਕਰਦੇ ਹਨ ।

ਤੇਰੇ ਨਫ਼ਰ[99] ਦੀ ਟਹਿਲ[100] ਇਕ ਸ੍ਰੇਸ਼ਟ[2] ਕਰਣੀ[3] ਹੈ ।

ਕਾਮਾ[3] ॥੨॥
ਜੋ[4] ਹਰਿ[5] ਕੀ ਹਰਿ[6] ਕਥਾ[7] ਸੁਣਾਵੈ[8] ॥ ਸੋ[9] ਜਨੁ[10] ਹਮਰੈ[12] ਮਨਿ[13] ਚਿਤਿ[14] ਭਾਵੈ[15] ॥ ਜਨ[16] ਪਗ[17] ਰੇਣੁ[18] [19]ਵਡਭਾਗੀ[20] ਪਾਵੈ ॥੩॥
ਸੰਤ[21] ਜਨਾ[22]ਸਿਉ ਪ੍ਰੀਤਿ[23] ਬਨਿ ਆਈ[24] ॥ ਜਿਨ ਕਉ ਲਿਖਤੁ[25] ਲਿਖਿਆ[26] ਧੁਰਿ[27] ਪਾਈ[28] ॥
ਤੇ[29] ਜਨ[30] ਨਾਨਕ ਨਾਮਿ ਸਮਾਈ[31] ॥੪॥੨॥੪੦॥

ਗਉੜੀ ਗੁਆਰੇਰੀ
ਮਹਲਾ ੪ ॥

ਮਾਤਾ[32] ਪ੍ਰੀਤਿ[33] ਕਰੇ ਪੁਤੁ ਖਾਇ ॥
ਮੀਨੇ[34] ਪ੍ਰੀਤਿ ਭਈ ਜਲਿ[35] ਨਾਇ[36] ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ[37] ਪਾਇ[38] ॥੧॥

ਤੇ[39] ਹਰਿ[40] ਜਨ ਹਰਿ ਮੇਲਹੁ ਹਮ[41] ਪਿਆਰੇ[42] ॥
ਜਿਨਿ ਮਿਲਿਆ[43] ਦੁਖ[44] ਜਾਹਿ[45]ਹਮਾਰੇ॥੧॥ਰਹਾਉ॥
ਜਿਉ[46] ਮਿਲਿ[47] ਬਛਰੇ[48] ਗਊ[49] ਪ੍ਰੀਤਿ[50] ਲਗਾਵੈ[51]॥
ਕਾਮਨਿ[52] ਪ੍ਰੀਤਿ ਜਾਂ[53] ਪਿਰੁ[54] ਘਰਿ[55] ਆਵੈ[56] ॥
ਹਰਿ ਜਨ[57] ਪ੍ਰੀਤਿ[58] ਜਾ ਹਰਿ ਜਸੁ[59] ਗਾਵੈ[60] ॥੨॥

ਸਾਰਿੰਗ[61] ਪ੍ਰੀਤਿ ਬਸੈ[62] ਜਲ[63] ਧਾਰਾ[64] ॥

commendable[2] engagement[3]
That[9]person[10],who[4] reads out[8] to me the divine[6] discovrse[7] of God[5], is heartily[13] pleasing[15] to me[12]. The dust[18] of the feet[17] of Lord's slaves[16], the very[19] fortunate ones[20] obtain.
They who are blessed[28]with the such [27]pre-ordained[26] writ[25], cherish[24] affection[23] for the saintly[21]persons[22].

Such[29] mortals[30] O, Nanak merge[31] in to the Lord's Name.

Gauri Guareri
4th Guru.

The mother[32] loves[33] to see the son eat.
The fish[34] loves to bathe[36] in water[35].
The True Guru loves to put[38] food into the mouth[37] of a disciple of the Guru.

My[41] beloved[42] God, cause me to meet such[39] men of God[40], by meeting[43] whom my sorrows[44] may depart[45]. Pause.
As[46] a cow[49] shows[51] love[50] to her strayed calf[48] on meeting[47] it,
As the bride[52] shows affection to her husband[54],when[53]he returns[56]home,[55]
So is God's slave[57] immersed in affection[58], when he sings[60] God's praises[59].
A sparrow-hawk[61] loves the rain water[63] to fall[62] in torrents[64].

ਉਹ[9] ਮਨੁਸ਼[10] ਜਿਹੜਾ[4] ਵਾਹਿਗੁਰੂ[5] ਦੀ ਈਸ਼ਵਰੀ[6] ਵਾਰਤਾ[7] ਮੈਨੂੰ ਪੜ੍ਹ ਕੇ ਸੁਣਾਉਂਦਾ[8] ਹੈ, ਉਹ ਦਿਲੋਂ[13] ਮੇਰੇ[12] ਰਿਦੇ[19] ਨੂੰ ਚੰਗਾ[15] ਲਗਦਾ ਹੈ । ਸਾਂਈ ਦੇ ਗੋਲਿਆਂ[16] ਦੇ ਪੈਰਾਂ[17] ਦੀ ਧੂੜ[18] ਭਾਰੇ[19] ਨਸੀਬਾਂ ਵਾਲੇ[20] ਹੀ ਪ੍ਰਾਪਤ ਕਰਦੇ ਹਨ ।

ਜਿਨ੍ਹਾਂ ਨੂੰ ਧੁਰਦੀ[27] ਲਿਖੀ[26] ਹੋਈ ਐਸੀ ਲਿਖਤਾਕਾਰ[25] ਪ੍ਰਾਪਤ[28] ਹੋਈ ਹੈ, ਉਨ੍ਹਾਂ ਦੀ ਪਿਰਹੜੀ[23] ਸਾਧੂ, ਸਰੂਪ[21] ਪੁਰਸ਼ਾਂ[22] ਨਾਲਿ ਪੈ ਜਾਂਦੀ[24] ਹੈ ।

ਐਸੇ[29] ਪ੍ਰਾਣੀ[30] ਹੇ ਨਾਨਕ ! ਸਾਂਈਂ ਦੇ ਨਾਮ ਅੰਦਰ ਲੀਨ[31] ਹੋ ਜਾਂਦੇ ਹਨ ।

ਗਉੜੀ ਗੁਆਰੇਰੀ
ਪਾਤਸ਼ਾਹੀ ਚੌਥੀ ।

ਮਾਂ[32] ਦੀ ਆਪਣੇ ਪੁਤ੍ਰ ਨੂੰ ਖਾਂਦੇ ਦੇਖਣ ਨਾਲ ਮੁਹੱਬਤ[33] ਹੈ ।
ਮੱਛੀ[34] ਦਾ ਪਿਆਰ ਪਾਣੀ[35] ਵਿਚ ਨ੍ਹਾਉਣ[36] ਨਾਲ ਹੈ।
ਸੱਚੇ ਗੁਰੂ ਦਾ ਪਿਆਰ ਗੁਰੂ ਦੇ ਸਿੱਖ ਦੇ ਮੂੰਹ[37] ਵਿਚ ਭੋਜਨ ਪਾਉਣ[38] ਨਾਲ ਹੈ।

ਮੇਰੇ[41] ਸਨੇਹੀ[42] ਵਾਹਿਗੁਰੂ, ਮੈਨੂੰ ਐਸੇ[39] ਰਬ ਦੇ ਬੰਦਿਆਂ[40] ਨਾਲ ਮਿਲਾ ਜਿਨ੍ਹਾਂ ਨੂੰ ਭੇਟਣ[43] ਦੁਆਰਾ ਮੇਰੇ ਦੁਖੜੇ[44] ਦੂਰ[45] ਹੋ ਜਾਣ ।
ਠਹਿਰਾਉ ।
ਜਿਸ[46] ਤਰ੍ਹਾਂ ਆਪਣੇ ਗੁਆਚੇ ਹੋਏ ਵੱਛੇ[48] ਨੂੰ ਮਿਲ[47] ਕੇ ਗਾਂ[49] ਪਿਆਰ[50] ਕਰਦੀ[51] ਹੈ,
ਜਿਸ ਤਰ੍ਹਾਂ ਪਤਨੀ[52] ਆਪਣੇ ਪਤੀ[54] ਨੂੰ ਮੁਹੱਬਤ ਕਰਦੀ ਹੈ, ਜਦ[53] ਉਹ ਗ੍ਰਹਿ[55] ਮੁੜ[56] ਆਉਂਦਾ ਹੈ,
ਏਸ ਤਰ੍ਹਾਂ ਹੀ ਰੱਬ ਦਾ ਗੋਲਾ[57] ਪਿਆਰ[58] ਅੰਦਰ ਰਮ ਜਾਂਦਾ ਹੈ, ਜਦ ਉਹ ਵਾਹਿਗੁਰੂ ਦੀ ਕੀਰਤੀ[59] ਆਲਾਪਦਾ[60] ਹੈ ।
ਪਪੀਹਾ[61] ਮੂਸਲੇਧਾਰ[64] ਮੀਂਹ ਦੇ ਪਾਣੀ[63] ਪੈਣ[62] ਨੂੰ ਪਿਆਰ ਕਰਦਾ ਹੈ ।

[65]ਨਰਪਤਿ[66] ਪ੍ਰੀਤਿ ਮਾਇਆ[67]ਦੇਖਿ[68]ਪਸਾਰਾ[69]॥	The Master[66] of men[65] (King) loves to see[68] the display[69] of wealth[67].	ਮਨੁਖਾਂ[65] ਦੇ ਮਾਲਕ[66] (ਪਾਤਸ਼ਾਹ) ਨੂੰ ਧਨ-ਦੌਲਤ[67] ਦਾ ਅਡੰਬਰ[69] ਵੇਖਣ[68] ਦਾ ਪਿਆਰ ਹੈ।
ਹਰਿ[70] ਜਨ ਪ੍ਰੀਤਿ ਜਪੈ[71] [72]ਨਿਰੰਕਾਰਾ[73] ॥੩॥	The Godly man[70] loves to meditate[71] on the [73]formless[72] Lord,	ਰਬ ਦਾ ਬੰਦਾ[70] ਚਕਰ[73]-ਚਿਹਨ ਰਹਿਤ[72] ਪ੍ਰਭੂ ਦੇ ਸਿਮਰਨ[71] ਕਰਨ ਨੂੰ ਪਿਆਰ ਕਰਦਾ ਹੈ।
ਨਰ[74] ਪ੍ਰਾਣੀ[75] ਪ੍ਰੀਤਿ ਮਾਇਆ[76] ਧਨੁ[77]ਖਾਟੇ[78] ॥	The mortal[75] man[74] loves to earn[78] wealth[76] and property[77].	ਮਰਣਹਾਰ[75] ਮਨੁੱਸ਼[74] ਨੂੰ ਦੌਲਤ[76] ਤੇ ਜਾਇਦਾਦ[77] ਕਮਾਉਣ[78] ਦੇ ਨਾਲ ਮੁਹੱਬਤ ਹੈ।
ਗੁਰਸਿਖ ਪ੍ਰੀਤਿ ਗੁਰੁ ਮਿਲੈ[79] ਗਲਾਟੇ[80] ॥	Guru's Sikh loves to meet[79] and embrace[80] his Guru.	ਗੁਰੂ ਦਾ ਸਿਖ ਗੁਰਾਂ ਨੂੰ ਭੇਟਣ[79] ਅਤੇ ਉਨ੍ਹਾਂ ਦੇ ਗਲੇ ਲਗਣ[80] ਨੂੰ ਮੁਹੱਬਤ ਕਰਦਾ ਹੈ।
ਜਨ[81] ਨਾਨਕ ਪ੍ਰੀਤਿ ਸਾਧ[82] ਪਗ[83]ਚਾਟੇ[84]॥੪॥੩॥੪੧॥	Serf[81] Nanak loves to lick[84] the feet[83] of God's Saints[82].	ਨਫ਼ਰ[81] ਨਾਨਕ ਰੱਬ ਦੇ ਸੰਤਾਂ[82] ਦੇ ਪੈਰ[83] ਚਟਣ[84] ਨੂੰ ਪ੍ਰੀਤ ਕਰਦਾ ਹੈ।
ਗਉੜੀ ਗੁਆਰੇਰੀ	Gauri Gaureri	ਗਉੜੀ ਗੁਆਰੇਰੀ
ਮਹਲਾ ੪ ॥	4th Guru.	ਪਾਤਸ਼ਾਹੀ ਚੌਥੀ।
ਭੀਖਕ[85] ਪ੍ਰੀਤਿ ਭੀਖ[86] ਪ੍ਰਭੁ[87] ਪਾਇ[88] ॥	The beggar[85]loves to receive[88] alms[86] from the house-Lord[87]	ਮੰਗਤਾ[85] ਘਰ ਦੇ ਸੁਆਮੀ[87] ਪਾਸੋਂ ਖ਼ੈਰ[86] ਲੈਣ[88] ਨੂੰ ਪਿਆਰ ਕਰਦਾ ਹੈ।
ਭੂਖੇ[89] ਪ੍ਰੀਤਿ ਹੋਵੈ ਅੰਨੁ[90] ਖਾਇ[91] ॥	The hungry[89] man loves to take[91] food [90]	ਭੁੱਖੇ[89] ਦਾ ਪਿਆਰ ਭੋਜਨ[90] ਖਾਣ[91] ਨਾਲ ਹੈ।
ਗੁਰਸਿਖ ਪ੍ਰੀਤਿ ਗੁਰ ਮਿਲਿ[92] ਆਘਾਇ[93] ॥੧॥	The disiciple of Guru, loves to be satiated[93] by meeting[92] the Guru.	ਗੁਰੂ ਦੇ ਸਿਖ ਦੀ ਮੁਹੱਬਤ ਗੁਰਾਂ ਨੂੰ ਭੇਟ[92] ਕੇ ਤ੍ਰਿਪਤ[93] ਹੋਣ ਨਾਲ ਹੈ।
ਹਰਿ[94] ਦਰਸਨੁ[95] ਦੇਹੁ[96] ਹਰਿ[93] ਆਸ[98] ਤੁਮਾਰੀ[99]॥	O, Lord[94], grant[96] me Thine sight[95]. My hope[98] is in Thee[99], my God[97].	ਹੇ ਸਾਂਈਂ[94] ਮੈਨੂੰ ਆਪਣਾ ਦੀਦਾਰ[95] ਬਖ਼ਸ਼[96]। ਮੇਰੀ ਉਮੈਦ[93] ਤੇਰੇ[99] ਵਿਚ ਹੈ, ਮੇਰੇ ਵਾਹਿਗੁਰੂ[97]।
ਕਰਿ[100] ਕਿਰਪਾ[2] ਲੋਚ[3] ਪੂਰਿ[4] ਹਮਾਰੀ ॥[5]	Show[100] mercy[2] unto me, and fulfil[4] my[5] desire[3]	ਮੇਰੇ ਉਤੇ ਰਹਿਮਤ[2] ਧਾਰ[100] ਅਤੇ ਮੇਰੀ[5] ਖ਼ਾਹਿਸ਼[3] ਪੂਰੀ[4] ਕਰ।
੧॥ ਰਹਾਉ ॥	Pause.	ਠਹਿਰਾਉ।
ਚਕਵੀ[6] ਪ੍ਰੀਤਿ ਸੂਰਜੁ[7] ਮੁਖਿ[8] ਲਾਗੈ ॥	The she [6]ruddy-goose love to see the Sun[7] before her face[8].	ਸੁਰਖ਼ਾਬਣੀ[6] ਦਾ ਸੂਰਜ[7] ਨੂੰ ਆਪਣੇ ਮੂੰਹ[8] ਮੂਹਰੇ ਵੇਖਣ ਨਾਲ ਪਿਆਰ ਹੈ।
ਮਿਲੈ ਪਿਆਰੇ[9] ਸਭ ਦੂਖ[10] ਤਿਆਗੈ[12] ॥ ਗੁਰਸਿਖ ਪ੍ਰੀਤਿ ਗੁਰੂ ਮੁਖਿ[13] ਲਾਗੈ ॥ ੨ ॥	Meeting her beloved[9], her misery[10] is all shed[12]. Guru's disciple loves to remain in audience[13] of the Guru.	ਆਪਣੇ ਪ੍ਰੀਤਮ[9]ਨੂੰ ਮਿਲਕੇ ਉਸ ਦੀ ਬਿਪਤਾ[10]ਸਮੂਹ ਦੂਰ ਹੋ[12] ਜਾਂਦੀ ਹੈ। ਗੁਰ ਦਾ ਸਿਖ ਗੁਰਾਂ ਦੀ ਹਜ਼ੂਰੀ[13] ਵਿਚ ਰਹਿਣ ਨੂੰ ਪਿਆਰ ਕਰਦਾ ਹੈ।
ਬਛਰੇ[14] ਪ੍ਰੀਤਿ ਖੀਰੁ[15] ਮੁਖਿ[16] ਖਾਇ[17] ॥	The calf[14] loves to suck[17] the milk[15] with its mouth[16].	ਵੱਛਾ[14] ਆਪਣੇ ਮੂੰਹ[16] ਨਾਲ ਦੁੱਧ[15] ਚੁੰਘਣ[17] ਨੂੰ ਪਿਆਰ ਕਰਦਾ ਹੈ।
ਹਿਰਦੈ[18] ਬਿਗਸੈ[19] ਦੇਖੈ[20] ਮਾਇ[21] ॥	Its mind[18] blooms[19] on seeing[20] its mother[21].	ਆਪਣੀ ਮਾਂ[21] ਨੂੰ ਵੇਖ[20] ਕੇ ਇਸ ਦਾ ਰਿਦਾ[18] ਖਿੜ[19] ਜਾਂਦਾ ਹੈ।
ਗੁਰਸਿਖ ਪ੍ਰੀਤਿ ਗੁਰੂ ਮੁਖਿ[22] ਲਾਇ ॥੩॥	The Guru's disciple love to be called to the Guru's audience[22],by the Guru.	ਗੁਰਾਂ ਦਾ ਮੁਰੀਦ, ਗੁਰਾਂ ਵਲੋਂ, ਗੁਰਾਂ ਦੀ ਹਜ਼ੂਰੀ ਵਿਚ ਬੁਲਾਏ[22] ਜਾਣ ਨੂੰ ਪਿਆਰ ਕਰਦਾ ਹੈ।

ਹੋਰੁ[23] ਸਭ ਪ੍ਰੀਤਿ[24] ਮਾਇਆ[25] ਮੋਹੁ[26]ਕਾਚਾ[27]॥ ਬਿਨਸਿ[28] ਜਾਇ ਕੂਰਾ[29] ਕਚੁ[30] ਪਾਚਾ[31] ॥ ਜਨ[32] ਨਾਨਕ ਪ੍ਰੀਤਿ[33] ਤ੍ਰਿਪਤਿ[34] ਗੁਰੁ ਸਾਚਾ[35] ॥ ੪॥੪॥੪੨॥

All other[23] affections[24] are but false[27] attachments[26] of mammon[25].
These shall perish[28] like the false[29] and temporary[30] gilding[31].
Slave[32] Nanak is satiated[34] by enshringing affection[33] for the True Guru[35].

ਬਾਕੀ ਦੇ ਸਾਰੇ[23] ਪਿਆਰ[24], ਕੇਵਲ ਮੋਹਣੀ[25] ਦੇ ਕੂੜੇ[27] ਲਗਾਉ[26] ਹਨ।
ਇਹ ਝੂਠੇ[29] ਅਤੇ ਆਰਜ਼ੀ[30] ਟਾਕੇ[31] ਵਾਂਗ ਨਾਸ[28] ਹੋ ਜਾਣਗੇ।
ਗੋਲਾ[32] ਨਾਨਕ ਸਚੇ ਗੁਰਾ[35] ਨੂੰ ਪਿਆਰ[33] ਕਰਨ ਦੁਆਰਾ ਸੰਤੁਸ਼ਟ[34] ਹੋ ਜਾਂਦਾ ਹੈ।

੧੬੫
ਗਉੜੀ ਗੁਆਰੇਰੀ
ਮਹਲਾ ੪ ॥

ਸਤਿਗੁਰ ਸੇਵਾ[36] ਸਫਲ[36*] ਹੈ ਬਣੀ ॥ ਜਿਤੁ[37] ਮਿਲਿ ਹਰਿਨਾਮੁ ਧਿਆਇਆ[38] ਹਰਿ ਧਣੀ[39] ॥
ਜਿਨ ਹਰਿ ਜਪਿਆ[40] ਤਿਨ ਪੀਛੈ[41]ਛੂਟੀ[42] ਘਣੀ[43]॥੧॥

ਗੁਰਸਿਖ ਹਰ ਬੋਲਹੁ[44] ਮੇਰੇ ਭਾਈ[45] ॥
ਹਰਿ ਬੋਲਤ ਸਭ ਪਾਪ[46] ਲਹਿ ਜਾਈ[47]॥੧॥ਰਹਾਉ॥
ਜਬ[48]ਗੁਰੁ ਮਿਲਿਆ ਤਬ[49] ਮਨੁ ਵਸਿ ਆਇਆ[50] ॥
ਧਾਵਤ[51] ਪੰਚ[52] ਰਹੇ[53] ਹਰਿ ਧਿਆਇਆ[54] ॥
ਅਨੁਦਿਨੁ[55] ਨਗਰੀ[56] ਹਰਿ ਗੁਣ[57] ਗਾਇਆ[58] ॥੨॥
ਸਤਿਗੁਰ ਪਗ[59] ਧੂਰਿ[60] ਜਿਨਾ ਮੁਖਿ[61] ਲਾਈ[62] ॥
ਤਿਨ[63] ਕੂੜ[64] ਤਿਆਗੇ[65] ਹਰਿ ਲਿਵ[66] ਲਾਈ[67] ॥
ਤੇ[68] ਹਰਿ ਦਰਗਹ[69] ਮੁਖ[70] ਊਜਲ[71] ਭਾਈ[72] ॥੩॥

ਗੁਰ ਸੇਵਾ[73] ਆਪਿ[74] ਹਰਿ

165
Gauri Guareri
4th Guru.

Fruitfal[36*]is the service[36] of the True Guru, by meeting whom[37], I meditate[38] on the Name of God, the Lord Master[39].
Good many[43] have been emancipated[42] in the wake[41] of those who have remembered[40] God.
O, my brethren[45], the disciples of the Guru, utter[44] ye the Name of God.
By repeating God's Name all the sins[46] are washed off[47]. Pause.
When[48] the Guru is met, then[49] the Mind is controlled[50], The running about of the five evil passions ceases[53] by God's meditation[54], and night[55] and day, the man sings[58] Lord's praises[57] within his body hamlet[56].
They[63] who apply[62] the dust[60] of the True Guru's feet[59], to their face[61], leave[65] falsehood[64], and enshrine[67] affection[66] for God.
Their[68] countenance[70] become bright[71] in Lord's court[69], O, brother[72].
Guru's service[73] is pleasing[75] to God

੧੬੫
ਗਉੜੀ ਗੁਆਰੇਰੀ
ਪਾਤਸ਼ਾਹੀ ਚੌਥੀ ।

ਫਲਦਾਇਕ[36*] ਹੈ ਸੱਚੇ ਗੁਰਾਂ ਦੀ ਚਾਕਰੀ[36], ਜਿਨ੍ਹਾਂ[37] ਨੂੰ ਮਿਲਣ ਦੁਆਰਾ ਮੈਂ ਸੁਆਮੀ ਮਾਲਕ[39], ਵਾਹਿਗੁਰੂ ਦੇ ਨਾਮ ਦਾ ਆਰਾਧਨ[38] ਕਰਦਾ ਹਾਂ।
ਜਿਨ੍ਹਾਂ ਨੇ ਵਾਹਿਗੁਰੂ ਦਾ ਸਿਮਰਨ[40] ਕੀਤਾ ਹੈ, ਉਨ੍ਹਾਂ ਦੇ ਮਗਰ[41] ਲਗ ਕੇ ਬਹੁਤ ਸਾਰੇ[43] ਬੰਦ-ਖਲਾਸ[42] ਹੋ ਗਏ ਹਨ।
ਹੇ ਮੇਰੇ ਭਰਾਓ[45] ਗੁਰੂ ਦੇ ਮੁਰੀਦੋ, ਤੁਸੀਂ ਵਾਹਿਗੁਰੂ ਦੇ ਨਾਮ ਦਾ ਉਚਾਰਨ[44] ਕਰੋ।
ਵਾਹਿਗੁਰੂ ਦੇ ਨਾਮ ਦਾ ਜਾਪ ਕਰਨ ਦੁਆਰਾ ਸਮੂਹ ਕਸਮਲ[46] ਧੋਤੇ ਜਾਂਦੇ[47] ਹਨ। ਠਹਿਰਾਉ।
ਜਦ[48] ਗੁਰੂ ਜੀ ਮਿਲ ਪੈਂਦੇ ਹਨ, ਤਦ[49] ਮਨੂਆ ਕਾਬੂ[50] ਵਿਚ ਆ ਜਾਂਦਾ ਹੈ! ਵਾਹਿਗੁਰੂ ਦਾ ਸਿਮਰਨ[54] ਕਰਨ ਦੁਆਰਾ ਪੰਜੇ[52]ਮੰਦੇ ਵੇਗਾਂ ਦੀ ਦੌੜ-ਭੱਜ[51]ਮੁਕ[53] ਜਾਂਦੀ ਹੈ ਅਤੇ ਰੈਣ[55] ਦਿਨੁੰ ਇੰਨਸਾਨ ਆਪਣੀ ਦੇਹਿ ਦੇ ਪਿੰਡ[56] ਅੰਦਰ ਸਾਹਿਬ ਦਾ ਜੱਸ[57] ਗਾਇਨ[58] ਕਰਦਾ ਹੈ।

ਜਿਹੜੇ ਸੱਚੇ ਗੁਰਾਂ ਦੇ ਚਰਨਾਂ[59] ਦੀ ਖ਼ਾਕ[60] ਆਪਣੇ ਚਿਹਰੇ[61] ਨੂੰ ਲਾਉਂਦੇ[62] ਹਨ, ਉਹ[63] ਝੂਠ[64] ਨੂੰ ਛਡ[65] ਦਿੰਦੇ ਹਨ ਅਤੇ ਵਾਹਿਗੁਰੂ ਨਾਲ ਪ੍ਰੀਤ[66] ਪਾ ਲੈਂਦੇ[67] ਹਨ।
ਉਨ੍ਹਾਂ[68] ਦੇ ਚਿਹਰੇ[70] ਸਾਹਿਬ ਦੇ ਦਰਬਾਰ[69] ਅੰਦਰ ਰੋਸ਼ਨ[71] ਹੁੰਦੇ ਹਨ, ਹੇ ਵੀਰ[72]।

ਗੁਰਾਂ ਦੀ ਟਹਿਲ[73] ਵਾਹਿਗੁਰੂ ਨੂੰ ਖ਼ੁਦ[74] ਚੰਗੀ[75]

ਭਾਵੈ[75] ॥ ਕ੍ਰਿਸਨੁ ਬਲਭਦ੍ਰ ਗੁਰ ਪਗ[76] ਲਗਿ[77] ਧਿਆਵੈ[78] ॥ ਨਾਨਕ ਗੁਰਮੁਖਿ[79] ਹਰਿ ਆਪਿ[80] ਤਰਾਵੈ[81] ॥੪॥੫॥੪੩॥

Himself[74]. Krishna and Balbhadar, contemplated[78] over the Lord, by falling[77] at their Guru's feet[76]. O Nanak, the Guru-wards[79], God Himself[80] saves[81].

ਲਗਦੀ ਹੈ। ਕ੍ਰਿਸ਼ਨ ਅਤੇ ਬਲਭਦਰ ਨੇ, ਆਪਣੇ ਗੁਰੂ ਦੇ ਪੈਰੀਂ[76] ਡਿਗ[77] ਕੇ ਸਾਂਈਂ ਦਾ ਸਿਮਰਨ[78] ਕੀਤਾ। ਹੇ ਨਾਨਕ! ਗੁਰੂ ਸਮਰਪਣਾ[79] ਨੂੰ ਵਾਹਿਗੁਰੂ ਖ਼ੁਦ[80] ਪਾਰ ਲੰਘਾਉਂਦਾ[81] ਹੈ।

ਗਉੜੀ ਗੁਆਰੇਰੀ
ਮਹਲਾ ੪ ॥

Gauri Guareri
4th Guru.

ਗਉੜੀ ਗੁਆਰੇਰੀ
ਪਾਤਸ਼ਾਹੀ ਚੌਥੀ

ਹਰਿ ਆਪੇ[82] ਜੋਗੀ ਡੰਡਾਧਾਰੀ[83] ॥

God Himself[82] is the Yogi, Staff-holder[83].

ਵਾਹਿਗੁਰੂ ਆਪ[82] ਹੀ ਸੋਟਾ ਰਖਣ ਵਾਲਾ[83] ਜੋਗੀ ਹੈ।

ਹਰਿ ਆਪੇ ਰਵਿ ਰਹਿਆ[84] ਬਨਵਾਰੀ[85] ॥

God, the Gardener of the world-[85] forest, Himself is pervading[84] everywhere.

ਜਗਤ ਬਾਗ਼ ਦਾ ਮਾਲੀ[85], ਵਾਹਿਗੁਰੂ ਹਰ ਥਾਂ, ਆਪ ਹੀ ਵਿਆਪਕ[84] ਹੋ ਰਿਹਾ ਹੈ।

ਹਰਿ ਆਪੇ ਤਪੁ[86] ਤਾਪੈ[87] ਲਾਇ[88] ਤਾਰੀ[89] ॥੧॥

God Himesl practises[87] penance[86] and assumes[88] contemplative mood[89].

ਵਾਹਿਗੁਰੂ ਖ਼ੁਦ ਹੀ ਤਪੱਸਿਆ[86] ਕਰਦਾ[87] ਅਤੇ ਧਿਆਨ ਅਵਸਥਾ[89] ਧਾਰਦਾ[88] ਹੈ।

ਐਸਾ[90] ਮੇਰਾ ਰਾਮੁ ਰਹਿਆ ਭਰਪੂਰਿ[91] ॥

Such[90] is my Lord, who is fully filling[91] all the places.

ਇਹੋ ਜੇਹਾ[90] ਮੇਰਾ ਮਾਲਕ ਹੈ ਜੋ ਸਾਰੀਆਂ ਥਾਵਾਂ ਵਿਚ ਪਰੀਪੂਰਨ[91] ਹੈ।

ਨਿਕਟਿ[92] ਵਸੈ[93] ਨਾਹੀ ਹਰਿ ਦੂਰਿ[94] ॥੧॥ਰਹਾਉ॥

God abides[93] near[92] at hand. He is not far off[94]. Pause.

ਵਾਹਿਗੁਰੂ ਲਾਗੇ[92] ਹੀ ਰਹਿੰਦਾ[93] ਹੈ। ਉਹ ਦੂਰੇਡੇ[94] ਨਹੀਂ। ਠਹਿਰਾਉ।

ਹਰਿ ਆਪੇ[95] ਸਬਦੁ[96] ਸੁਰਤਿ[97] ਧੁਨਿ[98] ਆਪੇ ॥

God Himself[95] is the Word[96] and Himself the understanding[97], which is tuned to its music[98].

ਵਾਹਿਗੁਰੂ ਖ਼ੁਦ[95] ਬਾਣੀ[96] ਹੈ ਅਤੇ ਖ਼ੁਦ ਹੀ ਸਮਝ ਸੋਚ[97] ਜੋ ਇਸ ਦੇ ਕੀਰਤਨ[98] ਨਾਲ ਸੁਰਤਾਲ ਵਿਚ ਹੋਈ ਹੋਈ ਹੈ।

ਹਰਿ ਆਪੇ ਵੇਖੈ[99] ਵਿਗਸੈ[100] ਆਪੇ ॥

God Himself beholds[99] and He Himself blooms[100] forth.

ਵਾਹਿਗੁਰੂ ਖ਼ੁਦ ਦੇਖਦਾ[99] ਹੈ ਅਤੇ ਖ਼ੁਦ ਹੀ ਪਰਫੁਲਤ[100] ਹੁੰਦਾ ਹੈ।

ਹਰਿ ਆਪਿ ਜਪਾਇ[2] ਆਪੇ ਹਰਿ ਜਾਪੇ[3] ॥ ੨ ॥

God Himself recites[3] the Word and He Himself causes others to recite[2] It.

ਵਾਹਿਗੁਰੂ ਖ਼ੁਦ ਸ਼ਬਦ ਦਾ ਜਾਪ ਕਰਦਾ[3] ਹੈ ਅਤੇ ਹੋਰਨਾਂ ਪਾਸੋਂ ਇਸ ਦਾ ਜਾਪ ਕਰਵਾਉਂਦਾ[2] ਹੈ।

ਹਰਿ ਆਪੇ ਸਾਰਿੰਗ[4] ਅੰਮ੍ਰਿਤੁ[5] ਧਾਰਾ[6] ॥

God Himself is the pied-cuckoo[4] and Himself the torrential rain[6] of Name-Nectar[5].

ਵਾਹਿਗੁਰੂ ਆਪ ਚਾਤ੍ਰਿਕ[4] ਹੈ ਅਤੇ ਆਪ ਹੀ ਨਾਮ-ਆਬਿ-ਹਿਯਾਤ[5] ਦਾ ਮੂਸਲਾਧਾਰ ਮੀਂਹ[6]।

ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ[7] ॥

God Himself is the draught-giver[7] of the Name-Nectar.

ਭਗਵਾਨ ਆਪੇ ਹੀ ਨਾਮ ਸੁਧਾਰਸ ਨੂੰ ਪੀਆਵਣਹਾਰਾ[7] ਹੈ।

ਹਰਿ ਆਪਿ[8] ਕਰੇ ਆਪੇ ਨਿਸਤਾਰਾ[9] ॥੩॥

God Himself does[8] everything, and Himself emancipates[9] the mortals.

ਭਗਵਾਨ ਆਪੇ ਹੀ ਸਭ ਕੁਛ ਕਰਦਾ[8] ਹੈ ਅਤੇ ਆਪ ਹੀ ਪ੍ਰਾਣੀ ਨੂੰ ਪਾਰ ਉਤਾਰਦਾ[9] ਹੈ।

ਹਰਿ ਆਪੇ ਬੇੜੀ[10] ਤੁਲਹਾ[12] ਤਾਰਾ[13] ॥

God Himself is the boat[10], the raft[12] and the boatman[13].

ਵਾਹਿਗੁਰੂ ਖ਼ੁਦ ਨਉਕਾ[10], ਤੁਲਹੜਾ[12] ਅਤੇ ਮਲਾਹ[13] ਹੈ।

ਹਰਿ ਆਪੇ ਗੁਰਮਤੀ[14]

Through Guru's instruction[14], God

ਗੁਰਾਂ ਦੇ ਉਪਦੇਸ਼[14] ਰਾਹੀਂ ਵਾਹਿਗੁਰੂ ਆਪ ਹੀ ਜੀਵਾਂ

ਨਿਸਤਾਰਾ[15] ॥
ਹਰਿ ਆਪੇ ਨਾਨਕ ਪਾਵੈ ਪਾਰਾ[16] ॥੪॥੬॥੪੪॥

Himself delivers[15] the mortals.
O Nanak, God Himself ferries[16] men across the world-ocean.

ਦਾ ਉਧਾਰ[15] ਕਰਦਾ ਹੈ ।
ਹੇ ਨਾਨਕ ! ਭਗਵਾਨ ਖ਼ੁਦ ਹੀ, ਬੰਦਿਆਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਦਾ[16] ਹੈ ।

ਗਉੜੀ ਬੈਰਾਗਣਿ
ਮਹਲਾ ੪ ॥

Gauri Bairagan
4th Guru.

ਗਉੜੀ ਬੈਰਾਗ਼ਣਿ
ਪਾਤਸ਼ਾਹੀ ਚੌਥੀ ।

ਸਾਹੁ[17] ਹਮਾਰਾ[18] ਤੂੰ ਧਣੀ[19] ਜੈਸੀ[20] ਤੂੰ ਰਾਸਿ[21] ਦੇਹਿ[22] ਤੈਸੀ[23] ਹਮ ਲੇਹਿ[24] ॥
ਹਰਿਨਾਮੁ ਵਣੰਜਹ[25] ਰੰਗ[26] ਸਿਉ[27] ਜੇ[28] ਆਪਿ ਦਇਆਲੁ[29] ਹੋਇ[30] ਦੇਇ[31] ॥ ੧ ॥

Thou, O Master[19], art my[18] Banker[17]. As[20] is the stock-in-trade[21], that Thou givest[22] me, likewise[23] do I receive[24].
My God, if[28] becoming[30] Merciful[29] Thou Thyself givest[31] it to me, I would purchase[25] Thy Name with[27] love[26].

ਤੂੰ ਹੇ ਮਾਲਕ[19]! ਮੇਰਾ[18] ਸ਼ਾਹੂਕਾਰ[17] ਹੈਂ । ਜੇਹੋ ਜੇਹਾ[20] ਵੱਖਰ[21] ਤੂੰ ਮੈਨੂੰ ਦਿੰਦਾ[22] ਹੈਂ, ਉਹੋ ਜੇਹਾ[23] ਹੀ ਮੈਂ ਲੈਂਦਾ[24] ਹਾਂ ।
ਮੇਰੇ ਵਾਹਿਗੁਰੂ ਜੇਕਰ[28] ਮਿਹਰਬਾਨ[29] ਹੋ ਕੇ[30], ਤੂੰ ਖ਼ੁਦ ਇਸ ਨੂੰ ਮੈਨੂੰ ਦੇਵੇਂ[31] ਤਾਂ ਮੈਂ ਪਿਆਰ[26] ਨਾਲ[27] ਤੇਰੇ ਨਾਮ ਨੂੰ ਵਿਹਾਝਾਂ[25] ।

ਹਮ ਵਣਜਾਰੇ[32] ਰਾਮ[33] ਕੇ॥
ਹਰਿ ਵਣਜੁ[34] ਕਰਾਵੈ[35] ਦੇ[36] ਰਾਸਿ[37] ਰੇ[38]॥੧॥ ਰਹਾਉ॥

I am the pedlar[32] of the Pervading[33] Lord. Giving[36] me the capital[37], the Lord causes me to transact[35] the business[34] of His Name, O[38] man. Pause.

ਮੈਂ ਵਿਆਪਕ[33] ਪ੍ਰਭੂ ਦਾ ਵਪਾਰੀ[32] ਹਾਂ । ਧਨ-ਦੌਲਤ[37] ਬਖ਼ਸ਼[36] ਕੇ, ਪ੍ਰਭੂ ਮੇਰੇ ਪਾਸੋਂ ਆਪਣੇ ਨਾਮ ਦੀ ਸੌਦਾਗਰੀ[34] ਕਰਾਉਂਦਾ[35] ਹੈ, ਹੇ[38] ਬੰਦੇ !
ਠਹਿਰਾਉ ।

ਲਾਹਾ[39] ਹਰਿ ਭਗਤਿ[40] ਧਨੁ[41] ਖਟਿਆ[42] ਹਰਿ ਸਚੇ ਸਾਹ[43] ਮਨਿ[44] ਭਾਇਆ[45]॥

I have earned[42] the profit[39] of the wealth[41] of God's devotion[40] and have become pleasing[45] to the mind[44] of God, the True Banker[43].

ਮੈਂ ਵਾਹਿਗੁਰੂ ਦੇ ਅਨੁਰਾਗ[40] ਦੀ ਦੌਲਤ[41] ਦਾ ਨਫ਼ਾ[39] ਕਮਾਇਆ[42] ਹੈ ਅਤੇ ਸੱਚੇ ਸ਼ਾਹੂਕਾਰ[43], ਵਾਹਿਗੁਰੂ ਦੇ ਚਿੱਤ[44] ਨੂੰ ਪਸੰਦ ਆ[45] ਗਿਆ ਹਾਂ ।

ਹਰਿ ਜਪਿ[46] ਹਰਿ ਵਖਰੁ[47] ਲਦਿਆ[48] ਜਮ[49] ਜਾਗਾਤੀ[50] ਨੇੜਿ[51] ਨ ਆਇਆ[52]॥੨॥

I remember[46] God and I have loaded[48] the merchandise[47] of God's Name. Death's courier[49], the tax-gatherer[50], draws[52] not near[51] me.

ਮੈਂ ਵਾਹਿਗੁਰੂ ਦਾ ਚਿੰਤਨ[46] ਕਰਦਾ ਹਾਂ ਤੇ ਮੈਂ ਰੱਬ ਦੇ ਨਾਮ ਦਾ ਸੌਦਾ ਸੂਤ[47] ਭਾਰ[48] ਕੀਤਾ ਹੈ । ਮਸੂਲ ਲੈਣ ਵਾਲਾ[50], ਮੌਤ ਦਾ ਦੂਤ[49], ਮੇਰੇ ਨਜ਼ਦੀਕ[51] ਨਹੀਂ ਢੁਕਦਾ[52] ।

ਹੋਰੁ[53] ਵਣਜੁ[54] ਕਰਹਿ[55] ਵਾਪਾਰੀਏ[56] ਅਨੰਤ[57] ਤਰੰਗੀ[58] ਦੁਖੁ[59] ਮਾਇਆ[60]॥
ਓਇ[61] ਜੇਹੈ[62] ਵਣਜਿ[63] ਹਰਿ ਲਾਇਆ[64] ਫਲੁ[65] ਤੇਹਾ[66] ਤਿਨ[67] ਪਾਇਆ[68]॥ ੩ ॥

The traders[56], who deal[55] in other[53] trades[54], suffer the pangs[59] of mammon[60] of infinite[57] ripples[58].
As[62] is the business[63] to which God has put[64] them[61], so[66] is the reward[65] they[67] obtain[68].

ਸੁਦਾਗਰ[56], ਜੋ ਹੋਰਸੁ[53] ਵਪਾਰ[54] ਕਰਦੇ[55] ਹਨ, ਉਹ ਬੇਅੰਤ[57] ਲਹਿਰਾਂ ਵਾਲੀ[58] ਮੋਹਨੀ[60] ਦੇ ਕਸ਼ਟ[59] ਉਠਾਉਂਦੇ ਹਨ ।
ਜੇਹੋ ਜੇਹੇ[62] ਵਪਾਰ[63] ਵਾਹਿਗੁਰੂ ਨੇ ਉਹਨਾਂ[61] ਨੂੰ ਲਾਇਆ[64] ਹੈ ਉਹੋ ਜਿਹੇ[66] ਹੀ ਇਨਾਮ-ਇਕਰਾਮ[65] ਉਹ[70] ਹਾਸਲ[68] ਕਰਦੇ ਹਨ ।

ਹਰਿ[69] ਹਰਿ ਵਣਜੁ[70] ਸੋ[71] ਜਨੁ[72] ਕਰੇ[73] ਜਸੁ[74] ਕ੍ਰਿਪਾਲੁ[75] ਹੋਇ ਪ੍ਰਭੁ[76] ਦੇਈ[77] ॥

The[71] man[72], to whom[74] the Master[76] is Merciful[75] and gives[77], deals[73] in Lord[69] God's trade[70].

ਉਹ[71] ਮਨੁਖ[72] ਜਿਸ[74] ਉਤੇ ਮਾਲਕ[76] ਮਿਹਰਬਾਨ[75] ਹੈ ਅਤੇ ਜਿਸ ਨੂੰ ਉਹ ਦਿੰਦਾ[77] ਹੈ, ਵਾਹਿਗੁਰੂ[69] ਸੁਆਮੀ ਦੀ ਸੁਦਾਗਰੀ[70] ਵਿਚ ਜੁੜਦਾ[73] ਹੈ ।

ਜਨ[78]ਨਾਨਕ ਸਾਹੁ[79] ਹਰਿ ਸੇਵਿਆ[80] ਥਿਰਿ[81] ਲੇਖਾ[82] ਮੂਲਿ ਨ ਲੇਈ[83] ॥੪॥੧॥ ੭॥੪੫॥

Serf[78] Nanak serves[80] God, his Banker[79] and He shall, never, call[83] him to account[82] again[81].

ਨਫ਼ਰ[78] ਨਾਨਕ ਆਪਣੇ ਸ਼ਾਹੂਕਾਰ[79] ਵਾਹਿਗੁਰੂ ਦੀ ਟਹਿਲ ਕਮਾਉਂਦਾ[80] ਹੈ ਅਤੇ ਉਹ ਕਦਾਚਿਤ ਉਸ ਕੋਲੋਂ ਮੁੜ[81] ਕੇ ਹਿਸਾਬ[82] ਨਹੀਂ ਮੰਗੇਗਾ[83]।

ਗਉੜੀ ਬੈਰਾਗਣਿ
ਮਹਲਾ ੪ ॥

Gauri Bairagan
4th Guru.

ਗਉੜੀ ਬੈਰਾਗਣਿ
ਪਾਤਸ਼ਾਹੀ ੪ ਚੌਥੀ।

ਜਿਉ[84] ਜਨਨੀ[85] ਗਰਭੁ[86] ਪਾਲਤੀ[87] ਸੁਤ[88] ਕੀ ਕਰਿ[89] ਆਸਾ[90] ॥ ਵਡਾ[91] ਹੋਇ ਧਨੁ[92]ਖਾਟਿ[93] ਦੇਇ[94] ਕਰਿ[95] ਭੋਗ ਬਿਲਾਸਾ[96] ॥ ਤਿਉ[97] ਹਰਿਜਨ[98]ਪ੍ਰੀਤਿ[99] ਹਰਿ ਰਾਖਦਾ[100] ਦੇ[2]ਆਪਿ ਹਥਾਸਾ[3]॥੧॥

As[84] the mother[85] entertaining[89] the hope[90] of a son[88], nourishes[87] her foetus[86], thinking that when grown[91] up, he would earn[93] and give[94] her money[92] to make[95] merry[96],
So[97] does the man[98] of God bear[100] love[99] to God, who gives[2] him His helping hand[3].

ਜਿਸ ਤਰ੍ਹਾਂ[84] ਪੁਤ੍ਰ[88] ਦੀ ਉਮੈਦ[90] ਧਾਰ[89] ਕੇ ਮਾਤਾ[85] ਪੇਟ ਵਿਚ ਬੱਚੇ[86] ਦੀ ਪਰਵਰਸ਼[87] ਕਰਦੀ ਹੈ, ਇਹ ਖ਼ਿਆਲ ਕਰ ਕੇ ਕਿ ਜੁਆਨ[91] ਹੋ ਕੇ ਉਹ ਰੁਪਿਆ[92] ਕਮਾਏਗਾ[93]ਅਤੇ ਅਨੰਦ[96] ਮਾਨਣ[95]ਲਈ ਮੈਨੂੰ ਦਏਗਾ[94]

ਏਸੇ ਤਰ੍ਹਾਂ[97] ਰੱਬ ਦਾ ਬੰਦਾ[98] ਰਬ ਨੂੰ ਪਿਆਰ[99] ਕਰਦਾ[100] ਹੈ, ਜੋ ਆਪਣੀ ਸਹਾਇਤਾ ਦਾ ਹਥ[3] ਉਸ ਨੂੰ ਦਿੰਦਾ[2] ਹੈ।

੧੬੬

166

੧੬੬

ਮੇਰੇ ਰਾਮ[4] ਮੈ ਮੂਰਖਿ[5]ਹਰਿ[6] ਰਾਖੁ[7] ਮੇਰੇ ਗੁਸਈਆ[8] ॥ ਜਨ[9] ਕੀ ਉਪਮਾ[10] ਤੁਝਹਿ[12] ਵਡਈਆ[13] ॥ ੧॥ਰਹਾਉ॥

O my Master[4], I am silly[5], save[7] me O my Lord[8] God[6].
Thy slave's[9] praise[10] is Thine own[12] glory[13]. Pause.

ਕਰਿ ਸੇਵਾ[97] ਭਜੁ[100] ਹਰਿ ਹਰਿ[2] ਗੁਰਮਤਿ[3] ॥	Perform the Lord's service[97], and repeat[100] God's Name[2] under the Guru's guidance[3].	ਗੁਰਾਂ ਦੀ ਅਗਵਾਈ[3] ਤਾਬੇ, ਸਾਹਿਬ ਦੀ ਟਹਿਲ[97] ਕਮਾ ਅਤੇ ਵਾਹਿਗੁਰੂ ਦਾ ਨਾਮ[2] ਜਪ[100] ।
ਤਿਆਗਿ[4] ਮਾਨੁ[5] ਝੂਠੁ[6] ਅਭਿਮਾਨੁ[7] ॥	Renounce[4] pride[5], falsehood[6] and insolence[7].	ਹੰਕਾਰ[5], ਕੂੜ[6] ਤੇ ਆਕੜ ਮੜਕ[7] ਨੂੰ ਛਡ[4] ਦੇ ।
ਜੀਵਤ[8] ਮਰਹਿ[9] ਦਰਗਹ[10] ਪਰਵਾਨੁ[12] ॥੩॥	Being dead[9] in life[8], thou shalt become acceptable[12] in the Lord's court[10],	ਜੀਉਂਦੇ[8] ਜੀ ਮਰ[9] ਕੇ, ਤੂੰ ਸਾਂਈ ਦੇ ਦਰਬਾਰ[10] ਅੰਦਰ ਕਬੂਲ[12] ਪੈ ਜਾਵੇਂਗਾ ।
ਜੋ[13] ਕਿਛੁ ਹੋਆ[14] ਸੁ[15] ਤੁਝ[16] ਤੇ[17] ਹੋਗੁ[18] ॥	Whatever[13] has[14] been, or shall[18] be, that[15] is from[17] Thee[16].	ਜਿਹੜਾ ਕੁਝ[13] ਭੀ ਹੋਇਆ[14] ਹੈ, ਜਾਂ ਹੋਵੇਗਾ[18], ਉਹ[15] ਤੇਰੇ[16] ਤੋਂ[17] ਹੀ ਹੈ ।
ਅਵਰੁ ਨ ਦੂਜਾ[19] ਕਰਣੈ ਜੋਗੁ[20] ॥	No one else[19] is capable[20] of doing that.	ਹੋਰ ਕੋਈ[19] ਉਸ ਨੂੰ ਕਰਨ ਦੇ ਸਮਰਥ[20] ਨਹੀਂ ।
ਤਾ[21] ਮਿਲੀਐ[22] ਜਾ[23] ਲੈਹਿ ਮਿਲਾਇ[24] ॥	If[23] Thou unite[24], then alone[21] one meets[22] Thee.	ਜੇਕਰ[23] ਤੂੰ ਮਿਲਾਵੇਂ[24], ਕੇਵਲ[21] ਤਾਂ ਹੀ ਆਦਮੀ ਤੈਨੂੰ ਮਿਲਦਾ[22] ਹੈ ।
ਕਹੁ[25] ਨਾਨਕ ਹਰਿ[26] ਹਰਿ ਗੁਣ[27] ਗਾਇ[28] ॥੪॥੩॥ ੭੨॥	Says[25] Nanak, O, man, sing[28] thou the praises[27] of the Lord[26] God.	ਗੁਰੂ ਜੀ ਆਖਦੇ[25] ਹਨ ਹੇ ਬੰਦੇ ! ਤੂੰ ਵਾਹਿਗੁਰੂ[26] ਸੁਆਮੀ ਦਾ ਜੱਸ[27] ਗਾਇਨ[28] ਕਰ ।
ਗਉੜੀ ਗੁਆਰੇਰੀ ਮਹਲਾ ੫ ॥	Gauri Guarei 5th Guru.	ਗਉੜੀ ਗੁਆਰੇਰੀ ਪਾਤਸ਼ਾਹੀ ਪੰਜਵੀਂ ।
ਕਰਮ[29] ਭੂਮਿ[30] ਮਹਿ[31] ਬੋਅਹੁ[32] ਨਾਮੁ ॥	In[31] the field[30] of actions[29] do thou sow[32] the Name.	ਅਮਲਾਂ[29] ਦੀ ਧਰਤੀ[30] ਅੰਦਰ[31] ਤੂੰ ਨਾਮ ਨੂੰ ਬੀਜ[32] ।
ਪੂਰਨ[33] ਹੋਇ ਤੁਮਾਰਾ ਕਾਮੁ[34] ॥	Thy affair[34] shall be accomplished[33].	ਤੇਰਾ ਕਾਰਜ[34] ਪੂਰਾ[33] ਹੋ ਜਾਵੇਗਾ ।
ਫਲ[35] ਪਾਵਹਿ[36] ਮਿਟੈ[37] ਜਮ[38] ਤ੍ਰਾਸ[39] ॥	Thou shalt obtain[36] the fruit[35], and thy fear[39] of death[38] shall be dispelled[37].	ਤੂੰ ਮੇਵਾ[35] ਪ੍ਰਾਪਤ[36] ਕਰ ਲਵੇਂਗਾ ਅਤੇ ਤੇਰਾ ਮੌਤ[38] ਦਾ ਡਰ[39] ਦੂਰ[37] ਹੋ ਜਾਵੇਗਾ ।
ਨਿਤ[40] ਗਾਵਹਿ[41] ਹਰਿ[42] ਹਰਿ ਗੁਣ[43] ਜਾਸ[44] ॥੧॥	Ever[40], sing[41] the excellences[43] and praises[44] of the Lord God[42].	ਹਮੇਸ਼ਾਂ[40], ਵਾਹਿਗੁਰੂ ਸੁਆਮੀ[42] ਦੀਆਂ ਵਡਿਆਈਆਂ[43] ਅਤੇ ਉਪਮਾ[44] ਗਾਇਨ[41] ਕਰ ।
ਹਰਿ ਹਰਿ ਨਾਮੁ ਅੰਤਰਿ[45] [46]ਉਰਿ ਧਾਰਿ[47]॥ ਸੀਘਰ[48] ਕਾਰਜੁ[49] ਲੇਹੁ ਸਵਾਰਿ[50]॥ ੧॥ ਰਹਾਉ ॥	The Lord God's Name, do thou clasp[47] to thy heart[46] and mind, and quickly[48] have thine affairs[49] set aright[50]. Pause.	ਵਾਹਿਗੁਰੂ ਸੁਆਮੀ ਦੇ ਨਾਮ ਨੂੰ ਤੂੰ ਆਪਣੇ ਦਿਲ[45] ਤੇ ਮਨ[46] ਨਾਲ ਲਾਈ[47] ਰਖ ਅਤੇ ਛੇਤੀ[48] ਹੀ ਆਪਣੇ ਕੰਮ[49] ਨੇਪਰੇ ਚਾੜ੍ਹ[50] ਲੈ । ਠਹਿਰਾਉ ।
ਅਪਨੇ ਪ੍ਰਭ ਸਿਉ[51] ਹੋਹੁ[52] ਸਾਵਧਾਨੁ[53] ॥	Be[52], ever ready[53] to perform the service of[51] Thy Lord.	ਆਪਣੇ ਸੁਆਮੀ ਦੀ[51] ਸੇਵਾ ਕਮਾਉਣ ਲਈ ਸਦਾ ਤਿਆਰ-ਬਰ-ਤਿਆਰ[53] ਰਹੁ[52] ।
ਤਾ[54]ਤੂੰ ਦਰਗਹ[55]ਪਾਵਹਿ[56]	Then[54], shalt thou obtain[56] honour[57]	ਤਦ[54] ਤੈਨੂੰ ਉਸ ਦੇ ਦਰਬਾਰ[55]ਅੰਦਰ ਇੱਜ਼ਤ[57] ਪ੍ਰਾਪਤ[56]

ਮਾਨੁ[57] ॥

at His court[56].

ਹੋਵੇਗੀ ।

੧੭੭

177

੧੭੭

ਉਕਤਿ[58] ਸਿਆਣਪ[59] ਸਗਲੀ[60] ਤਿਆਗੁ[61] ॥
ਸੰਤ ਜਨਾ[62] ਕੀ ਚਰਣੀ[63] ਲਾਗੁ[64] ॥੨॥

Abandon[61] all[60] thine devices[58] and clevernesses[59].
Cling[64] thou to the feet[63] of holy men[62].

ਆਪਣੀਆਂ ਯੁਕਤੀਆਂ[58] ਅਤੇ ਚਤੁਰਾਈਆਂ[59]ਸਾਰੀਆਂ[60] ਛੱਡ[61] ਦੇ ।
ਤੂੰ ਨੇਕ ਪੁਰਸ਼ਾਂ[62]ਦੇ ਪੈਰਾਂ[63] ਨੂੰ ਚਿਮੜ[64] ਜਾ ।

ਸਰਬ ਜੀਅ[65] ਹਹਿ[66] ਜਾ ਕੈ ਹਾਥਿ[67]॥ ਕਦੇ ਨ ਵਿਛੁੜੈ[68] ਸਭ ਕੈ ਸਾਥਿ[69] ॥

He, in whose hand[67] all the beings[65] are[66], is never separated[68] from them, and lives with them all.

ਜਿਸ ਦੇ ਹਥ[67]ਵਿਚ ਸਾਰੇ ਜੀਵ[65]ਹਨ[66], ਉਹ ਕਦਾਚਿੱਤ ਉਨ੍ਹਾਂ ਨਾਲੋਂ ਵੱਖਰਾ[68] ਨਹੀਂ ਹੁੰਦਾ ਅਤੇ ਉਨ੍ਹਾਂ ਸਾਰਿਆਂ ਦੇ ਨਾਲ[69] ਰਹਿੰਦਾ ਹੈ ।

ਉਪਾਵ[70] ਛੋਡਿ[71] ਗਹੁ[72] ਤਿਸ[73] ਕੀ ਓਟ[74] ॥
ਨਿਮਖ[75] ਮਾਹਿ[76] ਹੋਵੈ ਤੇਰੀ ਛੋਟਿ[77] ॥੩॥

Abandon[71] contrivances[70] and grasp[72] His[73] protection[74].
In[76] a moment[75], thou shalt obtain deliverance[77].

ਆਪਣੀਆਂ ਯੁਕਤੀਆਂ[70]ਤਿਆਗ[71]ਤੇ ਉਸ[73]ਦੀ ਪਨਾਹ[74] ਪਕੜ[72] ।
ਇਕ ਮੁਹਤ[75] ਵਿਚ[76] ਤੇਰੀ ਖ਼ਲਾਸੀ[77] ਹੋ ਜਾਏਗੀ ।

ਸਦਾ[78] ਨਿਕਟਿ[79] ਕਰਿ[82] ਤਿਸ[80] ਨੋ ਜਾਣੁ[81] ॥

Know[81] Him[80] as[82], ever[78], near[79] thee.

ਉਸ[80] ਨੂੰ ਹਮੇਸ਼ਾਂ[78] ਆਪਣੇ ਨੇੜੇ[79] ਕਰਕੇ[82] ਸਮਝ[81] ।

ਪ੍ਰਭ ਕੀ ਆਗਿਆ[83] ਸਤਿ[84] ਕਰਿ ਮਾਨੁ[85] ॥

Accept[85] Lord's command[83] as true[84].

ਸਾਹਿਬ ਦੇ ਫੁਰਮਾਨ[83] ਨੂੰ ਸੱਚਾ[84]ਕਰ ਕੇ ਕਬੂਲ[85] ਕਰ।

ਗੁਰ ਕੈ ਬਚਨਿ[86] ਮਿਟਾਵਹੁ[87] ਆਪੁ[88] ॥

Under Guru's instruction[86], efface[87] thy ownself[88].

ਗੁਰਾਂ ਦੇ ਉਪਦੇਸ਼[86]ਤਾਬੇ,ਆਪਣੇ[88] ਆਪ ਨੂੰ ਮੇਸ[87] ਦੇ ।

ਹਰਿ[89] ਹਰਿ ਨਾਮੁ ਨਾਨਕ ਜਪਿ ਜਾਪੁ[90]॥੪॥੪॥੭੩॥

Ever repeat[90], O, Nanak, the Name of Lord[89] God.

ਵਾਹਿਗੁਰੂ[89]ਸੁਆਮੀ ਦੇ ਨਾਮ ਦਾ ਸਦਾ ਉਚਾਰਨ[90]ਕਰ; ਹੇ ਨਾਨਕ !

ਗਉੜੀ ਗੁਆਰੇਰੀ
ਮਹਲਾ ੫ ॥

Gauri Guareri
5th Guru.

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ

ਗੁਰ ਕਾ ਬਚਨੁ[91] ਸਦਾ[92] ਅਬਿਨਾਸੀ[93] ॥

The Guru's word[91] is ever[92] eternal[93].

ਗੁਰਾਂ ਦਾ ਸ਼ਬਦ[91] ਸਦੀਵੀ[92] ਸਥਿਰ[93] ਹੈ ।

ਗੁਰ ਕੈ ਬਚਨਿ ਕਟੀ[94] ਜਮ[95] ਫਾਸੀ[96] ॥

By the Guru's word, Death's[95] noose[96] is cut[94].

ਗੁਰਾਂ ਦੇ ਸ਼ਬਦ ਦੁਆਰਾ ਮੌਤ[95] ਦੀ ਫ਼ਾਹੀ[96] ਟੁਕੀ[94] ਜਾਂਦੀ ਹੈ ।

ਗੁਰ ਕਾ ਬਚਨੁ ਜੀਅ[97] ਕੈ ਸੰਗਿ[98] ॥

The Guru's word remains with[98] the soul[97].

ਗੁਰਾਂ ਦਾ ਸ਼ਬਦ ਆਤਮ[97] ਦੇ ਨਾਲ[98] ਰਹਿੰਦਾ ਹੈ ।

ਗੁਰ ਕੈ ਬਚਨਿ ਰਚੈ[99] ਰਾਮ ਕੈ ਰੰਗਿ[100]॥੧॥

Through the Guru's word, man gets immersed[99] in the Lord'e love[100].

ਗੁਰਾਂ ਦੇ ਸ਼ਬਦ ਰਾਹੀਂ, ਇਨਸਾਨ ਪ੍ਰਭੂ ਦੇ ਪ੍ਰੇਮ[100]ਅੰਦਰ ਗੱਚ[99] ਹੋ ਜਾਂਦਾ ਹੈ ।

ਜੋ[2] ਗੁਰਿ ਦੀਆ[3] ਸੁ[4] ਮਨ[5] ਕੈ ਕਾਮਿ[6] ॥

Whatever[2] the Guru gives[3] that[4] is of use[6] to the soul[5].

ਜਿਹੜਾ ਕੁਛ[2]ਭੀ ਗੁਰੂ ਜੀ ਦਿੰਦੇ[3] ਹਨ,ਉਹ[4] ਆਤਮਾ[5] ਦੇ ਫ਼ਾਇਦੇ[6] ਲਈ ਹੈ ।

ਸੰਤ[7] ਕਾ ਕੀਆ ਸਤਿ[8] ਕਰਿ[9] ਮਾਨਿ[10]॥

Accept[10] as[9] true[8] all that the Saint-Guru[7] does.

ਸਾਰਾ ਕੁਛ ਜੋ ਸੰਤ-ਗੁਰਦੇਵ[7] ਜੀ ਕਰਦੇ ਹਨ, ਉਸ ਨੂੰ ਸੱਚ[8] ਜਾਣ[9] ਕੇ ਤਸਲੀਮ[10] ਕਰ ।

੧॥ ਰਹਾਉ ॥	Pause.	ਠਹਿਰਾਉ।
ਗੁਰ ਕਾ ਬਚਨੁ ਅਟਲ[12] ਅਛੇਦ[13] ॥	The Guru's word is unfallible[12], and immutable[13].	ਗੁਰਾਂ ਦਾ ਸ਼ਬਦ ਅਮੋੜ[12] ਤੇ ਅਮੇਟ[13] ਹੈ।
ਗੁਰ ਕੈ ਬਚਨਿ ਕਟੇ[14] ਭ੍ਰਮ[15] ਭੇਦ[16] ॥	By the Guru's word, doubts[15] and variances[16] are dispelled[14].	ਗੁਰਾਂ ਦੇ ਬਚਨ ਦੁਆਰਾ ਸੰਦੇਹ[15] ਤੇ ਅੰਤਰੇ[16] ਮਿਟ[14] ਜਾਂਦੇ ਹਨ।
ਗੁਰ ਕਾ ਬਚਨੁ ਕਤਹੁ[17] ਨ ਜਾਇ[18] ॥	The Guru's word (stays with the man, and) never goes[18] anywhere[17].	ਗੁਰਾਂ ਦਾ ਸ਼ਬਦ (ਇਨਸਾਨ ਦੇ ਨਾਲ ਰਹਿੰਦਾ ਹੈ ਅਤੇ) ਕਦਾਚਿੱਤ ਕਿਧਰੇ[17] ਨਹੀਂ ਜਾਂਦਾ[18]।
ਗੁਰ ਕੈ ਬਚਨਿ ਹਰਿ ਕੇ ਗੁਣ[19] ਗਾਇ[20] ॥੨॥	Through the Guru's word, he sings[20] the praises[19] of God.	ਗੁਰਾਂ ਦੇ ਸ਼ਬਦ ਰਾਹੀਂ ਉਹ ਵਾਹਿਗੁਰੂ ਦਾ ਜੱਸ[19] ਗਾਇਨ[20] ਕਰਦਾ ਹੈ।
ਗੁਰ ਕਾ ਬਚਨੁ ਜੀਅ[21] ਕੈ ਸਾਥ[22]॥	The Guru's word remains with[22] the soul[21].	ਗੁਰਾਂ ਦਾ ਸ਼ਬਦ ਆਤਮਾ[21] ਦੇ ਨਾਲ[22] ਰਹਿੰਦਾ ਹੈ।
ਗੁਰ ਕਾ ਬਚਨੁ ਅਨਾਥ[23] ਕੋ ਨਾਥ[24] ॥	The Guru's word is the Master[24] of the masterless[23].	ਗੁਰਾਂ ਦਾ ਸ਼ਬਦ ਨਿਖ਼ਸਮਿਆਂ[23] ਦਾ ਖ਼ਸਮ[24] ਹੈ।
ਗੁਰ ਕੈ ਬਚਨਿ ਨਰਕਿ[25] ਨ ਪਵੈ[26]	By the Guru's word man falls[26] not in hell[25].	ਗੁਰਾਂ ਦੇ ਸ਼ਬਦ ਦੁਆਰਾ ਬੰਦਾ ਦੋਜ਼ਕ[25] ਅੰਦਰ ਨਹੀਂ ਪੈਂਦਾ[26]।
ਗੁਰ ਕੈ ਬਚਨਿ ਰਸਨਾ[27] ਅੰਮ੍ਰਿਤੁ[28] ਰਵੈ[29] ॥੩॥	By the Guru's word,moral's tongue[27] relishes[29] God's elixir[28].	ਗੁਰਾਂ ਦੇ ਬਚਨ ਦੁਆਰਾ ਪ੍ਰਾਣੀ ਦੀ ਜੀਭ[27] ਵਾਹਿਗੁਰੂ ਸੁਧਾਰਸ[28] ਨੂੰ ਮਾਣਦੀ[29] ਹੈ।
ਗੁਰ ਕਾ ਬਚਨੁ ਪਰਗਟ[30] ਸੰਸਾਰਿ[31] ॥	The Guru's word is manifest in the world[31].	ਗੁਰਾਂ ਦਾ ਬਚਨ ਜਹਾਨ[31] ਅੰਦਰ ਰੋਸ਼ਨ[30] ਹੈ।
ਗੁਰ ਕੈ ਬਚਨਿ ਨ ਆਵੈ[32] ਹਾਰਿ[33] ॥	Through the Guru's word, man suffers[32] not defeat[33].	ਗੁਰਾਂ ਦੇ ਸ਼ਬਦ ਦੁਆਰਾ ਜੀਵ ਸ਼ਿਕਸਤ[33] ਨਹੀਂ ਖਾਂਦਾ[32]।
ਜਿਸੁ[34] ਜਨ[35] ਹੋਏ ਆਪਿ[36] ਕ੍ਰਿਪਾਲ[37] ॥ ਨਾਨਕ ਸਤਿਗੁਰ ਸਦਾ[38] ਦਇਆਲ[39]॥੪॥੫॥੭੪॥	Nanak, the True Guru, is ever[38] kind[37] unto the[34] man[35] unto whom the Lord Himself[36] becomes merciful[39].	ਨਾਨਕ ਜਿਹੜੇ[34] ਪੁਰਸ਼[35] ਉਤੇ ਪ੍ਰਭੂ ਖ਼ੁਦ[36] ਮਿਹਰਬਾਨ[37] ਹੋ ਜਾਂਦਾ ਹੈ, ਉਸ ਉਤੇ ਸੱਚੇ ਗੁਰੂ ਜੀ ਹਮੇਸ਼ਾ[38] ਹੀ ਦਇਆਵਾਨ[39] ਰਹਿੰਦੇ ਹਨ।
ਗਉੜੀ ਗੁਆਰੇਰੀ ਮਹਲਾ ੫॥	Gauri Guareri 5th Guru.	ਗਉੜੀ ਗੁਆਰੇਰੀ ਪਾਤਸ਼ਾਹੀ ਪੰਜਵੀਂ
ਜਿਨਿ[40] ਕੀਤਾ ਮਾਟੀ[41] ਤੇ ਰਤਨੁ[42] ॥	Who[40] has made thee a jewel[42] out of dust[41],	ਜਿਸ[40] ਨੇ ਤੈਨੂੰ ਮਿਟੀ[41] ਤੋਂ ਹੀਰਾ[42] ਬਣਾਇਆ,
ਗਰਭ[43] ਮਹਿ[44] ਰਾਖਿਆ[45] ਜਿਨਿ ਕਰਿ[46] ਜਤਨੁ[47] ॥	Who has adopted[46] means[47] to preserve[45] thee in[44] the womb[43],	ਜਿਸ ਨੇ ਬੱਚੇਦਾਨੀ[43] ਵਿਚ[44] ਤੈਨੂੰ ਬਚਾਉਣ[45] ਲਈ ਉਪਾਓ[47] ਅਖ਼ਤਿਆਰ[46] ਕੀਤੇ,
ਜਿਨਿ ਦੀਨੀ ਸੋਭਾ[48] ਵਡਿਆਈ[49] ॥	Who has given thee renown[48] and greatness[49],	ਜਿਸ ਨੇ ਤੈਨੂੰ ਨਾਮਵਰੀ[48] ਤੇ ਬਜ਼ੁਰਗੀ[49] ਦਿੱਤੀ,
ਤਿਸੁ[50] ਪ੍ਰਭ ਕਉ ਆਠ ਪਹਰ ਧਿਆਈ[51] ॥੧॥	Meditate[51] on that[50] Lord throughout the eight watches.	ਉਸ[50] ਸਾਹਿਬ ਦਾ ਅੱਠੇ ਪਹਿਰ ਸਿਮਰਨ[51] ਕਰ।

ਰਮਈਆ[52] ਰੇਨੂ[53] ਸਾਧ ਜਨ[54] ਪਾਵਉ[55] ॥	O, All pervading Lord[52], may I obtain[55] the dust[53] of the feet of saintly persons[54].	ਹੇ ਸਰਬ-ਵਿਆਪਕ[52] ਸੁਆਮੀ ! ਮੈਨੂੰ ਨੇਕ ਪੁਰਸ਼ਾਂ[54] ਦੇ ਚਰਨਾਂ ਦੀ ਧੂੜ[53] ਪ੍ਰਾਪਤ[55] ਹੋਵੇ।
ਗੁਰ ਮਿਲਿ[56]ਅਪੁਨਾ ਖਸਮੁ[57] ਧਿਆਵਉ[58] ॥੧॥ਰਹਾਉ॥	By meeting[56] the Guru, I ponder[58] over my Lord[57]. Pause.	ਗੁਰਾਂ ਨੂੰ ਭੇਟ[56]ਕੇ ਮੈਂ ਆਪਣੇ ਸੁਆਮੀ[57] ਦਾ ਆਰਾਧਨ[58] ਕਰਦਾ ਹਾਂ। ਠਹਿਰਾਉ।
ਜਿਨਿ ਕੀਤਾ[62] ਮੂੜ[59] ਤੇ[61] ਬਕਤਾ[60] ॥	Who has made[62] me from[61] a fool[59] into a preacher[60],	ਜਿਸ ਨੇ ਮੈਨੂੰ ਮੂਰਖ[59]ਤੋਂ[61] ਪ੍ਰਚਾਰਕ[60] ਬਣਾ[62] ਦਿਤਾ,
ਜਿਨਿ ਕੀਤਾ ਬੇਸੁਰਤ[63] ਤੇ ਸੁਰਤਾ[64] ॥	From a senseless[63] man, who has made me into a sensible[64] one,	ਅਚੇਤ[63] ਪੁਰਸ਼ ਤੋਂ ਜਿਸ ਨੇ ਮੈਨੂੰ ਸਮਝਦਾਰ[64] ਬਣਾ ਦਿੱਤਾ ਹੈ,
ਜਿਸੁ ਪਰਸਾਦਿ[65] ਨਵੇ[66] ਨਿਧਿ[67] ਪਾਈ[68] ॥	By whose grace[65] I have found[68] the nine[66] treasures[67],	ਜਿਸ ਦੀ ਦਇਆ[65]ਦੁਆਰਾ ਮੈਨੂੰ ਨੌਂ[66]ਖ਼ਜ਼ਾਨੇ[67]ਪ੍ਰਾਪਤ[68] ਹੋਏ ਹਨ।
ਸੋ[69] ਪ੍ਰਭੁ ਮਨ ਤੇ ਬਿਸਰਤ[70] ਨਾਹੀ ॥੨॥	That[69] Lord, my mind forgets[70] not.	ਉਸ[69]ਸਾਹਿਬ ਨੂੰ ਮੇਰਾ ਚਿੱਤ ਨਹੀਂ ਭੁਲਾਉਂਦਾ[70]।
ਜਿਨਿ ਦੀਆ ਨਿਥਾਵੇ[71] ਕਉ[74] ਥਾਨੁ[72] ॥ ਜਿਨਿ ਦੀਆ ਨਿਮਾਨੇ[73] ਕਉ ਮਾਨ[75] ॥	Who has given place[72] to[74] the placeless[71], and who has given honour[75] to the unhonoured[73],	ਜਿਸ ਨੇ ਟਿਕਾਣੇ-ਰਹਿਤ[71] ਨੂੰ[74]ਟਿਕਾਣਾ[72] ਦਿਤਾ ਅਤੇ ਜਿਸ ਨੇ ਬੇ-ਇੱਜ਼ਤ[73] ਨੂੰ ਇੱਜ਼ਤ[75] ਬਖ਼ਸ਼ੀ,
ਜਿਨਿ ਕੀਨੀ ਸਭ ਪੂਰਨ[76] ਆਸਾ[77] ॥	Who has fulfilled[76] all the desires[77],	ਜਿਸ ਨੇ ਸਾਰੀਆਂ ਖ਼ਾਹਿਸ਼ਾਂ[77] ਪੂਰੀਆਂ[76] ਕੀਤੀਆਂ।
ਸਿਮਰਉ[78] ਦਿਨੁ ਰੈਨਿ[79] ਸਾਸ[80] ਗਿਰਾਸਾ[81] ॥੩॥	Day and night[79], O, man, remember[78] Him with every breath[80] and morsel[81].	ਦਿਨੇ ਰਾਤ[79] ਹੇ ਬੰਦੇ ! ਹਰ ਸੁਆਸ[80] ਤੇ ਬੁਰਕੀ[81] ਨਾਲ ਉਸ ਦਾ ਆਰਾਧਨ[78] ਕਰ।
ਜਿਸੁ ਪ੍ਰਸਾਦਿ[82]ਮਾਇਆ[83] ਸਿਲਕ[84] ਕਾਟੀ ॥	By whose grace[82], the fetters[84] of mammon[83] are cut off,	ਜਿਸ ਦੀ ਕਿਰਪਾਲਤਾ[82] ਦੁਆਰਾ ਮੋਹਨੀ[83] ਦੀਆਂ ਬੇੜੀਆਂ[84] ਕੱਟੀਆਂ ਗਈਆਂ ਹਨ।
ਗੁਰ ਪ੍ਰਸਾਦਿ ਅੰਮ੍ਰਿਤੁ[85] ਬਿਖੁ[86] ਖਾਟੀ[87] ॥	By whose favour, the sour[87] poison[86] has become Nectar[85].	ਜਿਸ ਦੀ ਦਇਆਲਤਾ ਦੁਆਰਾ ਖੱਟੀ[87]ਜ਼ਹਿਰ[86]ਆਖ਼ਿ-ਹਿਯਾਤ[85] ਬਣ ਗਈ ਹੈ।
ਕਹੁ[88] ਨਾਨਕ ਇਸ[89] ਤੇ[90] ਕਿਛੁ ਨਾਹੀ ॥	Says[88] Nanak, by[90] this[89] mortal nothing can be done.	ਗੁਰੂ ਜੀ ਆਖਦੇ[88] ਹਨ, ਇਸ[89] ਪ੍ਰਾਣੀ ਪਾਸੋਂ[90] ਕੁਝ ਨਹੀਂ ਹੋ ਸਕਦਾ।
ਰਾਖਨ[91] ਹਾਰੇ ਕਉ ਸਾਲਾਹੀ[92] ॥੪॥੬॥੭੫॥	I praise[92] the Preserver[91] Lord.	ਮੈਂ ਰਖਿਅਕ[91]-ਪ੍ਰਭੂ ਦੀ ਪ੍ਰਸੰਸਾ[92] ਕਰਦਾ ਹਾਂ।
ਗਉੜੀ ਗੁਆਰੇਰੀ ਮਹਲਾ ੫ ॥	Gauri Guareri 5th Guru.	ਗਉੜੀ ਗੁਆਰੇਰੀ ਪਾਤਸ਼ਾਹੀ ਪੰਜਵੀਂ
ਤਿਸ ਕੀ ਸਰਣਿ[93] ਨਾਹੀ ਭਉ[94] ਸੋਗੁ[95] ॥	In His sanctuary[93] there is no fear[94] and sorrow[95].	ਉਸ ਦੀ ਪਨਾਹ[93] ਅੰਦਰ ਕੋਈ ਡਰ[94] ਤੇ ਅਫ਼ਸੋਸ[95] ਨਹੀਂ ਹੁੰਦਾ।
ਉਸ[96] ਤੇ ਬਾਹਰਿ[97] ਕਛੂ ਨ	Without[97] Him[96], nothing can be	ਉਸ[96] ਦੇ ਬਾਝੋਂ[97] ਕੁਝ ਭੀ ਕੀਤਾ[98]ਨਹੀਂ ਜਾ ਸਕਦਾ।

ਹੋਗੁ[98] ॥
ਤਜੀ[99] ਸਿਆਣਪ[100] ਬਲ[2] ਬੁਧਿ[3] ਬਿਕਾਰ[4] ॥
ਦਾਸ[4*] ਅਪਨੇ ਕੀ ਰਾਖਨਹਾਰ[5] ॥੧॥
ਜਪਿ[6] ਮਨ[7] ਮੇਰੇ ਰਾਮ[8] ਰਾਮ[9] ਰੰਗਿ[10] ॥
ਘਰਿ[12] ਬਾਹਰਿ[13] ਤੇਰੈ ਸਦ[14] ਸੰਗਿ[15] ॥੧॥ਰਹਾਉ॥

done[98].
I have shed[99] cleverness[100], power[2], and evil[4] intellect[3].
He is the Preserver[5] of the honour. of His serf[4*].
Meditate[6] thou, O, my soul[7], on the Pervading God[8] Lord[9] with love[10].
Within home[12], and without[13], He is, ever[14], with[15] thee. Pause.

ਹੋ ਮੇਰੀ ਜਿੰਦੜੀਏ[7] ! ਤੂੰ ਪਿਆਰ[10] ਨਾਲ ਵਿਆਪਕ ਵਾਹਿਗੁਰੂ[8] ਸੁਆਮੀ[9] ਦਾ ਸਿਮਰਨ[6] ਕਰ ।
ਗ੍ਰਹਿ[12] ਦੇ ਅੰਦਰ ਤੇ ਬਾਹਰ[13], ਉਹ ਹਮੇਸ਼ਾਂ[14] ਤੇਰੇ ਨਾਲ[15] ਹੈ ! ਠਹਿਰਾਉ ।

੧੭੮ 178 ੧੭੮

ਤਿਸ[16] ਕੀ ਟੇਕ[17] ਮਨੈ ਮਹਿ[18] ਰਾਖੁ[19] ॥
ਗੁਰ ਕਾ[20] ਸਬਦੁ ਅੰਮ੍ਰਿਤ[21] ਰਸੁ[22] ਚਾਖੁ[23] ॥
ਅਵਰਿ[24] ਜਤਨ[25] ਕਹਹੁ[26] ਕਉਨ[27] ਕਾਜੁ[28] ॥
ਕਰਿ[29] ਕਿਰਪਾ[30] ਰਾਖੈ[31] ਆਪਿ[32] ਲਾਜ[33] ॥੨॥
ਕਿਆ[34] ਮਾਨੁਖ[35] ਕਹਹੁ[36] ਕਿਆ[37] ਜੋਰੁ[38] ॥
ਝੂਠਾ[39] ਮਾਇਆ[40] ਕਾ ਸਭੁ ਸੋਰੁ[41] ॥
ਕਰਣ[42] ਕਰਾਵਨ ਹਾਰ[43] ਸੁਆਮੀ[44] ॥
ਸਗਲ[45] ਘਟਾ[46] ਕੇ ਅੰਤਰਜਾਮੀ[47] ॥੩॥
ਸਰਬ[48] ਸੁਖਾ[49] ਸੁਖੁ ਸਾਚਾ[50] ਏਹੁ ॥
ਗੁਰ ਉਪਦੇਸੁ[51] ਮਨੈ[52] ਮਹਿ[53] ਲੇਹੁ[54] ॥
ਜਾ ਕਉ[55] ਰਾਮਨਾਮ[56] ਲਿਵ[57] ਲਾਗੀ[58] ॥ ਕਹੁ[59] ਨਾਨਕ ਸੋ[60] ਧੰਨੁ[61] ਵਡਭਾਗੀ[62] ॥੪॥੭॥੭੬॥

His[16] support[17], keep[19] thou in[18] thy mind.
Quaff[23] thou, the immortalising[21] Nectar[22] of the Guru's Word[20].
Say[26], of what[27] avail[28] are other[24] efforts[25] ?
Showing[29] His mercy[30], the Lord Himself[32] protects[31] man's honour[33].
What[34] is man[35] ? Say[36], what[37] power[38] he has ?
False is all the tumult[41] of riches[40].
Doer[42] and Prompter[43] of deeds is the Lord[44].
He is the Knower[47] of all[45] the hearts[46].
Of all[48] the comforts[49], this is the true[50] comfort.
Keep[54] Guru's instruction[51] in[53] thy mind[52].
Blest[61], and highly fortunate[62], says[59] Nanak, is he[60], who[55] bears[58] love[57] to the Name of the Pervading Lord[56].

ਉਸ[16] ਦਾ ਆਸਰਾ[17] ਤੂੰ ਆਪਣੇ ਚਿੱਤ ਵਿਚ[18] ਰਖ[19] ।
ਤੂੰ ਗੁਰੂ ਸ਼ਬਦ[20] ਦੇ ਸੁਰਜੀਤ[21] ਕਰਨ ਵਾਲੇ ਅਬਿ-ਹਿਯਾਤ[22] ਨੂੰ ਪਾਨ[23] ਕਰ ।
ਦਸ[26] ! ਹੋਰ[24] ਹੀਲੇ[25] ਕਿਹੜੇ[27] ਕੰਮ[28] ਹਨ ?
ਮਿਹਰ[30] ਧਾਰ[29] ਕੇ, ਪ੍ਰਭੂ ਖੁਦ[32] ਹੀ ਇਨਸਾਨ ਦੀ ਪੱਤ-ਆਬਰੂ[33] ਬਚਾਉਂਦਾ[31] ਹੈ ।
ਆਦਮੀ[35] ਕੀ[34] ਹੈ ? ਦੱਸੋ[36] ਖਾਂ ਉਸ ਵਿਚ ਕਿਹੜੀ[37] ਸਤਿਆ[38] ਹੈ ?
ਕੂੜਾ[39] ਹੈ ਧਨ ਦੌਲਤ[40] ਦਾ ਸਾਰਾ ਸ਼ੋਰ ਸ਼ਰਾਬਾ[41] ।
ਕੰਮਾਂ ਦੇ ਕਰਨ ਵਾਲਾ[42] ਤੇ ਕਰਾਉਣ ਵਾਲਾ[43] ਪ੍ਰਭੂ[44] ਹੀ ਹੈ ।
ਉਹ ਸਾਰਿਆਂ[45] ਦਿਲਾਂ[46] ਦੀਆਂ ਜਾਨਣਹਾਰ[47] ਹੈ ।
ਸਾਰਿਆਂ[48] ਆਰਾਮਾਂ[49] ਵਿਚੋਂ ਇਹ ਯਥਾਰਥ[50] ਆਰਾਮ ਹੈ ।
ਗੁਰਾਂ ਦੀ ਸਿਖਮਤ[51] ਨੂੰ ਆਪਣੇ ਚਿੱਤ[52] ਅੰਦਰ[53] ਟਿਕਾ[54] ।
ਗੁਰੂ ਜੀ ਫ਼ੁਰਮਾਉਂਦੇ[59] ਹਨ : ਮੁਬਾਰਕ[61] ! ਅਤੇ ਭਾਰੇ ਚੰਗੇ ਨਸੀਬਾਂ[62] ਵਾਲਾ ਹੈ ਉਹ[60] ਜਿਸ[55] ਦੀ ਪ੍ਰੀਤ[57] ਵਿਆਪਕ ਪ੍ਰਭੂ[56] ਨਾਲ ਪਈ[58] ਹੋਈ ਹੈ ।

ਗਉੜੀ ਗੁਆਰੇਰੀ ਮਹਲਾ ੫ ॥	Gauri Guareri 5th Guru.	ਗਉੜੀ ਗੁਆਰੇਰੀ ਪਾਤਸ਼ਾਹੀ ੫ !
ਸੁਣਿ[66] ਹਰਿ ਕਥਾ[63] ਉਤਾਰੀ[64] ਮੈਲੁ[65]॥ ਮਹਾ[67] ਪੁਨੀਤ[68] ਭਏ ਸੁਖ ਸੈਲੁ[69]॥	By hearing[66] God's discourse[63], I have shed[64] my filth[65]. I have become very[67] pure[68], and I walk[69] in peace.	ਵਾਹਿਗੁਰੂ ਦੀ ਵਾਰਤਾ[63] ਸਰਵਣ[66] ਕਰਕੇ ਮੈਂ ਆਪਣੀ ਗੰਦਗੀ[65] ਲਾਹ[64] ਸੁੱਟੀ ਹੈ। ਮੈਂ ਪਰਮ[67] ਪਵਿੱਤ੍ਰ[68] ਹੋ ਗਿਆ ਹਾਂ ਤੇ ਆਰਾਮ ਵਿਚ ਸੈਰ[69] ਕਰਦਾ ਹਾਂ।
ਵਡੈ[70] ਭਾਗਿ[71] ਪਾਇਆ ਸਾਧ[72] ਸੰਗੁ॥ ਪਾਰਬ੍ਰਹਮ[73] ਸਿਉ[74] ਲਾਗੋ[75] ਰੰਗੁ[76]॥੧॥	By great[70] good fortune[71], I have obtained the society of saints[72], and have fallen[75] in love[76] with[74] the Supreme Lord[73].	ਪਰਮ[70] ਚੰਗੇ ਕਰਮਾਂ[71] ਦੁਆਰਾ, ਮੈਨੂੰ ਸਤਿਸੰਗਤ[72] ਪ੍ਰਾਪਤ ਹੋਈ ਹੈ, ਅਤੇ ਮੇਰੀ ਸ੍ਰੀਮਣੀ ਸਾਹਿਬ[73] ਨਾਲ[74] ਪ੍ਰੀਤ[76] ਪਈ[75] ਹੈ।
ਹਰਿ ਹਰਿ ਨਾਮੁ ਜਪਤ[77] ਜਨੁ[78] ਤਾਰਿਓ[79] ॥ ਅਗਨਿ[80] ਸਾਗਰੁ[81] ਗੁਰਿ ਪਾਰਿ ਉਤਾਰਿਓ[82] ॥	By meditating[77] on Lord God's Name, I, the servant[78], am saved[79]. The Guru has conducted me across[82], the sea[81] of fire[80].	ਵਾਹਿਗੁਰੂ ਸੁਆਮੀ ਦੇ ਨਾਮ ਦਾ ਆਰਾਧਨ[77] ਕਰਨ ਦੁਆਰਾ ਮੈਂ, ਨੌਕਰ[78], ਪਾਰ[79] ਉਤਰ ਗਿਆ ਹਾਂ। ਗੁਰਾਂ ਨੇ ਮੈਨੂੰ ਅੱਗ[80] ਦੇ ਸਮੁੰਦਰ[81] ਤੋਂ ਪਾਰ[82] ਕਰ ਦਿਤਾ ਹੈ।
੧॥ ਰਹਾਉ ॥	Pause.	ਠਹਿਰਾਉ।
ਕਰਿ ਕੀਰਤਨੁ[83] ਮਨ ਸੀਤਲ[84] ਭਏ ॥ ਜਨਮ ਜਨਮ[85] ਕੇ ਕਿਲਵਿਖ[86] ਗਏ[87] ॥	By singing the praises[83] of the Lord, my mind has been tranquilised[84], and sins[86] of many births[85] are washed[87] off.	ਸੁਆਮੀ ਦਾ ਜੱਸ[83] ਗਾਇਨ ਕਰਨ ਦੁਆਰਾ ਮੇਰਾ ਚਿੱਤ ਠੰਢਾ ਠਾਰ[84] ਹੋ ਗਿਆ ਹੈ ਅਤੇ ਅਨੇਕਾਂ ਜਨਮ[85] ਦੇ ਪਾਪ[86] ਧੋਤੇ ਗਏ ਹਨ।
ਸਰਬ[88] ਨਿਧਾਨ[89] ਪੇਖੇ[90] ਮਨ[92] ਮਾਹਿ[91] ॥	All[88] the treasures[89] I have seen[90] within[91] my mind[92].	ਸਾਰੇ[88] ਖ਼ਜ਼ਾਨੇ,[89] ਮੈਂ ਆਪਣੇ ਹਿਰਦੇ[92] ਅੰਦਰ[91] ਵੇਖ ਲਏ[90] ਹਨ।
ਅਬ[93] ਢੂਢਨ[94] ਕਾਹੇ[95] ਕਉ ਜਾਹਿ[96] ॥੨॥	Why[95] should I, now[93], go[96] searching[94] for them without ?	ਹੁਣ[93] ਮੈਂ ਉਹਨਾਂ ਨੂੰ ਲੱਭਣ[94] ਲਈ ਕਿਉਂ[95] ਬਾਹਰ ਜਾਵਾਂ[96] ?
ਪ੍ਰਭ ਅਪੁਨੇ ਜਬ ਭਏ ਦਇਆਲ[97] ॥ ਪੂਰਨ[98] ਹੋਈ ਸੇਵਕ[99] ਘਾਲ[100]॥	When, my Master, became meciful[97], His slave's[99] service[100], then got accomplished[98].	ਜਦ ਮੇਰਾ ਮਾਲਕ ਮਿਹਰਬਾਨ[97] ਹੋ ਗਿਆ ਤਾਂ ਉਸ ਦੇ ਗੋਲੇ[99] ਦੀ ਸੇਵਾ[100] ਸੰਪੂਰਨ[98] ਹੋ ਗਈ।
ਬੰਧਨ[2] ਕਾਟਿ[3] ਕੀਏ[5] ਅਪਨੇ ਦਾਸ[4] ॥	He has cut off[3] my fetters[2], and made[5] me His serf[4].	ਉਸ ਨੇ ਮੇਰੀਆਂ ਬੇੜੀਆਂ[2] ਕਟ[3] ਕੇ ਮੈਨੂੰ ਆਪਣਾ ਗੁਲਾਮ[4] ਬਣਾ ਲਿਆ[5] ਹੈ।
ਸਿਮਰਿ[6] ਸਿਮਰਿ ਸਿਮਰਿ ਗੁਣ[7] ਤਾਸ[8] ॥੩॥	I remember[6], remember and remember the Lord, the Treasure[8] of excellences[7].	ਮੈਂ ਗੁਣਾ[7] ਦੇ ਖ਼ਜ਼ਾਨੇ[8] ਪ੍ਰਭੂ ਦਾ ਆਰਾਧਨ[6], ਆਰਾਧਨ ਤੇ ਆਰਾਧਨ ਕਰਦਾ ਹਾਂ।
ਏਕੋ[9] ਮਨਿ[10] ਏਕੋ ਸਭ[15] ਠਾਇ[12] ॥	He, alone[9], is in the mind[10], and He alone within all[15] the places[12].	ਕੇਵਲ[9] ਓਹੀ ਅੰਤਹਕਰਣ[10] ਅੰਦਰ ਹੈ ਅਤੇ ਕੇਵਲ ਓਹੀ ਸਾਰਿਆਂ[16] ਥਾਵਾਂ[12] ਅੰਦਰ।
ਪੂਰਨ[13] ਪੂਰਿ ਰਹਿਓ[14] ਸਭ ਜਾਇ[16] ॥	The Perfect[13] Master is fully filling[14] all the sites[16].	ਮੁਕੰਮਲ[13] ਮਾਲਕ ਸਮੂਹ ਟਿਕਾਣਿਆਂ[16] ਨੂੰ ਮੁਕੰਮਲ ਤੌਰ ਤੇ ਭਰ[14] ਰਿਹਾ ਹੈ।
ਗੁਰਿ ਪੂਰੈ[17] ਸਭੁ ਭਰਮੁ[18]	The perfect[17] Guru has dispelled[19]	ਪੂਰਨ[17] ਗੁਰਾਂ ਨੇ ਸਮੂਹ ਸੰਦੇਹ[18] ਦੂਰ[19] ਕਰ ਦਿਤੇ ਹਨ।

ਚੁਕਾਇਆ[19] ॥	all my doubts[18].	
ਹਰਿ ਸਿਮਰਤ[20] ਨਾਨਕ ਸੁਖੁ[21] ਪਾਇਆ ॥੪॥੮॥ ੭੭॥	By remembering[20] God, Nanak has obtained peace[21].	ਵਾਹਿਗੁਰੂ ਨੂੰ ਚੇਤੇ[20] ਕਰਕੇ ਨਾਨਕ ਨੇ ਠੰਢ-ਚੈਨ[21] ਪ੍ਰਾਪਤ ਕੀਤੀ ਹੈ।
ਗਉੜੀ ਗੁਆਰੇਰੀ ਮਹਲਾ ੫ ॥	Gauri Guareri 5th Garu.	ਗਉੜੀ ਗੁਆਰੇਰੀ ਪਾਤਸ਼ਾਹੀ ਪੰਜਵੀਂ।
ਅਗਲੇ[22] ਮੁਏ ਸਿ[23] ਪਾਛੈ ਪਰੇ[24] ॥	They[23], who have, previously[22] died, are forgotten[24].	ਜੋ ਪਹਿਲਾਂ[22] ਮਰ ਚੁਕੇ ਹਨ, ਉਹ[23] ਭੁਲ ਗਏ[24] ਹਨ।
ਜੋ ਉਬਰੇ[25]ਸੇ ਬੰਧਿ[26] ਲਕੁ[27] ਖਰੇ[28] ॥	They, who survive[25], stand[28] with their loins[27] girded[26].	ਜਿਹੜੇ ਬਚੇ[25] ਹੋਏ ਹਨ, ਉਹ ਕਮਰ[27]ਬੰਨ੍ਹੀ[26] ਖਲੋਤੇ[28] ਹਨ।
ਜਿਹ[29] ਧੰਧੇ[30] ਮਹਿ[31] ਓਇ[32] ਲਪਟਾਏ[33] ॥	They engage in the occupations[30], in[31] which[29] they[32] were involved[33].	ਉਹ ਉਨ੍ਹਾਂ ਵਿਹਾਰਾਂ[30] ਵਿਚ ਰੁਝਦੇ ਹਨ,ਜਿਨ੍ਹਾਂ[29]ਵਿਚ[31] ਉਹ[32] ਖਚਤ[33] ਹੋਏ ਹੋਏ ਸਨ।
ਉਨ[34] ਤੇ[35] ਦੂਗੁਣ[36] ਦਿੜੀ[37] ਉਨ[38]ਮਾਏ[39]॥੧॥	As against[35] them[34], they[38] cling[37] to mammon[39] with twice[36] the force.	ਉਨ੍ਹਾਂ[34] ਦੇ ਮੁਕਾਬਲੇ[35] ਵਿਚ ਉਹ[38] ਮਾਇਆ[39] ਨੂੰ ਦੁੱਗਣੀ[36] ਤਾਕਤ ਨਾਲ ਚਿਮੜਦੇ[37] ਹਨ।
ਓਹ[40] ਬੇਲਾ[41]ਕਛੂ ਚੀਤਿ[42] ਨ ਆਵੈ ॥	Man thinks[42] not of that[40] time[41] of death.	ਮੌਤ ਦੇ ਉਸ[40] ਵਕਤ[41] ਨੂੰ ਇਨਸਾਨ ਯਾਦ[42] ਨਹੀਂ ਕਰਦਾ।
ਬਿਨਸਿ[43] ਜਾਇ ਤਾਹੂ[44] ਲਪਟਾਵੈ[45]॥੧॥ਰਹਾਉ॥	He clings[45] to that[44], which is to pass away[43]. Pause.	ਉਹ ਉਸ[44] ਨੂੰ ਚਿਮੜਦਾ[45] ਹੈ, ਜਿਸ ਨੇ ਨਾਸ ਹੋ ਜਾਣਾ[43] ਹੈ। ਠਹਿਰਾਉ।
ਆਸਾ[46] ਬੰਧੀ[47] ਮੂਰਖ[48] ਦੇਹ[49] ॥	The body[49] of the fool[48] is bound[47] by desires[46].	ਬੇਵਕੂਫ[48] ਦਾ ਸਰੀਰ[49] ਖ਼ਾਹਿਸਾਂ[46] ਨੇ ਬੰਨ੍ਹਿਆ[47] ਹੋਇਆ ਹੈ।
ਕਾਮ[50] ਕ੍ਰੋਧ[51] ਲਪਟਿਓ[52] ਅਸਨੇਹ[53] ॥	In lust[50], wrath[51], and wordly love[53] he is involved[52].	ਭੋਗ ਬਿਲਾਸ,[50] ਗੁੱਸੇ[51] ਅਤੇ ਸੰਸਾਰੀ[53] ਮਮਤਾ ਵਿਚ ਉਹ ਫਾਥਾ[52] ਹੋਇਆ ਹੈ।
ਸਿਰ[54] ਊਪਰਿ[55] ਠਾਢੋ[56] ਧਰਮ[57] ਰਾਇ ॥	Over[55], his head[54] stands[56] the Righteous[57] Judge.	ਉਸ ਦੇ ਸਿਰ[54] ਉਤੇ[55] ਧਰਮ[57] ਰਾਜਾ ਖਲੋਤਾ[56] ਹੈ।
ਮੀਠੀ[58] ਕਰਿ ਕਰਿ[59] ਬਿਖਿਆ[60] ਖਾਇ[61] ॥੨॥	Deeming[59] it as sweet[58], he eats[61] poison[60].	ਇਸ ਨੂੰ ਮਿੱਠੀ[58] ਜਾਣ[59] ਕੇ ਉਹ ਜ਼ਹਿਰ[60] ਨੂੰ ਖਾਂਦਾ ਹੈ।
ਹਉ ਬੰਧਉ[62]ਹਉ ਸਾਧਉ[63] ਬੈਰੁ ॥	The fool says "I shall bind[62] my enemy and will lay him prostrate[63].	ਮੂਰਖ ਆਖਦਾ ਹੈ "ਮੈਂ ਆਪਣੇ ਵੈਰੀ ਨੂੰ ਬੰਨ੍ਹ[62] ਲਾਵਾਂਗਾ, ਅਤੇ ਉਸ ਨੂੰ ਨਿੱਸਲ[63] ਕਰ ਦਿਆਂਗਾ।
ਹਮਰੀ[64] ਭੂਮਿ[65] ਕਉਣੁ ਘਾਲੈ[66] ਪੈਰੁ[67] ॥	Who can dare set[66] his foot[67] upon my[64] land[65]?	ਮੇਰੀ[64] ਜ਼ਮੀਨ[65] ਤੇ ਕੌਣ ਪੈਰ[67] ਧਰ[66] ਸਕਦਾ ਹੈ?
ਹਉ ਪੰਡਿਤੁ[68]ਹਉ ਚਤੁਰੁ[69] ਸਿਆਣਾ[70] ॥	I am learned[68], I am clever[69], and wise[70]".	ਮੈਂ ਵਿਦਵਾਨ[68]ਹਾਂ,ਮੈਂ ਹੁਸ਼ਿਆਰ[69]ਤੇ ਅਕਲਮੰਦ[70]ਹਾਂ।"
ਕਰਣੈਹਾਰੁ[71] ਨ ਬੁਝੈ[72] ਬਿਗਾਨਾ[73] ॥੩॥	The ignorant[73] knows[72] not His creator[71].	ਬੇ-ਸਮਝ[73] ਆਪਣੇ ਕਰਤਾਰ[71] ਨੂੰ ਨਹੀਂ ਜਾਣਦਾ[72]।
ਅਪੁਨੀ ਗਤਿ[74] ਮਿਤਿ[75]	His state[74] and worth[75] God Him-	ਆਪਣੀ ਅਵਸਥਾ[74] ਤੇ ਕੀਮਤ[75] ਹਰੀ ਖ਼ੁਦ[76] ਹੀ

ਆਪੇ[76] ਜਾਨੈ ॥
ਕਿਆ[77] ਕੋ[78]ਕਹੈ[79]ਕਿਆ[80] ਆਖਿ ਵਖਾਨੈ[81] ॥
ਜਿਤੁ[82] ਜਿਤੁ ਲਾਵਹਿ[83] ਤਿਤੂ[84] ਤਿਤੁ ਲਗਨਾ[85] ॥
ਅਪਨਾ ਭਲਾ[86] ਸਭ ਕਾਹੂ[87] ਮੰਗਨਾ[88] ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ[89] ॥
ਅੰਤੁ[90] ਨਾਹੀ ਕਿਛੁ ਪਾਰਾਵਾਰੁ[91] ॥
ਦਾਸ[92] ਅਪਨੇ ਕਉ ਦੀਜੈ[93] ਦਾਨੁ[94]॥ ਕਬਹੂ ਨ ਵਿਸਰੈ[95] ਨਾਨਕ ਨਾਮੁ ॥੫॥੯॥੭੮॥

ਗਉੜੀ ਗੁਆਰੇਰੀ
ਮਹਲਾ ੫ ॥
ਅਨਿਕ[96] ਜਤਨ[97] ਨਹੀ ਹੋਤ ਛੁਟਾਰਾ[98] ॥
ਬਹੁਤੁ[99] ਸਿਆਣਪ[100] ਆਗਲ[2] ਭਾਰਾ[3] ॥
ਹਰਿ ਕੀ ਸੇਵਾ[4] ਨਿਰਮਲ[5] ਹੇਤ[6] ॥ ਪ੍ਰਭ ਕੀ ਦਰਗਹ[7] ਸੋਭਾ[8] ਸੇਤ[9] ॥੧॥

੧੭੯
ਮਨ ਮੇਰੇ ਗਹੁ[10] ਹਰਿਨਾਮ ਕਾ ਓਲਾ[12] ॥
ਤੁਝੈ[13] ਨ ਲਾਗੈ[14] ਤਾਤਾ[15] ਝੋਲਾ[16] ॥ ੧ ॥ ਰਹਾਉ ॥
ਜਿਉ[17] ਬੋਹਿਥੁ[18] ਭੈ[19] ਸਾਗਰ[20] ਮਾਹਿ[21] ॥
ਅੰਧਕਾਰ[22] ਦੀਪਕ[23] ਦੀਪਾਹਿ[24] ॥ ਅਗਨਿ[25] ਸੀਤ[26] ਕਾ ਲਾਹਸਿ[27] ਦੂਖ[28] ॥ ਨਾਮੁ ਜਪਤ[29] ਮਨਿ[30] ਹੋਵਤ ਸੂਖ[31]॥੨॥

self[76] knows.
What[77] can anyone[78] say[79]? How[80] can one say and describe[81] Him?
To whatever[82] God attaches[83] the mortal, to that[84] he gets attached[85].
Every one[87] asks[88] for his own advantage[86].
Every thing is Thine. Thou art the Creator[89].
Thou hast no end[90], this and that limit[91].
Bestow[93] this boon[94] on Thy slave[92], Nanak, that he may never forget[95] Thy Name.

Gauri Guareri
5th Guru.
Through many[96] endeavours[97], release[98] is not secured.
The more[99] the cleverness[100] the more[2] is the weight[3] of sins.
By performing God's service[4] with pure[5] affection[6], one goes to Lord's court[7], with[8] honour[9].

179
O, my soul, hold[10] fast the prop[12] of God's Name.
Even the hot[15] puff[16] of wind shall not touch[14] thee[13]. Pause
As[17] the ship[18] is helpful in[21] the terrible[19]ocean[20], as lamp[23]enlightens[24] the darkness[22],as the fire[25]removes[27] the pain[28] of cold[26], so through Name's meditation[29] the soul[30] obtains peace[31].

ਜਾਣਦਾ ਹੈ।
ਕੋਈ ਜਣਾ[78] ਕੀ[77] ਆਖ[79] ਸਕਦਾ ਹੈ ? ਪ੍ਰਾਣੀ ਕਿਸ ਤਰ੍ਹਾਂ[80] ਉਸ ਨੂੰ ਕਥਨ ਤੇ ਬਿਆਨ[81] ਕਰ ਸਕਦਾ ਹੈ ?
ਜਿਸ ਕਿਸੇ[82] ਨਾਲ ਹਰੀ ਪ੍ਰਾਣੀ ਨੂੰ ਜੋੜਦਾ[83] ਹੈ, ਉਸੇ[84] ਨਾਲ ਉਹ ਜੁੜ[85] ਜਾਂਦਾ ਹੈ।
ਹਰ ਕੋਈ[87] ਆਪਣੀ ਬਿਹਤਰੀ[86] ਲਈ ਯਾਚਨਾ[88] ਕਰਦਾ ਹੈ।
ਹਰ ਸ਼ੈ ਤੇਰੀ ਹੈ, ਤੂੰ ਸਿਰਜਣਹਾਰ[89] ਹੈਂ।
ਤੇਰਾ ਕੋਈ ਓੜਕ[90], ਇਹ ਜਾਂ ਉਹ ਹੱਦਬੰਨਾ[91] ਨਹੀਂ।
ਆਪਣੇ ਗੁਮਾਸ਼ਤੇ[92] ਨਾਨਕ ਨੂੰ ਇਹ ਖ਼ੈਰ[94] ਪਾ[93], ਕਿ ਉਸ ਨੂੰ ਤੇਰਾ ਨਾਮ ਕਦੇ ਭੀ ਨਾ ਭੁੱਲੇ[95]।

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ
ਕਈ[96] ਉਪਾਵਾਂ[97] ਰਾਹੀਂ ਖਲਾਸੀ[98] ਨਹੀਂ ਹੁੰਦੀ।
ਜਿੰਨੀ ਜ਼ਿਆਦਾ[99] ਚਤੁਰਾਈ[100] ਓਨਾਂ ਜ਼ਿਆਦਾ[2] ਹੀ ਪਾਪਾਂ ਦਾ ਬੋਝ[3] ਹੈ।
ਪਵਿੱਤਰ[5] ਪ੍ਰੀਤ[6] ਨਾਲ ਵਾਹਿਗੁਰੂ ਦੀ ਟਹਿਲ[4] ਕਮਾਉਣ ਦੁਆਰਾ ਜੀਵ ਸੁਆਮੀ ਦੇ ਦਰਬਾਰ[7] ਵਿਚ ਇੱਜ਼ਤ-ਆਬਰੂ[8] ਨਾਲ[9] ਜਾਂਦਾ ਹੈ।

੧੭੯
ਹੇ ਮੇਰੀ ਜਿੰਦੇ ! ਰੱਬ ਦੇ ਨਾਮ ਦਾ ਆਸਰਾ[12] ਘੁਟ ਕੇ ਪਕੜ[10]।
ਤੈਨੂੰ[13] ਹਵਾ ਦਾ ਗਰਮ[15] ਬੁੱਲਾ[16] ਤਕ ਭੀ ਨਹੀਂ ਛੂਹੇਗਾ[14]। ਠਹਿਰਾਉ।
ਜਿਸ[17] ਤਰ੍ਹਾਂ ਭਿਆਨਕ[19] ਸਮੁੰਦਰ[20] ਵਿਚ[21] ਜਹਾਜ਼[18] ਸਹਾਈ ਹੁੰਦਾ ਹੈ, ਜਿਸ ਤਰ੍ਹਾਂ ਦੀਵਾ[23] ਅਨ੍ਹੇਰੇ[22] ਨੂੰ ਪ੍ਰਕਾਸ਼[24] ਕਰ ਦਿੰਦਾ ਹੈ, ਜਿਸ ਤਰ੍ਹਾਂ ਅੱਗ[25] ਠੰਢ[26] ਦੀ ਪੀੜ[28] ਨੂੰ ਦੂਰ[27] ਕਰ ਦਿੰਦੀ ਹੈ, ਏਸੇ ਤਰ੍ਹਾਂ ਹੀ ਨਾਮ ਦੇ ਸਿਮਰਨ[29] ਰਾਹੀਂ ਆਤਮਾ[30] ਨੂੰ ਸ਼ਾਂਤੀ[31] ਪ੍ਰਾਪਤ ਹੋ ਜਾਂਦੀ ਹੈ।

ਉਤਰਿ[32] ਜਾਇ ਤੇਰੇ ਮਨ ਕੀ ਪਿਆਸ[33] ॥

Thy mind's thirst[33] shall be quenched[32],

ਤੇਰੇ ਮਨੂਏ ਦੀ ਤਿਹ[33] ਬੁਝ[32] ਜਾਵੇਗੀ,

ਪੂਰਨ[35] ਹੋਵੈ ਸਗਲੀ ਆਸ[34] ॥

And all the desires[34] shall be fulfilled[35],

ਸਾਰੀਆਂ ਖ਼ਾਹਿਸ਼ਾਂ[34] ਪੂਰੀਆਂ[35] ਹੋ ਜਾਣਗੀਆਂ,

ਡੋਲੇ[36] ਨਾਹੀ ਤੁਮਰਾ ਚੀਤੁ[37] ॥

Thy mind[37] shall waver[36] not.

ਤੇਰਾ ਮਨੂਆ[37] ਡਿਕਡੋਲੇ[36] ਨਹੀਂ ਖਾਏਗਾ,

ਅੰਮ੍ਰਿਤ[38] ਨਾਮੁ ਜਪਿ[39] ਗੁਰਮੁਖਿ[40] ਮੀਤ[41] ॥੩॥

If, O friend[41], through Guru's grace[40], thou meditate[39] on the ambrosial[38] Name.

ਜੇਕਰ ਹੇ ਮਿੱਤ੍ਰ[41] ! ਤੂੰ ਗੁਰਾਂ ਦੀ ਦਇਆ[40] ਦੁਆਰਾ ਨਾਮ ਸੁਧਾਰਸ[38] ਦਾ ਸਿਮਰਨ[39] ਕਰੇਂ ।

ਨਾਮੁ ਅਉਖਧੁ[42] ਸੋਈ[43] ਜਨੁ[44] ਪਾਵੈ ॥ ਕਰਿ ਕਿਰਪਾ[45] ਜਿਸੁ ਆਪਿ[47] ਦਿਵਾਵੈ[46] ॥

That[43] man[44] alone receives the Name's medicine[42], whom the Lord Himself[47] mercifully[45], cause it to be given[46].

ਕੇਵਲ ਓਹੀ[43] ਇਨਸਾਨ[44] ਨਾਮ ਦੀ ਦਵਾਈ[42] ਨੂੰ ਪਾਉਂਦਾ ਹੈ, ਜਿਸ ਨੂੰ ਪ੍ਰਭੂ ਆਪੇ[47] ਦਇਆ[45] ਧਾਰ ਕੇ ਦਿਵਾਉਂਦਾ[46] ਹੈ ।

ਹਰਿ ਹਰਿ ਨਾਮੁ ਜਾ ਕੈ ਹਿਰਦੈ[48] ਵਸੈ[49] ॥ ਦੂਖੁ[50] ਦਰਦੁ[51] ਤਿਹ[52] ਨਾਨਕ ਨਸੈ[53] ॥੪॥੧੦॥੭੯ ॥

He, in whose heart[48] abides[49] the Name of Lord God. O, Nanak, has his[52] pain[50], and sorrow[51] eliminated[53].

ਜਿਸ ਦੇ ਦਿਲ[48] ਅੰਦਰ ਵਾਹਿਗੁਰੂ ਸੁਆਮੀ ਦਾ ਨਾਮ ਨਿਵਾਸ[49] ਰਖਦਾ ਹੈ, ਹੇ ਨਾਨਕ ! ਉਸ[52] ਦੀ ਪੀੜ[50] ਤੇ ਗ਼ਮ[51] ਨਵਿਰਤ[53] ਹੋ ਜਾਂਦੇ ਹਨ ।

ਗਉੜੀ ਗੁਆਰੇਰੀ ਮਹਲਾ ੫ ॥

Gauri Guareri
5th Guru.

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ ।

ਬਹੁਤੁ[54] ਦਰਬੁ[55] ਕਰਿ ਮਨੁ ਨ ਅਘਾਨਾ[56] ॥

With vast[54] wealth[55] man's mind is not satiated[56],

ਵਧੇਰੇ[54] ਪਦਾਰਥ[55] ਨਾਲ ਇਨਸਾਨ ਦਾ ਚਿੱਤ ਨਹੀਂ ਰੱਜਦਾ[56] ।

ਅਨਿਕ[57] ਰੂਪ[58] ਦੇਖਿ[59] ਨਹ ਪਤੀਆਨਾ[60] ॥

By beholding[59] several[57] beauties[58], man is not appeased[60],

ਅਨੇਕਾਂ[57] ਸੁੰਦਰਤਾਈਆਂ[58] ਤੱਕ[59] ਕੇ ਆਦਮੀ ਧ੍ਰਾਪਦਾ[60] ਨਹੀਂ ।

ਪੁਤ੍ਰ[61] ਕਲਤ੍ਰ[62] ਉਰਝਿਓ[63] ਜਾਨਿ[64] ਮੇਰੀ[65] ॥ ਓਹ[69] ਬਿਨਸੈ[66] ਓਇ ਭਸਮੈ[67] ਢੇਰੀ[68] ॥੧॥

Deeming[64] them his own[65], he is entangled[63] with his sons[61], and wife[62]. That[69] wealth shall perish[66] and those (relatives) shall become heaps[68] of ashes[67].

ਉਨ੍ਹਾਂ ਨੂੰ ਆਪਣੇ ਨਿਜ[65] ਦੇ ਜਾਣ[64] ਕੇ, ਉਹ ਆਪਣੇ ਲੜਕਿਆਂ[61] ਅਤੇ ਪਤਨੀ[62] ਨਾਲ ਉਲਝਿਆ[63] ਹੋਇਆ ਹੈ । ਉਹ[69] ਦੌਲਤ ਨਾਸ਼[66] ਹੋ ਜਾਏਗੀ ਅਤੇ ਉਹ (ਸਬੰਧੀ) ਸੁਆਹ[67] ਦੇ ਅੰਬਾਰ[68] ਹੋ ਜਾਣਗੇ ।

ਬਿਨੁ ਹਰਿ ਭਜਨ[70] ਦੇਖਉ[71] ਬਿਲਲਾਤੇ[72] ॥

Without God's meditation[70], I see[71] the mortals lamenting[72].

ਰੱਬ ਦੇ ਸਿਮਰਨ[70] ਦੇ ਬਾਝੋਂ ਮੈਂ ਪ੍ਰਾਣੀਆਂ ਨੂੰ ਵਿਰਲਾਪ[72] ਕਰਦੇ ਤੱਕਦਾ[71] ਹਾਂ ।

ਧ੍ਰਿਗੁ[73] ਤਨੁ[74] ਧ੍ਰਿਗੁ ਧਨੁ[75] ਮਾਇਆ[76] ਸੰਗਿ[77] ਰਾਤੇ[78] ॥

Accursed[73] are the bodies[74] and accursed the wealth of those who are imbued[78] with[77] mammon[76].

ਫਿਟੇ[73] ਮੂੰਹ ਹੈ ਉਨ੍ਹਾਂ ਦੀਆਂ ਦੇਹਾਂ[74] ਨੂੰ ਤੇ ਫਿੱਟੇ ਮੂੰਹ ਉਨ੍ਹਾਂ ਦੀ ਧਨ-ਦੌਲਤ[75] ਨੂੰ, ਜਿਹੜੇ ਮੋਹਨੀ[76] ਨਾਲ[77] ਰੰਗੇ[78] ਹੋਏ ਹਨ ।

੧ ॥ ਰਹਾਉ ॥

Pause.

ਠਹਿਰਾਉ ।

ਜਿਉ[79] ਬਿਗਾਰੀ[80] ਕੈ ਸਿਰਿ[81]

As[79] a bag of money[80] is put[82] on the

ਜਿਸ ਤਰ੍ਹਾਂ[79] ਧਨ-ਦੌਲਤ[80] ਦੀ ਥੈਲੀ ਵਿਗਾਰੀ[80] ਦੇ

ਦੀਜਹਿ[82] ਦਾਮ[83]॥ ਓਇ[84] ਖਸਮੈ[85] ਕੈ ਗ੍ਰਿਹਿ[86] ਉਨ[87] ਦੂਖ[88] ਸਹਾਮ[89] ॥

head[81] of a forced labourer[80], that[84] money reaches the Master's[85] house[86] and he[87] just suffers[89] pain[88].

ਸਿਰ[81] ਤੇ ਰਖ ਦਿੱਤੀ[82] ਜਾਂਦੀ ਹੈ, ਉਹ[84] ਧਨ-ਦੌਲਤ ਮਾਲਕ[85] ਦੇ ਘਰ[86] ਪੁਜ ਜਾਂਦੀ ਹੈ ਪਰ ਉਹ[87] ਤਾਂ ਕਸ਼ਟ[88] ਸਹਾਰਦਾ[89] ਹੈ ।

ਜਿਉ[90] ਸੁਪਨੈ[91] ਹੋਇ ਬੈਸਤ[92] ਰਾਜਾ[93] ॥ ਨੇਤ੍ਰ[49] ਪਸਾਰੈ[95] ਤਾ [96]ਨਿਰਾਰਥ[97] ਕਾਜਾ[98] ॥੨॥

As[90] when a man sits[92] as a King[93] in a dream[91], but when he opens[95] his eyes[94], then[96] he finds, that this affair[98] is all in vain.[97]

ਜਿਸ ਤਰ੍ਹਾਂ[90] ਸੁਪਨੇ[91] ਵਿਚ ਬੰਦਾ ਪਾਤਸ਼ਾਹ[93] ਬਣਕੇ ਬਹਿ[92] ਜਾਂਦਾ ਹੈ ਪਰ ਜਦੋਂ ਉਹ ਆਪਣੀਆਂ ਅੱਖਾਂ[94] ਖੋਲ੍ਹਦਾ[95] ਹੈ, ਤਦ[96] ਮਲੂਮ ਕਰਦਾ ਹੈ ਕਿ ਉਸ ਦਾ ਸਾਰਾ ਕੰਮ[98] ਬੇਫਾਇਦਾ[97] ਹੈ ।

ਜਿਉ ਰਾਖਾ[99] ਖੇਤ[100] ਊਪਰਿ[2] ਪਰਾਏ[3] ॥ ਖੇਤੁ ਖਸਮ ਕਾ ਰਾਖਾ ਉਠਿ[4] ਜਾਏ[5] ॥ ਉਸੁ ਖੇਤ ਕਾਰਣਿ[6] ਰਾਖਾ ਕੜੈ[7] ॥ ਤਿਸ ਕੈ ਪਾਲੈ[8] ਕਛੂ ਨ ਪੜੈ[9] ॥੩॥

As is the watchman[99] over[2] the field[100] of another[3], the farm belongs to the owner, and the watchman gets[4] up and departs[5] when his work is over. For[6] that field the watchman suffers[7] hard, but therefrom nothing comes[9] to his hand[8].

ਜਿਸ ਤਰ੍ਹਾਂ ਬਿਗਾਨੀ[3] ਪੈਲੀ[100] ਉਤੇ[2] ਰਾਖੀ ਕਰਨ ਵਾਲਾ[99] ਹੈ, ਪੈਲੀ ਮਾਲਕ ਦੀ ਮਲਕੀਅਤ ਹੈ ਅਤੇ ਪਹਿਰੇਦਾਰ ਜਦ ਉਸ ਦਾ ਕੰਮ ਮੁਕ ਜਾਂਦਾ ਹੈ, ਖੜਾ[4] ਹੋ ਤੁਰ[5] ਜਾਂਦਾ ਹੈ । ਉਸ ਪੈਲੀ ਦੀ ਖ਼ਾਤਰ[6] ਪਹਿਰੇਦਾਰ ਘਣਾ ਦੁਖ[7] ਝੱਲਦਾ ਹੈ, ਪਰ ਉਸ ਵਿਚੋਂ ਉਸ ਦੇ ਹੱਥ[8]-ਪਲੇ ਕੁਝ ਨਹੀਂ ਪੈਂਦਾ[9] ।

ਤਿਸੈ[12] ਕਾ ਸੁਪਨਾ[13] ॥

Sim ilarly, His[12] is the dream[13],

ਏਸੇ ਤਰ੍ਹਾਂ ਓਸ[12] ਦਾ ਹੀ ਸੁਪਨਾ[13] ਹੈ,

ਜਿਸ ਕਾ ਰਾਜੁ[11] ਤਿਸੈ[12] ਕਾ ਸੁਪਨਾ[13] ॥

to whom[10] belongs the world empire[11].

ਜਗਤ ਦੀ ਪਾਤਸ਼ਾਹੀ[11] ਜਿਸ[10] ਦੀ ਮਲਕੀਅਤ ਹੈ ।

ਜਿਨਿ ਮਾਇਆ[14] ਦੀਨੀ[15] ਤਿਨਿ[16] ਲਾਈ[17] ਤ੍ਰਿਸਨਾ[18] ॥

He[16], who given[15] wealth[14], has infused[17] craving[18] for it,

ਜਿਸ ਨੇ ਧਨ-ਦੌਲਤ[14] ਦਿੱਤੀ[15] ਹੈ; ਉਸ[16] ਨੇ ਹੀ ਇਸ ਲਈ ਖਿਚ[18] ਅੰਦਰ ਫੂਕੀ[17] ਹੈ ।

ਆਪਿ[19] ਬਿਨਾਹੇ[20] ਆਪਿ ਕਰੇ ਰਾਸਿ[21] ॥

The Lord of Himself[19] annihilates[20] and Himself sets aright[21] the mortal.

ਸੁਆਮੀ ਖੁਦ[19] ਪ੍ਰਾਣੀ ਨੂੰ ਤਬਾਹ[20] ਕਰਦਾ ਹੈ ਤੇ ਖੁਦ ਹੀ ਉਸ ਨੂੰ ਦਰੁਸਤ[21] ਕਰਦਾ ਹੈ ।

ਨਾਨਕ ਪ੍ਰਭ ਆਗੈ[22] ਅਰਦਾਸਿ[23] ॥ ੪ ॥ ੧੧ ॥ ੮੦ ॥

Before[22] the Lord, Nanak makes the supplication[23].

ਸਾਹਿਬ ਦੇ ਮੂਹਰੇ[22], ਨਾਨਕ ਪ੍ਰਾਰਥਨਾ[23] ਕਰਦਾ ਹੈ ।

ਗਉੜੀ ਗੁਆਰੇਰੀ
ਮਹਲਾ ੫ ॥

Gauri Guareri
5th Guru.

ਗਉੜੀ ਗੁਆਰੇਰੀ
ਪਾਤਸ਼ਾਹੀ ੫ ।

ਬਹੁ[24] ਰੰਗੁ[25] ਮਾਇਆ[26] ਬਹੁ ਬਿਧਿ[27] ਪੇਖੀ[28] ॥

The mammon[26] of many[24] forms[25], I have seen[28] in many ways[27]

ਕਈ[24] ਸਰੂਪਾਂ[25] ਵਾਲੀ ਮੋਹਨੀ[26] ਮੈਂ ਅਨੇਕ ਤ੍ਰੀਕਿਆਂ[27] ਨਾਲ ਵੇਖੀ[28] ਹੈ ।

ਕਲਮ[29] ਕਾਗਦ[30] ਸਿਆਨਪ[31] ਲੇਖੀ[32] ॥

With my pen[29], I have written[32] ingenious things[31] on paper[30]

ਆਪਣੀ ਲੇਖਣੀ[29] ਨਾਲ ਮੈਂ ਕਾਗ਼ਜ਼[30] ਉਤੇ ਪ੍ਰਬੀਨ ਗੱਲਾਂ[31] ਲਿੱਖੀਆਂ[32] ਹਨ ।

ਮਹਰ[33] ਮਲੂਕ[34] ਹੋਇ[35] ਦੇਖਿਆ[36] ਖਾਨ[37] ॥

I have seen[36] what it is to be[35] a Chief[33], a King[34] and a Lord[37].

ਮੈਂ ਚੌਧਰੀ[33], ਰਾਜਾ[34] ਅਤੇ ਸਰਦਾਰ[37] ਬਣਕੇ[35] ਵੇਖ[36] ਲਿਆ ਹੈ ।

ਤਾ[38] ਤੇ[39] ਨਾਹੀ ਮਨੁ ਤ੍ਰਿਪਤਾਨ[40] ॥੧॥

Through[39] them[38] the mind is not sated[40].

ਉਨ੍ਹਾਂ[38] ਦੇ ਰਾਹੀਂ[39] ਆਤਮਾ ਧ੍ਰਾਪਦੀ[40] ਨਹੀਂ ।

ਸੋ[41] ਸੁਖੁ[42] ਮੋਕਉ[43] ਸੰਤ ਬਤਾਵਹੁ[44] ॥ ਤ੍ਰਿਸਨਾ[45] ਬੂਝੈ[46] ਮਨੁ ਤ੍ਰਿਪਤਾਵਹੁ[47] ॥ ੧ ॥ ਰਹਾਉ ॥

Show[44] me[43] that[41] comfort[42], O, saints, by which desire[45] may be quenched[46]and the soul be satiated[47].

Pause.

ਮੈਨੂੰ[43] ਉਹ[41] ਠੰਢ-ਚੈਨ[42] ਦਸੋ[44], ਹੇ ਸਾਧੂਓ ! ਜਿਸ ਦੁਆਰਾ ਖ਼ਾਹਿਸ਼[45] ਮਿਟ[46] ਜਾਵੇ ਅਤੇ ਆਤਮਾ ਰੱਜ[47] ਜਾਵੇ ।

ਠਹਿਰਾਉ ।

ਅਸੁ[48] ਪਵਨ[49] ਹਸਤਿ[50] ਅਸਵਾਰੀ[51] ॥

I may have wind-fast[49] horses[48] and elephants[50] to ride on[51].

ਮੇਰੇ ਕੋਲ ਹਵਾ-ਵਰਗੇ[49] ਤੇਜ਼ ਕੋਤਲ[48], ਸਵਾਰੀ[51] ਕਰਨ ਨੂੰ ਹਾਥੀ[50] ਹੋਣ,

ਚੋਆ[52] ਚੰਦਨੁ[53] ਸੇਜ[54] ਸੁੰਦਰਿ[55] ਨਾਰੀ[56] ॥ ਨਟ[57] ਨਾਟਿਕ[58] ਆਖਾਰੇ[59] ਗਾਇਆ[60] ॥ ਤਾ[61] ਮਹਿ[62] ਮਨਿ[63] ਸੰਤੋਖੁ[64] ਨ ਪਾਇਆ[65] ॥੨॥

Otto[52] of Sandal[53], couches[54],beautifull[55] ladies[56], and actors[57] singing[60] for me at dramas[58] in the arena[59], In[62] them[61], the mind[63] attain[65] not contentment[64].

ਚੰਨਣ[53] ਦਾ ਅਰਕ[52], ਪਲੰਘ[54], ਮਨਮੋਹਣੀਆਂ[55] ਇਸਤਰੀਆਂ[56] ਅਤੇ ਅਖਾੜਿਆਂ[59] ਦੇ ਰੂਪਕਾਂ[58] ਵਿਚ ਮੇਰੇ ਲਈ ਗਾਉਣ[60] ਵਾਲੇ ਕਲਾਕਾਰ[57] ਹੋਣ ਉਨ੍ਹਾਂ[61] ਵਿਚ[62] ਚਿੱਤ[63] ਨੂੰ ਸੰਤੁਸ਼ਟਤਾ[64] ਪਰਾਪਤ[65] ਨਹੀਂ ਹੁੰਦੀ ।

ਤਖਤੁ[66] ਸਭਾ[67] ਮੰਡਨ[68] ਦੋਲੀਚੇ[69]॥ ਸਗਲ[70] ਮੇਵੇ[71] ਸੁੰਦਰ[72] ਬਾਗੀਚੇ[73] ॥ ਆਖੇੜ[74]ਬਿਰਤਿ[75]ਰਾਜਨ[76] ਕੀ ਲੀਲਾ[77] ॥ ਮਨੁ[78] ਨ ਸੁਹੇਲਾ[79] ਪਰਪੰਚੁ[80] ਹੀਲਾ[81] ॥੩॥

The throne[66], royal court[67], ornaments[68], rugs[69], all[70] the fruits[71], the beautiful[72] gardens[73], hobby[75] of chase[74], and the kingly[76] entertainments[77], the heart[78] becomes not happy[79] by such deceptive[80] efforts[81]

ਰਾਜ ਸਿੰਘਾਸਣ[66], ਪਾਤਸ਼ਾਹੀ ਦਰਬਾਰ[67], ਗਹਿਣੇ[68], ਗਲੀਚੇ[69], ਸਮੂਹ[70] ਫਲ[71] ਸੁਹਣੇ,[72] ਬਾਗ਼[73],ਸ਼ਿਕਾਰ[74] ਦਾ ਸ਼ੌਕ[75] ਅਤੇ ਪਾਤਸ਼ਾਹੀ[76] ਨਾਲ ਦਿਲ ਪ੍ਰਚਾਵੇ[77], ਐਸੇ ਛਲੀਏ[80] ਹੀਲਿਆਂ[81] ਦੁਆਰਾ, ਦਿਲ[78] ਪਰਸੰਨ[79] ਨਹੀਂ ਹੁੰਦਾ ।

ਕਰਿ ਕਿਰਪਾ[82]ਸੰਤਨ ਸਚੁ[83] ਕਹਿਆ[84]॥ ਸਰਬ[85] ਸੂਖ[86] ਇਹੁ[87]ਆਨੰਦੁ[88]ਲਹਿਆ[89]॥

Of their kindness[82], the Saints have told[84] me of the True One[83] and I have obtained[89] all[85] this[87] comfort[86] and joy[88].

ਆਪਣੀ ਦਇਆ[82] ਦੁਆਰਾ ਸਾਧੂਆਂ ਨੇ ਮੈਨੂੰ ਸਤਿਪੁਰਖ[83] ਬਾਰੇ ਦਰਸਾਇਆ[84] ਹੈ ਅਤੇ ਮੈਂ ਇਹ[87] ਸਾਰਾ[85] ਆਰਾਮ[86] ਅਤੇ ਅਨੰਦ[88] ਪ੍ਰਾਪਤ ਕਰ ਲਿਆ ਹੈ ।

ਸਾਧਸੰਗਿ[90] ਹਰਿ ਕੀਰਤਨੁ[91] ਗਾਈਐ[92] ॥ ਕਹੁ[93]ਨਾਨਕ[94]ਵਡਭਾਗੀ[95] ਪਾਈਐ[96] ॥੪॥ ਜਾ ਕੈ ਹਰਿ ਧਨੁ[97] ਸੋਈ[98] ਸੁਹੇਲਾ[99] ॥ ਪ੍ਰਭ ਕਿਰਪਾ[100] ਤੇ[2] ਸਾਧ-ਸੰਗਿ ਮੇਲਾ[3] ॥ ੧ ॥ ਰਹਾਉ ਦੂਜਾ ॥੧੨॥੮੧॥

In the Society of Saints[90] sing[92] the praises[91] of God.
Says[93] Nanak, through the greatest[94] good fortuns[95] the Lord is found[96].
He[98], who possesses the wealth[97] of God's Name, is happy[99].
By[2] Lord's grace[100], the Society of Saints is received[3].

ਸਤਿ ਸੰਗਤ[90]ਅੰਦਰ ਵਾਹਿਗੁਰੂ ਦੀ ਕੀਰਤੀ[91] ਗਾਇਨ[92] ਕਰ ।
ਗੁਰੂ ਜੀ ਫ਼ੁਰਮਾਉਂਦੇ[93] ਹਨ, ਪਰਮ[94] ਭਾਰੇ ਭਾਗਾਂ[95] ਰਾਹੀਂ ਪ੍ਰਭੂ ਪਾਇਆ[96] ਜਾਂਦਾ ਹੈ ।
ਜਿਸ ਪਾਸ ਰੱਬ ਦੇ ਨਾਮ ਦੀ ਦੌਲਤ[97] ਹੈ, ਉਹੀ[98] ਪਰਸੰਨ[99] ਹੈ ।
ਸੁਆਮੀ ਦੀ ਰਹਿਮਤ[100] ਦੁਆਰਾ[2] ਸਤਿ ਸੰਗਤ ਪ੍ਰਾਪਤ[3] ਹੁੰਦੀ ਹੈ ।

Pause second.

ਠਹਿਰਾਉ ਦੂਜਾ ।

ਗਉੜੀ ਗੁਆਰੇਰੀ
੧੮੦
ਮਹਲਾ ੫ ॥

Gauri Guareri.
180
5th Guru

ਗਉੜੀ ਗੁਆਰੇਰੀ
੧੮੦
ਪਾਤਸ਼ਾਹੀ ਪੰਜਵੀਂ

ਪ੍ਰਾਣੀ[4] ਜਾਣੈ[5] ਇਹੁ ਤਨੁ[6] ਮੇਰਾ[7] ॥	The mortal[4] deems[5] that the body[6] is his own[7].	ਜੀਵ[4] ਖ਼ਿਆਲ[5] ਕਰਦਾ ਹੈ ਕਿ ਇਹ ਦੇਹਿ[6] ਉਸ ਦੀ ਆਪਣੀ[7] ਹੈ।
ਬਹੁਰਿ[8] ਬਹੁਰਿ ਉਆਹੂ[9] ਲਪਟੇਰਾ[10] ॥	Again[8]and again he clings[10] to that[9].	ਮੁੜ[8] ਮੁੜ ਕੇ ਉਹ ਉਸ[9] ਨਾਲ ਚਿਮੜਦਾ[10] ਹੈ।
ਪੁਤ੍ਰ[11] ਕਲਤ੍ਰ[12] ਗਿਰਸਤ[13] ਕਾ ਫਾਸਾ[14] ॥	Children[11], wife[12], and household[13] are entanglements[14].	ਬੱਚੇ[11], ਵਹੁਟੀ[12] ਅਤੇ ਘਰਬਾਰ[13] ਫਾਹੀਆਂ[14] ਹਨ।
ਹੋਨੁ ਨ[15] ਪਾਈਐ ਰਾਮ[16] ਕੇ ਦਾਸਾ[17] ॥੧॥	The mortal cannot become[15] the slave[17] of the Lord[16].	ਪ੍ਰਾਣੀ ਸਾਹਿਬ[16] ਦਾ ਸੇਵਕ[17] ਨਹੀਂ ਹੋ[15] ਸਕਦਾ।
ਕਵਨ[18] ਸੁ[19] ਬਿਧਿ[20] ਜਿਤੁ[21] ਰਾਮ[23] ਗੁਣ[22] ਗਾਇ[24] ॥	What[18] is that[19] way[20] by which[21]the praises[22] of the Omnipresent Lord[23] may be sung[24] ?	ਉਹ[19] ਕਿਹੜਾ[18] ਤ੍ਰੀਕਾ[20] ਹੈ ਜਿਸ[21] ਦੁਆਰਾ ਸਰਬ-ਵਿਆਪਕ ਸਾਂਈ[23] ਦਾ ਜੱਸ[22]ਗਾਇਨ[24] ਕੀਤਾ ਜਾਵੇ ?
ਕਵਨ ਸੁ ਮਤਿ[25] ਜਿਤੁ ਤਰੈ[26] ਇਹ[27] ਮਾਇ[28] ॥ ੧ ॥ ਰਹਾਉ ॥	What is that intellect[25], by which this[27] mortal may swim across[26] O, mother[28] ? Pause.	ਉਹ ਕਿਹੜੀ ਅਕਲ[25] ਹੈ, ਜਿਸ ਦੁਆਰਾ ਇਹ[27]ਪ੍ਰਾਣੀ ਪਾਰ ਉਤਰ[26] ਜਾਵੇ, ਹੇ ਮਾਤਾ[28] ? ਠਹਿਰਾਉ।
ਜੋ ਭਲਾਈ[29] ਸੋ[30] ਬੁਰਾ[31] ਜਾਨੈ[32] ॥	What is for his good[29] that[30] he deems[32] evil[31].	ਜੋ ਉਸ ਦੀ ਬਿਹਤਰੀ[29]ਲਈ ਹੈ ਉਸ[30]ਨੂੰ ਉਹ ਮਾੜਾ[31] ਸਮਝਦਾ[32] ਹੈ।
ਸਾਚੁ ਕਹੈ ਸੋ[33] ਬਿਖੋ[34] ਸਮਾਨੈ[35] ॥	If anyone tells him the truth, he regards that[33] as[35] poison[34].	ਜੇਕਰ ਕੋਈ ਉਸ ਨੂੰ ਸੱਚ ਆਖੇ, ਤਾਂ ਉਹ ਉਸ[33] ਨੂੰ ਜ਼ਹਿਰ[34] ਦੀ ਮਾਨੰਦ[35] ਖ਼ਿਆਲ ਕਰਦਾ ਹੈ।
ਜਾਣੈ ਨਾਹੀ ਜੀਤ[36] ਅਰੁ[37] ਹਾਰ[38] ॥	He knows not what is victory[36],and[37] what is defeat[38] ?	ਉਹ ਨਹੀਂ ਜਾਣਦਾ ਕਿ ਫ਼ਤਹ[36] ਕੀ ਹੈ ਅਤੇ[37] ਸ਼ਿਕਸਤ[38] ਕੀ ਹੈ ?
ਇਹੁ ਵਲੇਵਾ[39] ਸਾਕਤ[40] ਸੰਸਾਰ[41] ॥੨॥	This is the way of life[39]of the infidel[40] in this world[41].	ਇਹ ਹੈ ਜੀਵਨ ਦਾ ਵਰਤ-ਵਰਤਾਰਾ[39] ਮਲੇਛ[40] ਦਾ ਇਸ ਜਹਾਨ[41] ਵਿਚ।
ਜੋ[42] ਹਲਾਹਲ[43] ਸੋ[44] ਪੀਵੈ[45] ਬਉਰਾ[46] ॥	What[42] is deadly poison[43], that[44] the demented[46] man drinkes[45].	ਜਿਹੜੀ[42]ਪ੍ਰਾਣ-ਨਾਸਕ ਜ਼ਹਿਰ[43] ਹੈ, ਪਾਗਲ[46] ਪੁਰਸ਼ ਉਸ[44]ਨੂੰ ਪਾਨ[45] ਕਰਦਾ ਹੈ।
ਅੰਮ੍ਰਿਤੁ[47] ਨਾਮੁ ਜਾਨੈ[48] ਕਰਿ[49] ਕਉਰਾ[50] ॥	The Nectar[47] Name, he deems[48] as[49] bitter[50].	ਸੁਧਾਰਸ[47] ਨਾਮ ਨੂੰ ਉਹ ਕਉੜਾ[50] ਕਰ[49] ਕੇ ਜਾਣਦਾ[48] ਹੈ।
ਸਾਧਸੰਗਿ[51] ਕੈ ਨਾਹੀ ਨੇਰਿ[52] ॥	The Society of Saints[51], he draws not near[52].	ਸਤਿਸੰਗਤ[51] ਦੇ ਉਹ ਨੇੜੇ[52] ਨਹੀਂ ਲਗਦਾ।
ਲਖ ਚਉਰਾਸੀਹ[53] ਭ੍ਰਮਤਾ ਫੇਰਿ[54] ॥੩॥	In the eighty four lacs[53]of existences, he wanders through[54].	ਚੁਰਾਸੀ ਲੱਖ[53] ਜੂਨੀਆਂ ਅੰਦਰ ਉਹ ਭਟਕਦਾ ਫਿਰਦਾ[54] ਹੈ।
ਏਕੈ ਜਾਲਿ[55] ਫਹਾਏ[56] ਪੰਖੀ[57] ॥	In the one net[55] of mammon the birds[57] are caught[56].	ਮਾਇਆ ਦੇ ਇਕੋ ਹੀ ਫੰਧੇ[55] ਵਿਚ ਪੰਛੀ[57] ਫਸੇ[56] ਹੋਏ ਹਨ।
ਰਸਿ ਰਸਿ[58] ਭੋਗ ਕਰਹਿ[59] ਬਹੁ[60] ਰੰਗੀ[61] ॥	Immersed in worldly love[58], they revel[59] there in various[60] ways[61].	ਸੰਸਾਰੀ ਮੋਹ[58] ਅੰਦਰ ਭਿੱਜ ਕੇ ਉਹ ਉਥੇ ਅਨੇਕਾਂ[60] ਤਰ੍ਹਾਂ[61] ਦੀਆਂ ਰੰਗ ਰਲੀਆਂ[59] ਮਾਣਦੇ ਹਨ।
ਕਹੁ[62] ਨਾਨਕ ਜਿਸੁ[63]	Says[62]Nanak,the Perfect[66] Guru has	ਗੁਰੂ ਜੀ ਫ਼ਰਮਾਉਂਦੇ[62] ਹਨ, ਪੂਰਨ[66] ਗੁਰਾਂ ਨੇ ਉਸ[67]

ਭਏ[64] ਕ੍ਰਿਪਾਲ[65] ॥ ਗੁਰਿ ਪੂਰੈ[66] ਤਾਕੇ[67] ਕਾਟੇ[68] ਜਾਲ[69] ॥੪॥੧੩॥੮੨॥

cut[68] the noose[69] of him[67], unto whom[63] the Lord has become[64] Merciful[65].

ਦੀ ਫਾਹੀ[69] ਕਟ[68] ਦਿੱਤੀ ਹੈ, ਜਿਸ[63] ਉਤੇ ਮਾਲਕ ਮਿਹਰਬਾਨ[65] ਹੋਇਆ[64] ਹੈ।

ਗਉੜੀ ਗੁਆਰੇਰੀ
ਮਹਲਾ ੫ ॥

Gauri Guareri
5th Guru.

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ।

ਤਉ[70] ਕਿਰਪਾ[71] ਤੇ[72] ਮਾਰਗੁ[73] ਪਾਈਐ[74] ॥

By[72] Thine[70] grace[71], O Lord, the way[73] is found[74].

ਤੇਰੀ[70] ਦਇਆ[71] ਦੁਆਰਾ[72], ਹੇ ਸਾਂਈ, ਰਾਹ[73] ਲਭਦਾ[74] ਹੈ।

ਪ੍ਰਭ ਕਿਰਪਾ ਤੇ ਨਾਮੁ ਧਿਆਈਐ[75] ॥

By Lord's mercy the Name is meditated[75] upon.

ਸੁਆਮੀ ਦੀ ਮਿਹਰ ਦੁਆਰਾ ਨਾਮ ਸਿਮਰਿਆ[75] ਜਾਂਦਾ ਹੈ।

ਪ੍ਰਭ ਕਿਰਪਾ ਤੇ ਬੰਧਨ[76] ਛੂਟੇ[77] ॥

By Lord's mercy the mortal is released[77] from bonds[76].

ਸੁਆਮੀ ਦੀ ਮਿਹਰ ਦੁਆਰਾ ਪ੍ਰਾਣੀ ਬੇੜੀਆਂ[76] ਤੋਂ ਖ਼ਲਾਸੀ[77] ਪਾ ਜਾਂਦਾ ਹੈ।

ਤਉ ਕਿਰਪਾ ਤੇ ਹਉਮੈ[78] ਤੂਟੈ[79] ॥੧॥

By Thy grace egotism[78]is dispelled[79].

ਤੇਰੀ ਰਹਿਮਤ ਸਦਕਾ ਹੰਕਾਰ[78] ਦੂਰ[79] ਹੋ ਜਾਂਦਾ ਹੈ।

ਤੁਮ ਲਾਵਹੁ[80] ਤਉ[81] ਲਾਗਹ[82] ਸੇਵ[83] ॥

If Thou so appointest[80]me,then[81],do I take[82] to Thine service[83].

ਜੇਕਰ ਤੂੰ ਮੈਨੂੰ ਲਾਵੇਂ,[80] ਕੇਵਲ ਤਾਂ[81] ਹੀ ਮੈਂ ਤੇਰੀ ਟਹਿਲ[83] ਸੇਵਾ ਅੰਦਰ ਲਗਦਾ[82] ਹਾਂ।

ਹਮ ਤੇ[84] ਕਛੂ ਨ ਹੋਵੈ ਦੇਵ[85] ॥ ੧ ॥ ਰਹਾਉ ॥

Of my ownself[84], I cannot do anything, O, my Luminous Lord[85].Pause

ਆਪਣੇ ਆਪ[84] ਮੈਂ ਕੁਝ ਭੀ ਨਹੀਂ ਕਰ ਸਕਦਾ, ਹੇ ਮੇਰੇ ਪ੍ਰਕਾਸ਼ਵਾਨ ਪ੍ਰਭੂ[85]! ਠਹਿਰਾਉ।

ਤੁਧੁ ਭਾਵੈ[86] ਤਾ[87] ਗਾਵਾ ਬਾਣੀ[88] ॥

If it pleases[86] Thee, I sing. Thy Gurbani[88], then[87].

ਜੇਕਰ ਤੈਨੂੰ ਚੰਗਾ[86] ਲਗੇ ਤਦ[87] ਮੈਂ ਤੇਰੀ ਗੁਰਬਾਣੀ[88] ਗਾਉਂਦਾ ਹਾਂ।

ਤੁਧੁ ਭਾਵੈ ਤਾ ਸਚੁ ਵਖਾਣੀ[89] ॥

If it pleases Thee, I tell[89] the truth, then.

ਜੇਕਰ ਤੈਨੂੰ ਚੰਗਾ ਲਗੇ ਤਦ ਹੀ ਮੈਂ ਸੱਚ ਬੋਲਦਾ[89]ਹਾਂ।

ਤੁਧੁ ਭਾਵੈ ਤਾ ਸਤਿਗੁਰ ਮਇਆ[90] ॥

If it pleases Thee,True Guru's grace[90] is upon me, then.

ਜੇਕਰ ਤੈਨੂੰ ਚੰਗਾ ਲਗੇ ਤਦ ਹੀ ਸੱਚੇ ਗੁਰਾਂ ਦੀ ਰਹਿਮਤ[90] ਮੇਰੇ ਉਤੇ ਹੈ।

ਸਰਬ[91] ਸੁਖਾ[92] ਪ੍ਰਭ ਤੇਰੀ ਦਇਆ[93] ॥੨॥

All[91] the peace[92] is in Thy grace[93], O my Lord.

ਸਾਰੇ[91] ਆਰਾਮ[92] ਤੇਰੀ ਮਿਹਰ[93] ਅੰਦਰ ਹਨ, ਹੇ ਮੇਰੇ ਠਾਕੁਰ।

ਜੋ[94] ਤੁਧੁ ਭਾਵੈ ਸੋ[95] ਨਿਰਮਲ[96] ਕਰਮਾ[97] ॥

Whatever[94] pleases Thee, that[95]is the pure[96] deed[97].

ਜਿਹੜਾ[94] ਤੈਨੂੰ ਭਾਉਂਦਾ ਹੈ, ਉਹੀ[95] ਪਵਿੱਤ੍ਰ[96]ਅਮਲ[97] ਹੈ।

ਜੋ ਤੁਧੁ ਭਾਵੈ ਸੋ ਸਚੁ ਧਰਮਾ[98] ॥

That which pleases Thee, that is he true faith[98].

ਜਿਹੜਾ ਤੈਨੂੰ ਭਾਉਂਦਾ ਹੈ, ਉਹੀ ਸੱਚਾ ਮਜ਼ਹਬ[98] ਹੈ।

ਸਰਬ[99] ਨਿਧਾਨ[100] ਗੁਣ[2] ਤੁਮਹੀ[3] ਪਾਸਿ[4] ॥

The treasure[100]of all[99]the excellences[2] is with[4] Thee[3].

ਸਮੂਹ[99] ਚੰਗਿਆਈਆਂ[2] ਦਾ ਖ਼ਜ਼ਾਨਾ[100] ਤੇਰੇ[3] ਕੋਲ[4] ਹੈ।

ਤੂੰ ਸਾਹਿਬ[5] ਸੇਵਕ[6] ਅਰਦਾਸਿ[7] ॥੩॥

Thou art the Lord[5]. Thy servant[6] makes supplication[7] before Thee.

ਤੂੰ ਮਾਲਕ[5] ਹੈਂ। ਤੇਰਾ ਦਾਸ[6] ਤੇਰੇ ਅਗੇ ਪ੍ਰਾਰਥਨਾ[7] ਕਰਦਾ ਹੈ।

ਮਨੁ[8] ਤਨੁ[9] ਨਿਰਮਲੁ[10] ਹੋਇ[12] ਹਰਿ ਰੰਗਿ[13] ॥

The soul[8] and body[9] are reached[12] immaculate[10] through God's love[13].

ਆਤਮਾ[8]ਅਤੇ ਦੇਹਿ[9] ਵਾਹਿਗੁਰੂ ਦੀ ਪ੍ਰੀਤ[13] ਰਾਹੀਂ ਪਵਿੱਤਰ[10] ਹੋ ਜਾਂਦੇ[12] ਹਨ।

ਸਰਬ[14] ਸੁਖਾ[15] ਪਾਵਉ[16] ਸਤਸੰਗਿ[17] ॥
ਨਾਮਿ ਤੇਰੈ ਰਹੈ ਮਨੁ[18] ਰਾਤਾ[19]॥ਇਹੁ[20]ਕਲਿਆਣੁ[21] ਨਾਨਕ ਕਰਿ[22] ਜਾਤਾ[23] ॥ ੪॥੧੪॥੮੩॥

All[14] the comforts[15] are obtained[16] in the Society of the Saints[17].
May my soul[18] remain imbued[19] with Thy Name. Nanak deems[23]. this[20] as[22] the Supreme bliss[21],

ਸਾਰੇ[14] ਆਰਾਮ[15] ਸਾਧ ਸੰਗਤ[17] ਅੰਦਰ ਪਰਾਪਤ[16] ਹੋ ਜਾਂਦੇ ਹਨ ।
ਮੇਰੀ ਆਤਮਾ[18] ਤੇਰੇ ਨਾਮ ਨਾਲ ਰੰਗੀਜੀ[19] ਰਹੇ ।
ਨਾਨਕ ਇਸ[20] ਨੂੰ ਪਰਮ-ਅਨੰਦ[21] ਕਰ ਕੇ[22] ਜਾਣਦਾ[23] ਹੈ ।

ਗਉੜੀ ਗੁਆਰੇਰੀ
ਮਹਲਾ ੫ ॥

Gauri Guareri
5th Guru.

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ ।

ਆਨ[24] ਰਸਾ[25] ਜੇਤੇ[26] ਤੈ ਚਾਖੇ[27] ॥ ਨਿਮਖ[28] ਨ ਤ੍ਰਿਸਨਾ[29] ਤੇਰੀ ਲਾਥੇ[30] ॥

All[26] other[24] relishes[25], which thou tastest[27], O my tongue[26], with them thy thirst[29] departs[30] not, even for an instant[28].

ਹੋਰ[24] ਸਾਰੇ[26] ਸੁਆਦ[25], ਜਿਹੜੇ ਤੂੰ ਚੁੰਚਦੀ[27] ਹੈਂ, ਮੇਰੀ ਜਿਹਭਾ, ਉਨ੍ਹਾਂ ਨਾਲ ਤੇਰੀ ਤਰੇਹ[29] ਇਕ ਮੁਹਤ[28] ਭਰ ਲਈ ਭੀ ਨਵਿਰਤ[30] ਨਹੀਂ ਹੁੰਦੀ ।

ਹਰਿਰਸ[31] ਕਾ ਤੂੰ ਚਾਖਹਿ ਸਾਦੁ[32] ॥ ਚਾਖਤ ਹੋਇ ਰਹਹਿ ਬਿਸਮਾਦੁ[33] ॥੧॥

If thou tastest the sweetness[32] of God's elixir[31], thou shalt be taken by surprise[33] on tasting it.

ਜੇਕਰ ਤੂੰ ਵਾਹਿਗੁਰੂ ਦੇ ਅੰਮ੍ਰਿਤ[31] ਦੀ ਮਿਠਾਸ[32] ਚਖ ਲਵੇਂ, ਤਾਂ ਤੂੰ ਇਸ ਨੂੰ ਚੱਖ ਕੇ ਚਕ੍ਰਿਤ[33] ਹੋ ਜਾਵੇਂਗਾ ।

ਅੰਮ੍ਰਿਤੁ[34] ਰਸਨਾ[35]ਪੀਉ[36] ਪਿਆਰੀ[37] ॥

O, my dear[34] tongue[35] drink[36] thou the Name Nectar[34].

ਹੇ ਮੇਰੀ ਲਾਡਲੀ[37] ਜੀਭੇ[35] ! ਤੂੰ ਨਾਮ ਸੁਧਾਰਸ[34] ਨੂੰ ਪਾਨ[36] ਕਰ ।

ਇਹ ਰਸ[38] ਰਾਤੀ[39] ਹੋਇ ਤ੍ਰਿਪਤਾਰੀ[40] ॥੧॥ਰਹਾਉ॥

Steeped[39] in this savour[38] thou shalt be satiated[40]. Pause.

ਏਸ ਚਾਇਕੇ[38]ਅੰਦਰ ਰੰਗੀ[39] ਹੋਈ ਤੂੰ ਰੱਜ[40] ਜਾਵੇਂਗੀ ।
ਠਹਿਰਾਉ ।

ਹੇ ਜਿਹਵੇ ਤੂੰ ਰਾਮ[41] ਗੁਣ[42] ਗਾਉ[43] ॥

O tongue, sing[43] thou the praises[42] of the Lord[41],

ਹੇ ਜੀਭੇ ! ਤੂੰ ਸਾਹਿਬ[41] ਦਾ ਜੱਸ[42] ਗਾਇਨ[43] ਕਰ ।

ਨਿਮਖ[44] ਨਿਮਖ ਹਰਿ ਹਰਿ ਹਰਿ[45] ਧਿਆਉ[46] ॥

Every moment[44], meditate[46] thou on Lord Master's Name[45].

ਹਰਿ ਮੁਹਤ[44] ਤੂੰ ਸੁਆਮੀ ਮਾਲਕ ਦੇ ਨਾਮ[45] ਦਾ ਆਰਾਧਨ[46] ਕਰ ।

ਆਨ[47] ਨ ਸੁਨੀਐ[48] ਕਤਹੂੰ[49] ਜਾਈਐ[50] ॥

Hear[48] not another[47] thing but the Name, and go[50] not anywhere[49] but the Master.

ਨਾਮ ਦੇ ਬਾਝੋਂ ਹੋਰ[47] ਕੁਝ ਨ ਸੁਣ[48] ਅਤੇ ਮਾਲਕ ਦੇ ਬਾਝੋਂ ਹੋਰ ਕਿਧਰੇ[49] ਨ ਜਾ[50] ।

ਸਾਧ ਸੰਗਤਿ [51]ਵਡਭਾਗੀ[52] ਪਾਈਐ[53] ॥੨॥

Saints' congregation is attained[53] to, by the greatest[51] good luck[52].

ਸਤਿਸੰਗਤ ਪਰਮ[51] ਚੰਗੇ ਨਸੀਬਾਂ[52] ਦੁਆਰਾ ਮਿਲਦੀ[53] ਹੈ ।

ਆਠ ਪਹਿਰ ਜਿਹਵੇ ਆਰਾਧਿ[54] ॥ ਪਾਰਬ੍ਰਹਮ[55] ਠਾਕੁਰ[56] ਆਗਾਧਿ[57] ॥

Throughout the eight watches, O tongue, repeat[54] thou the Name of the Supreme Lord[55], the unfathomable[57] Master[56].

ਹੇ ਜੀਭੇ ! ਅਠੇ ਪਹਿਰ ਹੀ ਤੂੰ ਸ਼ਰੋਮਣੀ ਸਾਹਿਬ[55] ਅਤੇ ਅਥਾਹ[57] ਮਾਲਕ[56] ਦੇ ਨਾਮ ਦਾ ਉਚਾਰਣ[54] ਕਰ ।

ਈਹਾ[58] ਊਹਾ[59] ਸਦਾ[60] ਸੁਹੇਲੀ[61] ॥

Here[58] and hereafter[59], thou shalt, ever[60], be happy[61].

ਏਥੇ[58] ਤੇ ਉਥੇ[59] ਤੂੰ ਹਮੇਸ਼ਾਂ[60] ਹੀ ਖੁਸ਼[61] ਰਹੇਂਗੀ ।

ਹਰਿਗੁਣ[62] ਗਾਵਤ[63]

By chanting[63] God's glories[62] thou

ਵਾਹਿਗੁਰੂ ਦੀ ਕੀਰਤੀ[62] ਅਲਾਪਣ[63] ਦੁਆਰਾ ਤੂੰ

ਰਸਨ[64] ਅਮੋਲੀ[65] ॥੩॥
ਬਨਸਪਤਿ[66] ਮਉਲੀ[67]
ਫਲ[68] ਫੂਲ[69] ਪੇਡੇ[70]॥ ਇਹ
ਰਸ[71] ਰਾਤੀ[72] ਬਹੁਰਿ ਨ
ਛੋਡੇ[37]॥

ਆਨ[74]ਨ ਰਸ ਕਸ[75]ਲਵੈ[76]
ਨ ਲਾਈ ॥
ਕਹੁ[77] ਨਾਨਕ ਗੁਰ ਭਏ[78]
ਹੈ ਸਹਾਈ[79] ॥੪॥੧੫॥
੮੪॥

ਗਉੜੀ ਗੁਆਰੇਰੀ
ਮਹਲਾ ੫ ॥
ਮਨੁ[80] ਮੰਦਰੁ[81] ਤਨੁ[82]
ਸਾਜੀ[83] ਬਾਰਿ[84] ॥

੧੮੧
ਇਸ ਹੀ ਮਧੇ[85] ਬਸਤੂ[86]
ਅਪਾਰ[87] ॥
ਇਸ ਹੀ ਭੀਤਰਿ[89]
ਸੁਨੀਅਤ[90] ਸਾਹੁ[88] ॥
ਕਵਨੁ[91] ਬਾਪਾਰੀ[92] ਜਾ ਕਾ
ਊਹਾ[93] ਵਿਸਾਹੁ[94] ॥੧॥
ਨਾਮ ਰਤਨ[95] ਕੋ[96] ਕੋ
ਬਿਉਹਾਰੀ[97] ॥
ਅੰਮ੍ਰਿਤ[98] ਭੋਜਨੁ[99] ਕਰੇ
ਆਹਾਰੀ[100] ॥੧॥ਰਹਾਉ॥
ਮਨੁ[2] ਤਨੁ[3] ਅਰਪੀ[4] ਸੇਵ
ਕਰੀਜੈ[5] ॥
ਕਵਨ[6] ਸੁ[7] ਜੁਗਤਿ[8] ਜਿਤੁ[9]
ਕਰਿ ਭੀਜੈ[10] ॥
ਪਾਇ[12] ਲਗਉ[13] ਤਜਿ[14]
ਮੇਰਾ ਤੇਰੈ[15] ॥
ਕਵਨੁ ਸੁ[16] ਜਨੁ[17] ਜੋ
ਸਉਦਾ[18] ਜੋਰੈ[19] ॥੨॥

shalt become invaluable[65], O tongue[64].
Steeped[72] in this elixir[71], thou shalt never leave[73] it, O tongue, and for thee the vegetation[66] shall grow green,[67] and the plants[70] shall bear flowers[68] and fruits[69].
No other[74] sweets and saltish[75] savours equal[76] it.
Says[77]Nanak,the Guru has become[78] my Succour[79].

Gauri Guareri
5th Guru.
The mind[80] is the mansion[81], and body[82] the fence[84] constructed[83] round it.

181
Within[86] it is the unrivalled[87] commodity[86].
In[89] it, it is heard[90], the great Merchant[88] abides. Who[91] isthe dealer[92], who commands credit[94] there[93].

Rare[96] is the trader[97], who deals in the Name-jewel[95].
He partakes[100] of the Nectar[98] as his food[99]. Pause.
He dedicates[4] his soul[2] and body[3] to the Lord and serves[5] Him.
What[6] is the[7] way[8], by which[9] the Lord is pleased[10] ?
Shedding[14]my "I and thou[15]",I fall[13] at His feet[12].
Who is the[16]man[17], who may get the bargain[18] settled[19] ?

ਅਣਮੁੱਲੀ[65] ਹੋ ਜਾਵੇਂਗੀ, ਹੇ ਜੀਭੇ[64] ।
ਇਸ ਅੰਮ੍ਰਿਤ[71] ਵਿਚ ਰੰਗੀਜੀ[72] ਹੋਈ ਤੂੰ ਕਦਾਚਿੱਤ ਇਸ ਨੂੰ ਨਹੀਂ ਛਡੇਂਗੀ[73] ਅਤੇ ਤੇਰੇ ਲਈ ਨਬਾਤਾਤ[66] ਹਰੀ ਭਰੀ[67] ਹੋ ਜਾਵੇਗੀ ਅਤੇ ਪੌਦੇ[70] ਪੁਸ਼ਪ[68] ਤੇ ਮੇਵੇ[69] ਲੈ ਆਉਣਗੇ ।
ਕੋਈ ਹੋਰ[74] ਮਿਠੇ ਤੇ ਸਲੂਣੇ[75] ਜ਼ਾਇਕੇ ਇਸ ਦੇ ਤੁੱਲ[76] ਨਹੀਂ ।
ਗੁਰੂ ਜੀ ਫ਼ੁਰਮਾਉਂਦੇ[77] ਹਨ, ਗੁਰਦੇਵ ਮੇਰੇ ਸਹਾਇਕ[79] ਹੋ ਗਏ[78] ਹਨ ।

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ ।
ਹਿਰਦਾ[80] ਇਕ ਮਹਿਲ[85] ਹੈ ਤੇ ਦੇਹਿ[82] ਦੀ ਇਸਦੇ ਦੁਆਲੇ ਵਾੜ[84] ਕੀਤੀ[83] ਗਈ ਹੈ ।

੧੮੧
ਇਸ ਦੇ ਅੰਦਰ[85] ਲਾਸਾਨੀ[87] ਵੱਖਰ[86] ਹੈ ।
ਇਸ ਦੇ ਵਿਚ[89], ਸੁਣੀਂਦਾ[90] ਹੈ ਕਿ ਵਡਾ ਵਣਜਾਰਾ[88] ਵਸਦਾ ਹੈ । ਉਹ ਕਿਹੜਾ[91] ਵਪਾਰੀ[92] ਹੈ, ਜਿਸ ਦੀ ਓਥੇ[93] ਸਾਖ[94] ਹੈ ।
ਕੋਈ ਵਿਰਲਾ[96] ਹੀ ਵਪਾਰੀ[97] ਹੈ ਜੋ ਨਾਮ ਹੀਰੇ[95] ਦਾ ਵਪਾਰ ਕਰਦਾ ਹੈ ।
ਉਹ ਸੁਧਾਰਸ[98] ਨੂੰ ਆਪਣੇ ਖਾਣੇ[99]ਵਜੋਂ ਛਕਦਾ[100] ਹੈ ।
ਠਹਿਰਾਉ ।
ਉਹ ਆਪਣੀ ਆਤਮਾ[2] ਤੇ ਦੇਹਿ[3] ਸੁਆਮੀ ਨੂੰ ਸਮਰਪਣ[4] ਕਰ ਦਿੰਦਾ ਹੈ ਅਤੇ ਉਸ ਦੀ ਟਹਿਲ ਕਮਾਉਂਦਾ[5] ਹੈ ।
ਉਹ[7] ਕਿਹੜਾ[6] ਢੰਗ[8] ਹੈ ਜਿਸ ਦੁਆਰਾ[9] ਸਾਹਿਬ ਖੁਸ਼[10] ਹੁੰਦਾ ਹੈ ।
ਆਪਣਾ 'ਮੇਰ ਤੇਰ[15]' ਗੁਆ[14], ਕੇ ਮੈਂ ਉਸ ਦੇ ਪੈਰੀਂ[12] ਪੈਂਦਾ[13] ਹਾਂ ।
ਉਹ ਕਿਹੜਾ[16] ਆਦਮੀ[17] ਹੈ ਜੋ ਸੌਦਾ[18]ਕਰਾ[19] ਦੇਵੇ ।

ਮਹਲੁ[20] ਸਾਹ[21] ਕਾ ਕਿਨ[22] ਬਿਧਿ[23] ਪਾਵੈ[24] ॥ ਕਵਨ ਸੁ ਬਿਧਿ ਜਿਤੁ ਭੀਤਰਿ[25] ਬੁਲਾਵੈ[26] ॥

By what[22] device[23] can I reach[24] the Merchant's[20] mansion[21] ? What is the method, by which, He may call[26] me in[25] ?

ਕਿਸ[22] ਢੰਗ[23] ਨਾਲ ਮੈਂ ਵਣਜਾਰੇ[20] ਦੇ ਮੰਦਰ[21] ਪੁਜ[24] ਸਕਦਾ[24] ਹਾਂ ? ਉਹ ਕਿਹੜਾ ਤਰੀਕਾ ਹੈ ਜਿਸ ਦੁਆਰਾ ਉਹ ਮੈਨੂੰ ਅੰਦਰ[25] ਸੱਦ[26] ਲਵੇ ?

ਤੂੰ ਵਡਾ[27] ਸਾਹੁ ਜਾ ਕੇ ਕੋਟਿ[28] ਵਣਜਾਰੇ[29] ॥ ਕਵਨੁ[33] ਸੁ[34] ਦਾਤਾ[30] ਲੇ[31] ਸੰਚਾਰੇ[32] ॥੩॥

Thou art the great Merchant[27], who has million[28] of dealers[29].

Who[33] is the[34] benefactor[30], who may take[31] my hand, and cause me to reach[32] His Mansion ?

ਤੂੰ ਵਡਾ ਵਣਜਾਰਾ[27] ਹੈਂ ਜਿਸ ਦੇ ਕਰੋੜਾਂ[28] ਹੀ ਹਟਵਾਣੀਏ[29] ਹਨ ।

ਉਹ[33] ਕਿਹੜਾ[34] ਦਾਤਾਰ[30] ਹੈ ਜਿਹੜਾ ਮੈਨੂੰ ਹਥੋਂ ਪਕੜ[31] ਕੇ ਉਸ ਦੇ ਮੰਦਰ ਤੇ ਪੁਚਾ[32] ਦੇਵੇ ?

ਖੋਜਤ ਖੋਜਤ[35] ਨਿਜ[36] ਘਰੁ[37] ਪਾਇਆ[38] ॥ ਅਮੋਲ[39] ਰਤਨੁ[40] ਸਾਚੁ[41] ਦਿਖਲਾਇਆ[42] ॥

Seeking and searching[35], I have found[38] my own[36] home[37].

The True Lord[41] has shown[42] me the invaluable[39] gem[40],

ਲਭਦਿਆਂ ਤੇ ਭਾਲਦਿਆਂ[35] ਮੈਂ ਆਪਣਾ ਨਿੱਜ[36] ਦਾ ਧਾਮ[37] ਪਾ[38] ਲਿਆ ਹੈ ।

ਸਚੇ ਸਾਹਿਬ[41] ਨੇ ਮੈਨੂੰ ਅਮੋਲਕ[39] ਜਵੇਹਰ[40] ਵਿਖਾਲ[42] ਦਿਤਾ ਹੈ ।

ਕਰਿ[43] ਕਿਰਪਾ[44] ਜਬ[45] ਮੇਲੇ[46] ਸਾਹਿ[47] ॥ ਕਹੁ[48] ਨਾਨਕ ਗੁਰ ਕੈ ਵੇਸਾਹਿ[49] ॥੪॥੧੬॥੮੫॥

When[45] the Merchant[47] shows[43] mercy[44], he blends[46] the mortal with Himself. Says[48] Nanak, this is accomplished, when the mortal puts faith[49] in the Guru.

ਜਦ[45] ਵਣਜਾਰਾ[47] ਮਿਹਰ[44] ਧਾਰਦਾ[43] ਹੈ, ਉਹ ਪ੍ਰਾਣੀ ਨੂੰ ਆਪਣੇ ਨਾਲ ਅਭੇਦ[46] ਕਰ ਲੈਂਦਾ ਹੈ । ਗੁਰੂ ਜੀ ਫ਼ੁਰਮਾਉਂਦੇ[48] ਹਨ ਇਹ ਹੋ ਆਉਂਦਾ ਹੈ, ਜਦ ਜੀਵ ਗੁਰਾਂ ਵਿਚ ਭਰੋਸਾ[49] ਧਾਰ ਲੈਂਦਾ ਹੈ ।

ਗਉੜੀ ਮਹਲਾ ੫
ਗੁਆਰੇਰੀ ॥

Gauri 5th Guru
Guareri.

ਗਉੜੀ ਪਾਤਸ਼ਾਹੀ ਪੰਜਵੀਂ
ਗੁਆਰੇਰੀ ।

ਰੈਣਿ[50] ਦਿਨਸੁ[51] ਰਹੈ[52] ਇਕ[53] ਰੰਗਾ[54] ॥ ਪ੍ਰਭ ਕਉ ਜਾਣੈ[55] ਸਦ[56] ਹੀ ਸੰਗਾ[57] ॥

Night[50] and day[51], the Saints abide[52] in the love[54] of One God[53].

The Lord, they deem[55], to be, ever[56], with[57] them.

ਰਾਤ੍ਰੀ[50] ਅਤੇ ਦਿਹੁੰ[51] ਸੰਤ ਇਕ ਵਾਹਿਗੁਰੂ[53] ਦੇ ਪ੍ਰੇਮ[54] ਅੰਦਰ ਵਸਦੇ[52] ਹਨ ।

ਸਾਹਿਬ ਨੂੰ, ਉਹ ਹਮੇਸ਼ਾਂ[56], ਆਪਣੇ ਅੰਗ ਸੰਗ[57] ਸਮਝਦੇ[55] ਹਨ ।

ਠਾਕੁਰ ਨਾਮੁ ਕੀਓ[59] ਉਨਿ[58] ਵਰਤਨਿ[60] ॥ ਤ੍ਰਿਪਤਿ[61] ਅਘਾਵਨੁ[62] ਹਰਿ ਕੈ ਦਰਸਨਿ[63] ॥੧॥

Lord's Name they[58] make[59] their way of life[60].

They are sated[61] and satiated[62] by God's sight[63].

ਸਾਂਈ ਦੇ ਨਾਮ ਨੂੰ ਉਹ[58] ਆਪਣੀ ਜੀਵਨ ਰਹੁ-ਰੀਤੀ[60] ਬਣਾ[59] ਲੈਂਦੇ ਹਨ ।

ਉਹ ਵਾਹਿਗੁਰੂ ਦੇ ਦੀਦਾਰ[63] ਦੁਆਰਾ ਰੱਜ[61] ਅਤੇ ਧ੍ਰਾਪ[62] ਜਾਂਦੇ ਹਨ ।

ਹਰਿ ਸੰਗਿ[64] ਰਾਤੇ[65] ਮਨ[66] ਤਨ[67] ਹਰੇ[68] ॥ ਗੁਰ ਪੂਰੇ[69] ਕੀ ਸਰਨੀ[70] ਪਰੇ[71] ॥੧॥ਰਹਾਉ॥

Imbued[65] with[64] God, their soul[66] and body[67] are re-verdured[68].

They enter[71] the sanctuary[70] of the Perfect[69] Guru. Pause.

ਉਹ ਵਾਹਿਗੁਰੂ ਨਾਲ[64] ਰੰਗੀਜਣ[65] ਨਾਲ ਉਹਨਾਂ ਦੀ ਆਤਮਾ[66] ਤੇ ਦੇਹਿ[67] ਸਰਸਬਜ਼[68] ਹੋ ਜਾਂਦੇ ਹਨ ।

ਉਹ ਪੂਰਨ[69] ਗੁਰਾਂ ਦੀ ਪਨਾਹ[70] ਲੈਂਦੇ[71] ਹਨ ।
ਠਹਿਰਾਉ ।

ਚਰਣ[72] ਕਮਲ[73] ਆਤਮ ਆਧਾਰ[74] ॥ ਏਕੁ[75] ਨਿਹਾਰਹਿ[76]

Lord's lotus[73] feet[72] are the support[74] of their soul.

They behold[76] but one[75] God, and

ਸਾਂਈ ਦੇ ਕੰਵਲ[73] ਰੂਪ ਪੈਰ[72] ਉਨ੍ਹਾਂ ਦੀ ਆਤਮਾ ਦਾ ਆਸਰਾ[74] ਹਨ ।

ਉਹ ਕੇਵਲ ਇਕ[75] ਵਾਹਿਗੁਰੂ ਨੂੰ ਹੀ ਵੇਖਦੇ[76] ਹਨ, ਅਤੇ

ਆਗਿਆਕਾਰ[77] ॥
ਏਕੋ[78] ਬਨਜੁ[79] ਏਕੋ ਬਿਉਹਾਰੀ[80] ॥
ਅਵਰੁ[81] ਨ ਜਾਨਹਿ[82] ਬਿਨੁ[83] ਨਿਰੰਕਾਰੀ[84]॥੨॥
ਹਰਖ[85] ਸੋਗ[86] ਦੁਹਹੂੰ[87] ਤੇ[89] ਮੁਕਤੇ[88] ॥
ਸਦਾ[90] ਅਲਿਪਤੁ[91] ਜੋਗ[92] ਅਰੁ[93] ਜੁਗਤੇ[94] ॥

ਦੀਸਹਿ[95] ਸਭ[96] ਮਹਿ[97] ਸਭ ਤੇ ਰਹਤੇ[98] ॥
ਪਾਰਬ੍ਰਹਮ[99] ਕਾ ਓਇ[100] ਧਿਆਨੁ[2] ਧਰਤੇ[3] ॥੩॥
ਸੰਤਨ ਕੀ ਮਹਿਮਾ[4] ਕਵਨ[5] ਵਖਾਨਉ[6] ॥
ਅਗਾਧਿ[7] ਬੋਧਿ[8] ਕਿਛੁ ਮਿਤਿ[9] ਨਹੀ ਜਾਨਉ[10] ॥
ਪਾਰਬ੍ਰਹਮ[12] ਮੋਹਿ[13] ਕਿਰਪਾ[14] ਕੀਜੈ[15] ॥
ਧੂਰਿ[16] ਸੰਤਨ ਕੀ ਨਾਨਕ ਦੀਜੈ[17] ॥੪॥੧੭॥੮੬॥

ਗਉੜੀ ਗੁਆਰੇਰੀ
ਮਹਲਾ ੫ ॥

ਤੂੰ ਮੇਰਾ ਸਖਾ[18] ਤੂੰ ਹੀ ਮੇਰਾ ਮੀਤੁ[19]॥
ਤੂੰ ਮੇਰਾ ਪ੍ਰੀਤਮੁ[20] ਤੁਮ ਸੰਗਿ[21] ਹੀਤੁ[22]॥
ਤੂੰ ਮੇਰੀ ਪਤਿ[23] ਤੂ ਹੈ ਮੇਰਾ ਗਹਣਾ[24] ॥
ਤੁਝ ਬਿਨੁ[25] ਨਿਮਖੁ[26] ਨ ਜਾਈ ਰਹਣਾ[27] ॥੧॥
ਤੂੰ ਮੇਰੇ ਲਾਲਨ[28] ਤੂੰ ਮੇਰੇ ਪ੍ਰਾਨ[29] ॥
ਤੂੰ ਮੇਰੇ ਸਾਹਿਬ[30] ਤੂ ਮੇਰੇ

become the obeyers[77] of His order.
Their's is but one[78] trade[79], and one occupation[80].
Without[83] the Formless[84] Lord, they know[82] none else[81].
They are free[88] both[87] from[89] weal[85] and woe[86].
They know the way[94] of, ever[90], remaining detached[91] from the world, and[93] attached[92] with God.

They are seen[95] among[97] all[96], and yet are removed[98] from all.
On the Supreme Lord[99], they[100] fix[3] their attention[2].
What[5] glories[4] of the Saints, can I describe[6] ?
Unfathomable[7] is their knowledge[8], and I know[10] not their worth[9].
O, Great God[12] show[15] mercy[14] unto me[13].
Grant[17] Nanak the dust[16] of the Saints' feet.

Gauri Guareri
5th Guru

Thou art my Comrade[18] and thou my Friend[19].
Thou art my Beloved[20], and with[21] Thee I bear love[22].
Thou art my Honour[23], and Thou art my Ornament[24].
Without[25] Thee, I cannot live[27], even, for a moment[26].
Thou art my Beloved[28], and Thou my very Life[29].
Thou art my Lord[30], and Thou my

ਉਸ ਦੇ ਹੁਕਮ ਦੇ ਪਾਲਣ ਵਾਲੇ[77] ਹੋ ਜਾਂਦੇ ਹਨ ।
ਉਨ੍ਹਾਂ ਦਾ ਕੇਵਲ ਇਕ[78] ਵਪਾਰ[79] ਹੈ ਅਤੇ ਇਕ ਹੀ ਕਾਰ ਵਿਹਾਰ[80] ।
ਰੂਪ-ਰੰਗ-ਰਹਿਤ[84] ਸੁਆਮੀ ਦੇ ਬਗੈਰ[83] ਉਹ ਹੋਰਸ[81] ਕਿਸੇ ਨੂੰ ਨਹੀਂ ਜਾਣਦੇ[82] ।
ਉਹ ਖੁਸ਼ੀ[85] ਤੇ ਗ਼ਮੀ[86] ਦੋਨਾਂ[87] ਤੋਂ[89] ਆਜ਼ਾਦ[88]ਹਨ ।
ਹਮੇਸ਼ਾਂ[90] ਹੀ ਦੁਨੀਆਂ ਵਲੋਂ ਅਟੰਕ[91] ਅਤੇ[93] ਰਬ ਨਾਲ ਜੁੜੇ[92] ਰਹਿਣ ਦੀ ਬਿਧੀ[94] ਉਨ੍ਹਾਂ ਨੂੰ ਆਉਂਦੀ ਹੈ ।

ਉਹ ਸਾਰਿਆਂ[96] ਵਿਚ[97] ਦਿਸਦੇ[95] ਹਨ ਅਤੇ ਫਿਰ ਭੀ ਸਾਰਿਆਂ ਤੋਂ ਨਿਵੇਕਲੇ[98] ਹਨ ।
ਸ਼ਰੋਮਣੀ ਸਾਹਿਬ[99] ਵਿਚ ਉਹ[100] ਆਪਣੀ ਬ੍ਰਿਤੀ[2] ਜੋੜੀ[3] ਰਖਦੇ ਹਨ ।
ਸਾਧੂਆਂ ਦੀਆਂ ਬਜ਼ੁਰਗੀਆਂ[4] ਮੈਂ ਕਿਹੜੀਆਂ[5] ਕਿਹੜੀਆਂ ਬਿਆਨ[6] ਕਰ ਸਕਦਾ ਹਾਂ ?
ਅਥਾਹ[7] ਹੈ ਉਨ੍ਹਾਂ ਦਾ ਗਿਆਨ[8] ਮੈਂ ਉਨ੍ਹਾਂ ਦਾ ਮੁੱਲ[9] ਨਹੀਂ ਜਾਣਦਾ[10] ।
ਹੇ ਵਿਸ਼ਾਲ ਵਾਹਿਗੁਰੂ[12] ਮੇਰੇ[13] ਉਤੇ ਮਿਹਰ[14] ਧਾਰ[15] ।
ਨਾਨਕ ਨੂੰ ਸਾਧੂਆਂ ਦੇ ਚਰਨਾਂ ਦੀ ਧੂੜ[16] ਪਰਦਾਨ[17] ਕਰ ।

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ

ਤੂੰ ਮੇਰਾ ਸਾਥੀ[18] ਹੈਂ ਅਤੇ ਤੂੰ ਹੀ ਮੇਰਾ ਮਿੱਤਰ[19] ।
ਤੂੰ ਮੇਰਾ ਪਿਆਰਾ[20] ਹੈਂ ਅਤੇ ਤੇਰੇ ਨਾਲ[21] ਹੀ ਮੇਰਾ ਪਿਆਰ[22] ਹੈ ।
ਤੂੰ ਮੇਰੀ ਇੱਜ਼ਤ-ਆਬਰੂ[23] ਹੈਂ ਅਤੇ ਤੂੰ ਹੀ ਮੇਰਾ ਭੂਸ਼ਨ[24] ਹੈਂ ।
ਤੇਰੇ ਬਾਝੋਂ[25] ਮੈਂ ਇਕ ਮੁਹਤ[26]-ਭਰ ਭੀ ਨਹੀਂ ਰਹਿ[27] ਸਕਦਾ ।
ਤੂੰ ਮੇਰਾ ਦਿਲਬਰ[28] ਹੈਂ ਅਤੇ ਤੂੰ ਹੀ ਮੇਰੀ ਜਿੰਦਜਾਨ[29]।
ਤੂੰ ਮੇਰਾ ਸੁਆਮੀ[30] ਹੈਂ ਅਤੇ ਤੂੰ ਹੀ ਮੇਰਾ ਸਰਦਾਰ[31] ।

ਖਾਨ[31] ॥ ੧ ॥ ਰਹਾਉ ॥
ਜਿਉ[32] ਤੁਮ ਰਾਖਹੁ[33] ਤਿਵ[34] ਹੀ ਰਹਨਾ[35] ॥
ਜੋ[36] ਤੁਮ ਕਹਹੁ ਸੋਈ[37] ਮੋਹਿ ਕਰਨਾ ॥
ਜਹ[38] ਪੇਖਉ[39] ਤਹਾ[40] ਤੁਮ ਬਸਨਾ[41] ॥
ਨਿਰਭਉ[42] ਨਾਮੁ ਜਪਉ[43] ਤੇਰਾ ਰਸਨਾ[44] ॥੨॥
ਤੂੰ ਮੇਰੀ[45] ਨਵਨਿਧਿ[46] ਤੂੰ ਭੰਡਾਰੁ[47] ॥
ਰੰਗ[48] ਰਸਾ[49] ਤੂੰ ਮਨਹਿ[50] ਅਧਾਰੁ[51] ॥
ਤੂੰ ਮੇਰੀ ਸੋਭਾ[52] ਤੁਮ ਸੰਗਿ[53] ਰਚੀਆ[54]॥
ਤੂੰ ਮੇਰੀ ਓਟ[55] ਤੂੰ ਹੈ ਮੇਰਾ ਤਕੀਆ[56] ॥੩॥
ਮਨ[57] ਤਨ[58] ਅੰਤਰਿ[59] ਤੁਹੀ ਧਿਆਇਆ[60] ॥
ਮਰਮੁ[61] ਤੁਮਾਰਾ ਗੁਰ ਤੇ[62] ਪਾਇਆ[63] ॥
ਸਤਿਗੁਰ ਤੇ[64] ਦ੍ਰਿੜਿਆ[65] ਇਕੁ[66] ਏਕੈ ॥
ਨਾਨਕ ਦਾਸ[67] ਹਰਿ ਹਰਿ[68] ਹਰਿ ਟੇਕੈ[69] ॥੪॥੧੮॥ ੮੭ ॥

chief[31]. Pause.
As[32] Thou keepest[33] me, so[34] do I live[35].
Whatever[36] Thou sayest, that[37] I do.
Wherever[38] I see[39], there[40] I find Thee dwelling[41].
My Fearless[42] Lord, with my tongue[44], I repeat[43] Thy Name.
Thou art my Nine[45] Treasures[46],and Thou my storehouse[47].
With Thine affection[48]I am imbued[49].
Thou art my mind's[50] Support[51]
Thou art my glory[52], and with[53]Thee I am blended[54].
Thou art my Shelter[55], and Thou art my Prop[56].
Within[59] my mind[57] body[58], I meditate[60] upon Thee.
Thy secret[61],I have obtained[63] from[62] the Guru.
Through[64] the True Guru, I have firmly grasped[65] the only one[66] Lord.
Slave[67] Nanak has the support[69] of God, the Lord Master[68].

ਠਹਿਰਾਉ ।
ਜਿਸ ਤਰ੍ਹਾਂ[32] ਤੂੰ ਮੈਨੂੰ ਰਖਦਾ[33] ਹੈਂ ਉਸੇ ਤਰ੍ਹਾਂ[34] ਹੀ ਮੈਂ ਰਹਿੰਦਾ[35] ਹਾਂ ।
ਜੋ ਕੁਛ[36] ਤੂੰ ਆਖਦਾ ਹੈਂ, ਉਹੀ[37] ਮੈਂ ਕਰਦਾ ਹਾਂ ।
ਜਿਥੇ ਕਿਤੇ[38] ਭੀ ਮੈਂ ਦੇਖਦਾ[39] ਉਥੇ[40]ਮੈਂ ਤੈਨੂੰ ਵਸਦਾ[41] ਪਾਉਂਦਾ ਹਾਂ ।
ਮੇਰੇ ਨਿਡਰੁ[42] ਸੁਆਮੀ, ਆਪਣੀ ਜੀਭਾ[44] ਨਾਲ ਮੈਂ ਤੇਰੇ ਨਾਮ ਦਾ ਉਚਾਰਨ[43] ਕਰਦਾ ਹਾਂ ।
ਤੂੰ ਮੇਰੇ ਨੌ[45] ਖ਼ਜ਼ਾਨੇ[46] ਹੈਂ ਅਤੇ ਤੂੰ ਹੀ ਮੇਰਾ ਤੋਸ਼ਾਖ਼ਾਨਾ[47] ।
ਤੇਰੀ ਪ੍ਰੀਤ[48] ਨਾਲ ਮੈਂ ਸਿੰਚਰਿਆ[49] ਹੋਇਆ ਹਾਂ ।
ਤੂੰ ਮੇਰੇ ਚਿੱਤ[50] ਦਾ ਆਸਰਾ[51] ਹੈਂ ।
ਤੂੰ ਮੇਰੀ ਸ਼ਾਨ-ਸ਼ੌਕਤ[52] ਹੈਂ ਅਤੇ ਤੇਰੇ ਨਾਲ[53] ਹੀ ਮੈਂ ਲੀਨ[54] ਹੋਇਆ ਹੋਇਆ ਹਾਂ ।
ਤੂੰ ਮੇਰੀ ਪਨਾਹ[55] ਹੈਂ ਅਤੇ ਤੂੰ ਹੀ ਮੇਰਾ ਆਸਰਾ[56] ਹੈਂ ।
ਆਪਣੀ ਆਤਮਾ[57] ਤੇ ਦੇਹਿ[58] ਅੰਦਰ[59] ਮੈਂ ਤੇਰਾ ਸਿਮਰਨ[60] ਕਰਦਾ ਹਾਂ ।
ਤੇਰਾ ਭੇਤ[61] ਮੈਂ ਗੁਰਾਂ ਪਾਸੋਂ[62] ਹਾਸਲ[63] ਕੀਤਾ ਹੈ ।
ਸੱਚੇ ਗੁਰਾਂ ਦੇ ਰਾਹੀਂ[64] ਮੈਂ ਕੇਵਲ[66] ਇਕ ਸੁਆਮੀ ਨੂੰ ਘੁਟ ਕੇ ਫੜਿਆ[65] ਹੈ ।
ਗੋਲੇ[67] ਨਾਨਕ ਨੂੰ ਵਾਹਿਗੁਰੂ ਸੁਆਮੀ[68] ਮਾਲਕ ਦਾ ਹੀ ਆਸਰਾ[69] ਹੈ ।

ਗਉੜੀ ਗੁਆਰੇਰੀ
ਮਹਲਾ ੫ ॥
੧੮੨

ਬਿਆਪਤ[70] ਹਰਖ[71] ਸੋਗ[72] ਬਿਸਥਾਰ[73] ॥
ਬਿਆਪਤ[77]ਸੁਰਗ[74]ਨਰਕ[75] ਅਵਤਾਰ[76] ॥
ਬਿਆਪਤ ਧਨ[78]ਨਿਰਧਨ[79]

Gauri Guareri
5th Guru.
182

Mammon is spread[70] through the ostentations[73] of weal[71] and woe[72].
It affects[77] heaven[74], hell[75], and incarnations[76].
It is seen[80] affecting, the rich[78], the

ਗਉੜੀ ਗੁਆਰੇਰੀ
ਪਾਤਸ਼ਾਹੀ ਪੰਜਵੀਂ
੧੮੨

ਮਾਇਆ ਖ਼ੁਸ਼ੀ[71] ਤੇ ਗ਼ਮੀ[72]ਦੇ ਅਡੰਬਰਾਂ[73]ਅੰਦਰ ਫੈਲੀ[70] ਹੋਈ ਹੈ ।
ਇਹ ਬਹਿਸ਼ਤ,[74] ਦੋਜ਼ਖ[75] ਅਤੇ ਜਨਮਾਂ ਦੇ ਗੇੜ[76] ਤੇ ਅਸਰ[77] ਕਰਦੀ ਹੈ ।
ਇਹ ਅਮੀਰਾਂ[78], ਗ਼ਰੀਬਾਂ[79] ਅਤੇ ਸੋਭਾਵਾਨਾਂ[81]ਤੇ ਅਸਰ

ਪੇਖਿ[80] ਸੋਭਾ[81] ॥	poor[79], and the glorious[81].	ਕਰਦੀ ਦੇਖੀ[80] ਜਾਂਦੀ ਹੈ ।
ਮੂਲੁ[82] ਬਿਆਧੀ[83] ਬਿਆਪਸਿ[84] ਲੋਭਾ[85] ॥੧॥	This basic[82] malody[83] operates[84] through covetousness[85].	ਇਹ ਬੁਨਿਆਦੀ[82],ਬੀਮਾਰੀ,[83] ਲਾਲਚ[85]ਦੇ ਰਾਹੀਂ ਕੰਮ ਕਰਦੀ ਹੈ[84] ।
ਮਾਇਆ[86]ਬਿਆਪਤ ਬਹੁ[87] ਪਰਕਾਰੀ[88] ॥	The mammon[86] affects in many[87] ways[88].	ਮੋਹਨੀ[86] ਕਈ[87] ਤਰੀਕਿਆਂ[88] ਨਾਲ ਅਸਰ ਕਰਦੀ ਹੈ ।
ਸੰਤ ਜੀਵਹਿ[89] ਪ੍ਰਭ ਓਟ[90] ਤੁਮਾਰੀ ॥	But the Saints under Thy Protection[90],O Lord pass their life[89]unaffected by it.	ਤੇਰੀ ਪਨਾਹ[90] ਤਾਬੇ ਹੇ ਸਾਹਿਬ ! ਸਾਧੂ ਇਸ ਦੇ ਅਸਰ ਤੋਂ ਬਿਨਾਂ ਹੀ ਆਪਣਾ ਜੀਵਨ[89] ਬਤੀਤ ਕਰਦੇ ਹਨ ।
੧ ॥ ਰਹਾਉ ॥	Pause.	ਠਹਿਰਾਉ ।
ਬਿਆਪਤ[91] [92]ਅਹੰਬੁਧਿ[93] ਕਾ ਮਾਤਾ[94] ॥	It clings[91]to him who is intoxicated[94] with intellectual[93] pride[92].	ਇਹ ਉਸ ਨੂੰ ਚਿਮੜੀ[91]ਹੋਈ ਹੈ ਜੋ ਅਹੁੰਕਾਰੀ[92]ਅਕਲ[93] ਨਾਲ ਨਸ਼ਈ[94]ਹੋਇਆ ਹੋਇਆ ਹੈ ।
ਬਿਆਪਤ ਪੁਤ੍ਰ[95] ਕਲਤ੍ਰ[96] ਸੰਗਿ[97] ਰਾਤਾ[98] ॥	It clings to him, who is imbued[98] with[97] the love of his sons[95] and wife[96].	ਇਹ ਉਸ ਨੂੰ ਚਿਮੜੀ ਹੋਈ ਹੈ ਜੋ ਆਪਣੇ ਪੁੱਤਾਂ[95] ਤੇ ਪਤਨੀ[96] ਦੇ ਪਿਆਰ ਨਾਲ[97] ਰੰਗਿਆ[98] ਹੋਇਆ ਹੈ ।
ਵਡੀ[48] ਚੰਗੀ ਕਿਸਮਤ[49] ਦੁਆਰਾ ਕੋਈ[46] ਸਾਧੂ ਆ ਕੇ ਮੈਨੂੰ ਮਿਲ[47] ਪਵੇ। ਠਹਿਰਾਉ।

ਮੈਂ ਆਪਣਾ ਦਿਲ[50] ਉਸ ਨੂੰ ਸਮਰਪਣ[51] ਕਰਦੀ ਹਾਂ, ਉਸਦੇ ਮੂਹਰੇ[54] ਮੈਂ ਆਪਣੀ ਦੌਲਤ[52] ਧਰਦੀ[53] ਹਾਂ ਅਤੇ ਆਪਣਾ ਆਪਾ[55] ਮੈਂ[56] ਸਮੂਹ[57] ਛੱਡ ਦਿਤਾ[58] ਹੈ।

ਜਿਹੜਾ ਮੈਨੂੰ ਵਾਹਿਗੁਰੂ ਸੁਆਮੀ ਦੀ ਧਰਮ ਵਾਰਤਾ[59] ਪ੍ਰਚਾਰਦਾ[60] ਹੈ। ਪ੍ਰੀਤ ਅੰਦਰ ਲੀਨ[62] ਹੋ, ਦਿਨ[61] ਤੇ ਰਾਤ ਮੈਂ ਉਸ ਦੇ ਮਗਰ ਮਗਰ ਫਿਰਦੀ ਹਾਂ।
ਜਦ[66] ਪਿਛਲੇ[63] ਅਮਲਾਂ[64] ਦੀ ਕਰੂੰਬਲੀ[65] ਫੁਟ[67] ਪਈ ਤਾਂ ਮੈਂ ਆਨੰਦ ਮਾਨਣਹਾਰ[70] ਤੇ ਨਿਰਲੇਪ[71] ਸੁਆਮੀ[69] ਨੂੰ ਮਿਲ ਪਈ[68]।
ਵਾਹਿਗੁਰੂ ਨੂੰ ਮਿਲ ਪੈਣ ਤੇ ਮੇਰਾ ਅੰਨ੍ਹੇਰਾ[73] ਦੂਰ[72] ਹੋ ਗਿਆ ਹੈ, ਹੇ ਨਾਨਕ, ਅਤੇ ਅਨਗਿਣਤ ਜਨਮਾਂ[74] ਦੀ ਸੁੱਤੀ[75] ਹੋਈ ਮੈਂ ਜਾਗ[76] ਪਈ ਹਾਂ।

ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ ।
ਨਿਕਸੁ[77] ਰੇ[78] ਪੰਖੀ[79] ਸਿਮਰਿ[80] ਹਰਿ ਪਾਂਖ[81] ॥	Save thyself[77] O[78] my soul-bird[79], by making God's meditation[80] thy wings[81].	ਵਾਹਿਗੁਰੂ ਦੇ ਸਿਮਰਨ[80] ਨੂੰ ਆਪਣੇ ਪਰ[81] ਬਣਾ ਕੇ, ਹੇ[78] ਮੇਰੇ ਆਤਮਾ ਰੂਪੀ ਪੰਛੀ[79] ! ਤੂੰ ਆਪਣੇ ਆਪ ਨੂੰ ਬਚਾ[77] ਲੈ ।
ਮਿਲਿ[82] ਸਾਧੂ ਸਰਣਿ[83] ਗਹੁ[84] ਪੂਰਨ[85] ਰਾਮ[86] ਰਤਨੁ[87] ਹੀਅਰੇ[88] ਸੰਗਿ[89] ਰਾਖੁ[90] ॥੧॥ ਰਹਾਉ ॥	Meet[82] the Saint-Guru, see[84] his sanctuary[83], and keep clasped[90] to[89] thy heart[88], the Lord's[86] perfect[85] jewel[87]. Pause.	ਸੰਤ ਗੁਰਾਂ ਨੂੰ ਭੇਟ[82], ਉਨ੍ਹਾਂ ਦੀ ਸ਼ਰਣਾਗਤਿ[83] ਸੰਭਾਲ[84] ਅਤੇ ਪ੍ਰਭੂ[86] ਦੇ ਮੁਕੰਮਲ[85] ਜਵੇਹਰ[87] ਨੂੰ ਆਪਣੇ ਦਿਲ[88] ਨਾਲ[89] ਲਾਈ ਰਖ[90] । ਠਹਿਰਾਉ ।
ਭ੍ਰਮ[91] ਕੀ ਕੂਈ[92] ਤ੍ਰਿਸਨਾ[93] ਰਸ[94] ਪੰਕਜ[95] ਅਤਿ[96] ਤੀਖਣੁ[97] ਮੋਹ[98] ਕੀ ਫਾਸ[99] ॥	Superstition[91] is the small well[92], the thirst[93] for pleasure[94] is its mire[95], and exceedingly[96] sharp[97] is the noose[99] of worldly love[98].	ਸ਼ੱਕ-ਸੰਦੇਹ[91] ਦੀ ਖੂਹੀ[92] ਹੈ, ਖੁਸ਼ੀਆਂ[94] ਮਾਨਣ ਦੀ ਪਿਆਸ[93] ਇਸ ਦਾ ਚਿੱਕੜ[95] ਹੈ ਅਤੇ ਸੰਸਾਰੀ ਮਮਤਾ[98] ਦੀ ਬੜੀ[96] ਤਿੱਖੀ[97] ਫਾਹੀ[99] ਹੈ ।
ਕਾਟਨਹਾਰ[100] ਜਗਤ[2] ਗੁਰ ਗੋਬਿੰਦ[3] ॥	Its cutter[100] is the Master[3], the world's[2] Guru.	ਇਸ ਨੂੰ ਵੱਢਣ[100] ਵਾਲਾ ਹੈ ਸੁਆਮੀ[3], ਸੰਸਾਰ[2] ਦਾ ਗੁਰੂ।
ਚਰਨ[4] ਕਮਲ[5] ਤਾਕੇ[6] ਕਰਹੁ ਨਿਵਾਸ[7] ॥੧॥	Abide[7] thou at His[6] lotus[5] feet[4].	ਉਸ[6] ਦੇ ਕੰਵਲ[5] ਰੂਪੀ ਚਰਨਾ[4] ਵਿਚ ਤੂੰ ਵਾਸਾ[7] ਕਰ ।
ਕਰਿ ਕਿਰਪਾ[8] [9]ਗੋਬਿੰਦ[10] ਪ੍ਰਭ[12] ਪ੍ਰੀਤਮ[13] ਦੀਨਾ[14] ਨਾਥ[15] ਸੁਨਹੁ[16] ਅਰਦਾਸਿ[17] ॥	O Master[10] of the Universe[9], the Patron[15] of the poor[14], my Beloved[13] Lord[12], mercifully[8] hear[16] my prayer[17].	ਹੇ ਆਲਮ[9] ਦੇ ਮਾਲਕ[10] ! ਗ਼ਰੀਬਾਂ[14] ਦੇ ਸਰਪ੍ਰਸਤ[15] ! ਮੇਰੇ ਪਿਆਰੇ[13] ਸਾਹਿਬ[12], ਮਿਹਰ ਧਾਰ[8] ਕੇ ਮੇਰੀ ਬੇਨੰਤੀ[17] ਸ੍ਰਵਣ[16] ਕਰ !
ਕਰੁ[18] ਗਹਿ ਲੇਹੁ[19] ਨਾਨਕ ਕੇ ਸੁਆਮੀ[20] ਜੀਉ[21] ਪਿੰਡੁ[22] ਸਭੁ[23] ਤੁਮਰੀ ਰਾਸਿ[24] ॥੨॥ ੩॥੧੨੦॥	Grasp[19] me by the hand[18], O Nanak's Lord[20]. My soul[21] and body[22] are all[23] Thine capital[24].	ਮੈਨੂੰ ਹਥ[18] ਤੋਂ ਪਕੜ[19] ਲੈ, ਹੇ ਨਾਨਕ ਦੇ ਸਾਹਿਬ[20], ਮੇਰੀ ਆਤਮਾ[21] ਅਤੇ ਦੇਹਿ[22] ਸਮੂਹ[23] ਤੇਰੀ ਪੂੰਜੀ[24] ਹਨ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ ।
ਹਰਿ ਪੇਖਨ[25] ਕਉ[26] ਸਿਮਰਤ[27] ਮਨੁ[28] ਮੇਰਾ ॥	To[26] see[25] the vision of God, my soul[28] remembers[27] Him.	ਵਾਹਿਗੁਰੂ ਦਾ ਦਰਸ਼ਨ ਦੇਖਣ[25] ਲਈ[26], ਮੇਰੀ ਆਤਮਾ[28] ਉਸ ਦਾ ਆਰਾਧਨ[27] ਕਰਦੀ ਹੈ ।
ਆਸ[29] ਪਿਆਸੀ[30] ਚਿਤਵਉ[31] ਦਿਨੁ[32] ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ[33] ॥ ੧ ॥ ਰਹਾਉ ॥	In the hope[29] and thirst[30] of seeing my Lord, day and night[32] I think[31] of Him. Is there any saint, who may intimately[33] unite me with Him ? Pause.	ਆਪਣੇ ਸਿਰ ਦੇ ਸਾਂਈ ਨੂੰ ਵੇਖਣ ਦੀ ਉਮੇਦ[29] ਅਤੇ ਪਿਆਸ[30] ਅੰਦਰ ਮੈਂ ਦਿਨ ਰਾਤ[32] ਉਸ ਦਾ ਚਿੰਤਨ[31] ਕਰਦੀ ਹਾਂ । ਕੀ ਕੋਈ ਸਾਧੂ ਹੈ ਜੋ ਮੈਨੂੰ ਨੇੜਿਓਂ[33] ਹੀ ਉਸ ਨਾਲ ਮਿਲਾ ਦੇਵੇ ? ਠਹਿਰਾਉ ।
ਸੇਵਾ[34] ਕਰਉ ਦਾਸ ਦਾਸਨ[35] ਕੀਅਨਿਕ[36] ਭਾਂਤਿ[37] ਤਿਸੁ[38] ਕਰਉ ਨਿਹੋਰਾ[39] ॥	I serve[34] the slaves of Lord's slaves[35], and in many[36] a way[37], I supplicate[39] Him[38].	ਮੈਂ ਸੁਆਮੀ ਦੇ ਗੋਲਿਆਂ[35] ਦੇ ਗੋਲਿਆਂ ਦੀ ਟਹਿਲ[34] ਕਮਾਉਂਦੀ ਹਾਂ ਅਤੇ ਕਈ[36] ਤਰੀਕਿਆਂ[37] ਨਾਲ ਉਸ[38] ਅੱਗੇ ਜੋਦੜੀ[39] ਕਰਦੀ ਹਾਂ ।
ਤੁਲਾ[40] ਧਾਰਿ[41] ਤੋਲੇ[42] ਸੁਖ[43] ਸਗਲੇ[44] ਬਿਨੁ[45] ਹਰਿਦਰਸ[46]	Putting[41] in the scale[40], I have weighed[42] all[44] the comforts[43],	ਤੱਕੜੀ[40] ਵਿਚ ਧਰ ਕੇ[41] ਮੈਂ ਸਾਰੇ[44] ਆਰਾਮ[43] ਜੋਖੇ[42] ਹਨ, ਵਾਹਿਗੁਰੂ ਦੇ ਦੀਦਾਰ[46] ਦੇ ਬਗੈਰ[45] ਸਾਰੇ[47] ਹੀ

ਸਭੋ[47] ਹੀ ਥੋਰਾ[48] ॥੧॥

without[45] God's sight[46] they are all[47] deficient[48].

ਘਟ[48] ਹਨ ।

ਸੰਤ ਪ੍ਰਸਾਦਿ[49] ਗਾਏ[50] ਗੁਨ[51] ਸਾਗਰ[52] ਜਨਮ ਜਨਮ[53] ਕੋ[54] ਜਾਤ[55] ਬਹੋਰਾ[56] ॥

By saints' grace[49] I have sung[50] the praise[51] of the Ocean[52] of Excellences, and am redeemed[56] while heading[55] towards[54] numberless births[53].

ਸਾਧੂਆਂ ਦੀ ਦਇਆ[49] ਦੁਆਰਾ ਮੈਂ ਵਡਿਆਈਆਂ ਦੇ ਸਮੁੰਦਰ[52] ਦਾ ਜੱਸ[51] ਗਾਇਨ[50] ਕੀਤਾ ਹੈ ਅਤੇ ਅਣਗਿਣਤ ਜਨਮਾਂ[53] ਨੂੰ[54] ਜਾਂਦਾ[55] ਹੋਇਆ ਮੈਂ ਮੋੜ ਲਿਆਂਦਾ[56] ਗਿਆ ਹਾਂ ।

ਆਨਦ[57]ਸੂਖ[58]ਭੇਟਤ[59]ਹਰਿ ਨਾਨਕ ਜਨਮੁ[60]ਕ੍ਰਿਤਾਰਥੁ[61] ਸਫਲੁ[62] ਸਵੇਰਾ[63] ॥੨॥ ੪ ॥ ੧੨੧ ॥

By meeting[59] God, Nanak has attained joy[57] and peace[58], and accredited[61] is rendered his advent[60], and fruitful[62] his opportunity[63].

ਵਾਹਿਗੁਰੂ ਨੂੰ ਮਿਲਣ[59] ਦੁਆਰਾ ਨਾਨਕ ਨੇ ਖੁਸ਼ੀ[57] ਤੇ ਠੰਡ ਚੈਨ[58] ਪ੍ਰਾਪਤ ਕਰ ਲਏ ਹਨ ਅਤੇ ਅਮੋਘ[61] ਹੋ ਗਿਆ ਹੈ ਉਸ ਦਾ ਆਗਮਨ[60] ਤੇ ਫਲਦਾਇਕ[62] ਉਸ ਦਾ ਅਵਸਰ[63] ।

ਰਾਗੁ ਗਉੜੀ ਪੂਰਬੀ ਮਹਲਾ ੫ ੧

Rag Gauri Purbi 5th Guru.

ਰਾਗ ਗਉੜੀ ਪੂਰਬੀ ਪਾਤਸ਼ਾਹੀ ਪੰਜਵੀਂ ।

੧ ਓ ਸਤਿਗੁਰ ਪ੍ਰਸਾਦਿ ॥

There is but One God. By the favour of the True Guru, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ ।

ਕਿਨ[64] ਬਿਧਿ[65] ਮਿਲੈ [66]ਗੁਸਾਈ[67] ਮੇਰੇ ਰਾਮ[68] ਰਾਇ[69] ॥

By what[64] means[65] can I meet my Master[68], the King[69] and the Lord[67] of the world[66] ?

ਮੈਂ ਕਿਸ[64] ਤਰੀਕੇ[65] ਨਾਲ ਆਪਣੇ ਮਾਲਕ[68], ਸੰਸਾਰ[66] ਦੇ ਸੁਆਮੀ[67] ਤੇ ਪਾਤਸ਼ਾਹ[69] ਨੂੰ ਮਿਲ ਸਕਦਾ ਹਾਂ ?

ਕੋਈ ਐਸਾ[70] ਸੰਤੁ ਸਹਜ[71] ਸੁਖ[72] ਦਾਤਾ[73] ਮੋਹਿ[74] ਮਾਰਗੁ[75] ਦੇਇ ਬਤਾਈ[76] ॥ ॥੧॥ ਰਹਾਉ ॥

Is there any such[70] saint, the giver[73] of equipoise[71] and peace[72], who may show[76] me[74] the way[75] to the Master? Pause.

ਕੀ ਕੋਈ ਇਹੋ ਜਿਹਾ[70], ਅਡੋਲਤਾ[71] ਅਤੇ ਆਰਾਮ[72] ਦੇਣ ਵਾਲਾ[73] ਸਾਧੂ ਹੈ ਜਿਹੜਾ ਮੈਨੂੰ[74] ਮਾਲਕ ਦਾ ਰਸਤਾ[75] ਵਿਖਾਲ[76] ਦੇਵੇ ? ਠਹਿਰਾਉ ।

੨੦੫

205

੨੦੫

ਅੰਤਰਿ[77] ਅਲਖੁ[78] ਨ ਜਾਈ ਲਖਿਆ[79] ਵਿਚਿ ਪੜਦਾ[80] ਹਉਮੈ[81] ਪਾਈ[82] ॥

The Incomprehensible Lord[78] is within[77], but owing to the intervening[82] curtain[80] of ego[81], He cannot be seen[79].

ਅਬੋਧ ਸਾਂਈ[78] ਅੰਦਰ[77] ਹੀ ਹੈ, ਪ੍ਰੰਤੂ ਵਿਚ ਪਏ ਹੋਏ[82] ਹੰਕਾਰ[81] ਦੇ ਪਰਦੇ[80] ਦੇ ਸਬਬ ਉਹ ਵੇਖਿਆ[79] ਨਹੀਂ ਜਾ ਸਕਦਾ ।

ਮਾਇਆ[83] ਮੋਹਿ[84] ਸਭੋ ਜਗੁ[85] ਸੋਇਆ[86] ਇਹੁ ਭਰਮੁ[87] ਕਹਹੁ[88] ਕਿਉ[89] ਜਾਈ[90] ॥੧॥ ਏਕਾ[91] ਸੰਗਤਿ[92] ਇਕਤੁ[92*] ਗ੍ਰਿਹਿ[93] ਬਸਤੇ[94] ਮਿਲਿ[95] ਬਾਤ[96] ਨ ਕਰਤੇ ਭਾਈ[97] ॥

In the love[84] of mammon[83], the entire world[85] is asleep[86]. Say[88], how[89] can this doubt[87] depart[90] ?

The soul and the Supreme Soul belong to one[91] stock[92], and live[94] together[95] in one[92*] home[93], but talk[96] not to each other, O brother[97].

ਧਨ-ਦੌਲਤ[83] ਦੀ ਮੁਹੱਬਤ[84] ਅੰਦਰ ਸਾਰਾ ਸੰਸਾਰ[85] ਸੁੱਤਾ[86] ਪਿਆ ਹੈ । ਦੱਸੋ[88] ! ਇਹ ਸੰਦੇਹ[87] ਕਿਸ ਤਰ੍ਹਾਂ[89] ਦੂਰ ਹੋ ਸਕਦਾ[90] ਹੈ ?

ਆਤਮਾ ਅਤੇ ਪਰਮ-ਆਤਮਾ ਇਕੋ[91] ਹੀ ਵੰਸ਼[92] ਨਾਲ ਸੰਬੰਧਤ ਹਨ ਅਤੇ ਇਕੱਠੇ[95] ਇਕੋ[92*] ਹੀ ਘਰ[93] ਵਿਚ ਰਹਿੰਦੇ[94] ਹਨ, ਪ੍ਰੰਤੂ ਉਹ ਇਕ ਦੂਜੇ ਨਾਲ ਗੱਲ[96] ਨਹੀਂ ਕਰਦੇ, ਹੇ ਵੀਰ[97] !

ਏਕ ਬਸਤੁ[98] ਬਿਨੁ[99] ਪੰਚ[100] ਦੁਹੇਲੇ[2] ॥ ਓਹੁ[3] ਬਸਤੁ ਅਗੋਚਰ[4] ਠਾਈ[5] ॥੨॥

Without[99] the one commodity[98] of God's Name, the five[100] organs of perception are miserable[2]. That[3] commodity is in an unapproachable[4] place[5].

ਰੱਬ ਦੇ ਨਾਮ ਦੇ ਇਕ ਵੱਖਰ[98] ਦੇ ਬਗੈਰ[99] ਪੰਜੇ[100] ਗਿਆਨ-ਇੰਦ੍ਰੇ ਦੁਖ[2] ਹਨ ! ਉਹ[3] ਵੱਖਰ ਪਹੁੰਚ ਤੋਂ ਪਰੇ ਜਗ੍ਹਾ[5] ਵਿਚ ਹੈ।

ਜਿਸ[6] ਕਾ ਗ੍ਰਿਹੁ[7] ਤਿਨਿ[8] ਦੀਆ[9] ਤਾਲਾ[10] ਕੁੰਜੀ[12] ਗੁਰ ਸਉਪਾਈ[13] ॥

He[8], whose[6] Home[7] it is, has put[9] the lock[10] to it, and gives[13] the key[12] to the Guru.

ਜਿਸ[6] ਦਾ ਘਰ[7] ਹੈ, ਉਸ[8] ਨੇ ਇਸ ਨੂੰ ਜਿੰਦ੍ਰਾ[10] ਲਾ ਦਿਤਾ[9] ਹੈ, ਅਤੇ ਚਾਬੀ[12] ਗੁਰਾਂ ਨੂੰ ਸੌਂਪ ਦਿਤੀ[13] ਹੈ।

ਅਨਿਕ[14] ਉਪਾਵ[15] ਕਰੇ[16] ਨਹੀ ਪਾਵੈ[17] ਬਿਨੁ[18] ਸਤਿਗੁਰ ਸਰਣਾਈ[19] ॥੩॥

Without[18] seeking the shelter[19] of the True Guru, man cannot get[17] the key, though he makes[16] various[14] other efforts[15].

ਸੱਚੇ ਗੁਰਾਂ ਦੀ ਪਨਾਹ[19] ਲੈਣ ਦੇ ਬਗੈਰ[18] ਹੋਰ ਬਹੁਤੇ[14] ਉਪਰਾਲੇ[16] ਕਰਨ[16] ਦੁਆਰਾ ਵੀ ਇਨਸਾਨ ਚਾਬੀ ਨੂੰ ਪ੍ਰਾਪਤ[17] ਨਹੀਂ ਕਰ ਸਕਦਾ।

ਜਿਨ ਕੇ ਬੰਧਨ[20] ਕਾਟੇ[21] ਸਤਿਗੁਰ ਤਿਨ[22] ਸਾਧ ਸੰਗਤਿ[25] ਲਿਵ[23] ਲਾਈ[24] ॥ ਪੰਚਜਨਾ[26] ਮਿਲਿ[27] ਮੰਗਲੁ[28] ਗਾਇਆ[29] ਹਰਿ ਨਾਨਕ ਭੇਦੁ[30] ਨ ਭਾਈ[31] ॥੪॥

They[22], whose shackles[20] the True Guru has shattered[21], enshrine[24] love[23] for saints guild[25].
Meeting together[27], the elect pious persons[26] sing[29] joyous songs[28]. Between them and God, Nanak, there is no difference[30], O brother[31].

ਜਿਨ੍ਹਾਂ ਦੀਆਂ ਬੇੜੀਆਂ[20] ਸੱਚੇ ਗੁਰਾਂ ਨੇ ਵੱਢ[21] ਸੁੱਟੀਆਂ ਹਨ ਉਹ[22] ਸਤਿਸੰਗਤ[25] ਨਾਲ ਪਿਆਰ[23] ਪਾ ਲੈਂਦੇ[24] ਹਨ।
ਚੋਣਵੇਂ ਪਵਿੱਤਰ ਪੁਰਸ਼[26] ਇਕੱਠੇ ਹੋ[27] ਕੇ ਖੁਸ਼ੀ ਦੇ ਗੀਤ[28] ਗਾਉਂਦੇ[29] ਹਨ। ਉਨ੍ਹਾਂ ਅਤੇ ਵਾਹਿਗੁਰੂ ਵਿਚ, ਨਾਨਕ, ਕੋਈ ਫ਼ਰਕ[30] ਨਹੀਂ, ਹੇ ਭਰਾ[31]।

ਮੇਰੇ ਰਾਮ[32] ਰਾਇ[33] ਇਨ[34] ਬਿਧਿ[35] ਮਿਲੈ [36] ਗੁਸਾਈ[37] ॥ ਸਹਜੁ[38] ਭਇਆ[39] ਭ੍ਰਮੁ[40] ਖਿਨ[41] ਮਹਿ[42] ਨਾਠਾ[43] ਮਿਲਿ[44] ਜੋਤੀ[45] ਜੋਤਿ[46] ਸਮਾਈ[47] ॥੧॥ ਰਹਾਉ ਦੂਜਾ ॥੧॥੧੨੨॥

My Master[32], the King[33] and Lord[37] of the universe[36] is met in this[34] way[35]. Celestial bliss[38] is attained[39], in[42] a moment[41], doubt[40] has fled[43] and by meeting[44], the Master, my light[46] is absorbed[47] in the Supreme Light[45]. Pause Second.

ਮੇਰਾ ਮਾਲਕ[32], ਆਲਮ[36] ਦਾ ਪਾਤਸ਼ਾਹ[33] ਤੇ ਸੁਆਮੀ[37] ਇਸ[34] ਢੰਗ[35] ਨਾਲ ਮਿਲਦਾ ਹੈ। ਬੈਕੁੰਠੀ ਅਨੰਦ[38] ਪ੍ਰਾਪਤ[39] ਹੋ ਗਿਆ ਹੈ, ਵਹਿਮ[40] ਇਕ ਮੁਹਤ[41] ਵਿਚ[42] ਦੌੜ ਗਿਆ[43] ਹੈ ਅਤੇ ਮਾਲਕ ਨੂੰ ਮਿਲ[44] ਕੇ ਮੇਰਾ ਨੂਰ[46] ਪਰਮ-ਨੂਰ[45] ਅੰਦਰ ਲੀਨ[47] ਹੋ ਗਿਆ ਹੈ। ਠਹਿਰਾਉ ਦੂਜਾ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਐਸੋ[48] ਪਰਚਉ[49] ਪਾਇਓ[50] ॥ ਕਰੀ[51] ਕ੍ਰਿਪਾ ਦਇਆਲ[52] ਬੀਠੁਲੈ[53] ਸਤਿਗੁਰ ਮੁਝਹਿ[55] ਬਤਾਇਓ[54] ॥੧॥ ਰਹਾਉ॥ ਜਤ ਕਤ[56] ਦੇਖਉ[57] ਤਤ ਤਤ[58] ਤੁਮ[59] ਹੀ ਮੋਹਿ ਇਹੁ ਬਿਸੁਆਸੁ[60] ਹੋਇ ਆਇਓ॥

Such[48] an intimacy[49] I have developed[50] with the Lord, that, in His mercy[51], my kind[52] Beloved[53] has told[54] me[55] of the True Guru. Pause. Wherever[56] I behold[57] I find Thee[59] there[58]. I am now ,firmly convinced[60] of it.

ਐਹੋ ਜੇਹੀ[48] ਯਾਰੀ[49] ਮੇਰੀ ਸਾਹਿਬ ਨਾਲ ਪੈ ਗਈ[50] ਹੈ ਕਿ ਆਪਣੀ ਦਇਆ[51] ਦੁਆਰਾ, ਮਿਹਰਬਾਨ[52] ਪ੍ਰੀਤਮ[53] ਨੇ ਮੈਨੂੰ[55] ਸੱਚੇ ਗੁਰਾਂ ਦਾ ਪਤਾ[54] ਦੇ ਦਿੱਤਾ ਹੈ। ਠਹਿਰਾਉ।
ਜਿਥੇ ਕਿਤੇ[56] ਮੈਂ ਤੱਕਦਾ[57] ਹਾਂ, ਉਥੇ[58] ਮੈਂ ਤੈਨੂੰ[59] ਹੀ ਪਾਉਂਦਾ ਹਾਂ। ਮੇਰਾ ਹੁਣਪੱਕਾ ਯਕੀਨ[60] ਬੱਝ ਗਿਆ ਹੈ।

ਕੈ ਪਹਿ[61]ਕਰਉ ਅਰਦਾਸਿ[62] ਬੇਨਤੀ[63] ਜਉ[64] ਸੁਨਤੁ[65]ਹੈ ਰਘੁਰਾਇਓ[66] ॥੧॥

Before whom[61] should I make a supplication[62], and entreaty[63],when[64] the Lord[66] Himself is hearing[65] all.

ਮੈਂ ਕੀਹਦੇ ਪਾਸ[61] ਜੋਦੜੀ[62] ਤੇ ਪ੍ਰਾਰਥਨਾ[63] ਕਰਾਂ, ਜਦ[64] ਪ੍ਰਭੂ[66] ਸਾਰਾ ਕੁਛ ਖੁਦ ਸੁਣ[65] ਰਿਹਾ ਹੈ।

ਲਹਿਓ[67] ਸਹਸਾ[68] ਬੰਧਨ[69] ਗੁਰਿ ਤੋਰੇ[70] ਤਾਂ[71] ਸਦਾ[72] ਸਹਜ ਸੁਖੁ[73] ਪਾਇਓ ॥ ਹੋਣਾ ਸਾ ਸੋਈ ਫੁਨਿ[74] ਹੋਸੀ ਸੁਖੁ[75] ਦੁਖੁ[76] ਕਹਾ[77] ਦਿਖਾਇਓ[78] ॥੨॥

My anxiety[68] is over.[67] The Guru has cut off[70]my fetters[69].Therefore[71]I have obtained eternal[72] Supreme Bliss[73]. Whatever, is to be, shall,ultimately[74] happen, where[77]can weal[75] and woe[76] be discerned[78], then ?

ਮੇਰਾ ਫ਼ਿਕਰ[68] ਦੂਰ[67] ਹੋ ਗਿਆ ਹੈ। ਗੁਰਾਂ ਨੇ ਮੇਰੀਆਂ ਬੇੜੀਆਂ[69] ਕਟ ਛਡੀਆਂ[70] ਹਨ। ਇਸ ਲਈ[71] ਮੈਂ ਸਦੀਵੀ ਸਥਿਰ[72] ਪਰਮਅਨੰਦ[73] ਪਾ ਲਿਆ ਹੈ। ਜੋ ਕੁਛ ਭੀ ਹੋਣਾ ਹੈ, ਆਖਰਕਾਰ[74] ਜ਼ਰੂਰ ਹੋਵੇਗਾ। ਖੁਸ਼ੀ[75] ਅਤੇ ਗ਼ਮੀ[76] ਤਦੋਂ ਕਿੱਥੇ[77] ਵੇਖੀ[78] ਜਾ ਸਕਦੀ ਹੈ ?

ਖੰਡ[79] ਬ੍ਰਹਮੰਡ[80] ਕਾ ਏਕੋ[81] ਠਾਣਾ[82] ਗੁਰਿ ਪਰਦਾ[83] ਖੋਲਿ[84] ਦਿਖਾਇਓ[85] ॥

Of the world regions[79], and solar systems[80], the One Lord[81] is the support[82]. By removing[84]the curtain[83] Guru has shown[85] this to me.

ਸੰਸਾਰੀ ਖਿੱਤਿਆਂ[79] ਅਤੇ ਸੂਰਜ ਮੰਡਲਾਂ[80] ਦਾ ਇਕ ਪ੍ਰਭੂ[81] ਹੀ ਆਸਰਾ[82] ਹੈ। ਪਰਦਾ[83] ਪਰੇ[84] ਕਰ ਕੇ, ਗੁਰਾਂ ਨੇ ਮੈਨੂੰ ਇਹ ਵਿਖਾਲ[85] ਦਿਤਾ ਹੈ।

ਨਉ[86]ਨਿਧਿ[87]ਨਾਮੁਨਿਧਾਨੁ[88] ਇਕਠਾਈ[89]ਤਉ[90]ਬਾਹਰਿ[91] ਕੈ[92] ਠੈ[93] ਜਾਇਓ[94] ॥੩॥

The nine[86] treasures[87] of the Name wealth[88] are in the one place[89] (mind). To which[92] outside[91] place[93] should one go[94] then[90] ?

ਨਾਮ ਦੀ ਦੌਲਤ[88] ਦੇ ਨੌਂ[86] ਖ਼ਜ਼ਾਨੇ[87] ਇਕ ਜਗ੍ਹਾ[89] (ਮਨ) ਵਿਚ ਹਨ। ਤਦ[90], ਬੰਦਾ ਕਿਹੜੀ[92] ਬਾਹਰਲੀ[91] ਜਗ੍ਹਾ[93] ਨੂੰ ਜਾਵੇ[94] ?

ਏਕੈ[95] ਕਨਿਕ[96] ਅਨਿਕ[97] ਭਾਤਿ[98] ਸਾਜੀ[99] ਬਹੁ[100] ਪਰਕਾਰ[2] ਰਚਾਇਓ[3]॥

The same[95] gold[96] is fahioned[99] into various[97] varieties[98]. Similarly from within Himself alone, the Lord has made[3] the creation of many[100] patterns[2].

ਓਹੀ[95] ਸੋਨਾ[96] ਅਨੇਕਾਂ[97] ਸਰੂਪ[98] ਵਿਚ ਘੜਿਆ[99] ਜਾਂਦਾ ਹੈ। ਏਸੇ ਤਰ੍ਹਾਂ ਕੇਵਲ ਅਪਣੇ ਵਿਚੋਂ ਹੀ ਪ੍ਰਭੂ ਨੇ ਅਨੇਕਾਂ[100] ਵੰਨਗੀਆਂ[2] ਦੀ ਰਚਨਾ ਬਣਾਈ[3] ਹੈ।

ਕਹੁ ਨਾਨਕ ਭਰਮੁ[4] ਗੁਰਿ ਖੋਈ[5] ਹੈ ਇਵ[6] ਤਤੈ[7] ਤਤੁ[8] ਮਿਲਾਇਓ[9] ॥੪॥੨॥ ੧੨੩॥

Says Nanak, the Guru dispelled[5] my doubt[4]. Gold ornaments ultimately become gold. In the same[6] way human reality[8], eventually, blends[9] with Divine Reality[7].

ਗੁਰੂ ਜੀ ਫ਼ਰਮਾਉਂਦੇ ਹਨ, ਗੁਰਾਂ ਨੇ ਮੇਰਾ ਵਹਿਮ[4] ਦੂਰ[5] ਕਰ ਦਿਤਾ ਹੈ। ਸੋਨੇ ਦੇ ਜ਼ੇਵਰ ਅੰਤ ਨੂੰ ਸੋਨਾ ਹੋ ਜਾਂਦੇ ਹਨ। ਏਸੇ ਤਰ੍ਹਾਂ[6] ਮਨੁਖੀ ਅਸਲੀਅਤ[7], ਆਖ਼ਰਕਾਰ, ਈਸ਼ਵਰੀ ਅਸਲੀਅਤ[8] ਨਾਲ ਅਭੇਦ[9] ਹੋ ਜਾਂਦੀ ਹੈ।

ਗਉੜੀ ਮਹਲਾ ੫ ॥

Gauri 5th Guru.

ਗਾਉੜੀ ਪਾਤਸ਼ਾਹੀ ਪੰਜਵੀਂ।

ਅਉਧ ਘਟੈ ਦਿਨ ਰੈਨਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥

By day and night the life goes on diminishing. By meeting the Guru, O man, set aright thine affairs. Pause.

ਦਿਨ ਰਾਤ ਉਮਰ ਘਟ ਹੁੰਦੀ ਜਾ ਰਹੀ ਹੈ। ਗੁਰਾਂ ਨੂੰ ਭੇਟਣ ਦੁਆਰਾ ਹੇ ਬੰਦੇ! ਤੂੰ ਆਪਣੇ ਕਾਰਜ ਰਾਸ ਕਰ ਲੈ। ਠਹਿਰਾਉ।

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥

I make supplication. Listen to me. O my friend.This is the high time to serve the saints.

ਮੈਂ ਪ੍ਰਾਰਥਨਾ ਕਰਦਾ ਹਾਂ, ਸ੍ਰਵਣ ਕਰ ਹੇ ਮੇਰੇ ਮਿਤ੍ਰ! ਸਾਧੂਆਂ ਦੀ ਸੇਵਾ ਕਰਨ ਦਾ ਇਹ ਸੁਹਾਉਣਾ ਸਮਾਂ ਹੈ।

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ ੧ ॥

Over here, earn the profit of God's Name and depart. Hereafter, thou shalt have an adorned abode.

ਏਥੋਂ ਰੱਬ ਦੇ ਨਾਮ ਦੀ ਖੱਟੀ ਖਟ ਕੇ ਚਾਲੇ ਪਾ। ਪ੍ਰਲੋਕ ਵਿਚ ਤੈਨੂੰ ਸ਼ਸ਼ੋਭਤ ਨਿਵਾਸ ਅਸਥਾਨ ਮਿਲੇਗਾ!

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥

This world is engrossed in wickedness and scepticism. God's divine alone is saved.

ਇਹ ਜਹਾਨ ਬਦਫੈਲੀ ਅਤੇ ਸੰਦੇਹ ਅੰਦਰ ਗ਼ਲਤਾਨ ਹੈ। ਕੇਵਲ ਰੱਬ ਨੂੰ ਜਾਨਣ ਵਾਲੇ ਦਾ ਹੀ ਬਚਾ ਹੁੰਦਾ ਹੈ।

ਜਿਸਹਿ ਜਗਾਇ ਪੀਆਏ ਇਹ ਰਸੁ ਅਕਥ ਕਥਾ ਤਿਨਿ ਜਾਨੀ ॥੨॥

He, whom God awakens to drink this essence of His Name, knows the discourse of the Ineffable Lord.

ਜਿਸ ਨੂੰ ਹਰੀ ਜਗਾ ਕੇ ਆਪਣੇ ਨਾਮ ਦਾ ਇਹ ਜੌਹਰ ਛਕਾਉਂਦਾ ਹੈ ਉਹ ਨਾ ਬਿਆਨ ਹੋ ਸਕਣ ਵਾਲੇ ਪ੍ਰਭੂ ਦੀ ਗਿਆਨ ਗੋਸ਼ਟ ਨੂੰ ਸਮਝ ਲੈਂਦਾ ਹੈ।

ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥

Buy only that commodity, for which thou hast come. Through Guru's grace, God shall dwell whithin thy heart.

ਕੇਵਲ ਉਹੀ ਸੌਦਾ ਖ਼ਰੀਦ ਜਿਸ ਲਈ ਤੂੰ ਆਇਆ ਹੈਂ। ਗੁਰਾਂ ਦੀ ਦਇਆ ਦੁਆਰਾ ਵਾਹਿਗੁਰੂ ਤੇਰੇ ਦਿਲ ਅੰਦਰ ਨਿਵਾਸ ਕਰ ਲਵੇਗਾ।

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥

In thy own home, thou shalt in comfort and ease obtain Lord's presence and thou shalt not undergo around again.

ਆਪਣੇ ਨਿਜ ਦੇ ਗ੍ਰਹਿ ਅੰਦਰ ਹੀ ਤੂੰ ਆਰਾਮ ਚੈਨ ਨਾਲ ਸੁਆਮੀ ਦੀ ਹਜ਼ੂਰੀ ਨੂੰ ਪ੍ਰਾਪਤ ਹੋ ਜਾਵੇਂਗਾ ਅਤੇ ਤੈਨੂੰ ਮੁੜ ਕੇ ਗੇੜਾ ਨਹੀਂ ਪਵੇਗਾ।

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥

O Lord, the knower of hearts, and the designer of chances, fulfil Thou my heart's yearning.

ਹੇ ਦਿਲਾਂ ਦੀਆਂ ਜਾਨਣ ਵਾਲੇ ਅਤੇ ਢੋਂ ਮੇਲ ਮੇਲਣਹਾਰ ਪ੍ਰਭ ਤੂੰ ਮੇਰੇ ਦਿਲ ਦੀ ਸੱਧਰ ਪੂਰੀ ਕਰ।

ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥

Servant Nanak asks for this happiness that make me the dust of the feet of Thine saints, O Lord.

ਨੌਕਰ ਨਾਨਕ ਇਸ ਖ਼ੁਸ਼ੀ ਦੀ ਯਾਚਨਾ ਕਰਦਾ ਹੈ ਕਿ ਮੈਨੂੰ ਆਪਣੇ ਸਾਧੂਆਂ ਦੇ ਪੈਰਾਂ ਦੀ ਧੂੜ ਬਣਾ ਲੈ, ਹੇ ਸੁਆਮੀ!

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਰਾਖੁ[10] ਪਿਤਾ[12] ਪ੍ਰਭ ਮੇਰੇ ਮੋਹਿ[15] [13]ਨਿਰਗੁਨੁ[14] ਸਭ ਗੁਨ ਤੇਰੇ ॥੧॥ਰਹਾਉ ॥

Save[10] me, O my father[12] Lord. I[15] am without[13] merit[14]. All the merits are in Thee. Pause.

ਮੇਰੀ ਰੱਖਿਆ[10] ਕਰ ਹੇ ਮੇਰੇ ਬਾਬਲ[12] ਪਰਮਸ਼ਰ! ਮੈਂ[15] ਨੇਕੀ[14] ਵਿਹੂਣ[13] ਹਾਂ, ਸਾਰੀਆਂ ਨੇਕੀਆਂ ਤੇਰੇ ਵਿਚ ਹਨ। ਠਹਿਰਾਉ।

ਪੰਚ[16] ਬਿਖਾਦੀ[17] ਏਕੁ[18] ਗਰੀਬਾ[19] ਰਾਖਹੁ[20] ਰਾਖਨਹਾਰੇ[21] ॥

O Saviour[21], the five[16] quarrelsome vices[17] are the enemies of the sole[18] poor[19] soul Save[20] me from them.

ਹੇ ਬਚਾਉਣਹਾਰ[21]! ਪੰਜ[16] ਝਗੜਾਲੂ ਪਾਪ[17], ਮੈਂ ਇਕੱਲੜੀ[18] ਗ਼ਰੀਬ[19] ਜਿੰਦੜੀ ਦੇ ਦੁਸ਼ਮਨ ਹਨ। ਮੈਨੂੰ ਉਨ੍ਹਾਂ ਪਾਸੋਂ ਬਚਾ[20] ਲੈ।

੨੦੬

206

ਖੇਦੁ[22] ਕਰਹਿ[23] ਅਰੁ[24] ਬਹੁਤੁ[25] ਸੰਤਾਵਹਿ[26] ਆਇਓ[27] ਸਰਨਿ[28] ਤੁਹਾਰੇ[29] ॥੧॥

They cause[23] me suffering[22], and[24] immensely[25] annoy[26] me. So I have sought[27] Thine[29] shelter[28].

ਉਹ ਮੈਨੂੰ ਦੁਖ[22]ਦਿੰਦੇ[23] ਹਨ ਅਤੇ[24]ਅਤਿਅੰਤ[25] ਤੰਗ[26] ਕਰਦੇ ਹਨ, ਇਸ ਲਈ ਮੈਂ ਤੇਰੀ[29] ਪਨਾਹ[28]ਲਈ[27] ਹੈ।

ਕਰਿ ਕਰਿ[30] ਹਾਰਿਓ[31] ਅਨਿਕ[32] ਬਹੁ[33] ਭਾਤੀ[34] ਛੋਡਹਿ ਕਤਹੂੰ ਨਾਹੀ ॥ ਏਕ ਬਾਤ[35] ਸੁਨਿ ਤਾਕੀ[36] ਓਟਾ[37] ਸਾਧ ਸੰਗਿ[38] ਮਿਟਿ ਜਾਹੀ[39] ॥੨॥

I have grown weary[31] of adopting[30] various[32] and many[33] means[34], but in no way do they leave me.
I have heard one thing[35], that they are uprooted[39] in the saints' association[38]. So I have sought their[36] protection[37].

ਮੈਂ ਅਨੇਕਾਂ[32] ਤੇ ਬਹੁਤ[33] ਢੰਗ[34]ਕਰ ਕੇ[30] ਹਾਰ ਹੁਟ[31] ਗਿਆ ਹਾਂ, ਪਰ ਉਹ ਕਿਸੇ ਤਰ੍ਹਾਂ ਭੀ ਮੇਰਾ ਖਹਿੜਾ ਨਹੀਂ ਛਡਦੇ ।
ਮੈਂ ਇਕ ਗੱਲ[35] ਸੁਣੀ ਹੈ ਕਿ ਸੰਤਾਂ ਦੀ ਸੰਗਤਿ[38] ਅੰਦਿਰ ਉਨ੍ਹਾਂ ਦੀ ਜੜ੍ਹ ਪੁਟੀ ਜਾਂਦੀ[39] ਹੈ । ਇਸ ਲਈ ਮੈਂ ਉਨ੍ਹਾਂ[36] ਦੀ ਪਨਾਹ[37] ਲਈ ਹੈ ।

ਕਰਿ ਕਿਰਪਾ[40] ਸੰਤ ਮਿਲੇ ਮੋਹਿ ਤਿਨ[41]ਤੇ[42] ਧੀਰਜੁ[43] ਪਾਇਆ[44] ॥

The Saints' have mercifully[40] met me. From[42] them[41] I have obtained[44] satisfaction[43].

ਦਇਆ[40] ਧਾਰ ਕੇ ਸਾਧੂ ਮੈਨੂੰ ਮਿਲ ਪਏ ਹਨ । ਉਨ੍ਹਾਂ[41] ਪਾਸੋਂ[42]ਮੈਨੂੰ ਤਸੱਲੀ[43] ਪ੍ਰਾਪਤ[44] ਹੋ ਗਈ ਹੈ ।

ਸੰਤੀ ਮੰਤੁ[45] ਦੀਓ[50] ਮੋਹਿ[46] ਨਿਰਭਉ[47]ਗੁਰ ਕਾ ਸਬਦੁ[48] ਕਮਾਇਆ[49] ॥੩॥

The saints have given[50] me[46] the Name[45] of the Fearless[47] Lord, and the Guru's word[48] I have practised[49].

ਸਾਧੂਆਂ ਨੇ ਮੈਨੂੰ[46] ਭੈ-ਰਹਿਤ[47] ਸੁਆਮੀ ਦਾ ਨਾਮ[45] ਦਿਤਾ[50] ਹੈ, ਅਤੇ ਮੈਂ ਗੁਰਾਂ ਦੇ ਬਚਨ[48] ਦੀ ਕਮਾਈ[49] ਕੀਤੀ ਹੈ ।

ਜੀਤਿ[51]ਲਏ ਓਇ[52]ਮਹਾ[53] ਬਿਖਾਦੀ[54]ਸਹਜ[55]ਸੁਹੇਲੀ[56] ਬਾਣੀ[57] ॥

I have vanquished[51] those[52] great[53] evil-doers[54],and my speech[57] is naturally[55], rendered sweet[56].

ਮੈਂ ਉਨ੍ਹਾਂ[52] ਵਡੇ[53] ਭੇੜਿਆਂ[54] ਉਤੇ ਫ਼ਤਿਹ ਪਾ ਲਈ[51] ਹੈ ਅਤੇ ਕੁਦਰਤੀ[55] ਤੌਰ ਤੇ ਮੇਰੀ ਬੋਲ-ਬਾਣੀ[57] ਮਿਠੜੀ[56] ਹੋ ਗਈ ਹੈ ।

ਕਹੁ[64] ਨਾਨਕ ਮਨ[58] ਭਇਆ[59] ਪਰਗਾਸਾ[60] ਪਾਇਆ[61] ਪਦੁ[62] ਨਿਰ-ਬਾਣੀ[63] ॥੪॥੪॥੧੨੫॥

Says[64] Nanak, on my mind[58], the Divine[60] Light has dawned[59], and I have gained[61] the Fearless[63] status[62].

ਗੁਰੂ ਜੀ ਫੁਰਮਾਉਂਦੇ[64] ਹਨ,ਮੇਰੇ ਚਿੱਤ[58] ਤੇ ਰੱਬੀ ਨੂਰ[60] ਉਦੇ[59] ਹੋ ਆਇਆ ਹੈ ਅਤੇ ਮੈਂ ਭੈ-ਰਹਿਤ[63] ਮਰਤਬਾ[62] ਪ੍ਰਾਪਤ[61] ਕਰ ਲਿਆ ਹੈ ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ੫ ।

ਓਹੁ[65] ਅਬਿਨਾਸੀ[66] ਰਾਇਆ[67] ॥ ਨਿਰਭਉ[68] ਸੰਗਿ[69]ਤੁਮਾਰੈ[70]ਬਸਤੇ[71]ਇਹੁ ਡਰਨੁ[72]ਕਹਾ[73]ਤੇਆਇਆ॥ ੧॥ ਰਹਾਉ ॥

O[65] my Imperishable[66] King[67], we fearlessly[68] abide[71] with[69] Thee[70] whence[73] comes this fear[72] ? Pause.

ਓ[65]ਮੇਰੇ ਸਦੀਵੀ ਸਥਿਰ[66]ਪਾਤਸ਼ਾਹ[67], ਅਸੀਂ ਨਿਡੱਰ[68] ਹੋ ਤੇਰੇ[70] ਨਾਲ[69] ਵਸਦੇ[71] ਹਾਂ, ਇਹ ਡਰ[72] ਕਿੱਥੋਂ[73] ਆਉਂਦਾ ਹੈ ? ਠਹਿਰਾਉ ।

ਏਕ ਮਹਲਿ[74] ਤੂੰ ਹੋਹਿ ਅਫਾਰੋ[75] ਏਕ ਮਹਲਿ ਨਿਮਾਨੋ[76] ॥

In one person[74] Thou art haughty[75], and in another person meek[76].

ਇਕ ਸਰੀਰ[74] ਵਿਚ ਤੂੰ ਆਕੜ ਖਾਂ[75] ਹੈ ਅਤੇ ਹੋਰਸ ਸਰੀਰ ਅੰਦਰ ਮਸਕੀਨ[76] ।

ਏਕ ਮਹਲਿ ਤੂੰ ਆਪੇ ਆਪੇ[77] ਏਕ ਮਹਿਲ ਗਰੀਬਾਨੋ[78] ॥੧॥

In one person, Thou art all by Thyself[77],and in another person Thou art poor[78].

ਇਕ ਪੁਰਸ਼ ਅੰਦਰ ਤੂੰ ਸਾਰਾ ਕੁਛ ਆਪ[77] ਹੀ ਹੈਂ ਅਤੇ ਹੋਰਸ ਪੁਰਸ਼ ਅੰਦਰ ਤੂੰ ਗ਼ਰੀਬ[78] ਹੈਂ ।

ਏਕ ਮਹਿਲ ਤੂੰ ਪੰਡਿਤੁ[79] ਬਕਤਾ[80]ਏਕ ਮਹਿਲ ਖਲੁ[81] ਹੋਤਾ ॥

In one person Thou art a scholar[79], and preacher[80], and in another Thou art a fool[81].

ਇਕ ਪੁਰਸ਼ ਅੰਦਰ ਤੂੰ ਵਿਦਵਾਨ[79]ਅਤੇ ਪ੍ਰਚਾਰਕ[80] ਹੈਂ । ਇਕ ਪੁਰਸ਼ ਅੰਦਰ ਤੂੰ ਮੂਰਖ[81] ਹੈਂ ।

ਏਕ ਮਹਿਲ ਤੂੰ ਸਭੁ ਕਿਛੁ[82] ਗ੍ਰਾਹਜੁ[83] ਏਕ ਮਹਲਿ ਕਛੂ ਨ ਲੇਤਾ[84]॥੨॥

In one body Thou graspest[83] at everything[82] and in one body Thou acceptest[84] nothing.

ਇਕ ਦੇਹਿ ਅੰਦਰ ਤੂੰ ਸਾਰਾ ਕੁਝ[82] ਗ੍ਰਹਿਣ[83] ਕਰ ਲੈਂਦਾ ਹੈਂ ਤੇ ਇਕ ਦੇਹਿ ਅੰਦਰ ਤੂੰ ਕੁਝ ਭੀ ਅੰਗੀਕਾਰ[84] ਨਹੀਂ ਕਰਦਾ ।

ਕਾਠ[85] ਕੀ ਪੁਤਰੀ[86]ਕਹਾ[87] ਕਰੈ[88] ਬਪੁਰੀ[89] ਖਿਲਾਵਨ-ਹਾਰੋ[90] ਜਾਨੈ[91]॥ ਜੈਸਾ[92] ਭੇਖੁ[93]ਕਰਾਵੈ[94] ਬਾਜੀਗਰੁ[95] ਓਹੁ[96] ਤੈਸੈ[97] ਹੀ ਸਾਜੁ[98] ਆਨੈ[99] ॥੩॥

What[87] can the poor[89] wooden[85] puppet[86] do[88] ? The Play-master[90] knows[91] everything. As[92] is the dress[93], the Puppeteer[94] clothes[94] the puppet with, so[97] is the part[98] which that[96] puppet plays[99].

ਵਿਚਾਰੀ[89] ਲਕੜ[85]ਦੀ ਗੁੱਡੀ[86]ਕੀ[87]ਕਰ[88] ਸਕਦੀ ਹੈ ? ਖਿਡਾਉਣ ਵਾਲਾ[90] ਸਭ ਕੁਝ ਜਾਣਦਾ[91] ਹੈ । ਜੇਹੋ ਜੇਹੀ[92] ਪੁਸ਼ਾਕ[93] ਗੁੱਡੀਆਂ ਨੂੰ ਨਚਾਉਣ ਵਾਲਾ[95] ਗੁੱਡੀ ਨੂੰ ਪਾਉਂਦਾ[94] ਹੈ, ਉਹੋ ਜੇਹਾ[97] ਹੀ ਕਿਰਦਾਰ[98] ਉਹ[96] ਗੁੱਡੀ ਅਦਾ ਕਰਦੀ[99] ਹੈ ।

ਅਨਿਕ[100] ਕੋਠਰੀ[2] ਬਹੁਤੁ[3] ਭਾਤਿ[4] ਕਰੀਆ[5] ਆਪਿ[6] ਹੋਆ ਰਖਵਾਰਾ[7] ॥

The Lord has fashioned[5] various[100] chambers[2] of many[3] descriptions[4], and Himself[6] is their Guard[7].

ਸਾਹਿਬ ਨੇ ਅਨੇਕਾਂ[100] ਕੋਠੜੀਆਂ[2],ਬੜੀਆਂ[3] ਵੰਨਗੀਆਂ[4] ਦੀਆਂ ਸਾਜੀਆਂ[5] ਹਨ ਅਤੇ ਖੁਦ[6] ਉਨ੍ਹਾਂ ਦਾ ਰਖਵਾਲਾ[7] ਹੈ ।

ਜੈਸੇ[8] ਮਹਲਿ[9] ਰਾਖੈ[10]ਤੈਸੈ[12] ਰਹਨਾ[13] ਕਿਆ[14] ਇਹੁ[15] ਕਰੈ[16] ਬਿਚਾਰਾ[17] ॥੪॥

As[8] is the mansion[9],wherein the Lord places[10] the mortal, in the likewise[12] he abides[13]. What[14] can this[15] poor[17] mortal do[16] ?

ਜੇਹੋ ਜੇਹੇ[8] ਮੰਦਰ[9] ਵਿਚ ਪ੍ਰਭੂ ਪ੍ਰਾਣੀ ਨੂੰ ਰਖਦਾ[10] ਹੈ, ਉਹੋ ਜੇਹੇ[12] ਵਿਚ ਹੀ ਉਹ ਵਸਦਾ[13] ਹੈ। ਇਹ[15]ਗ਼ਰੀਬ[17] ਪ੍ਰਾਣੀ ਕੀ[14] ਕਰ[16] ਸਕਦਾ ਹੈ ?

ਜਿਨਿ[18] ਕਿਛੁ[19] ਕੀਆ[20] ਸੋਈ[21] ਜਾਨੈ[22] ਜਿਨਿ ਇਹ ਸਭ ਬਿਧਿ[23] ਸਾਜੀ[24] ॥ ਕਹੁ ਨਾਨਕ ਅਪਰੰਪਰ[25] ਸੁਆਮੀ[26] ਕੀਮਤਿ[27] ਅਪੁਨੇ ਕਾਜੀ[28] ॥੫॥੫॥੧੨੬॥

He[21], who[18] has made[20] something[19], and who has created[24] all this contrivance[23], understands[22] it.
Says Nanak, Infinite[25] is the Lord[26]. The worth[27] of His works[28] He Himself knows.

ਜਿਸ[18] ਨੇ ਕੁਝ[19] ਬਣਾਇਆ[20] ਹੈ ਅਤੇ ਜਿਸ ਨੇ ਇਹ ਸਾਰੀ ਬਨਾਵਟ[23] ਰਚੀ ਹੈ, ਉਹੀ[21], ਇਸ ਨੂੰ ਸਮਝਦਾ[22] ਹੈ ।
ਗੁਰੂ ਜੀ ਫ਼ਰਮਾਉਂਦੇ ਹਨ, ਬੇਅੰਤ[25] ਹੈ ਪ੍ਰਭੂ[26] । ਆਪਣੇ ਕੰਮਾਂ[28] ਦਾ ਮੁਲ[27] ਉਹ ਆਪ ਹੀ ਜਾਣਦਾ ਹੈ ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ੫ ।

ਛੋਡਿਛੋਡਿ[29]ਰੇ[30] ਬਿਖਿਆ[31] ਕੇ ਰਸੂਆ[32] ॥

Abandon[29], abandon, thou, O[30] man, the pleasures[32] of sin[31].

ਤਿਆਗ[29] ਦੇ, ਤਿਆਗ ਦੇ, ਤੂੰ ਹੇ[30] ਬੰਦੇ ! ਵਿਸ਼ਿਆਂ[31] ਦੇ ਸੁਆਦ[32] ।

ਉਰਝਿ[33] ਰਹਿਓ ਰੇ[34] ਬਾਵਰ[35] ਗਾਵਰ[36] ਜਿਉ[37] ਕਿਰਖੈ[38] ਹਰਿਆਇਓ[39] ਪਸੂਆ[40] ॥੧॥ ਰਹਾਉ ॥

O[34] foolish[36] and crazy[35] man, like[37] the stray[39] animal[40] clinging to the crop[38], thou art entangled[33] in the vicious deeds. Pause.

ਹੇ[34] ਮੂਰਖ[36]ਤੇ ਝੱਲੇ[35] ਬੰਦੇ ! ਹਰਿਆਏ[39] ਡੰਗਰ[40] ਦੇ ਪੈਲੀ[38] ਨਾਲ ਚਿਮੜਨ ਦੀ ਤਰ੍ਹਾਂ[37], ਤੂੰ ਮੰਦ ਅਮਲਾਂ ਅੰਦਰ, ਫਾਥਾ[33] ਹੋਇਆ ਹੈਂ । ਠਹਿਰਾਉ ।

ਜੋ[41]ਜਾਨਹਿ[42] ਤੂੰ ਅਪਨੇ ਕਾਜੈ[43] ਸੋ[44] ਸੰਗਿ[45] ਨ ਚਾਲੈ[46] ਤੇਰੈ ਤਸੂਆ[47]॥

What[41] thou deemest[42] to be of avail[43] to thee, that[44] goes[46] not with[45] thee even an inch[47].

ਜਿਸ[41] ਨੂੰ ਤੂੰ ਅਪਣੇ ਕਾਰ-ਆਮਦ[43] ਖ਼ਿਆਲ ਕਰਦਾ[42] ਹੈਂ, ਉਹ[44] ਇੰਚ[47] ਭਰ ਭੀ ਤੇਰੇ ਨਾਲ[46] ਨਹੀਂ ਜਾਂਦੀ[45] ।

ਨਾਗੋ[48] ਆਇਓ ਨਾਗ ਸਿਧਾਸੀ[49]ਫੇਰਿ[50] ਫਿਰਿਓ[51]

Naked[48] thou hast come, and naked shalt thou depart[49]. Thou wilt go

ਨੰਗਾ[48] ਤੂੰ ਆਇਆ ਸੈਂ ਅਤੇ ਨਾਂਗੜਾ ਹੀ ਟੁਰ ਜਾਏਂਗਾ[49] । ਤੂੰ ਜੰਮਣ ਮਰਣ ਦੇ ਗੇੜ[50] ਵਿਚ ਚੱਕਰ[51]

ਅਰੁ[52] ਕਾਲਿ[53] ਗਰਸੂਆ[54] ॥੧॥

round[51] the circuit[50] of births and[52] deaths and become a morsel[54] of death[53].

ਕੱਟੇਂਗਾ ਅਤੇ[52] ਮੌਤ[53] ਦੀ ਗਰਾਹੀ[54] ਹੋ ਜਾਵੇਂਗਾ ।

ਪੇਖਿ ਪੇਖਿ[55] ਰੇ[56] ਕਸੁੰਭ[57] ਕੀ ਲੀਲਾ[58] ਰਾਚਿ ਮਾਚਿ[59] ਤਿਨ[60] ਹੂੰਲਉ[61] ਹਸੂਆ[62]॥

O[56] man, seeing and behoding[55] the Safflower[57] like short-lived world-plays[58], thou art hand and glove[59] with them[60] and laughest[62] till[61] they last.

ਹੇ[56] ਬੰਦੇ ! ਕਸੁੰਭ ਦੇ ਫੁਲ[57] ਵਾਂਙੂ ਛਿਨ-ਭੰਗਰ ਸੰਸਾਰੀ ਖੇਡਾਂ[58] ਨੂੰ ਤਕ ਤੇ ਵੇਖ[55] ਕੇ ਤੂੰ ਉਨ੍ਹਾਂ[60] ਨਾਲ ਘਿਓ ਖਿਚੜੀ[59] ਹੋਇਆਂ ਹੋਇਆ ਹੈਂ ਤੇ ਜਦ ਤੋੜੀ[61] ਉਹ ਕਾਇਮ ਹਨ ਤੂੰ ਹਸਦਾ[62] ਤੇ ਖੇਡਦਾ ਹੈਂ ।

ਛੀਜਤ[63] ਡੋਰਿ[64] ਦਿਨਸੁ[65] ਅਰੁ[66] ਰੈਨੀ[67] ਜੀਅ[68] ਕੋ ਕਾਜੁ[69] ਨਕੀਨੋ ਕਛੂਆ ॥੨॥

The string[64] of life is wearing off[63] day[65] and[66] night[67], and thou hast not done aught[69] for thy soul[68].

ਆਰਬਲਾ ਦੀ ਰੱਸੀ[64] ਦਿਨ[65] ਅਤੇ[66] ਰੈਣ[67] ਭੁਰਦੀ[63] ਜਾ ਰਹੀ ਹੈ, ਅਤੇ ਤੂੰ ਅਪਣੀ ਆਤਮਾ[68] ਲਈ ਕੋਈ ਗੱਲ[69] ਭੀ ਨਹੀਂ ਕੀਤੀ ।

ਕਰਤ[70] ਕਰਤ[71] ਇਵਹੀ[72] ਬਿਰਧਾਨੋ[73] ਹਾਰਿਓ[74] ਉਕਤੇ[75] ਤਨੁ[76] ਖੀਨੁ[77] ਸੂਆ[78] ॥

Doing[71] worldly deeds[70], thou hast become old[73], like this[72]. Thy speech[75] has failed[74], and thy body[76] has become[78] weak[77].

ਸੰਸਾਰੀ ਕੰਮ[70] ਕਥਦਾ[71] ਹੋਇਆ ਤੂੰ ਇਸ ਤਰ੍ਹਾਂ[72] ਬੁੱਢਾ[73] ਹੋ ਗਿਆ ਹੈਂ ਤੇਰੀ ਬੋਲ-ਬਾਣੀ[75] ਹਾਰ ਹੁੱਟ[74] ਗਈ ਹੈ ਅਤੇ ਤੇਰਾ ਸਰੀਰ[76] ਕਮਜ਼ੋਰ[77] ਹੋ ਗਿਆ[78] ਹੈ ।

ਜਿਉ[79] ਮੋਹਿਓ[80] ਉਨਿ[81] ਮੋਹਨੀ[82] ਬਾਲਾ[83] ਉਸ[84] ਤੇ[85] ਘਟੈ[86] ਨਾਹੀ ਰੁਚ[87] ਚਸੂਆ[88] ॥੩॥

As[79] thou wert bewitched[80] by the[81] mammon[82] in thy chidhood[83], from[85] that[84] affection[87] not even a trice[88] has diminished[86] till now.

ਜਿਸ ਤਰ੍ਹਾਂ[79] ਤੈਨੂੰ ਉਸ[81] ਮਾਇਆ[82] ਨੇ ਬਚਪਣੇ[83] ਵਿਚ ਫ਼ਰੇਫ਼ਤਾ[80] ਕਰ ਲਿਆ ਸੀ, ਉਸ[84] ਲੋਭ[87] ਵਿਚ[85] ਹੁਣ ਤਾਂਈਂ ਇਕ ਭੋਰਾ[88] ਭਰ ਭੀ ਕਮੀ[86] ਨਹੀਂ ਹੋਈ ।

ਜਗੁ[89] ਐਸਾ[90] ਮੋਹਿ[91] ਗੁਰਹਿ ਦਿਖਾਇਓ[92] ਤਉ[93] ਸਰਣਿ[94] ਧਰਿਓ[95] ਤਜਿ[96] [97]ਗਰਬਸੂਆ[98] ॥

When the Guru showed[92] me[91], that such[90] is the world[89], abandoning[96] the place[98] of pride[97], I entered[95] Thine sanctuary[94], O Lord, then[93].

ਜਦ ਗੁਰਾਂ ਨੇ ਮੈਨੂੰ[91] ਵਿਖਾਲ[92] ਦਿੱਤਾ ਕਿ ਸੰਸਾਰ[89] ਇਹੋ ਜਿਹਾ[90] ਹੈ ਤਾਂ[93] ਮੈਂ ਹੰਕਾਰ[97] ਦੀ ਥਾਂ[98] ਨੂੰ ਤਲਾਂਜਲੀ[96] ਦੇ ਕੇ ਤੇਰੀ ਪਨਾਹ[94] ਆ ਲਈ[95], ਹੇ ਸੁਆਮੀ ।

ਮਾਰਗੁ[99] ਪ੍ਰਭ ਕੋ ਸੰਤਿ ਬਤਾਇਓ[100] ਦ੍ਰਿੜੀ[2] ਨਾਨਕ ਦਾਸ[3] ਭਗਤਿ[4] ਹਰਿ ਜਸੂਆ[5] ॥੪॥੬॥੧੨੭॥

The saint has shown[100] me the way[99] to the Lord, slave[3] Nanak has implanted[2] in him God's service[4] and praise[5].

ਸਾਧੂ ਨੇ ਮੈਨੂੰ ਸਾਹਿਬ ਦਾ ਰਸਤਾ[99] ਵਿਖਾਲ[100] ਦਿਤਾ ਹੈ । ਗੋਲੇ[3] ਨਾਨਕ ਨੇ ਆਪਣੇ ਅੰਦਰ ਰਬ ਦੀ ਸੇਵਾ[4] ਤੇ ਜੱਸ[5] ਪੱਕਾ ਕਰ ਲਿਆ[2] ਹੈ ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ ।

ਤੁਝ[6] ੪ ਬਿਨੁ[7] ਕਵਨੁ[8] ਹਮਾਰਾ[9] ॥

Without[7] Thee[6], O Lord, who[8] else is mine[9] ?

ਤੇਰੇ[6] ਬਾਝੋਂ[7] ਹੇ ਸੁਆਮੀ ! ਹੋਰ ਕੌਣ[8] ਮੇਰਾ[9] ਹੈ ?

ਮੇਰੇ ਪ੍ਰੀਤਮ[10] ਪ੍ਰਾਨ[12] ਅਧਾਰਾ[13] ॥੧॥ ਰਹਾਉ ॥

My Beloved[10], Thou art the support[13] of my very life[12]. Pause.

ਮੇਰੇ ਦਿਲਬਰ[10] ਤੂੰ ਮੇਰੀ ਜਿੰਦ ਜਾਨ[12] ਦਾ ਆਸਰਾ[13] ਹੈਂ । ਠਹਿਰਾਉ ।

ਅੰਤਰ[14] ਕੀ ਬਿਧਿ[15] ਤੁਮ ਹੀ ਜਾਨੀ[16] ਤੁਮ ਹੀ ਸਜਨ[17] ਸੁਹੇਲੇ[18] ॥

My heart's[14] condition[15] thou alone knowest[16]. Thou art my Illustrious[18] Friend[17].

ਮੇਰੇ ਦਿਲ[14] ਦੀ ਦਸ਼ਾ[15] ਨੂੰ ਕੇਵਲ ਤੂੰ ਹੀ ਜਾਣਦਾ[16] ਹੈਂ ਤੂੰ ਹੀ ਮੇਰਾ ਸੁਭਾਇਮਾਨ[18] ਮਿੱਤ੍ਰ[17] ਹੈਂ ।

ਸਰਬ[19] ਸੁਖਾ[20] ਮੈ ਤੁਝ[21] ਤੇ[22] ਪਾਏ[23] ਮੇਰੇ ਠਾਕੁਰ[24] ਅਗਹ[25] ਅਤੋਲੇ[26] ॥੧॥

All[19] the comforts[20] I have derived[23] from[22] Thee[21], my unfathomable[25], and Immeasurable[26] Lord[24].

ਸਮੂਹ[19] ਆਰਾਮ[20] ਮੈਂ ਤੇਰੇ[21] ਪਾਸੋਂ[22] ਪ੍ਰਾਪਤ ਕੀਤੇ[23] ਹਨ ਮੇਰੇ ਅਥਾਹ[25] ਅਤੇ ਅਮਾਪ[26] ਪ੍ਰਭੂ[24] ।

੨੦੭

ਬਰਨਿ[27] ਨ ਸਾਕਉ ਤੁਮਰੇ ਰੰਗਾ[28] ਗੁਣ[29] ਨਿਧਾਨ[30] ਸੁਖ[31] ਦਾਤੇ[32] ॥

I cannot describe[27] Thine manifestations[28], O Treasure[30] of Merits[29] and Bestower[32] of Peace[31].

ਮੈਂ ਤੇਰੇ ਕੌਤਕ[28] ਬਿਆਨ[27] ਨਹੀਂ ਕਰ ਸਕਦਾ ਹੇ ਖੂਬੀਆਂ[29] ਦੇ ਖ਼ਜ਼ਾਨੇ[30] ਅਤੇ ਠੰਡ-ਚੈਨ[31] ਬਖ਼ਸ਼ਣਹਾਰ[32] ।

ਅਗਮ[33] ਅਗੋਚਰ[34] ਪ੍ਰਭ ਅਬਿਨਾਸੀ[35] ਪੂਰੇ[36] ਗੁਰ ਤੇ[37] ਜਾਤੇ[38]॥੨॥

The Unapproachable[33], Incomprehenisible[34], and Imperishable[35] Lord is known[38] through[37] the Perfect[36] Guru.

ਪਹੁੰਚ ਤੋਂ ਪਰੇ[33], ਸੋਚ ਸਮਝ ਤੋਂ ਉਚੇਰੇ[34] ਅਤੇ ਸਦੀਵੀ ਸੁਰਜੀਤ[35] ਸੁਆਮੀ ਨੂੰ ਪੂਰਨ[36] ਗੁਰਾਂ ਦੇ ਰਾਹੀਂ[37] ਜਾਣਿਆ[38] ਜਾਂਦਾ ਹੈ ।

ਭ੍ਰਮੁ[39] ਭਉ[40] ਕਾਟਿ[41] ਕੀਏ[46] ਨਿਹਕੇਵਲ[42] ਜਬ[43] ਤੇ ਹਉਮੈ[44] ਮਾਰੀ[45]॥

Since[43] I have effaced[45] my ego[44], God has made[46] me pure[42] by stilling[41] my doubt[39] and dread[40].

ਜਦੋਂ[43] ਦੀ ਮੈਂ ਆਪਣੀ ਸਵੈ-ਹੰਗਤਾ[44] ਦੂਰ ਕੀਤੀ[45] ਹੈ, ਮੇਰਾ ਵਹਿਮ[39] ਤੇ ਡਰ[40] ਨਾਸ ਕਰ[41] ਕੇ, ਹਰੀ ਨੇ ਮੈਨੂੰ ਪਵਿਤ੍ਰ[42] ਕਰ ਦਿਤਾ[46] ਹੈ ।

ਜਨਮ[47] ਮਰਣ[48] ਕੋ ਚੂਕੋ[49] ਸਹਸਾ[50] ਸਾਧ ਸੰਗਤਿ[52] ਦਰਸਾਰੀ[51] ॥੩॥

By seeing Thine sight[51] in the Society of saints[52], my anxiety[50] of birth[47] and death[48] is ended[49], O Lord.

ਤੇਰਾ ਦਰਸ਼ਨ[51] ਸਤਿ ਸੰਗਤਿ[52] ਅੰਦਰ ਵੇਖ ਕੇ, ਮੇਰਾ ਪੈਦਾਇਸ਼[47] ਅਤੇ ਮੌਤ[48] ਦਾ ਫ਼ਿਕਰ[50] ਮੁਕ ਗਿਆ[49] ਹੈ, ਹੇ ਸਾਂਈ ।

ਚਰਣ[53] ਪਖਾਰਿ[54] ਕਰਉ[55] ਗੁਰ ਸੇਵਾ[56] ਬਾਰਿ[57] ਜਾਉ ਲਖ[58] ਬਰੀਆ[59] ॥

I wash[54] the feet[53] and perform[55] the service[56] of the Guru, and a hundred thousand[58] times[59] I am a sacrifice[57] unto Him,

ਮੈਂ ਗੁਰਾਂ ਦੇ ਚਰਨ[53] ਧੋਂਦਾ[54] ਅਤੇ ਉਨ੍ਹਾਂ ਦੀ ਟਹਿਲ[56] ਕਮਾਉਂਦਾ[55] ਹਾਂ ਅਤੇ ਸੈਂਕੜੇ ਹਜ਼ਾਰ[58] ਵਾਰੀ[59] ਉਨ੍ਹਾਂ ਉਤੋਂ ਕੁਰਬਾਨ[57] ਜਾਂਦਾ ਹਾਂ,

ਜਿਹ[60] ਪ੍ਰਸਾਦਿ[61] ਇਹੁ [62]ਭਉਜਲੁ[63] ਤਰਿਆ[64] ਜਨ[65] ਨਾਨਕ ਪ੍ਰਿਅ[66] ਸੰਗਿ[67] ਮਿਰੀਆ[68] ॥੪॥੭॥੧੨੮॥

By whose[60] grace[61], servant[65] Nanak, has crossed[64] this terrible[62] world ocean[63], and unitad[68] with[67] the Beloved[66].

ਜਿਨ੍ਹਾਂ[60] ਦੀ ਦਇਆ[61] ਦੁਆਰਾ ਨੌਕਰ[65] ਨਾਨਕ ਨੇ ਇਹ ਭਿਆਨਕ[62] ਸੰਸਾਰ ਸਮੁੰਦਰ[63] ਪਾਰ[64] ਕਰ ਲਿਆ ਹੈ ਅਤੇ ਉਹ ਆਪਣੇ ਪਿਆਰੇ[66] ਨਾਲ[67] ਜੁੜ[68] ਗਿਆ ਹੈ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ੫ ।

ਤੁਝਬਿਨੁ ਕਵਨੁ[69] ਰੀਝਾਵੈ[70] ਤੋਹੀ[71] ॥

Without Thee, who[69] can please[70] Thee[71] ?

ਤੇਰੇ ਬਗੈਰ ਤੈਨੂੰ[71] ਕੌਣ[69] ਖੁਸ਼[70] ਕਰ ਸਕਦਾ ਹੈ ?

ਤੇਰੋ ਰੂਪੁ[72] ਸਗਲ[73] ਦੇਖਿ[75] ਮੋਹੀ[74] ॥੧॥ ਰਹਾਉ ॥

By beholding[75] Thine beauty[72] everyone[73] is fascinated[74]. Pause.

ਤੇਰਾ ਸੁਹੱਪਣ[72] ਤੱਕ ਕੇ[75], ਹਰ ਕੋਈ[73] ਫ਼ਰੇਫ਼ਤਾ[74] ਹੋ ਗਿਆ ਹੈ । ਠਹਿਰਾਉ ।

ਸੁਰਗ[76] ਪਇਆਲ[77] ਮਿਰਤ[78] ਭੂਅ ਮੰਡਲ[79] ਸਰਬ[80] ਸਮਾਨੋ[81] ਏਕੈ[82] ਓਹੀ[83]॥

In paradise[76], the under world[77], the mortal world[78], and the solar system[79], that[83] One Lord[82] is contained[81] every where[80].

ਬਹਿਸ਼ਤ[76], ਪਾਤਾਲ[77], ਮਾਤਲੋਕ[78] ਅਤੇ ਬ੍ਰਹਮੰਡ[79] ਵਿਚ, ਸਾਰੇ[80] ਉਹ[83] ਇਕ ਪ੍ਰਭੂ[82] ਰਮਿਆ[81] ਹੋਇਆ ਹੈ ।

ਸਿਵ ਸਿਵ[84] ਕਰਤ[85] ਸਗਲ[86] ਕਰ[87] ਜੋਰਹਿ[88]

Folding[88] their hands[87], all[86] repeat[85] Thy Name O Lord God[84], Merciful[90]

ਹੇ ਸਭ[89] ਉਤੇ ਮਿਹਰਬਾਨ[90] ਵਾਹਿਗੁਰੂ ਸੁਆਮੀ[84] ਆਪਣੇ ਹੱਥ[87] ਜੋੜ[88] ਕੇ ਸਾਰੇ[86] ਨਾਮ ਉਚਾਰਦੇ[85] ਹਨ,

ਸਰਬ[89] ਮਇਆ[90] ਠਾਕੁਰ ਤੇਰੀ ਦੋਹੀ[91] ॥੧॥
ਪਤਿਤ[92] ਪਾਵਨ[93] ਠਾਕੁਰ ਨਾਮੁ ਤੁਮਰਾ ਸੁਖਦਾਈ[94] ਨਿਰਮਲ[95] ਸੀਤਲੋਹੀ[96] ॥
ਗਿਆਨ[97]ਧਿਆਨ[98]ਨਾਨਕ ਵਡਿਆਈ[99] ਸੰਤ ਤੇਰੇ ਸਿਉ[100] ਗਾਲ ਗਲੋਹੀ[2] ॥ ੨॥੮॥੧੨੯॥

to one and all[89], and cry[91] for Thy help.
O my Master, the giver of peace[94], the blot-less[95], the cool[96], Thy Name is the Purifier[93] of sinners[92].
Nanak, Divine comprehension[97], meditation[98] and glory[99] abide in having discourse[2] with[100] Thine Saints.

ਅਤੇ ਤੇਰੀ ਸਹਾਇਤਾ ਲਈ ਪੁਕਾਰਦੇ[91] ਹਨ ।
ਹੇ ਆਰਾਮ ਬਖਸ਼ਣਹਾਰ[94] ਬੇਦਾਗ[95] ਅਤੇ ਠੰਢੇਠਾਰ[96] ਮੇਰੇ ਮਾਲਕ, ਤੇਰਾ ਨਾਮ ਪਾਪੀਆਂ[92]ਨੂੰ ਪਵਿੱਤਰ[93] ਕਰਨ ਵਾਲਾ ਹੈ ।
ਨਾਨਕ, ਬ੍ਰਹਮ-ਗਿਆਤਾ[97], ਸਿਮਰਨ[98] ਅਤੇ ਮਾਨ-ਪ੍ਰਤਿਸ਼ਟ[99], ਤੇਰੇ ਸਾਧੂਆਂ ਨਾਲ[100] ਧਰਮ-ਵਾਰਤਾ[2] ਕਰਨ ਵਿਚ ਵਸਦੇ ਹਨ ।

ਗਉੜੀ ਮਹਲਾ ੫ ॥
ਮਿਲਹੁ[3] ਪਿਆਰੇ[4]ਜੀਆ[5] ॥

Gauri 5th Guru.
Meet[3] me thou, O my hearty[5] Beloved[4].

ਗਉੜੀ ਪਾਤਸ਼ਾਹੀ ੫ ।
ਤੂੰ ਮੈਨੂੰ ਦਰਸ਼ਨ[3] ਦੇ ਹੇ ਮੇਰੇ ਦਿਲੀ[5] ਪ੍ਰੀਤਮ[4] ।

ਪ੍ਰਭ ਕੀਆ[6] ਤੁਮਾਰਾ ਥੀਆ[7] ॥੧॥ ਰਹਾਉ ॥
ਅਨਿਕ[8] ਜਨਮ[9] ਬਹੁ[10] ਜੋਨੀ[12] ਭ੍ਰਮਿਆ[13] ਬਹੁਰਿ ਬਹੁਰਿ[14]ਦੂਖੁ[15]ਪਾਇਆ[16]॥
ਤੁਮਰੀਕ੍ਰਿਪਾ[17]ਤੇ[18]ਮਾਨੁਖ[19] ਦੇਹ ਪਾਈ ਹੈਦੇਹੁ[20] ਦਰਸੁ[21] ਹਰਿ ਰਾਇਆ[22] ॥੧॥
ਸੋਈ[23]ਹੋਆ[24] ਜੋ[25] ਤਿਸੁ[26] ਭਾਣਾ[27] ਅਵਰੁ[28] ਨ ਕਿਨ ਹੀ ਕੀਤਾ ॥
ਤੁਮਰੈ[29] ਭਾਣੈ[30] ਭਰਮਿ[31] ਮੋਹਿ[32] ਮੋਹਿਆ[33] ਜਾਗਤੁ[34] ਨਾਹੀ ਸੂਤਾ[35] ॥੨॥
ਬਿਨਉ[36] ਸੁਨਹੁ[37] ਤੁਮ[38] ਪ੍ਰਾਨ[39] ਪਤਿ[40] ਪਿਆਰੇ[41] ਕਿਰਪਾ[42] ਨਿਧਿ[43] ਦਇਆਲਾ[44] ॥
ਰਾਖਿ[45] ਲੇਹੁ ਪਿਤਾ[46] ਪ੍ਰਭ ਮੇਰੇ ਅਨਾਥਹ[47] ਕਰਿ ਪ੍ਰਤਿਪਾਲਾ[48] ॥੩॥
ਜਿਸ ਨੋ ਤੁਮਹਿ ਦਿਖਾਇਓ[49] ਦਰਸਨੁ[50] ਸਾਧ ਸੰਗਤਿ[51]

Whatever Thou dost[6], O Lord, that happens[7]. Pause.
Wandering[13] through many[10] existences[12], in serveral[8] birth[9] I suffered[16] torture[15] again and again[14].
By[18] Thy grace[17], I have obtained the human[19] body. Now, grant[20] me Thine view[21], O my God, the King[22].
Whatever[25] did please[27], Him[26], that[23] has come to pass[24], none else[28] can do anything.
In Thy[29] will[30],lured[33]by the illusion[31] of worldly attachment[32], the mortal is asleep[35] and awakens[34] not.
O Thou[38] the beneficent[44] Lord[40] of life[39], my Beloved[41], the Ocean[43] of Mercy[42], hear[37] my supplication[36].
Save[45] me O my father[46], my Lord, and cherish[48] Thou me, an orphan[47].
Whom Thou, O Lord, showest[49] Thine sight[50] for the sake[52] of the

ਜੋ ਕੁਛ ਤੂੰ ਕਹਿੰਦਾ[6] ਹੈਂ ਹੇ ਸਾਂਈ ! ਉਹੀ ਹੁੰਦਾ[7] ਹੈ । ਠਹਿਰਾਉ ।
ਅਨੇਕਾਂ[8] ਜਨਮਾਂ[9] ਅੰਦਰ, ਬਹੁਤੀਆਂ[10] ਜੂਨੀਆਂ[12] ਵਿਚ ਭਟਕਦੇ[13] ਹੋਏ, ਮੈਂ ਮੁੜ ਮੁੜ ਕੇ[14], ਤਸੀਹਾ[15] ਕਟਿਆ[16] ਹੈ ।
ਤੇਰੀ ਦਇਆ[17]ਦੁਆਰਾ[18] ਮੈਨੂੰ ਮਨੁੱਖੀ[19] ਸਰੀਰ ਪ੍ਰਾਪਤ ਹੋਇਆ ਹੈ । ਹੁਣ, ਮੈਨੂੰ ਆਪਣਾ ਦੀਦਾਰ[21] ਬਖ਼ਸ਼[20] ਹੇ ਮੇਰੇ ਪਾਤਸ਼ਾਹ,[22] ਪਰਮੇਸ਼ਰ !
ਜਿਹੜਾ ਕੁਝ[25] ਉਸ[26] ਨੂੰ ਚੰਗਾ[27] ਲੱਗਾ, ਉਹ[23] ਹੋ ਆਇਆ[24] ਹੈ,ਹੋਰ ਕੋਈ[28]ਕੁਛ ਭੀ ਨਹੀਂ ਕਰ ਸਕਦਾ ।
ਤੇਰੀ[29] ਰਜ਼ਾ[30] ਅੰਦਰ ਸੰਸਾਰੀ ਲਗਨ[32] ਦੀ ਗ਼ਲਤ-ਫਹਿਮੀ[31] ਦਾ ਬਹਿਕਾਇਆ[33] ਹੋਇਆ ਪ੍ਰਾਣੀ ਸੁੱਤਾ[35] ਪਿਆ ਹੈ ਤੇ ਜਾਗਦਾ[34] ਨਹੀਂ ।
ਹੇ ਤੂੰ[38] ਜਿੰਦਜਾਨ[39] ਦੇ ਮਿਹਰਬਾਨ[44] ਮਾਲਕ[40] ! ਮੇਰੇ ਪ੍ਰੀਤਮ[41], ਦਿਆਲਤਾ[42] ਦੇ ਸਮੰਦਰ[43], ਮੇਰੀ ਪ੍ਰਾਰਥਨਾ[36] ਸ੍ਰਵਣ[37] ਕਰ ।
ਮੇਰੀ ਰਖਿਆ[45] ਕਰ, ਹੇ ਮੇਰੇ ਬਾਪੂ[46] ! ਮੇਰੇ ਸੁਆਮੀ ਅਤੇ ਮੈਂ ਯਤੀਮ[47] ਦੀ ਤੂੰ ਪਰਵਰਸ਼[48] ਕਰ ।
ਜਿਸ ਨੂੰ ਹੇ ਪ੍ਰਭੂ ! ਸਤਿਸੰਗਤ[51] ਦਾ ਸਦਕਾ[52] ਆਪਣਾ ਦੀਦਾਰ[50] ਵਿਖਾਲਦਾ[49] ਹੈਂ, ਉਸ ਨੂੰ ਤੂੰ ਦਇਆ ਧਾਰ[53]

ਕੈ ਪਾਛੈ[52] ॥ਕਰਿ[53] ਕਿਰਪਾ ਧੂਰਿ[54] ਦੇਹੁ[55] ਸੰਤਨ ਕੀ ਸੁਖੁ[56] ਨਾਨਕੁ ਇਹੁ ਬਾਛੈ[57]॥ ੪॥੯॥੧੩੦॥

Saints congregation[51], Him Thou mercifully[53] grantest[55] the dust[54] of Saints' feet as well. This is the solace[56] that Nanak craves for[57].

ਕੇ ਸਾਧੂਆਂ ਦੇ ਪੈਰਾਂ ਦੀ ਖਾਕ[54] ਭੀ ਪ੍ਰਦਾਨ[55] ਕਰਦਾ ਹੈਂ। ਇਹੀ ਠੰਢ-ਚੈਨ[56] ਹੈ ਜਿਸ ਨੂੰ ਨਾਨਕ ਦਿਲੋਂ ਚਾਹੁੰਦਾ[57] ਹੈ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ੫ ।

ਹਉ ਤਾਕੈ ਬਲਿਹਾਰੀ[58]॥ ਜਾਕੈ[59] ਕੇਵਲ[60] ਨਾਮੁ ਅਧਾਰੀ[61] ॥੧॥ ਰਹਾਉ ॥

I am a sacrifice[58] unto Him, whose[59] sole[60] support[61] is God's Name. Pause.

ਮੈਂ ਉਸ ਉਤੋਂ ਕੁਰਬਾਨ[58] ਜਾਂਦਾ ਹਾਂ, ਜਿਸ ਦਾ[59] ਆਸਰਾ[61] ਸਿਰਫ਼[60] ਵਾਹਿਗੁਰੂ ਦਾ ਨਾਮ ਹੀ ਹੈ। ਠਹਿਰਾਉ।

ਮਹਿਮਾ[62] ਤਾਕੀ[63] ਕੇਤਕ[64] ਗਨੀਐ[65] ਜਨ[66] ਪਾਰਬ੍ਰਹਮ[67] ਰੰਗਿ[68] ਰਾਤੇ[69] ॥ ਸੂਖ[70] ਸਹਜ[71] ਅਨੰਦ[72] ਤਿਨਾ[73] ਸੰਗਿ[74] ਉਨ[75] ਸਮਸਰਿ[76] ਅਵਰ[77] ਨ ਦਾਤੇ[78] ॥੧॥

To what extent[64] can I count[65] the praises[62] of those[63] slaves[66] of His, who are imbued[69] with the love[68] of the Supreme Lord[67] ? Peace[70], equipoise[71] and bliss[72] are with[74] them[73]. Equal[76] to them[75], there are no other[77] bestowers[78].

ਕਿਸ ਹੱਦ ਤਾਂਈ[64] ਉਸ ਦੇ ਉਨ੍ਹਾਂ[63] ਗੋਲਿਆਂ[66] ਦੀ ਉਪਮਾ[62] ਮੈਂ ਗਿਣ[65] ਸਕਦਾ ਹਾਂ, ਜਿਹੜੇ ਪਰਮ ਪ੍ਰਭੂ[67] ਦੀ ਪ੍ਰੀਤ[68] ਨਾਲ ਰੰਗੇ[69] ਹੋਏ ਹਨ। ਆਰਾਮ[70], ਅਡੋਲਤਾ[71] ਅਤੇ ਪਰਸੰਨਤਾ[72] ਉਨ੍ਹਾਂ[73] ਦੇ ਨਾਲ[74] ਹੈ। ਉਨ੍ਹਾਂ[75] ਦੇ ਤੁੱਲ[76] ਹੋਰ ਕੋਈ[77] ਦਾਤਾਰ[78] ਨਹੀਂ ਹਨ।

ਜਗਤ[79] ਉਧਾਰਣ[80] ਸੇਈ[81] ਆਏ[82] ਜੋ ਜਨ[83] ਦਰਸ[84] ਪਿਆਸਾ[85] ॥

God's serfs[83], who[82] thirst[85] for His vision[84], they[81] have come to save[80] the world[79].

ਵਾਹਿਗੁਰੂ ਦੇ ਗੁਮਾਸ਼ਤੇ[83], ਜਿਨ੍ਹਾਂ[82] ਨੂੰ ਉਸ ਦੇ ਦੀਦਾਰ[84] ਦੀ ਤਰੇਹ[85] ਹੈ, ਉਹ[81] ਸੰਸਾਰ[79] ਨੂੰ ਤਾਰਨ[80] ਲਈ ਆਏ ਹਨ।

ਉਨ[86] ਕੀ ਸਰਣਿ[87] ਪਰੈ ਸੋ[89] ਤਰਿਆ[90] ਸੰਤ ਸੰਗਿ ਪੂਰਨ[91] ਆਸਾ[92] ॥੨॥

He[89], who seeks[88] their[86] shelter[87] is saved[90], and in the Saints' Society his hopes[92] are realised[91].

ਜੋ ਉਨ੍ਹਾਂ[86] ਦੀ ਸ਼ਰਣਾਗਤਿ[87] ਸੰਭਾਲਦਾ[88] ਹੈ, ਉਹ[89] ਪਾਰ ਉਤਰ ਜਾਂਦਾ[90] ਹੈ ਅਤੇ ਸਤਿਸੰਗਤ ਅੰਦਰ ਉਸ ਦੀਆਂ ਉਮੈਦਾਂ[92] ਪੂਰੀਆਂ[91] ਹੋ ਜਾਂਦੀਆਂ ਹਨ।

ਤਾਕੈ[93] ਚਰਣਿ[94] ਪਰਉ[95] ਤਾ[96] ਜੀਵਾ[97] ਜਨ[98] ਕੈ ਸੰਗਿ[99] ਨਿਹਾਲਾ[100] ॥

If I fall[95] at their[93] feet[94], then[96] alone, do I live[97], I remain happy[100], in the company[99] of God's attendants[98].

ਜੇਕਰ ਮੈਂ ਉਨ੍ਹਾਂ[93] ਦੇ ਪੈਰੀਂ[94] ਡਿੱਗ[95] ਪਵਾਂ, ਕੇਵਲ ਤਦ[96] ਹੀ ਮੈਂ ਜੀਉਂਦਾ[97] ਹਾਂ ਰੱਬ ਦੇ ਸੇਵਕਾਂ[98] ਦੀ ਸੰਗਤ[99] ਅੰਦਰ ਮੈਂ ਖ਼ੁਸ਼[100] ਰਹਿੰਦਾ ਹਾਂ।

ਭਗਤਨ[2] ਕੀ ਰੇਣੂ[3] ਹੋਇ ਮਨੁ[4] ਮੇਰਾ ਹੋਹੁ[5] ਪ੍ਰਭੂ ਕਿਰਪਾਲਾ[6]॥੩॥

O Lord be[5] kind[6] to me, that my mind[4] may become the dust[3] of Thine devotee's[2] feet.

ਹੇ ਸੁਆਮੀ ! ਮੇਰੇ ਉਤੇ ਮਿਹਰਬਾਨ[6] ਹੋ ਜਾਓ[5], ਤਾਂ ਜੋ ਮੇਰਾ ਮਨੂਆ[4] ਤੇਰੇ ਅਨੁਰਾਗੀਆਂ[2] ਦੇ ਚਰਨਾਂ ਦੀ ਧੂੜ[3] ਹੋ ਜਾਵੇ।

ਰਾਜੁ[7] ਜੋਬਨੁ[8] ਅਵਧ[9] ਜੋ[10] ਦੀਸੈ[16] ਸਭੁ[12] ਕਿਛੁ ਜੁਗ[13] ਮਹਿ[14] ਘਾਟਿਆ[15] ॥

Empire[7], youth[8] and age[9] whatever[10] is seen[16] in[14] this world[13], all[12] that is wearing off[15].

ਪਾਤਸ਼ਾਹੀ[7], ਜੁਆਨੀ[8] ਅਤੇ ਆਰਬਲਾ[9], ਜਿਹੜਾ[10] ਕੁਛ ਭੀ ਜਹਾਨ[13] ਵਿਚ[14] ਦਿਸਦਾ[16] ਹੈ, ਉਹ ਸਭ ਕੁਝ[12] ਘਟਦਾ[15] ਜਾ ਰਿਹਾ ਹੈ।

ਨਾਮੁ ਨਿਧਾਨੁ[17] ਸਦ[18] ਨਵਤਨੁ[19] ਨਿਰਮਲੁ[20] ਇਹੁ ਨਾਨਕ ਹਰਿ ਧਨੁ[21] ਖਾਟਿਆ[22] ॥੪॥੧੦॥ ੧੩੧॥

The Treasure[17] of Name, is ever[18] brand new[19], and immaculate[20]. This wealth[21] of God, Nanak has earned[22].

ਨਾਮ ਦਾ ਖ਼ਜ਼ਾਨਾ[17] ਹਮੇਸ਼ਾਂ[18] ਹੀ ਨਵਾਂ-ਨੁੱਕ[19] ਅਤੇ ਪਵਿੱਤਰ[20] ਹੈ। ਵਾਹਿਗੁਰੂ ਦੀ ਇਹ ਦੌਲਤ[21] ਨਾਨਕ ਨੇ ਕਮਾਈ[22] ਹੈ।

੨੦੮	208	੨੦੮
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ।
ਜੋਗ[23] ਜੁਗਤਿ[24] ਸੁਨਿ[25] ਆਇਓ ਗੁਰ ਤੇ [26] ॥	The way[24] of communion[23] with the Lord I have heard[25] from[26] the Guru.	ਮਾਲਕ ਨਾਲ ਮੇਲ-ਮਿਲਾਪ[23] ਦਾ ਤਰੀਕਾ[24] ਮੈਂ ਗੁਰਾਂ ਪਾਸੋਂ[26] ਸੁਣ[25] ਲਿਆ ਹੈ।
ਮੋਕਉ[27] ਸਤਿਗੁਰ ਸਬਦਿ[28] ਬੁਝਾਇਓ[29] ॥੧॥ਰਹਾਉ ॥	Unto me[27] the Guru has communicated[29] it by his instruction[28]. Pause.	ਮੈਨੂੰ[27] ਸੱਚੇ ਗੁਰਾਂ ਨੇ ਇਹ ਆਪਣੇ ਉਪਦੇਸ਼[28] ਦੁਆਰਾ ਦਰਸਾ ਦਿੱਤਾ[29] ਹੈ। ਠਹਿਰਾਉ।
ਨਉ[30] ਖੰਡ[31] ਪ੍ਰਿਥਮੀ[32] ਇਸੁਤਨ[33]ਮਹਿ[34]ਰਵਿਆ[35] ਨਿਮਖ ਨਿਮਖ[36] ਨਮਸਕਾਰਾ[37] ॥	Every moment[36] I make obeisance[37] unto Him who is contained[35] in[34] the nine[30] regions[31] of the earth[32] and this body[33]	ਹਰ ਮੁਹਤ[36] ਮੈਂ ਉਸ ਨੂੰ ਪ੍ਰਣਾਮ[37] ਕਰਦਾ ਹਾਂ, ਜੋ ਧਰਤੀ[32] ਦਿਆਂ ਨੌਂਵਾਂ[30] ਹੀ ਖਿੱਤਿਆਂ[31] ਅਤੇ ਇਸ ਦੇਹਿ[33] ਅੰਦਰ[34] ਰਮਿਆ[35] ਹੋਇਆ ਹੈ।
ਦੀਖਿਆ[38] ਗੁਰ ਕੀ ਮੁੰਦ੍ਰਾ[39] ਕਾਨੀ[40] ਦ੍ਰਿੜਿਓ[41] ਏਕੁ[42] ਨਿਰੰਕਾਰਾ[43]॥੧॥	Guru's gospel[38] I have made my ear[40]-rings[39], and I have enshrined[41] the One[42] Formless[43] Lord within my heart.	ਗੁਰਾਂ ਦੇ ਉਪਦੇਸ਼[38] ਨੂੰ ਆਪਣੇ ਕੰਨਾਂ[40] ਦੀਆਂ ਮੁੰਦਾਂ[39] ਬਣਾਇਆ ਹੈ ਅਤੇ ਇਕੱਲੇ[42] ਅਕਾਰ-ਰਹਿਤ[43] ਸਾਂਈ ਨੂੰ ਮੈਂ ਆਪਣੇ ਦਿਲ ਅੰਦਰ ਟਿਕਾ[41] ਲਿਆ ਹੈ।
ਪੰਚ[44] ਚੇਲੇ[45] ਮਿਲਿ ਭਏ ਇਕਤ੍ਰੁ[46]ਏਕਸੁ[47]ਕੈ ਵਸਿ[48] ਕੀਏ[49] ॥	Joining together[46]the five[44]disciples[45] I have put[49]them under the control[48] of one[47] conscience.	ਪੰਜਾਂ[44] ਮੁਰੀਦਾਂ[45] ਨੂੰ ਇਕੱਠੇ ਜੋੜ ਕੇ[46], ਮੈਂ ਉਨ੍ਹਾਂ ਨੂੰ ਇਕ[47] ਜ਼ਮੀਰ ਦੇ ਅਧੀਨ[48] ਕਰ[49] ਦਿੱਤਾ ਹੈ।
ਦਸ[50] ਬੈਰਾਗਨਿ[51] ਆਗਿਆਕਾਰੀ[52] ਤਬ[53] ਨਿਰਮਲ[54] ਜੋਗੀ ਥੀਏ[55] ॥੨॥	When (the five organs of perception and five of action) ten[50] solitarians[51], become obedient[52], then[53] was I rendered[55] the immaculate[54] yogi.	ਜਦ (ਪੰਜ ਗਿਆਨ-ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ) ਦਸ[50] ਇਕਾਂਤਣਾਂ[51] ਮੇਰੀਆਂ ਫਰਮਾ-ਬਰਦਾਰ[52] ਹੋ ਗਈਆਂ, ਤਦ[53], ਮੈਂ ਪਵਿੱਤ੍ਰ[54] ਯੋਗੀ ਬਣ ਗਿਆ[55]।
ਭਰਮੁ[56] ਜਰਾਇ[57]ਚਰਾਈ[58] ਬਿਭੂਤਾ[59]ਪੰਥੁ ਏਕੁ[60]ਕਰਿ[61] ਪੇਖਿਆ[62] ॥	I have burnt[57] my doubt[56], and with its ashes[59]have I smeared[58] my body. My sect[60] is that I see[62] the Lord as[61] One.	ਮੈਂ ਆਪਣਾ ਵਹਿਮ[56] ਸਾੜ[57] ਸੁਟਿਆ ਹੈ, ਅਤੇ ਇਸ ਦੀ ਸੁਆਹ[59] ਮੈਂ ਆਪਣੀ ਦੇਹਿ ਨੂੰ ਮਲੀ[58] ਹੈ। ਮੇਰਾ ਮਤ[60] ਸੁਆਮੀ ਨੂੰ ਇਕ ਕਰ[61] ਕੇ ਵੇਖਣਾ[62] ਹੈ।
ਸਹਜ[63] ਸੂਖ ਸੋ[64] ਕੀਨੀ[65] ਭੁਗਤਾ[66] ਜੋ[67] ਠਾਕੁਰਿ ਮਸਤਕਿ[68] ਲੇਖਿਆ[69]॥੩॥	That[64] Celestial Bliss,[63] I have made[65] my viand[66] which[67] the Lord had ordained[69] for me on my forehead[68].	ਉਸ[64] ਬੈਕੁੰਠੀ ਆਨੰਦ[63] ਨੂੰ ਮੈਂ ਆਪਣਾ ਭੋਜਨ[66] ਬਣਾਇਆ[65] ਹੈ, ਜਿਹੜਾ[67] ਕਿ ਸੁਆਮੀ ਨੇ ਮੇਰੇ ਲਈ ਮੇਰੇ ਮਥੇ[68] ਉਤੇ ਲਿਖਿਆ[69] ਹੋਇਆ ਸੀ।
ਜਹ[70] ਭਉ[71] ਨਾਹੀ ਤਹਾ[72] ਆਸਨੁ[73]ਬਾਧਿਓ[74]ਸਿੰਗੀ[75] ਅਨਹਤ[76] ਬਾਨੀ ॥	Where[70] there is no fear[71] there[72] I have established[74] my seat[73]. The celestial strain[76] is my yogi's horn[75].	ਜਿਥੇ[70] ਡਰ[71] ਨਹੀਂ, ਉਥੇ[72] ਮੈਂ ਆਪਣਾ ਟਿਕਾਣਾ[73] ਬਣਾਇਆ[74] ਹੈ, ਆਤਮਕ ਮੰਡਲ[76] ਦਾ ਸੰਗੀਤ ਮੇਰਾ ਜੋਗੀ ਦਾ ਸਿੰਗੁ[75] ਹੈ।
ਤਤੁ[77] ਬੀਚਾਰੁ[78] ਡੰਡਾ[79] ਕਰਿ[80] ਰਾਖਿਓ ਜੁਗਤਿ[81]	The deliberation[78] over the reality[77] I have made[80] my staff[79], and the	ਅਸਲੀਅਤ[77] ਨੂੰ ਸੋਚਣ ਸਮਝਣ[78] ਦਾ ਮੈਂ ਸੋਟਾ[79] ਬਣਾਇਆ[80] ਹੈ ਅਤੇ ਚਿੱਤ[82] ਅੰਦਰ ਨਾਮ ਦੀ ਪ੍ਰੀਤ[83]

ਨਾਮੁ ਮਨਿ[82] ਭਾਨੀ[83] ॥੪॥

love[83] of Name in the mind[82] is my way of life[81].

ਮੇਰੀ ਜੀਵਨ ਰਹੁ-ਰੀਤੀ[81] ਹੈ।

ਐਸਾ[84] ਜੋਗੀ [85]ਵਡਭਾਗੀ[86] ਭੇਟੈ[87] ਮਾਇਆ[88] ਕੇ ਬੰਧਨ[89] ਕਾਟੈ[90]॥ ਸੇਵਾ[91] ਪੂਜ[92] ਕਰਉ ਤਿਸੁ[95] ਮੂਰਤਿ[94] ਕੀ ਨਾਨਕੁ ਤਿਸੁ[93] ਪਗ[96] ਚਾਟੈ[97] ॥੫॥ ੧੧॥੧੩੨॥

By great[85] good fortune[86] such[84] a yogi is met[87], who can cut off[90] the fetters[89] of mammon[88]. Nanak, serves[91] and adores[92] this[93] person[94], and liks[97] his[95] feet[96].

ਬਹੁਤ[85] ਚੰਗੇ ਨਸੀਬਾਂ[86] ਦੁਆਰਾ ਇਹੋ ਜਿਹਾ[84] ਯੋਗੀ ਮਿਲਦਾ[87] ਹੈ ਜਿਹੜਾ ਮੋਹਨੀ[88] ਦੀਆਂ ਬੇੜੀਆਂ[89] ਕਟ ਦੇਵੇ[90]। ਨਾਨਕ ਇਸ ਵਿਅਕਤੀ[94] ਦੀ[93] ਟਹਿਲ[91] ਅਤੇ ਉਪਾਸ਼ਨਾ[92] ਕਰਦਾ ਅਤੇ ਉਸ ਦੇ[95] ਪੈਰ[96] ਚੱਟਦਾ[97] ਹੈ।

ਗਉੜੀ ਮਹਲਾ ੫॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਅਨੂਪ[98] ਪਦਾਰਥੁ[99] ਨਾਮੁ ਸੁਨਹੁ[100] ਸਗਲ[2] ਧਿਆਇਲੇ[3] ਮੀਤਾ[4] ॥ ਹਰਿ ਅਉਖਧੁ[5] ਜਾਕਉ[6] ਗੁਰਿ ਦੀਆ[7] ਤਾਕੇ[8] ਨਿਰਮਲ[9] ਚੀਤਾ[10] ॥ ੧ ॥ ਰਹਾਉ ॥

God's Name is the wealth[99] beyond praise[98]. Let all[2] hearken[100] and remember[3] it, O friends[4].
They whom[6] the Guru gives[7] God's medicine[5], their[8] minds[10] become neat and clean[9]. Pause.

ਵਾਹਿਗੁਰੂ ਦਾ ਨਾਮ ਇਕ ਉਪਮਾ-ਰਹਿਤ[98] ਦੌਲਤ[99] ਹੈ। ਸਾਰੇ[2] ਹੀ ਇਸ ਦਾ ਸ੍ਰਵਣ[100] ਤੇ ਸਿਮਰਨ[3] ਕਰੋ, ਹੇ ਮਿੱਤਰੋ[4]।
ਜਿਨ੍ਹਾਂ[6] ਨੂੰ ਗੁਰਦੇਵ ਜੀ ਵਾਹਿਗੁਰੂ ਦੀ ਦਵਾਈ[5] ਦਿੰਦੇ[7] ਹਨ, ਉਨ੍ਹਾਂ[8] ਦੇ ਮਨ[10] ਸਾਫ਼ ਸੁਥਰੇ[9] ਹੋ ਜਾਂਦੇ ਹਨ। ਠਹਿਰਾਉ।

ਅੰਧਕਾਰੁ[12] ਮਿਟਿਓ[13] ਤਿਹ[14] ਤਨ[15] ਤੇ[16] ਗੁਰਿ ਸਬਦਿ[17] ਦੀਪਕੁ[18] ਪਰਗਾਸਾ[19] ॥ ਭ੍ਰਮ ਕੀ[20] ਜਾਲੀ[21] ਤਾਕੀ[22] ਕਾਟੀ ਜਾਕਉ ਸਾਧ ਸੰਗਤਿ ਬਿਸ੍ਵਾਸਾ[23] ॥੧॥

The darkness[12] is dispelled[13] from[16] that[14] body[15], wherein the lamp[18] of Guru's Word[17] is lighted[19].
His[22] noose[21] of superstition[20] is cut, who reposes faith[23] in the guild of Saints.

ਅਨ੍ਹੇਰਾ[12] ਉਸ[14] ਦੇਹਿ[15] ਤੋਂ[16] ਦੂਰ[13] ਹੋ ਜਾਂਦਾ ਹੈ ਜਿਸ ਦੇ ਅੰਦਰ ਗੁਰਾਂ ਦੀ ਬਾਣੀ[17] ਦੀ ਜੋਤ[18] ਜਗਾ[19] ਦਿਤੀ ਜਾਂਦੀ ਹੈ।
ਉਸ ਦੀ[22] ਸ਼ੱਕ-ਸੰਦੇਹ[20] ਦੀ ਫਾਹੀ[21] ਕੱਟੀ ਜਾਂਦੀ ਹੈ, ਜੋ ਸਤਿਸੰਗਤ ਅੰਦਰ ਭਰੋਸਾ[23] ਧਾਰਦਾ ਹੈ।

ਤਾਰੀਲੇ[24] [25]ਭਵਜਲ[26] ਤਾਰੂ[27] ਬਿਖੜਾ[28] ਬੋਹਿਥ[29] ਸਾਧੂ ਸੰਗਾ[30]॥

Difficult[28] to cross[27], dreadful[25] world ocean[26] is ferried[24] by means of the ship[29] of the Saints' congregation[30].

ਤਰਨ[27] ਨੂੰ ਔਖਾ,[28] ਭਿਆਨਕ[25] ਸੰਸਾਰ ਸਮੁੰਦਰ[26] ਸਤਿ ਸੰਗਤ[30] ਦੇ ਜਹਾਜ਼[29] ਦੇ ਜ਼ਰੀਏ ਪਾਰ ਕੀਤਾ[24] ਜਾਂਦਾ ਹੈ।

ਪੂਰਨ[31] ਹੋਈ ਮਨਕੀ[32] ਆਸਾ[35] ਗੁਰੁ ਭੇਟਿਓ[33] ਹਰਿ ਰੰਗਾ[34]॥੨॥

By meeting[33] the Guru, in love[34] with God, my mind's[32] desire[35] is fulfilled[31].

ਵਾਹਿਗੁਰੂ ਵਿਚ ਪ੍ਰੀਤ[34] ਰੱਖਣ ਵਾਲੇ ਗੁਰਾਂ ਨੂੰ ਮਿਲ[33] ਕੇ ਮੇਰੇ ਚਿੱਤ[32] ਦੀ ਮੁਰਾਦ[35] ਪੂਰੀ[31] ਹੋ ਗਈ ਹੈ।

ਨਾਮ ਖਜਾਨਾ[36] ਭਗਤੀ[37] ਪਾਇਆ ਮਨ[38] ਤਨ[39] ਤ੍ਰਿਪਤਿ[40] ਅਘਾਏ[41] ॥ ਨਾਨਕ ਹਰਿ ਜੀਉ[42] ਤਾਕਉ[43] ਦੇਵੈ[44] ਜਾ ਕਉ[45] ਹੁਕਮੁ[46] ਮਨਾਏ[47] ॥੩॥ ੧੨॥੧੩੩॥

The Name treasure[36], the Saints[37] have gained, and their soul[38] and body[39] are satiated[40] and sated[41].
Nanak, the venerable[42] Lord gives[44] it only to him[43], whom[45] He causes to abide[47] by His will[46].

ਨਾਮ ਦਾ ਕੋਸ਼[36] ਸੰਤਾਂ[37] ਨੇ ਪ੍ਰਾਪਤ ਕੀਤਾ ਹੈ ਅਤੇ ਉਨ੍ਹਾਂ ਦੀ ਆਤਮਾ[38] ਤੇ ਦੇਹਿ[39] ਰੱਜ[40] ਤੇ ਧ੍ਰਾਪ[41] ਗਏ ਹਨ।
ਨਾਨਕ ਪੂਜਯ[42] ਪ੍ਰਭੂ ਇਹ ਕੇਵਲ ਉਸ[43] ਨੂੰ ਦਿੰਦਾ[44] ਹੈ, ਜਿਸ ਪਾਸੋਂ[45] ਉਹ ਆਪਣੇ ਫੁਰਮਾਨ[46] ਦੀ ਪਾਲਣਾ[47] ਕਰਾਉਂਦਾ ਹੈ।

ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ੫ ਜੱਵੀ ।
ਦਇਆ[48]ਮਇਆ[49] ਕਰਿ[50] [51]ਪ੍ਰਾਨਪਤਿ[52] ਮੋਰੇ ਮੋਹਿ[53] ਅਨਾਥ[54] ਸਰਣਿ[55] ਪ੍ਰਭ ਤੋਰੀ ॥	O my Lord[52] of life[51], show[50] me mercy[48] and compassion[49]. I[53],patronless[54],have entered ThineSanctuary[55], O Master.	ਹੇ ਮੇਰੀ ਜਿੰਦ ਜਾਨ[51] ਦੇ ਸੁਆਮੀ[52] ! ਮੇਰੇ ਉਤੇ ਮਿਹਰ[48] ਅਤੇ ਰਹਿਮਤ[49] ਧਾਰ[50] । ਮੈਂ[53] ਮਾਂ-ਮਹੱਟਰ[54] ਨੇ ਤੇਰੀ ਪਨਾਹ[55] ਲਈ ਹੈ, ਹੇ ਮਾਲਕ !
ਅੰਧ[56]ਕੂਪ[57] ਮਹਿ[58]ਹਾਥ[59] ਦੇ[60] ਰਾਖਹੁ[61] ਕਛੂ[62] ਸਿਆਨਪ[63] ਉਕਤਿ[64] ਨ ਮੋਰੀ[65] ॥ ੧ ॥ ਰਹਾਉ ॥	From within[58] the blind[56] well[57] take me out[61] by giving[60] Thy hand[59].I[65] have no wisdom[63] and device[64] whatever[62]. Pause.	ਆਪਣਾ ਹੱਥ[59] ਦੇ ਕੇ[60] ਅੰਨ੍ਹੇ[56] ਖੂਹ[57] ਦੇ ਵਿਚੋਂ[58] ਮੈਨੂੰ ਬਾਹਰ ਕੱਢ ਲੈ[61], ਕੁਝ ਭੀ[62] ਅਕਲਮੰਦੀ[63] ਤੇ ਅਟਕਲ[64] ਮੇਰੇ[65] ਵਿਚ ਨਹੀਂ । ਠਹਿਰਾਉ ।
ਕਰਨ[66] ਕਰਾਵਨ[67] ਸਭ ਕਿਛੂ[68] ਤੁਮਹੀ ਤੁਮ ਸਮਰਥ[69]ਨਾਹੀ ਅਨਹੋਰੀ[70]॥	Thou art the Designer[67] of chances[66]. Thou art everything[68] Thou art Omnipotent[69]. There is no other second[70] beside Thee, O Lord.	ਤੂੰ ਢੋ ਮੇਲ[66] ਜੋੜਨਹਾਰ[67] ਹੈਂ । ਸਾਰਾ ਕੁਝ[68] ਤੂ ਹੀ ਹੈਂ, ਤੂੰ ਸਰਬ-ਸ਼ਕਤੀਵਾਨ[69] ਹੈਂ । ਤੇਰੇ ਬਾਝੋਂ ਹੋਰ ਕੋਈ[70] ਭੀ ਨਹੀਂ, ਹੇ ਸੁਆਮੀ !
ਤੁਮਰੀ ਗਤਿ[71] ਮਿਤਿ[72] ਤੁਮਹੀ[77]ਜਾਨੀਸੇ[73]ਸੇਵਕ[74] ਜਿਨ ਭਾਗ[75]ਮਥੋਰੀ[76]॥੧॥	Thine state[71] and extent[72], Thou[77] alone knowest. They[73] alone become Thy serfs[74], on whose brow[76] good fortune[75] is recorded.	ਤੇਰੀ ਦਸ਼ਾ[71] ਅਤੇ ਵਿਸਥਾਰ,[72] ਕੇਵਲ ਤੂੰ[77] ਹੀ ਜਾਣਦਾ ਹੈਂ । ਕੇਵਲ ਉਹੀ[73] ਤੇਰੇ ਨਫ਼ਰ[74] ਬਣਦੇ ਹਨ ਜਿਨ੍ਹਾਂ ਦੇ ਮੱਥੇ[76] ਤੇ ਚੰਗੀ ਕਿਸਮਤ[75] ਲਿਖੀ ਹੋਈ ਹੈ ।
ਅਪੁਨੇ ਸੇਵਕ[78]ਸੰਗਿ ਤੁਮ[79] ਪ੍ਰਭ ਰਾਤੇ[80] ਓਤਿ[81] ਪੋਤਿ[82] ਭਗਤਨ[83] ਸੰਗਿ ਜੋਰੀ[84] ॥	With[79] Thy attendant[78] Thou art imbued[80], O Lord, Like wasp[81] and woof[82] Thou are woven[84] with Thine devotees[83].	ਆਪਣੇ ਟਹਿਲੂਏ[78] ਨਾਲ[79] ਤੂੰ ਰੰਗੀਜਿਆ[80] ਹੋਇਆ ਹੈਂ ਹੇ ਸਾਹਿਬ ! ਤਾਣੇ[81] ਪੇਟੇ[82] ਦੀ ਮਾਨੰਦ ਤੂੰ ਆਪਣੇ ਅਨੁਰਾਗੀਆਂ[83] ਨਾਲ ਇਕ-ਮਿੱਕ[84] ਹੋਇਆ ਹੈਂ ।
ਪ੍ਰਿਉ[85] ਪ੍ਰਿਉ[86] ਨਾਮੁ ਤੇਰਾ ਦਰਸਨੁ[87] ਚਾਹੈ[88] ਜੈਸੇ[89] ਦ੍ਰਿਸਟਿ[90] ਓਹ[91] ਚੰਦ[92] ਚਕੋਰੀ[93] ॥੨॥	They long[88] for Thy darling[85] sweet[86] Name and Sight[87] as[89] the red-legged partridge[93] desires to see[90] the[91] moon[92].	ਉਹ ਤੇਰੇ ਪਿਆਰੇ[85] ਮਿਠੜੇ[86] ਨਾਮ ਅਤੇ ਦੀਦਾਰ[87] ਨੂੰ ਇਉਂ ਤਾਂਘਦੇ[88] ਹਨ ਜਿਸ ਤਰ੍ਹਾਂ[89] ਲਾਲ ਲੱਤਾਂ ਵਾਲਾ ਤਿੱਤਰ[93] ਉਸ[91] ਚੰਦ[92] ਨੂੰ ਵੇਖਣ[90] ਲਈ ਲੋਚਦਾ ਹੈਂ ।
ਰਾਮ ਸੰਤ[94] ਮਹਿ[95] ਭੇਦੁ[96] ਕਿਛੁ ਨਾਹੀ ਏਕੁ[97] ਜਨੁ[98] ਕਈ[99] ਮਹਿ[2] ਲਾਖ[3] ਕਰੋਰੀ[100] ॥	Between[95] the Pervading Lord[94] and His Saint, there is no difference[96]. There is hardly one[97] Saint[98] of the Lord amongst[2] several[99] lacs[3] and millions[100] of mortals.	ਵਿਆਪਕ ਪ੍ਰਭੂ[94] ਅਤੇ ਉਸ ਦੇ ਸਾਧੂ ਵਿਚ[95] ਕੋਈ ਫ਼ਰਕ[96] ਨਹੀਂ, ਕਈ ਇਕ[99] ਲਖੂਖਾਂ[3], ਅਤੇ ਕ੍ਰੋੜਾਂ[100] ਹੀ ਪ੍ਰਾਣੀਆਂ ਵਿਚੋਂ[2] ਕੋਈ ਇਕ ਅੱਧਾ[97] ਹੀ ਸਾਹਿਬ ਦਾ ਸਾਧੂ[98] ਹੈ ।
ਜਾਕੈ[4] ਹੀਐ[5] ਪ੍ਰਗਟ[6] ਪ੍ਰਭੁ ਹੋਆ ਅਨਦਿਨੁ[7] ਕੀਰਤਨੁ[8] ਰਸਨ[9] ਰਮੋਰੀ[10] ॥੩॥	He, within whose[4] mind[5] the Lord revealed[6], night[7] and day sings[10] His praises[8] with his tongue[9].	ਜਿਸ[4] ਦੇ ਅੰਤਰ-ਆਤਮੇ[5] ਸਾਹਿਬ ਜ਼ਾਹਿਰ[6] ਹੋਇਆ ਹੈ, ਉਹ ਦਿਨ ਰਾਤ[7] ਆਪਣੀ ਜੀਭਾ[9] ਨਾਲ ਉਸ ਦਾ ਜੱਸ[8] ਗਾਇਨ[10] ਕਰਦਾ ਹੈ ।

ਤੁਮ ਸਮਰਥ[12] ਅਪਾਰ[13] ਅਤਿ[14] ਊਚੇ[15] ਸੁਖਦਾਤੇ[16] ਪ੍ਰਭ ਪ੍ਰਾਨ[17] ਅਧੋਰੀ[18] ॥

My Master, Thou art Omnipotent[12], Infinite[13], the Most[14] high[15], the Giver of comfort[16], and the Prop[18] of life[17].

ਮੇਰੇ ਮਾਲਕ, ਤੂੰ ਸਰਬ-ਸ਼ਕਤੀਵਾਨ[12] ਬੇਅੰਤ[13], ਪਰਮ[14] ਬੁਲੰਦ[15], ਆਰਾਮ ਦੇਣਹਾਰ[16] ਅਤੇ ਜਿੰਦਜਾਨ[17] ਦਾ ਆਸਰਾ[18] ਹੈਂ ।

ਨਾਨਕ ਕਉ[19] ਪ੍ਰਭ ਕੀਜੈ[20] ਕਿਰਪਾ[21] ਉਨ[22] ਸੰਤਨ[23] ਕੈ ਸੰਗਿ ਸੰਗੋਰੀ[24] ॥੪॥੧੩॥ ੧੩੪॥

Show[20] mercy[21] unto[19] Nanak, O Lord, that he[22] may remain united with the society[24] of the pious persons[23].

ਨਾਨਕ ਉਤੇ[19] ਮਿਹਰ[21] ਧਾਰ[20] ਹੇ ਸੁਆਮੀ! ਤਾਂ ਜੋ ਉਹ[22] ਪਵਿੱਤ੍ਰ ਪੁਰਸ਼ਾਂ[23] ਦੀ ਸੰਗਤ[24] ਨਾਲ ਜੁੜਿਆ ਰਹੇ ।

੨੦੯

ਗਉੜੀ ਮਹਲਾ ੫ ॥

209

Gauri 5th Guru.

੨੦੯

ਗਉੜੀ ਪਾਤਸ਼ਾਹੀ ਪੰਜਵੀਂ ।

ਤੁਮ ਹਰਿ ਸੇਤੀ[25] ਰਾਤੇ[26] ਸੰਤਹੁ[27] ॥

O, Saint-Guru[27] Thou art imbued[26] with[25] God.

ਹੇ ਸਾਧੂ-ਗੁਰਦੇਵ[27] ! ਤੂਸੀਂ ਵਾਹਿਗੁਰੂ ਨਾਲ[25] ਰੰਗੇ[26] ਹੋਏ ਹੋ ।

ਨਿਬਾਹਿ[28] ਲੇਹੁ ਮੋਕਉ[29] ਪੁਰਖ[30] ਬਿਧਾਤੇ[31] ਓੜਿ[32] ਪਹੁਚਾਵਹੁ[33] ਦਾਤੇ[34] ॥ ੧ ॥ ਰਹਾਉ ॥

O my beneficent[34], destiny scribe[31] God-Guru[30] stand by[28] me[29], and take[33] me to my destination[32]. Pause.

ਹੇ ਮੇਰੇ ਦਾਤਾਰ[34] ! ਕਿਸਮਤ ਦੇ ਲਿਖਾਰੀ[31] ਵਾਹਿਗੁਰੂ-[30] ਗੁਰੂ ਮੇਰਾ[29] ਪੱਖ ਪੂਰ[28] ਅਤੇ ਮੈਨੂੰ ਮੇਰੀ ਅਖੀਰੀ ਮੰਜ਼ਲ[32] ਤੇ ਪਹੁੰਚਾ[33] ਦੇ। ਠਹਿਰਾਉ ।

ਤੁਮਰਾ ਮਰਮੁ[35] ਤੁਮਾਹੀਂ[36] ਜਾਨਿਆ[37] ਤੁਮ ਪੂਰਨ[38] ਪੁਰਖ[39] ਬਿਧਾਤੇ[40] ॥

Thy secret[35], Thou alone[36] knowest[37], O my Guru. Thou art the All pervading[38] Lord[39] Creator[40].

ਤੇਰਾ ਭੇਤ[35], ਕੇਵਲ ਤੂੰ ਹੀਂ[36] ਜਾਣਦਾ[37] ਹੈਂ, ਹੇ ਮੇਰੇ ਗੁਰਦੇਵ ! ਤੂੰ ਸਰਬ-ਵਿਆਪਕ[38] ਸਾਹਿਬ[39] ਸਿਰਜਨਹਾਰ[40] ਹੈਂ ।

ਰਾਖਹੁ ਸਰਣਿ[41] ਅਨਾਥ[42] ਦੀਨ ਕਉ[44] ਕਰਹੁ ਹਮਾਰੀ ਗਾਤੇ[43] ॥੧॥

Keep me, an helpless[44] orphan[42], under Thine protection[41], and deliver[43] me of my bondage.

ਮੈਂ ਨਿਰਬਲ[44] ਯਤੀਮ[42], ਨੂੰ ਆਪਣੀ ਪਨਾਹ[41] ਹੇਠਾਂ ਰੱਖ ਅਤੇ ਮੈਨੂੰ ਬੰਦਖਲਾਸ[43] ਕਰ ।

ਤਰਣ[45] ਸਾਗਰ[46] ਬੋਹਿਥ[47] ਚਰਣ[48] ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ[49] ॥

To cross[45] the world-ocean[46], Thy feet[48] are a ship[47]. Thou alone knowest Thy way[49].

ਸੰਸਾਰ ਸਮੁੰਦਰ[46] ਤੋਂ ਪਾਰ ਹੋਣ[45] ਲਈ ਤੇਰੇ ਚਰਨ[48] ਇਕ ਜਹਾਜ਼[47] ਹਨ । ਆਪਣੀ ਰੀਤੀ[49] ਨੂੰ ਤੂੰ ਆਪ ਹੀ ਜਾਣਦਾ ਹੈਂ ।

ਕਰਿ ਕਿਰਪਾ[50] ਜਿਸੁ[51] ਰਾਖਹੁ ਸੰਗੇ[52] ਤੇ ਤੇ[53] ਪਾਰਿ ਪਰਾਤੇ[54] ॥੨॥

All they[53], whom[51] Thou mercifully[50] keepest with[52] Thee, go across[54] the world-ocean.

ਉਹ ਸਾਰੇ[53] ਜਿਨ੍ਹਾਂ[51] ਨੂੰ ਤੂੰ ਦਇਆ ਧਾਰ[50] ਕੇ ਆਪਣੇ ਨਾਲ[52] ਰਖਦਾ ਹੈਂ, ਸੰਸਾਰ ਸਮੁੰਦਰ ਤੋਂ ਪਾਰ[54] ਹੋ ਜਾਂਦੇ ਹਨ ।

ਈਤ[55] ਊਤ[56] ਪ੍ਰਭ ਤੁਮ ਸਮਰਥਾ[57] ਸਭੁ ਕਿਛੁ[58] ਤੁਮਰੈ ਹਾਥੇ[59] ॥

Here[55] and here-after[56], Thou, O Lord,art All-powerful[57].Everything[58] is in Thine hands[59].

ਇਥੇ[55] ਅਤੇ ਉਥੇ[56] ਹੇ ਸੁਆਮੀ ਤੂੰ ਸਰਬ-ਸ਼ਕਤੀਵਾਨ[57] ਹੈਂ । ਸਾਰਾ ਕੁਝ[58] ਤੇਰੇ ਹੀ ਹੱਥ[59] ਵਿਚ ਹੈ ।

ਐਸਾ[60] ਨਿਧਾਨੁ[61] ਦੇਹੁ[62] ਮੋਕਉ[63] ਹਰਿ ਜਨ[66] ਚਲੈ[64] ਹਮਾਰੈ ਸਾਥੇ[65] ॥੩॥

O God's saint[66] give[62] me[63] such[60] a treasure[61] which may go[64] with[65] me.

ਹੇ ਰੱਬ ਦੇ ਭਗਤ ਜਨੋ[66], ਮੈਨੂੰ[63] ਇਹੋ ਜਿਹਾ[60] ਖ਼ਜ਼ਾਨਾ[61] ਬਖ਼ਸ਼ੋ[62], ਜਿਹੜਾ ਮੇਰੇ ਨਾਲ[65] ਜਾਵੇ[64] ।

ਨਿਰਗੁਨੀਆਰੇ[67] ਕਉ[69]

Grant[70] merit unto[69] me, the

ਮੈਂ ਨੇਕੀ-ਵਿਹੂਣ[67] ਨੂੰ[69] ਨੇਕੀ ਪਰਦਾਨ[70] ਕਰ, ਤਾਂ ਜੋ

ਗੁਨੁ ਕੀਜੈ[70]ਹਰਿ ਨਾਮੁ ਮੇਰਾ ਮਨੁ ਜਾਪੈ[71] ॥
ਸੰਤ ਪ੍ਰਸਾਦਿ[72] ਨਾਨਕ ਹਰਿ ਭੇਟੇ[73]ਮਨ[74]ਤਨ[75]ਸੀਤਲ[76] ਧ੍ਰਾਪੇ[77] ॥੪॥੧੪॥੧੩੫॥

meritless[67], that my mind may repeat[71] God's Name.
By Saints' grace[72], Nanak has met[73] God, and his soul[74] and body[75] are tranquilised[76] and satiated[77].

ਮੇਰਾ ਚਿੱਤ ਵਾਹਿਗੁਰੂ ਦੇ ਨਾਮ ਦਾ ਉਚਾਰਣ[71] ਕਰੇ।
ਸਾਧੂਆਂ ਦੀ ਦਇਆ[72] ਦੁਆਰਾ ਨਾਨਕ ਵਾਹਿਗੁਰੂ ਨੂੰ ਮਿਲ ਪਿਆ[73] ਹੈ ਅਤੇ ਉਸ ਦੀ ਆਤਮਾ[74] ਤੇ ਦੇਹਿ[75] ਠੰਢੇ ਠਾਰ[76] ਹੋ ਰੱਜ ਗਏ[77] ਹਨ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਸਹਜਿ[78]ਸਮਾਇਓ[79]ਦੇਵ[80]॥ ਮੋਕਉ[81] ਸਤਿਗੁਰ ਭਏ[82] ਦਇਆਲ[83] ਦੇਵ[84] ॥ ੧ ॥ ਰਹਾਉ ॥

Unto[81] me, the Divine[84] True Guru has become[82] merciful[83], and I am, easily[78], absorbed[79] in the Lord[80]. Pause.

ਮੇਰੇ ਉਤੇ[81] ਰੱਬ ਰੂਪ[84] ਸੱਚੇ ਗੁਰੂ ਜੀ ਮਿਹਰਵਾਨ[83] ਹੋ[82] ਗਏ ਹਨ ਅਤੇ ਮੈਂ ਸੁਖੈਨ[78] ਹੀ ਪ੍ਰਭੂ[80] ਅੰਦਰ ਲੀਨ[79] ਹੋ ਗਿਆ ਹਾਂ। ਠਹਿਰਾਉ।

ਕਾਟਿ[85] ਜੇਵਰੀ[86] ਕੀਓ ਦਾਸਰੋ[87] ਸੰਤਨ ਟਹਲਾਇਓ[88] ॥

Severing[85] the halter[86], the Guru has made me his slave[87], and has put me to the Saints' service[88].

ਫਾਹੀ ਦਾ ਰੱਸਾ[86] ਵੱਢ ਕੇ[85], ਗੁਰਾਂ ਨੇ ਮੈਨੂੰ ਆਪਣਾ ਗੋਲਾ[87] ਬਣਾ ਲਿਆ ਹੈ ਅਤੇ ਸਾਧੂਆਂ ਦੀ ਸੇਵਾ[88] ਵਿਚ ਲਾ ਦਿੱਤਾ ਹੈ।

ਏਕ ਨਾਮ ਕੋ ਥੀਓ[89] ਪੂਜਾਰੀ[90]ਮੋਕਉ[92]ਅਚਰਜੁ[91] ਗੁਰਹਿ ਦਿਖਾਇਓ[93] ॥੧॥

I have become[89] the adorer[90] of the Name alone,and the Guru has shown[93] unto me[92] the Wonderous Thing[91].

ਮੈਂ ਕੇਵਲ ਨਾਮ ਦਾ ਹੀ ਉਪਾਸ਼ਕ[90] ਹੋ ਗਿਆ[89] ਹਾਂ, ਅਤੇ ਗੁਰਾਂ ਨੇ ਮੈਨੂੰ[92]ਅਦਭੁਤ ਵਸਤੂ[91]ਵਿਖਾਲ[93]ਦਿੱਤੀ ਹੈ।

ਭਇਓ[100]ਪ੍ਰਗਾਸੁ[94] ਸਰਬ[95] ਉਜੀਆਰਾ[96] ਗੁਰ ਗਿਆਨੁ[97] ਮਨਹਿ[98] ਪ੍ਰਗਟਾਇਓ[99] ॥

The Guru has revealed[99] Divine knowledge[97] within my mind[98], and now there is[100] light[94] and illumination[96] all-round[95].

ਗੁਰਾਂ ਨੇ ਮੇਰੇ ਹਿਰਦੇ[98] ਅੰਦਰ ਬ੍ਰਹਮ-ਬੋਧ[97] ਪਰਤੱਖ[99] ਕਰ ਦਿੱਤਾ ਹੈ, ਅਤੇ ਹੁਣ ਸਭ ਪਾਸੀਂ[95] ਰੋਸ਼ਨੀ[94] ਤੇ ਚਾਨਣ[96] ਹੈ[100]।

ਅੰਮ੍ਰਿਤੁ[2] ਨਾਮੁ ਪੀਓ[3] ਮਨੁ ਤ੍ਰਿਪਤਿਆ[4] [5]ਅਨਭੈ[6] ਠਹਰਾਇਓ[7] ॥੨॥

By quaffing[3] the Name Nectar[2], my soul is sated[4], and other[5] fears[6] are stilled[7].

ਨਾਮੁ ਸੁਧਾਰਸ[2] ਨੂੰ ਪਾਨ[3] ਕਰਨ ਦੁਆਰਾ ਮੇਰੀ ਆਤਮਾ ਰੱਜ[4] ਗਈ ਹੈ ਅਤੇ ਹੋਰ[5] ਡਰ[6] ਪਰੇ ਹਟ ਗਏ[7] ਹਨ।

ਮਾਨਿ[8] ਆਗਿਆ[9] ਸਰਬ ਸੁਖ[10] ਪਾਏ ਦੂਖਹ[12] ਠਉ[13] ਗਵਾਇਓ[14] ॥ ਜਉ[15] ਸੁਪ੍ਰਸੰਨ[16]ਭਏ ਪ੍ਰਭ ਠਾਕੁਰ[17] ਸਭੁ[18] ਆਨਦ[19] ਰੂਪੁ[20] ਦਿਖਾਇਓ[21] ॥੩॥

Obeying[8] Guru's commands[9] I have obtained all the comforts[10] and shattered[14] the abode[13] of pains[12]. When[15] the Lord Master[17] got mightily pleased[16], He revealed[21] to me everything[18] in the form[20] of pleasure[19].

ਗੁਰਾਂ ਦੇ ਹੁਕਮਾਂ[9] ਤੇ ਅਮਲ[8] ਕਰਨ ਦੁਆਰਾ ਮੈਂ ਸਾਰੇ ਆਰਾਮ[10] ਪਾ ਲਏ ਹਨ ਅਤੇ ਦੁਖੜਿਆਂ[12] ਦਾ ਡੇਰਾ[13] ਢਾ ਸੁਟਿਆ[14] ਹੈ। ਜਦੋਂ[15] ਸੁਆਮੀ ਮਾਲਕ[17] ਪਰਮ ਪਰਸੰਨ[16] ਹੋ ਗਿਆ, ਉਸ ਨੇ ਹਰ ਸ਼ੈ[18] ਮੈਨੂੰ ਅਨੰਦਤਾ[19] ਦੇ ਸਰੂਪ[20] ਵਿਚ ਵਿਖਾਲ[21] ਦਿੱਤੀ।

ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ[22] ਕੀਓ[23] ਹਰਿ ਰਾਇਓ[24] ॥

Nothing comes, and nothing goes. All this play[22] is set agoing[23] by God, the King[24].

ਨਾ ਕੁਝ ਆਉਂਦਾ ਹੈ ਤੇ ਨਾ ਹੀ ਕੁਝ ਜਾਂਦਾ ਹੈ। ਇਹ ਸਾਰੀ ਖੇਡ[22]ਵਾਹਿਗੁਰੂ ਪਾਤਸ਼ਾਹ[24]ਨੇ ਜਾਰੀ ਕੀਤੀ[23] ਹੈ।

ਕਹੁ[25] ਨਾਨਕ ਅਗਮ[26] ਅਗਮ[27] ਹੈ ਠਾਕੁਰ ਭਗਤ[28]

Says[25] Nanak, Inaccessible[26] and Inscrutable[27] is the Lord. His

ਗੁਰੂ ਜੀ ਫੁਰਮਾਉਂਦੇ[25] ਹਨ, ਪਹੁੰਚ ਤੋਂ ਪਰੇ[26]ਤੇ ਖੋਜ-ਰਹਿਤ[27] ਹੈ ਸੁਆਮੀ! ਉਸ ਦੇ ਅਨੁਰਾਗੀਆਂ[28] ਨੂੰ

ਟੇਕ[29] ਹਰਿ ਨਾਇਓ[30]॥ ੪॥੧੫॥੧੩੬॥

ਗਉੜੀ ਮਹਲਾ ੫ ॥

ਪਾਰਬ੍ਰਹਮ[31] ਪੂਰਨ[32] ਪਰਮੇਸੁਰ[33] ਮਨ[34] ਤਾਕੀ[35] ਓਟੂ[36] ਗਹੀਜੈ[37] ਰੇ[38] ॥ ਜਿਨਿ[39] ਧਾਰੇ[40] ਬ੍ਰਹਮੰਡ[41] ਖੰਡ[42] ਹਰਿ ਤਾਕੋ[43] ਨਾਮੁ ਜਪੀਜੈ[44] ਰੇ[45]॥੧॥ ਰਹਾਉ॥ ਮਨ ਕੀ ਮਤਿ[46] ਤਿਆਗਹੁ[47] ਹਰਿ ਜਨ[48] ਹੁਕਮੁ[49] ਬੂਝਿ[50] ਸੁਖੁ[52] ਪਾਈਐ ਰੇ[51] ॥ ਜੋ ਪ੍ਰਭੁ[53] ਕਰੈ ਸੋਈ[54] ਭਲ[55] ਮਾਨਹੁ[56] ਸੁਖਿ[57] ਦੁਖਿ[58] ਓਹੀ[59] ਧਿਆਈਐ[60] ਰੇ[61] ॥੧॥

ਕੋਟਿ[62] ਪਤਿਤ[63] ਉਧਾਰੇ[64] ਖਿਨ[65] ਮਹਿ[66] ਕਰਤੇ[67] ਬਾਰ[68] ਨ ਲਾਗੈ[69] ਰੇ ॥ ਦੀਨ[70] ਦਰਦ[71] ਦੁਖ[72] ਭੰਜਨ[73] ਸੁਆਮੀ ਜਿਸੁ ਭਾਵੇ[74] ਤਿਸਹਿ[75] ਨਿਵਾਜੈ[76] ਰੇ ॥੨॥

ਸਭ ਕੋ ਮਾਤ[77] ਪਿਤਾ[78] ਪ੍ਰਤਿਪਾਲਕ[79] ਜੀਅ[80] ਪ੍ਰਾਨ[81] ਸੁਖ ਸਾਗਰੁ[82] ਰੇ ॥ ਦੇਂਦੇ[83] ਤੋਟਿ[84] ਨਾਹੀ ਤਿਸੁ[85] ਕਰਤੇ[86] ਪੂਰਿ[87] ਰਹਿਓ[88] ਰਤਨਾਗਰੁ[89] ਰੇ ॥੩॥

ਜਾਚਿਕੁ[90] ਜਾਚੈ[91] ਨਾਮੁ ਤੇਰਾ ਸੁਆਮੀ ਘਟ[92] ਘਟ ਅੰਤਰਿ[93] ਸੋਈ[94] ਰੇ ॥ ਨਾਨਕੁ ਦਾਸੁ[95] ਤਾਕੀ[96] ਸਰਣਾਈ[97] ਜਾਤੇ[98] ਬ੍ਰਿਥਾ[99]

devotees[28] have the support[29] only of God's Name[30].

Gauri 5th Guru.

The Transcendent Lord[31] is the Perfect[32] Master[33]. O my soul[34] hold fast[37] to His protection[36], who[39] has established[40] the universe[41] and continents[42], O[45] man, repeat[44] the Name of that[43] God. Pause.

O[51] God's slaves[48], abandon[47] the mind's cleverness[46]. By realising[50] His will[49] peace[52] is procured.

Whatever[53] the Lord does, accept[56] that[54] with pleasure[55]. In weal[57] and woe[58] meditate[60] on that[59] Lord O[61] man.

ਊਂਧੋ[80] ਕਵਲੁ[81] ਸਗਲ ਸੰਸਾਰੈ[82] ॥	Inverted[80] is the heart-lotus[81] of the whole world[82].	ਮੂਧਾ[80] ਹੈ ਦਿਲ-ਕਮਲ[81] ਸਾਰੇ ਜਹਾਨ[82] ਦਾ ।
[83]ਦੂਰਮਤਿ[84] ਅਗਨਿ[85] ਜਗਤ[86] ਪਰਜਾਰੈ[87] ॥	The fire[85] of evil[83] intellect[84] is burning[87] the world[86].	ਮੰਦੀ[83] ਅਕਲ[84] ਦੀ ਅੱਗ[85] ਸੰਸਾਰ[86] ਨੂੰ ਸਾੜ[87] ਰਹੀ ਹੈ ।
ਸੋ[88] ਉਬਰੈ[89] ਗੁਰ ਸਬਦੁ[90] ਬੀਚਾਰੈ[91] ॥੨॥	He[88] is saved[89], who gives his thought[91] to the Guru's Word[90].	ਉਹ[88] ਬਚ[89] ਜਾਂਦਾ ਹੈ, ਜੋ ਗੁਰਾਂ ਦੇ ਸ਼ਬਦ[90] ਦਾ ਧਿਆਨ[91] ਧਾਰਦਾ ਹੈ ।

ਭ੍ਰਿੰਗ[92] ਪਤੰਗੁ[93] ਕੁੰਚਰੁ[94] ਅਰੁ[95] ਮੀਨਾ[96] ॥ ਮਿਰਗੁ[97] ਮਰੈ[100] ਸਹਿ[98] ਅਪੁਨਾ ਕੀਨਾ[99] ॥

The bumble bee[92], the moth[93], the elephant[94], the fish[96], and[95] the deer[97] suffer[98] for their acts[99], and die[100].

ਭੌਰਾ[92], ਪਰਵਾਨਾ[93], ਹਾਥੀ[94], ਮੱਛੀ[96] ਅਤੇ[95] ਹਰਨ[97] ਆਪਣੇ ਕੀਤੇ[99] ਦਾ ਫਲ ਪਾਉਂਦੇ[98] ਹਨ ਅਤੇ ਮਰ ਜਾਂਦੇ[100] ਹਨ।

ਤ੍ਰਿਸਨਾ[2] ਰਾਚਿ[3] ਤਤੁ[4] ਨਹੀ ਬੀਨਾ[5] ॥੩॥

Engrossed[3] in desire[2] they see[5] not the Reality[4].

ਖ਼ਾਹਿਸ਼[2] ਅੰਦਰ ਗ਼ਲਤਾਨ[3] ਉਹ ਅਸਲੀਅਤ[4] ਨੂੰ ਨਹੀਂ ਵੇਖਦੇ[5]।

ਕਾਮੁ[6] ਚਿਤੈ[7] ਕਾਮਣਿ[8] ਹਿਤਕਾਰੀ[9]॥

The lover[9] of a woman[8] thinks[7] of lust[6].

ਤ੍ਰੀਮਤ[8] ਦਾ ਆਸ਼ਕ[9], ਭੋਗ-ਬਿਲਾਸ[6] ਦਾ ਖ਼ਿਆਲ[7] ਕਰਦਾ ਹੈ।

ਕ੍ਰੋਧੁ[10] ਬਿਨਾਸੈ[12] ਸਗਲ[13] ਵਿਕਾਰੀ[14] ॥

Wrath[10] ruins[12] all[13] the sinners[14].

ਗੁੱਸਾ[10] ਸਾਰੇ[13] ਗੁਨਹਿਗਾਰਾਂ[14] ਨੂੰ ਤਬਾਹ[12] ਕਰ ਦਿੰਦਾ ਹੈ।

ਪਤਿ[15] ਮਤਿ[16] ਖੋਵਹਿ[17] ਨਾਮੁ ਵਿਸਾਰੀ[18] ॥੪॥

By forgetting[18] the Name, man loses[17] his honour[15] and sense[16].

ਨਾਮ ਨੂੰ ਭੁਲਾ[18] ਕੇ ਇਨਸਾਨ ਆਪਣੀ ਇੱਜ਼ਤ[15] ਤੇ ਅਕਲ[16] ਗੁਆ ਲੈਂਦਾ[17] ਹੈ।

੨੨੬ 226 ੨੨੬

ਪਰ ਘਰਿ[19] ਚੀਤੁ[20] ਮਨਮੁਖਿ[21] ਡੋਲਾਇ[22] ॥

An apostate's[21] mind[20] covets[22] another's woman[19].

ਅਧਰਮੀ[21] ਦਾ ਮਨ[20] ਪਰਾਈ ਇਸਤਰੀ[19] ਦੀ ਹਿਰਸ[22] ਕਰਦਾ ਹੈ।

ਗਲਿ[23] ਜੇਵਰੀ[24] ਧੰਧੈ[25] ਲਪਟਾਇ[26] ॥

Around his neck[23] is the halter[24] and he is entangled[26] in worldly strifes[25].

ਉਸ ਦੀ ਗਰਦਨ[23] ਦੁਆਲੇ ਫਾਹੀ ਦਾ ਰੱਸਾ[24] ਹੈ ਅਤੇ ਉਹ ਸੰਸਾਰੀ ਬਖੇੜਿਆਂ[25] ਅੰਦਰ ਫਾਥਾ ਹੋਇਆ[26] ਹੈ।

ਗੁਰਮੁਖਿ[27] ਛੂਟਸਿ[28] ਹਰ ਗੁਣ[29] ਗਾਇ ॥੫॥

The Guru-ward[27] is delivered[28] by singing God's praises[29].

ਗੁਰੂ ਅਨੁਸਾਰੀ[27] ਵਾਹਿਗੁਰੂ ਦੀ ਮਹਿਮਾ[29] ਗਾਇਨ ਕਰਨ ਦੁਆਰਾ ਬੰਦ-ਖ਼ਲਾਸ[28] ਹੋ ਜਾਂਦਾ ਹੈ।

ਜਿਉ[30] ਤਨੁ[31] ਬਿਧਵਾ[32] ਪਰਕਉ[33] ਦੇਈ ॥ ਕਾਮਿ[34] ਦਾਮਿ[35] ਚਿਤੁ[36] ਪਰ ਵਸਿ[37] ਸੇਈ[38] ॥ ਬਿਨੁ ਪਿਰ[39] ਤ੍ਰਿਪਤਿ[40] ਨ ਕਬਹੂੰ ਹੋਈ ॥੬॥

As[30] an unchaste woman[32], who gives her body[31] to a stranger[33], and for the sake of lust[34] or money[35] whose[38] mind[36] falls unto another's power[37], is never satisfied[40] without her spouse[39], so is the man of duality.

ਜਿਸ[30] ਤਰ੍ਹਾਂ ਇਕ ਬਦਚਲਣ ਇਸਤਰੀ[32], ਜੋ ਆਪਣੀ ਦੇਹਿ[31] ਪਰਾਏ[33] ਨੂੰ ਦੇ ਦਿੰਦੀ ਹੈ ਅਤੇ ਭੋਗਬਿਲਾਸ[34] ਜਾਂ ਦੌਲਤ[35] ਦੀ ਖ਼ਾਤਰ ਜਿਸ[38] ਦਾ ਮਨ[36] ਹੋਰਸ ਦੇ ਅਖ਼ਤਿਆਰ[37] ਵਿਚ ਹੋ ਜਾਂਦਾ ਹੈ, ਨੂੰ ਕਦਾਚਿੱਤ ਆਪਣੇ ਪਤੀ[39] ਬਿਨਾ ਰੱਜ[40] ਨਹੀਂ ਆਉਂਦਾ। ਉਸੇ ਤਰ੍ਹਾਂ ਦਾ ਹੈ ਦਵੈਤ-ਭਾਵ ਵਾਲਾ ਬੰਦਾ।

ਪੜਿਪੜਿ[41] ਪੋਥੀ[42] ਸਿੰਮ੍ਰਿਤਿ ਪਾਠਾ[43] ॥ ਬੇਦ ਪੁਰਾਣ ਪੜੈ ਸੁਣਿ[45] ਥਾਟਾ[44] ॥

The mortal reads and studies[41] books[42], recites[43] Simiritis, and reads and hears[45] Vedas, Puranas, and other compilations[44].

ਜੀਵ ਪੁਸਤਕਾਂ[42] ਨੂੰ ਪੜ੍ਹਦਾ ਤੇ ਵਾਚਦਾ[41] ਹੈ, ਸਿਮ੍ਰਤੀਆਂ ਦਾ ਪਾਠ[43] ਕਰਦਾ ਹੈ ਅਤੇ ਵੇਦਾਂ, ਪੁਰਾਣਾਂ ਅਤੇ ਹੋਰ ਰਚਨਾਵਾਂ[44] ਨੂੰ ਵਾਚਦਾ ਤੇ ਸ੍ਰਵਣ[45] ਕਰਦਾ ਹੈ।

ਬਿਨੁ ਰਸ[46] ਰਾਤੇ[47] ਮਨੁ ਬਹੁ[48] ਨਾਟਾ[49] ॥੭॥

But without being imbued[47] with God's elixir[46] the mind greatly[48] wavers[49].

ਪ੍ਰੰਤੂ ਵਾਹਿਗੁਰੂ ਅੰਮ੍ਰਿਤ[46] ਦੇ ਨਾਲ ਰੰਗੇ[47] ਜਾਣ ਬਗ਼ੈਰ ਮਨੂਆ ਬਹੁਤ[48] ਡੋਲਦਾ[49] ਹੈ।

ਜਿਉ[50] ਚਾਤ੍ਰਿਕ[51] ਜਲ[52] ਪ੍ਰੇਮ[53] ਪਿਆਸਾ[54] ॥

As[50] the pied-cuckoo[51] has affection[53] and thirst[54] for rain drops[52],

ਜਿਸ ਤਰ੍ਹਾਂ[50] ਪਪੀਹੇ[51] ਦੀ ਮੀਂਹ ਦੀਆਂ ਕਣੀਆਂ[52] ਲਈ ਪ੍ਰੀਤ[53] ਅਤੇ ਤੇਹ[54] ਹੈ,

ਜਿਉ ਮੀਨਾ[55] ਜਲ[56] ਮਾਹਿ[57] ਉਲਾਸਾ[58] ॥ ਨਾਨਕ ਹਰਿ ਰਸੁ[59] ਪੀ[60] ਤ੍ਰਿਪਤਾਸਾ[61] ॥ ੮॥੧੧॥

As the fish[55] is delighted[58] in[57] water[56], so is Nanak sated[61] quaffing[60] God's Nectar[59].

ਜਿਸ ਤਰ੍ਹਾਂ ਮੱਛੀ[55] ਪਾਣੀ[56] ਵਿਚ[57] ਖ਼ੁਸ਼[58] ਹੁੰਦੀ ਹੈ, ਓਸੇ ਤਰ੍ਹਾਂ ਹੀ ਨਾਨਕ ਹਰੀ ਆਬਿ-ਹਿਯਾਤ[59] ਨੂੰ ਪਾਨ[60] ਕਰ ਕੇ ਰੱਜ[61] ਗਿਆ ਹੈ।

ਗਉੜੀ ਮਹਲਾ ੧ ॥

Gauri Ist Guru.

ਗਉੜੀ ਪਾਤਸ਼ਾਹੀ ਪਹਿਲੀ।

ਹਠੁ[62] ਕਰਿ ਮਰੈ ਨ ਲੇਖੈ[63] ਪਾਵੈ॥ ਵੇਸ[64] ਕਰੈ[67] ਬਹੁ[68] ਭਸਮ[65] ਲਗਾਵੈ[66] ॥

He, who dies in obstinacy[62] is not accepted[63], even though he may wear[67] religious garb[64], or apply[66] plenty[68] of ashes[65] to his body.

ਜੋ ਅੜੀ[62] ਕਰ ਕੇ ਮਰਦਾ ਹੈ, ਉਹ ਕਬੂਲ[63] ਨਹੀਂ ਪੈਂਦਾ, ਭਾਵੇਂ ਉਹ ਧਾਰਮਕ ਲਿਬਾਸ[64] ਪਹਿਨ[67] ਲਵੇ, ਜਾਂ ਆਪਣੇ ਪਿੰਡੇ ਨੂੰ ਬਹੁਤੀ[68] ਸੁਆਹ[65] ਮਲ[66] ਲਵੇ।

ਨਾਮੁ ਬਿਸਾਰਿ[69] ਬਹੁਰਿ[70] ਪਛੁਤਾਵੈ[71] ॥੧॥

Forgetting[69] the Name, he repents[71], afterwards[70].

ਨਾਮ ਨੂੰ ਭੁਲਾ[69] ਕੇ, ਉਹ ਅਖ਼ੀਰ[70] ਨੂੰ ਅਫ਼ਸੋਸ[71] ਕਰਦਾ ਹੈ।

ਤੂੰ ਮਨਿ[72] ਹਰਿ ਜੀਉ[73] ਤੂੰ ਮਨਿ[74] ਸੂਖ[75] ॥

Worship[72] thou the Venerable[73] Lord, and obtain thou the peace[75], in thy mind[74].

ਤੂੰ ਪੂਜਨ[73] ਪ੍ਰਭੂ ਦੀ ਪੂਜਾ[72] ਕਰ ਅਤੇ ਤੂੰ ਆਪਣੇ ਮਨ[74] ਅੰਦਰ ਆਰਾਮ[75] ਨੂੰ ਪ੍ਰਾਪਤ ਕਰ।

ਨਾਮੁ ਬਿਸਾਰਿ[76] ਸਹਹਿ[77] ਜਮ[78] ਦੂਖ[79] ॥੧॥ਰਹਾਉ॥

By forgetting[76] the Name, thou shalt endure[77] Death's[78] torture[79]. Pause.

ਨਾਮ ਨੂੰ ਭੁਲਾ[76] ਕੇ ਤੂੰ ਮੌਤ[78] ਦਾ ਕਸ਼ਟ[79] ਬਰਦਾਸ਼ਤ[77] ਕਰੇਂਗਾ। ਠਹਿਰਾਉ।

ਚੋਆ[80] ਚੰਦਨ[81] ਅਗਰ[82] ਕਪੂਰਿ[83] ॥ ਮਾਇਆ[84] ਮਗਨੁ[85] ਪਰਮ[86] ਪਦੁ[87] ਦੂਰਿ[88] ॥

The intoxication[85] of the essence[80] of Sandal[81], aloe wood[82], camphor[83], and worldly valuables[84], removes man far away[88] from the Supreme[86] Dignity[87].

ਚੰਨਣ[81], ਊਦ ਦੀ ਲੱਕੜ[82], ਮੁਸ਼ਕ ਕਾਫ਼ੂਰ[83] ਦੇ ਅਤਰ[80], ਅਤੇ ਸੰਸਾਰੀ ਪਦਾਰਥਾਂ[84] ਦੀ ਮਸਤੀ[85], ਇਨਸਾਨ ਨੂੰ ਮਹਾਨ[86] ਮਰਤਬੇ[87] ਤੋਂ ਬੜਾ ਦੂਰੇਡੇ[88] ਲੈ ਜਾਂਦੀ ਹੈ।

ਨਾਮਿ ਬਿਸਾਰਿਐ[89] ਸਭੁ[90] ਕੂੜੋ[91] ਕੂਰਿ[92] ॥੨॥

By forgetting[89] the Name, he becomes the falsest[92] of all[90] the false[91].

ਨਾਮ ਨੂੰ ਭੁਲਾ[89] ਕੇ ਉਹ ਸਮੂਹ[90] ਝੂਠਿਆਂ[91] ਦਾ ਝੂਠਾ[92] ਹੋ ਜਾਂਦਾ ਹੈ।

ਨੇਜੇ[93] ਵਾਜੇ[94] ਤਖਤਿ[95] ਸਲਾਮੁ[96] ॥ ਅਧਕੀ[97] ਤ੍ਰਿਸਨਾ[98] ਵਿਆਪੈ[99] ਕਾਮੁ[100] ॥

The lances[93], bands[94], throne[95], and salutations[96] of others increase[97] the desire[98] and the mortal is engrossed[99] in lust[100].

ਬਰਛੇ[93], ਬੈਂਡ ਬਾਜੇ[94], ਰਾਜਸਿੰਘਾਸਣ[95] ਅਤੇ ਦੂਜਿਆਂ ਵਲੋਂ ਨਮਸਕਾਰਾਂ[96] ਖ਼ਾਹਿਸ਼[98] ਨੂੰ ਵਧਾਉਂਦੇ[97] ਹਨ, ਤੇ ਪ੍ਰਾਣੀ ਕਾਮਚੇਸ਼ਟਾ[100] ਅੰਦਰ ਗ਼ਲਤਾਨ[99] ਹੋ ਜਾਂਦਾ ਹੈ।

ਬਿਨੁ ਹਰਿ ਜਾਚੇ[2] ਭਗਤਿ[3] ਨ ਨਾਮੁ ॥੩॥

Without soliciting[2] God, His devotional service[3] and the Name are not attained to.

ਵਾਹਿਗੁਰੂ ਮੂਹਰੇ ਪ੍ਰਾਰਥਨਾ[2] ਕਰਨ ਦੇ ਬਗ਼ੈਰ ਉਸ ਦੀ ਪ੍ਰੇਮ-ਮਈ[3] ਸੇਵਾ ਅਤੇ ਨਾਮ ਪ੍ਰਾਪਤ ਨਹੀਂ ਹੁੰਦੇ।

ਵਾਦਿ[4] ਅਹੰਕਾਰਿ[5] ਨਾਹੀ ਪ੍ਰਭ ਮੇਲਾ[6] ॥

Through argument[4] and egotism[5], union[6] with the Lord is not obtained.

ਬਹਿਸ ਮੁਬਾਹਿਸੇ[4] ਅਤੇ ਗਰਬ ਗ਼ਰੂਰ[5] ਰਾਹੀਂ ਮਾਲਕ ਦਾ ਮਿਲਾਪ[6] ਪ੍ਰਾਪਤ ਨਹੀਂ ਹੁੰਦਾ।

ਮਨੁ[7] ਦੇ[8] ਪਾਵਹਿ[9] ਨਾਮੁ ਸੁਹੇਲਾ[10] ॥

By tendering[8] his soul[7] to the Lord, man obtains[9] the comforting[10] Name.

ਆਪਣੀ ਆਤਮਾ[7] ਨੂੰ ਸਾਹਿਬ ਦੇ ਸਮਰਪਣ[8] ਕਰਨ ਦੁਆਰਾ, ਆਦਮੀ ਆਰਾਮ ਬਖ਼ਸ਼ਣਹਾਰ[10] ਨਾਮ ਨੂੰ ਪਾ[9] ਲੈਂਦਾ ਹੈ।

ਦੂਜੈ [12] ਭਾਇ ਅਗਿਆਨੁ[13] ਦੁਹੇਲਾ[14] ॥੪॥

Through ignorance[13], the mortal is involved in another's love[12], which makes him miserable[14].

ਬੇਸਮਝੀ[13] ਰਾਹੀਂ, ਜੀਵ ਹੋਰਸ ਦੀ ਮੁਹੱਬਤ[12] ਵਿਚ ਉਲਝ ਜਾਂਦਾ ਹੈ, ਜਿਹੜੀ ਉਸ ਨੂੰ ਦੁਖੀ[14] ਕਰ ਦਿੰਦੀ ਹੈ ।

ਬਿਨੁ ਦਮ[15] ਕੇ ਸਉਦਾ[16] ਨਹੀ ਹਾਟ[17] ॥

Without money[15] wares[16] cannot be had from a shop[17].

ਰਕਮ[15] ਬਗ਼ੈਰ ਦੁਕਾਨ[17] ਤੋਂ ਸੌਦਾ[16] ਸੂਤ ਲਿਆ ਨਹੀਂ ਜਾ ਸਕਦਾ ।

ਬਿਨੁ ਬੋਹਿਥ[18] ਸਾਗਰ[19] ਨਹੀ ਵਾਟ[20] ॥

Without the boat[18], voyage[20] across an ocean[19] cannot be had.

ਕਿਸ਼ਤੀ[18] ਦੇ ਬਗ਼ੈਰ ਸਮੁੰਦਰ[19] ਦਾ ਸਫ਼ਰ[20] ਕੀਤਾ ਨਹੀਂ ਜਾ ਸਕਦਾ ।

ਬਿਨੁ ਗੁਰ ਸੇਵੇ[21] ਘਾਟੇ ਘਾਟਿ[22]॥੫॥

Without serving[21] the Guru, there is total loss[22].

ਗੁਰਾਂ ਦੀ ਘਾਲ[21] ਕਮਾਉਣ ਬਾਝੋਂ ਮੁਕੰਮਲ ਘਾਟਾ[22] ਹੈ ।

ਤਿਸ ਕਉ ਵਾਹੁ[23] ਵਾਹੁ ਜਿ ਵਾਟ[24] ਦਿਖਾਵੈ[25] ॥

Hail[23], ! hail ! unto him, who shows[25] the path[24],

ਸ਼ਾਬਾਸ਼[23] ! ਸ਼ਾਬਾਸ਼ ! ਹੈ ਉਸ ਨੂੰ ਜੋ ਮਾਰਗ[24] ਵਿਖਾਲਦਾ[25] ਹੈ ।

ਤਿਸ ਕਉ ਵਾਹੁ ਵਾਹੁ ਜਿ ਸਬਦੁ [26]ਸੁਣਾਵੈ[27] ॥

Hail ! hail ! unto him, who recites[27] to me the Name[26].

ਸਾਬਾਸ਼ ! ਸ਼ਾਬਾਸ਼ ! ਹੈ ਉਸ ਨੂੰ ਜੋ ਮੈਨੂੰ ਨਾਮ[26] ਸ੍ਰਵਣ[27] ਕਰਾਉਂਦਾ ਹੈ ।

ਤਿਸ ਕਉ ਵਾਹੁ ਵਾਹੁ ਜਿ ਮੇਲਿ[28] ਮਿਲਾਵੈ[29] ॥੬॥

Hail ! hail ! unto him, who unites[29] me with Lord's Union[28].

ਸ਼ਾਬਾਸ਼ ! ਸ਼ਾਬਾਸ਼ ! ਹੈ ਉਸ ਨੂੰ ਜਿਹੜਾ ਮੈਨੂੰ ਮਾਲਕ ਦੇ ਮਿਲਾਪ[28] ਨਾਲ ਮਿਲਾਉਂਦਾ[29] ਹੈ ।

ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ[30]॥

Hail ! hail ! to Him to whom this soul[30] belongs.

ਸ਼ਾਬਾਸ਼ ! ਸ਼ਾਬਾਸ਼ ! ਹੈ ਉਸ ਨੂੰ ਜਿਸ ਦੀ ਇਹ ਜਿੰਦੜੀ[30] ਮਲਕੀਅਤ ਹੈ ।

ਗੁਰ ਸਬਦੀ[31] ਮਥਿ[32] ਅੰਮ੍ਰਿਤੁ[33] ਪੀਉ[34]॥

By Guru's instruction[31] ponder over[32] and quaff[34] the Name Nectar[33].

ਗੁਰਾ ਦੇ ਉਪਦੇਸ਼[31] ਦੁਆਰਾ ਨਾਮ ਸੁਧਾਰਸ[33] ਨੂੰ ਸਿਮਰ[32] ਤੇ ਪਾਨ[34] ਕਰ ।

ਨਾਮ ਵਡਾਈ[35] ਤੁਧੁ[36] ਭਾਣੈ[37] ਦੀਉ[38] ॥੭॥

The glory[35] of the Name is bestowed[38] according to Thine[36] Will[37], O Lord.

ਨਾਮ ਦੀ ਸ਼ੋਭਾ[35] ਤੇਰੀ[36] ਰਜ਼ਾ[37] ਦੁਆਰਾ ਪਰਦਾਨ[38] ਹੁੰਦੀ ਹੈ, ਹੇ ਸਾਹਿਬ !

ਨਾਮ ਬਿਨਾ ਕਿਉ[39]ਜੀਵਾ[40] ਮਾਇ[41] ॥

Without the Name, how[39] can I live[40] O my mother[41] ?

ਨਾਮ ਦੇ ਬਾਝੋਂ ਮੈਂ ਕਿਸ ਤਰ੍ਹਾਂ[39] ਜਿਉਂ[40]ਸਕਦਾ ਹਾਂ ਹੇ ਮਾਤਾ[41] ?

ਅਨਦਿਨੁ[42]ਜਪਤੁ[43]ਰਹਉ[44] ਤੇਰੀ ਸਰਣਾਇ[45] ॥

Night[42] and day I repeat[43] the Name, and remain[44] under Thine protection[45], O my Master.

ਰਾਤ[42] ਦਿਨ ਮੈਂ ਨਾਮ ਦਾ ਉਚਾਰਣ[43] ਕਰਦਾ ਹਾਂ ਅਤੇ ਤੇਰੀ ਪਨਾਹ[45] ਹੇਠਾਂ ਵਿਚਰਦਾ[44] ਹਾਂ, ਹੇ ਮੇਰੇ ਮਾਲਕ !

ਨਾਨਕ ਨਾਮਿ ਰਤੇ[46] ਪਤਿ ਪਾਇ[47] ॥੮॥੧੨॥

Nanak, imbued[46] with the Name man obtains honour[47].

ਨਾਨਕ, ਨਾਮ ਨਾਲ ਰੰਗੀਜਣ[46] ਦੁਆਰਾ ਆਦਮੀ ਇੱਜ਼ਤ[47] ਪਾ ਲੈਂਦਾ ਹੈ ।

ਗਉੜੀ ਮਹਲਾ ੧ ॥

Gauri 1st Guru.

ਗਉੜੀ ਪਾਤਸ਼ਾਹੀ ਪਹਿਲੀ ।

ਹਉਮੈ[48] ਕਰਤ[49] ਭੇਖੀ[50] ਨਹੀ ਜਾਨਿਆ[51] ॥

Indulging[49] in egotism[48], one knows[51] not the Lord, whatever religious garb[50] he may wear.

ਹੰਕਾਰ[48] ਅੰਦਰ ਪਰਵਿਰਤ[49] ਹੋਣ ਨਾਲ ਆਦਮੀ ਸਾਹਿਬ ਨੂੰ ਨਹੀਂ ਜਾਣਦਾ[51], ਭਾਵੇਂ ਉਹ ਕੋਈ ਧਾਰਮਕ ਵਿਖਾਵਾ[50] ਕਰ ਲਵੇ ।

ਗੁਰਮੁਖਿ[52] ਭਗਤਿ[53] ਵਿਰਲੇ[54]ਮਨੁ[55]ਮਾਨਿਆ[56]॥ ੧ ॥

Rare[54] is the person, whose soul[55] is satiated[56] with Master's meditation[53] through Guru's guidance[52].

ਕੋਈ ਟਾਂਵਾਂ[54] ਹੀ ਪੁਰਸ਼ ਹੈ ਜਿਸ ਦੀ ਆਤਮਾ[55], ਗੁਰਾਂ ਦੀ ਅਗਵਾਈ[52] ਦੁਆਰਾ ਸਾਂਈ ਦੇ ਸਿਮਰਨ[53] ਨਾਲ ਤ੍ਰਿਪਤ[56] ਹੋਈ ਹੈ ।

ਹਉ ਹਉ[57] ਕਰਤ[58] ਨਹੀ ਸਚੁ[59] ਪਾਈਐ[60] ॥
ਹਉਮੈ[61]ਜਾਇ[62]ਪਰਮਪਦੁ[63] ਪਾਈਐ ॥੧॥ ਰਹਾਉ ॥
ਹਉਮੈ ਕਰਿ[64] ਰਾਜੇ ਬਹੁ[65] ਧਾਵਹਿ[66] ॥
ਹਉਮੈ ਖਪਹਿ[67] ਜਨਮਿ[68] ਮਰਿ[69] ਆਵਹਿ[70] ॥੨॥
ਹਉਮੈ[71] ਨਿਵਰੈ[72] ਗੁਰ ਸਬਦੁ[73] ਵੀਚਾਰੈ[74] ॥
ਚੰਚਲ[75] ਮਤਿ[76] ਤਿਆਗੈ[77] ਪੰਚ[78] ਸੰਘਾਰੈ[79] ॥੩॥
ਅੰਤਰਿ[80] ਸਾਚੁ[81] ਸਹਜ[82] ਘਰਿ[83] ਆਵਹਿ[84] ॥
ਰਾਜਨੁ[85] ਜਾਣਿ[86] ਪਰਮ[87] ਗਤਿ[88] ਪਾਵਹਿ ॥੪॥
ਸਚੁ ਕਰਣੀ[89] ਗੁਰੁ ਭਰਮੁ[90] ਚੁਕਾਵੈ[91] ॥
ਨਿਰਭਉ[92] ਕੈ ਘਰਿ[93] ਤਾੜੀ[94] ਲਾਵੈ[95] ॥
ਹਉ[96]ਹਉ ਕਰਿ[97]ਮਰਣਾ[98] ਕਿਆ[99] ਪਾਵੈ[100] ॥
ਪੂਰਾ[2] ਗੁਰੁ ਭੇਟੇ[3] ਸੋ[4] ਝਗਰੁ[5] ਚੁਕਾਵੈ[6] ॥੬॥
ਜੇਤੀ[7] ਹੈ ਤੇਤੀ[8] ਕਿਹੁ ਨਾਹੀ[9] ॥
ਗੁਰਮੁਖਿ[10]ਗਿਆਨ[12]ਭੇਟਿ[13] ਗੁਣ[14] ਗਾਹੀ[15] ॥੭॥

By the practice[58] of ego and self-hood[57], the True Lord[59] is not obtained[60].
When self-conceit[61] departs[62], the highest rank[63] is attained. Pause.
The Monarchs take[64] pride, and undertake many[65] expeditions[66].
By pride they are ruined[67], and die[69] to be born[68] again[70].
Egotism[71] is overcome[72]by reflecting[74] over Guru's hymns[73].
He,who restrains[77] his restive[75] mind[76] and slays[79] his five[78] evil passions,
He, in whose mind[80] is the True Name[81] arrives[84] at Lord's[82] mansion[83].
Understanding[86] the Sovereign[85] he obtains the Supreme[87] Dignity[88].
The Guru banishes[91] the doubt[90] of him whose deeds[89] are true.
He fixes[95] his attention[94] on the Home[93] of the Fearless[92] One.
What[99] does he gain[100], who dies[98] practising[97] pride, and self conceit[96]?
He[4], who meets[3] the Perfect[2] Guru puts an end[6] to his contentions[5].
Whatever[7] there is, that[8] is nothing[9] in reality.
Obtaining[13] the Divine comprehension[12] from the Guru[10], I sing[15] Lord's praises[14].

ਮੈਂ ਮੇਰੀ[57] ਦੀ ਕਰਣੀ[58] ਦੁਆਰਾ ਸੱਚਾ ਸੁਆਮੀ[59] ਪ੍ਰਾਪਤ[60] ਨਹੀਂ ਹੁੰਦਾ ।
ਜਦ ਸਵੈ-ਹੰਗਤਾ[61] ਦੂਰ[62] ਹੋ ਜਾਂਦੀ ਹੈ ਤਾਂ ਮਹਾਨ ਮਰਤਬਾ[63] ਹਾਸਲ ਹੋ ਜਾਂਦਾ ਹੈ । ਠਹਿਰਾਉ ।
ਪਾਤਸ਼ਾਹ ਹੰਕਾਰ ਕਰਦੇ[64] ਹਨ ਅਤੇ ਕਈ[65] ਚੜ੍ਹਾਈਆਂ[66] ਕਰਦੇ ਹਨ ।
ਹੰਕਾਰ ਦੁਆਰਾ ਉਹ ਬਰਬਾਦ[67] ਹੋ ਜਾਂਦੇ ਹਨ ਅਤੇ ਉਹ ਮਰ[69] ਕੇ ਮੁੜ ਆਉਣ[70] ਲਈ ਪੈਦਾ[68] ਹੁੰਦੇ ਹਨ ।
ਗੁਰਾਂ ਦੀ ਬਾਣੀ[73] ਨੂੰ ਸੋਚਣ ਸਮਝਣ[74] ਦੁਆਰਾ ਹੰਕਾਰ[71] ਨਵਿਰਤ[72] ਹੋ ਜਾਂਦਾ ਹੈ ।
ਜੋ ਆਪਣੇ ਚੁਲਬੁਲੇ[75] ਮਨੂਏ[76] ਨੂੰ ਰੋਕ[77] ਰਖਦਾ ਹੈ, ਅਤੇ ਆਪਣੇ ਪੰਜ[78] ਵਿਸ਼ੇ ਵੇਗਾਂ ਨੂੰ ਮਾਰ[79] ਲੈਂਦਾ ਹੈ,
ਉਹ ਜਿਸ ਦੇ ਹਿਰਦੇ[80] ਅੰਦਰ ਸੱਚਾ ਨਾਮ[81] ਹੈ, ਉਹ ਮਾਲਕ[82] ਦੇ ਮੰਦਰ[83] ਵਿਚ ਪੁਜ[84] ਜਾਂਦਾ ਹੈ ।
ਪਾਤਾਹਸ਼ਾਹ[85] ਨੂੰ ਸਮਝ ਕੇ[86], ਉਹ ਮਹਾਨ[87] ਰੁਤਬੇ[88] ਨੂੰ ਪ੍ਰਾਪਤ ਕਰ ਲੈਂਦਾ ਹੈ ।
ਗੁਰੂ ਉਸ ਦਾ ਸੰਦੇਹ[90] ਦੂਰਿ[91] ਕਰ ਦਿੰਦਾ ਹੈ, ਜਿਸ ਦੇ ਅਮਲ[89] ਸੱਚੇ ਹਨ ।
ਉਹ ਨਿਡੱਰ[92] ਪੁਰਖ ਦੇ ਗ੍ਰਹਿ[93] ਤੇ ਆਪਣੀ ਬਿਰਤੀ[94] ਜੋੜਦਾ[95] ਹੈ ।
ਜਿਹੜਾ ਗ਼ਰੂਰ ਅਤੇ ਸਵੈ-ਹੰਗਤਾ[96] ਕਰਦਾ[97] ਹੋਇਆ ਮਰ ਜਾਂਦਾ[98] ਹੈ, ਉਹ ਕੀ[99] ਖੱਟੀ ਖੱਟਦਾ[100] ਹੈ ?
ਜੋ ਪੂਰਨ[2] ਗੁਰਾਂ ਨੂੰ ਮਿਲ[3] ਪੈਂਦਾ ਹੈ, ਉਹ[4] ਆਪਣੇ ਬਖੇੜੇ[5] ਮੁਕਾ[6] ਲੈਂਦਾ ਹੈ ।
ਜੋ ਕੁਛ[7] ਭੀ ਹੈ, ਉਹ[8] ਦਰਅਸਲ, ਕੁਝ ਭੀ ਨਹੀਂ[9] ।
ਗੁਰਾਂ ਪਾਸੋਂ[10] ਰੱਬੀ ਗਿਆਤ[12] ਪ੍ਰਾਪਤ[13] ਕਰ ਕੇ ਮੈਂ ਪ੍ਰਭੂ ਦਾ ਜੱਸ[14] ਗਾਇਨ[15] ਕਰਦਾ ਹਾਂ ।

੨੨੭ 227 ੨੨੭

ਹਉਮੈ[16] ਬੰਧਨ[17] ਬੰਧਿ[18] ਭਵਾਵੈ[19] ॥

Pride[16] binds[18] man in bonds[17], and makes him wander[19] in transmigration.

ਹੰਕਾਰ[16] ਆਦਮੀ ਨੂੰ ਜ਼ੰਜੀਰਾਂ[17] ਅੰਦਰ ਜਕੜ[18] ਦਿੰਦਾ ਹੈ, ਅਤੇ ਉਸ ਨੂੰ ਆਵਾਗਉਣ ਅੰਦਰ ਭਟਕਾਉਂਦਾ[19]ਹੈ ।

ਨਾਨਕ ਰਾਮ[20] ਭਗਤਿ[21] ਸੁਖੁ[22]ਪਾਵੈ[23] ॥੮॥੧੩॥

Through Lord's[20] meditation[21], Nanak has obtained[23] peace[22].

ਸਾਹਿਬ[20] ਦੀ ਬੰਦਗੀ[21] ਰਾਹੀਂ ਨਾਨਕ ਨੇ ਆਰਾਮ[22] ਪ੍ਰਾਪਤ[23] ਕੀਤਾ ਹੈ ।

ਗਉੜੀ ਮਹਲਾ ੧ ॥
ਪ੍ਰਥਮੇ[24] ਬ੍ਰਹਮਾ ਕਾਲੈ[25] ਘਰਿ[26] ਆਇਆ[27] ॥
ਬ੍ਰਹਮਕਮਲੁ[28] ਪਇਆਲਿ[29] ਨ ਪਾਇਆ[30] ॥

ਆਗਿਆ[31] ਨਹੀ ਲੀਨੀ[32] ਭਰਮਿ[33] ਭੁਲਾਇਆ[34] ॥੧॥
ਜੋ[35] ਉਪਜੈ[36] ਸੋ[37] ਕਾਲਿ[38] ਸੰਘਾਰਿਆ[39] ॥
ਹਮ[40] ਹਰਿ ਰਾਖੇ[41] ਗੁਰ ਸਬਦੁ[42] ਬੀਚਾਰਿਆ[43] ॥ ੧॥ ਰਹਾਉ ॥
ਮਾਇਆ[44] ਮੋਹੇ[45] ਦੇਵੀ[46] ਸਭਿ ਦੇਵਾ[47] ॥
ਕਾਲੁ[48] ਨ ਛੋਡੈ[49] ਬਿਨੁ[50] ਗੁਰ ਕੀ ਸੇਵਾ[51] ॥
ਓਹੁ ਅਬਿਨਾਸੀ[52] ਅਲਖ[53] ਅਭੇਵਾ[54] ॥੨॥
ਸੁਲਤਾਨ[55] ਖਾਨ[56] ਬਾਦਿਸਾਹ[57] ਨਹੀ ਰਹਨਾ ॥
ਨਾਮਹੁ ਭੂਲੈ[58] ਜਮ ਕਾ[59] ਦੁਖੁ[60] ਸਹਨਾ[61] ॥
ਮੈ ਧਰ[62] ਨਾਮੁ ਜਿਉ[63] ਰਾਖਹੁ[64] ਰਹਨਾ[65] ॥੩॥
ਚਉਧਰੀ[66] ਰਾਜੇ[67] ਨਹੀ ਕਿਸੈ ਮੁਕਾਮੁ[68] ॥
ਸਾਹ[69] ਮਰਹਿ ਸੰਚਹਿ[70] ਮਾਇਆ[71] ਦਾਮ[72] ॥
ਮੈ ਧਨੁ[73] ਦੀਜੈ[74] ਹਰਿ ਅੰਮ੍ਰਿਤ[75] ਨਾਮੁ ॥੪॥
ਰਯਤਿ[76] ਮਹਰ[77] ਮੁਕਦਮ[78] ਸਿਕਦਾਰੈ[79] ॥
ਨਿਹਚਲੁ[80] ਕੋਇ ਨ ਦਿਸੈ[81] ਸੰਸਾਰੈ[82] ॥

Gauri 1st Guru.

Firstly[24] Barahma entered[27] the house[26] of (became subject to) Death[25].
Barahma entered the lotus[28], and searching the nether regions[29] he found[30] not the Lord's limit.
He accepted[32] not Lord's order[31], and was led astray[34] in doubt[33].
Who-so-ever[35] is created[36], him[37] death[38] destroys[39].
God has protected[41] me[40], as I meditated[43] on Guru's Word[42].
Pause.
Mammon[44] has deluded[45] all gods[47] and goddesses[46].
Death[48] spares[49] none without[50] Guru's service[51].
That Lord is Imperishable[52], Unseen[53], and Inscrutable[54].
The emperors[55], chiefs[56], and kings[57] shall remain not.
Forgetting[58] the Name, they shall endure[61] Death's[59] torture[60].
My mainstay[62] is the Name. As[63] Thou keepest[64] me, so do I abide[65] O Lord.
The leaders[66] and Kings[67], none has an abiding[68] place.
The Bankers[69] die after amassing[70] wealth[71] and money[72].
O God, grant[74] me the riches[73] of Thine Ambrosial[75] Name.
Subjects[76], Lords[77], Headmen[78], and Chieftains[79],
None is seen[81] permanent[80] in the world[82].

ਗਉੜੀ ਪਾਤਸ਼ਾਹੀ ਪਹਿਲੀ ।
ਅੱਵਲ[24] ਬ੍ਰਹਮਾ ਮੌਤ[25] ਗ੍ਰਿਹ[26] ਵਿਚ ਵੜਿਆ[27] (ਦੇ ਵਸ ਪਿਆ) ।
ਬ੍ਰਹਮਾ ਕੰਵਲ[28] ਅੰਦਰ ਪ੍ਰਵੇਸ਼ ਕਰ ਗਿਆ ਅਤੇ ਪਾਤਾਲ[29] ਨੂੰ ਖੋਜ ਕੇ ਭੀ ਉਸ ਨੂੰ ਸੁਆਮੀ ਦੇ ਅੰਤ ਦਾ ਪਤਾ[30] ਨਾ ਲੱਗਾ ।
ਉਸ ਨੇ ਸਾਹਿਬ ਦਾ ਹੁਕਮ[31] ਪਰਵਾਨ[32] ਨਾ ਕੀਤਾ ਅਤੇ ਵਹਿਮ[33] ਅੰਦਰ ਭਟਕਦਾ[34] ਰਿਹਾ ।
ਜੋ[35] ਕੋਈ ਭੀ ਸਾਜਿਆ[36] ਗਿਆ ਹੈ, ਉਸ[37] ਨੂੰ ਮੌਤ[38] ਨਾਸ[39] ਕਰ ਦਿੰਦੀ ਹੈ ।
ਵਾਹਿਗੁਰੂ ਨੇ ਮੇਰੀ[40] ਰੱਖਿਆ[41] ਕੀਤੀ ਹੈ, ਕਿਉਂ ਜੋ ਮੈਂ ਗੁਰਾਂ ਦੇ ਬਚਨ[42] ਦਾ ਸਿਮਰਨ[43] ਕੀਤਾ ਹੈ । ਠਹਿਰਾਉ ।
ਮੋਹਨੀ[44] ਨੇ ਸਾਰੇ ਦੇਵੀ[46] ਦੇਵਤਿਆਂ[47] ਨੂੰ ਛਲ[45] ਲਿਆ ਹੈ ।
ਗੁਰਾਂ ਦੀ ਚਾਕਰੀ[51] ਦੇ ਬਾਝੋਂ[50] ਮੌਤ[48] ਕਿਸੇ ਨੂੰ ਨਹੀਂ ਛਡਦੀ[49] ।
ਉਹ ਪ੍ਰਭੂ ਅਮਰ[52], ਅਦ੍ਰਿਸ਼ਟ[53] ਅਤੇ ਅਭੇਦ-ਰਹਿਤ[54] ਹੈ ।
ਮਹਾਰਾਜੇ[55], ਸਰਦਾਰ[56] ਅਤੇ ਪਾਤਸ਼ਾਹ[57] ਨਹੀਂ ਰਹਿਣਗੇ ।
ਨਾਮ ਨੂੰ ਭੁਲਾ[58] ਕੇ ਉਹ ਮੌਤ[59] ਦਾ ਕਸ਼ਟ[60] ਸਹਾਰਣਗੇ[61] ।
ਮੇਰਾ ਆਸਰਾ[62] ਨਾਮ ਹੈ, ਜਿਸ ਤਰ੍ਹਾਂ[63] ਤੂੰ ਮੈਨੂੰ ਰਖਦਾ[64] ਹੈਂ, ਮੈਂ ਉਸੇ ਤਰ੍ਹਾਂ ਰਹਿੰਦਾ[65] ਹਾਂ, ਹੇ ਸੁਆਮੀ !
ਮੁਖੀਆਂ[66] ਤੇ ਪਾਤਿਸ਼ਾਹਾਂ[67] ਕਿਸੇ ਦਾ ਭੀ ਰਹਿਣ ਦਾ ਟਿਕਾਣਾ[68] ਨਹੀਂ ।
ਸ਼ਾਹੂਕਾਰ[69] ਪਦਾਰਥ[71] ਅਤੇ ਧਨ[72] ਜਮ੍ਹਾਂ[70] ਕਰ ਕੇ ਮਰ ਜਾਂਦੇ ਹਨ ।
ਹੇ ਵਾਹਿਗੁਰੂ ! ਮੈਨੂੰ ਆਪਣੇ ਅੰਮ੍ਰਿਤ-ਮਈ[75] ਨਾਮ ਦੀ ਦੌਲਤ[73] ਪ੍ਰਦਾਨ[74] ਕਰ ।
ਰਿਆਇਆ[76], ਸਰਦਾਰ[77], ਨੰਬਰਦਾਰ[78] ਅਤੇ ਚਉਧਰੀ[79],
ਕੋਈ ਭੀ ਜਗਤ[82] ਅੰਦਰ ਮੁਸਤਕਿਲ[80] ਨਹੀਂ ਦਿਸਦਾ[81] ।

ਅਫਰਿਉ[83] ਕਾਲੁ[84] ਕੂੜੁ[85] ਸਿਰਿ[86] ਮਾਰੈ[87] ॥੫॥

The irresistible[83] Death[84], strikes[87] the false[85] mortals on the head[86].

ਅਮੋੜ[83] ਮੌਤ[84] ਝੂਠੇ[85] ਪ੍ਰਾਣੀਆਂ ਦੇ ਸਿਰ[86] ਉਤੇ ਸੱਟ ਮਾਰਦੀ[87] ਹੈ।

ਨਿਹਚਲੁ[88] ਏਕੁ[89] ਸਚਾ ਸਚੁ[90] ਸੋਈ[91] ॥

That[91] Lord alone[89], the Truest of the true[90], is ever stable[88].

ਕੇਵਲ[89] ਉਹ[91] ਸੁਆਮੀ, ਸੱਚਿਆਰਾਂ ਦਾ ਪਰਮ ਸੱਚਿਆਰ[90] ਹੀ ਸਦੀਵੀ ਸਥਿਰ[88] ਹੈ।

ਜਿਨਿ[92] ਕਰਿ[93] ਸਾਜੀ[94] ਤਿਨਹਿ[95] ਸਭ[96] ਗੋਈ[97] ॥

Who[92] has fashioned[93] and created[94], He[95] shall destroy[97] all[96].

ਜਿਸ[92] ਨੇ ਬਣਾਇਆ[93] ਤੇ ਰਚਿਆ[94] ਹੈ, ਓਹੀ[95] ਸਾਰਿਆਂ[96] ਨੂੰ ਨਾਸ[97] ਕਰ ਦੇਵੇਗਾ।

ਓਹੁ[98] ਗੁਰਮੁਖਿ[99] ਜਾਪੈ[100] ਤਾਂ[2] ਪਤਿ[3] ਹੋਈ[4] ॥੬॥

When that[98] Lord is known[100] through the Guru[99], then[2] alone, honour[3] is obtained[4].

ਜਦ ਉਹ[98]ਸਾਹਿਬ, ਗੁਰਾਂ ਦੇ ਰਾਹੀਂ[99] ਜਾਣ ਲਿਆ[100] ਜਾਂਦਾ ਹੈ ਕੇਵਲ ਤਦ[2] ਹੀ ਇੱਜ਼ਤ ਆਬਰੂ[3] ਪ੍ਰਾਪਤ[4] ਹੁੰਦੀ ਹੈ।

ਕਾਜੀ ਸੇਖ ਭੇਖ[5] ਫਕੀਰਾ ॥ ਵਡੇ[6] ਕਹਾਵਹਿ[7] ਹਉਮੈ[8] ਤਨਿ[9] ਪੀਰਾ[10] ॥

The Qazis, the Shaikhs, and Fakirs in religious garbs[5], call[7] themselves great[6], but through pride[8] their bodies[9] are in pain[10].

ਕਾਜ਼ੀ, ਸ਼ੇਖ ਅਤੇ ਧਾਰਮਕ ਲਿਬਾਸ[5] ਅੰਦਰ ਫ਼ਕੀਰ, ਆਪਣੇ ਆਪ ਨੂੰ ਵਡੇ[6] ਅਖਵਾਉਂਦੇ[7] ਹਨ, ਪਰ ਹੰਕਾਰ[8] ਕਰਕੇ ਉਨ੍ਹਾਂ ਦੇ ਸਰੀਰ[9] ਅੰਦਰ ਦਰਦ[10] ਹੈ।

ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ[12] ॥੭॥

Death spares them not without the support[12] of the True Guru.

ਸੱਚੇ ਗੁਰਾਂ ਦੇ ਆਸਰੇ[12] ਬਗ਼ੈਰ ਮੌਤ ਉਨ੍ਹਾਂ ਨੂੰ ਨਹੀਂ ਛਡਦੀ।

ਕਾਲੁ ਜਾਲੁ[13] ਜਿਹਵਾ[14] ਅਰੁ[15] ਨੈਣੀ[16] ॥

Death's trap[13] is over man's tongue[14] and[15] eyes[16].

ਮੌਤ ਦੀ ਫਾਹੀ[13] ਬੰਦੇ ਦੀ ਜੀਭ[14] ਤੇ[15] ਅੱਖਾਂ[16] ਦੇ ਉਤੇ ਹੈ।

ਕਾਨੀ[17] ਕਾਲੁ ਸੁਣੈ ਬਿਖੁ[18] ਬੈਣੀ[19]॥

Death is over his ears[17], when he hears sensuous[18] talk[19].

ਮੌਤ ਉਸ ਦੇ ਕੰਨਾਂ[17] ਤੇ ਹੈ ਜਦ ਉਹ ਵਿਸ਼ਈ[18] ਗੱਲ ਬਾਤ[19] ਸ੍ਰਵਣ ਕਰਦਾ ਹੈ।

ਬਿਨੁ ਸਬਦੈ[20] ਮੂਠੇ[21] ਦਿਨੁ ਰੈਣੀ[22] ॥੮॥

Without the Name[20],man is robbed[21] day and night[22].

ਨਾਮ[20] ਦੇ ਬਗ਼ੈਰ ਬੰਦਾ ਦਿਨ ਰਾਤ[22] ਲੁੱਟਿਆ[21] ਜਾ ਰਿਹਾ ਹੈ।

ਹਿਰਦੈ[23] ਸਾਚੁ ਵਸੈ[28] ਹਰਿ ਨਾਇ[25] ॥ ਕਾਲੁ ਨ ਜੋਹਿ[24] ਸਕੈ ਗੁਣ[26] ਗਾਇ[27] ॥

Death cannot spy[24] him, in whose heart[23] God's True Name[25] abides[28], and who sings[27] God's praises[26].

ਮੌਤ ਉਸ ਨੂੰ ਤਾੜ[24] ਨਹੀਂ ਸਕਦੀ, ਜਿਸ ਦੇ ਦਿਲ[23] ਵਿਚ ਰੱਬ ਦਾ ਸੱਚਾ ਨਾਮ[25] ਰਹਿੰਦਾ[28] ਹੈ ਅਤੇ ਜੋ ਰੱਬ ਦਾ ਜੱਸ[26] ਗਾਉਂਦਾ[27] ਹੈ।

ਨਾਨਕ ਗੁਰਮੁਖਿ[29] ਸਬਦਿ[30] ਸਮਾਇ[31] ॥੯॥੧੪॥

Nanak, the Guru-ward[29] gets absorbed[31] in the Lord[30]

ਨਾਨਕ ਗੁਰੂ-ਅਨੁਸਾਰੀ[29] ਪ੍ਰਭੂ[30] ਅੰਦਰ ਲੀਨ[31] ਹੋ ਜਾਂਦਾ ਹੈ।

ਗਉੜੀ ਮਹਲਾ ੧ ॥

Gauri Ist Guru.

ਗਉੜੀ ਪਾਤਸ਼ਾਹੀ ਪਹਿਲੀ।

ਬੋਲਹਿ ਸਾਚੁ ਮਿਥਿਆ[32] ਨਹੀ ਰਾਈ[33] ॥ ਚਾਲਹਿ[34] ਗੁਰਮੁਖਿ[35] ਹੁਕਮਿ[36] ਰਜਾਈ[37] ॥ ਰਹਹਿ[38] ਅਤੀਤ[39] ਸਚੇ[40] ਸਰਣਾਈ[41] ॥੧॥

The Guru-ward[35] walks[34] according to the Commandant's[37] Will[36], and tells the truth wherein there is not even an iota[33] of falsehood[32].

He remains[38] detached[39] under True Lord's[40] protection[41].

ਗੁਰੂ ਅਨੁਸਾਰੀ[35] ਰਜ਼ਾ ਵਾਲੇ[37] ਦੇ ਫ਼ੁਰਮਾਨ[36] ਅਨੁਸਾਰ ਟੁਰਦਾ[34] ਹੈ ਅਤੇ ਸੱਚ ਬੋਲਦਾ ਹੈ, ਜਿਸ ਵਿਚ ਇਕ ਭੋਰਾ[33] ਭਰ ਭੀ ਝੂਠ[32] ਨਹੀਂ ਹੁੰਦਾ।

ਉਹ ਸੱਚੇ ਸਾਂਈ[40] ਦੀ ਪਨਾਹ[41] ਵਿੱਚ ਅਟੰਕ[39] ਵਿਚਰਦਾ[38] ਹੈ।

ਸਚ ਘਰਿ[42] ਬੈਸੈ[43] ਕਾਲੁ[44] ਨ ਜੋਹੈ[45] ॥	He abides[43] in the True Home[42], and Death[44] touches[45] him not.	ਉਹ ਸੱਚੇ ਗ੍ਰਹਿ[42] ਅੰਦਰ ਵਸਦਾ[43] ਹੈ ਅਤੇ ਮੌਤ[44] ਉਸ ਨੂੰ ਨਹੀਂ ਛੂਹਦੀ[45]।
ਮਨਮੁਖ[46] ਕਉ ਆਵਤ ਜਾਵਤ[47] ਦੁਖੁ[48] ਮੋਹੈ[49] ॥ ੧ ॥ ਰਹਾਉ ॥	An apostate[46] comes and goes[47], and suffers the pain[48] of wordly love[49]. Pause.	ਅਧਰਮੀ[46] ਆਉਂਦਾ ਤੇ ਜਾਂਦਾ[47] ਹੈ ਅਤੇ ਸੰਸਾਰੀ ਮਮਤਾ[49] ਦੀ ਪੀੜ[48] ਸਹਾਰਦਾ ਹੈ। ਠਹਿਰਾਉ।
ਅਪਿਉ[50]ਪੀਅਉ[51] ਅਕਥੁ[52] ਕਥਿ ਰਹੀਐ[53] ॥	Quaff[51] Nectar[50], and continue[53] to utter the Ineffable[52] Lord.	ਅੰਮ੍ਰਿਤ[50] ਪਾਨ[51] ਕਰ ਅਤੇ ਅਕਹਿ[52] ਸੁਆਮੀ ਦਾ ਉਚਾਰਨ ਕਰਦਾ ਰਹੁ[53]।
ਨਿਜ[53*] ਘਰਿ[54] ਬੈਸਿ[55] ਸਹਜ[56] ਘਰੁ[57]ਲਹੀਐ[58] ॥	By sitting[55] in your own[53*]home[54], you can attain[58] the Home[57] of Bliss[56].	ਆਪਣੇ[53*] ਨਿੱਜ ਦੇ ਧਾਮ[54] ਅੰਦਰ ਬੈਠ[55] ਕੇ, ਪਰਸੰਨਤਾ[56] ਦਾ ਗ੍ਰਹਿ[57] ਪ੍ਰਾਪਤ[58] ਕਰ ਸਕਦਾ ਹੈ।
ਹਰਿ ਰਸਿ[59] ਮਾਤੇ[60] ਇਹੁ[61] ਸੁਖੁ ਕਹੀਐ[62]॥੨॥	This bliss[61] is said[62] to have accrued to him who is imbued[60] with God's elixir[59].	ਇਹ ਪਰਸੰਨਤਾ[61] ਉਸ ਨੂੰ ਪ੍ਰਾਪਤ ਹੋਈ ਆਖੀ[62] ਜਾਂਦੀ ਹੈ, ਜੋ ਵਾਹਿਗੁਰੂ ਦੇ ਅੰਮ੍ਰਿਤ[59] ਨਾਲ ਰੰਗੀਜਿਆ[60] ਹੈ।
ਗੁਰਮਤਿ[63] ਚਾਲ[64] ਨਿਹਚਲ[65] ਨਹੀ ਡੋਲੈ[66] ॥	By adjusting life-department[64] in accordance with Guru's teaching[63], man becomes stable[65] and staggers[66] not.	ਜੀਵਨ ਰਹੁਰੀਤੀ[64] ਨੂੰ ਗੁਰਾਂ ਦੀ ਸਿਖ-ਮਤ[63] ਅਨੁਸਾਰ ਢਾਲਣ ਦੁਆਰਾ ਇਨਸਾਨ ਅਹਿੱਲ[65] ਹੋ ਜਾਂਦਾ ਹੈ ਅਤੇ ਡਿੱਕਡੋਲੇ[66] ਨਹੀਂ ਖਾਂਦਾ।
ਗੁਰਮਤਿ[67] ਸਾਚਿ[68] ਸਹਜਿ[69] ਹਰਿ ਬੋਲੈ[70] ॥	By Guru's instruction[67], he instinctively[69] repeats[70] the True[68] Name of God.	ਗੁਰਾਂ ਦੇ ਉਪਦੇਸ਼[67] ਦੁਆਰਾ ਉਹ ਸੁਭਾਵਕ[69] ਹੀ ਵਾਹਿਗੁਰੂ ਦੇ ਸੱਚੇ ਨਾਮ[68] ਦਾ ਉਚਾਰਨ[70] ਕਰਦਾ ਹੈ।
ਪੀਵੈ[71] ਅੰਮ੍ਰਿਤੁ[72] ਤਤੁ[73] ਵਿਰੋਲੈ[74] ॥੩॥	He drinks[71] ambrosia[72], and by churning, separates[74] the Reality[73].	ਉਹ ਆਬਿ-ਹਿਯਾਤ[72] ਪਾਨ[71] ਕਰਦਾ ਹੈ ਅਤੇ ਅਸਲੀਅਤ[73] ਨੂੰ ਰਿੜਕ ਕੇ ਵੱਖਰੀ[74] ਕੱਢ ਲੈਂਦਾ ਹੈ।
ਸਤਿਗੁਰੁ ਦੇਖਿਆ ਦੀਖਿਆ[75] ਲੀਨੀ[76] ॥	Beholding the True Guru, I have received[76] instruction[75] from Him.	ਸੱਚੇ ਗੁਰਾਂ ਨੂੰ ਵੇਖ ਕੇ, ਮੈਂ ਉਨ੍ਹਾਂ ਪਾਸੋਂ ਸਿੱਖਿਆ[75] ਲਈ[76] ਹੈ।
ਮਨੁ[77]ਤਨੁ[81] ਅਰਪਿਓ[78] ਅੰਤਰ[79] ਗਤਿ ਕੀਨੀ[80] ॥	After offering[78] my soul[77] and body[81] unto the Guru and I have thus searched[80] my inner-self[79].	ਮੈਂ ਆਪਣੀ ਆਤਮਾ[77] ਤੇ ਦੇਹਿ[81] ਗੁਰਾਂ ਨੂੰ ਅਰਪਨ[78] ਕਰ ਕੇ, ਆਪਣੇ ਅੰਦਰਵਾਰ[79] ਦੀ ਖੋਜ ਭਾਲ[80] ਕਰ ਲਈ ਹੈ।
ਗਤਿ[84] ਮਿਤਿ[82] ਪਾਈ[83] ਆਤਮੁ[85] ਚੀਨੀ[86] ॥੪॥	By understanding[86] my own-self[85], I have come to realise[83] the worth[82] of salvation[84].	ਆਪਣੇ ਆਪ[85] ਨੂੰ ਸਮਝਣ[86] ਦੁਆਰਾ ਮੈਂ ਮੁਕਤੀ[84] ਦੀ ਕਦਰ[82] ਨੂੰ ਅਨੁਭਵ[83] ਕਰ ਲਿਆ ਹੈ।
ਭੋਜਨੁ[87] ਨਾਮੁ ਨਿਰੰਜਨ[88] ਸਾਰੁ[89] ॥	Pure Lord's[88] Name is the excellent[89] diet[87].	ਪਵਿੱਤ੍ਰ ਪ੍ਰਭੂ[88] ਦਾ ਨਾਮ ਪਰੇਮ[89] ਸਰੇਸ਼ਟ ਖਾਣਾ[87] ਹੈ।
ਪਰਮ[90] ਹੰਸੁ ਸਚੁ[91] ਜੋਤਿ ਅਪਾਰ[92] ॥	The pious[90] person is the true light[91] of the Infinite[92] Lord.	ਪਵਿੱਤ੍ਰ[90] ਪੁਰਸ਼ ਅਨੰਤ[92] ਪ੍ਰਭੂ ਦੀ ਸੱਚੀ[91] ਰੋਸ਼ਨੀ ਹੈ।
ਜਹ[93] ਦੇਖਉ[94] ਤਹ[95] ਏਕੰਕਾਰੁ[96] ॥੫॥	Where-so-ever[93] I see[94], there[95] I find the One Lord[96].	ਜਿਥੇ ਕਿਤੇ[93] ਭੀ ਮੈਂ ਵੇਖਦਾ[94] ਹਾਂ ਉਥੇ[95] ਮੈਂ ਇਕ ਸਾਂਈ[96] ਨੂੰ ਪਾਉਂਦਾ ਹਾਂ।

ਰਹੈ ਨਿਰਾਲਮੁ[97] ਏਕਾ[98] ਸਚੁ ਕਰਣੀ[99] ॥ ਪਰਮ[100] ਪਦੁ[2] ਪਾਇਆ ਸੇਵਾ ਗੁਰਚਰਣੀ[3] ॥

He who remains blotless[97], and does only[98] the true deeds[99], obtains the supreme[100] status[2], and serves the Feet[3] of the Guru.

ਹੇ ਬੇਦਾਗ[97] ਰਹਿੰਦਾ ਹੈ ਅਤੇ ਕੇਵਲ[98] ਸੱਚੇ ਅਮਲ[99] ਕਮਾਉਂਦਾ ਹੈ, ਉਹ ਮਹਾਨ[100] ਮਰਤਬਾ[2] ਪਾ ਲੈਂਦਾ ਹੈ, ਅਤੇ ਗੁਰਾਂ ਦੇ ਚਰਨਾਂ[3] ਨੂੰ ਸੇਂਵਦਾ ਹੈ।

ਮਨ ਤੇ ਮਨੁ[4] ਮਾਨਿਆ[5] ਚੂਕੀ[6] ਅਹੰ[7] ਭ੍ਰਮਣੀ[8] ॥੬॥

From the mind itself, his mind[4] is sated[5], and his wandering[8] in ego[7] ceases[6].

ਮਨ ਤੋਂ ਹੀ ਉਸ ਦੇ ਮਨੂਏ[4] ਦੀ ਸੰਤੁਸ਼ਟਤਾ[5] ਹੋ ਜਾਂਦੀ ਹੈ, ਅਤੇ ਉਸ ਦੀ ਹੰਕਾਰ[7] ਅੰਦਰ ਭਟਕਣ[8] ਮੁਕ[6] ਜਾਂਦੀ ਹੈ।

ਇਨ[9] ਬਿਧਿ[10] ਕਉਣੁ[12] ਕਉਣੁ ਨਹੀ ਤਾਰਿਆ[13] ॥

In this[9] way[10], who and which[12] have not been saved[13] by God ?

ਇਸ[9] ਰੀਤੀ[10] ਨਾਲ ਕਿਸ ਤੇ ਕਿਹੜੇ[12] ਨੂੰ ਵਾਹਿਗੁਰੂ ਨੇ ਪਾਰ[13] ਨਹੀਂ ਕੀਤਾ ?

੨੨੮

ਹਰਿ ਜਸਿ[14] ਸੰਤ ਭਗਤ[15] ਨਿਸਤਾਰਿਆ[16] ॥

228

God's praise[14] has delivered[16] His Saints and Devotees[15].

੨੨੮

ਵਾਹਿਗੁਰੂ ਦੀ ਕੀਰਤੀ[14] ਨੇ ਉਸ ਦੇ ਸਾਧੂਆਂ ਅਤੇ ਅਨੁਰਾਗੀਆਂ[15] ਦਾ ਪਾਰ ਉਤਾਰਾ[16] ਕਰ ਦਿਤਾ ਹੈ।

ਪ੍ਰਭੁ ਪਾਏ[20] ਹਮ[17] ਅਵਰੁ[18] ਨ ਭਾਰਿਆ[19] ॥੭॥

The Master I have found[20], and, now, I[17] search[19] not another[18].

ਮਾਲਕ ਨੂੰ ਮੈਂ ਪਾ ਲਿਆ[20] ਹੈ ਅਤੇ ਹੁਣ ਮੈਂ[17] ਹੋਰਸ[18] ਨੂੰ ਨਹੀਂ ਭਾਲਦਾ[19]।

ਸਾਚ ਮਹਲਿ[20*] ਗੁਰਿ ਅਲਖੁ[21] ਲਖਾਇਆ[22] ॥

The Guru has shown[22] me the Invisible[21] Lord in the True Mansion[20*].

ਗੁਰਾਂ ਨੇ ਮੈਨੂੰ ਅਦ੍ਰਿਸ਼ਟ[21] ਪ੍ਰਭੂ ਨੂੰ ਸੱਚੇ ਮੰਦਰ[20*] ਅੰਦਰ ਵਿਖਾਲ[22] ਦਿਤਾ ਹੈ।

ਨਿਹਚਲ[23] ਮਹਲੁ[24] ਨਹੀ ਛਾਇਆ[25] ਮਾਇਆ[26] ॥

Immovable[23] is this abode[24]. It is not the reflection[25] of mammon[26].

ਅਹਿੱਲ[23] ਹੈ ਇਹ ਟਿਕਾਣਾ[24]। ਇਹ ਮੋਹਨੀ[26] ਦਾ ਪ੍ਰਤੀਬਿੰਬ[25] ਨਹੀਂ।

ਸਾਚਿ[27] ਸੰਤੋਖੇ[28] ਭਰਮੁ[29] ਚੁਕਾਇਆ[30] ॥੮॥

Through truthfulness[27], contentment[28] accrues and doubt[29] is dispelled[30].

ਸੱਚਾਈ[27] ਦੇ ਰਾਹੀਂ ਸੰਤੁਸ਼ਟਤਾ[28] ਆ ਜਾਂਦੀ ਹੈ ਅਤੇ ਸੰਦੇਹ[29] ਦੂਰ[30] ਹੋ ਜਾਂਦਾ ਹੈ।

ਜਿਨ ਕੈ ਮਨਿ ਵਸਿਆ[31] ਸਚੁ[32] ਸੋਈ[33] ॥

Within whose mind, He[33], the True Lord[32] dwells[31],

ਜਿਨ੍ਹਾਂ ਦੇ ਅੰਤਰ-ਆਤਮੇ ਉਹ[33] ਸੱਚਾ ਸਾਂਈ[32] ਨਿਵਾਸ[31] ਰੱਖਦਾ ਹੈ,

ਤਿਨ ਕੀ ਸੰਗਤਿ[34] ਗੁਰਮੁਖਿ[35] ਹੋਈ[36] ॥

In their association[34] the mortal becomes[36] holy[35].

ਉਨ੍ਹਾਂ ਦੇ ਮੇਲ ਮਿਲਾਪ[34] ਅੰਦਰ ਪ੍ਰਾਣੀ ਧਰਮਾਤਮਾ[35] ਹੋ ਜਾਂਦਾ ਹੈ।

ਨਾਨਕ ਸਾਚਿਨਾਮਿ[37] ਮਲੁ[38] ਖੋਈ[39] ॥੯॥੧੫॥

Nanak, the True Name[37] washes[39] off the filth[38].

ਨਾਨਕ ਸੱਚ ਨਾਮ[37] ਮੈਲ[38] ਨੂੰ ਧੋ[39] ਸੁਟਦਾ ਹੈ।

ਗਉੜੀ ਮਹਲਾ ੧ ॥

Gauri 1st Guru.

ਗਉੜੀ ਪਾਤਸ਼ਾਹੀ ਪਹਿਲੀ।

ਰਾਮਿ[40] ਨਾਮਿ ਚਿਤੁ[41] ਰਾਪੈ[42] ਜਾ ਕਾ ॥ ਉਪਜੰਪਿ[43] ਦਰਸਨੁ[44] ਕੀਜੈ ਤਾਕਾ ॥੧॥

At early dawn[43], see the sight[44] of him, whose soul[41] is imbued[42] with the Lord's[40] Name.

ਸਵੇਰੇ ਪਹੁ-ਫੁਟਾਲੇ[43] ਉਸ ਦਾ ਦੀਦਾਰ[44] ਦੇਖ, ਜਿਸ ਦੀ ਆਤਮਾ[41] ਪ੍ਰਭੂ[40] ਦੇ ਨਾਮ ਨਾਲ ਰੰਗੀ[42] ਹੋਈ ਹੈ।

ਰਾਮ[45] ਨ ਜਪਹੁ[46] ਅਭਾਗੁ[47] ਤੁਮਾਰਾ[48] ॥

Meditatest[46] thou not on the Pervading God[45], this is thine[48] ill-luck[47].

ਤੂੰ ਵਿਆਪਕ ਵਾਹਿਗੁਰੂ[45] ਦਾ ਆਰਾਧਨ[46] ਨਹੀਂ ਕਰਦਾ ਇਹ ਤੇਰੀ[48] ਬਦਕਿਸਮਤੀ[47] ਹੈ।

ਜੁਗਿ ਜੁਗਿ[49]ਦਾਤਾ[50] ਪ੍ਰਭੁ ਰਾਮੁ[51] ਹਮਾਰਾ[52] ॥੧॥ ਰਹਾਉ ॥	In every age[49], Beneficient[50] is my[52] Lord Master[51]. Pause.	ਹਰਿ ਯੁਗ[49] ਅੰਦਰ ਮੇਰਾ[52] ਸੁਆਮੀ ਮਾਲਕ[51] ਬਖਸ਼ਸ਼[50] ਕਰਣਹਾਰ ਹੈ। ਠਹਿਰਾਉ।
ਗੁਰਮਤਿ[53] ਰਾਮੁ ਜਪੈ ਜਨੁ ਪੂਰਾ[54] ॥	Under Guru's instruction[53], the perfect[54] man meditates on the Lord.	ਗੁਰਾਂ ਦੇ ਉਪਦੇਸ਼[53] ਤਾਬੇ ਪੂਰਨ[54] ਪੁਰਸ਼ ਪ੍ਰਭੂ ਦਾ ਸਿਮਰਨ ਕਰਦਾ ਹੈ।
ਤਿਤੁ[55] ਘਟ[56] ਅਨਹਤ[57] ਬਾਜੇ[58] ਤੂਰਾ[59] ॥੨॥	In his[55] mind[56], the unstruck[57] melodious bands[59] play[58].	ਉਸ ਦੇ[55]ਚਿਤ[56]ਅੰਦਰ ਬਿਨਾ ਵਜਾਏ[57] ਸੁਰੀਲੇ ਵਾਜੇ[59] ਵੱਜਦੇ[58] ਹਨ।
ਜੋ ਜਨ[60] ਰਾਮ ਭਗਤਿ[61] ਹਰਿ ਪਿਆਰਿ[62]॥	The persons[60], who bear love[62] to God,and Lord's devotional service[61],	ਜਿਹੜੇ ਪੁਰਸ਼[60] ਵਾਹਿਗੁਰੂ ਅਤੇ ਸੁਆਮੀ ਦੀ ਪ੍ਰੇਮ-ਮਈ ਸੇਵਾ[61] ਨੂੰ ਮੁਹੱਬਤ[62] ਕਰਦੇ ਹਨ,
ਸੇ[63] ਪ੍ਰਭਿ ਰਾਖੇ[64] ਕਿਰਪਾ ਧਾਰਿ[65] ॥੩॥	Them[63] the Master mercifully[65] preserves[64].	ਉਨ੍ਹਾਂ[63] ਨੂੰ ਮਾਲਕ ਮਿਹਰ ਕਰ[65] ਕੇ ਬਚਾ[64] ਲੈਂਦਾ ਹੈ।
ਜਿਨ ਕੈ ਹਿਰਦੈ[66] ਹਰਿ[67] ਹਰਿ ਸੋਈ[68] ॥ ਤਿਨ[69] ਕਾ ਦਰਸੁ[70] ਪਰਸਿ[71] ਸੁਖੁ ਹੋਈ ॥੪॥	In whose heart[66] that[68] Lord God[67] abides by seeing[71] their[69] sight[70] peace is obtained.	ਜਿਨ੍ਹਾਂ ਦੇ ਦਿਲ[66] ਵਿਚ ਉਹ[68] ਵਾਹਿਗੁਰੂ ਸੁਆਮੀ[67] ਵਸਦਾ ਹੈ, ਉਨ੍ਹਾਂ[69] ਦਾ ਦੀਦਾਰ[70] ਦੇਖਣ[71] ਦੁਆਰਾ ਆਰਾਮ ਪ੍ਰਾਪਤ ਹੁੰਦਾ ਹੈ।
ਸਰਬ[72] ਜੀਆ[73] ਮਹਿ[74] ਏਕੋ[75] ਰਵੈ[76] ॥	Amongst[74] all[72] the beings[73], the One Lord[75] is contained[76].	ਸਮੂਹ[72] ਜੀਵਾਂ[73] ਅੰਦਰ[74] ਇਕ ਸੁਆਮੀ[75] ਰਮਿਆ[76] ਹੋਇਆ ਹੈ।
ਮਨਮੁਖਿ[77] ਅਹੰਕਾਰੀ[78] ਫਿਰਿ[79] ਜੂਨੀ[80] ਭਵੈ[81]॥੫॥	The proud[78] perverse[77] person, ultimately[79] wanders[81] in various births[80].	ਮਗਰੂਰ[78] ਆਪ-ਹੁਦਰਾ[77]ਪੁਰਸ਼, ਆਖ਼ਰਕਾਰ[79]ਜੂਨੀਆਂ[80] ਅੰਦਰ ਭਟਕਦਾ[81] ਹੈ।
ਸੋ[82] ਬੂਝੈ[83] ਜੋ ਸਤਿਗੁਰੁ ਪਾਏ[84] ॥	He[82] alone understands[83] the Lord, who obtains[84] the True Guru.	ਕੇਵਲ ਉਹੀ[82] ਸੁਆਮੀ ਨੂੰ ਸਮਝਦਾ[83] ਹੈ ਜੋ ਸੱਚੇ ਗੁਰਾਂ ਨੂੰ ਪ੍ਰਾਪਤ[84] ਕਰਦਾ ਹੈ।
ਹਉਮੈ[85] ਮਾਰੇ[86] ਗੁਰ ਸਬਦੇ[87] ਪਾਏ ॥੬॥	Stilling[86] his ego[85], he receives the Guru's Word[87].	ਆਪਣੀ ਹੰਗਤਾ[85] ਦੂਰ[86] ਕਰਕੇ, ਉਹ ਗੁਰਾਂ ਦੇ ਸ਼ਬਦ[87] ਨੂੰ ਪਾ ਲੈਂਦਾ ਹੈ।
ਅਰਧ[88] ਉਰਧ[89]ਕੀ ਸੰਧਿ[90] ਕਿਉ[91] ਜਾਨੈ[92] ॥	How[91] can the mortal know[92] about the union[90] of the low man[88] with the high[89] Lord ?	ਨੀਵੇਂ[88] ਇਨਸਾਨ ਦੇ ਉਚੇ[89] ਸਾਹਿਬ ਨਾਲ ਮਿਲਾਪ[90] ਬਾਰੇ ਪ੍ਰਾਣੀ ਕਿਸ ਤਰ੍ਹਾਂ[91] ਜਾਣ[92] ਸਕਦਾ ਹੈ।
ਗੁਰਮੁਖਿ[93] ਸੰਧਿ[94] ਮਿਲੈ[95] ਮਨੁ[96] ਮਾਨੈ[97]॥੭॥	By the Guru's grace[93], and through mind's[96] appeasement[97], the man meets[95] with the Master's union[94].	ਗੁਰਾਂ ਦੀ ਦਇਆ[93] ਦੁਆਰਾ ਅਤੇ ਆਤਮਾ[96] ਦੀ ਸੰਤੁਸ਼ਟਤਾ[97] ਰਾਹੀਂ ਮਨੁੱਖ ਮਾਲਕ ਦੇ ਮਿਲਾਪ[94] ਨਾਲ ਮਿਲ[95] ਜਾਂਦਾ ਹੈ।
ਹਮ[98] ਪਾਪੀ[99] ਨਿਰਗੁਣ[100] ਕਉ[2] ਗੁਣੁ[3] ਕਰੀਐ[4] ॥	I[98] am a sinner[99], without-merit[100], O my Master, show[4] goodness[3] unto[2] me.	ਮੈਂ[98] ਚੰਗਿਆਈ-ਵਿਹੂਣ[100] ਗੁਨਾਹਗਾਰ[99] ਹਾਂ, ਹੇ ਮੇਰੇ ਮਾਲਕ ! ਮੇਰੇ ਉਤੇ[2] ਪਰਉਪਕਾਰ[3] ਕਰ[4]।
ਪ੍ਰਭ ਹੋਇ ਦਇਆਲੁ[5] ਨਾਨਕ ਜਨ[6] ਤਰੀਐ[7] ॥ ੮ ॥ ੧੬ ॥	When the Lord becomes merciful[5], slave[6] Nanak is emancipated[7].	ਜਦ ਸੁਆਮੀ ਮਿਹਰਬਾਨ[5] ਹੋ ਜਾਂਦਾ ਹੈ, ਗੋਲਾ[6] ਨਾਨਕ ਪਾਰ ਉਤਰ[7] ਜਾਂਦਾ ਹੈ।

ਸੋਲਹ ਅਸਟਪਦੀਆ
ਗੁਆਰੇਰੀ ਗਉੜੀ ਕੀਆ ॥
ਗਉੜੀ ਬੈਰਾਗਣਿ
ਮਹਲਾ ੧

Sixteen Ashtpadian
of Gauri Guarare.
Gauri Bairagan
1st Guru

ਸੋਲਾਂ ਅਸ਼ਟਪਦੀਆਂ
ਗੁਆਰੇਰੀ ਗਉੜੀ ਦੀਆਂ ।
ਗਉੜੀ ਬੈਰਾਗਣ
ਪਾਤਸ਼ਾਹੀ ਪਹਿਲੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਜਿਉ[8] ਗਾਈ[9] ਕਉ ਗੋਇਲੀ[10] ਰਾਖਹਿ[12] ਕਰਿ ਸਾਰਾ[13] ॥ ਅਹਿ[14] ਨਿਸਿ[15] ਪਾਲਹਿ[16] ਰਾਖਿ ਲੇਹਿ[17] ਆਤਮ[18] ਸੁਖੁ[19] ਧਾਰਾ[20] ॥ ੧ ॥ ਇਤ[21] ਉਤ[22] ਰਾਖਹੁ[23] ਦੀਨ[24] ਦਇਆਲਾ[25] ॥ ਤਉ ਸਰਣਾਗਤਿ[26] ਨਦਰਿ[27] ਨਿਹਾਲਾ[28] ॥੧॥ ਰਹਾਉ ॥ ਜਹ[29]ਦੇਖਉ[30]ਤਹ [31]ਰਵਿ[32] ਰਹੇ ਰਖੁ[33] ਰਾਖਨਹਾਰਾ[34]॥ ਤੂੰ ਦਾਤਾ[35] ਭੁਗਤਾ[36] ਤੂੰਹੈ ਤੂੰ ਪ੍ਰਾਣ[37] ਅਧਾਰਾ[38] ॥੨॥

As[8] a herdsman[10] guards[12] and keeps watch[13] over his kine[9], so God cherishes[16], and protects[17] man day[14] and night[15], and enshrines[20] peace[19] in his mind[18].
Here[21] and hereafter[22], protect[23] me, O Beneficient Lord[25] of the poor[24].
Thine shelter[26] do I seek. Look[28] on me with favour[27]. Pause.
Wherever[29] I look[30], there[31] art Thou contained[32]. Save[33] me, Thou O Saviour[34].
Thou art the Giver[35], Enjoyer[36] Thou art, and Thou art the Mainstay[38] of my life[37].

ਜਿਸ ਤਰ੍ਹਾਂ[8] ਚਰਵਾਹਾ[10] ਆਪਣੀਆਂ ਗਊਆਂ[9] ਨੂੰ ਸੰਭਾਲਦਾ[12] ਤੇ ਉਨ੍ਹਾਂ ਦੀ ਨਿਗਾਹਬਾਨੀ[13] ਕਰਦਾ ਹੈ, ਏਸੇ ਤਰ੍ਹਾਂ ਰੱਬ ਬੰਦੇ ਦੀ ਦਿਨ[14] ਤੇ ਰੈਣ[15] ਪ੍ਰਵਰਸ਼[16] ਤੇ ਰਾਖੀ[17] ਕਰਦਾ ਹੈ ਅਤੇ ਉਸ ਦੇ ਮਨ[18] ਅੰਦਰ ਠੰਡ-ਚੈਨ[19] ਅਸਥਾਪਨ[20] ਕਰਦਾ ਹੈ।
ਇਥੇ[21] ਅਤੇ ਉਥੇ[22] ਮੇਰੀ ਰਖਿਆ[23] ਕਰ,ਤੂੰ ਹੇ ਗ਼ਰੀਬਾਂ[24] ਦੇ ਮਿਹਰਬਾਨ, ਮਾਲਕ[25]।
ਤੇਰੀ ਪਨਾਹ[26] ਮੈਂ ਢੂੰਡਦਾ ਹਾਂ। ਮੇਰੇ ਉਤੇ ਮਿਹਰ[27] ਦੀ ਨਿਗ੍ਹਾ[28] ਕਰ। ਠਹਿਰਾਉ।
ਜਿਥੇ ਕਿਤੇ[29] ਮੈਂ ਵੇਖਦਾ[30] ਹਾਂ, ਉਥੇ[31] ਤੂੰ ਵਿਆਪਕ[32] ਹੋ ਰਿਹਾ ਹੈਂ। ਮੇਰੀ ਰਖਿਆ[33] ਕਰ,ਤੂੰ ਹੇ ਰਖਣ ਵਾਲੇ[34]!
ਤੂੰ ਦੇਣ ਵਾਲਾ[35] ਹੈਂ, ਭੋਗਣਹਾਰ[36] ਭੀ ਤੂੰ ਹੈਂ ਅਤੇ ਤੂੰ ਹੀ ਮੇਰੀ ਜਿੰਦ ਜਾਨ[37] ਦਾ ਆਸਰਾ[38] ਹੈਂ।

ਕਿਰਤੁ[39] ਪਇਆ[40] ਅਧ[41] ਊਰਧੀ[42]ਬਿਨੁ[43] ਗਿਆਨ[44] ਬੀਚਾਰਾ[45] ॥

Without[43] deliberating[45] over Divine knowledge[44], the mortal, according[40] to his actions[39], descends low[41] or ascends high[42].

ਬ੍ਰਹਿਮ-ਗਿਆਤ[44] ਨੂੰ ਸੋਚਣ-ਵਿਚਾਰਣ[45] ਦੇ ਬਗ਼ੈਰ[43] ਪ੍ਰਾਣੀ,ਆਪਣੇ ਕਰਮਾਂ[39] ਦੇ ਅਨੁਸਾਰ[40],ਨੀਵਾਂ[41] ਡਿਗਦਾ ਜਾਂ ਉੱਚਾ[42] ਹੋ ਜਾਂਦਾ ਹੈ।

ਬਿਨੁ ਉਪਮਾ[46] ਜਗਦੀਸ[47] ਕੀ[48] ਬਿਨਸੈ[49] ਨ ਅੰਧਿਆਰਾ[50]॥੩॥

Without the praise[46] of the World[47]-Lord[48], the darkness[50] is not dispelled[49].

ਸ੍ਰਿਸ਼ਟੀ[47] ਦੇ ਸੁਆਮੀ[48] ਦੀ ਉਸਤਤੀ[46] ਦੇ ਬਾਝੋਂ ਹਨ੍ਹੇਰਾ[50] ਦੂਰ[49] ਨਹੀਂ ਹੁੰਦਾ।

ਜਗੁ[51] ਬਿਨਸਤ[52] ਹਮ[53] ਦੇਖਿਆ[54] ਲੋਭੇ[55] ਅਹੰਕਾਰਾ[56] ॥

I[53] have seen[54] the World[51] perishing[52] through covetousness[55] and egotism[56].

ਲਾਲਚ[55] ਅਤੇ ਗ਼ਰੂਰ[56] ਰਾਹੀਂ ਮੈਂ[53] ਦੁਨੀਆਂ[51] ਨੂੰ ਤਬਾਹ[52] ਹੁੰਦੀ ਤੱਕਿਆ[54] ਹੈ।

ਗੁਰ ਸੇਵਾ[57] ਪ੍ਰਭੁ ਪਾਇਆ ਸਚੁ ਮੁਕਤਿ[58] ਦੁਆਰਾ[59] ॥੪॥

By Guru's service[57], the Lord and the true gate[59] of salvation[58] I have obtained.

ਗੁਰਾਂ ਦੀ ਘਾਲ[57] ਦੁਆਰਾ ਸਾਹਿਬ, ਅਤੇ ਮੋਖ਼ਸ਼[58] ਦਾ ਸੱਚਾ ਦਰਵਾਜ਼ਾ[59] ਮੈਂ ਪ੍ਰਾਪਤ ਕੀਤਾ ਹੈ।

ਨਿਜ[60] ਘਰਿ[61] ਮਹਲੁ[62] ਅਪਾਰ[63] ਕੋ[64] ਅਪਰੰਪਰੁ[65] ਸੋਈ[66] ॥

The Mansion[62] of[64] the Infinite Lord[63] is within mortal's own[60] home heart[61], and that[66] Lord is the remotest of the remote[65].

ਅਨੰਤ ਸੁਆਮੀ[63] ਦਾ[64] ਮੰਦਰ[62], ਪ੍ਰਾਣੀ ਦੇ ਆਪਣੇ ਨਿੱਜ[60] ਦੇ ਗ੍ਰਹਿ[61] ਦਿਲ ਵਿਚ ਹੈ ਤੇ ਉਹ[66] ਸੁਆਮੀ ਪਰੇ ਤੋਂ ਪਰੇ[65] ਹੈ ।

ਬਿਨੁ ਸਬਦੈ[67] ਥਿਰੁ[68] ਕੋ ਨਹੀ ਬੂਝੈ[69] ਸੁਖੁ[70] ਹੋਈ[71] ॥੫॥

Without the Name[67], nothing is stable[68]. By understanding[69] the Master, happiness[70] ensues[71].

ਨਾਮ[67] ਦੇ ਬਗ਼ੈਰ ਕੁਝ ਭੀ ਮੁਸਤਕਿਲ[68] ਨਹੀਂ । ਮਾਲਕ ਨੂੰ ਸਮਝਣ[69] ਦੁਆਰਾ ਖ਼ੁਸ਼ੀ[70] ਉਤਪੰਨ[71] ਹੁੰਦੀ ਹੈ ।

ਕਿਆ[72] ਲੈ ਆਇਆ[73] ਲੇ ਜਾਇ[74] ਕਿਆ ਫਾਸਹਿ[75] ਜਮ[76] ਜਾਲਾ[77] ॥

What[72] hast thou brought[73], and what shalt thou take away[74] when thou art entangled[75] in Death's[76] noose[77] ?

ਤੂੰ ਕੀ[72] ਲਿਆਇਆ[73] ਸੈਂ, ਅਤੇ ਜਦ ਤੂੰ ਮੌਤ ਦੀ[76] ਫ਼ਾਹੀ[77] ਵਿਚ ਫਾਥਾ[75] ਕੀ ਲੈ ਜਾਵੇਂਗਾ[74] ?

ਡੋਲੁ[78] ਬਧਾ[79] ਕਸਿ[80] ਜੇਵਰੀ[81] ਆਕਾਸਿ[82] ਪਤਾਲਾ[83] ॥੬॥

Like a well-bucket[78] firmly[80] tied[79] to the rope[81] you are, now, in the sky[82], and now in the under-world[83].

ਰੱਸੇ[81] ਨਾਲ ਘੁੱਟ ਕੇ[80] ਬੰਨ੍ਹੇ[79] ਹੋਏ ਖੂਹ ਵਾਲੇ ਡੋਲ[78] ਦੀ ਤਰ੍ਹਾਂ ਤੂੰ ਕਦੇ ਅਸਮਾਨ[82] ਵਿਚ ਹੁੰਦਾ ਹੈ ਤੇ ਕਦੇ ਪਾਤਾਲ[83] ਵਿੱਚ ।

ਗੁਰਮਤਿ[84] ਨਾਮੁ ਨ ਵੀਸਰੈ[85] ਸਹਜੇ[86] ਪਤਿ[87] ਪਾਈਐ ॥ ਅੰਤਰਿ[88] ਸਬਦੁ[89] ਨਿਧਾਨੁ[90] ਹੈ ਮਿਲਿ[91] ਆਪੁ[92] ਗਵਾਈਐ[93] ॥੭॥

If by virtue of Guru's instruction[84] man forgets[85] not the Name, he easily[86] attains honour[87]. There is the Name[89], treasure[90] within[88] but it is obtained[91] by eradicating[93] self-conceit[92].

ਜੇਕਰ ਗੁਰਾਂ ਦੇ ਉਪਦੇਸ਼[84] ਦੀ ਬਰਕਤ ਨਾਲ ਬੰਦਾ ਨਾਮ ਨੂੰ ਨਾ ਭੁਲੇ[85] ਤਾਂ ਉਹ ਸੁਖੈਨ[86] ਹੀ ਇੱਜ਼ਤ[87] ਪਾ ਲੈਂਦਾ ਹੈ । ਅੰਦਰਵਾਰ[88] ਨਾਮ[89] ਦਾ ਖ਼ਜ਼ਾਨਾ[90] ਹੈ, ਪ੍ਰੰਤੂ ਇਹ ਆਪਣੀ ਸਵੈ-ਹੰਗਤਾ[92] ਨੂੰ ਦੂਰ[93] ਕਰਨ ਦੁਆਰਾ ਮਿਲਦਾ[91] ਹੈ ।

ਨਦਰਿ[94] ਕਰੇ[95] ਪ੍ਰਭੁ ਆਪਣੀ ਗੁਣ[96] ਅੰਕਿ[97] ਸਮਾਵੈ[98] ॥ ਨਾਨਕ ਮੇਲੁ[99] ਨ ਚੂਕਈ[100] ਲਾਹਾ[2] ਸਚੁ ਪਾਵੈ[3] ॥੮॥ ੧॥੧੭॥

If the Master, casts[95] His Merciful Glance[94], the mortal, then sinks[98] in the lap[97] of the Meritorious One. The union[99], O Nanak, breaks[100] not, and he earns[3] the true profit[2].

ਜੇਕਰ ਮਾਲਕ ਆਪਣੀ ਮਿਹਰ ਦੀ ਨਜ਼ਰ[94] ਧਾਰੇ[95], ਤਾਂ ਪ੍ਰਾਣੀ ਗੁਣਵੰਤ ਪੁਰਖ[96] ਦੀ ਗੋਦੀ[97] ਵਿਚ ਜਾ ਲੀਨ[98] ਹੁੰਦਾ ਹੈ । ਇਹ ਮਿਲਾਪ[99], ਹੇ ਨਾਨਕ ! ਟੁਟਦਾ[100] ਨਹੀਂ ਅਤੇ ਉਹ ਸੱਚਾ ਨਫ਼ਾ[2] ਕਮਾ[3] ਲੈਂਦਾ ਹੈ ।

੨੨੯

ਗਉੜੀ ਮਹਲਾ ੧ ॥

ਗੁਰ ਪਰਸਾਦੀ[4] ਬੂਝਿ[5] ਲੇ ਤਉ[6] ਹੋਇ ਨਿਬੇਰਾ[7] ॥

229

Gauri 1st Guru.

If man understands[5] the Lord, by Guru's favour[4], then[6], his account[7] is settled.

੨੨੯

ਗਉੜੀ ਪਾਤਸ਼ਾਹੀ ਪਹਿਲੀ ।

ਜੇਕਰ ਗੁਰਾਂ ਦੀ ਦਇਆ[4] ਦੁਆਰਾ, ਇਨਸਾਨ ਸਾਹਿਬ ਨੂੰ ਸਮਝ[5] ਲਵੇ ਤਾਂ[6] ਉਸ ਦਾ ਹਿਸਾਬ-ਕਿਤਾਬ[7] ਬੇਬਾਕ ਹੋ ਜਾਂਦਾ ਹੈ ।

ਘਰਿ ਘਰਿ[8] ਨਾਮੁ ਨਿਰੰਜਨਾ[9] ਸੋ[10] ਠਾਕੁਰੁ[12] ਮੇਰਾ ॥੧॥

He[10], whose Name is the Pure[9] One, and who is contained in every heart[8], is my Master[12].

ਜਿਸ ਦਾ ਨਾਮ ਪਵਿੱਤ੍ਰ ਪੁਰਸ਼[9] ਹੈ ਅਤੇ ਜੋ ਹਰਿ ਦਿਲ[8] ਅੰਦਰ ਸਮਾ ਰਿਹਾ ਹੈ, ਉਹ[10] ਮੇਰਾ ਮਾਲਕ[12] ਹੈ ।

ਬਿਨੁ ਗੁਰ ਸਬਦ[13] ਨ ਛੂਟੀਐ[14] ਦੇਖਹੁ[15] ਵੀਚਾਰਾ[16] ॥

Without Guru's instruction[13] one is not emancipated[14]. See[15] and reflect[16] upon this.

ਗੁਰਾਂ ਦੇ ਉਪਦੇਸ਼[13] ਦੇ ਬਗ਼ੈਰ ਬੰਦੇ ਦੀ ਖਲਾਸੀ[14] ਨਹੀਂ ਹੁੰਦੀ । ਇਸ ਨੂੰ ਸੋਚ ਸਮਝ[16] ਕੇ ਵੇਖ ਲਉ ।

ਜੇ[17]ਲਖ ਕਰਮ[18] ਕਮਾਵਹੀ ਬਿਨੁ ਗੁਰ ਅੰਧਿਆਰਾ[19] ॥ ੧ ॥ ਰਹਾਉ ॥

Though[17] man may perform lacs of rituals[18], yet without the Guru there is all darkness[19]. Pause.

ਭਾਵੇਂ[17]ਆਦਮੀ ਲੱਖਾਂ ਹੀ ਕਰਮਕਾਂਡ[18]ਪਿਆ ਕਮਾਵੇ,ਪਰ ਗੁਰਾਂ ਦੇ ਬਗੈਰ ਸਭ ਹਨ੍ਹੇਰਾ[19] ਹੀ ਹੈ। ਠਹਿਰਾਉ।

ਅੰਧੇ[20] ਅਕਲੀ[21] ਬਾਹਰੇ[22] ਕਿਆ[23] ਤਿਨ ਸਿਉ ਕਹੀਐ[24] ॥

What[23] should we say[24] to those, who are blind[20] and devoid[22] of wisdom[21] ?

ਆਪਾਂ ਉਨ੍ਹਾਂ ਨੂੰ ਕੀ[23] ਆਖੀਏ[24] ਜਿਹੜੇ ਅੰਨ੍ਹੇ[20] ਅਤੇ ਸਿਆਣਪ[21] ਤੋਂ ਸੱਖਣੇ[22] ਹਨ ?

ਬਿਨੁ ਗੁਰ ਪੰਥੁ[25] ਨ ਸੂਝਈ[26] ਕਿਤੁ[27] ਬਿਧਿ ਨਿਰਬਹੀਐ[28] ॥੨॥

Without the Guru, the way[25] cannot be seen[26]. How[27] is then one to get along[28] ?

ਗੁਰਾਂ ਦੇ ਬਾਝੋਂ[27] ਰਸਤਾ[25] ਦਿਖਾਈ[26] ਨਹੀਂ ਦਿੰਦਾ ਤਦ ਆਦਮੀ ਦਾ ਕਿਸ ਤਰ੍ਹਾਂ ਗੁਜ਼ਾਰਾ ਚੱਲੇ[28] ?

ਖੋਟੇ[29] ਕਉ ਖਰਾ[30] ਕਹੈ[31] ਖਰੇ ਸਾਰ[32]ਨ ਜਾਣੈ[33] ॥

To the counterfeit[29] one calls[31] the genuine[30], and the worth[32] of genuine, he knows[33] not.

ਜਾਹਲੀ[29] ਨੂੰ ਆਦਮੀ ਅਸਲੀ[30] ਆਖਦਾ[31] ਹੈ ਅਤੇ ਅਸਲੀ[30] ਦੀ ਉਹ ਕਦਰ[32] ਹੀ ਨਹੀਂ ਪਛਾਣਦਾ[33]।

ਅੰਧੇ[34] ਕਾ ਨਾਉ[35] ਪਾਰਖੂ[36] ਕਲੀ ਕਾਲ[37] ਵਿਡਾਣੈ[38] ॥੩॥

The blind man[34], goes by the name[35] of an assayer[36]. Strange[38] is this Dark-age[37].

ਅੰਨ੍ਹੇ ਮਨੁੱਖ[34] ਦਾ ਨਾਮ[35] ਜਾਂਚ ਪੜਤਾਲ ਕਰਨ ਵਾਲਾ[36] ਹੈ। ਅਸਚਰਜ[38]ਹੈ ਇਹ ਕਲਜੁਗ ਦਾ ਸਮਾਂ[37]।

ਸੂਤੇ[39] ਕਉ ਜਾਗਤੁ[40] ਕਹੈ[41] ਜਾਗਤ ਕਉ ਸੂਤਾ ॥ ਜੀਵਤ[42] ਕਉ ਮੂਆ[43] ਕਹੈ ਮੂਏ ਨਹੀ ਰੋਤਾ[44] ॥੪॥

The one who is slept[39]he calls[41]awake[40], and one who is awake he says asleep. The living[42] one he says dead[43], and he weeps[44] not for those who are really dead.

ਸੁੱਤੇ[39] ਹੋਏ ਨੂੰ ਜਾਗਦਾ[40] ਆਖਦਾ[41] ਹੈ ਅਤੇ ਜਾਗਦੇ ਨੂੰ ਸੁੱਤਾ ਪਿਆ ਕਹਿੰਦਾ ਹੈ। ਇਹ ਜੀਉਂਦੇ[42] ਹੋਏ ਨੂੰ ਮੁਰਦਾ[43] ਆਖਦਾ ਹੈ, ਅਤੇ ਦਰ ਅਸਲ ਮਰਿਆਂ ਹੋਇਆਂ ਲਈ ਵਿਰਲਾਪ[44] ਨਹੀਂ ਕਰਦਾ।

ਆਵਤ[45] ਕਉ ਜਾਤਾ[46] ਕਹੈ[47] ਜਾਤੇ ਕਉ ਆਇਆ ॥

He who is coming[45], he says[47], is going[46], and one who is gone he says to have come.

ਜੋ ਆ ਰਿਹਾ[45] ਹੈ ਉਹ ਆਖਦਾ[47] ਹੈ ਜਾ ਰਿਹਾ[46] ਹੈ, ਅਤੇ ਜੋ ਗਿਆ ਹੋਇਆ ਹੈ ਉਸ ਨੂੰ ਆਇਆ ਕਹਿੰਦਾ ਹੈ।

ਪਰ[48] ਕੀ ਕਉ ਅਪੁਨੀ[49] ਕਹੈ ਅਪੁਨੋ ਨਹੀ ਭਾਇਆ[50] ॥੫॥

Man calls another's[48] property his own[49], and his own he likes[50] not.

ਆਦਮੀ ਪਰਾਈ[48] ਮਲਕੀਅਤ ਨੂੰ ਆਪਣੀ ਨਿੱਜ[49] ਦੀ ਆਖਦਾ ਹੈ ਅਤੇ ਆਪਣੀ ਨਿੱਜ ਦੀ ਨੂੰ ਪਸੰਦ[50] ਨਹੀਂ ਰਖਦਾ।

ਮੀਠੇ[51] ਕਉ ਕਉੜਾ[52] ਕਹੈ ਕਉੜੇ ਕਉ ਮੀਠਾ ॥

What is sweet[51],he calls bitter[52],and the bitter he calls sweet.

ਜੋ ਮਿੱਠਾ[51] ਹੈ ਉਸ ਨੂੰ ਉਹ ਕੌੜਾ[52] ਆਖਦਾ ਹੈ ਅਤੇ ਕੌੜੇ ਨੂੰ ਉਹ ਮਿੱਠਾ ਦਸਦਾ ਹੈ।

ਰਾਤੇ[53] ਕੀ ਨਿੰਦਾ[54] ਕਰਹਿ ਐਸਾ[55] ਕਲਿ[56] ਮਹਿ[57] ਡੀਠਾ[58] ॥੬॥

One imbued[53] with Lord's Love, he slanders[54]. Such[55] is what I have seen[58] in[57] the Dark-age[56].

ਪ੍ਰਭੂ ਦੀ ਪ੍ਰੀਤ ਨਾਲ ਰੰਗੇ[53] ਹੋਏ ਦੀ ਉਹ ਬਦਖੋਈ[54] ਕਰਦਾ ਹੈ। ਇਹੋ ਜਿਹਾ[55] ਵਰਤਾਰਾ ਮੈਂ ਕਲਜੁਗ[56] ਵਿਚ[57] ਵੇਖਿਆ[58] ਹੈ।

ਚੇਰੀ[59] ਕੀ ਸੇਵਾ[60] ਕਰਹਿ ਠਾਕੁਰੁ[61] ਨਹੀ ਦੀਸੈ[62] ॥

Man serves[60] the hand-maiden[59], but the Master[61] he sees[62] not.

ਇਨਸਾਨ ਨੌਕਰਾਣੀ ਦੀ ਟਹਿਲ[60] ਕਮਾਉਂਦਾ ਹੈ ਪ੍ਰੰਤੂ ਮਾਲਕ[61] ਨੂੰ ਉਹ ਵੇਖਦਾ[62] ਹੀ ਨਹੀਂ।

ਪੋਖਰੁ[63]ਨੀਰੁ[64] ਵਿਰੋਲੀਐ[65] ਮਾਖਨੁ[66]ਨਹੀ ਰੀਸੈ[67] ॥੭॥

By churning[65] the pool[63] water[64], no butter[66] comes out[67].

ਛੱਪੜ[63] ਦਾ ਪਾਣੀ[64] ਰਿੜਕਣ[65] ਦੁਆਰਾ ਮੱਖਣ[66] ਨਹੀਂ ਨਿਕਲਦਾ[67]।

ਇਸੁ[72]ਪਦ[67]*ਜੋਅਰਥਾਇ[68] ਲੇਇ[69]ਸੋ[70]ਗੁਰੂ[71]ਹਮਾਰਾ ॥ ਨਾਨਕ ਚੀਨੈ[73]ਆਪ[74] ਕਉ ਸੋ ਅਪਰ[75] ਅਪਾਰਾ[76]॥੮॥

He[70]who understands[69]the meaning[68] of this[72] stage[67]*, is my teacher[71]. O Nanak, he who knows[73] his own self[74], is infinite[75] and unrivalled[76].

ਜੋ ਇਸ[72] ਅਵਸਥਾ[67]* ਦੇ ਅਰਥ[68]ਸਮਝਦਾ[69]ਹੈ, ਉਹ[70] ਮੇਰਾ ਉਸਤਾਦ[71] ਹੈ। ਜੋ ਆਪਣੇ ਆਪ[74] ਨੂੰ ਜਾਣਦਾ[73] ਹੈ, ਹੇ ਨਾਨਕ ! ਉਹ[77] ਬੇਅੰਤ[75] ਅਤੇ ਲਾਸਾਨੀ[76] ਹੈ।

ਸਭੁ[78] ਆਪੇ ਆਪਿ[79] ਵਰਤਦਾ[80] ਆਪੇ[81] ਭਰਮਾਇਆ[82] ॥

By Himself[79], the Lord pervades[80] every-where[78] and Himself[81] He strays[82] the mortals.

ਖ਼ੁਦ-ਬ-ਖ਼ੁਦ[79] ਹੀ ਸਾਹਿਬ ਸਾਰੇ[78] ਵਿਆਪਕ[80] ਹੋ ਰਿਹਾ ਹੈ ਤੇ ਉਹ ਖ਼ੁਦ[81] ਹੀ ਪ੍ਰਾਣੀਆਂ ਨੂੰ ਕੁਰਾਹੇ[82] ਭਟਕਾਉਂਦਾ ਹੈ।

ਗੁਰਕਿਰਪਾ[83]ਤੇ[84] ਬੂਝੀਐ[85] ਸਭੁ ਬ੍ਰਹਮੁ[86] ਸਮਾਇਆ[87]॥ ੯॥੨॥੧੮॥

Through[84] Guru's grace[83], man understands[85] this, that the Lord[86] is contained[87] amongst all.

ਗੁਰਾਂ ਦੀ ਦਇਆ[83] ਰਾਹੀਂ[84],ਇਨਸਾਨ ਇਹ ਸਮਝਦਾ[85] ਹੈ ਕਿ ਸਾਰਿਆਂ ਅੰਦਰ ਸੁਆਮੀ[86]ਰਮਿਆ[87]ਹੋਇਆ ਹੈ।

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

Gauri measure Guareri
3rd Guru, Ashtpadis.

ਰਾਗ ਗਉੜੀ ਗੁਆਰੇਰੀ
ਪਾਤਸ਼ਾਹੀ ਤੀਜੀ ਅਸ਼ਟਪਦੀਆਂ।

ੴ ਸਤਿਗੁਰ ਪ੍ਰਸਾਦਿ ॥

There is but One God By the grace of the True Guru He is known.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਜਾਣਿਆ ਜਾਂਦਾ ਹੈ।

ਮਨ ਕਾ ਸੂਤਕੁ[88] ਦੂਜਾ[89] ਭਾਉ ॥

Duality[89] is the contamination[88] of mind.

ਹੋਰਸ ਦੀ ਪ੍ਰੀਤ[89] ਚਿਤ ਦੀ ਨਾਪਾਕੀ[88] ਹੈ।

ਭਰਮੇ[90] ਭੂਲੇ[91] ਆਵਉ ਜਾਉ[92] ॥੧॥

Infatuated[91] by doubt[90] man comes and goes[92].

ਵਹਿਮ[90] ਦਾ ਘੁਸਾਇਆ[91] ਹੋਇਆ ਬੰਦਾ ਆਉਂਦਾ ਤੇ ਜਾਂਦਾ[92] ਹੈ।

ਮਨਮੁਖਿ[93] ਸੂਤਕੁ[95] ਕਬਹਿ ਨ ਜਾਇ[94] ॥

Of the perverse person[93], defilement[95] never departs[94],

ਪ੍ਰਤੀਕੂਲ ਪੁਰਸ਼[93] ਦੀ ਅਪਵਿਤਰਤਾ[95] ਕਦਾਚਿੱਤ ਦੂਰ[94] ਨਹੀਂ ਹੁੰਦੀ,

ਜਿਚਰੁ[98]ਸਬਦਿ[96]ਨ ਭੀਜੈ[97] ਹਰਿ ਕੈ ਨਾਇ[99] ॥੧॥ ਰਹਾਉ ॥

So long as[98], under Guru's instruction[96], he is not immersed[97] in the Name[99] of God. Pause.

ਜਦ ਤਾਈਂ[98] ਉਹ ਗੁਰਾਂ ਦੇ ਉਪਦੇਸ਼[96] ਤਾਬੇ ਰੱਬ ਦੇ ਨਾਮ[99] ਅੰਦਰ ਗੜੂੰਦ[97] ਨਹੀਂ ਹੁੰਦਾ। ਠਹਿਰਾਉ।

ਸਭੋ ਸੂਤਕੁ ਜੇਤਾ[100] ਮੋਹੁ[2] ਆਕਾਰੁ[3] ॥

The attachment[2] of all[100] the visible objects[3] is all impurity.

ਦ੍ਰਿਸ਼ਟਮਾਨ ਪਦਾਰਥਾਂ[3] ਦੀ ਤਮਾਮ[100] ਲਗਨ[2] ਸਭ ਅਸ਼ੁੱਧਤਾ ਹੀ ਹੈ !

ਮਰਿ ਮਰਿ ਜੰਮੈ ਵਾਰੋ ਵਾਰ[4] ॥੨॥

Due to this, the mortal dies and is reborn again and again[4].

ਇਸ ਦੇ ਕਾਰਨ ਪ੍ਰਾਣੀ ਮੁੜ ਮੁੜ ਕੇ[4], ਮਰਦਾ ਅਤੇ ਜੰਮਦਾ ਹੈ।

ਸੂਤਕੁ ਅਗਨਿ[5] ਪਉਣੈ[6] ਪਾਣੀ[7] ਮਾਹਿ[8] ॥

Impurity is in[8] fire[5], air[6], and water[7].

ਅਪਵਿੱਤ੍ਰਤਾ ਅੱਗ[5], ਹਵਾ[6] ਅਤੇ ਜਲ[7] ਵਿੱਚ[8] ਹੈ।

ਸੂਤਕੁ[9] ਭੋਜਨੁ[10] ਜੇਤਾ ਕਿਛੁ[12] ਖਾਹਿ[13] ॥੩॥

Within all[12] the food[10], which we eat[13], there is pollution[9].

ਸਮੂਹ[12] ਖ਼ੁਰਾਕ[10] ਜੋ ਅਸੀਂ ਖਾਂਦੇ[13] ਹਾਂ, ਦੇ ਵਿਚ ਮਲੀਨਤਾ[9] ਹੈ।

ਸੂਤਕਿ[17] ਕਰਮ[14]ਨ ਪੂਜਾ[15] ਹੋਇ[16] ॥

Defilement[17] is in man's actions[14], as he performs[16] not Lord's worship[15].

ਭ੍ਰਿਸ਼ਟਤਾ[17] ਹੈ, ਇਨਸਾਨ ਦੇ ਅਮਲਾਂ[14] ਵਿਚ, ਕਿਉਂਕਿ ਉਹ ਸਾਹਿਬ ਦੀ ਉਪਾਸ਼ਨਾ[15] ਨਹੀਂ ਕਰਦਾ[16]।

ਨਾਮਿ ਰਤੇ[18] ਮਨੁ[19] ਨਿਰਮਲੁ[20] ਹੋਇ[21] ॥੪॥

Imbued[18] with God's Name, the soul[19] is rendered[21] pure[20].

ਵਾਹਿਗੁਰੂ ਦੇ ਨਾਮ ਨਾਲ ਰੰਗੀਜਣ[18]ਦੂਆਰਾ ਆਤਮਾ[19] ਪਵਿੱਤ੍ਰ[20] ਹੋ ਜਾਂਦੀ[21] ਹੈ।

ਸਤਿਗੁਰੁ ਸੇਵਿਐ[22] ਸੂਤਕੁ ਜਾਇ[23] ॥

By serving[22] the True Guru, the defilement goes[23].

ਸੱਚੇ ਗੁਰਾਂ ਦੀ ਟਹਿਲ ਕਮਾਉਣ[22] ਨਾਲ ਅਪਵਿੱਤ੍ਰਤਾ ਚਲੀ ਜਾਂਦੀ[23] ਹੈ।

ਮਰੈ ਨ ਜਨਮੈ ਕਾਲੁ[24] ਨ ਖਾਇ[25]॥੫॥

Thereby man dies not, nor is he reborn, nor does death[24] devour[25] him.

ਉਸ ਦੂਆਰਾ ਨਾ ਆਦਮੀ ਮਰਦਾ ਹੈ ਨਾ ਹੀ ਮੁੜ ਜੰਮਦਾ ਹੈ। ਨਾ ਹੀ ਮੌਤ[24] ਉਸ ਨੂੰ ਨਿਗਲਦੀ[25] ਹੈ।

ਸਾਸਤ ਸਿੰਮ੍ਰਿਤਿ ਸੋਧਿ[26] ਦੇਖਹੁ[27] ਕੋਇ[28] ॥

Let some one[28]see[27] and study[26] the Shashtras and Simirtis.

ਕੋਈ ਜਣਾ[28] ਸ਼ਾਸਤ੍ਰਾਂ ਅਤੇ ਸਿਮਰਤੀਆਂ ਨੂੰ ਘੋਖ ਕੇ[26] ਵੇਖ ਲਵੇ[27]।

ਵਿਣੁ ਨਾਵੈ ਕੋ ਮੁਕਤਿ[29] ਨ ਹੋਇ ॥੬॥

Without the Name none is emancipated[29].

ਨਾਮ ਦੇ ਬਾਝੋਂ ਕੋਈ ਭੀ ਮੁਕਤ[29] ਨਹੀਂ ਹੁੰਦਾ।

ਜੁਗ ਚਾਰੇ[30] ਨਾਮੁ ਉਤਮੁ[31] ਸਬਦੂ[32] ਬੀਚਾਰਿ[33]॥

In the four ages[30], the excellent[31] thing is the Name, and the meditation[33] of the Word[32].

ਚੌਹਾਂ ਹੀ ਯੁਗਾਂ[30] ਅੰਦਰ ਨਾਮ ਅਤੇ ਸ਼ਬਦ[32] ਦਾ ਸਿਮਰਣ[33] ਸਰੇਸ਼ਟ[31] ਵਸਤੂ ਹੈ।

ਕਲਿ[34] ਮਹਿ[35] ਗੁਰਮੁਖਿ[36] ਉਤਰਸਿ[37] ਪਾਰਿ ॥੭॥

In[35] the Dark-age[34], only the Guru-ward[36] is saved[37].

ਕਲਜੁਗ[34] ਅੰਦਰ[35] ਕੇਵਲ ਗੁਰੂ-ਅਨੁਸਾਰੀ[36] ਦਾ ਪਾਰ ਉਤਾਰਾ[37] ਹੁੰਦਾ ਹੈ।

ਸਾਚਾ[38] ਮਰੈ ਨ ਆਵੈ ਜਾਇ[39] ॥

The True Lord[38] dies not. He comes and goes[39] not.

ਸੱਚਾ ਸਾਹਿਬ[38] ਮਰਦਾ ਨਹੀਂ। ਉਹ ਆਉਂਦਾ ਤੇ ਜਾਂਦਾ[39] ਨਹੀਂ।

ਨਾਨਕ ਗੁਰਮੁਖਿ[40] ਰਹੈ ਸਮਾਇ[41] ॥੮॥੧॥

Nanak, by Guru's grace[40], the mortal remains absorbed[41] in the Name.

ਨਾਨਕ, ਗੁਰਾਂ ਦੀ ਦਇਆ ਦੂਆਰਾ[40], ਪ੍ਰਾਣੀ ਨਾਮ ਅੰਦਰ ਲੀਨ[41] ਰਹਿੰਦਾ ਹੈ।

ਗਉੜੀ ਮਹਲਾ ੩ ॥

Gauri 3rd Guru.

ਗਉੜੀ ਪਾਤਸ਼ਾਹੀ ਤੀਜੀ।

ਗੁਰਮੁਖਿ[42] ਸੇਵਾ[43] ਪ੍ਰਾਨ[44] ਅਧਾਰਾ[45] ॥

Lord's service[43] is the prop[45] of Guru-ward's[42] life[44].

ਸਾਂਈ ਦੀ ਘਾਲ[43] ਗੁਰੂ-ਅਨੁਸਾਰੀ[42] ਦੀ ਜਿੰਦੜੀ[44] ਦਾ ਆਸਰਾ[45] ਹੈ।

ਹਰਿ ਜੀਉ[46] ਰਾਖਹੁ ਹਿਰਦੈ[47] [48]ਉਰਧਾਰਾ[49] ॥

The Venerable[46] Lord, keep clasped[49] to thy mind[47] and soul[48].

ਮਾਣਨੀਯ[46] ਮਾਲਕ ਨੂੰ ਤੂੰ ਆਪਣੇ ਰਿਦੇ[47] ਅਤੇ ਆਤਮਾ[48] ਨਾਲ ਲਾਈ[49] ਰੱਖ।

ਗੁਰਮੁਖਿ[50] ਸੋਭਾ[51] ਸਾਚ ਦੁਆਰਾ[52] ॥੧॥

Through the Guru[50], honour[51] is obtained in the True Court[52].

ਗੁਰਾਂ ਦੇ ਰਾਹੀਂ[50] ਸੱਚੇ ਦਰਬਾਰ[52] ਅੰਦਰ ਇੱਜ਼ਤ[51] ਪਰਾਪਤ ਹੁੰਦੀ ਹੈ।

ਪੰਡਿਤ[53] ਹਰਿ[54] ਪੜੁ[55] ਤਜਹੁ[36] ਵਿਕਾਰਾ[37] ॥

O Scholar[53], read[55] thou the Name of God[54], and eschew[36] vice[37].

ਹੇ ਵਿਦਵਾਨ[53] ਤੂੰ ਵਾਹਿਗੁਰੂ ਦੇ ਨਾਮ[54] ਨੂੰ ਵਾਚ[55] ਅਤੇ ਬਦੀ[37] ਨੂੰ ਛਡ[36] ਦੇ।

ਗੁਰਮੁਖਿ [38]ਭਉਜਲੁ[39] ਉਤਰਹੁ[40] ਪਾਰਾ ॥੧॥ ਰਹਾਉ ॥

Through the Guru, cross[40] thou the dreadful[38] world-ocean[39]. Pause.

ਗੁਰਾਂ ਦੁਆਰਾ ਤੂੰ ਡਰਾਉਣੇ[38] ਸੰਸਾਰ-ਸਮੁੰਦਰ[39] ਤੋਂ ਪਾਰ[40] ਹੋ ਜਾ। ਠਹਿਰਾਉ।

੨੩੦

230

੨੩੦

ਗੁਰਮੁਖਿ ਵਿਚਹੁ[41] ਹਉਮੈ[42] ਜਾਇ ॥

Through the Guru, ego[42] goes from within[41].

ਗੁਰਾਂ ਦੇ ਰਾਹੀਂ ਹੰਕਾਰ[42] ਅੰਦਰੋਂ[41] ਚਲਿਆ ਜਾਂਦਾ ਹੈ!

ਗੁਰਮੁਖਿ ਮੈਲੁ[43] ਨ ਲਾਗੈ[44] ਆਇ ॥	Through the Guru, filth[43] attaches[44] not the mind.	ਗੁਰਾਂ ਦੇ ਰਾਹੀਂ, ਮਲੀਨਤਾ[43]ਮਨ ਨੂੰ ਨਹੀਂ ਚਿਮੜਦੀ[44]।
ਗੁਰਮੁਖਿ ਨਾਮੁ ਵਸੈ[45] ਮਨਿ ਆਇ[46] ॥੨॥	Through the Guru the Name comes[46] and abides[45] within the mind.	ਗੁਰਾਂ ਦੇ ਰਾਹੀਂ ਨਾਮ ਆ[46] ਕੇ ਚਿਤ ਅੰਦਰ ਟਿਕ[45] ਜਾਂਦਾ ਹੈ।
ਗੁਰਮੁਖਿ[51] ਕਰਮ[47] ਧਰਮ[48] ਸਚਿ[49] ਹੋਈ[50] ॥	By Guru's grace[51], truth[49] becomes[50] man's actions[47] and religion[48].	ਗੁਰਾਂ ਦੀ ਦਇਆ ਦੁਆਰਾ[51] ਸੱਚ[49] ਇਨਸਾਨ ਦਾ ਅਮਲ[47] ਅਤੇ ਮਜ਼ਹਬ[48] ਹੋ ਜਾਂਦਾ[50] ਹੈ।
ਗੁਰਮੁਖਿ ਅਹੰਕਾਰੁ[52] ਜਲਾਏ[53] ਦੋਈ[54] ॥	By Guru's grace the mortal burns[53] egotism[52] and duality[54].	ਗੁਰਾਂ ਦੀ ਦਇਆ ਦੁਆਰਾ ਪ੍ਰਾਣੀ ਗ਼ਰੂਰ[52] ਤੇ ਦਵੈਤ-ਭਾਵ[54] ਨੂੰ ਸਾੜ ਸੁਟਦਾ[53] ਹੈ।
ਗੁਰਮੁਖਿ ਨਾਮਿ ਰਤੇ[55] ਸੁਖੁ[56] ਹੋਈ[57] ॥੩॥	By Guru's grace,one is imbued[55]with the Name and peace[56]is obtained[57].	ਗੁਰਾਂ ਦੀ ਦਇਆ ਦੁਆਰਾ,ਮਨੁੱਖ ਨਾਮ ਨਾਲ ਰੰਗੀਜਦਾ[55] ਹੈ ਤੇ ਠੰਡ ਚੈਨ[56] ਦੀ ਪ੍ਰਾਪਤੀ[57] ਹੁੰਦੀ ਹੈ।
ਆਪਣਾ ਮਨੁ ਪਰਬੋਧਹੁ[58] ਬੂਝਹੁ[59]ਸੋਈ[60] ॥	Instruct[58]thy mind and understand[59] that Lord[60].	ਆਪਣੇ ਮਨੂਏ ਨੂੰ ਸਿਖ-ਮਤ[58] ਦੇ ਅਤੇ ਉਸ ਸਾਹਿਬ[60] ਨੂੰ ਸਮਝ[59]।
ਲੋਕ[61] ਸਮਝਾਵਹੁ[62] ਸੁਣੇ[63] ਨ ਕੋਈ ॥	Otherwise, however much, thou mayest preach[62] to the people[61],none would hear[63] thee.	ਨਹੀਂ ਤਾਂ ਜਿੰਨਾ ਜੀ ਚਾਹੇ ਤੂੰ ਲੋਗਾਂ[61] ਨੂੰ ਉਪਦੇਸ਼[62] ਕਰ, ਕੋਈ ਭੀ ਤੇਰੀ ਗੱਲ ਨਹੀਂ ਸੁਣੇਗਾ[63]।
ਗੁਰਮੁਖਿ ਸਮਝਹੁ[64] ਸਦਾ[65] ਸੁਖੁ[66] ਹੋਈ ॥੪॥	By Guru's grace, obtain Lord's comprehension[64] and thou shalt be, ever[65], at peace[66].	ਗੁਰਾਂ ਦੀ ਮਿਹਰ ਦੁਆਰਾ ਸਾਹਿਬ ਦੀ ਗਿਆਤ[64] ਕਰ ਅਤੇ ਤੈਨੂੰ ਸਦੀਵ[65] ਹੀ ਆਰਾਮ[66] ਪ੍ਰਾਪਤ ਹੋਵੇਗਾ।
ਮਨਮੁਖਿ[67] ਡੰਫੁ[68] ਬਹੁਤੁ[69] ਚਤੁਰਾਈ[70] ॥ ਜੋ ਕਿਛੁ[71] ਕਮਾਵੈ[72] ਸੁ[73] ਥਾਇ[74] ਨ ਪਾਈ ॥	An apostate[67] is over[69]-hypocritical[68] and clever[70]. Whatever[71] he does[72], that[73] becomes not acceptable[74].	ਅਧਰਮੀ[67] ਘਨੇਰਾ[69] ਪਖੰਡੀ[68] ਤੇ ਚਾਲਾਕ[70] ਹੁੰਦਾ ਹੈ। ਜਿਹੜਾ ਕੁਝ[71] ਭੀ ਉਹ ਕਰਦਾ[72] ਹੈ, ਉਹ[73] ਕਬੂਲ[74] ਨਹੀਂ ਪੈਂਦਾ।
ਆਵੈ[75] ਜਾਵੈ ਠਉਰ[76] ਨ ਕਾਈ ॥੫॥	He comes and goes[75], and finds no place[76] of rest.	ਉਹ ਆਉਂਦਾ ਤੇ ਜਾਂਦਾ[75] ਹੈ ਅਤੇ ਉਸ ਨੂੰ ਆਰਾਮ ਦੀ ਕੋਈ ਜਗ੍ਹਾ[76] ਨਹੀਂ ਮਿਲਦੀ।
ਮਨਮੁਖ[77] ਕਰਮ[80] ਕਰੇ[78] ਬਹੁਤੁ ਅਭਿਮਾਨਾ[79] ॥	The way-ward[77] performs[78] rituals[80] in great pride[79].	ਆਪ-ਹੁਦਰਾ[77] ਘਣੇ ਹੰਕਾਰ[79] ਅੰਦਰ ਕਰਮ ਕਾਂਡ[80] ਕਮਾਉਂਦਾ[78] ਹੈ।
ਬਗ[81] ਜਿਉ[82] ਲਾਇ[83]ਬਹੈ ਨਿਤ[84] ਧਿਆਨਾ[85] ॥	Like[82] the heron[81], he, ever[84], sits[83] in trance[85].	ਬਗਲੇ[81] ਦੀ ਤਰ੍ਹਾਂ[82] ਉਹ ਸਦੀਵ[84] ਹੀ ਸਮਾਧੀ[85] ਲਾ ਕੇ ਬੈਠਦਾ[83] ਹੈ।
ਜਮਿ[86] ਪਕੜਿਆ[87] ਤਬ[88] ਹੀ ਪਛੁਤਾਨਾ[89] ॥੬॥	When caught[87] by the Death's myrmidon[86], he does regret[89] then[88].	ਜਦ ਮੌਤ ਦਾ ਦੂਤ[86] ਉਸ ਨੂੰ ਫੜ ਲੈਂਦਾ[87] ਹੈ ਤਦੋਂ[88] ਉਹ ਪਸਚਾਤਾਪ[89] ਕਰਦਾ ਹੈ।
ਬਿਨੁ[92] ਸਤਿਗੁਰ ਸੇਵੇ[90] ਮੁਕਤਿ[91] ਨ ਹੋਈ ॥	Sans[92] serving[90] the True Guru, salvation[91] is not attained.	ਸੱਚੇ ਗੁਰਾਂ ਦੀ ਟਹਿਲ[90] ਕਮਾਉਣ ਦੇ ਬਾਝੋਂ[92] ਮੁਕਤੀ[91] ਨਹੀਂ ਮਿਲਦੀ।
ਗੁਰ ਪਰਸਾਦੀ[93] ਮਿਲੈ ਹਰਿ ਸੋਈ[94] ॥	By Guru's favour[93], He[94], the Lord is met.	ਗੁਰਾਂ ਦੀ ਮਿਹਰ[93] ਸਦਕਾ ਉਹ[94] ਸੁਆਮੀ ਮਿਲ ਪੈਂਦਾ ਹੈ।

ਗੁਰ ਦਾਤਾ[95] ਜੁਗ ਚਾਰੇ[96] ਹੋਈ ॥੭॥
ਗੁਰਮੁਖਿ[97] ਜਾਤਿ[98] ਪਤਿ[99] ਨਾਮੇ ਵਡਿਆਈ[100] ॥

The Guru is the Giver[95], through the Four Ages[96].
God's Name is the caste[98], honour[99], and glory[100] of the True Sikhs[97] of the Guru.

ਚੌਹਾਂ ਹੀ ਯੁਗਾਂ[96] ਅੰਦਰ ਗੁਰੂ ਜੀ ਦਾਤਾਂ[95] ਦੇਣ ਵਾਲੇ ਹਨ।
ਰੱਬ ਦਾ ਨਾਮ ਗੁਰੂ ਦੇ ਸੱਚੇ ਸਿੱਖਾਂ[97] ਦੀ ਜਾਤੀ[98] ਇੱਜ਼ਤ[99] ਅਤੇ ਸੋਭਾ[100] ਹੈ।

ਸਾਇਰ[2] ਕੀ ਪੁਤ੍ਰੀ[3] ਬਿਦਾਰਿ[4] ਗਵਾਈ ॥
ਨਾਨਕ ਬਿਨੁ ਨਾਵੈ ਝੂਠੀ[5] ਚਤੁਰਾਈ[6] ॥੮॥੨॥

Manmmon, the daughter[3] of Ocean[2], they have beaten to death[4].
Nanak, without the Name, false[5] is all cleverness[6].

ਸਮੁੰਦਰ[2] ਦੀ ਬੇਟੀ[3], ਮਾਇਆ, ਉਨ੍ਹਾਂ ਨੇ ਕੁੱਟ ਕੇ ਮਾਰ ਸੁੱਟੀ[4] ਹੈ।
ਨਾਨਕ, ਨਾਮ ਦੇ ਬਗੈਰ, ਸਾਰੀ ਹੁਸ਼ਿਆਰੀ[6] ਕੂੜੀ[5] ਹੈ।

ਗਉੜੀ ਮ: ੩ ॥

Gauri 3rd Guru.

ਗਉੜੀ ਪਾਤਸ਼ਾਹੀ ਤੀਜੀ।

ਇਸੁ[7] ਜੁਗ ਕਾ ਧਰਮੁ[8] ਪੜਹੁ[9] ਤੁਮ ਭਾਈ[10] ॥
ਪੂਰੈ[12] ਗੁਰਿ ਸਭ ਸੋਝੀ[13] ਪਾਈ[14] ॥
ਐਥੈ[15] ਅਗੈ[16] ਹਰਿਨਾਮੁ ਸਖਾਈ[17] ॥੧॥
ਰਾਮ[18] ਪੜਹੁ[19] ਮਨਿ[20] ਕਰਹੁ ਬੀਚਾਰੁ[21] ॥
ਗੁਰ ਪਰਸਾਦੀ[22] ਮੈਲੁ[23] ਉਤਾਰੁ[24] ॥੧॥ ਰਹਾਉ ॥
ਵਾਦਿ[25] ਵਿਰੋਧਿ[26] ਨ ਪਾਇਆ[27] ਜਾਇ ॥
ਮਨੁ[28] ਤਨੁ[29] ਫੀਕਾ[30] ਦੂਜੈ ਭਾਇ[31] ॥
ਗੁਰ ਕੈ ਸਬਦਿ[32] ਸਚਿ[33] ਲਿਵ[34] ਲਾਇ[35] ॥੨॥
ਹਉਮੈ[36] ਮੈਲਾ[37] ਇਹੁ ਸੰਸਾਰਾ[38] ॥
ਨਿਤ[39] ਤੀਰਥਿ[40] ਨਾਵੈ[41] ਨ ਜਾਇ[42] ਅਹੰਕਾਰਾ[43] ॥
ਬਿਨੁ ਗੁਰ ਭੇਟੇ[44] ਜਮੁ[45] ਕਰ ਖੁਆਰਾ[46] ॥੩॥
ਸੋ[47] ਜਨੁ[48] ਸਾਚਾ ਜਿ[49] ਹਉਮੈ[50] ਮਾਰੈ[51] ॥ ਗੁਰ ਕੈ ਸਬਦਿ[52] ਪੰਚ[53] ਸੰਘਾਰੈ[54] ॥

Repeat[9] thou, O brethren[10], the religion[8] of this age[7] (God's Name).
The Perfect[12] Guru, has imparted[14] unto me all the understanding[13].
Here[15] and hereafter[16], God's Name is the mortal's succour[17].
Repeat[19] thou the Lord's Name[18], and reflect[21] thereon, within thy mind[20].
By Guru's favour[22], wash off[24] thy filth[23]. Pause.
Through controversies[25], and contentions[26], the Lord is not procured[27].
Through another's love[31], the soul[28], and body[29] are rendered insipid[30].
Through Guru's teaching[32] enshrine[35] affection[34] for the True Lord[33].
This World[38] is gone filthy[37] with ego[36].
By daily[39] bathing[41] in holy waters[40] egotism[43] goes[42] not.
Without meeting[44] the Guru, death[45] distresses[46] the man.
True is the[47] man[48], who[49] effaces[51] his ego[50], and by Guru's teaching[52] slays[54] the five[53] demons.

ਤੁਸੀਂ ਹੇ ਭਰਾਓ[10] ! ਇਸ ਯੁਗ[7] ਦੇ ਮਜ਼ਹਬ[8] (ਵਾਹਿਗੁਰੂ ਦੇ ਨਾਮ) ਨੂੰ ਉਚਾਰਨ[9] ਕਰੋ।
ਪੂਰਨ[12] ਗੁਰਾਂ ਨੇ ਮੈਨੂੰ ਸਾਰੀ ਗਿਆਤ[13] ਦਰਸਾ ਦਿੱਤੀ[14] ਹੈ।
ਇਸ ਲੋਕ[15] ਅਤੇ ਪ੍ਰਲੋਕ[16] ਵਿਚ ਰੱਬ ਦਾ ਨਾਮ ਪ੍ਰਾਣੀ ਦਾ ਸਹਾਇਕ[17] ਹੈ।
ਤੂੰ ਪ੍ਰਭੂ ਦੇ ਨਾਮ[18] ਦਾ ਜਾਪ[19] ਕਰ ਅਤੇ ਆਪਣੇ ਚਿੱਤ[20] ਅੰਦਰ ਉਸ ਨੂੰ ਸੋਚ ਸਮਝ[21]।
ਗੁਰਾਂ ਦੀ ਦਇਆ ਦੁਆਰਾ[22] ਆਪਣੀ ਗਿਲਾਜ਼ਤ[23] ਨੂੰ ਧੋ ਸੁੱਟ[24]। ਠਹਿਰਾਉ।
ਬਹਿਸ ਮੁਬਾਹਿਸਿਆਂ[25] ਅਤੇ ਦੰਗੇ-ਫ਼ਸਾਦਾਂ[26] ਰਾਹੀਂ ਪ੍ਰਭੂ ਪ੍ਰਾਪਤ[27] ਨਹੀਂ ਹੁੰਦਾ।
ਹੋਰਸ ਦੀ ਪ੍ਰੀਤ[31] ਦੁਆਰਾ, ਆਤਮਾ[28] ਤੇ ਦੇਹਿ[29] ਫਿਕੇ[30] ਹੋ ਜਾਂਦੇ ਹਨ।
ਗੁਰਾਂ ਦੇ ਉਪਦੇਸ਼[32] ਰਾਹੀਂ ਸੱਚੇ ਸੁਆਮੀ[33] ਨਾਲ ਪਿਰਹੜੀ[34] ਪਾ[35]।
ਸਵੈ-ਹੰਗਤਾ[36] ਨਾਲ ਇਹ ਜਹਾਨ[38] ਗੰਦਾ[37] ਹੋ ਗਿਆ ਹੈ।
ਹਰ ਰੋਜ਼[39] ਪਵਿੱਤ੍ਰ ਪਾਣੀ[40] ਵਿਚ ਇਸ਼ਨਾਨ[41] ਕਰਨ ਦੁਆਰਾ ਹੰਗਤਾ[43] ਦੂਰ[42] ਨਹੀਂ ਹੁੰਦੀ।
ਗੁਰਾਂ ਦੇ ਮਿਲਣ[44] ਦੇ ਬਾਝੋਂ ਮੌਤ[45] ਬੰਦੇ ਨੂੰ ਅਵਾਜ਼ਾਰ[46] ਕਰਦੀ ਹੈ।
ਸੱਚਾ ਹੈ ਉਹ[47] ਇਨਸਾਨ[48] ਜੋ[49] ਆਪਣੇ ਗ਼ਰੂਰ[50] ਨੂੰ ਮੇਟ ਸੁਟਦਾ[51] ਹੈ, ਤੇ ਗੁਰਾਂ ਦੀ ਸਿੱਖ-ਮਤ[52] ਦੁਆਰਾ ਪੰਜਾਂ[53] ਦੂਤਾਂ ਨੂੰ ਨਾਸ[54] ਕਰ ਦਿੰਦਾ ਹੈ।

ਆਪਿ[55] ਤਰੈ[56] ਸਗਲੇ[57] ਕੁਲ[58] ਤਾਰੈ[59] ॥੪॥	He saves[56] himself[55], and saves[59] all[57] his generations[58].	ਉਹ ਖ਼ੁਦ[55] ਬਚ[56] ਜਾਂਦਾ ਹੈ ਅਤੇ ਆਪਣੀਆਂ ਸਾਰੀਆਂ[57] ਪੀੜ੍ਹੀਆਂ[58] ਨੂੰ ਬਚਾ[59] ਲੈਂਦਾ ਹੈ ।
ਮਾਇਆ[60] ਮੋਹਿ[61] ਨਟਿ[62] ਬਾਜੀ[63] ਪਾਈ[64] ॥	The Actor[62] has set up[64] attachment[61] of mammon[60] as a play[63] for the mortals.	ਕਲਾਕਾਰ[62] ਨੇ ਮੋਹਨੀ[60] ਦੀ ਲਗਨ[61] ਪ੍ਰਾਣੀਆਂ ਲਈ ਇਕ ਖੇਲ[63] ਰਚਿਆ[64] ਹੈ ।
ਮਨਮੁਖ[65] ਅੰਧ[66] ਰਹੇ ਲਪਟਾਈ[67] ॥	The blind[66] apostates[65] remain clinging[67] to it.	ਅੰਨ੍ਹੇ[66] ਅਧਰਮੀ[65] ਇਸ ਨੂੰ ਚਿਮੜੇ[67] ਰਹਿੰਦੇ ਹਨ ।
ਗੁਰਮੁਖਿ[68] ਅਲਿਪਤ[69]ਰਹੇ ਲਿਵ[70] ਲਾਈ[71] ॥੫॥	The Guru-wards[68] remain detached[69] and embrace[71] affection[70] for God.	ਗੁਰੂ-ਸਮਰਪਨ[68] ਅਟੰਕ[69] ਰਹਿੰਦੇ ਅਤੇ ਵਾਹਿਗੁਰੂ ਨਾਲ ਪ੍ਰੇਮ[70] ਪਾਉਂਦੇ[71] ਹਨ ।
ਬਹੁਤੇ[72] ਭੇਖ[73] ਕਰੈ[75] ਭੇਖਧਾਰੀ[74] ॥	The disguiser[74] puts[75] on various[72] garbs[73].	ਬਹੁਰੂਪੀਆ[74] ਅਨੇਕਾਂ[72] ਵੇਸ[73] ਬਣਾਉਂਦਾ[75] ਹੈ ।
ਅੰਤਰਿ[76] ਤ੍ਰਿਸਨਾ[77] ਫਿਰੈ[78] ਅਹੰਕਾਰੀ[79] ॥	Within[76] him is desire[77], and he walks about[78] proudly[79].	ਉਸ ਦੇ ਅੰਦਰ[76] ਖ਼ਾਹਿਸ਼[77] ਹੈ ਤੇ ਉਹ ਅਭਿਮਾਨੀ[79] ਹੋ ਕੇ ਤੁਰਿਆ ਫਿਰਦਾ[78] ਹੈ ।
ਆਪੁ[80] ਨ ਚੀਨੈ[81] ਬਾਜੀ[82] ਹਾਰੀ ॥੬॥	His ownself[80] he understands[81] not and loses the game[82].	ਆਪਣੇ ਆਪ[80] ਨੂੰ ਉਹ ਸਮਝਦਾ[81] ਨਹੀਂ ਅਤੇ ਖੇਡ[82] ਹਾਰ ਦਿੰਦਾ ਹੈ ।
ਕਾਪੜ[83] ਪਹਿਰਿ[84] ਕਰੇ ਚਤੁਰਾਈ[85] ॥	Putting[84] on religious garbs[83] some play clever[85].	ਧਾਰਮਕ ਭੇਸ[83]ਧਾਰਨ ਕਰ ਕੇ[84]ਕਈ ਜਣੇ ਚਲਾਕੀਆਂ[85] ਕਰਦੇ ਹਨ ।
ਮਾਇਆ[86] ਮੋਹਿ[87] ਅਤਿ[88] ਭਰਮਿ[89] ਭੁਲਾਈ[90] ॥	Love[87] of mammon[86] and doubt[89] have supremely[88] misled[90] them.	ਧਨ[86] ਦੀ ਪ੍ਰੀਤ[87] ਤੇ ਸੰਦੇਹ[89] ਨੇ ਉਨ੍ਹਾਂ ਨੂੰ ਵਡਾ[88] ਗੁਮਰਾਹ[90] ਕੀਤਾ ਹੋਇਆ ਹੈ ।
ਬਿਨੁ ਗੁਰ ਸੇਵੇ[91] ਬਹੁਤੁ[92] ਦੁਖੁ[93] ਪਾਈ[94] ॥੭॥	Without serving[91] the Guru, they suffer[94] immense[92] pain[93].	ਗੁਰਾਂ ਦੀ ਚਾਕਰੀ[91] ਕਰਨ ਦੇ ਬਿਨਾ ਉਹ ਬੜੀ[92] ਤਕਲੀਫ਼[93] ਉਠਾਉਂਦੇ[94] ਹਨ ।
ਨਾਮਿ ਰਤੇ[95] ਸਦਾ[96] ਬੈਰਾਗੀ[97] ॥	They, who are imbued[95] with God's Name, ever[96], remain detached[97].	ਜੋ ਹਰੀ ਦੇ ਨਾਮ ਨਾਲ ਰੰਗੀਜੇ[95] ਹਨ, ਉਹ ਸਦੀਵ[96] ਹੀ ਨਿਰਲੇਪ[97] ਰਹਿੰਦੇ ਹਨ ।
ਗ੍ਰਿਹੀ[98] ਅੰਤਰਿ[99] ਸਾਚਿ[100] ਲਿਵ[2] ਲਾਗੀ[3] ॥	Though householders[98], they in their mind[99] enshrine[3] affection[2] for the True Lord[100].	ਭਾਵੇਂ ਉਹ ਘਰਬਾਰੀ[98] ਹਨ, ਉਹ ਆਪਣੇ ਹਿਰਦੇ[99] ਅੰਦਰ ਸਚੇ ਸੁਆਮੀ[100] ਨਾਲ ਪਿਰਹੜੀ[2]ਪਾਉਂਦੇ[3] ਹਨ ।
ਨਾਨਕ ਸਤਿਗੁਰੁ ਸੇਵਹਿ[4] ਸੇ[5] ਵਡਭਾਗੀ[6] ॥੮॥੩॥	Nanak, very fortunate[6] are they[5], who serve[4] the True Guru.	ਨਾਨਕ, ਭਾਰੇ ਨਸੀਬਾਂ[6] ਵਾਲੇ ਹਨ ਉਹ[5] ਜੋ ਸੱਚੇ ਗੁਰਾਂ ਦੀ ਘਾਲ[4] ਕਮਾਉਂਦੇ ਹਨ ।
ਗਉੜੀ ਮਹਲਾ ੩ ॥	Gauri 3rd Guru.	ਗਉੜੀ ਪਾਤਸ਼ਾਹੀ ਤੀਜੀ ।
ਬ੍ਰਹਮਾ ਮੂਲੁ[7] ਵੇਦ ਅਭਿਆਸਾ[8] ॥	Brahma is the founder[7] of the study[8] of Vedas.	ਬ੍ਰਹਮਾ ਵੇਦਾਂ ਦੇ ਪੜ੍ਹਣ[8] ਘੋਖਣ ਦਾ ਬਾਨੀ[7] ਹੈ ।
ਤਿਸ[9] ਤੇ[10] ਉਪਜੇ[12] ਦੇਵ[13] ਮੋਹ[14] ਪਿਆਸਾ[15] ॥	From[10] him[9] emanated[12] the gods[13], infested with worldly love[14], and desire[15].	ਸੰਸਾਰੀ ਮਮਤਾ[14] ਅਤੇ ਖ਼ਾਹਿਸ਼[15] ਦੇ ਗ੍ਰਸੇ ਹੋਏ ਦੇਵਤੇ[13] ਉਸ[9] ਤੋਂ[10] ਪੈਦਾ[12] ਹੋਏ ।

ਤ੍ਰੈ[16] ਗੁਣ[17] ਭਰਮੇ[18] ਨਾਹੀ ਨਿਜ[19]ਘਰਿ[20]ਵਾਸਾ[21]॥੧॥
ਹਮ[22]ਹਰਿ ਰਾਖੇ[23] ਸਤਿਗੁਰੂ ਮਿਲਾਇਆ[24] ॥
ਅਨਦਿਨੁ[25] ਭਗਤਿ[26] ਹਰਿ ਨਾਮੁ ਦ੍ਰਿੜਾਇਆ[27] ॥੧॥ ਰਹਾਉ ॥
ਤ੍ਰੈ[28] ਗੁਣ[29] ਬਾਣੀ[30] ਬ੍ਰਹਮ ਜੰਜਾਲਾ[31] ॥

They wander[18] in three[16] qualties[17], and abide[21] not in their own[19]home[20].
By remembering[5] whom[4] fear[6] and calamity[7] depart[8] and the wandering[9] mind[10] is held[12].

ਜਿਸਦਾ[4] ਸਿਮਰਨ[5] ਕਰਨ ਦੁਆਰਾ, ਡਰ[6] ਤੇ ਮੁਸੀਬਤ[7] ਦੂਰ[8] ਹੋ ਜਾਂਦੇ ਹਨ ਅਤੇ ਭਟਕਦਾ[9] ਹੋਇਆ ਮਨ[10] ਟਿਕ[12] ਜਾਂਦਾ ਹੈ।

ਜਾਸੁ ਜਪਤ ਫਿਰਿ[13] ਦੂਖੁ[14] ਨ ਲਾਗੈ[15] ॥

By remembering whom, trouble[14] overtakes[15] not, again[13].

ਜਿਸ ਦਾ ਸਿਮਰਨ ਕਰਨ ਦੁਆਰਾ, ਤਕਲੀਫ[14] ਮੁੜ[13] ਕੇ ਨਹੀਂ ਚਿਮੜਦੀ[15]।

ਜਾਸੁ ਜਪਤ ਇਹ ਹਉਮੈ[16] ਭਾਗੈ[17] ॥੨॥

By remembering whom this ego[16] flees[17].

ਜਿਸ ਦਾ ਸਿਮਰਨ ਕਰਨ ਦੁਆਰਾ, ਇਹ ਹੰਕਾਰ[16] ਦੌੜ[17] ਜਾਂਦਾ ਹੈ।

ਜਾਸੁਜਪਤ ਵਸਿ[17]*ਆਵਹਿ ਪੰਚਾ[18] ॥

By remembering whom the five[18] passions are overcome[17]*.

ਜਿਸ ਦਾ ਸਿਮਰਨ ਕਰਨ ਦੁਆਰਾ, ਪੰਜ[18] ਵਿਸ਼ੇ ਕਾਬੂ[17]* ਵਿਚ ਆ ਜਾਂਦੇ ਹਨ।

ਜਾਸੁ ਜਪਤ ਰਿਦੈ[19] ਅੰਮ੍ਰਿਤੁ[20] ਸੰਚਾ[21] ॥

By remembering whom, Nectar[20] is amassed[21] in the heart[19].

ਜਿਸ ਦਾ ਸਿਮਰਨ ਕਰਨ ਦੁਆਰਾ, ਹਰੀ-ਰਸ[20] ਦਿਲ[19] ਵਿਚ ਇਕੱਤ੍ਰ[21] ਹੋ ਜਾਂਦਾ ਹੈ।

ਜਾਸੁ ਜਪਤ ਇਹ ਤ੍ਰਿਸਨਾ[22] ਬੁਝੈ[23] ॥

By remembering whom, this desire[22] is quenched[23].

ਜਿਸ ਦਾ ਸਿਮਰਨ ਕਰਨ ਦੁਆਰਾ, ਇਹ ਖ਼ਾਹਿਸ਼[22] ਮਿਟ[23] ਜਾਂਦੀ ਹੈ।

ਜਾਸੁ ਜਪਤ ਹਰਿ ਦਰਗਹ[24] ਸਿਝੈ[25] ॥੩॥

By remembering whom, in God's Court[24], the man is approved[25].

ਜਿਸ ਦਾ ਸਿਮਰਨ ਕਰਨ ਦੁਆਰਾ, ਰੱਬ ਦੀ ਦਰਗਾਹ[24] ਅੰਦਰ, ਬੰਦਾ ਕਬੂਲ[25] ਪੈ ਜਾਂਦਾ ਹੈ।

ਜਾਸੁ ਜਪਤਕੋਟਿ[26]ਮਿਟਹਿ[27] ਅਪਰਾਧ[28] ॥

By remembering whom, millions[26] of sins[27] are effaced[28].

ਜਿਸ ਦਾ ਸਿਮਰਨ ਕਰਨ ਦੁਆਰਾ, ਕ੍ਰੋੜਾਂ[26] ਪਾਪ[27] ਨਸ਼ਟ[28] ਹੋ ਜਾਂਦੇ ਹਨ।

ਜਾਸੁ ਜਪਤ ਹਰਿ[29] ਹੋਵਹਿ[30] ਸਾਧ[31] ॥

By remembering whom, man becomes[30] God's[29] saint[31].

ਜਿਸ ਦਾ ਸਿਮਰਨ ਕਰਨ ਦੁਆਰਾ, ਬੰਦਾ ਰੱਬ[29] ਦਾ ਸੰਤ[31] ਬਣ ਜਾਂਦਾ[30] ਹੈ।

ਜਾਸੁ ਜਪਤ ਮਨੁ[32]ਸੀਤਲੁ[33] ਹੋਵੈ[34] ॥

By remembering whom, mind[32] is rendered[34] cool[33].

ਜਿਸ ਦਾ ਸਿਮਰਨ ਕਰਨ ਦੁਆਰਾ, ਮਨੂਆ[32]ਠੰਢਾ-ਠਾਰ[33] ਹੋ ਜਾਂਦਾ[34] ਹੈ।

ਜਾਸੁਜਪਤ ਮਲੁ[35]ਸਗਲੀ[36] ਖੋਵੈ[37] ॥੪॥

By remembering whom, all[36] the dirt[35] is washed off[37].

ਜਿਸ ਦਾ ਸਿਮਰਨ ਕਰਨ ਦੁਆਰਾ, ਸਾਰੀ[36] ਗੰਦਗੀ[35] ਧੋਤੀ ਜਾਂਦੀ[37] ਹੈ।

ਜਾਸੁ ਜਪਤ ਰਤਨੁ[38] ਹਰਿ ਮਿਲੈ[39] ॥

By remembering whom, God, the jewel[38] is attained[39].

ਜਿਸ ਦਾ ਸਿਮਰਨ ਕਰਨ ਦੁਆਰਾ ਵਾਹਿਗੁਰੂ ਹੀਰਾ[38] ਪ੍ਰਾਪਤ[39] ਹੋ ਜਾਂਦਾ ਹੈ।

ਬਹੁਰਿ[40] ਨ ਛੋਡੈ[41] ਹਰਿ ਸੰਗਿ ਹਿਲੈ[42] ॥

The man leaves[41] not the Lord again[40], and is reconciled[42] to Him.

ਆਦਮੀ ਮੁੜ ਕੇ[40] ਸੁਆਮੀ ਨੂੰ ਨਹੀਂ ਛੱਡਦਾ[41], ਅਤੇ ਉਸ ਨਾਲ ਗਿਝ[42] ਜਾਂਦਾ ਹੈ।

ਜਾਸੁ ਜਪਤ ਕਈ[43]ਬੈਕੁੰਠ[44] ਵਾਸੁ[45] ॥

By remembering whom, many[43] acquire abode[45] in heaven[44].

ਜਿਸ ਦਾ ਸਿਮਰਨ ਕਰਨ ਦੁਆਰਾ ਘਨੇਰੇ[43] ਸੁਰਗ[44] ਵਿਚ ਵਾਸਾ[45] ਪਾ ਲੈਂਦੇ ਹਨ।

ਜਾਸੁ ਜਪਤ ਸੁਖ[46]ਸਹਜਿ[47] ਨਿਵਾਸੁ[48] ॥੫॥

By remembering whom, one easily[47] dwells[48] in peace[46].

ਜਿਸ ਦਾ ਸਿਮਰਨ ਕਰਨ ਦੁਆਰਾ, ਬੰਦਾ ਸੁਖੈਨ[47] ਹੀ ਆਰਾਮ[46] ਵਿਚ ਵਸਦਾ[48] ਹੈ।

ਜਾਸੁ ਜਪਤ ਇਹ ਅਗਨਿ[49] ਨ ਪੋਹਤ[50] ॥	By remembering whom, this fire[49] affects[50] not.	ਜਿਸ ਦਾ ਸਿਮਰਨ ਕਰਨ ਦੁਆਰਾ, ਇਹ ਅੱਗ[49] ਅਸਰ[50] ਨਹੀਂ ਕਰਦੀ।
ਜਾਸੁ ਜਪਤ ਇਹੁ ਕਾਲੁ[51] ਨ ਜੋਹਤ[52] ॥	By remembering whom, this death[51] stalks[52] not.	ਜਿਸ ਦਾ ਸਿਮਰਨ ਕਰਨ ਦੁਆਰਾ, ਇਹ ਮੌਤ[51] ਤਕਾਉਂਦੀ[52] ਨਹੀਂ।
ਜਾਸੁ ਜਪਤ ਤੇਰਾ ਨਿਰਮਲ[53] ਮਾਥਾ[54] ॥	By remembering whom, thy brow[54] shall become blotless[53].	ਜਿਸ ਦਾ ਸਿਮਰਨ ਕਰਨ ਦੁਆਰਾ, ਤੇਰਾ ਮੱਥਾ[54] ਬੇਦਾਗ਼[53] ਹੋ ਜਾਵੇਗਾ।
ਜਾਸੁ ਜਪਤ ਸਗਲਾ[55] ਦੂਖੁ[56] ਲਾਥਾ[57] ॥੬॥	By remembering whom, all[55] the distress[56] is destroyed[57].	ਜਿਸ ਦਾ ਸਿਮਰਨ ਕਰਨ ਦੁਆਰਾ, ਸਾਰਾ[55] ਦੁਖੜਾ[56] ਦੂਰ[57] ਹੋ ਜਾਂਦਾ ਹੈ।
ਜਾਸੁ ਜਪਤ ਮੁਸਕਲੁ[58] ਕਛੂ ਨ ਬਨੈ[59] ॥	By remembering whom, man faces[59] no difficulty[58].	ਜਿਸ ਦਾ ਸਿਮਰਨ ਕਰਨ ਦੁਆਰਾ, ਆਦਮੀ ਨੂੰ ਕੋਈ ਔਕੜ[58] ਪੇਸ਼[59] ਨਹੀਂ ਆਉਂਦੀ।
ਜਾਸੁ ਜਪਤ ਸੁਣਿ[60] ਅਨਹਤ ਧੁਨੈ[61] ॥	By remembering whom, one hears[60] the celestial strain[61].	ਜਿਸ ਦਾ ਸਿਮਰਨ ਕਰਨ ਦੁਆਰਾ, ਬੰਦਾ ਇਲਾਹੀ ਕੀਰਤਨ[61] ਸੁਣਦਾ[60] ਹੈ।
ਜਾਸੁ ਜਪਤ ਇਹ[62] ਨਿਰਮਲ[63] ਸੋਇ[64] ॥	By remembering whom, this[62] mortal comes to have pure[63] repute[64].	ਜਿਸ ਦਾ ਸਿਮਰਨ ਕਰਨ ਦੁਆਰਾ, ਇਸ[62] ਪ੍ਰਾਣੀ ਦੀ ਸ਼ੁਹਰਤ[64] ਪਵਿੱਤ੍ਰ[63] ਹੋ ਜਾਂਦੀ ਹੈ।
ਜਾਸੁਜਪਤ ਕਮਲੁ[65]ਸੀਧਾ[66] ਹੋਇ ॥੭॥	By remembering whom, the heart lotus[65] becomes upright[66].	ਜਿਸ ਦਾ ਸਿਮਰਨ ਕਰਨ ਦੁਆਰਾ, ਦਿਲ ਕੰਵਲ[65] ਸਿੱਧਾ[66] ਹੋ ਜਾਂਦਾ ਹੈ।
ਗੁਰਿ ਸੁਭ[67] ਦ੍ਰਿਸਟਿ[68] ਸਭ ਊਪਰਿ[69] ਕਰੀ[70] ॥ ਜਿਸ[71] ਕੈ ਹਿਰਦੈ[72] ਮੰਤ੍ਰੁ[73] ਦੇ[74] ਹਰੀ ॥	The Guru has cast[70] his benevolent[67] glance[68] on all[69], those, in whose mind[72] God has given[74] His Name[73].	ਗੁਰਾਂ ਨੇ ਆਪਣੀ ਸਰੇਸ਼ਟ[67] ਨਿਗ੍ਹਾ[68] ਉਨ੍ਹਾਂ ਸਾਰਿਆਂ[69] ਉਤੇ ਧਾਰੀ[70] ਹੈਂ, ਜਿਨ੍ਹਾਂ[71] ਦੇ ਰਿਦੇ[72] ਅੰਦਰ ਵਾਹਿਗੁਰੂ ਨੇ ਆਪਣਾ ਨਾਮ[73] ਦਿੱਤਾ[74] ਹੈ।
ਅਖੰਡ[75] ਕੀਰਤਨੁ[76] ਤਿਨਿ ਭੋਜਨੁ[77] ਚੂਰਾ[78] ॥ ਕਹੁ[79] ਨਾਨਕ ਜਿਸੁ ਸਤਿਗੁਰੁ ਪੂਰਾ[80] ॥੮॥੨॥	Says[79] Nanak, they who have the Perfect[80] True Guru as their guide, enjoy the incessant[75] lauding of praises[76] of the Lord as their food[77] and dainty[78].	ਨਾਨਕ ਜੀ ਫ਼ੁਰਮਾਉਂਦੇ[79] ਹਨ, ਜਿਨ੍ਹਾਂ ਦੇ ਪੂਰਨ[80] ਸੱਚੇ ਗੁਰੂ ਜੀ ਰਹਿਬਰ ਹਨ, ਉਹ ਸਾਹਿਬ ਦੇ ਲਗਾਤਾਰ[75] ਜੱਸ ਗਾਇਨ[76] ਕਰਨ ਨੂੰ ਆਪਣੀ ਖ਼ੁਰਾਕ[77] ਤੇ ਚੂਰਮੇ[78] ਵਜੋਂ ਮਾਣਦੇ ਹਨ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ।
ਗੁਰ ਕਾ ਸਬਦੁ[81] ਰਿਦ[82] ਅੰਤਰਿ[83] ਧਾਰੈ[84] ॥ ਪੰਚ[85] ਜਨਾ[86] ਸਿਉ[87] ਸੰਗੁ[88] ਨਿਵਾਰੈ[89] ॥ ਦਸ ਇੰਦ੍ਰੀ[91] ਕਰਿ ਰਾਖੈ ਵਾਸਿ[90] ॥	He who places[84] Guru's teaching[81] within[83] his heart[82], severs[89] connection[88] with[87] the five[85] passions[86] and keeps under his control[90] the ten (five sensory and five motor) organs[91],	ਜੋ ਗੁਰਾਂ ਦੇ ਉਪਦੇਸ਼[81] ਨੂੰ ਆਪਣੇ ਦਿਲ[82] ਅੰਦਰ[83] ਟਿਕਾਉਂਦਾ[84] ਹੈ, ਪੰਜੇ[85] ਵਿਸ਼ੇ ਵੇਗਾਂ[86] ਨਾਲ[87] ਆਪਣਾ ਸੰਬੰਧ[88] ਤੋੜ[89] ਲੈਂਦਾ ਹੈ, ਅਤੇ ਆਪਣੀ ਦਸੇ (ਪੰਜ ਗਿਆਨ ਤੇ ਪੰਜ ਕਰਮ) ਇੰਦਰੀਆਂ[91] ਨੂੰ ਆਪਣੇ ਕਾਬੂ[90] ਵਿਚ ਰਖਦਾ ਹੈ।
ਤਾਕੈ[92] ਆਤਮੈ[93] ਹੋਇ ਪਰਗਾਸੁ[94] ॥੧॥	Within his[92] mind[93], the Divine Light[94] shines.	ਉਸ[92] ਦੇ ਹਿਰਦੇ[93] ਅੰਦਰ ਰੱਬੀ ਨੂਰ[94] ਚਮਕਦਾ ਹੈ।
ਐਸੀ[95] ਦ੍ਰਿੜਤਾ[96] ਤਾਕੈ[97]	He[97] alone acquires such[96]	ਕੇਵਲ ਉਸ[97] ਨੂੰ ਹੀ ਐਹੋ ਜੇਹੀ[95] ਪਕਿਆਈ[96] ਪ੍ਰਾਪਤ

ਹੋਇ॥ ਜਾਕਉ[98] ਦਇਆ[99] ਮਇਆ[100] ਪ੍ਰਭ ਸੋਇ[2]॥੧॥ ਰਹਾਉ ॥	steadfastness[98], on whom[98] is the grace[99] and mercy[100] of that[2] Lord. Pause.	ਹੁੰਦੀ ਹੈ, ਜਿਸ[98] ਉਤੇ ਉਸ[2] ਸੁਆਮੀ ਦੀ ਕ੍ਰਿਪਾਲਤਾ[99] ਅਤੇ ਮਿਹਰਬਾਨੀ[100] ਹੁੰਦੀ ਹੈ। ਠਹਿਰਾਉ।
ਸਾਜਨੁ[3] ਦੁਸਟੁ[4] ਜਾਕੈ[5] ਏਕ ਸਮਾਨੈ[6] ॥	With him[5] a friend[3] and a foe[4] are alike[6].	ਉਸ ਦੇ ਲਈ[5] ਦੋਸਤ[3] ਅਤੇ ਦੁਸ਼ਮਨ[4] ਇਕ ਬਰਾਬਰ[6] ਹਨ।
ਜੇਤਾ[7] ਬੋਲਣੁ[8] ਤੇਤਾ[9] ਗਿਆਨੈ[10] ॥	Whatever[7] he speaks[8] all that[9] is wisdom[10].	ਜੋ ਕੁਛ[7] ਉਹ ਕਥਨ[8] ਕਰਦਾ ਹੈ ਉਹ ਸਭ[9] ਸਿਆਣਪ[10] ਹੈ।
ਜੇਤਾ ਸੁਨਣਾ ਤੇਤਾ ਨਾਮੁ ॥	Whatever he hears, all that is God's Name.	ਜੋ ਕੁਛ ਉਹ ਸੁਣਦਾ ਹੈ, ਉਹ ਸਮੂਹ ਹਰੀ ਦਾ ਨਾਮ ਹੈ।
ਜੇਤਾ ਪੇਖਨੁ ਤੇਤਾ ਧਿਆਨੁ[12] ॥੨॥	Whatever he sees, in all that is Lord's realisation[12].	ਜੋ ਕੁਛ ਉਹ ਵੇਖਦਾ, ਉਸ ਸਾਰੇ ਅੰਦਰ ਸਾਹਿਬ ਦੀ ਅਨੁਭਵਤਾ[12] ਹੈ।
ਸਹਜੇ[13]ਜਾਗਣੁ[14] ਸਹਜੇ ਹੀ ਸੋਇ[15] ॥	In peace[13] he is awake[14] and in peace sleeps[15].	ਆਰਾਮ[13] ਅੰਦਰ ਉਹ ਜਾਗਦਾ[14] ਹੈ ਤੇ ਆਰਾਮ ਅੰਦਰ ਸੌਂਦਾ[15] ਹੈ।
ਸਹਜੇ[16] ਹੋਤਾ ਜਾਇ[17] ਸੁ[18] ਹੋਇ[19] ॥	What is naturally[16] to happen[17], he is pleased with the happening[19] of that[18].	ਜੋ ਕੁਝ ਕੁਦਰਤੀ[16] ਹੋਣਾ[17] ਹੈ, ਉਹ ਉਸ[18] ਦੇ ਹੋਣ[19] ਉਤੇ ਪ੍ਰਸੰਨ ਹੈ।
ਸਹਜਿ[20] ਬੈਰਾਗੁ[21] ਸਹਜੇ ਹੀ ਹਸਨਾ[22] ॥	In poise[20] he weeps[21] and in poise laughs[22].	ਅਡੋਲਤਾ[20] ਵਿਚ ਉਹ ਰੋਂਦਾ[21] ਹੈ ਤੇ ਅਡੋਲਤਾ ਵਿਚ ਹੀ ਹਸਦਾ[22] ਹੈ।
ਸਹਜੇ[23] ਚੁਪ[24] ਸਹਜੇ ਹੀ ਜਪਨਾ[25] ॥੩॥	In peace[23] he remains silent[24] and in place he repeats[25] God's Name.	ਠੰਢ[23]-ਚੈਨ ਅੰਦਰ ਚੁਪ ਚਾਪ[24] ਰਹਿੰਦਾ ਹੈ ਅਤੇ ਠੰਢ-ਚੈਨ ਅੰਦਰ ਹੀ ਹਰੀ ਦੇ ਨਾਮ ਨੂੰ ਉਚਾਰਦਾ[25] ਹੈ।
ਸਹਜੇ[26] ਭੋਜਨੁ[27] ਸਹਜੇ ਭਾਉ[28] ॥	With natural ease[26] he takes food[27] and with natural ease he loves[28] the Lord.	ਕੁਦਰਤੀ ਆਰਾਮ[26] ਨਾਲ ਉਹ ਖਾਣਾ[27] ਖਾਂਦਾ ਹੈ ਅਤੇ ਕੁਦਰਤੀ ਆਰਾਮ ਨਾਲ ਹੀ ਉਹ ਪ੍ਰਭੂ ਨੂੰ ਪਰੇਮ[28] ਕਰਦਾ ਹੈ।
ਸਹਜੇ[29]ਮਿਟਿਓ[30] ਸਗਲ[31] ਦੁਰਾਉ[32] ॥	His screen of ignorance[32] is all[31] removed[30], automatically[29].	ਉਸ ਦਾ ਅਗਿਆਨ ਦਾ ਪੜਦਾ[32] ਸੁਭਾਵਕ[29] ਹੀ ਸਭ[31] ਦੂਰ[30] ਹੋ ਜਾਂਦਾ ਹੈ।
ਸਹਜੇ[33] ਹੋਆ[34] ਸਾਧੂ ਸੰਗੁ[35]॥	He easily[33] meets[34] the society of Saints[35].	ਉਹ ਸੁਖੈਨ[33] ਹੀ, ਸਤਿਸੰਗਤ[35] ਨਾਲ ਜੁੜ[34] ਜਾਂਦਾ ਹੈ।
ਸਹਜਿ[36] ਮਿਲਿਓ[37] ਪਾਰ-ਬ੍ਰਹਮੁ[38] ਨਿਸੰਗੁ[39] ॥੪॥	Peacefully[36], he meets[37] the Trancendent[38] Lord, without hitch[39].	ਅਡੋਲ[36] ਹੀ, ਉਹ ਉਤਕ੍ਰਿਸ਼ਟਤ[38] ਸਾਹਿਬ ਨੂੰ ਬੇਰੋਕ[39] ਮਿਲ[37] ਪੈਂਦਾ ਹੈ।
ਸਹਜੇ[40] ਗ੍ਰਿਹ[41] ਮਹਿ[42] ਸਹਜਿ ਉਦਾਸੀ[43] ॥	In equipoise[40] he is in[42] home[41], and in equipose he remains detached[43].	ਅਡੋਲਤਾ[40] ਅੰਦਰ ਉਹ ਘਰ[41] ਵਿਚ[42] ਹੈ ਅਤੇ ਅਡੋਲਤਾ ਅੰਦਰ ਹੀ ਉਹ ਨਿਰਲੇਪ[43] ਰਹਿੰਦਾ ਹੈ।
੨੩੭	237	੨੩੭
ਸਹਜੇ[44] ਦੁਬਿਧਾ[45] ਤਨ[46] ਕੀ ਨਾਸੀ[47] ॥	His body's[46] double-mindedness[45] is easily[44] destroyed[47].	ਉਸ ਦੀ ਦੇਹਿ[46] ਦਾ ਦੁਚਿੱਤਾਪਣ[45] ਸੁਖੈਨ[44] ਹੀ, ਨਾਸ[47] ਹੋ ਜਾਂਦਾ ਹੈ।

ਜਾਕੈ ਸਹਜਿ[48] ਮਨਿ ਭਇਆ[49] ਅਨੰਦੁ[50] ॥	Happiness[50] dawns[49] in the mind of him, who possesses the Divine[48] Knowledge.	ਖ਼ੁਸ਼ੀ[50] ਉਸ ਦੇ ਚਿੱਤ ਵਿਚ ਉਦੇ[49] ਹੋ ਆਉਂਦੀ ਹੈ, ਜਿਸ ਦੇ ਪੱਲੇ ਬ੍ਰਹਿਮ[48]-ਗਿਆਨ ਹੈ ।
ਤਾਕਉ[54] ਭੇਟਿਆ[51] [52]ਪਰਮਾਨੰਦੁ[53] ॥੫॥	Him[54] meets[51] Lord, the Embodiment of Supreme[52] Joy[53].	ਉਸ ਨੂੰ[54] ਪਰਮ[52] ਪਰਸ਼ੰਨਤਾ[53] ਸਰੂਪ ਸਾਹਿਬ ਮਿਲ[51] ਪੈਂਦਾ ਹੈ ।
ਸਹਜੇ[57] ਅੰਮ੍ਰਿਤੁ[55] ਪੀਓ[56] ਨਾਮੁ ॥	Instinctively[57] he quaffs[56] the Name Nectar[55].	ਸੁਭਾਵਕ[57] ਹੀ ਉਹ ਨਾਮ ਸੁਧਾਰਸ[55] ਨੂੰ ਪਾਨ[56] ਕਰਦਾ ਹੈ ।
ਸਹਜੇ ਕੀਨੋ[58] ਜੀਅ[59] ਕੋ ਦਾਨੁ[60] ॥	Instinctively he gives[58] alms[60] to the needy beings[59].	ਸੁਭਾਵਕ ਹੀ ਉਹ ਲੋੜਵੰਦੇ ਜੀਵਾਂ[59] ਨੂੰ ਖ਼ੈਰਾਤ[60] ਦਿੰਦਾ[58] ਹੈ ।
ਸਹਜ[61] ਕਥਾ[62] ਮਹਿ[63] ਆਤਮੁ[64] ਰਸਿਆ[65] ॥	In[63] Lord's[61] discourse[62] his soul[64] takes delight[65].	ਪ੍ਰਭੂ[61] ਦੀ ਕਥਾਵਾਰਤਾ[62] ਅੰਦਰ[63] ਉਸ ਦੀ ਜਿੰਦੜੀ[64] ਸੁਆਦ ਲੈਂਦੀ[65] ਹੈ ।
ਜਾਕੈ[66]ਸੰਗਿ[67] ਅਬਿਨਾਸੀ[68] ਵਸਿਆ[69] ॥੬॥	With[67] him[66] abides[69] the Eternal[68] Lord.	ਉਸ ਦੇ[66] ਨਾਲ[67] ਅਮਰ[68] ਠਾਕੁਰ ਵਸਦਾ[69] ਹੈ ।
ਸਹਜੇ[70] ਆਸਣੁ[71] ਅਸਥਿਰੁ[72] ਭਾਇਆ[73] ॥	Easily[70] he acquires fancy[73] for the Eternal[72] Abode[71].	ਸਦੀਵੀ ਸਥਿਰ[72] ਟਿਕਾਣਾ[71], ਸੁਖੈਨ[70] ਹੀ ਉਸ ਨੂੰ ਚੰਗਾ ਲਗਣ[73] ਲੱਗ ਜਾਂਦਾ ਹੈ ।
ਸਹਜੇ[74] ਅਨਹਤ ਸਬਦੁ[75] ਵਜਾਇਆ[76] ॥	Heavenly music[75], naturally[74] plays[76] for him.	ਕੁਦਰਤੀ ਤੌਰ[74] ਤੇ ਉਸ ਲਈ ਬੈਕੁੰਠੀ ਕੀਰਤਨ[75] ਹੁੰਦਾ[76] ਹੈ ।
ਸਹਜੇ[77] ਰੁਣਝੁਣਕਾਰੁ[78] ਸੁਹਾਇਆ[79] ॥	The melodious sound[78] of the bells within, automatically[77], embellishes[79] him.	ਅੰਦਰਵਾਰ ਦੀਆਂ ਕੈਂਸੀਆਂ ਦੀ ਸੁਰੀਲੀ ਧੁਨ[78], ਸੁਭਾਵਕ[77] ਹੀ ਉਸ ਨੂੰ ਸੁਭਾਇਮਾਨ[79] ਕਰ ਦਿੰਦੀ ਹੈ ।
ਤਾਕੈ[80]ਘਰਿ[81] ਪਾਰਬ੍ਰਹਮੁ[82] ਸਮਾਇਆ[83] ॥੭॥	Within his[80] home[81] abides[83] the Supreme Lord[82].	ਉਸ[80] ਦੇ ਗ੍ਰਹਿ[81] ਅੰਦਰ ਸ਼੍ਰੋਮਣੀ ਸਾਹਿਬ[82] ਵਸਦਾ[83]ਹੈ।
ਸਹਜੇ[84]ਜਾਕਉ[90] ਪਰਿਓ[85] ਕਰਮਾ[86] ॥	To whose[90] lot[86], the writ to meet the Lord[84] has fallen[85],	ਜਿਸ[90] ਦੇ ਭਾਗਾਂ[86] ਵਿਚ ਸਾਹਿਬ[84] ਨੂੰ ਮਿਲਣ ਦੀ ਲਿਖਤਾਕਾਰ ਪਈ[85] ਹੋਈ ਹੈ,
ਸਹਜੇ[87]ਗੁਰੁ ਭੇਟਿਓ[88] ਸਚੁ ਧਰਮਾ[89] ॥	He, easily[87], meets[88] the Guru of the True faith[89].	ਉਹ ਸੁਖੈਨ[87] ਹੀ, ਸੱਚੇ ਈਮਾਨ[89] ਵਾਲੇ ਗੁਰਾਂ ਨੂੰ ਮਿਲ[88] ਪੈਂਦਾ ਹੈ ।
ਜਾਕੈ[95] ਸਹਜੁ[91] ਭਇਆ[92] ਸੋ[93] ਜਾਣੈ[94] ॥	He[93] alone realises[94] God, who[95] is blessed[92] with Divine Knowledge[91].	ਕੇਵਲ ਉਹੀ[93] ਵਾਹਿਗੁਰੂ ਨੂੰ ਅਨੁਭਵ[94] ਕਰਦਾ ਹੈ, ਜਿਸ[95] ਨੂੰ ਬ੍ਰਹਿਮ-ਗਿਆਨ[91] ਦੀ ਦਾਤ ਪ੍ਰਾਪਤ[92]ਹੋਈ ਹੈ।
ਨਾਨਕ ਦਾਸ[96] ਤਾਕੈ[97] ਕੁਰਬਾਣੈ[98] ॥੮॥੩॥	Servant[96] Nanak is a sacrifice[98] unto him[97].	ਨੌਕਰ[96] ਨਾਨਕ ਉਸ[97] ਉਤੋਂ ਬਲਿਹਾਰ[98] ਜਾਂਦਾ ਹੈ ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ ।
ਪ੍ਰਥਮੇ[99] ਗਰਭ[100] ਵਾਸ[2] ਤੇ[3] ਟਰਿਆ[4] ॥	Firstly[99], man issues[4] from[3] dwelling[2] in the womb[100].	ਪਹਿਲਾਂ[99], ਆਦਮੀ ਬੱਚੇਦਾਨੀ[100] ਦੇ ਵਸੇਬੇ[2] ਤੋਂ[3] ਬਾਹਰ ਆਉਂਦਾ[4] ਹੈ ।
ਪੁਤ੍ਰ[5] ਕਲਤ੍ਰ[6] ਕੁਟੰਬ[7] ਸੰਗਿ[8] ਜੁਰਿਆ[9] ॥	Afterwards he attaches[9] himself to[8] his sons[5], wife[6] and family[7].	ਮਗਰੋਂ ਉਹ ਆਪਣੇ ਆਪ ਨੂੰ ਆਪਣੇ ਬੇਟਿਆਂ[5], ਵਹੁਟੀ[6] ਅਤੇ ਪਰਵਾਰ[7] ਨਾਲ[8] ਜੋੜ[9] ਲੈਂਦਾ ਹੈ ।

ਭੋਜਨੁ[10] ਅਨਿਕ[12] ਪ੍ਰਕਾਰ[13] ਬਹੁ[14] ਕਪਰੇ[15] ॥ ਸਰਪਰ[16] ਗਵਨੁ[17] ਕਰਹਿਗੇ ਬਪੁਰੇ[18]॥ ੧ ॥	The dishes[10] of many[12] sorts[13] and varied[14] dresses[15], shall, assuredly[16], pass away[17], O wretched[18] man.	ਬਹੁਤੀਆਂ[12] ਕਿਸਮਾਂ[13] ਦੇ ਖਾਣੇ[10] ਤੇ ਅਨੇਕਾਂ[14] ਪੁਸ਼ਾਕਾਂ[15] ਨਿਸਚਿਤ[16] ਹੀ, ਚਲੇ ਜਾਣਗੇ[17], ਹੇ ਬਦਬਖ਼ਤ[18] ਬੰਦੇ !
ਕਵਨੁ[19] ਅਸਥਾਨੁ[20] ਜੋ[21] ਕਬਹੁ ਨ ਟਰੈ[22] ॥	Which[19] is the place[20], that[21] never perishes[22] ?	ਕਿਹੜੀ[19] ਥਾਂ[20] ਹੈ ਜਿਹੜੀ[21] ਕਦਾਚਿੱਤ ਨਾਸ[22] ਨਹੀਂ ਹੁੰਦੀ ?
ਕਵਨੁ ਸਬਦੁ[23] ਜਿਤੁ[24] [25]ਦੁਰਮਤਿ[26] ਹਰੈ[27] ॥੧॥ ਰਹਾਉ ॥	What Word[23] is that by which[24] evil[25] intellect[26] is removed[27]? Pause.	ਉਹ ਕਿਹੜੀ ਬਾਣੀ[23] ਹੈ, ਜਿਸ ਦੁਆਰਾ[24] ਖੋਟੀ[25] ਬੁੱਧੀ[26] ਦੂਰ[27] ਹੋ ਜਾਂਦੀ ਹੈ। ਠਹਿਰਾਓ।
ਇੰਦ੍ਰਪੁਰੀ[28] ਮਹਿ[29] ਸਰਪਰ[30] ਮਰਣਾ[31] ॥	In[29] the realm[28] of Indar, death[31] is sure and certain[30].	ਇੰਦ੍ਰ-ਲੋਕ[28] ਵਿਚ[29] ਮੌਤ[31] ਯਕੀਨੀ ਤੇ ਲਾਜ਼ਮੀ[30] ਹੈ।
ਬ੍ਰਹਮਪੁਰੀ ਨਿਹਚਲੁ[32] ਨਹੀ ਰਹਣਾ ॥	The realm of Brahma is not to remain permanent[32].	ਬ੍ਰਹਮਾ ਦਾ ਲੋਕ ਵੀ ਮੁਸਤਕਿਲ[32] ਨਹੀਂ ਰਹਿਣਾ।
ਸਿਵਪੁਰੀ ਕਾ ਹੋਇਗਾ ਕਾਲਾ[33] ॥	The realm of Shiva shall do perish[33].	ਸ਼ਿਵ-ਲੋਕ ਵੀ ਬਿਨਸ[33] ਜਾਏਗਾ।
ਤ੍ਰੈ[34] ਗੁਣ[35] ਮਾਇਆ[36] ਬਿਨਸਿ[37] ਬਿਤਾਲਾ[38] ॥੨॥	The mammon[36] with three[34] qualities[35] and the demons[38] shall vanish[37].	ਤਿੰਨਾਂ[34] ਲੱਛਣਾਂ[35] ਵਾਲੀ ਮੋਹਨੀ[36] ਅਤੇ ਭੂਤਨੇ[38] ਅਲੋਪ[37] ਹੋ ਜਾਣਗੇ।
ਗਿਰਿ[39] ਤਰ[40] ਧਰਣਿ[41] ਗਗਨ[42] ਅਰੁ[43] ਤਾਰੇ[44] ॥ ਰਵਿ[45] ਸਸਿ[46] ਪਵਣੁ[47] ਪਾਵਕੁ[48] ਨੀਰਾਰੇ[49] ॥ ਦਿਨਸੁ[50] ਰੈਣਿ[51] ਬਰਤ[52] ਅਰੁ ਭੇਦਾ[53] ॥ ਸਾਸਤ ਸਿੰਮ੍ਰਿਤਿ ਬਿਨਸਹਿਗੇ[54] ਬੇਦਾ ॥੩॥	The mountain[39], trees[40], the earth[41], the sky[42] and[43] the stars[44], the sun[45], the moon[46], wind[47], fire[48], and water[49]; the day[50], the night[51], the fasting[52] and their differentiation[53], the Shashtras, the Simritis and the Vedas all shall pass away[54].	ਪਹਾੜ[39] ਬ੍ਰਿਛ[40], ਧਰਤੀ[41], ਅਸਮਾਨ[42] ਅਤੇ[43] ਸਤਾਰੇ[44]; ਸੂਰਜ[45], ਚੰਦਰਮਾ[46], ਹਵਾ[47], ਅਗ[48] ਅਤੇ ਪਾਣੀ[49]; ਦਿਨ[50], ਰਾਤ[51], ਉਪਹਾਸ[52] ਅਤੇ ਉਹਨਾਂ ਦੇ ਫ਼ਰਕ[53]; ਸ਼ਾਸਤਰ, ਸਿੰਮਰਤੀਆਂ ਅਤੇ ਵੇਦ ਸਭ ਨਾਸ[54] ਹੋ ਜਾਣਗੇ।
ਤੀਰਥ[55] ਦੇਵ[56] ਦੇਹੁਰਾ[57] ਪੋਥੀ[58] ॥ਮਾਲਾ[59]ਤਿਲਕੁ[60] ਸੋਚ[61] ਪਾਕ[62] ਹੋਤੀ[63] ॥ ਧੋਤੀ[64] ਡੰਡਉਤਿ[65] ਪਰਸਾਦਨ[66] ਭੋਗਾ[67] ॥ ਗਵਨੁ[68] ਕਰੈਗੋ ਸਗਲੋ[69] ਲੋਗਾ[70] ॥੪॥	Places of pilgrimage[55], gods[56], temples[57] and books[58], rosaries[59], frontal marks[60], the reflectives[61], the pure[62] and the performers of burnt offerings[63]; loin clothes[64], prostations[65], provision[66] and revelments[67]; all these things and all[69] the men[70] shall pass away[68].	ਧਰਮ ਅਸਥਾਨ[55], ਦੇਵਤੇ[56], ਮੰਦਰ[57] ਅਤੇ ਪੁਸਤਕਾਂ[58] ਜਪਨੀਆਂ[59], ਟਿਕੇ[60], ਵਿਚਾਰਵਾਨ[61], ਪਵਿੱਤ੍ਰ[62] ਅਤੇ ਹਵਨ ਕਰਨ ਵਾਲੇ[63], ਤੇੜ ਦੇ ਕਪੜੇ[64], ਲੰਮੇ-ਪੈ ਨਿਸ਼ਮਕਾਰਾਂ[65], ਅੰਨ-ਦਾਨ[66] ਤੇ ਰੰਗ-ਰਲੀਆਂ[67], ਇਹ ਸਮੂਹ ਚੀਜ਼ਾਂ ਅਤੇ ਸਾਰੇ[69] ਆਦਮੀ[70] ਟੁਰ ਜਾਣਗੇ[68]।
ਜਾਤਿ[71] ਵਰਨ[72] ਤੁਰਕ[73]	The castes[71], races[72], Musalmans[73]	ਜਾਤੀਆਂ[71], ਨਸਲਾਂ[72], ਮੁਸਲਮਾਨ[73] ਅਤੇ ਹਿੰਦੂ,

ਅਰੁ ਹਿੰਦੂ ॥ ਪਸੁ[74] ਪੰਖੀ[75] ਅਨਿਕ[76]ਜੋਨਿ[77] ਜਿੰਦੂ[78] ॥	and Hindus; the beasts[74], birds[75], and sentient[78] beings[77] of various[76] varieties;	ਡੰਗਰ[74], ਪੰਛੀ[75] ਅਤੇ ਘਨੇਰੀਆਂ[76] ਕਿਸਮਾਂ ਦੇ ਪ੍ਰਾਣਧਾਰੀ[78] ਜੀਵ[77],
ਸਗਲ[79] ਪਾਸਾਰੁ[80] ਦੀਸੈ[81] ਪਾਸਾਰਾ[82] ॥ ਬਿਨਸਿ[83] ਜਾਇਗੋ ਸਗਲ[84] ਆਕਾਰਾ[85] ॥੫॥	The entire[79] World[80]and the creation[82] which comes[81] to view, these all[84] forms of existence[85] shall perish[83].	ਤਮਾਮ[79] ਸੰਸਾਰ[80] ਅਤੇ ਰਚਨਾ[82] ਜੋ ਦਿਸ[81] ਆਉਂਦੀ ਹੈ, ਹਸਤੀ[85] ਦੇ ਇਹ ਸਾਰੇ[84] ਸਰੂਪ ਤਬਾਹ[83] ਹੋ ਜਾਣਗੇ।
ਸਹਜ[86] ਸਿਫਤਿ[87]ਭਗਤਿ[88] ਤਤੁ[89] ਗਿਆਨਾ[90]॥ਸਦਾ[91] ਅਨੰਦੁ[92] ਨਿਹਚਲੁ[93] ਸਚੁ ਥਾਨਾ[94] ॥	By Lord's[86] praise[87], His devotional service[88] and the real[89] Divine Knowledge[90], man attains Eternal[91] Bliss[92] and immovable[93] true seat[94].	ਸਾਹਿਬ[86] ਦੀ ਕੀਰਤੀ[87], ਉਸ ਦੀ ਪ੍ਰੇਮ-ਮਈ[88] ਸੇਵਾ ਅਤੇ ਯਥਾਰਥ[89] ਬ੍ਰਹਿਮ-ਬੋਧ[90] ਦੁਆਰਾ ਇਨਸਾਨ ਸਦੀਵੀ[91] ਪਰਸੰਨਤਾ[92] ਅਤੇ ਅਹਿੱਲ[93] ਸੱਚਾ ਟਿਕਾਣਾ[94] ਪਾ ਲੈਂਦਾ ਹੈ।
ਤਹਾ[95]ਸੰਗਤਿ[98]ਸਾਧਗੁਣ[96] ਰਸੈ[97] ॥	There[95], in the Saints congregation[98], he lovingly[97] sings God's praises[96].	ਉਥੇ[95] ਸਤਿ-ਸੰਗਤ[98] ਅੰਦਰ ਉਹ ਪਿਆਰ ਨਾਲ[97] ਵਾਹਿਗੁਰੂ ਦਾ ਜੱਸ[96] ਗਾਇਨ ਕਰਦਾ ਹੈ।
[99]ਅਨਭਉ[100]ਨਗਰੁ[2] ਤਹਾ[3] ਸਦ[4] ਵਸੈ[5] ॥੬॥	There[3], he ever[4] abides[5] in the [100]fearless[99] city[2].	ਉਥੇ[3] ਉਹ ਹਮੇਸ਼ਾ[4] ਡਰ[100]-ਰਹਿਤ[99] ਸ਼ਹਿਰ[2] ਵਿੱਚ ਰਹਿੰਦਾ[5] ਹੈ।
ਤਹ[6] ਭਉ[7] ਭਰਮਾ[8] ਸੋਗੁ[9] ਨ ਚਿੰਤਾ[10] ॥	There is no fear[7], doubt[8], mourning[9] and anxiety[10] there[6].	ਉਥੇ[6] ਕੋਈ ਡਰ[7], ਸੰਦੇਹ[8] ਮਾਤਮ[9] ਅਤੇ ਫ਼ਿਕਰ ਅੰਦੇਸ਼ਾ[10] ਨਹੀਂ।
ਆਵਣੁ[12] ਜਾਵਣੁ[13] ਮਿਰਤੁ[14] ਨ ਹੋਤਾ ॥	No coming[12], going[13], and death[14] is there.	ਉਥੇ ਕੋਈ ਆਗਮਨ[12], ਗਵਨ[13] ਅਤੇ ਮੌਤ[14] ਨਹੀਂ।
ਤਹ[15] ਸਦਾ[17] ਅਨੰਦ[18] ਅਨਹਤ[19] ਆਖਾਰੇ[20] ॥	There is for ever[17] joy[18] and theatre[20] of spontaneous music[19] there[15].	ਉਥੇ[15] ਹਮੇਸ਼ਾ[17] ਲਈ ਖ਼ੁਸ਼ੀ[18] ਅਤੇ ਸੁਤੇ-ਸਿਧ ਕੀਰਤਨ[19] ਦੇ ਅਖਾੜੇ[20] ਹਨ।
ਭਗਤ[21]ਵਸਹਿ[22]ਕੀਰਤਨ[23] ਆਧਾਰੇ[24] ॥੭॥	The devoted slaves[21] of God abide[22] there, and singing of Lord's praises[23] is their sustenance[24].	ਰੱਬ ਦੇ ਜਾਨਿਸਾਰ ਗੁਮਾਸ਼ਤੇ[21] ਉਥੇ ਰਹਿੰਦੇ[22] ਹਨ ਅਤੇ ਸਾਂਈ ਦਾ ਜੱਸ ਗਾਇਨ[23] ਕਰਨਾ ਉਨ੍ਹਾਂ ਦਾ ਆਹਾਰ[24] ਹੈ।
ਪਾਰਬ੍ਰਹਮ[25] ਕਾ ਅੰਤੁ[26] ਨ ਪਾਰੁ[27] ॥	Of the Supreme[25] Lord, there is no end[26] and limit[27].	ਸ਼ਰੋਮਣੀ[25] ਸਾਹਿਬ ਦਾ ਕੋਈ ਓੜਕ[26] ਅਤੇ ਹੱਦਬੰਨਾ[27] ਨਹੀਂ।
ਕਉਣੁ[28] ਕਰੈ[29] ਤਾਕਾ[30] ਬੀਚਾਰੁ[31] ॥	Who[28] can embrace[29] His[30] contemplation[31] ?	ਉਸ[30] ਦੇ ਧਿਆਨ[31] ਨੂੰ ਕੌਣ[28] ਧਾਰ[29] ਸਕਦਾ ਹੈ ?
ਕਹੁ[32] ਨਾਨਕ ਜਿਸੁ[33] ਕਿਰਪਾ[34] ਕਰੈ[35] ॥ ਨਿਹਚਲ[36] ਥਾਨੁ[37] ਸਾਧ-ਸੰਗਿ[38] ਤਰੈ[39] ॥੮॥੪॥	Says[32] Nanak, he, to whom[33] the Lord shows[35] mercy[34], is delivered[39] through the guild of Saints[38], and attains to the Imperishable[36]Abode[37].	ਗੁਰੂ ਜੀ ਫ਼ੁਰਮਾਉਂਦੇ[32] ਹਨ, ਜੀਹਦੇ[33] ਤੇ ਸਾਹਿਬ ਮਿਹਰ[34] ਧਾਰਦਾ[35] ਹੈ ਉਹ ਸਤਿਸੰਗਤ[38] ਰਾਹੀਂ ਪਾਰ[39] ਉਤਰ ਜਾਂਦਾ ਹੈ ਅਤੇ ਅਟੱਲ[36] ਟਿਕਾਣੇ[37] ਨੂੰ ਪ੍ਰਾਪਤ ਹੋ ਜਾਂਦਾ ਹੈ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ।
ਜੋ[44] ਇਸੁ[40] ਮਾਰੇ[41] ਸੋਈ[42] ਸੂਰਾ[43] ॥	He[42], who[44] kills[41] this[40], is a hero[43].	ਜਿਹੜਾ[44] ਇਸ[40] ਨੂੰ ਮਾਰ ਮੁਕਾਉਂਦਾ[41] ਹੈ, ਉਹੀ[42] ਸੂਰਮਾ[43] ਹੈ।

ਜੋ ਇਸੁ ਮਾਰੇ ਸੋਈ ਪੂਰਾ[45]॥ He, who kills it, is perfect[45]. ਜਿਹੜਾ ਇਸ ਨੂੰ ਮਾਰ ਮੁਕਾਉਂਦਾ ਹੈ, ਉਹੀ ਪੂਰਨ[45] ਹੈ।

ਜੋ ਇਸੁ ਮਾਰੇ ਤਿਸਹਿ ਵਡਿਆਈ[46] ॥ He, who kills it, obtains glory[46]. ਜਿਹੜਾ ਇਸ ਨੂੰ ਮਾਰ ਮੁਕਾਉਂਦਾ ਹੈ ਉਹ ਪ੍ਰਭੁਤਾ[46] ਪਾ ਲੈਂਦਾ ਹੈ।

ਜੋ ਇਸੁ ਮਾਰੇ ਤਿਸ ਕਾ ਦੂਖੁ[47] ਜਾਈ[48] ॥੧॥ He, who kills it is freed[48] from suffering[47]. ਜਿਹੜਾ ਇਸ ਨੂੰ ਮਾਰ ਮੁਕਾਉਂਦਾ ਹੈ, ਉਹ ਕਸ਼ਟ[47] ਤੋਂ ਖਲਾਸੀ[48] ਪਾ ਜਾਂਦਾ ਹੈ।

ਐਸਾ[49] ਕੋਇ[50] ਜਿ[51] ਦੂਬਿਧਾ[52]ਮਾਰਿ[53]ਗਵਾਵੈ[54]॥ Rare[50] is such[49] a person, who[51] kills[53] and casts off[54] his duality[52]. ਕੋਈ ਵਿਰਲਾ[50] ਹੀ ਐਹੋ[49] ਜੇਹਾ ਪੁਰਸ਼ ਹੈ, ਜੋ[51]ਆਪਣੇ ਦਵੈਤ[52] ਭਾਵ ਨੂੰ ਮਾਰ[53] ਕੇ ਪਰੇ ਸੁਟ ਪਾਉਂਦਾ[54] ਹੈ।

ਇਸਹਿਮਾਰਿ ਰਾਜ[55] ਜੋਗੁ[56] ਕਮਾਵੈ[57] ॥੧॥ ਰਹਾਉ ॥ Killing it, he enjoys[57] the union[56] of the King[55]. Pause. ਇਸ ਨੂੰ ਮਾਰ ਕੇ ਉਹ ਪਾਤਸ਼ਾਹ[55] ਦੇ ਮਿਲਾਪ[56] ਨੂੰ ਮਾਣਦਾ[57] ਹੈ। ਠਹਿਰਾਉ।

੨੩੮ 238 ੨੩੮

ਜੋ ਇਸੁ ਮਾਰੇ ਤਿਸ ਕਉ[58] ਭਉ[59] ਨਾਹਿ ॥ He[58], who kills it, has no fear[59]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਸ[58] ਨੂੰ ਕੋਈ ਡਰ[59] ਨਹੀਂ।

ਜੋ ਇਸੁ ਮਾਰੇ ਸੁ ਨਾਮਿ ਸਮਾਹਿ[60] ॥ He, who kills it, is absorbed[60] in the Name. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਨਾਮ ਵਿਚ ਲੀਨ[60] ਹੋ ਜਾਂਦਾ ਹੈ।

ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ[61] ਬੁਝੈ[62] ॥ He, who kills it, has his desire[61] quenched[62]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਸ ਦੀ ਖ਼ਾਹਿਸ਼[61] ਮਿਟ[62] ਜਾਂਦੀ ਹੈ।

ਜੋ ਇਸੁ ਮਾਰੇ ਸੁ ਦਰਗਹ[63] ਸਿਝੈ[64] ॥੨॥ He, who kills it, is approved[64] in Lord's Court[63]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਸਾਂਈ ਦੇ ਦਰਬਾਰ[63] ਵਿਚ ਕਬੂਲ[64] ਹੋ ਜਾਂਦਾ ਹੈ।

ਜੋ ਇਸੁ ਮਾਰੇ ਸੋ ਧਨਵੰਤਾ[65] ॥ He, who kills it, becomes wealthy[65]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਅਮੀਰ[65] ਹੋ ਜਾਂਦਾ ਹੈ।

ਜੋ ਇਸੁ ਮਾਰੇ ਸੋ ਪਤਿਵੰਤਾ[66] ॥ He, who kills it, becomes worthy of honour[66]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਇੱਜ਼ਤ ਵਾਲਾ[66] ਹੋ ਜਾਂਦਾ ਹੈ।

ਜੋ ਇਸੁ ਮਾਰੇ ਸੋਈ ਜਤੀ[67]॥ He, who kills it, is rendered a celebate[67]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਕਾਮ-ਚੇਸ਼ਟਾ ਰਹਿਤ[67] ਹੋ ਜਾਂਦਾ ਹੈ।

ਜੋ ਇਸੁ ਮਾਰੇ ਤਿਸੁ ਹੋਵੈ ਗਤੀ[68] ॥੩॥ He, who kills it, attains to salvation[68]. ਜਿਹੜਾ ਇਸ ਨੂੰ ਨਸ਼ਟ ਕਰ ਦਿੰਦਾ ਹੈ, ਉਹ ਮੁਕਤੀ[68] ਪਾ ਲੈਂਦਾ ਹੈ।

ਜੋ ਇਸੁ ਮਾਰੇ ਤਿਸ ਕਾ ਆਇਆ[69] ਗਨੀ[70] ॥ The advent[69] of him, who kills it, is of account[70]. ਜਿਹੜਾ ਇਸ ਨੂੰ ਮਾਰ ਸੁਟਦਾ ਹੈ, ਉਸ ਦਾ ਆਗਮਨ[69] ਲੇਖੇ[70] ਵਿਚ ਹੈ।

ਜੋ ਇਸੁ ਮਾਰੇ ਸੁ ਨਿਹਚਲੁ[71] ਧਨੀ[72] ॥ He, who kills it, is stable[71] and opulent[72]. ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਹੀ ਸਥਿਰ[71] ਤੇ ਧਨਾਢ[72] ਹੈ।

ਜੋ ਇਸੁ ਮਾਰੇ ਸੋ [73]ਵਡਭਾਗਾ[74] ॥ He, who kills it, is indeed very[73] fortunate[74]. ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਹ ਅਤਿ[73] ਉਤਮ ਨਸੀਬਾਂ ਵਾਲਾ[74] ਹੈ।

ਜੋ ਇਸੁ ਮਾਰੇ ਸੁ ਅਨ[75]ਦਿਨੁ ਜਾਗਾ[76] ॥੪॥ He, who kills it, is wakeful[76], night[75] and day. ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਹ ਰਾਤ[75] ਦਿਨ ਖ਼ਬਰਦਾਰ[76] ਰਹਿੰਦਾ ਹੈ।

ਜੋ ਇਸੁ ਮਾਰੇ ਸੁ ਜੀਵਨ[77] ਮੁਕਤਾ[78] ॥	He, who kills it, is emancipated[78] in life[77].	ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਹ ਜੀਉਂਦਾ[77]ਹੀ ਮੁਕਤ[78] ਹੋ ਜਾਂਦਾ ਹੈ।
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥	He, who kills it, has pure way of life.	ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਸ ਦੀ ਜੀਵਨ ਗਤੀ ਪਵਿੱਤ੍ਰ ਹੈ!
ਜੋ ਇਸੁ ਮਾਰੇ ਸੋਈ ਸੁ-[79] ਗਿਆਨੀ[80] ॥	He, who kills it, is a good[79] divine[80].	ਜਿਹੜਾ ਇਸ ਨੂੰ ਤਬਾਹ ਕਰਦਾ ਹੈ, ਉਹ ਚੰਗਾ[79] ਬ੍ਰਹਿਮ ਬੀਚਾਰੀ[80] ਹੈ।
ਜੋ ਇਸੁ ਮਾਰੇ ਸੁ ਸਹਜ[81] ਧਿਆਨੀ[82] ॥੫॥	He, who kills it, is the visualiser[82] of the Lord[81].	ਜੋ ਇਸ ਨੂੰ ਨਾਸ ਕਰਦਾ ਹੈ, ਉਹ ਪ੍ਰਭੂ[81] ਦਾ ਵੀਚਾਰਵਾਨ[82] ਹੈ।
ਇਸੁ ਮਾਰੀ ਬਿਨੁ[83]ਥਾਇ[84] ਨ ਪਰੈ ॥ ਕੋਟਿ[85] ਕਰਮ[86] ਜਾਪ[87] ਤਪ[88] ਕਰੈ[89] ॥	Without[83] killing this love of another, man becomes not acceptable[84], even though he may perform[89] millions[85] of rituals[86]; worship[87] and austerities[88].	ਇਸ ਹੋਰਸ ਦੀ ਪ੍ਰੀਤ ਨੂੰ ਨਾਸ ਕਰਨ ਦੇ ਬਗੈਰ[83] ਬੰਦਾ ਕਬੂਲ[84] ਨਹੀਂ ਪੈਂਦਾ, ਭਾਵੇਂ ਉਹ ਕ੍ਰੋੜਾਂ[85] ਹੀ ਕਰਮਕਾਂਡ[86], ਉਪਾਸ਼ਨਾ[87] ਅਤੇ ਤਪੱਸਿਆ[88] ਪਿਆ ਕਰੇ[89]।
ਇਸੁ ਮਾਰੀ ਬਿਨੁ ਜਨਮੁ[90] ਨ ਮਿਟੈ[91] ॥	Without killing it, one's being born[90] ceases[91] not.	ਇਸ ਨੂੰ ਨਾਸ ਕਰਨ ਦੇ ਬਗੈਰ ਜੀਵ ਦਾ ਜੰਮਣਾ[90] ਮੁਕਦਾ[91] ਨਹੀਂ।
ਇਸ ਮਾਰੀ ਬਿਨੁ ਜਮ[92] ਤੇ ਨਹੀ ਛੂਟੈ[93] ॥੬॥	Without killing it, man escapes[93] not from death[92].	ਇਸ ਨੂੰ ਨਾਸ ਕਰਨ ਦੇ ਬਗੈਰ, ਆਦਮੀ ਮੌਤ[92] ਤੋਂ ਨਹੀਂ ਬਚ[93] ਸਕਦਾ।
ਇਸੁ ਮਾਰੀ ਬਿਨੁ ਗਿਆਨੁ[94] ਨ ਹੋਈ ॥	Without killing it, one obtains not Divine comprehension[94].	ਇਸ ਨੂੰ ਨਾਸ ਕੀਤੇ ਬਗੈਰ, ਆਦਮੀ ਨੂੰ ਹਰੀ ਦੀ ਗਿਆਤ[94] ਨਹੀਂ ਹੁੰਦੀ।
ਇਸੁ ਮਾਰੀ ਬਿਨੁ ਜੂਠਿ[95] ਨ ਧੋਈ[96] ॥	Without killing it, impurity[95] is not washed[96] off.	ਇਸ ਨੂੰ ਨਾਸ ਕੀਤੇ ਬਗੈਰ ਅਪਵਿੱਤ੍ਰਤਾ[95] ਧੋਤੀ[96] ਨਹੀਂ ਜਾਂਦੀ।
ਇਸੁ ਮਾਰੀ ਬਿਨੁ ਸਭੁ ਕਿਛੂ[97] ਮੈਲਾ[98] ॥	Without killing it, everything[97] remains defiled[98].	ਇਸ ਨੂੰ ਨਾਸ ਕੀਤੇ ਬਾਝੋਂ ਸਾਰਾ ਕੁਝ[97] ਪਲੀਤ[98] ਰਹਿੰਦਾ ਹੈ।
ਇਸੁ ਮਾਰੀ ਬਿਨੁ ਸਭੁ ਕਿਛੂ ਜਉਲਾ[99] ॥੭॥	Without killing it, everything is an entanglement[99].	ਇਸ ਨੂੰ ਨਾਸ ਕਰਨ ਦੇ ਬਗੈਰ, ਹਰ ਸ਼ੈ ਬੰਧਨ[99] ਰੂਪ ਹੈ।
ਜਾਕਉ[100] ਭਏ ਕ੍ਰਿਪਾਲ[2] ਕ੍ਰਿਪਾ[3] ਨਿਧਿ[4] ॥ ਤਿਸੁ[5] ਭਈ ਖਲਾਸੀ[6] ਹੋਈ ਸਗਲ[7] ਸਿਧਿ[8] ॥ ਗੁਰਿ ਦੁਬਿਧਾ[9] ਜਾਕੀ ਹੈ ਮਾਰੀ[14] ॥ ਕਹੁ ਨਾਨਕ ਸੋ[10] ਬ੍ਰਹਮ[12]ਬੀਚਾਰੀ[13]॥੮॥੫॥	Unto whom[100], the treasure[4] of kindness[3] becomes merciful[2], he[6] secures release[6] and attains all[7] perfection[8]. He, whose duality[9] has been destroyed[14]by the Guru, says Nanak, is the[10] Lord's[12] contemplator[13].	ਜਿਸ ਉਤੇ[100] ਰਹਿਮਤ[3] ਦਾ ਖ਼ਜ਼ਾਨਾ[4] ਮਿਹਰਬਾਨ[2] ਹੁੰਦਾ ਹੈ, ਉਸ[6] ਦਾ ਛੁਟਕਾਰਾ[6] ਹੋ ਜਾਂਦਾ ਹੈ ਅਤੇ ਉਹ ਮੁਕੰਮਲ[7] ਪੂਰਨਤਾ[8] ਨੂੰ ਪਾ ਲੈਂਦਾ ਹੈ। ਜਿਸ ਦਾ ਦਵੈਤ-ਭਾਵ[9] ਗੁਰਾਂ ਨੇ ਨਾਸ[14] ਕਰ ਦਿੱਤਾ ਹੈ, ਗੁਰੂ ਜੀ ਆਖਦੇ ਹਨ, ਉਹ[10] ਸਾਹਿਬ[12] ਦਾ ਸਿਮਰਨ ਕਰਨ ਵਾਲਾ[13] ਹੈ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ੫ਵੀਂ।
ਹਰਿ ਸਿਉ ਜੁਰੈ[14]* ਤ[15] ਸਭੁ ਕੋ ਮੀਤੁ[16] ॥	When man attaches[14]*himself to God, he then[15],finds a friend[16]in everybody.	ਜਦ ਬੰਦਾ ਆਪਣੇ ਆਪ ਨੂੰ ਵਾਹਿਗੁਰੂ ਨਾਲ ਜੋੜ[14]* ਲੈਂਦਾ ਹੈ,ਤਦ[15] ਹਰ ਕੋਈ ਉਸਦਾ ਮਿਤ੍ਰ[16]ਬਣ ਜਾਂਦਾ ਹੈ।

ਹਰਿ ਸਿਉ ਜੁਰੈ ਤ ਨਿਹਚਲੂ[17] ਚੀਤੁ[18] ॥	When man attaches himself to God, he then has a stable[17] mind[18].	ਜਦ ਬੰਦਾ ਆਪਣੇ ਆਪ ਨੂੰ ਵਾਹਿਗੁਰੂ ਨਾਲ ਜੋੜ ਲੈਂਦਾ ਹੈ, ਤਦ ਉਸ ਦਾ ਮਨ[18] ਅਸਥਿਰ[17] ਹੋ ਜਾਂਦਾ ਹੈ।
ਹਰਿ ਸਿਉ ਜੁਰੈ ਨ ਵਿਆਪੈ[19] ਕਾੜਾ[20] ॥	He, who unites with God, is not engrossed[19] in anxiety[20].	ਜੋ ਰੱਬ ਨਾਲ ਜੁੜ ਜਾਂਦਾ ਹੈ, ਉਹ ਚਿੰਤਾ[20] ਵਿਚ ਗ਼ਲਤਾਨ[19] ਨਹੀਂ ਹੁੰਦਾ।
ਹਰਿ ਸਿਉ ਜੁਰੈ[21] ਤ ਹੋਇ ਨਿਸਤਾਰਾ[22] ॥੧॥	If one unites with God, then[21], is he emancipated[22].	ਜੇਕਰ ਜੀਵ ਰੱਬ ਨਾਲ ਜੁੜ ਜਾਵੇ ਤਾਂ[21] ਉਸ ਦਾ ਪਾਰ ਉਤਾਰਾ[22] ਹੋ ਜਾਂਦਾ ਹੈ।
ਰੇ[23] ਮਨ[24] ਮੇਰੇ ਤੂੰ ਹਰਿ ਸਿਉ[25] ਜੋਰੁ ॥	O[23] my soul[24], unite thyself with[25] thy Lord.	ਹੇ[23] ਮੇਰੀ ਜਿੰਦੇ[24] ! ਤੂੰ ਆਪਣੇ ਆਪ ਨੂੰ ਆਪਣੇ ਸੁਆਮੀ ਨਾਲ[25] ਜੋੜ।
ਕਾਜਿ[26] ਤੁਹਾਰੈ ਨਾਹੀ ਹੋਰੁ ॥ ੧ ॥ ਰਹਾਉ ॥	Of no avail[26], is anything else to thee. Pause.	ਤੇਰੇ ਲਾਭ[26] ਦੀ ਹੋਰ ਕੋਈ ਭੀ ਸ਼ੈ ਨਹੀਂ। ਠਹਿਰਾਉ।
ਵਡੇ ਵਡੇ[28] ਜੋ ਦੁਨੀਆਦਾਰ[27] ॥ ਕਾਹੂ ਕਾਜਿ ਨਾਹੀ ਗਾਵਾਰ[29] ॥	The big and great[28] worldly people[27], are of no avail, O ignorant[29] man.	ਉਚੇ ਤੇ ਵਡੇ[28] ਸੰਸਾਰੀ ਬੰਦੇ[27], ਕਿਸੇ ਕੰਮ ਦੇ ਨਹੀਂ, ਹੇ ਬੇਸਮਝ[29] ਇਨਸਾਨ !
ਹਰਿ ਕਾ ਦਾਸੁ[30] ਨੀਚ[31] ਕੁਲੂ[32] ਸੁਣਿਹ[33] ॥ ਤਿਸ[34] ਕੈ ਸੰਗਿ[35] ਖਿਨ[36] ਮਹਿ[37] ਉਧਰਹਿ[38] ॥੨॥	Though God's slave[30] be accounted[33] of lowly[31] birth[32], but in his[34] association[35], thou shalt be saved[38] in[37] a trice[36].	ਭਾਵੇਂ ਰੱਬ ਦਾ ਗੋਲਾ[30] ਨੀਵੇਂ[31] ਘਰਾਣੇ[32] ਵਿਚ ਸੁਣਿਆ[33] ਜਾਂਦਾ ਹੋਵੇ, ਪ੍ਰੰਤੂ ਉਸ[34] ਦੀ ਸੰਗਤ[35] ਵਿਚ ਤੂੰ ਇਕ ਛਿਨ[36] ਅੰਦਰ[37] ਪਾਰ ਉਤਰ[38] ਜਾਵੇਂਗਾ।
ਕੋਟਿ[39] ਮਜਨ[40] ਜਾਕੈ[41] ਸੁਣਿ[42] ਨਾਮ ॥	Hearing[42] of whose[41] (God's) Name is equal to millions[39] of ablutions[40].	ਜਿਸ[41] (ਹਰੀ) ਦੇ ਨਾਮ ਦਾ ਸ੍ਰਵਣ[42] ਕਰਨਾ, ਕ੍ਰੋੜਾਂ[39] ਹੀ ਇਸ਼ਨਾਨਾਂ[40] ਦੇ ਬਰਾਬਰ ਹੈ।
ਕੋਟਿ ਪੂਜਾ[43] ਜਾਕੈ[44] ਹੈ ਧਿਆਨ[45] ॥	Meditating[45] on whom[44] (Him) is equal to millions of worships[43].	ਜਿਸ[44] (ਉਸ) ਦਾ ਸਿਮਰਨ[45] ਕ੍ਰੋੜਾਂ ਹੀ ਉਪਾਸ਼ਨਾਂ[43] ਦੇ ਤੁੱਲ ਹੈ।
ਕੋਟਿ ਪੁੰਨ[46] ਸੁਣਿ ਹਰਿ ਕੀ ਬਾਣੀ[47] ॥	To hear God's Gurbani[47], is equal to millions of alms-giving[46].	ਵਾਹਿਗੁਰੂ ਦੀ ਗੁਰਬਾਣੀ[47] ਦਾ ਸ਼੍ਰਵਣ ਕਰਨਾ, ਕ੍ਰੋੜਾਂ ਹੀ ਦਾਨ-ਪੁੰਨਾਂ[46] ਦੇ ਤੁੱਲ ਹੈ।
ਕੋਟਿ ਫਲਾ[48] ਗੁਰ[49] ਤੇ ਬਿਧਿ[50] ਜਾਣੀ[51] ॥੩॥	To know[51] the Lord's way[50] from[49] the Guru, is equal to millions of rewards[48].	ਗੁਰਾ ਪਾਸੋਂ[49] ਪ੍ਰਭੂ ਦੇ ਰਸਤੇ[50] ਦਾ ਜਾਨਣਾ[51] ਕ੍ਰੋੜਾਂ ਹੀ ਇਨਾਮਾਂ-ਇਕਰਾਮਾਂ[48] ਦੇ ਬਰਾਬਰ ਹੈ।
ਮਨ ਅਪੁਨੇ ਮਹਿ[52] ਫਿਰਿ ਫਿਰਿ[53] ਚੇਤ[54] ॥ ਬਿਨਸਿ ਜਾਹਿ[55] ਮਾਇਆ[56] ਕੇ ਹੇਤ[57] ॥	Within[52] thy mind, again and again[53], think[54] upon God and thy love[57] for mammon[56] shall depart[55].	ਆਪਣੇ ਚਿੱਤ ਅੰਦਰ[52] ਮੁੜ ਮੁੜ ਕੇ[53] ਵਾਹਿਗੁਰੂ ਨੂੰ ਚੇਤੇ[54] ਕਰ, ਅਤੇ ਤੇਰੀ ਮੋਹਨੀ[56] ਦੀ ਮਮਤਾ[57] ਜਾਂਦੀ[55] ਰਹੇਗੀ।
ਹਰਿ ਅਬਿਨਾਸੀ[58] ਤੁਮਰੈ ਸੰਗਿ[59] ॥	The Imperishable[58] God is with[59] thee.	ਅਮਰ[58] ਵਾਹਿਗੁਰੂ ਤੇਰੇ ਨਾਲ[59] ਹੈ।
ਮਨ[60] ਮੇਰੇ ਰਚੁ[61] ਰਾਮ[62] ਕੈ[63] ਰੰਗਿ[64] ॥੪॥	My soul[60], get absorbed[61] in the love[64] of[63] the Omnipresent Lord[62].	ਮੇਰੀ ਜਿੰਦੜੀਏ[60], ਤੂੰ ਸਰਬ-ਵਿਆਪਕ[62] ਸੁਆਮੀ ਦੇ[63] ਪ੍ਰੇਮ[64] ਅੰਦਰ ਲੀਨ[61] ਹੋ ਜਾ।

ਜਾਕੈ[65] ਕਾਮਿ[66] ਉਤਰੈ[67] ਸਭੁ[69] ਭੂਖ[68] ॥
He in whose[65] service[66] the entire[69] appetite[68] departs[67],
ਜਿਸ[65] ਦੀ ਸੇਵਾ[66] ਵਿਚ ਸਾਰੀ[69] ਭੂਖ[68] ਦੂਰ[67] ਹੋ ਜਾਂਦੀ ਹੈ,

ਜਾਕੈ ਕਾਮਿ ਨ ਜੋਹਹਿ[70] ਦੂਤ[71] ॥
He in whose service death's couriers[71] stalk[70] not,
ਜਿਸ ਦੀ ਸੇਵਾ ਵਿਚ ਮੌਤ ਦੇ ਜਮ[71] ਤਕਾਉਂਦੇ[70] ਨਹੀਂ,

ਜਾਕੈ ਕਾਮਿ ਤੇਰਾ ਵਡ[72] ਗਮਰੁ[73] ॥
He in whose service thou shalt acquire a great[72] dignity[73],
ਜਿਸ ਦੀ ਸੇਵਾ ਵਿਚ ਤੂੰ ਭਾਰੀ[72] ਮਰਤਬਾ[73] ਪਾ ਲਵੇਂਗਾ,

ਜਾਕੈ ਕਾਮਿ ਹੋਵਹਿ ਤੂੰ ਅਮਰੁ[74] ॥੫॥
He, in whose service, thou shalt become immortal[74];
ਜਿਸ ਦੀ ਸੇਵਾ ਅੰਦਰ ਤੂੰ ਅਬਿਨਾਸੀ[74] ਹੋ ਜਾਵੇਂਗਾ,

ਜਾਕੇ ਚਾਕਰ[75] ਕਉ ਨਹੀ ਡਾਨ[76] ॥
Whose attendant[75] suffers not punishment[76],
ਜਿਸ ਦੇ ਸੇਵਕ[75] ਨੂੰ ਸਜ਼ਾ[76] ਨਹੀਂ ਮਿਲਦੀ,

ਜਾਕੇ ਚਾਕਰ ਕਉ ਨਹੀ ਬਾਨ[77] ॥
Whose attendant is under no restriction[77];
ਜਿਸ ਦਾ ਸੇਵਕ ਕਿਸੇ ਕੈਦ[77] ਅੰਦਰ ਨਹੀਂ,

ਜਾਕੈ ਦਫਤਰਿ[78] ਪੂਛੈ[79] ਨ ਲੇਖਾ[80] ॥
In whose office[78] His servant is not called[79] to account[80],
ਜਿਸ ਦੇ ਕਰਮ-ਸਥਾਨ[78] ਵਿਚ ਉਸ ਦੇ ਟਹਿਲੂਏ ਤੋਂ ਹਿਸਾਬ[80] ਨਹੀਂ ਮੰਗਿਆ[79] ਜਾਂਦਾ,

ਤਾਕੀ[81] ਚਾਕਰੀ[82] ਕਰਹੁ[83] ਬਿਸੇਖਾ[84] ॥੬॥
His[81] service[82], do thou perform[83] well[84], O man.
ਉਸ[81] ਦੀ ਨੌਕਰੀ[82] ਤੂੰ ਚੰਗੀ ਤਰ੍ਹਾਂ[84] ਵਜਾ[83] ਹੇ ਬੰਦੇ !

ਜਾਕੈ[85] ਊਨ[86] ਨਾਹੀ ਕਾਹੂ ਬਾਤ[87] ॥
In whose[85] Home, there is dearth[86] of nothing[87],
ਜਿਸ[85] ਦੇ ਘਰ ਵਿਚ ਕਿਸੇ ਚੀਜ਼[87] ਦੀ ਭੀ ਕਮੀ[86] ਨਹੀਂ,

ਏਕਹਿ[88]ਆਪਿ[89]ਅਨੇਕਹਿ[90] ਭਾਤਿ[91] ॥
Inspite of appearing in various[90] forms[91], the Lord Himself[89] is but One[88].
ਅਨੇਕਾਂ[90] ਸਰੂਪਾਂ[91] ਵਿਚ ਦਿਸਣ ਦੇ ਬਾਵਜੂਦ ਸੁਆਮੀ ਖੁਦ[89] ਕੇਵਲ ਇਕ[88] ਹੀ ਹੈ ।

ਜਾਕੀ[92] ਦ੍ਰਿਸਟਿ[93] ਹੋਇ ਸਦਾ[94] ਨਿਹਾਲ[95] ॥
By whose[92] gracious glance[93], thou shalt, ever[94] be happy[95],
ਜਿਸ ਦੀ[92] ਰਹਿਮਤ ਦੀ ਨਿਗ੍ਹਾ[93] ਦੁਆਰਾ ਤੂੰ ਸਦੀਵ[94] ਹੀ ਪਰਸੰਨ[95] ਰਹੇਂਗੀ,

ਮਨ[96] ਮੇਰੇ ਕਰਿ[97] ਤਾਕੀ[99] ਘਾਲ[98] ॥੭॥
My soul[96], perform[97] thou His[99] service[98].
ਮੇਰੀ ਜਿੰਦੜੀਏ[96] ਤੂੰ ਉਸ ਦੀ[99] ਚਾਕਰੀ[98] ਕਮਾ[97] ।

ਨਾ ਕੋ ਚਤੁਰੁ[100] ਨਾਹੀ ਕੋ ਮੂੜਾ[2] ॥
By himself none is wise[100] and none unwise[2].
ਆਪਣੇ ਆਪ ਨਾ ਕੋਈ ਸਿਆਣਾ[100] ਹੈ ਤੇ ਨਾ ਹੀ ਮੂਰਖ[2] ।

ਨਾ ਕੋ ਹੀਣੁ[3] ਨਾਹੀ ਕੋ ਸੂਰਾ[4] ॥
By himself none is a coward[3] and none a hero[4].
ਆਪਣੇ ਆਪ ਨਾ ਕੋਈ ਕਾਇਰ[3] ਹੈ ਤੇ ਨਾ ਹੀ ਸੂਰਮਾ[4]।

੨੩੯ 239 ੨੩੯

ਜਿਤੁ[5] ਕੋ ਲਾਇਆ[6] ਤਿਤ[7] ਹੀ ਲਾਗਾ ॥
What[5] the Lord attaches[6] the mortal with, therewith[7] he gets attached.
ਜਿਸ[5] ਦੇ ਨਾਲ ਸਾਹਿਬ ਪ੍ਰਾਣੀ ਨੂੰ ਜੋੜਦਾ[6] ਹੈ, ਉਸ ਦੇ ਨਾਲ[7] ਉਹ ਲੱਗ ਜਾਂਦਾ ਹੈ ।

ਸੋ[8] ਸੇਵਕੁ[9] ਨਾਨਕ ਜਿਸੁ ਭਾਗਾ[10] ॥੮॥੬॥
He[8] alone, who is fortunate[10], becomes Lord's slave[9], O Nanak.
ਕੇਵਲ ਉਹੀ[8] ਜੋ ਚੰਗੇ ਕਰਮਾਂ ਵਾਲਾ[10] ਹੈ, ਪ੍ਰਭੂ ਦਾ ਗੋਲਾ[9] ਬਣਦਾ ਹੈ, ਹੇ ਨਾਨਕ !

ਗਉੜੀ ਮਹਲਾ ੫ ॥	Gauri 5th Guru.	ਗਉੜੀ ਮਹਲਾ ੫ ॥
ਬਿਨੁ ਸਿਮਰਨ[12] ਜੈਸੇ[13] ਸਰਪ[14] ਆਰਜਾਰੀ[15] ॥	Without Lord's meditation[12],mortal's life[15] is like[13] that of a snake[14].	ਪ੍ਰਭੂ ਦੀ ਬੰਦਗੀ[12] ਦੇ ਬਾਝੋਂ ਪ੍ਰਾਣੀ ਦੀ ਜ਼ਿੰਦਗੀ[15] ਸੱਪ[14] ਵਰਗੀ[13] ਹੈ ।
ਤਿਉ[16] ਜੀਵਹਿ[17]ਸਾਕਤ[18] ਨਾਮੁ ਬਿਸਾਰੀ[19] ॥੧॥	So[16]lives[17] the mammon worshipper[18], by forgetting[19] the Name.	ਇੰਜ[16] ਹੀ ਮਾਇਆ ਦਾ ਉਪਾਸ਼ਕ[18], ਨਾਮ ਨੂੰ ਭੁਲਾ[19] ਕੇ ਜੀਉਂਦਾ[17] ਹੈ ।
ਏਕ ਨਿਮਖ[20]ਜੋ ਸਿਮਰਨ[21] ਮਹਿ[22] ਜੀਆ[23] ॥ ਕੋਟਿ[24] ਦਿਨਸ[25] ਲਾਖ[29] ਸਦਾ[26] ਥਿਰੁ[27] ਥੀਆ[28] ॥੧॥ ਰਹਾਉ ॥	He, who lives[23] in[22] meditation[21], even for a moment[20], lives for lacs[29] of millions[24] of days[25], nay, rather becomes[28] stable[27] for ever[26]. Pause.	ਜਿਹੜਾ ਇਕ ਮੁਹਤ[20] ਭਰ ਲਈ ਭੀ ਬੰਦਗੀ[21] ਅੰਦਰ[22] ਜੀਉਂਦਾ[23] ਹੈ, ਉਹ ਲੱਖਾਂ[29], ਕਰੋੜਾਂ[24] ਦਿਨਾਂ[25] ਲਈ ਜੀਉਂਦਾ ਰਹਿੰਦਾ ਹੈ । ਨਹੀਂ, ਸਗੋਂ ਹਮੇਸ਼ਾ[26] ਲਈ ਨਿਹਚਲ[27] ਹੋ ਜਾਂਦਾ[28] ਹੈ । ਠਹਿਰਾਉ ।
ਬਿਨੁ ਸਿਮਰਨ ਧ੍ਰਿਗੁ[30] ਕਰਮ[31] ਕਰਾਸ[32] ॥	Without Lord's meditation accursed[30] is the doing[32] of works[31].	ਸੁਆਮੀ ਦੇ ਭਜਨ ਦੇ ਬਗੈਰ ਲਾਨ੍ਹਤਯੋਗ[30] ਹੈ ਕੰਮਾਂ[31] ਦਾ ਕਰਨਾ[32] ।
ਕਾਗ[33] ਬਤਨ[34] ਬਿਸਟਾ[35] ਮਹਿ[36] ਵਾਸ[37] ॥੨॥	Like the crow's[33]beak[34], an apostate's abode[37] is in[36] ordure[35].	ਕਾਂ[33] ਦੀ ਚੁੰਝ[34] ਦੀ ਤਰ੍ਹਾਂ ਮਨਮੁਖ ਦਾ ਨਿਵਾਸ[37] ਗੰਦਗੀ[35] ਵਿਚ[36] ਹੈ ।
ਬਿਨੁਸਿਮਰਨਭਏ[38]ਕੂਕਰ[39] ਕਾਮ[40]॥ ਸਾਕਤ[41]ਬੇਸੁਆ[42] ਪੂਤ[43] ਨਿਨਾਮ[44] ॥੩॥	Without meditation man's deeds[40] become[38] like dog's[39]. The infidel[41]is nameless[44] like a prostitute's[42] son[43].	ਬੰਦਗੀ ਦੇ ਬਾਝੋਂ ਬੰਦੇ ਦੇ ਅਮਲ[40] ਕੁੱਤੇ[39] ਵਰਗੇ ਹੋ ਜਾਂਦੇ[38] ਹਨ । ਅਧਰਮੀ[41] ਕੰਜਰੀ[42] ਦੇ ਪੁੱਤ[43] ਦੀ ਤਰ੍ਹਾਂ ਬੇ-ਨਾਮਾ[44] ਹੈ ।
ਬਿਨੁ ਸਿਮਰਨ ਜੈਸੇ[45] ਸੀਝ[46] ਛਤਾਰਾ[47] ॥	Without Lord's Name, man is like[45] a horned[46] ram[47].	ਸਾਂਈ ਦੇ ਸਿਮਰਨ ਦੇ ਬਗੈਰ ਆਦਮੀ ਸਿੰਗਾਂ[46] ਵਾਲੇ ਛਤਰੇ[47] ਦੀ ਤਰ੍ਹਾਂ[45] ਹੈ ।
ਬੋਲਹਿ[48] ਕੂਰੁ[49] ਸਾਕਤ[50] ਮੁਖੁ[51] ਕਾਰਾ[52] ॥੪॥	The infidel[50] barks[48] falsehood[49] and his face[51] is blackened[52].	ਕਾਫ਼ਰ[50] ਝੂਠ[49] ਬਕਦਾ[48] ਹੈ ਅਤੇ ਉਸ ਦਾ ਮੂੰਹ[51] ਕਾਲਾ[52] ਕੀਤਾ ਜਾਂਦਾ ਹੈ ।
ਬਿਨੁ ਸਿਮਰਨ ਗਰਧਭੁ[53] ਕੀ ਨਿਆਈ[54] ॥	Without God's meditation, one is like[54] a donkey[53].	ਰੱਬ ਦੀ ਬੰਦਗੀ ਦੇ ਬਗੈਰ ਬੰਦਾ ਗਧੇ[53] ਵਰਗਾ[54] ਹੈ ।
ਸਾਕਤ[55]ਬਾਨ[56] ਭਰਿਸਟ[57] ਫਿਰਾਹੀ[58] ॥੫॥	The evil-doer[55] wanders about[58] in defiled[57] places[56].	ਕੁਕਰਮੀ[55] ਪਲੀਤ[57] ਥਾਵਾਂ[56] ਤੇ ਭਟਕਦਾ ਫਿਰਦਾ[58] ਹੈ ।
ਬਿਨੁ ਸਿਮਰਨ ਕੂਕਰ[59] ਹਰਕਾਇਆ[60] ॥	Without Lord's rememberance, he is like a mad[60] dog[59].	ਸਾਂਈ ਦੇ ਭਜਨ ਦੇ ਬਾਝੋਂ ਉਹ ਹਲਕੇ[60] ਹੋਏ ਕੁੱਤੇ[59] ਦੇ ਮਾਨੰਦ ਹੈ ।
ਸਾਕਤ ਲੋਭੀ[61] ਬੰਧਨੁ[62] ਪਾਇਆ[63] ॥੬॥	The greedy[61] infidel falls[63] into entanglement[62].	ਲਾਲਚੀ[61] ਕਾਫ਼ਰ ਫਾਹੀ[62] ਅੰਦਰ ਫਸਦਾ[63] ਹੈ ।
ਬਿਨੁ ਸਿਮਰਨ ਹੈ ਆਤਮ ਘਾਤੀ[64] ॥	Without remembering the Lord, the man is a self-murderer[64].	ਪ੍ਰਭੂ ਨੂੰ ਯਾਦ ਕਰਨ ਦੇ ਬਾਝੋਂ ਆਦਮੀ ਆਪਣੇ ਆਪ ਦਾ ਕਾਤਲ[64] ਹੈ ।
ਸਾਕਤ[65] ਨੀਚ[66] ਤਿਸੁ[67] ਕੁਲੁ[68] ਨਹੀ ਜਾਤੀ[69] ॥੭॥	The disbeliever[65] is mean[66], he[67] has no family[68] or caste[69].	ਬੇਮੁਖ[65] ਕਮੀਨਾ[66] ਹੈ, ਉਸ[67] ਦਾ ਕੋਈ ਘਰਾਣਾ[68] ਜਾਂ ਜਾਤ[69] ਨਹੀਂ ।
ਜਿਸੁ[70] ਭਇਆ ਕ੍ਰਿਪਾਲੁ[71] ਤਿਸੁ[72] ਸਾਤਸੰਗਿ ਮਿਲਾਇਆ[73] ॥	Unto[70] whom the Lord becomes merciful[71],him[72],He unites[73] with the Society of Saints.	ਜਿਸ[70] ਉਤੇ ਸਾਹਿਬ ਮਇਆਵਾਨ[71] ਹੁੰਦਾ ਹੈ, ਉਸ[72] ਨੂੰ ਉਹ ਸਾਧ ਸੰਗਤ ਨਾਲ ਜੋੜ[73] ਦਿੰਦਾ ਹੈ ।

ਕਹੁ ਨਾਨਕ ਗੁਰਿ ਜਗਤੁ ਤਰਾਇਆ[74] ॥੮॥੭॥	Says Nanak, the Guru has saved[74] the world.	ਗੁਰੂ ਜੀ ਫ਼ੁਰਮਾਉਂਦੇ ਹਨ, ਗੁਰਾਂ ਨੇ ਸੰਸਾਰ ਦਾ ਪਾਰ ਉਤਾਰਾ[74] ਕਰ ਦਿਤਾ ਹੈ।
ਗਉੜੀ ਮਹਲਾ ੫॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ।
ਗੁਰ ਕੈ ਬਚਨਿ[75] ਮੋਹਿ[76] ਪਰਮ[77] ਗਤਿ[78] ਪਾਈ[79] ॥	Through Guru's Word[75], I[76] have gained[79] the supreme[77] status[78].	ਗੁਰਾਂ ਦੀ ਬਾਣੀ[75] ਰਾਹੀਂ ਮੈਂ[76] ਮਹਾਨ[77] ਮਰਤਬਾ[78] ਪਾ[79] ਲਿਆ ਹੈ।
ਗੁਰਿ ਪੂਰੈ[80] ਮੇਰੀ ਪੈਜ[81] ਰਖਾਈ[82] ॥੧॥	The Perfect[80] Guru has preserved[82] my honour[81].	ਪੂਰਨ[80] ਗੁਰਾਂ ਨੇ ਮੇਰੀ ਇੱਜ਼ਤ[81] ਰਖ ਲਈ[82] ਹੈ।
ਗੁਰ ਕੈ ਬਚਨਿ[83] ਧਿਆਇਓ[84] ਮੋਹਿ[85] ਨਾਉ॥	By Guru's word[83] I[85] have remembered[84] the Name.	ਗੁਰਾਂ ਦੀ ਕਲਾਮ[83] ਦੁਆਰਾ ਮੈਂ[85] ਨਾਮ ਦਾ ਸਿਮਰਨ[84] ਕੀਤਾ ਹੈ।
ਗੁਰ ਪਰਸਾਦਿ[86] ਮੋਹਿ ਮਿਲਿਆ ਥਾਉ[87] ॥੧॥ ਰਹਾਉ ॥	Through the Guru's grace[86] I have obtained a place[87] of rest. Pause.	ਗੁਰਾਂ ਦੀ ਦਇਆਲਤਾ[86] ਰਾਹੀਂ ਮੈਨੂੰ ਆਰਾਮ ਦੀ ਜਗ੍ਹਾ[87] ਪ੍ਰਾਪਤ ਹੋਈ ਹੈ। ਠਹਿਰਾਉ।
ਗੁਰ ਕੈ ਬਚਨਿ[88] ਸੁਨਿ[89] ਰਸਨ[90] ਵਖਾਣੀ[91] ॥	The Guru's hymns[88] I hear[89] and repeat[91] with my tongue[90].	ਗੁਰਾਂ ਦੀ ਬਾਣੀ[88] ਮੈਂ ਸ੍ਰਵਣ[89] ਕਰਦਾ ਤੇ ਆਪਣੀ ਜੀਭ[90] ਨਾਲ ਉਚਾਰਦਾ[91] ਹਾਂ।
ਗੁਰ ਕਿਰਪਾ[92] ਤੇ[93] ਅੰਮ੍ਰਿਤ[94] ਮੇਰੀ ਬਾਣੀ[95] ॥੨॥	Through[93] Guru's grace[92] Nectar[94] sweet has become my speech[95].	ਗੁਰਾਂ ਦੀ ਮਿਹਰ[92] ਰਾਹੀਂ[93] ਮੇਰੀ ਬੋਲੀ[95] ਸੁਧਾਰਸ[94] ਵਰਗੀ ਮਿੱਠੀ ਹੋ ਗਈ ਹੈ।
ਗੁਰ ਕੈ ਬਚਨਿ ਮਿਟਿਆ[96] ਮੇਰਾ ਆਪੁ[97] ॥	By Guru's Word my self-conceit[97] is removed[96].	ਗੁਰਾਂ ਦੀ ਕਲਾਮ ਦੁਆਰਾ ਮੇਰੀ ਸਵੈ-ਹੰਗਤਾ[97] ਦੂਰ[96] ਹੋ ਗਈ ਹੈ।
ਗੁਰ ਕੀ ਦਇਆ[98] ਤੇ ਮੇਰਾ ਵਡੰ[99] ਪਰਤਾਪੁ[100] ॥੩॥	By Guru's grace[98], great[99] is my glory[100].	ਗੁਰਾਂ ਦੀ ਕਿਰਪਾ[98] ਦੁਆਰਾ ਮੇਰਾ ਭਾਰਾ[99] ਇਕਬਾਲ[100] ਹੈ।
ਗੁਰ ਕੈ ਬਚਨਿ ਮਿਟਿਆ[2] ਮੇਰਾ ਭਰਮੁ[3] ॥	Through Gurbani my doubt[3] is dispelled[2].	ਗੁਰਬਾਣੀ ਦੁਆਰਾ ਮੇਰਾ ਸੰਦੇਹ[3] ਨਵਿਰਤ[2] ਹੋ ਗਿਆ ਹੈ।
ਗੁਰ ਕੈ ਬਚਨਿ ਪੇਖਿਓ[4] ਸਭੁ[6] ਬ੍ਰਹਮੁ[5] ॥੪॥	Through Guru's Word, I have seen[4] the Lord[5] everywhere[6].	ਗੁਰਾਂ ਦੀ ਬਾਣੀ ਰਾਹੀਂ ਮੈਂ ਹਰ ਥਾਂ[6] ਸਾਂਈ[5] ਨੂੰ ਵੇਖ[4] ਲਿਆ ਹੈ।
ਗੁਰ ਕੈ ਬਚਨਿ ਕੀਨੋ[7] ਰਾਜੁ ਜੋਗੁ[8] ॥	Through Guru's Word I have enjoyed[7] secular and spiritual[8] sovereignty.	ਗੁਰਾਂ ਦੀ ਬਾਣੀ ਰਾਹੀਂ ਮੈਂ ਸੰਸਾਰੀ ਤੇ ਰੂਹਾਨੀ[8] ਪਾਤਸ਼ਾਹੀ ਮਾਣੀ[7] ਹੈ।
ਗੁਰ ਕੈ ਸੰਗਿ[9] ਤਰਿਆ[10] ਸਭੁ ਲੋਗੁ[12] ॥੫॥	By the Guru's company[9] all the men[12] are saved[10].	ਗੁਰਾਂ ਦੀ ਸੰਗਤ[9] ਦੁਆਰਾ ਸਾਰੇ ਲੋਕੀਂ[12] ਬਚ ਗਏ[10] ਹਨ।
ਗੁਰ ਕੈ ਬਚਨਿ ਮੇਰੇ ਕਾਰਜ[13] ਸਿਧਿ[14] ॥	Through Guru's Word my affairs[13] are adjusted[14].	ਗੁਰਾਂ ਦੇ ਸ਼ਬਦ ਰਾਹੀਂ ਮੇਰੇ ਕੰਮ[13] ਰਾਸ[14] ਹੋ ਗਏ ਹਨ।
ਗੁਰ ਕੈ ਬਚਨਿ ਪਾਇਆ ਨਾਉ[15] ਨਿਧਿ[16] ॥੬॥	Through Guru's Word I have received the Name[15] treasure[16].	ਗੁਰਾਂ ਦੇ ਸ਼ਬਦ ਰਾਹੀਂ ਮੈਂ ਨਾਮ[15] ਦਾ ਖ਼ਜ਼ਾਨਾ[16] ਪ੍ਰਾਪਤ ਕਰ ਲਿਆ ਹੈ।
ਜਿਨਿ ਜਿਨਿ[17] ਕੀਨੀ[22] ਮੇਰੇ	Who-ever[17] has placed[22] confidence[18]	ਜਿਸ ਕਿਸੇ[17] ਨੇ ਮੇਰੇ ਗੁਰਦੇਵ ਜੀ ਤੇ ਭਰੋਸਾ[18] ਧਾਰਨ[22]

ਗੁਰ ਕੀ ਆਸਾ[18] ॥ ਤਿਸ[19] ਕੀ ਕਟੀਐ ਜਮ[20] ਕੀ ਫਾਸਾ[21] ॥੭॥

in my Guru, his[19] death[20] noose[21] has been cut.

ਕੀਤਾ ਹੈ, ਉਸ ਦੀ[19] ਮੌਤ[20] ਦੀ ਫਾਹੀ[21] ਕੱਟੀ ਗਈ ਹੈ।

ਗੁਰ ਕੈ ਬਚਨਿ ਜਾਗਿਆ[23] ਮੇਰਾ ਕਰਮੁ[24] ॥

By Guru's Word my good fortune[24] has awakened[23].

ਗੁਰਾਂ ਦੇ ਸ਼ਬਦ ਦੁਆਰਾ, ਮੇਰੇ ਚੰਗੇ ਭਾਗ[24] ਜਾਗ ਉਠੇ[23] ਹਨ।

ਨਾਨਕ ਗੁਰੁ ਭੇਟਿਆ[25] ਪਾਰਬ੍ਰਹਮੁ[26] ॥੮॥੮॥

Through the Guru, Nanak has met[25] the Supreme Lord[26].

ਗੁਰਾਂ ਦੇ ਰਾਹੀਂ ਨਾਨਕ ਪਰਮ ਪ੍ਰਭੂ[26] ਨੂੰ ਮਿਲ[25] ਪਿਆ ਹੈ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਤਿਸੁ[27] ਗੁਰ ਕਉ ਸਿਮਰਉ[28] ਸਾਸਿ ਸਾਸਿ[29]॥

That[27] Guru I remember[28] with every breath[29].

ਉਸ[27] ਗੁਰੂ ਨੂੰ ਮੈਂ ਹਰ ਸੁਆਸ[29] ਨਾਲ ਯਾਦ[28] ਕਰਦਾ ਹਾਂ।

ਗੁਰੁ ਮੇਰੇ ਪ੍ਰਾਣ[30] ਸਤਿਗੁਰੁ ਮੇਰੀ ਰਾਸਿ[31]॥੧॥ ਰਹਾਉ॥

The Guru is my very life[30], and the True Guru is my captial[31]. Pause.

ਗੁਰੂ ਮੇਰੀ ਜਿੰਦ ਜਾਨ[30] ਹੈ ਅਤੇ ਸੱਚਾ ਗੁਰੂ ਮੇਰੀ ਪੂੰਜੀ[31]। ਠਹਿਰਾਉ।

ਗੁਰ ਕਾ ਦਰਸਨੁ[32] ਦੇਖਿ ਦੇਖਿ[33] ਜੀਵਾ[34] ॥

I live[34] by continually seeing[33] the sight[32] of the Guru.

ਮੈਂ ਗੁਰਾਂ ਦਾ ਦੀਦਾਰ[32] ਇਕ ਰਸ ਵੇਖ[33] ਕੇ ਜੀਉਂਦਾ[34] ਹਾਂ।

ਗੁਰ ਕੇ ਚਰਣ[35] ਧੋਇ ਧੋਇ[36] ਪੀਵਾ[37] ॥੧॥

The Guru's feet[35] I continually wash[36] and drink[37] that wash.

ਗੁਰਾਂ ਦੇ ਪੈਰ[35] ਮੈਂ ਲਗਾਤਾਰ ਧੋਂਦਾ[36] ਹਾਂ ਅਤੇ ਉਸ ਧੋਣ ਨੂੰ ਪੀਂਦਾ[37] ਹਾਂ।

ਗੁਰ ਕੀ ਰੇਣੁ[38] ਨਿਤ[39] ਮਜਨੁ[40] ਕਰਉ ॥

In the dust[38] of Guru's feet, I daily[39] take bath[40].

ਗੁਰਾਂ ਦੇ ਚਰਨਾਂ ਦੀ ਧੂੜ[38] ਵਿਚ ਮੈਂ ਰੋਜ਼[39] ਇਸ਼ਨਾਨ[40] ਕਰਦਾ ਹਾਂ।

ਜਨਮ[41] ਜਨਮ ਕੀ ਹਉਮੈ[42] ਮਲੁ[43] ਹਰਉ[44] ॥੨॥

Like this I have washed off[44] filth[43] of ego[42] of many births.[41]

ਇੰਜ ਮੈਂ ਅਨੇਕਾਂ ਜਨਮਾਂ[41] ਦੀ ਹੰਕਾਰ[42] ਦੀ ਗੰਦਗੀ[43] ਨੂੰ ਧੋ ਸੁਟਿਆ[44] ਹੈ।

ਤਿਸੁ[45] ਗੁਰ ਕਉ ਝੂਲਾਵਉ[46] ਪਾਖਾ[47] ॥

I wave[46] the fan[47] over that[45] Guru.

ਉਸ[45] ਗੁਰੂ ਨੂੰ ਮੈਂ ਪੱਖਾ[47] ਝੱਲਦਾ[46] ਹਾਂ।

ਮਹਾ[48]ਅਗਨਿ[49] ਤੇ ਹਾਥੁ[50] ਦੇ[51] ਰਾਖਾ[52] ॥੩॥

Giving[51] his hand[50], he has saved[52] me from the great[48] fire[49].

ਆਪਣਾ ਹੱਥ[50] ਦੇ ਕੇ[51], ਉਸ ਨੇ ਮੈਨੂੰ ਭਾਰੀ[48] ਅੱਗ[49] ਤੋਂ ਬਚਾ[52] ਲਿਆ ਹੈ।

ਤਿਸੁ[58] ਗੁਰ ਕੈ ਗ੍ਰਿਹਿ[53] ਢੋਵਉ[54] ਪਾਣੀ ॥ ਜਿਸੁ ਗੁਰ ਤੇ ਅਕਲ[55] ਗਤਿ[56] ਜਾਣੀ[57] ॥੪॥

I fetch[54] water for the house[53] of that[58] Guru, from whom I have learnt[57] the way[56] of knowledge[55].

ਮੈਂ ਉਸ[58] ਗੁਰਦੇਵ ਜੀ ਦੇ ਘਰ[53] ਲਈ ਜਲ ਢੋਂਦਾ[54] ਹਾਂ, ਜਿਨ੍ਹਾਂ ਪਾਸੋਂ ਮੈਂ ਗਿਆਤ[55] ਦਾ ਰਸਤਾ[56] ਸਮਝਿਆ[57] ਹੈ।

ਤਿਸੁ ਗੁਰ ਕੈ ਗ੍ਰਿਹਿ ਪੀਸਉ[59] ਨੀਤ[60] ॥ ਜਿਸੁ ਪਰਸਾਦਿ[61] ਵੈਰੀ[62] ਸਭ ਮੀਤ[63] ॥੫॥

I, ever[60], grind[59] corn for the house of that Guru, by whose grace[61], all mine enemies[62], have become friends[63].

ਉਸ ਗੁਰੂ ਦੇ ਘਰ ਲਈ ਮੈਂ ਸਦਾ[60] ਹੀ ਦਾਣੇ ਪੀਂਹਦਾ[59] ਹਾਂ, ਜਿਸ ਦੀ ਦਇਆ[61] ਦੁਆਰਾ ਮੇਰੇ ਦੁਸ਼ਮਨ[62] ਸਾਰੇ ਮਿਤ੍ਰ[63] ਬਣ ਗਏ ਹਨ।

੨੪੦ 240 ੨੪੦

ਜਿਨਿ[69]ਗੁਰਿ ਮੋਕਉ[64]

That[69] Guru, who gave[64] me life[65],

ਜਿਸ[69] ਗੁਰੂ ਨੇ ਮੈਨੂੰ ਜਿੰਦ[65] ਜਾਨ ਦਿੱਤੀ[64] ਹੈ, ਉਸ ਨੇ

ਜੀਉ[65]॥ਆਪੁਨਾ ਦਾਸਰਾ[66] ਆਪੇ[67] ਮੁਲਿ ਲੀਉ[68]॥੬॥

has himself[67] purchased[68] me and made me his slave[66].

ਖੁਦ[67] ਮੈਨੂੰ ਖ਼ਰੀਦ[68] ਲਿਆ ਹੈ ਤੇ ਆਪਣਾ ਗੋਲਾ[66] ਬਣਾ ਲਿਆ ਹੈ।

ਆਪੇ[74] ਲਾਇਓ[70] ਅਪਨਾ ਪਿਆਰੁ[71] ॥

On his own[74], he has blest[70] me with his affection[71].

ਉਸ ਨੇ ਖੁਦ-ਬ-ਖੁਦ[74] ਮੈਨੂੰ ਆਪਣੀ ਪ੍ਰੀਤ[71] ਦੀ ਦਾਤ[70] ਦਿਤੀ ਹੈ।

ਸਦਾ[72]ਸਦਾਤਿਸੁ[76]ਗੁਰ ਕਉ ਕਰੀ[75] ਨਮਸਕਾਰੁ[73] ॥੭॥

For ever[72] and ever, I make[75] obeisance[73] unto that[76] Guru.

ਹਮੇਸ਼ਾਂ[72] ਹਮੇਸ਼ਾਂ ਲਈ ਮੈਂ ਉਸ[76] ਗੁਰੂ ਨੂੰ ਪ੍ਰਣਾਮ[73] ਕਰਦਾ[75] ਹਾਂ।

ਕਲਿ[77] ਕਲੇਸ[78]ਭੈ[79] ਭ੍ਰਮ[80] ਦੁਖ[81] ਲਾਥਾ[82] ॥

My hankering[77], strife[78], dread[79], doubt[80] and discomfort[81]. have ended[82].

ਮੇਰੀ ਕਲਪਣਾ[77], ਝੇੜਾ[78], ਡਰ[79], ਸੰਦੇਹ[80] ਅਤੇ ਬੇਆਰਾਮੀ[81] ਮੁਕ[82] ਗਏ ਹਨ।

ਕਹੁ ਨਾਨਕ ਮੇਰਾ ਗੁਰੁ ਸਮਰਾਥਾ[83] ॥੮॥੯॥

Says Nanak, so powerful[83] is my Guru.

ਗੁਰੂ ਜੀ ਫ਼ੁਰਮਾਉਂਦੇ ਹਨ, ਐਸਾ ਬਲੀ[83] ਹੈ ਮੇਰਾ ਗੁਰਦੇਵ।

ਗਉੜੀ ਮਹਲਾ ੫ ॥

Gauri 5th Guru.

ਗਉੜੀ ਪਾਤਸ਼ਾਹੀ ਪੰਜਵੀਂ।

ਮਿਲੁ[84] ਮੇਰੇ [85]ਗੋਬਿੰਦ[86] ਅਪਨਾ ਨਾਮੁ ਦੇਹੁ[87] ॥

Meet[84] me O my World[85]-Lord[86], bestow[87] on me Thy name.

ਮੈਨੂੰ ਦਰਸ਼ਨ[84] ਦੇ ਹੇ ਮੇਰੇ ਸ੍ਰਿਸ਼ਟੀ[85] ਦੇ ਸੁਆਮੀ[86]! ਮੈਨੂੰ ਆਪਣਾ ਨਾਮ ਬਖਸ਼[87]।

ਨਾਮ ਬਿਨਾ ਧ੍ਰਿਗੁ ਧ੍ਰਿਗੁ[88] ਅਸਨੇਹੁ[89] ॥੧॥ ਰਹਾਉ ॥

Blasted and blighted[88] is the love[89] which is without the Name. Pause.

ਲਾਨ੍ਹਤ ਅਤੇ ਫਿੱਟੇ-ਮੂੰਹ[88] ਹੈ ਉਸ ਪ੍ਰੀਤ[89] ਦੇ ਜੋ ਨਾਮ ਦੇ ਬਗੈਰ ਹੈ। ਠਹਿਰਾਉ।

ਨਾਮ ਬਿਨਾ ਜੋ[90] ਪਹਿਰੈ[92] ਖਾਇ[93] ॥ ਜਿਉ[94] ਕੂਕਰੁ[95] ਜੂਠਨ[96] ਮਹਿ[97] ਪਾਇ[98] ॥੧॥

Without God's Name, he, who[90] wears[92] and eats[93] is like[94] a dog[95], who falls[98] in[97] (on) impure leaf plates[96].

ਰੱਬ ਦੇ ਨਾਮ ਦੇ ਬਗੈਰ ਜਿਹੜਾ[90] ਪਹਿਨਦਾ[92] ਤੇ ਖਾਂਦਾ[93] ਹੈ, ਉਹ ਉਸ ਕੁੱਤੇ[95] ਦੀ ਮਾਨੰਦ[94] ਹੈ ਜੋ ਜੂਠੀਆਂ ਪੱਤਲਾਂ[96] ਵਿਚ[97] ਪੈਂਦਾ[98] ਹੈ।

ਨਾਮ ਬਿਨਾ[100] ਜੇਤਾ[99] ਬਿਉਹਾਰੁ[6] ॥ ਜਿਉ[2] ਮਿਰਤਕ[3] ਮਿਥਿਆ[4] ਸੀਗਾਰੁ[5] ॥੨॥

Sans[100] the Name the entire[99] business[6] is futile[4] as[2] the decoration[5] of a corpse[3].

ਨਾਮ ਦੇ ਬਾਝੋਂ[100] ਸਾਰਾ[99] ਕਾਰ-ਵਿਹਾਰ[6], ਲੋਥ[3] ਦੇ ਹਾਰ ਸ਼ਿੰਗਾਰ[5] ਦੀ ਤਰ੍ਹਾਂ[2] ਵਿਅਰਥ[4] ਹੈ।

ਨਾਮੁ ਬਿਸਾਰਿ[7] ਕਰੇ[13] ਰਸ[8] ਭੋਗ ॥ ਸੁਖੁ[9] ਸੁਪਨੈ[10] ਨਹੀ ਤਨ[14] ਮਹਿ ਰੋਗ[12] ॥੩॥

Forgetting[7] the Name, he, who indulges[13] in revelments[8] has no peace[9] even in dream[10] and his body[14] becomes diseased[12].

ਜੋ ਨਾਮ ਨੂੰ ਭੁਲਾ[7] ਕੇ ਰੰਗ ਰਲੀਆਂ[8] ਮਾਣਦਾ[13] ਹੈ, ਉਸ ਨੂੰ ਸੁਪਨੇ[10] ਵਿਚ ਭੀ ਆਰਾਮ[9] ਨਹੀਂ ਮਿਲਦਾ ਅਤੇ ਉਸ ਦੀ ਦੇਹਿ[14] ਰੋਗੀ[12] ਹੋ ਜਾਂਦੀ ਹੈ।

ਨਾਮੁ ਤਿਆਗਿ[15] ਕਰੇ ਅਨ[16] ਕਾਜ[17] ॥ ਬਿਨਸਿ[18] ਜਾਇ[19]ਝੂਠੇ ਸਭਿ[20]ਪਾਜ[21]॥ ੪॥

Abandoning[15] Lord's Name, if man engages in other[16] occupations[17], the whole[20] of his false[19] gilding[21] would fall off[18].

ਪ੍ਰਭੂ ਦੇ ਨਾਮ ਨੂੰ ਛੱਡ ਕੇ[15] ਜੇਕਰ ਆਦਮੀ ਹੋਰ[16] ਧੰਦੇ[17] ਕਰਦਾ ਹੈ, ਉਸ ਦੀ ਕੂੜੀ[19] ਲਿਟਸਾਜ਼ੀ[21] ਸਾਰੇ ਦੀ ਸਾਰੀ[20] ਹੀ ਨਾਸ[18] ਹੋ ਜਾਵੇਗੀ।

ਨਾਮ ਸੰਗਿ ਮਨਿ[22] ਪ੍ਰੀਤਿ[23] ਨ ਲਾਵੈ[24]॥ਕੋਟਿ[25] ਕਰਮ[26]

The man[22], who embraces[24] not affection[23]for the Name goes to hell[28]

ਇਨਸਾਨ[22] ਜੋ ਨਾਮ ਨਾਲ ਨੇਹੁੰ[23] ਨਹੀਂ ਗੰਢਦਾ[24], ਦੋਜ਼ਕ[28] ਨੂੰ ਜਾਂਦਾ ਹੈ, ਭਾਵੇਂ ਉਹ ਕ੍ਰੋੜਾਂ[25] ਹੀ

ਕਰਤੋ[27] ਨਰਕਿ[28] ਜਾਵੈ ॥ ੫ ॥	even though he perform[27] millions[28] of ceremonial rites[26].	ਕਰਮ-ਕਾਂਡ ਪਿਆ ਕਰੇ[27] ।
ਹਰਿ ਕਾ ਨਾਮੁ ਜਿਨਿ ਮਨਿ[29] ਨ ਆਰਾਧਾ[30] ॥ ਚੋਰ[31] ਕੀ ਨਿਆਈ[32] ਜਮ[33] ਪੁਰਿ[34] ਬਾਧਾ[35] ॥੬॥	He who remembers[30] not God's Name in his heart[29], is bound[36] like[32] a thief[31] in the city[34] of death[33].	ਜੋ ਆਪਣੇ ਦਿਲ[29] ਅੰਦਰ ਵਾਹਿਗੁਰੂ ਦੇ ਨਾਮ ਦਾ ਸਿਮਰਨ[30] ਨਹੀਂ ਕਰਦਾ ਉਹ ਮੌਤ[33] ਦੇ ਸ਼ਹਿਰ[34] ਅੰਦਰ ਤਸਕਰ[31] ਦੀ ਮਾਨੰਦ[32] ਨਰੜਿਆ[36] ਜਾਂਦਾ ਹੈ ।
ਲਾਖ[36] ਅਡੰਬਰ[37] ਬਹੁਤੁ[38] ਬਿਸਥਾਰਾ[39] ॥	Lacs[36] of ostentations[37] and great[38] extensions[39],	ਲੱਖਾਂ[36] ਨੁਮਾਇਸ਼ਾਂ[37] ਅਤੇ ਘਨੇਰੇ[38] ਖਿਲਾਰੇ[39],
ਨਾਮ ਬਿਨਾ ਝੂਠੇ[40] ਪਾਸਾਰਾ[41] ॥੭॥	Without God's Name, false[40] are the displays[41].	ਹਰੀ ਦੇ ਨਾਮ ਦੇ ਬਾਝੋਂ ਕੂੜੇ[40] ਹਨ ਦਿਖਾਵੇ[41] ।
ਹਰਿ ਕਾ ਨਾਮੁ ਸੋਈ[42] ਜਨੁ[43] ਲੇਇ[44] ॥ ਕਰਿ ਕਿਰਪਾ[45] ਨਾਨਕ ਜਿਸੁ[46] ਦੇਇ[47] ॥੮॥੧੦॥	That[42] man[43] alone repeats[44] God's Name, to whom[46], O Nanak, he mercifully[45] grants[47] this.	ਕੇਵਲ ਉਹੀ[42] ਬੰਦਾ[43] ਵਾਹਿਗੁਰੂ ਦੇ ਨਾਮ ਦਾ ਜਾਪ[44] ਕਰਦਾ ਹੈ ਜਿਸ[46] ਨੂੰ, ਹੇ ਨਾਨਕ ! ਉਹ ਮਿਹਰ[45] ਦੁਆਰਾ ਬਖ਼ਸ਼ਦਾ[47] ਹੈ ।
ਗਉੜੀ ਮਹਲਾ ੫ ॥	Gauri 5th Guru.	ਗਉੜੀ ਪਾਤਸ਼ਾਹੀ ਪੰਜਵੀਂ ।
ਆਦਿ[48]ਮਧਿ[49] ਜੋ ਅੰਤਿ[50] ਨਿਬਾਹੈ[51] ॥ ਸੋ[52] ਸਾਜਨੁ[53] ਮੇਰਾ ਮਨੁ[54] ਚਾਹੈ[55] ॥੧॥	Who stands by me[51] in the beginning[48], middle[49] and the end[50], that[52] Friend[53], my soul[54] does long for[55].	ਜੋ ਆਰੰਭ[48] ਵਿਚਕਾਰ[49] ਅਤੇ ਅਖ਼ੀਰ[50] ਵਿਚ ਮੇਰਾ ਪੱਖ ਪੂਰਦਾ[51] ਹੈ, ਉਸ[52] ਮਿਤ੍ਰ[53] ਨੂੰ ਮੇਰੀ ਜਿੰਦੜੀ[54] ਲੋੜਦੀ[55] ਹੈ ।
ਹਰਿ ਕੀ ਪ੍ਰੀਤਿ[56] ਸਦਾ[57] ਸੰਗਿ[58] ਚਾਲੈ[59] ॥	God's love[56], ever[57] goes[59] with[58] the mortal.	ਵਾਹਿਗੁਰੂ ਦਾ ਪਿਆਰ[56], ਹਮੇਸ਼ਾਂ[57], ਪ੍ਰਾਣੀ ਦੇ ਸਾਥ[58] ਜਾਂਦਾ[59] ਹੈ ।
ਦਇਆਲ[60] ਪੁਰਖ[61] ਪੂਰਨ[62] ਪ੍ਰਤਿਪਾਲੈ[63] ॥ ੧॥ ਰਹਾਉ ॥	The Omnipresent[62] and Merciful[60] Master[61] cherishes[63] all. Pause.	ਸਰਬ-ਵਿਆਪਕ[62] ਅਤੇ ਮਿਹਰਬਾਨ[60] ਮਾਲਕ[61], ਸਾਰਿਆਂ ਦੀ ਪਾਲਣਾ ਪੋਸਣਾ[63] ਕਰਦਾ ਹੈ । ਠਹਿਰਾਉ ।
ਬਿਨਸਤ[64] ਨਾਹੀ ਛੋਡਿ[65] ਨ ਜਾਇ[66] ॥	The Lord perishes[64] not,and leaving[65] his servant goes[66] no where.	ਪ੍ਰਭੂ ਨਾਸ[64] ਨਹੀਂ ਹੁੰਦਾ ਅਤੇ ਆਪਣੇ ਨੌਕਰ ਨੂੰ ਤਿਆਗ[65] ਕੇ ਕਿਧਰੇ ਨਹੀਂ ਜਾਂਦਾ[66] ।
ਜਹ[67]ਪੇਖਾ[68]ਤਹ[69] ਰਹਿਆ ਸਮਾਇ[70] ॥੨॥	Wherever[67] I gaze[68], there[69] is He contained[70].	ਜਿਥੇ ਕਿਤੇ[67] ਮੈਂ ਵੇਖਦਾ[68] ਹਾਂ, ਉਥੇ[69] ਉਹ ਰਮ[70] ਰਿਹਾ ਹੈ ।
ਸੁੰਦਰੁ[71] ਸੁਘੜੁ[72] ਚਤੁਰੁ[73] ਜੀਅ[74] ਦਾਤਾ[75] ॥	The Lord is Beautiful[71], Skilful[72], Sharp-willed[73] and the Giver[75] of life[74].	ਸਾਹਿਬ ਸੁਹਣਾ[71], ਸਿਆਣਾ[72], ਤੇਜ਼ ਸਮਝ ਵਾਲਾ[73] ਅਤੇ ਜਿੰਦ-ਜਾਨ[74] ਦੇਣਹਾਰ[75] ਹੈ ।
ਭਾਈ[76] ਪੂਤੁ[77] ਪਿਤਾ[78] ਪ੍ਰਭੁ[79] ਮਾਤਾ[80] ॥੩॥	The Master[79] is my brother[76], son[77], father[78] and mother[80].	ਮਾਲਕ[79], ਮੇਰਾ ਵੀਰ[76], ਪੁਤ੍ਰ[77], ਬਾਬਲ[78] ਅਤੇ ਅੰਮੜੀ[80] ਹੈ ।
ਜੀਵਨ[81] ਪ੍ਰਾਨ[82] ਅਧਾਰ[83] ਮੇਰੀ ਰਾਸਿ[84] ॥	He is the support[83] of my life[81] and soul[82] He is my capital[84].	ਉਹ ਮੇਰੀ ਜ਼ਿੰਦਗੀ[81] ਅਤੇ ਜਿੰਦੜੀ[82] ਦਾ ਆਸਰਾ[83] ਹੈ । ਉਹ ਮੇਰੀ ਪੂੰਜੀ[84] ਹੈ ।
ਪ੍ਰੀਤਿ[85] ਲਾਈ[86] ਕਰਿ	Abiding[88] within my mind[87], the	ਮੇਰੇ ਅੰਤਰ ਆਤਮੇ[87] ਵਾਸਾ[88] ਕਰ ਕੇ, ਪ੍ਰਭੂ ਨੇ ਮੇਰੀ

ਰਿਦੈ[87] ਨਿਵਾਸਿ[88] ॥੪॥	Lord has caused me to enshrine[86] love[88] for Him.	ਆਪਣੇ ਨਾਲ ਪਿਰਹੜੀ[88] ਪਾਈ[90] ਹੈ ।
ਮਾਇਆ[89] ਸਿਲਕ[90] ਕਾਟੀ[91] [92]ਗੋਪਾਲਿ[93] ॥	The World[92]-cherisher[93] has cut off[91] my halter[90] of mammon[89].	ਸ੍ਰਿਸ਼ਟੀ[92] ਦੇ ਪਾਲਣਹਾਰ[93] ਨੈ ਮੇਰੀ ਮੌਹਣੀ[89] ਦੀ ਫਾਹੀ[90] ਵੱਢ[91] ਸੁੱਟੀ ਹੈ ।
ਕਰਿ ਅਪੁਨਾ[94] ਲੀਨੋ[95] ਨਦਰਿ[96] ਨਿਹਾਲਿ[97] ॥੫॥	Beholding[97] me with a gracious glance[96], he has made[95] me His own[94].	ਮਿਹਰ ਦੀ ਨਿਗ੍ਹਾ[96] ਨਾਲ ਮੇਰੇ ਵੱਲ ਝਾਕ[97] ਕੇ ਉਸ ਨੇ ਮੈਨੂੰ ਆਪਣਾ ਨਿੱਜ[94] ਦਾ ਬਣਾ[95] ਲਿਆ ਹੈ ।
ਸਿਮਰਿ ਸਿਮਰਿ[98] ਕਾਟੇ[99] ਸਭਿ ਰੋਗੁ[100] ॥	By continually remembering[98] Him, all the diseases[100] are healed[99].	ਉਸ ਦਾ ਇਕ-ਰਸ ਆਰਾਧਨ[98] ਕਰਨ ਦੁਆਰਾ, ਸਾਰੀਆਂ ਜ਼ਹਿਮਤਾਂ[100] ਟਲ[99] ਗਈਆਂ ਹਨ ।
ਚਰਣ[2] ਧਿਆਨ[3] ਸਰਬ[4] ਸੁਖ ਭੋਗ[5] ॥੬॥	Fixing attention[3] on His feet[2] all[4] the comforts are enjoyed[5].	ਉਸ ਦੇ ਚਰਨਾਂ[2] ਨਾਲ ਬਿਰਤੀ[3] ਜੋੜ ਕੇ, ਸਾਰੇ[4] ਆਰਾਮ ਮਾਣ[5] ਲਏ ਜਾਂਦੇ ਹਨ ।
ਪੂਰਨ[6] ਪੁਰਖੁ[7] ਨਵਤਨੁ[8] ਨਿਤ ਬਾਲਾ[9] ॥	The Omnipresent[6] Lord[7] is ever fresh[8] and ever youthful[9].	ਸਰਬ-ਵਿਆਪਕ[6] ਸ੍ਵਾਮੀ[7] ਸਦਾ ਨਵਾਨੂੱਕ[8] ਅਤੇ ਸਦਾ ਜੁਆਨ[9] ਹੈ ।
ਹਰਿ ਅੰਤਰਿ[10] ਬਾਹਰਿ[12] ਸੰਗਿ[13] ਰਖਵਾਲਾ[14] ॥੭॥	Within[10] and without[12], God is with[13] me as my Protector[14].	ਅੰਦਰ[10] ਅਤੇ ਬਾਹਰ[12] ਵਾਹਿਗੁਰੂ ਮੇਰੇ ਰਾਖੇ[14] ਵਜੋਂ ਮੇਰੇ ਨਾਲ[13] ਹੈ ।
ਕਹੁ[15] ਨਾਨਕ ਹਰਿ[16] ਹਰਿ ਪਦੁ[17] ਚੀਨ[18] ॥ ਸਰਬਸੁ[19] ਨਾਮੁ ਭਗਤ[21] ਕਉ ਦੀਨ[20] ॥੮॥੧੧॥	Says[15] Nanak, He, who realises[18] Lord God's[16] dignity[17], to that Saint[21] He gives[20] His Name for all his wealth[19].	ਗੁਰੂ ਜੀ ਫ਼ੁਰਮਾਉਂਦੇ[15] ਹਨ ਜੋ ਵਾਹਿਗੁਰੂ ਮਾਲਕ[16] ਦੇ ਮਰਤਬੇ[17] ਨੂੰ ਅਨੁਭਵ ਕਰਦਾ[18] ਹੈ, ਉਸ ਸਾਧੂ[21] ਨੂੰ ਉਹ ਉਸ ਦੀ ਸਮੂਹ ਦੌਲਤ[19] ਵਜੋਂ ਆਪਣਾ ਨਾਮ ਦਿੰਦਾ[20] ਹੈ ।
ਰਾਗੁ ਗਉੜੀ ਮਾਝ ਮਹਲਾ ੫	Measure Gauri Majh 5th Guru	ਰਾਗੁ ਗਉੜੀ ਮਾਝ ਪਾਤਸ਼ਾਹੀ ਪੰਜਵੀਂ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਖੋਜਤ[22] ਫਿਰੇ[23] ਅਸੰਖ[24] ਅੰਤੁ[25] ਨ ਪਾਰੀਆ[26] ॥	Myriads[24] walk[23] about searching[22] Thee, O Lord, but they find[26] not Thy limits[25].	ਅਣਗਿਣਤ[24] ਤੈਨੂੰ ਭਾਲਦੇ[22] ਫਿਰਦੇ[23] ਹਨ ਹੇ ਸ੍ਵਾਮੀ ! ਪਰ ਉਨ੍ਹਾਂ ਨੂੰ ਤੇਰੇ ਓੜਕ[25] ਦਾ ਪਤਾ[26] ਨਹੀਂ ਲੱਗਦਾ ।
ਸੇਈ[27] ਹੋਏ[28]ਭਗਤ[29]ਜਿਨਾ ਕਿਰਪਾਰੀਆ[30] ॥੧॥	They[27] alone become[28] Thine devotees[29] on whom is Thy grace[30].	ਕੇਵਲ ਉਹੀ[27] ਤੇਰੇ ਅਨੁਰਾਗੀ[29] ਹੁੰਦੇ[28] ਹਨ ਜਿਨ੍ਹਾਂ ਉਤੇ ਤੇਰੀ ਕਿਰਪਾ[30] ਹੈ ।
ਹਉ ਵਾਰੀਆ[31] ਹਰਿ[32] ਵਾਰੀਆ ॥ ੧ ॥ ਰਹਾਉ ॥	I am a sacrifice[31], I am a sacrifice, unto Thee, my God[32]. Pause.	ਮੈਂ ਕੁਰਬਾਨ[31] ਹਾਂ, ਮੈਂ ਕੁਰਬਾਨ ਹਾਂ, ਤੇਰੇ ਉਤੋਂ, ਮੇਰੇ ਵਾਹਿਗੁਰੂ[32] । ਠਹਿਰਾਉ ।
ਸੁਣਿ[33] ਸੁਣਿ ਪੰਥੁ[34] ਡਰਾਉ[35] ਬਹੁਤੁ[36] ਭੈ ਹਾਰੀਆ[37] ॥	By hearing[33], and again hearing of the frightful[35] path[34], I am terribly[36] terrified[37].	ਭਿਆਨਕ[35] ਮਾਰਗ[34] ਬਾਰੇ, ਸੁਣ ਸੁਣ ਕੇ[33], ਮੈਂ ਅਤੀ[36] ਭੈ-ਭੀਤ[37] ਹੋਇਆ ਹੋਇਆ ਹਾਂ ।
ਮੈ[38] ਤਕੀ ਓਟ[39] ਸੰਤਾਹ[40] ਲੇਹੁ ਉਬਾਰੀਆ[41] ॥੨॥	I have sought[38] Saint's[40] asylum[39], O God's favourite do thou save[41] me.	ਮੈਂ ਸਾਧੂ[40] ਦੀ ਸ਼ਰਣਾਗਤ[39] ਸੰਭਾਲੀ[38] ਹੈ ਹੇ ਰੱਬ ਦੇ ਪਿਆਰੇ ਤੂੰ ਮੇਰੀ ਰਖਿਆ[41] ਕਰ ।

੨੪੧	241	੨੪੧
ਮੋਹਨ[42] ਲਾਲ[43] ਅਨੂਪ[44] ਸਰਬ[45] ਸਾਧਾਰੀਆ[46] ॥	The Fascinating[42] Beauteous[44] Beloved[43] is the Giver of support[46] to all[45].	ਮੋਹਿਤ ਕਰਣਹਾਰ[42] ਸੁਨੱਖਾ[44] ਪ੍ਰੀਤਮ[43] ਸਾਰਿਆਂ[45] ਨੂੰ ਆਸਰਾ[46] ਦੇਣ ਵਾਲਾ ਹੈ।
ਗੁਰ ਨਿਵਿ ਨਿਵਿ[47] ਲਾਗਉ[48] ਪਾਇ[49] ਦੇਹੁ[50] ਦਿਖਾਰੀਆ[51] ॥੩॥	I bow low[47] and fall[48] at Guru's feet[49]. Cause[50] me to see[51] the Lord, O my Guru.	ਮੈਂ ਬਹੁਤ ਨੀਵਾਂ[47] ਹੋ ਕੇ ਗੁਰਾਂ ਦੇ ਪੈਰੀਂ[49] ਪੈਂਦਾ[48] ਹਾਂ। ਹੇ ਮੇਰੇ ਗੁਰੂ ਜੀ ! ਮੈਨੂੰ ਸਾਹਿਬ ਦਿਖਾਲ[51] ਦਿਓ[50]।
ਮੈ ਕੀਏ ਮਿਤ੍ਰ[52] ਅਨੇਕ[53] ਇਕਸੁ[54] ਬਲਿਹਾਰੀਆ[55]॥	I have made friends[52] with many[53], but am a sacrifice[55] to the One alone[54].	ਮੈਂ ਅਨੇਕੇ[53] ਸਜਨ[52] ਬਣਾਏ ਹਨ, ਪਰ ਮੈਂ ਕੁਰਬਾਨ[55] ਕੇਵਲ ਇਕ[54] ਉਤੋਂ ਹੀ ਜਾਂਦਾ ਹਾਂ।
ਸਭ ਗੁਣ[56] ਕਿਸ ਹੀ ਨਾਹਿ ਹਰਿ ਪੂਰ[57] ਭੰਡਾਰੀਆ[58] ॥੪॥	None has all the virtues[56]. God is the brimful[57] treasure[58] of excellences.	ਕਿਸੇ ਵਿਚ ਭੀ ਸਾਰੀਆਂ ਨੇਕੀਆਂ[56] ਨਹੀਂ। ਵਾਹਿਗੁਰੂ ਵਡਿਆਈਆਂ ਦਾ ਪਰੀਪੂਰਨ[57] ਖ਼ਜ਼ਾਨਾ[58] ਹੈ।
ਚਹੂ ਦਿਸਿ[59] ਜਪੀਐ[60] ਨਾਉ ਸੁਖਿ[61]ਸਵਾਰੀਆ[62]॥	In the four directions[59], Lord's Name is repeated[60]. His contemplators are embellished[62] with bliss[61].	ਚੌਹੀਂ ਪਾਸੀਂ[59] ਸਾਂਈ ਦੇ ਨਾਮ ਦਾ ਸਿਮਰਨ[60] ਹੁੰਦਾ ਹੈ। ਉਸ ਦਾ ਸਿਮਰਨ ਕਰਨ ਵਾਲੇ ਖ਼ੁਸ਼ੀ[61] ਨਾਲ ਸੁਸ਼ੋਭਤ[62] ਹੁੰਦੇ ਹਨ।
ਮੈ ਆਹੀ[63] ਓਟਿ[64] ਤੁਹਾਰਿ[65] ਨਾਨਕ ਬਲਿਹਾਰੀਆ[66] ॥੫॥	I crave[63] for Thine[65] protection[64], O God, Nanak is a sacrifice[66] unto Thee.	ਮੈਂ ਤੇਰੀ[65] ਪਨਾਹ[64] ਨੂੰ ਲੋੜਦਾ[63] ਹਾਂ, ਹੇ ਵਾਹਿਗੁਰੂ ! ਨਾਨਕ ਤੇਰੇ ਉਤੋਂ ਘੋਲੀ[66] ਵੰਞਦਾ ਹੈ।
ਗੁਰਿ ਕਾਢਿਓ[67] ਭੁਜਾ[68] ਪਸਾਰਿ[69] ਮੋਹ[70] ਕੂਪਾਰੀਆ[71] ॥	Stretching out[69] his arm[68] the Guru has taken me out[67] of the well[71] of worldly attachment[70].	ਆਪਣੀ ਬਾਂਹ[68] ਅਗੇ ਵਧਾ ਕੇ[69] ਗੁਰਾਂ ਨੇ ਮੈਨੂੰ ਸੰਸਾਰੀ ਲਗਨ[70] ਦੇ ਖੂਹ[71] ਵਿਚੋਂ ਬਾਹਰ ਕੱਢ ਲਿਆ[67] ਹੈ।
ਮੈ ਜੀਤਿਓ[72] ਜਨਮੁ[73] ਅਪਾਰੁ[74] ਬਹੁਰਿ[75] ਨ ਹਾਰੀਆ[76] ॥੬॥	I have won[72] over the invaluable[74] human life[73] and that I will not lose[76], again[75].	ਮੈਂ ਅਮੋਲਕ[74] ਮਨੁੱਖਾ ਜੀਵਨ[73] ਜਿੱਤ ਲਿਆ ਹੈ, ਜਿਸ ਨੂੰ ਮੈਂ ਮੁੜਕੇ[75] ਨਹੀਂ ਹਾਰਾਂਗਾ[76]।
ਮੈ ਪਾਇਓ ਸਰਬ[77] ਨਿਧਾਨੁ[78] ਅਕਥੁ[79] ਕਥਾਰੀਆ[80] ॥	I have obtained God, the treasure[78] of everything[77], whose discourse[80] is ineffable[79]	ਮੈਂ ਹਰ ਸ਼ੈ[77] ਦੇ ਖ਼ਜ਼ਾਨੇ[78] ਵਾਹਿਗੁਰੂ ਨੂੰ ਪਾ ਲਿਆ ਹੈ, ਜਿਸ ਦੀ ਵਾਰਤਾ[80] ਬਿਆਨ ਤੋਂ ਬਾਹਰ[79] ਹੈ।
ਹਰਿ ਦਰਗਹ[81] ਸੋਭਾਵੰਤ[82] ਬਾਹ[83] ਲੁਡਾਰੀਆ[84] ॥੭॥	Becoming illustrious[82] in God's court[81] I shall wave[84] my arm[83] in joy.	ਵਾਹਿਗੁਰੂ ਦੇ ਦਰਬਾਰ[81] ਅੰਦਰ ਕੀਰਤੀਮਾਨ[82] ਹੋ ਮੈਂ ਖ਼ੁਸ਼ੀ ਅੰਦਰ ਆਪਣੀ ਭੁਜਾ[83] ਨੂੰ ਹੁਲਾਰਾਂਗਾ[84]।
ਜਨ[85] ਨਾਨਕ ਲਧਾ[86] ਰਤਨੁ[87] ਅਮੋਲੁ[88] ਅਪਾਰੀਆ[89] ॥	Slave[85] Nanak has found[86] the unequalled[89] and invaluable[88] jewel[87].	ਗੁਮਾਸ਼ਤੇ[85] ਨਾਨਕ ਨੂੰ ਲਾਸਾਨੀ[89] ਅਤੇ ਅਣਮੁੱਲਾ[88] ਹੀਰਾ[87] ਲੱਭ ਪਿਆ[86] ਹੈ।
ਗੁਰ ਸੇਵਾ[90] [91]ਭਉਜਲੁ[92]	Through Guru's service[90] the	ਗੁਰਾਂ ਦੀ ਘਾਲ[90] ਰਾਹੀਂ ਭਿਆਨਕ[91] ਸੰਸਾਰ ਸਮੁੰਦਰ[92]

ਤਰੀਐ[93] ਕਹਉ[94] ਪੁਕਾਰੀਆ[95]॥੮॥੧॥੧੨॥

dreadful[91] world-ocean[92]is crossed[93]. Unto all I proclaim[94] loudly[95].

ਪਾਰ[93] ਕੀਤਾ ਜਾਂਦਾ ਹੈ। ਮੈਂ ਸਮੂਹ ਨੂੰ ਉੱਚੀ[95] ਬੋਲ ਕੇ ਦੱਸਦਾ[94] ਹਾਂ।

ਗਉੜੀ ਮਹਲਾ ੫

Gauri 5th Guru.

ਗਉੜੀ ਪਾਤਸ਼ਾਹੀ ੫

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਮਿਹਰ ਦੁਆਰਾਂ ਉਹ ਪਰਾਪਤ ਹੁੰਦਾ ਹੈ।

ਨਾਰਾਇਣ[96] ਹਰਿ ਰੰਗ[97] ਰੰਗੋ[98] ॥

Dye[98] thyself with the love[97] of Lord God[96].

ਤੂੰ ਆਪਣੇ ਆਪ ਨੂੰ ਵਾਹਿਗੁਰੂ ਸੁਆਮੀ[96] ਦੀ ਪ੍ਰੀਤ[97] ਨਾਲ ਰੰਗ[98]।

ਜਪਿ[99] ਜਿਹਵਾ[100] ਹਰਿ ਏਕ[2] ਮੰਗੋ[3] ॥੧॥ ਰਹਾਉ॥

Repeat[99] thou the Name of God with thy tongue[100] and ask for[3] Him alone[2]. Pause.

ਤੂੰ ਆਪਣੀ ਜੀਭ[100] ਨਾਲ ਵਾਹਿਗੁਰੂ ਦੇ ਨਾਮ ਦਾ ਉਚਾਰਨ[99] ਕਰ, ਅਤੇ ਕੇਵਲ[2] ਉਸੇ ਦੀ ਹੀ ਯਾਚਨਾ[3] ਕਰ। ਠਹਿਰਾਉ।

ਤਜਿ[4] ਹਉਮੈ[5] ਗੁਰ ਗਿਆਨ[6] ਭਜੋ[7] ॥

Eschew[4] thy ego[5] and reflect upon[7] the Guru given Divine knowledge[6].

ਆਪਣੀ ਹੰਗਤਾ[5] ਨੂੰ ਛੱਡ[4] ਅਤੇ ਗੁਰਾਂ ਦੇ ਬਖ਼ਸ਼ੇ ਹੋਏ ਬ੍ਰਹਿਮ ਵਿਚਾਰ[6] ਨੂੰ ਸੋਚ ਸਮਝ[7]।

ਮਿਲਿ[8] ਸੰਗਤਿ[9] ਧੁਰਿ[10] ਕਰਮ[12] ਲਿਖਿਓ[13] ॥੧॥

They alone, in whose eternal[10] lot[12] it is so writ[13], meet[8] the society of Saints[9].

ਕੇਵਲ ਉਹੀ ਜਿਨ੍ਹਾਂ ਦੇ ਮੁਢਲੇ[10] ਭਾਗਾਂ[12] ਵਿਚ ਇਸ ਤਰ੍ਹਾਂ ਲਿਖਿਆ[13] ਹੁੰਦਾ ਹੈ, ਸਤਿਸੰਗਤ[9] ਨਾਲ ਜੁੜਦੇ[8] ਹਨ।

ਜੋ[14] ਦੀਸੈ ਸੋ[16] ਸੰਗਿ[15] ਨ ਗਇਓ ॥

Whatever[14] is seen, that[16] goes not with[15] the man.

ਜਿਹੜਾ ਕੁਛ[14] ਭੀ ਦਿਸਦਾ ਹੈ, ਉਹ[16] ਬੰਦੇ ਦੇ ਨਾਲ[15] ਨਹੀਂ ਜਾਂਦਾ।

ਸਾਕਤੁ[17] ਮੂੜੁ[18] ਲਗੇ[19] ਪਚਿ[20] ਮੁਇਓ[21] ॥੨॥

Attached[19] therewith the foolish[18] mammon-worshipper[17] putrefies[20] and dies[21].

ਉਸ ਨਾਲ ਜੁੜ[19] ਕੇ ਮੂਰਖ[18] ਮਾਇਆ ਦਾ ਪੁਜਾਰੀ[17] ਗਲ ਸੜ[20] ਕੇ ਮਰ[21] ਜਾਂਦਾ ਹੈ।

ਮੋਹਨ[22]ਨਾਮੁ ਸਦਾ[23] ਰਵਿ ਰਹਿਓ[24] ॥

The name of the Fascinating Lord[22] is ever[23] pervading[24].

ਮੋਹਿਤ ਕਰਨਹਾਰ[22] ਸਾਂਈ ਦਾ ਨਾਮ, ਹਮੇਸ਼ਾਂ[23] ਲਈ ਵਿਆਪਕ[24] ਹੈ।

ਕੋਟਿ[25] ਮਧੇ[26] ਕਿਨੈ[27] ਗੁਰਮੁਖਿ[28] ਲਹਿਓ[29] ॥੩॥

Amongst[26]millions[25],there is hardly[27] one, who through the Guru[28], attains[29] to the Name.

ਕ੍ਰੋੜਾਂ[25] ਵਿਚੋਂ[26] ਕੋਈ ਇਕ ਅੱਧ[27] ਹੀ ਗੁਰਾਂ ਦੇ ਰਾਹੀਂ[28] ਨਾਮ ਨੂੰ ਪ੍ਰਾਪਤ[29] ਹੁੰਦਾ ਹੈ।

ਹਰਿ ਸੰਤਨ[30] ਕਰਿ ਨਮੋ[31] ਨਮੋ ॥

Make obeisance[31], obeisance, unto God's Saints[30].

ਨਮਸ਼ਕਾਰ[31], ਨਮਸ਼ਕਾਰ ਕਰ, ਰੱਬ ਦੇ ਸਾਧੂਆਂ[30] ਨੂੰ।

ਨਉ[32] ਨਿਧਿ[33] ਪਾਵਹਿ[34] ਅਤੁਲੁ[35] ਸੁਖੋ[36] ॥੪॥

Thus shalt thou receive[34] nine[32] treasures[33] and infinite[35] peace[36].

ਇੰਜ ਤੂੰ ਨੌਂ[32] ਖ਼ਜ਼ਾਨੇ[33] ਅਤੇ ਅਨੰਤ[35] ਆਰਾਮ[36] ਪਾ[34] ਲਵੇਂਗਾ।

ਨੈਨ[37] ਅਲੋਵਉ[38] ਸਾਧ[39] ਜਨੋ[40] ॥

With thine eyes[37],behold[38] the holy[39] men[40].

ਆਪਣੀਆਂ ਅੱਖਾਂ[37] ਨਾਲ ਪਵਿੱਤ੍ਰ[39] ਪੁਰਸ਼ਾਂ[40] ਨੂੰ ਤੱਕ[38]।

ਹਿਰਦੈ[41] ਗਾਵਹੁ[42] ਨਾਮ ਨਿਧੋ[43] ॥੫॥

Within thy mind[41], sing[42] the praise of the Name-treasure[43].

ਆਪਣੇ ਮਨ[41] ਅੰਦਰ ਨਾਮ-ਖ਼ਜ਼ਾਨੇ[43] ਦਾ ਜੱਸ ਗਾਇਨ[42] ਕਰ।

ਕਾਮ[44]ਕ੍ਰੋਧ[45] ਲੋਭੁ[46] ਮੋਹੁ[47] ਤਜੋ[48] ॥
ਜਨਮ[49] ਮਰਨ[50] ਦੂਹੂ[51] ਤੇ ਰਹਿਓ[52] ॥੬॥
ਦੂਖੁ[53] ਅੰਧੇਰਾ[54] ਘਰ ਤੇ[55] ਮਿਟਿਓ[56]॥ਗੁਰਿ ਗਿਆਨੁ[57] ਦ੍ਰਿੜਾਇਓ[58] ਦੀਪ[59] ਬਲਿਓ[60] ॥੭॥
ਜਿਨਿ ਸੇਵਿਆ[61] ਸੋ[62] ਪਾਰਿ ਪਰਿਓ[63] ॥
ਜਨ[64] ਨਾਨਕ ਗੁਰਮੁਖਿ[65] ਜਗਤੁ[66] ਤਰਿਓ[67]॥੮॥੧॥ ੧੩॥

Abandon[48] lust[44], wrath[45], avarice[46] and worldly love[47].
Thus be rid of[52] both[51] birth[49] and death[50].
Distress[53] and darkness[54] shall depart[56] from[55] thy home, when, within thee, the Guru implants[58] wisdom[57] and lits[60] the Divine lamp[59].
He[62], who serves[61] the Lord crosses[63] the sea of life.
Through the Guru,[65] O slave[64] Nanak, the entire world[66] is saved[67].

ਲਿੰਗ ਚੇਸ਼ਟਾ[44], ਗੁੱਸਾ[45], ਲਾਲਚ[46] ਤੇ ਸੰਸਾਰੀ ਮਮਤਾ[47] ਨੂੰ ਛੱਡ[48] ਦੇ ।
ਇਸ ਤਰ੍ਹਾਂ ਜੰਮਣ[49] ਤੇ ਮਰਣ[50] ਦੁਹਾਂ[51] ਤੋਂ ਖ਼ਲਾਸੀ[52] ਪਾ ਜਾ ।
ਦਰਦ[53] ਤੇ ਹਨੇਰਾ[54] ਤੇਰੇ ਗ੍ਰਹਿ ਤੋਂ[55] ਦੂਰ[56] ਹੋ ਜਾਣਗੇ, ਜਦ ਤੇਰੇ ਅੰਦਰ ਗੁਰਾਂ ਨੇ ਸਿਆਣਪ[57] ਇਸਥਿਤ[58] ਕਰ ਦਿਤੀ ਅਤੇ ਈਸ਼ਵਰੀ ਜੋਤ[59] ਰੋਸ਼ਨ[60] ਕਰ ਦਿਤੀ ।
ਜੋ ਸੁਆਮੀ ਦੀ ਘਾਲ[61] ਕਮਾਉਂਦਾ ਹੈ, ਉਹ[62] ਜੀਵਨ ਦੇ ਸਾਗਰ ਤੋਂ ਪਾਰ[63] ਹੋ ਜਾਂਦਾ ਹੈ ।
ਗੁਰਾਂ ਦੇ ਰਾਹੀਂ[65] ਹੇ ਗੋਲੇ[64] ਨਾਨਕ ! ਸਾਰਾ ਸੰਸਾਰ[66] ਬਚ ਗਿਆ[67] ਹੈ ।

ਮਹਲਾ ੫ ਗਉੜੀ ॥
ਹਰਿ ਹਰਿ[68] ਗੁਰੁ[69] ਗੁਰੁ ਕਰਤ[70] ਭਰਮ[71] ਗਏ[72] ॥

Gauri 5th Guru.
Meditating[70] on God's Name[68] and the Great Guru[69], my doubts[71] are dispelled[72].

ਗਉੜੀ ਪਾਤਸ਼ਾਹੀ ੫ ।
ਵਾਹਿਗੁਰੂ ਦੇ ਨਾਮ[68] ਅਤੇ ਵਡੇ ਗੁਰਾਂ[69] ਦਾ ਸਿਮਰਨ[70] ਕਰਨ ਦੁਆਰਾ ਮੇਰੇ ਵਹਿਮ[71] ਦੂਰ[72] ਹੋ ਗਏ ਹਨ ।

ਮੇਰੈ ਮਨਿ[73] ਸਭਿ ਸੁਖ[74] ਪਾਇਓ ॥੧॥ ਰਹਾਉ ॥
ਬਲਤੋ[75] ਜਲਤੋ ਤਉਕਿਆ[76] ਗੁਰ ਚੰਦਨੁ[77] ਸੀਤਲਾਇਓ[78] ॥੧॥
ਅਗਿਆਨ[79] ਅੰਧੇਰਾ[80] ਮਿਟਿ ਗਇਆ[81] ਗੁਰ ਗਿਆਨੁ[82]ਦੀਪਾਇਓ[83]॥੨॥
ਪਾਵਕੁ[84] ਸਾਗਰੁ[85] ਗਹਰੋ[86] ਚਰਿ[87] ਸੰਤਨ ਨਾਵ[88] ਤਰਾਇਓ[89] ॥੩॥
ਨਾ ਹਮ[90] ਕਰਮ[91] ਨ ਧਰਮ[92] ਸੁਚ[93]ਪ੍ਰਭਿ ਗਹਿ[94] ਭੁਜਾ[95] ਆਪਾਇਓ[96] ॥੪॥
ਭਉ[97] ਖੰਡਨੁ[98] ਦੁਖ[99] ਭੰਜਨੋ[100] ਭਗਤਿ[2] ਵਛਲ[3] ਹਰਿ ਨਾਇਓ[4] ॥੫॥

My soul[73] has obtained all the comforts[74]. Pause.
On me, smouldering and burning[75], the Guru has sprinkled[76] water. The Guru is cool[78] like Sandal[77].
My darkness[80] of ignorance[79] is dispelled[81], with the Guru's lamp[83] of Divine Knowledge[82].
The sea[85] of fire[84] is deep[86], embarking[87] on the Name boat[88], the Saints have ferried[89] me across.
In me[90] there is no good deed[91], faith[92] and piety[93]. Taking[94] me by the arm[95], the Lord has owned[96] me.
The Destroyer[98] of fear[97], the Dispeller[100] of pain[99] and the Lover[3] of His Saints[2], are the Names[4] of God.

ਮੇਰੀ ਆਤਮਾ[73] ਨੇ ਸਾਰੇ ਆਰਾਮ[74] ਪਰਾਪਤ ਕਰ ਲਏ ਹਨ । ਠਹਿਰਾਉ ।
ਮੈਂ, ਸੁਲਘਦੇ ਤੇ ਸੜਦੇ[75] ਉਤੇ, ਗੁਰਾਂ ਨੇ ਪਾਣੀ ਛਿੜਕਿਆ[76] ਹੈ । ਗੁਰੂ ਜੀ ਚੰਨਣ[77] ਵਾਂਙ ਸੀਤਲ[78] ਹਨ ।
ਗੁਰਾਂ ਦੇ ਬ੍ਰਹਿਮ-ਗਿਆਤ[82] ਦੀ ਜੋਤ[83] ਦੇ ਨਾਲ, ਮੇਰਾ ਬੇਸਮਝੀ[79] ਦਾ ਅਨ੍ਹੇਰਾ[80] ਦੂਰ ਹੋ ਗਿਆ[81] ਹੈ ।
ਅੱਗ[84] ਦਾ ਸਮੁੰਦਰ[85] ਡੂੰਘਾ[86] ਹੈ, ਨਾਮ ਦੀ ਬੇੜੀ[89] ਉਤੇ ਚੜ੍ਹ[87] ਕੇ ਸਾਧੂਆਂ ਨੇ ਮੇਰਾ ਪਾਰ ਉਤਾਰਾ[88] ਕਰ ਦਿੱਤਾ ਹੈ ।
ਮੇਰੇ[90] ਵਿਚ ਚੰਗੇ ਅਮਲ[91], ਈਮਾਨ[92] ਤੇ ਪਵਿੱਤਰਤਾ[93] ਨਹੀਂ । ਬਾਹੋਂ[95] ਫੜ[94] ਕੇ ਸੁਆਮੀ ਨੇ, ਮੈਨੂੰ ਆਪਣਾ ਬਣਾ ਲਿਆ[96] ਹੈ ।
ਡਰ[97] ਨੂੰ ਨਾਸ ਕਰਨਹਾਰ[98], ਪੀੜ[99] ਮੇਟਣ ਵਾਲਾ[100] ਅਤੇ ਆਪਣੇ ਸੰਤਾਂ[2] ਦਾ ਪਿਆਰਾ[3] ਵਾਹਿਗੁਰੂ ਦੇ ਨਾਮ[4] ਹਨ ।

ਅਨਾਥਹ[5] ਨਾਥ[6] ਕ੍ਰਿਪਾਲ[7] ਦੀਨ[8] ਸੰਮ੍ਰਿਥ[9] ਸੰਤ ਓਟਾਇਓ[10] ॥੬॥
ਨਿਰਗੁਨੀਆਰੇ[12] ਕੀ ਬੇਨਤੀ[13] ਦੇਹੁ[14] ਦਰਸੁ[15] ਹਰਿ[16] ਰਾਇਓ[17] ॥੭॥
ਨਾਨਕ ਸਰਨਿ[18] ਤੁਹਾਰੀ[19] ਠਾਕੁਰ ਸੇਵਕੁ[20] ਦੁਆਰੈ[21] ਆਇਓ[22] ॥੮॥੨॥੧੪॥

God is the Master[6] of the masterless[5], Merciful[7] to the meek[8], Omnipotent[9] and the support[10] of his Saints.
I, virtueless[12], make a supplication[13], O Sovereign[17] Lord[16], "Bless[14] me with Thine Sight[15]".
Nanak is under Thine[19] protection[18], O Lord. Thy servant[20] has come[22] and fallen at Thine door[21].

ਵਾਹਿਗੁਰੂ ਨਿਮਸਮਿਆਂ ਦਾ ਖਸਮ[6], ਮਸਕੀਨਾਂ[8] ਤੇ ਮਿਹਰਬਾਨ[7], ਸਰਬ-ਸ਼ਕਤੀਵਾਨ[9] ਅਤੇ ਆਪਣੇ ਸਾਧੂਆਂ ਦਾ ਆਸਰਾ[10] ਹੈ।
ਮੈਂ ਨੇਕੀ-ਵਿਹੂਣ[12] ਇਕ ਪ੍ਰਾਰਥਨਾ[13] ਕਰਦਾ ਹਾਂ, ਹੇ ਪਾਤਸ਼ਾਹ[17] ਪਰਮੇਸ਼ਰ[16]! "ਮੈਨੂੰ ਆਪਣੇ ਦੀਦਾਰ[15] ਦੀ ਦਾਤ[14] ਦੇ"।
ਨਾਨਕ ਤੇਰੀ[19] ਪਨਾਹ[18] ਹੇਠਾਂ ਹੈ ਹੇ ਸੁਆਮੀ! ਤੇਰਾ ਟਹਿਲੂਆ[20] ਤੇਰੇ ਬੂਹੇ[21] ਤੇ ਆ[22] ਡਿੱਗਾ ਹੈ।

੨੪੨

ਗਉੜੀ ਮਹਲਾ ੫ ॥
ਰੰਗ[23] ਸੰਗਿ[24] ਬਿਖਿਆ[25] ਕੇ ਭੋਗਾ[26] ਇਨ[27] ਸੰਗਿ[28] ਅੰਧ[29] ਨ ਜਾਨੀ[30] ॥੧॥

ਹਉ[31] ਸੰਚਉ[32] ਹਉ ਖਾਟਤਾ[33] ਸਗਲੀ[34] ਅਵਧ[35] ਬਿਹਾਨੀ[36] ॥੧॥ ਰਹਾਉ ॥
ਹਉ ਸੂਰਾ[37] ਪਰਧਾਨੁ[38] ਹਉ ਕੋ ਨਾਹੀ ਮੁਝਹਿ[39] ਸਮਾਨੀ[40] ॥੨॥
ਜੋਬਨਵੰਤ[41] ਅਚਾਰ[42] ਕੁਲੀਨਾ[43] ਮਨ[44] ਮਹਿ[45] ਹੋਇ[47] ਗੁਮਾਨੀ[46] ॥ ੩ ॥
ਜਿਉ[48] ਉਲਝਾਇਓ[49] ਬਾਧ[50] ਬੁਧਿ[51] ਕਾ[52] ਮਰਤਿਆ[53] ਨਹੀ ਬਿਸਰਾਨੀ[54] ॥੪॥
ਭਾਈ[55] ਮੀਤ[56] ਬੰਧਪ[57] ਸਖੇ[58] ਪਾਛੇ[59] ਤਿਨਹੂ[60] ਕਉ[61] ਸੰਪਾਨੀ[62] ॥੫॥
ਜਿਤੁ ਲਾਗੋ[68] ਮਨੁ[63] ਬਾਸਨਾ[64] ਅੰਤਿ[65] ਸਾਈ[66] ਪ੍ਰਗਟਾਨੀ[67] ॥੬॥
[69]ਅਹੰਬੁਧਿ[70]ਸੁਚਿ[71]ਕਰਮ[72]

242

Gauri 5th Guru.

The man is imbued[23] with[24] the enjoyment[26] of the mortal sins[25].
In their[27] associacion[28], the blind man[29] knows[30] not the Lord.
"I[31] amass[32], I earn[33]", so says he. Like this his whole[34] life[35] passes[36] away. Pause.
"I am a hero[37], I am the most distinguished[38]. No one is equal[40] to me[39]."
"I am young[41], of good conduct[42] and of high family[43]". In[46] his mind[44] he has gone[47] haughty[46] like this.
As[48] if he is entraped[49] by[52] false[50] understanding[51], he forgets[54] not self-conceit till his death[53].

Brothers[55], friends[56], kinsmen[57] and companions[58], who live after[59] him, to[61] them[60] he entrusts[62] his wealth.
The desire[64], to which the soul[63] is attached[68], that[66] becomes manifest[67] at the last[65] moment.
The man does[73] pious[71] deeds[72],

੨੪੨

ਗਉੜੀ ਪਾਤਸ਼ਾਹੀ ਪੰਜਵੀਂ।

ਇਨਸਾਨ ਪ੍ਰਾਣ-ਨਾਸਕ ਪਾਪ[25] ਦੇ ਅਨੰਦ ਮਾਨਣ[26] ਨਾਲ[24] ਰੰਗਿਆ ਹੋਇਆ[23] ਹੈ। ਇਨ੍ਹਾਂ[27] ਦੀ ਸੁਹਬਤ[28] ਅੰਦਰ ਅੰਨ੍ਹਾ ਆਦਮੀ[29] ਪ੍ਰਭੂ ਨੂੰ ਨਹੀਂ ਜਾਣਦਾ[30]।
"ਮੈਂ[31] ਇਕੱਤ੍ਰ[32] ਕਰਦਾ ਹਾਂ, ਮੈਂ ਖੱਟਦਾ ਕਮਾਉਂਦਾ[33] ਹਾਂ" ਐਕੁਰ ਉਹ ਆਖਦਾ ਹੈ। ਏਸੇ ਤਰ੍ਹਾਂ ਹੀ ਉਸ ਦੀ ਸਾਰੀ[34] ਆਰਬਲਾ[35] ਬੀਤ[36] ਜਾਂਦੀ ਹੈ। ਠਹਿਰਾਉ।
"ਮੈਂ ਸੂਰਮਾ[37] ਹਾਂ, ਮੈਂ ਪਰਮ ਨਾਮਵਰ[38] ਹਾਂ, ਮੇਰੇ[39] ਤੁੱਲ[40] ਹੋਰ ਕੋਈ ਨਹੀਂ।
ਮੈਂ ਜੁਆਨ[41], ਧਰਮੀ[42] ਅਤੇ ਉੱਚੇ ਘਰਾਣੇ[43] ਦਾ ਹਾਂ। ਆਪਣੇ ਚਿੱਤ[44] ਅੰਦਰ[45] ਉਹ ਇਸ ਤਰ੍ਹਾਂ ਹੰਕਾਰੀ[46] ਹੋਇਆ[47] ਹੋਇਆ ਹੈ।
ਜਿਵੇਂ[48] ਕਿ ਉਹ ਝੂਠੀ[50] ਸਮਝ[51] ਦਾ[52] ਫਸਾਇਆ[49] ਹੋਇਆ ਹੈ, ਮਰਨ[53] ਵੇਲੇ ਤਾਂਈਂ ਉਹ ਸਵੈ-ਹੰਕਤਾ ਨੂੰ ਨਹੀਂ ਭੁੱਲਦਾ[54]।
ਭਰਾ[55], ਮਿੱਤ੍ਰ[56], ਸਾਕ-ਸੈਨ[57] ਅਤੇ ਸਾਥੀ[58] ਜੋ ਪਿਛੇ[59] ਜੀਉਂਦੇ ਹਨ, ਉਨ੍ਹਾਂ[60] ਨੂੰ[61] ਉਹ ਆਪਣੀ ਦੌਲਤ ਸੌਂਪ[62] ਦਿੰਦਾ ਹੈ।
ਜਿਹੜੀ ਖ਼ਾਹਿਸ਼[64] ਨਾਲ ਆਤਮਾ[63] ਜੁੜੀ[68] ਹੋਈ ਹੈ, ਉਹ[66] ਅਖ਼ੀਰ[65] ਦੇ ਵੇਲੇ ਆ ਜ਼ਾਹਰ[67] ਹੁੰਦੀ ਹੈ।
ਆਦਮੀ ਮਗਰੂਰ[69] ਮੱਤ[70] ਨਾਲ ਨੇਕ[71] ਕੰਮ[72] ਕਰਦਾ[73]

ਕਰਿ[73] ਇਹ[74] ਬੰਧਨ[75] ਬੰਧਾਨੀ[76] ॥੭॥	through proud[69] intellect[70], with these[74] entanglements[75]he is bound[76].	ਹੈ । ਇਨ੍ਹਾਂ ਜੂੜਾਂ[75] ਨਾਲ ਉਹ ਜਕੜਿਆ[76] ਹੋਇਆ ਹੈ ।
ਦਇਆਲ[77] ਪੁਰਖ[78] ਕਿਰਪਾ[79] ਕਰਹੁ[80] ਨਾਨਕ ਦਾਸ ਦਸਾਨੀ[81] ॥੮॥੩॥ ੧੫॥੪੪॥ ਜੁਮਲਾ[82] ॥	My Merciful[77] Master[78], show[80] mercy[79], that Nanak may become the slave of Thine slaves[81]. 8/3/15/44/ Total[82].	ਮੇਰੇ ਮਿਹਰਬਾਨ[77] ਮਾਲਕ[78] ! ਮਾਇਆ[79] ਧਾਰ[80], ਤਾਂ ਜੋ ਨਾਨਕ ਤੇਰੇ ਗੋਲਿਆਂ[81] ਦਾ ਗੋਲਾ ਹੋ ਜਾਏ । 8/3/15/44 ਜੋੜ[82] ।
੧ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥	There is but One God. True is His Name and Creative His personality. By True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚਾ ਹੈ ਉਸ ਦਾ ਨਾਮ ਅਤੇ ਰਚਨਹਾਰ ਹੈ ਉਸ ਦੀ ਵਿਅਕਤੀ । ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥	Measure Gauri Purbi Chhant 1st Guru.	ਰਾਗੁ ਗਉੜੀ ਪੂਰਬੀ ਛੰਤ ਪਾਤਸ਼ਾਹੀ ਪਹਿਲੀ ।
ਮੁੰਧ[83]ਰੈਣਿ[84]ਦੁਹੇਲੜੀਆ[85] ਜੀਉ ਨੀਦ[86] ਨ ਆਵੈ ॥	For the bride[83]the night[84]is painful[85] without her Beloved; she has no sleep[86].	ਵਹੁਟੀ[83] ਲਈ ਰਾਤ[84] ਦੁਖਦਾਈ[85] ਹੈ । ਆਪਣੇ ਪਿਆਰੇ ਬਿਨਾਂ ਉਸ ਨੂੰ ਨੀਂਦ[86] ਨਹੀਂ ਪੈਂਦੀ ।
ਸਾ ਧਨ[87]ਦੁਬਲੀਆ[88]ਜੀਉ ਪਿਰ[89] ਕੈ ਹਾਵੈ[90] ॥	The wife[87]has grown weak[88],through grief at the separation[90]of her Spouse[89].	ਆਪਣੇ ਪਤੀ[89] ਦੇ ਵਿਛੋੜੇ ਦੇ ਸੱਲ[90] ਕਰ ਕੇ, ਪਤਨੀ[87] ਲਿੱਸੀ[88] ਹੋ ਗਈ ਹੈ ।
ਧਨ[97] ਥੀਈ[91] ਦੁਬਲਿ[92] ਕੰਤ[93] ਹਾਵੈ[98] ਕੇਵ[94] ਨੈਣੀ[95] ਦੇਖਏ[96] ॥	The wife[97] has gone[91] thin[92] in the sorrow[98] of her Spouse[93], saying "How[94] shall I see[96] Him with mine eyes[95]" ?	ਪਤਨੀ[97] ਆਪਣੇ ਪਤੀ[93] ਦੇ ਗ਼ਮ[98] ਅੰਦਰ ਇਹ ਆਖਦੀ ਹੋਈ ਮਾਂਦੀ[92] ਪੈ ਗਈ[91] ਹੈ, "ਮੈਂ ਉਸ ਨੂੰ ਆਪਣੀਆਂ ਅੱਖਾਂ[95] ਨਾਲ ਕਿਸ ਤਰ੍ਹਾਂ[94] ਵੇਖਾਂਗੀ[96]" ?
ਸੀਗਾਰ[99] ਮਿਠ[100] ਰਸ[2] ਭੋਗ[3] ਭੋਜਨ[4] ਸਭੁ[5] ਝੂਠੁ[8] ਕਿਤੈ ਨ ਲੇਖਏ[9] ॥	For her decorations[99], sweet[100] dainties[2], sensuous revelments[3] and victuals[4] are all[5] false[8] and of no account[9].	ਉਸ ਦੇ ਲਈ ਹਾਰ-ਸ਼ਿੰਗਾਰ[99], ਮਿੱਠੀਆਂ[100] ਨਿਆਮਤਾਂ[2] ਕਾਮ ਦੀਆਂ ਰੰਗ ਰਲੀਆਂ[3], ਤੇ ਖਾਣੇ[4] ਸਾਰੇ[5] ਕੂੜੇ[8] ਹਨ ਤੇ ਕਿਸੇ ਹਿਸਾਬ ਕਿਤਾਬ[9] ਵਿਚ ਨਹੀਂ ।
ਮੈ[6]ਮਤ[7] ਜੋਬਨਿ[10]ਗਰਬਿ[12] ਗਾਲੀ[14] ਦੂਧਾ[15] ਥਣੀ[16] ਨ ਆਵਏ[17] ॥	Intoxicated[7] with the wine[6] of youth's[10] pride[12], she is ruined[14]. Like the extracted milk[15], not returning[17] to teats[16], she will have no further opportunity.	ਜੁਆਨੀ[10] ਦੇ ਗ਼ਰੂਰ[12] ਦੀ ਸ਼ਰਾਬ[6] ਨਾਲ ਗੁੱਟ[7] ਹੋਈ ਹੋਈ ਉਹ ਬਰਬਾਦ[14] ਹੋ ਗਈ ਹੈ । ਚੋਏ ਹੋਏ ਦੁੱਧ[15] ਦੇ ਮੁੜ ਕੇ ਥਣਾਂ[16] ਵਿਚ ਨਾ ਆਉਣ[17] ਦੀ ਤਰ੍ਹਾਂ ਉਸ ਨੂੰ ਫੇਰ ਹੋਰ ਮੌਕਾ ਨਹੀਂ ਮਿਲਣਾ ।
ਨਾਨਕ ਸਾ ਧਨ[18] ਮਿਲੈ[19] ਮਿਲਾਈ ਬਿਨੁ ਪਿਰ[20] ਨੀਦ[22] ਨ ਆਵਏ[21] ॥੧॥	Nanak, the bride[18] meets[19] her Consort[20], when He causes her to meet Him, and without Him no sleep[22] comes[21] to her.	ਨਾਨਕ ਪਤਨੀ[18] ਆਪਣੇ ਪਤੀ[20] ਨੂੰ ਮਿਲ[19] ਪੈਂਦੀ ਹੈ, ਜਦ ਉਹ ਉਸ ਨੂੰ ਆਪਣੇ ਨਾਲ ਮਿਲਾਉਂਦਾ ਹੈ । ਉਸ ਦੇ ਬਾਝੋਂ ਉਸ ਨੂੰ ਨੀਂਦ[22] ਨਹੀਂ ਆਉਂਦੀ[21] ।
ਮੁੰਧ ਨਿਮਾਨੜੀਆ[23] ਜੀਉ	The bride is unhonoured[23] without	ਆਪਣੇ ਪ੍ਰੀਤਮ[25] ਮਾਲਕ[24] ਦੇ ਬਗੈਰ, ਵਹੁਟੀ

ਬਿਨੁ ਧਨੀ[24] ਪਿਆਰੇ[25] ॥
ਕਿਉ[26] ਸੁਖੁ[27] ਪਾਵੈਗੀ
ਬਿਨੁ [28]ਉਰਧਾਰੇ[29] ॥

her Beloved[25] Master[24].
How[26] can she attain peace[27],
without emrbracing[29] Him to her
heart[28] ?

ਮਾਣ ਆਦਰ-ਹੀਣੀ[23] ਹੈ ।
ਉਸ ਨੂੰ ਆਪਣੇ ਦਿਲ[28] ਨਾਲ ਲਾਉਣ[29] ਦੇ ਬਗੈਰ,
ਉਹ ਠੰਢ-ਚੈਨ[27] ਕਿਸ ਤਰ੍ਹਾਂ[26] ਪਾ ਸਕਦੀ ਹੈ ?

ਨਾਹ[30] ਬਿਨੁ ਘਰ[35] ਵਾਸੁ[31]
ਨਾਹੀ ਪੁਛਹੁ[32] ਸਖੀ[33]
ਸਹੇਲੀਆ[34] ॥

Without the Groom[30], the home[35] is
not worth living[31] in. Ask[32] thy
mates[33] and companions[34].

ਖਸਮ[30] ਦੇ ਬਾਝੋਂ ਗ੍ਰਹਿ[35] ਰਹਿਣ[31] ਦੇ ਲਾਇਕ
ਨਹੀਂ । ਆਪਣੀਆਂ ਸਈਆਂ[33] ਤੇ ਸਾਥਣਾਂ[34] ਤੋਂ ਪਤਾ[32]
ਕਰ ਲੈ ।

ਬਿਨੁ[35*] ਨਾਮ ਪ੍ਰੀਤਿ[36]
ਪਿਆਰੁ[37] ਨਾਹੀ ਵਸਹਿ[38]
ਸਾਚਿ[39] ਸੁਹੇਲੀਆ[40] ॥

Without[35*] the Name there is no
love[36] and affection[37]. With her True
Lord[39] she abides[38] in peace[40].

ਨਾਮ ਦੇ ਬਗੈਰ[35*] ਕੋਈ ਮੁਹੱਬਤ[36] ਤੇ ਸਨੇਹ[37] ਨਹੀਂ ।
ਆਪਣੇ ਸੱਚੇ ਸੁਆਮੀ[39] ਨਾਲ ਉਹ ਆਰਾਮ[40] ਅੰਦਰ
ਵਸਦੀ[38] ਹੈ ।

ਸਚੁ[41] ਮਨਿ[42] ਸਜਨ[43]
ਸੰਤੋਖਿ[44] ਮੇਲਾ[45] ਗੁਰਮਤੀ[46]
ਸਹੁ[47] ਜਾਣਿਆ[48] ॥

Through mental[42] truthfullness[41] and
contentment[44], union[45] with the
Friend[43] is gained and by Guru's
instruction[46] the Spouse[47] is known[48].

ਮਾਨਸਕ[42] ਸੱਚਾਈ[41] ਤੇ ਸੰਤੁਸ਼ਟਤਾ[44] ਰਾਹੀਂ ਮਿਤ੍ਰ[43]
ਦਾ ਮਿਲਾਪ[45] ਪਰਾਪਤ ਹੁੰਦਾ ਹੈ ਅਤੇ ਗੁਰਾਂ ਦੇ
ਉਪਦੇਸ਼[46] ਦੁਆਰਾ ਕੰਤ[47] ਜਾਣਿਆ[48] ਜਾਂਦਾ ਹੈ ।

ਨਾਨਕ ਨਾਮੁ ਨ ਛੋਡੈ[49]
ਸਾ ਧਨ[50] ਨਾਮਿ[51] ਸਹਜਿ[52]
ਸਮਾਣੀਆ[53] ॥੨॥

Nanak, the wife[50] who abandons[49]
not the Name, merges[53] into
the Lord[52], through the Name[51].

ਨਾਨਕ ਜਿਹੜੀ ਵਹੁਟੀ[50] ਨਾਮ ਨੂੰ ਨਹੀਂ ਤਿਆਗਦੀ[49],
ਉਹ ਨਾਮ ਦੇ ਰਾਹੀਂ[51] ਪ੍ਰਭੂ[52] ਅੰਦਰ ਲੀਨ[53] ਹੋ
ਜਾਂਦੀ ਹੈ ।

ਮਿਲੂ[54] ਸਖੀ[55] ਸਹੇਲੜੀਹੋ[56]
ਹਮ[57] ਪਿਰੁ[58] ਰਾਵੇਹਾ[59] ॥

Come[54] my mates[55] and companions[56],
let us[57] enjoy[59] our Beloved
Husband[58].

ਆਉ[54] ਮੇਰੀਓ ਸਹੇਲੀਓ[55] ਅਤੇ ਸਾਥਣੋਂ[56], ਆਪਾਂ[57]
ਆਪਣੇ ਪਿਆਰੇ ਪਤੀ[58] ਨੂੰ ਮਾਣੀਏ[59] ।

ਗੁਰ ਪੁਛਿ[60] ਲਿਖਉਗੀ[61]
ਜੀਉ ਸਬਦਿ[62] ਸਨੇਹਾ[63] ॥

I will ask[60] my Guru and write[61]
his instructions[62] as my message[63].

ਮੈਂ ਆਪਣੇ ਗੁਰਦੇਵ ਜੀ ਪਾਸੋਂ ਪੁੱਛਾਂਗੀ[60] ਅਤੇ ਉਨ੍ਹਾਂ ਦੇ
ਉਪਦੇਸ਼[62] ਨੂੰ ਆਪਣੇ ਪੈਗ਼ਾਮ[63] ਵਜੋਂ ਲਿਖਾਂਗੀ[61] ।

ਸਬਦੁ ਸਾਚਾ[64] ਗੁਰਿ
ਦਿਖਾਇਆ[65] ਮਨਮੁਖੀ[66]
ਪਛੁਤਾਣੀਆ[67] ॥

The True Word[64], the Guru has
shown[65] me. The apostates shall[66]
repent[67].

ਸੱਚਾ ਸ਼ਬਦ[64], ਗੁਰਾਂ ਨੇ ਮੈਨੂੰ ਵਿਖਾਲ[65] ਦਿੱਤਾ ਹੈ ।
ਅਧਰਮੀ[66] ਪਸਚਾਤਾਪ[67] ਕਰਨਗੇ ।

ਨਿਕਸਿ ਜਾਤਉ[68] ਰਹੈ
ਅਸਥਿਰੁ[69] ਜਾਮਿ[70] ਸਚੁ[71]
ਪਛਾਣਿਆ[72] ॥

My roaming mind[68] became steady[69],
when[70] I recognised[72] the True One[71].

ਜਦ[70] ਮੈਂ ਸਤਿਪੁਰਖ[71] ਨੂੰ ਸਿਆਣ[72] ਲਿਆ, ਮੇਰਾ
ਰਮਤਾ ਮਨੂਆ[68] ਨਿਹਚਲ[69] ਹੋ ਗਿਆ ਹੈ ।

ਸਾਚੁ[73] ਕੀ ਮਤਿ[74] ਸਦਾ[75]
ਨਉਤਨ[76] ਸਬਦਿ[77] ਨੇਹੁ[78]
ਨਵੇਲਉ[79] ॥

The understanding[74] of the True[73]
One is ever[75] new[76] and ever fresh[79]
is the love[78] of the True Name[77].

ਸੱਚੇ[73] ਦੀ ਸਮਝ[74] ਹਮੇਸ਼ਾ[75] ਨਵੀਂ[76] ਨਿਕੋਰ[79]
ਹੁੰਦੀ ਹੈ ਅਤੇ ਸੱਚੇ ਨਾਮ[77] ਦਾ ਪਿਆਰ[78] ਸਦਾ
ਤਰੋ-ਤਾਜ਼ਾ[79] ।

ਨਾਨਕ ਨਦਰੀ[80] ਸਹਜਿ[81]
ਸਾਚਾ[82] ਮਿਲਹੁ ਸਖੀ
ਸਹੇਲੀਹੋ[83] ॥੩॥

Nanak, from True Lord's[82] gracious
glance[80], peace[81] is obtained. Meet
Him, my mates and friends[83].

ਨਾਨਕ ਸੱਚੇ ਮਾਲਕ[82] ਦੀ ਮਿਹਰ ਦੀ ਨਿਗ੍ਹਾ[80] ਤੋਂ
ਠੰਢ-ਚੈਨ[81] ਪ੍ਰਾਪਤ ਹੁੰਦੀ ਹੈ । ਮੇਰੀ ਸਹੀਓ ਤੇ
ਸਜਣੀਓ[83] ! ਉਸ ਨੂੰ ਮਿਲੋ ।

ਮੇਰੀ ਇਛ[84] ਪੁਨੀ[85] ਜੀਉ

My desire[84] has been fulfilled[85],

ਮੇਰੀ ਕਾਮਨਾ[84] ਪੂਰੀ[85] ਹੋ ਗਈ ਹੈ ਅਤੇ ਮੇਰਾ ਮਿਤ੍ਰ[87]

ਹਮ ਘਰਿ[86] ਸਾਜਨੁ[87] ਆਇਆ ॥

and my Friend[87] has come to my home[86].

ਮੇਰੇ ਗ੍ਰਹਿ[86] ਵਿਚ ਆ ਗਿਆ ਹੈ ।

ਮਿਲਿ[88] ਵਰੁ[89] ਨਾਰੀ[90] ਮੰਗਲੁ[91] ਗਾਇਆ[92] ॥

At the union[88] of Husband[89] and wife[90], a song of rejoicing[91] was sung[92].

ਪਤੀ[89] ਤੇ ਪਤਨੀ[90] ਦੇ ਮਿਲਾਪ[88] ਤੇ ਖ਼ੁਸ਼ੀ ਦਾ ਗੀਤ[91] ਗਾਇਨ[92] ਕੀਤਾ ਗਿਆ ।

ਗੁਣ[93] ਗਾਇ[94] ਮੰਗਲੁ[95] ਪ੍ਰੇਮਿ[96] ਰਹਸੀ[97] ਮੁੰਧ[98] ਮਨਿ[99] ਓਮਾਹਓ[100] ॥

By singing[94] the joyful songs[95], in the praise[93] and love[96] of the Groom, bride's[98] soul[99] is delighted[97] and pleased[100].

ਕੰਤ ਦੀ ਕੀਰਤੀ[93] ਅਤੇ ਪ੍ਰੀਤਿ[96] ਵਿਚ ਖ਼ੁਸ਼ੀ ਦੇ ਗੀਤ[95] ਗਾਇਨ[94] ਕਰਨ ਦੁਆਰਾ ਪਤਨੀ[98] ਦੀ ਆਤਮਾ[99] ਪ੍ਰਸੰਨ[97] ਤੇ ਅਨੰਦ[100] ਹੋ ਗਈ ਹੈ ।

ਸਾਜਨ[2] ਰਹੰਸੇ[3] ਦੁਸਟ[4] ਵਿਆਪੇ[5] ਸਾਚੁ[6] ਜਪਿ[7] ਸਚੁ ਲਾਹਓ[8] ॥

The friends[2] are happy[3] and the enemies[4] unhappy[5]. By meditating[7] on the True One[6], true profit[8] is gained,

ਮਿਤ੍ਰ[2] ਖ਼ੁਸ਼[3] ਹਨ ਅਤੇ ਵੈਰੀ[4] ਨਾਖ਼ੁਸ਼[5] । ਸਤਿਪੁਰਖ[6] ਦਾ ਸਿਮਰਨ[7] ਕਰਨ ਦੁਆਰਾ ਸੱਚਾ ਨਫ਼ਾ[8] ਪ੍ਰਾਪਤ ਹੁੰਦਾ ਹੈ ।

ਕਰ[9] ਜੋੜਿ[10] ਸਾ ਧਨ[13] ਕਰੈ ਬਿਨਤੀ[12] ਰੈਣਿ[14] ਦਿਨੁ ਰਸਿ[15] ਭਿੰਨੀਆ[16] ॥

With clasped[10] hands[9], the wife[13] prays[12], that night[14] and day, she may remain immersed[16] in her Lord's love[15].

ਹੱਥ[9] ਬੰਨ੍ਹ[10] ਕੇ ਪਤਨੀ[13] ਬੇਨਤੀ[12] ਕਰਦੀ ਹੈ ਕਿ ਰਾਤ[14] ਦਿਨ ਉਹ ਆਪਣੇ ਸੁਆਮੀ ਦੇ ਸਨੇਹ[15] ਅੰਦਰ ਗੱਚ[16] ਰਹੇ ।

ਨਾਨਕ ਪਿਰੁ[17] ਧਨ[18] ਕਰਹਿ ਰਲੀਆ[19] ਇਛ[20] ਮੇਰੀ ਪੁੰਨੀਆ[21] ॥੪॥੧॥

Nanak my desire[20] is fulfilled[21], now the Beloved[17] and His consort[18] revel together[19].

ਨਾਨਕ, ਮੇਰੀ ਕਾਮਨਾ[20] ਪੂਰੀ[21] ਹੋ ਗਈ ਹੈ ਅਤੇ ਹੁਣ ਪ੍ਰੀਤਮ[17] ਅਤੇ ਉਸ ਦੀ ਪਤਨੀ[18] ਮਿਲ ਕੇ ਮੌਜਾਂ ਮਾਣਦੇ[19] ਹਨ ।

੨੪੩

ਗਉੜੀ ਛੰਤ ਮਹਲਾ ੧ ॥

ਸੁਣਿ[22] ਨਾਹ[23] ਪ੍ਰਭੂ[24] ਜੀਉ[25] ਏਕਲੜੀ[26] ਬਨ[27] ਮਾਹੇ[28] ॥

ਕਿਉ[29] ਧੀਰੈਗੀ[30] ਨਾਹ[31] ਬਿਨਾ[32] ਪ੍ਰਭ[33] ਵੇਪਰਵਾਹੇ[34] ॥

ਧਨ[35] ਨਾਹ ਬਾਝਹੁ[36] ਰਹਿ ਨ ਸਾਕੈ ਬਿਖਮ[37] ਰੈਣਿ[38] ਘਣੇਰੀਆ[39] ॥

ਨਹ ਨੀਦ[40] ਆਵੈ ਪ੍ਰੇਮੁ[41] ਭਾਵੈ[42] ਸੁਣਿ ਬੇਨੰਤੀ[43] ਮੇਰੀਆ ॥

ਬਾਝਹੁ ਪਿਆਰੇ[44] ਕੋਇ ਨ

243

Gauri Chhant 1st Guru.

Hear[22] O my Venerable[25] Lord[24] Spouse[23], I am all alone[26] in[28] the wilderness[27].

O my Self-dependent[34] Lord[33] Spouse[31], how[29] can I be comforted[30] without[32] Thee ?

The wife[35] cannot live without[36] her Groom. Very[39] painful[37] is the night[38] for her.

I get no sleep[40], my Beloved[41] is pleasing[42] unto me. O my Husband, hear Thou my prayer[43].

Without Thee, O my Beloved[44], none

੨੪੩

ਗਉੜੀ ਛੰਤ ਪਾਤਸ਼ਾਹੀ ਪਹਿਲੀ ।

ਸ੍ਰਵਨ[22] ਕਰ ਹੇ ਮੇਰੇ ਪੂਜਯ[25] ਪਰਮੇਸ਼ਰ[24] ਪਤੀ[23] ! ਮੈਂ ਬੀਆਬਾਨ[27] ਅੰਦਰ[28] ਕੱਲ-ਮਕੱਲੀ[26] ਹਾਂ ।

ਹੇ ਮੇਰੇ ਖ਼ੁਦ-ਮੁਖ਼ਤਿਆਰ[34] ਪਰਮੇਸ਼ਰ[33] ਪਤੀ[31], ਮੈਂ ਤੇਰੇ ਬਗ਼ੈਰ[32] ਕਿਸ ਤਰ੍ਹਾਂ[29] ਧੀਰਜ[30] ਕਰ ਸਕਦੀ ਹਾਂ ?

ਮੁੰਧ[35] ਆਪਣੇ ਕੰਤ ਦੇ ਬਗ਼ੈਰ[36] ਰਹਿ ਨਹੀਂ ਸਕਦੀ । ਉਸ ਦੇ ਲਈ ਰਾਤ[38] ਬੜੀ[39] ਦੁਖਦਾਈ[37] ਹੈ ।

ਮੈਨੂੰ ਨੀਂਦ[40] ਨਹੀਂ ਪੈਂਦੀ । ਮੇਰਾ ਪ੍ਰੀਤਮ[41] ਮੈਨੂੰ ਚੰਗਾ[42] ਲਗਦਾ ਹੈ । ਹੇ ਮੇਰੇ ਪਤੀ ਤੂੰ ਮੇਰੀ ਪ੍ਰਾਰਥਨਾ[43] ਸ੍ਰਵਣ ਕਰ ।

ਤੇਰੇ ਬਗ਼ੈਰ ਹੇ ਮੇਰੇ ਦਿਲਬਰ[44] ! ਮੇਰੀ ਕੋਈ ਸਾਰ[45]

ਸਾਰੇ[45] ਏਕਲੜੀ[46] ਕੁਰਲਾਏ[47] ॥	takes care[45] of me. I bewail[47] all alone[46] in wilderness.	ਨਹੀਂ ਲੈਂਦਾ। ਬੀਆਬਾਨ ਅੰਦਰ ਮੈਂ ਕੱਲ-ਮਕੱਲੀ[46] ਕੁਰਲਾਉਂਦੀ[47] ਹਾਂ।
ਨਾਨਕ ਸਾ ਧਨ[52] ਮਿਲੈ ਮਿਲਾਈ[48] ਬਿਨੁ ਪ੍ਰੀਤਮ[49] ਦੁਖੁ[50] ਪਾਏ[51] ॥੧॥	Nanak, without her Love[49], the bride[52] suffers[51] anguish[50]. She meets Him only when He causes her to meet[48].	ਨਾਨਕ, ਆਪਣੇ ਦਿਲਜਾਨੀ[49] ਦੇ ਬਗ਼ੈਰ ਮੁੰਧ[52] ਕਸ਼ਟ[50] ਉਠਾਉਂਦੀ[51] ਹੈ। ਉਹ ਉਸ ਨੂੰ ਕੇਵਲ ਉਦੋਂ ਹੀ ਮਿਲਦੀ ਹੈ, ਜਦ ਉਹ ਮਿਲਾਉਂਦਾ[48] ਹੈ।
ਪਿਰਿ[56] ਛੋਡਿਅੜੀ[53] ਜੀਉ ਕਵਣੁ[54] ਮਿਲਾਵੈ[55] ॥	The one, deserted[53] by the Consort[56], who[54] can unite[55] her with her Lord ?	ਖ਼ਸਮ[56] ਦੀ ਛਡੀ[53] ਹੋਈ ਨੂੰ, ਉਸ ਦੇ ਸੁਆਮੀ ਨਾਲ, ਕੌਣ[54] ਜੋੜ[55] ਸਕਦਾ ਹੈ ?
ਰਸਿ[57] ਪ੍ਰੇਮਿ[58] ਮਿਲੀ[59] ਜੀਉ[60] ਸਬਦਿ[61] ਸੁਹਾਵੈ[62] ॥	Relishing[57] Lord's love[58] and the beauteous[62] Name[61], she meets[59] her sire[60] Spouse.	ਪ੍ਰਭੂ ਪ੍ਰੀਤ[58] ਅਤੇ ਸੁੰਦਰ[62] ਨਾਮ[61] ਦਾ ਸੁਆਦ[57] ਮਾਣਣ ਦੁਆਰਾ ਉਹ ਆਪਣੇ ਪਤੀ ਮਹਾਰਾਜ[60] ਨੂੰ ਮਿਲ[59] ਪੈਂਦੀ ਹੈ।
ਸਬਦੇ ਸੁਹਾਵੈ[63] ਤਾ[64] ਪਤਿ[65] ਪਾਵੈ ਦੀਪਕ[66] ਦੇਹ[67] ਉਜਾਰੈ[68] ॥	When the bride is adorned[63] with the Name, then[64], does she obtain her Spouse[65], and her body[67] is illumined[68] with the lamp[66] of Divine Knowledge.	ਜਦ ਪਤਨੀ ਨਾਮ ਨਾਲ ਸ਼ਿੰਗਾਰੀ[63] ਜਾਂਦੀ ਹੈ, ਤਦ[64] ਉਹ ਆਪਣੇ ਪਤੀ[65] ਨੂੰ ਪ੍ਰਾਪਤ ਹੋ ਜਾਂਦੀ ਹੈ ਅਤੇ ਉਸ ਦੀ ਕਾਇਆ[67] ਬ੍ਰਹਿਮ-ਗਿਆਨ ਦੇ ਦੀਵੇ[66] ਨਾਲ ਰੌਸ਼ਨ[68] ਹੋ ਜਾਂਦੀ ਹੈ।
ਸੁਣਿ[75] ਸਖੀ[69] ਸਹੇਲੀ[76] ਸਾਚਿ[70] ਸੁਹੇਲੀ[71] ਸਾਚੇ[74] ਕੇ ਗੁਣ[72] ਸਾਰੈ[73] ॥	Hearken[75], O my friendly[69] comrade[76], by remembering[73] the True Lord[70] and the True One's[74] praises[72], the wife becomes comfortable[71].	ਕੰਨ ਕਰ[75] ਹੇ ਮੇਰੀ ਸਜਣੀ[69] ਸਾਥਣ[76] ! ਆਪਣੇ ਸੱਚੇ ਸਾਂਈ[70] ਤੇ ਸੱਚੇ[74] ਦੀਆਂ ਖ਼ੂਬੀਆਂ[72] ਯਾਦ ਕਰ[73] ਕੇ ਪਤਨੀ ਸੁਖੀ[71] ਹੋ ਜਾਂਦੀ ਹੈ।
ਸਤਿਗੁਰਿ ਮੇਲੀ[77] ਤਾ[78] ਪਿਰਿ[79] ਰਾਵੀ[80] ਬਿਗਸੀ[81] ਅੰਮ੍ਰਿਤ[82] ਬਾਣੀ[83] ॥	When introduced[77] by the True Guru, then[78], was she enjoyed[80] by her Husband[79]. With the Nectarian[82] Gurbani[83] she has flowered[81].	ਜਦ ਸੱਚੇ ਗੁਰਾਂ ਨੇ ਮਿਲਾਈ[77], ਤਦ[78] ਉਸਦੇ ਖ਼ਸਮ[79] ਨੇ ਉਸ ਨੂੰ ਮਾਣਿਆ[80]। ਅੰਮ੍ਰਿਤ-ਮਈ[82] ਗੁਰਬਾਣੀ[83] ਨਾਲ ਉਹ ਪਰਫੁੱਲਤ[81] ਹੋ ਗਈ ਹੈ।
ਨਾਨਕ ਸਾ ਧਨ[84] ਤਾ[85] ਪਿਰੁ[86] ਰਾਵੇ[91] ਜਾ[87] ਤਿਸ ਕੈ[88] ਮਨਿ[89] ਭਾਣੀ[90] ॥੨॥	Nanak, only then[85] the Beloved[86] enjoys[91] His bride[84] when[87] she becomes pleasing[90] to His[88] mind[89].	ਨਾਨਕ, ਕੇਵਲ ਤਦ[85] ਹੀ ਪ੍ਰੀਤਮ[86] ਆਪਣੀ ਪਤਨੀ[84] ਨੂੰ ਮਾਣਦਾ[91] ਹੈ, ਜਦ[87] ਉਹ ਉਸ[88] ਦੇ ਚਿੱਤ[89] ਨੂੰ ਭਾ[90] ਜਾਂਦੀ ਹੈ।
ਮਾਇਆ[91*] ਮੋਹਣੀ[92] ਨੀਘਰੀਆ[93] ਜੀਉ ਕੂੜਿ[94] ਮੁਠੀ[95] ਕੂੜਿਆਰੇ[96] ॥	The fascinating[92] riches[91*] have rendered her homeless[93]. The false[94] one is cheated[95] by falschood[96].	ਮੋਹਤ ਕਰ ਲੈਣ ਵਾਲੀ[92] ਧਨ-ਦੌਲਤ[91*] ਨੇ ਉਸ ਨੂੰ ਬੇਘਰ[93] ਕਰ ਦਿੱਤਾ ਹੈ। ਝੂਠੀ[94] ਨੂੰ ਝੂਠ[95] ਨੇ ਠੱਗ[96] ਲਿਆ ਹੈ।
ਕਿਉ[97] ਖੂਲੈ[98] ਗਲ[99] ਜੇਵੜੀਆ[100] ਜੀਉ ਬਿਨੁ ਗੁਰ ਅਤਿ[2] ਪਿਆਰੇ[3] ॥	How[97] can the noose[100] round her neck[99] be united[98], without the most[2] darling[3] Guru ?	ਪਰਮ[2] ਪ੍ਰੀਤਵਾਨ[3] ਗੁਰਾਂ ਦੇ ਬਗ਼ੈਰ ਉਸ ਦੇ ਗਰਦਨ[99] ਦੁਆਲੇ ਦੀ ਫਾਹੀ[100] ਕਿਸ ਤਰ੍ਹਾਂ[97] ਖੁਲ੍ਹ[98] ਸਕਦੀ ਹੈ ?
ਹਰਿ ਪ੍ਰੀਤਿ[4] ਪਿਆਰੇ[5]	He[9] who bears love[4] to the Beloved[5] God,	ਜੋ ਵਾਹਿਗੁਰੂ ਦਿਲਬਰ[5] ਨੂੰ ਪਿਆਰ ਕਰਦਾ ਤੇ ਨਾਮ[6] ਦਾ

ਸਬਦਿ[6] ਵੀਚਾਰੇ[7] ਤਿਸ[8] ਹੀ ਕਾ ਸੋ[9] ਹੋਵੈ[10] ॥

and ponders over[7] the Name[6] comes to belong[10] to Him[8].

ਚਿੰਤਨ ਕਰਦਾ[7] ਹੈ, ਉਹ[9] ਉਸ[8] ਦੀ ਮਲਕੀਅਤ ਹੋ ਜਾਂਦਾ[10] ਹੈ।

ਪੁੰਨ[12] ਦਾਨ[13] ਅਨੇਕ[14] ਨਾਵਣ[15] ਕਿਉ[16] ਅੰਤਰ[17] ਮਲੂ[18] ਧੋਵੈ[19] ॥

How[16] can the giving of alms[12] and donations[13] and many[14] ablutions[15], wash off[19] the filth[18] of the heart[17] ?

ਖ਼ੈਰਾਤ[12] ਤੇ ਸਖ਼ਾਵਤ[13] ਦਾ ਕਰਨਾ ਅਤੇ ਬਹੁਤੇ[14] ਇਸ਼ਨਾਨ[15], ਦਿਲ[17] ਦੀ ਮਲੀਨਤਾ[18] ਨੂੰ ਕਿਸ ਤਰ੍ਹਾਂ[16] ਧੋ[19] ਸਕਦੇ ਹਨ ?

ਨਾਮ ਬਿਨਾ ਗਤਿ[20] ਕੋਇ ਨ ਪਾਵੈ ਹਠਿ[21] ਨਿਗ੍ਰਹਿ[22] ਬੇਬਾਣੈ[23] ॥

Without the Name, none attains salvation[20]. Obstinate[21] self-mortification[22] and living in wilderness[23] avail not.

ਨਾਮ ਦੇ ਬਾਝੋਂ ਕਿਸੇ ਨੂੰ ਭੀ ਮੁਕਤੀ[20] ਪ੍ਰਾਪਤ ਨਹੀਂ ਹੁੰਦੀ। ਹਠੀਲੀ[21] ਸਵੈ-ਰਿਆਜ਼ਤ[22] ਅਤੇ ਬੀਆਬਾਨ[23] ਦੇ ਨਿਵਾਸ ਦਾ ਕੋਈ ਲਾਭ ਨਹੀਂ।

ਨਾਨਕ ਸਚੁ[24] ਘਰੁ[25] ਸਬਦਿ[26]ਸਿਞਾਪੈ[27]ਦੁਬਿਧਾ[28] ਮਹਲੁ ਕਿ[29] ਜਾਣੈ[30] ॥੩॥

Nanak, the Mansion[25] of the True Lord[24] is recognised[27] through the Name[26]. How[29] can His Mansion be known[30] through duality[28] ?

ਨਾਨਕ ਸੱਚੇ ਸੁਆਮੀ[24] ਦਾ ਮੰਦਰ[25] ਨਾਮ[26] ਦੇ ਰਾਹੀਂ ਪਛਾਣਿਆ[27] ਜਾਂਦਾ ਹੈ। ਦਵੈਤ-ਭਾਵ[28] ਦੇ ਰਾਹੀਂ ਇਹ ਮੰਦਰ ਕਿਸ ਤਰ੍ਹਾਂ[29] ਜਾਣਿਆ[30] ਜਾ ਸਕਦਾ ਹੈ ?

ਤੇਰਾ ਨਾਮੁ ਸਚਾ ਜੀਉ[33] ਸਬਦੁ[31] ਸਚਾ ਵੀਚਾਰੋ[32] ॥

True is Thy Name, O Reverend[33] Lord and true is the meditation[32] of the Name[31].

ਤੇਰਾ ਨਾਮ ਸੱਚਾ ਹੈ, ਹੇ ਪੂਜਜ[33] ਪ੍ਰਭੂ! ਅਤੇ ਸੱਚਾ ਹੈ ਤੇਰੇ ਨਾਮ[31] ਦਾ ਸਿਮਰਨ[32]।

ਤੇਰਾ ਮਹਲੁ[34] ਸਚਾ ਜੀਉ[35] ਨਾਮ ਸਚਾ ਵਾਪਾਰੋ[36] ॥

True is Thine palace[34] and true the trade[36] of thy Name, O Venerable[35] Lord.

ਸੱਚਾ ਹੈ ਤੇਰਾ ਮੰਦਰ[34] ਅਤੇ ਸੱਚਾ ਹੈ ਵਣਜ[36] ਤੇਰੇ ਨਾਮ ਦਾ, ਹੇ ਮਾਣਨੀਯ[35] ਮਾਲਕ।

ਨਾਮ ਕਾ ਵਾਪਾਰੁ ਮੀਠਾ[37] ਭਗਤਿ[38] ਲਾਹਾ[39] ਅਨਦਿਨੋ[40] ॥

Sweet[37] is The business of Thy Name. The Saints[38]earn the profit[39], night[40] and day.

ਮਿਠੜੀ[37] ਹੈ ਤੇਰੇ ਨਾਮ ਦੀ ਸੋਦਾਗਰੀ। ਸੰਤੂ[38] ਦਿਨ ਰਾਤ[40] ਨਫ਼ਾ[39] ਖੱਟਦੇ ਹਨ।

ਤਿਸੁ ਬਾਝੁ[41] ਵਖਰੁ[42] ਕੋਇ ਨ ਸੂਝੈ[43] ਨਾਮੁ ਲੇਵਹੁ[44] ਖਿਨੁ ਖਿਨੋ[45] ॥

Without[41] this, I can think[43] of no other merchandise[42]. Repeat[44] God's Name every moment[45].

ਇਸ ਦੇ ਬਗੈਰ[41] ਮੈਂ ਕਿਸੇ ਹੋਰ ਸੌਦੇ[42] ਸੂਤ ਦਾ ਖਿਆਲ[43] ਨਹੀਂ ਕਰ ਸਕਦਾ। ਹਰ ਛਿਨ[45] ਰੱਬ ਦੇ ਨਾਮ ਦਾ ਜਾਪ[44] ਕਰ।

ਪਰਖਿ[46] ਲੇਖਾ[47] ਨਦਰਿ[48] ਸਾਚੀ[49] ਕਰਮਿ[50] ਪੂਰੇ[51] ਪਾਇਆ[52] ॥

Through True[49] Lord's grace[48] and perfect[51] destiny[50], the mortal, assays[46] such an account[47] and obtains[52] the Lord.

ਸੱਚੇ[49] ਸਾਹਿਬ ਦੀ ਦਇਆ[48] ਅਤੇ ਪੂਰਨ[51] ਕਿਸਮਤ[50] ਰਾਹੀਂ ਪ੍ਰਾਣੀ ਐਸੇ ਹਿਸਾਬ[47] ਦੀ ਜਾਂਚ[46] ਕਰਕੇ ਪ੍ਰਭੂ ਨੂੰ ਪਾ[52] ਲੈਂਦਾ ਹੈ।

ਨਾਨਕ ਨਾਮੁ ਮਹਾ[53] ਰਸੁ[54] ਮੀਠਾ[55] ਗੁਰਿ ਪੂਰੈ[56] ਸਚੁ[57] ਪਾਇਆ[58] ॥੪॥੨॥

Nanak, extremely[53] sweet[55] is the Name Nectar[54]. Through the Perfect[56]True[57]Guru it is obtained[58].

ਨਾਨਕ ਪਰਮ[53] ਮਿੱਠੜਾ[55] ਹੈ, ਨਾਮ ਅੰਮ੍ਰਿਤ[54]। ਪੂਰਨ[56] ਸੱਚੇ[57] ਗੁਰਾਂ ਦੇ ਰਾਹੀਂ ਇਹ ਪ੍ਰਾਪਤ[58] ਹੁੰਦਾ ਹੈ।

ਰਾਗੁ ਗਉੜੀ ਪੂਰਬੀ ਛੰਤ ਮਹਲਾ ੩

Measure Gauri Purbi Chhant
3rd Guru

ਰਾਗੁ ਗਉੜੀ ਪੂਰਬੀ ਛੰਤ
ਪਾਤਸ਼ਾਹੀ ਤੀਜੀ

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

There is but One God. True is His Name and Creative His personality. By True Guru's grace He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ ਅਤੇ ਰਚਣਹਾਰ ਉਸ ਦੀ ਵਿਅਕਤੀ। ਗੁਰਾਂ ਦੀ ਦਇਆ ਦੁਆਰਾ ਉਹ ਜਾਣਿਆ ਜਾਂਦਾ ਹੈ।

ਸਾ ਧਨ[59] ਬਿਨਉ[60] ਕਰੇ ਜੀਉ[61] ਹਰਿ ਕੇ ਗੁਣ[62] ਸਾਰੇ[63] ॥

The bride[59] prays[60] before the Venerable[61] God, and remembers[63] His excellences[62].

ਪਤਨੀ[59] ਪੂਜਨੀਕ[61] ਵਾਹਿਗੁਰੂ ਅਗੇ ਪ੍ਰਾਰਥਨਾ[60] ਕਰਦੀ ਅਤੇ ਉਸ ਦੇ ਗੁਣਾਂ[62] ਨੂੰ ਯਾਦ[63] ਕਰਦੀ ਹੈ।

ਖਿਨੁ[64] ਪਲੁ[65] ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ[66]॥

For an instant[64] and a moment[65], she cannot live without her darling[66] God.

ਆਪਣੇ ਪ੍ਰੀਤਵਾਨ[66] ਵਾਹਿਗੁਰੂ ਦੇ ਬਗੈਰ, ਉਹ ਇਕ ਚਸੇ[64] ਤੇ ਮੁਹਤ[65] ਭਰ ਲਈ ਭੀ ਰਹਿ ਨਹੀਂ ਸਕਦੀ।

ਬਿਨੁ ਹਰਿ ਪਿਆਰੇ ਰਹਿ[67] ਨ ਸਾਕੈ ਗੁਰ ਬਿਨੁ ਮਹਲੁ[68] ਨ ਪਾਈਐ ॥

Without her Beloved God, she cannot live[67]. Without the Guru, Lord's presence[68] cannot be attained.

ਆਪਣੇ ਸਨੇਹੀ ਵਾਹਿਗੁਰੂ ਦੇ ਬਾਝੋਂ ਉਹ ਬੱਚ[67] ਨਹੀਂ ਸਕਦੀ। ਗੁਰਾਂ ਦੇ ਬਾਝੋਂ ਸਾਹਿਬ ਦੀ ਹਜ਼ੂਰੀ[68] ਪ੍ਰਾਪਤ ਨਹੀਂ ਹੁੰਦੀ।

ਜੋ[74] ਗੁਰੁ ਕਹੈ ਸੋਈ[69]ਪਰੁ[70] ਕੀਜੈ ਤਿਸਨਾ[71] ਅਗਨਿ[72] ਬੁਝਾਈਐ[73] ॥

Whatever[74] the Guru says, that[69] she should surely[70] do. She should extinguish[73] the fire[72] of desire[71].

ਜੋ ਕੁਛ[74] ਗੁਰੂ ਜੀ ਆਖਦੇ ਹਨ, ਉਹ[69] ਉਸ ਨੂੰ ਨਿਸਚਿਤ[70] ਹੀ ਕਰਨਾ ਚਾਹੀਦਾ ਹੈ। ਖ਼ਾਹਿਸ਼[71] ਦੀ ਅੱਗ[72] ਉਸ ਨੂੰ ਬੁਝਾਉਣੀ[73] ਯੋਗ ਹੈ।

ਹਰਿ ਸਾਚਾ ਸੋਈ[74*] ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ[75] ਸੁਖੁ[76] ਨ ਪਾਏ ॥

That[74*] God alone is True, and there is none beside Him. Without serving[75] Him, peace[76] is not obtained.

ਕੇਵਲ ਉਹੀ[74*] ਵਾਹਿਗੁਰੂ ਸੱਚਾ ਹੈ ਅਤੇ ਉਸ ਦੇ ਬਗੈਰ ਹੋਰ ਕੋਈ ਨਹੀਂ। ਉਸ ਦੀ ਟਹਿਲ[75] ਕੀਤੇ ਬਗੈਰ ਆਰਾਮ[76] ਪ੍ਰਾਪਤ ਨਹੀਂ ਹੁੰਦਾ।

ਨਾਨਕ ਸਾ ਧਨ[77] ਮਿਲੈ[78] ਮਿਲਾਈ[79] ਜਿਸ[80] ਨੋ ਆਪਿ[81] ਮਿਲਾਏ[82] ॥੧॥

Nanak, the wife[77], whom[80] the Lord Himself[81] unites[82] and causes to meet[79], meets[78] Him.

ਨਾਨਕ ਵਹੁਟੀ[77] ਜਿਸ[80] ਨੂੰ ਸਾਂਈ ਖੁਦ[81] ਜੋੜਦਾ[82] ਤੇ ਮਿਲਾਉਂਦਾ[79] ਹੈ, ਉਹ ਉਸ ਨੂੰ ਮਿਲ[78] ਪੈਂਦੀ ਹੈ।

ਧਨ[83] ਰੈਣਿ[84] ਸੁਹੇਲੜੀਏ[85] ਜੀਉ ਹਰਿ ਸਿਉ[86] ਚਿਤੁ[87] ਲਾਏ[88] ॥

Embellished[85] becomes the night[84] of the bride[83], who fixes[88] her mind[87] with[86] God.

ਸੁਭਾਇਮਾਨ[85] ਹੋ ਜਾਂਦੀ ਹੈ ਰਾਤ੍ਰੀ[84] ਉਸ ਮੁੰਧ[83] ਦੀ, ਜੋ ਵਾਹਿਗੁਰੂ ਨਾਲ[86] ਆਪਣੇ ਮਨ[87] ਨੂੰ ਜੋੜਦੀ[88] ਹੈ।

ਸਤਿਗੁਰੁ ਸੇਵੇ[89] ਭਾਉ[90]ਕਰੇ ਜੀਉ ਵਿਚਹੁ[91] ਆਪੁ[92] ਗਵਾਏ[93] ॥

The True Guru, she serves[89] with love[90]. Self-conceit[92], she dispels[93] from within[91] her.

ਸੱਚੇ ਗੁਰਾਂ ਦੀ ਉਹ ਪਿਆਰ[90] ਨਾਲ ਟਹਿਲ[89] ਕਮਾਉਂਦੀ ਹੈ। ਸਵੈ-ਹੰਗਤਾ[92] ਨੂੰ ਉਹ ਆਪਣੇ ਅੰਦਰੋਂ[91] ਦੂਰ[93] ਕਰ ਦਿੰਦੀ ਹੈ।

ਵਿਚਹੁ ਆਪੁ ਗਵਾਏ ਹਰਿ ਗੁਣ[94] ਗਾਏ[95] ਅਨਦਿਨੁ[96] ਲਾਗਾ ਭਾਓ[97] ॥

By stilling the ego from within and singing[95] God's praises[94], night and day[96] she loves[97] the Lord.

ਆਪਣੇ ਅੰਦਰੋਂ ਹੰਕਾਰ ਗੁਆ ਅਤੇ ਵਾਹਿਗੁਰੂ ਦਾ ਜੱਸ[94] ਅਲਾਪ[95] ਕਰ ਕੇ, ਉਹ ਦਿਨ ਰਾਤ[96] ਪ੍ਰਭੂ ਨੂੰ ਪਿਆਰ[97] ਕਰਦੀ ਹੈ।

੨੪੪

244

੨੪੪

ਸੁਣਿ[98] ਸਖੀ[99] ਸਹੇਲੀ[100] ਜੀਅ[2] ਕੀ ਮੇਲੀ[3] ਗੁਰ ਕੈ ਸਬਦਿ[4] ਸਮਾਉ[5] ॥

Hearken[98] thou, O my friendly[99] mate[100], the associate[3] of my mind[2], merge[5] thee in Gurbani[4].

ਕੰਨ ਕਰ[98] ਤੂੰ ਹੇ ਮੇਰੀ ਸਜਣੀ[99] ਸਹੀਏ[100]! ਮੇਰੇ ਮਨ[2] ਦੀਏ ਮੇਲਣੇ[3] ਤੂੰ ਗੁਰਬਾਣੀ[4] ਅੰਦਰ ਲੀਨ[5] ਹੋ ਜਾ।

ਹਰਿ ਗੁਣ[6] ਸਾਰੀ[7] ਤਾ[8]

If thou remember[7] God's merits[6],

ਜੇਕਰ ਤੂੰ ਵਾਹਿਗੁਰੂ ਦੀਆਂ ਸ੍ਰੇਸ਼ਟਤਾਈਆਂ[6] ਨੂੰ ਯਾਦ[7]

ਕੰਤ[9] ਪਿਆਰੀ[10] ਨਾਮੇ ਧਰੀ[12] ਪਿਆਰੋ[13] ॥

then[8], thou shalt become dear[10] unto thy Spouse[9] and come to embrace[12] love[13] for the Name.

ਕਰੇ ਤਦ[8] ਤੂੰ ਆਪਣੇ ਭਰਤੇ[9] ਦੀ ਲਾਡਲੀ[10] ਹੋ ਜਾਏਂਗੀ ਤੇ ਤੇਰੀ ਪ੍ਰੀਤ[13] ਨਾਮ ਨਾਲ ਪੈ[12] ਜਾਵੇਗੀ।

ਨਾਨਕ ਕਾਮਣਿ[14] ਨਾਹ[15] ਪਿਆਰੀ ਰਾਮ[16] ਨਾਮੁ ਗਲਿ[17] ਹਾਰੋ[18] ॥੨॥

Nanak, the bride[14] who has the necklace[18] of Lord's[16] Name around her neck[17], is the beloved of her Spouse[15].

ਨਾਨਕ ਜਿਸ ਪਤਨੀ[14] ਦੀ ਗਰਦਨ[17] ਦੁਆਲੇ ਸੁਆਮੀ[16] ਦੇ ਨਾਮ ਦੀ ਮਾਲਾ[18] ਹੈ, ਉਹ ਆਪਣੇ ਕੰਤ[15] ਦੀ ਲਾਡਲੀ ਹੈ।

ਧਨ[19] ਏਕਲੜੀ[20] ਜੀਉ ਬਿਨੁ[23]ਨਾਹ[21] ਪਿਆਰੇ[22] ॥

Solitary[20] is the wife[19] without[23] her Beloved[22] Husband[21].

ਐਨ ਇਕੱਲੀ[20] ਹੈ ਪਤਨੀ[19] ਆਪਣੇ ਪਿਆਰੇ[22] ਕੰਤ[21] ਬਗੈਰ[23]।

ਦੂਜੈ[24] ਭਾਇ ਮੁਠੀ[25] ਜੀਉ ਬਿਨੁ ਗੁਰ ਸਬਦ[26] ਕਰਾਰੇ[27] ॥

Without the effectual[27] hymns of the Guru[26] she is cheated[25] by another's[24] love.

ਮੁਅੱਸਰ[27] ਗੁਰਬਾਣੀ[26] ਦੇ ਬਾਝੋਂ, ਉਹ ਹੋਰਸ[24] ਦੀ ਪ੍ਰੀਤ ਕਰ ਕੇ ਠੱਗੀ[25] ਗਈ ਹੈ।

ਬਿਨੁ ਸਬਦ[28] ਪਿਆਰੇ[29] ਕਉਣੁ[30] ਦੁਤਰੁ[31] ਤਾਰੇ[32] ਮਾਇਆ[33] ਮੋਹਿ[34] ਖੁਆਈ[35] ॥

Without the dear[29] Name[28]what[30] can enable her cross[32] the formidable[31] Ocean ? The attachment[34]of wealth[33] has put her on the wrong track[35].

ਨਾਮ[28] ਸਨੇਹੀ[29] ਦੇ ਬਗੈਰ ਉਸ ਨੂੰ ਕਠਨ[31] ਸਮੁੰਦਰ ਤੋਂ ਕਿਹੜਾ[30] ਪਾਰ[32] ਕਰ ਸਕਦਾ ਹੈ ? ਧਨ-ਦੌਲਤ[33] ਦੀ ਲਗਨ[34] ਨੇ ਉਸ ਨੂੰ ਕੁਰਾਹੇ ਪਾ ਛਡਿਆ[35] ਹੈ।

ਕੂੜਿ[36] ਵਿਗੁਤੀ[37] ਤਾ[38] ਪਿਰਿ[39] ਮੁਤੀ[40] ਸਾਧਨ[41] ਮਹਲੁ[42] ਨ ਪਾਈ[43] ॥

When she was ruined[37]by falsehood[36], then[38], was she abandoned[40] by the groom[39]. The bride[41] obtains[43] not Lord's presence[42].

ਜਦ ਉਸ ਨੂੰ ਝੂਠ[36] ਨੇ ਬਰਬਾਦ[37] ਕਰ ਦਿਤਾ, ਤਦ[38] ਖਸਮ ਨੇ ਉਸ ਨੂੰ ਤਲਾਂਜਲੀ[40] ਦੇ ਦਿਤੀ, ਪਤਨੀ[41] ਸੁਆਮੀ[39] ਦੀ ਹਜ਼ੂਰੀ[42] ਨੂੰ ਪ੍ਰਾਪਤ[43] ਨਹੀਂ ਹੁੰਦੀ।

ਗੁਰਸਬਦੇ[45]ਰਾਤੀ[44]ਸਹਜੇ[46] ਮਾਤੀ[47] ਅਨਦਿਨੁ[48] ਰਹੈ ਸਮਾਏ[49] ॥

She who is imbued[44] with Gurbani[46], gets intoxicated[47] with Lord's[46] love and night and day[48], remains absorbed[49] in Him.

ਜੋ ਗੁਰਬਾਣੀ[45] ਨਾਲ ਰੰਗੀਜੀ[44] ਹੈ, ਉਹ ਪ੍ਰਭੂ[46] ਦੀ ਪ੍ਰੀਤ ਨਾਲ ਮਤਵਾਲੀ[47] ਹੋ ਜਾਂਦੀ ਹੈ ਅਤੇ ਦਿਨ ਰਾਤ[48] ਉਸ ਅੰਦਰ ਲੀਨ[49] ਰਹਿੰਦੀ ਹੈ।

ਨਾਨਕ ਕਾਮਣਿ[50] ਸਦਾ[51] ਰੰਗਿ[52]ਰਾਤੀ[53]ਹਰਿ ਜੀਉ[54] ਆਪਿ[55] ਮਿਲਾਏ[56] ॥੩॥

The Venerable[54] Lord blends[56] with Himself[55] the wife[50], who, ever[51], remains steeped[53] in His love[52].

ਪੂਜਜ[54] ਪ੍ਰਭੂ ਉਸ ਪਤਨੀ[50] ਨੂੰ ਆਪਣੇ[55] ਨਾਲ ਅਭੇਦ[56] ਕਰ ਲੈਂਦਾ ਹੈ ਜੋ ਉਸ ਦੀ ਪ੍ਰੀਤ[52] ਅੰਦਰ ਹਮੇਸ਼ਾ[51] ਰੰਗੀ[53] ਰਹਿੰਦੀ ਹੈ।

ਤਾ[57] ਮਿਲੀਐ ਹਰਿ ਮੇਲੇ[58] ਜੀਉ ਹਰਿ ਬਿਨੁ ਕਵਣੁ[59] ਮਿਲਾਏ[60] ॥

If God unites[58], only then[57] do we meet Him. Without God, who[59] can cause us to meet[60] Him ?

ਜੇਕਰ ਵਾਹਿਗੁਰੂ ਮਿਲਾਵੇ[58], ਕੇਵਲ ਤਦ[57] ਹੀ ਅਸੀਂ ਉਸ ਨੂੰ ਮਿਲ ਸਕਦੇ ਹਾਂ। ਹਰੀ ਦੇ ਬਾਝੋਂ ਕਿਹੜਾ[59] ਸਾਨੂੰ ਉਸ ਨਾਲ ਮਿਲਾ ਸਕਦਾ[60] ਹੈ ?

ਬਿਨੁ ਗੁਰ ਪ੍ਰੀਤਮ[61] ਆਪਣੇ ਜੀਉ ਕਉਣੁ ਭਰਮੁ[62] ਚੁਕਾਏ[63] ॥

Without our beloved[61]Guru,who can dispel[63] our doubt[62] ?

ਆਪਣੇ ਪਿਆਰੇ[61] ਗੁਰਾਂ ਦੇ ਬਗੈਰ, ਸਾਡਾ ਵਹਿਮ[62] ਕਿਹੜਾ ਦੂਰ[63] ਕਰ ਸਕਦਾ ਹੈ ?

ਗੁਰੁ ਭਰਮੁ ਚੁਕਾਏ ਇਉ[64]

Through the Guru, the doubt is

ਗੁਰਾਂ ਦੇ ਰਾਹੀਂ ਸੰਦੇਹ ਦੂਰ ਹੋ ਜਾਂਦਾ ਹੈ। ਇਹ[64] ਹੈ

ਮਿਲੀਐ[65] ਮਾਏ[66] ਤਾ[67] ਸਾ ਧਨ[68] ਸੁਖ[69] ਪਾਏ ॥

dispelled. This[64] is the way to meet[65] God, O my mother[66] and like this[67] the bride[68] attains peace[69].

ਤਰੀਕਾ ਵਾਹਿਗੁਰੂ ਨੂੰ ਭੇਟਣ[65] ਦਾ ਹੈ ਮੇਰੀ ਮਾਤਾ[66] ! ਤੇ ਇਸ ਤਰ੍ਹਾਂ[67] ਮੁੰਧ[68] ਆਰਾਮ[69] ਪਾ ਲੈਂਦੀ ਹੈ ।

ਗੁਰ ਸੇਵਾ[75] ਬਿਨੁ[71] ਘੋਰ[70] ਅੰਧਾਰੁ[72] ਬਿਨੁ ਗੁਰ ਮਗੁ[73] ਨ ਪਾਏ[74] ॥

Sans[71] Guru's service[75], there is pitch[70] darkness[72]. Without the Guru the way[73] is not found[74].

ਗੁਰਾਂ ਦੀ ਟਹਿਲ[75] ਦੇ ਬਾਝੋਂ[71] ਅਨ੍ਹੇਰ[72]-ਘੁੱਪ[70] ਹੈ । ਗੁਰਾਂ ਦੇ ਬਗੈਰ ਰਸਤਾ[73] ਨਹੀਂ ਲੱਭਦਾ[74] ।

ਕਾਮਣਿ[76] ਰੰਗਿ[77] ਰਾਤੀ[78] ਸਹਜੇ[79] ਮਾਤੀ[80] ਗੁਰ ਕੈ ਸਬਦਿ[81] ਵੀਚਾਰੇ[82] ॥

The wife[76], who is imbued[78] with the Divine dye[77], and is absorbed[80] in the love of the Lord[79], dwells[82] on the Guru's hymns[81].

ਪਤਨੀ[76] ਜੋ ਰੱਬੀ ਰੰਗ[77] ਨਾਲ ਰੰਗੀ[78] ਹੋਈ ਅਤੇ ਪ੍ਰਭੂ[79] ਦੀ ਪ੍ਰੀਤ ਅੰਦਰ ਲੀਨ[80] ਹੈ, ਉਹ ਗੁਰਾਂ ਦੀ ਬਾਣੀ[81] ਦੀ ਸੋਚ-ਵੀਚਾਰ[82] ਕਰਦੀ ਹੈ ।

ਨਾਨਕ ਕਾਮਣਿ[83] ਹਰਿ ਵਰੁ[84] ਪਾਇਆ ਗੁਰ ਕੈ ਭਾਇ[85] ਪਿਆਰੇ[86] ॥੪॥੧॥

Nanak, by enshrining love[85] for the Beloved[86] Guru, the bride[83] has found God, as her Groom[84]

ਨਾਨਕ, ਪ੍ਰੀਤਵਾਨ[86] ਗੁਰਾਂ ਨਾਲ ਪ੍ਰੇਮ[85] ਪਾ ਕੇ, ਪਤਨੀ[83] ਨੇ ਵਾਹਿਗੁਰੂ ਨੂੰ ਆਪਣੇ ਕੰਤ[84] ਵਜੋਂ ਪਾ ਲਿਆ ਹੈ

ਗਉੜੀ ਮਹਲਾ ੩ ॥

Gauri 3rd Guru.

ਗਉੜੀ ਪਾਤਸ਼ਾਹੀ ਤੀਜੀ ।

ਪਿਰ[87] ਬਿਨੁ ਖਰੀ[88] ਨਿਮਾਣੀ[89] ਜੀਉ ਬਿਨੁ ਪਿਰ ਕਿਉ[90] ਜੀਵਾ[92] ਮੇਰੀ ਮਾਈ[91] ॥

Without my Husband[87], I am greatly[88] dishonoured[89]. How[90] can I live[92] without my Master, O my Mother[91] ?

ਆਪਣੇ ਖ਼ਸਮ[87] ਦੇ ਬਗੈਰ ਮੈਂ ਬੜੀ[88] ਬੇਪਤੀ[89] ਹਾਂ । ਮੈਂ ਆਪਣੇ ਮਾਲਕ ਦੇ ਬਾਝੋਂ ਕਿਸ ਤਰ੍ਹਾਂ[90] ਜੀਉ[92] ਸਕਦੀ ਹਾਂ, ਹੇ ਮੇਰੀ ਮਾਤਾ[91] ?

ਪਿਰ[97] ਬਿਨੁ ਨੀਦ[93] ਨ ਆਵੈ ਜੀਉ ਕਾਪੜੁ[94] ਤਨਿ[95] ਨ ਸੁਹਾਈ[96] ॥

Without my Spouse[97] I get no sleep,[93] and dress[94] bedecks[96] not my body[95].

ਆਪਣੇ ਭਰਤੇ[97] ਦੇ ਬਾਝੋਂ ਮੈਨੂੰ ਨੀਂਦਰ[93] ਨਹੀਂ ਪੈਂਦੀ, ਅਤੇ ਪੁਸ਼ਾਕ[94] ਮੇਰੇ ਸਰੀਰ[95] ਨੂੰ ਨਹੀਂ ਸ਼ੋਭਦੀ[96] ।

ਕਾਪਰੁ[98] ਤਨਿ[99] ਸੁਹਾਵੈ[100] ਜਾ[6] ਪਿਰ ਭਾਵੈ[2] ਗੁਰਮਤੀ[3] ਚਿਤੁ[4] ਲਾਈਐ[5] ॥

On my body[99], the clothes[98] look beautiful[100] when[6] I become pleasing[2] to my Spouse. By Guru's instrution[3] my soul[4] is attuned[5] to Him.

ਜਦ[6] ਮੈਂ ਆਪਣੇ ਕੰਤ ਨੂੰ ਚੰਗੀ ਲੱਗਦੀ[2] ਹਾਂ ਤਾਂ ਮੇਰੇ ਸਰੀਰ[99] ਉਤੇ ਕਪੜੇ[98] ਸੋਹਣੇ[100] ਸਜਦੇ ਹਨ, ਗੁਰਾਂ ਦੇ ਉਪਦੇਸ਼[3] ਦੁਆਰਾ ਮੇਰੀ ਆਤਮਾ[4] ਉਸ ਨਾਲ ਇਕ-ਸੁਰ[5] ਹੋ ਗਈ ਹੈ ।

ਸਦਾ[7] ਸੁਹਾਗਣਿ[8] ਜਾ[9] ਸਤਿਗੁਰੁ ਸੇਵੇ[10] ਗੁਰ ਕੈ ਅੰਕਿ[12] ਸਮਾਈਐ[13] ॥

If[9] she serve[10] the True Guru, for ever[7], she becomes a happy wife[8] and sits[13] into the Guru's lap[12].

ਜੇਕਰ[9] ਉਹ ਸੱਚੇ ਗੁਰਾਂ ਦੀ ਘਾਲ ਕਮਾਵੇ[10] ਤਾਂ ਹਮੇਸ਼ਾ[7] ਲਈ ਉਹ ਪਰਸੰਨ ਪਤਨੀ[8] ਹੋ ਜਾਂਦੀ, ਗੁਰਾਂ ਦੀ ਗੋਦੀ[12] ਵਿਚ ਲੀਨ[13] ਹੋ ਜਾਂਦੀ ਹੈ ।

ਗੁਰੁ ਸਬਦੇ[14] ਮੇਲਾ[15] ਤਾ[16] ਪਿਰੁ ਰਾਵੀ[17] ਲਾਹਾ[18] ਨਾਮੁ ਸੰਸਾਰੈ[19] ॥

If she meets[15] her Beloved through Guru's instruction[14], then[16], does He enjoy[17] her. The Name alone is the profitable[18] concern in the world[19].

ਜੇਕਰ ਉਹ ਗੁਰਾਂ ਦੇ ਉਪਦੇਸ਼[14] ਦੁਆਰਾ ਆਪਣੇ ਪ੍ਰੀਤਮ ਨੂੰ ਭੇਟ[15] ਲਵੇ, ਤਦ[16] ਉਹ ਉਸ ਨੂੰ ਮਾਣਦਾ[17] ਹੈ । ਇਸ ਜਹਾਨ[19] ਅੰਦਰ ਕੇਵਲ ਨਾਮ ਹੀ ਇਕ ਲਾਹੇਵੰਦਾ[18] ਕੰਮ ਹੈ ।

ਨਾਨਕ ਕਾਮਣਿ[20] ਨਾਹ[21] ਪਿਆਰੀ[22] ਜਾ[23] ਹਰਿ ਕੇ ਗੁਣ[24] ਸਾਰੇ[25] ॥੧॥

Nanak, the bride[20] becomes sweet[22] unto her Husband[21], when[23] she sings[25] the praises[24] of God.

ਨਾਨਕ, ਪਤਨੀ[20] ਆਪਣੇ ਪਤੀ[21] ਨੂੰ ਮਿੱਠੜੀ[22] ਲੱਗਣ ਲਗ ਜਾਂਦੀ ਹੈ, ਜਦ[23] ਉਹ ਵਾਹਿਗੁਰੂ ਦੇ ਗੁਣਾਵਾਦ[24] ਗਾਇਨ[25] ਕਰਦੀ ਹੈ ।

ਸਾ ਧਨ[26]ਰੰਗੁ[27]ਮਾਣੇ[28]ਜੀਉ ਆਪਣੇ ਨਾਲਿ ਪਿਆਰੇ[29] ॥	With her Beloved[29], the bride[26] enjoys[28] His love[27].	ਆਪਣੇ ਪ੍ਰੀਤਮ[29] ਦੇ ਨਾਲ ਪਤਨੀ[26], ਉਸ ਦੇ ਪ੍ਰੇਮ[27] ਦਾ ਅਨੰਦ[28] ਲੈ'ਦੀ ਹੈ।
[30]ਅਹਿਨਿਸਿ[31] ਰੰਗਿ[32] ਰਾਤੀ[33] ਜੀਉ ਗੁਰ ਸਬਦੂ[34] ਵੀਚਾਰੇ[35] ॥	Imbued[33] with His love[32] day[30] and night[31], she dwells[35] on Guru's hymns[34].	ਦਿਨ[30] ਰਾਤ[31] ਉਸ ਦੇ ਪਰੇਮ[32] ਨਾਲ ਰੰਗੀ[33] ਹੋਈ, ਉਹ ਗੁਰਬਾਣੀ[34] ਦਾ ਧਿਆਨ[35] ਧਾਰਦੀ ਹੈ।
ਗੁਰ ਸਬਦੂ ਵੀਚਾਰੇ ਹਉਮੈ[36] ਮਾਰੈ[37] ਇਨ[38] ਬਿਧਿ[39] ਮਿਲਹੁ ਪਿਆਰੇ[40] ॥	She reflects on Gurbani, stills[37] her ego[36] and in this[38] way[39] meets her Beloved[40].	ਉਹ ਗੁਰਬਾਣੀ ਨੂੰ ਸੋਚਦੀ ਵਿਚਾਰਦੀ ਹੈ, ਆਪਣੇ ਹੰਕਾਰ[36] ਨੂੰ ਮੇਸ[37] ਦਿੰਦੀ ਹੈ ਅਤੇ ਇਸ[38] ਤਰ੍ਹਾਂ[39] ਆਪਣੇ ਦਿਲਬਰ[40] ਨੂੰ ਮਿਲ ਪੈ'ਦੀ ਹੈ।
ਸਾ ਧਨ[41] ਸੋਹਾਗਣਿ[42] ਸਦਾ[43] ਰੰਗਿ[44] ਰਾਤੀ[45] ਸਾਚੈ[46] ਨਾਮਿ ਪਿਆਰੇ[47] ॥	The wife[41] who is ever[43] imbued[45] in the love[44] of the sweet[47] True Name[46] is her Spouse's favourite[42].	ਮੁੰਧ[41] ਜੋ ਮਿਠੜੇ[47] ਸਤਿਨਾਮ[46] ਦੀ ਪ੍ਰੀਤ[44] ਵਿਚ ਸਦੀਵ[43] ਹੀ ਰੰਗੀਜੀ[45] ਹੈ, ਉਹ ਆਪਣੇ ਪਤੀ ਦੀ ਪਿਆਰੀ[42] ਹੋ ਜ'ਦੀ ਹੈ।
ਅਪੁਨੇ ਗੁਰ ਮਿਲਿ[48] ਰਹੀਐ[49] ਅੰਮ੍ਰਿਤੁ[50] ਗਹੀਐ[51] ਦੁਬਿਧਾ[52] ਮਾਰਿ[53] ਨਿਵਾਰੇ[54] ॥	By abiding[49] in the society[48] of our Guru, we grasp[51] the Name Nectar[50] and kill[53] and cast away[54] our duality[52].	ਆਪਣੇ ਗੁਰਾਂ ਦੀ ਸੰਗਤ[48] ਅੰਦਰ ਵਸਣ[49] ਦੁਆਰਾ ਅਸੀਂ ਨਾਮ ਸੁਧਾਰਸ[50] ਨੂੰ ਗ੍ਰਹਿਣ[51] ਕਰ ਲੈ'ਦੇ ਹਾਂ ਅਤੇ ਆਪਣੀ ਦਵੈਤ-ਭਾਵ[52] ਨੂੰ ਨਾਸ[53] ਕਰ ਪਰੇ ਸੁੱਟ ਪਾਉ'ਦੇ[54] ਹਾਂ।
ਨਾਨਕ ਕਾਮਣਿ[55] ਹਰਿ ਵਰੁ[56] ਪਾਇਆ ਸਗਲੇ[59] ਦੂਖ[57] ਵਿਸਾਰੇ[58] ॥੨॥	Nanak, finding God, as her Groom[56], the bride[55] has forgotten[58] all[59] her discomforts[57].	ਨਾਨਕ, ਵਾਹਿਗੁਰੂ ਨੂੰ ਆਪਣੇ ਕੰਤ[56] ਵਜੋਂ ਪ੍ਰਾਪਤ ਕਰ ਕੇ ਵਹੁਟੀ[55] ਨੂੰ ਸਮੂਹ[59] ਬੇਆਰਾਮੀਆਂ[57] ਭੁੱਲ[58] ਗਈਆਂ ਹਨ।
ਕਾਮਣਿ[59]*ਪਿਰਹੁ[60]ਭੁਲੀ[61] ਜੀਉ ਮਾਇਆ[62] ਮੋਹਿ[63] ਪਿਆਰੇ[64] ॥	Because of mammon's[62] affection[63] and attachment[64], the married women[59]* has forgotten[61] her dear Consort[60].	ਧਨ-ਦੌਲਤ[62] ਦੀ ਮਮਤਾ[63] ਅਤੇ ਲਗਨ[64] ਦੇ ਕਾਰਨ ਪਤਨੀ[59]* ਆਪਣੇ ਪਿਆਰੇ ਪਤੀ[60] ਨੂੰ ਵਿਸਰ[61] ਗਈ ਹੈ।
ਝੂਠੀ[65]ਝੂਠਿ[66]ਲਗੀ[67] ਜੀਉ ਕੂੜਿ[68]ਮੁਠੀ[69]ਕੂੜਿਆਰੇ[70]॥	The false[65] bride is attached[67] with falsehood[66]. The insincere[70] woman is cheated[69] by insincerity[68].	ਕੂੜੀ[65] ਪਤਨੀ ਕੂੜ[66] ਨਾਲ ਚਿਮੜੀ[67] ਹੋਈ ਹੈ। ਕਪਟੀ[70] ਸੁਆਣੀ ਕਪਟ[68] ਨੇ ਛਲ[69] ਲਈ ਹੈ।
ਕੂੜੁ[71]ਨਿਵਾਰੇ[72] ਗੁਰਮਤਿ[73] ਸਾਰੇ[74] ਜੂਐ[75] ਜਨਮੁ[76] ਨ ਹਾਰੇ ॥	She, who drives away[72] her falshood[71] and acts upon[74] Guru's instruction[73], loses not her life[76] in gamble[75].	ਜੋ ਕੂੜ ਕੁਸੱਤ[71] ਤਿਆਗ[72] ਦਿੰਦੀ ਹੈ ਅਤੇ ਗੁਰਾਂ ਦੇ ਉਪਦੇਸ਼[73] ਤੇ ਅਮਲ[74] ਕਰਦੀ ਹੈ, ਉਹ ਆਪਣੇ ਜੀਵਨ[76] ਨੂੰ ਜੂਏ[75] ਵਿਚ ਨਹੀਂ ਹਾਰਦੀ।
ਗੁਰ[77]ਸਬਦੁ[78]ਸੇਵੇ[79]ਸਚਿ[80] ਸਮਾਵੈ[81] ਵਿਚਹੁ[82] ਹਉਮੈ[83] ਮਾਰੇ[84] ॥	She who meditates on[79] the great[77] Name[78] and sheds[84] self-conceit[83] from within[82] merges[81] into the True One[80].	ਜੋ ਵਿਸ਼ਾਲ[77] ਨਾਮ[78] ਨੂੰ ਸਿਮਰਦੀ[79] ਹੈ ਅਤੇ ਆਪਣੇ ਅੰਦਰੋਂ[82] ਸਵੈ-ਹੰਗਤਾ[83] ਨੂੰ ਦੂਰ[84] ਕਰ ਦਿੰਦੀ ਹੈ, ਉਹ ਸਤਿਪੁਰਖ[80] ਅੰਦਰ ਲੀਨ[81] ਹੋ ਜਾਂਦੀ ਹੈ।
ਹਰਿ ਕਾ ਨਾਮੁ ਰਿਦੈ[85]	Enshrine[86] God's Name within thy	ਰੱਬ ਦੇ ਨਾਮ ਨੂੰ ਆਪਣੇ ਅੰਤਰ-ਆਤਮੇ[85] ਟਿਕਾ[86] ਤੂੰ

ਵਸਾਏ[86] ਐਸਾ[87] ਕਰੇ[88] ਸੀਗਾਰੋ[89] ॥

mind[86], make[88] thou such[87] decorations[89].

ਇਹੋ ਜਿਹਾ[87] ਹਾਰ-ਸ਼ਿੰਗਾਰ[89] ਬਣਾ[88] ।

ਨਾਨਕ ਕਾਮਣਿ[90] ਸਹਜਿ[91] ਸਮਾਣੀ[92] ਜਿਸੁ[93] ਸਾਚਾ[94] ਨਾਮੁ ਅਧਾਰੋ[95] ॥੩॥

Nanak, the bride[90], who[93] has the support[95] of the True Name[94], merges[92] into the Lord[91].

ਨਾਨਕ, ਜਿਸ[93] ਧਨ[90] ਦਾ ਆਸਰਾ[95] ਸੱਚਾ ਨਾਮ[94] ਹੈ, ਉਹ ਸੁਆਮੀ[91] ਨਾਲ ਅਭੇਦ[92] ਹੋ ਜਾਂਦੀ ਹੈ ।

ਮਿਲੁ[96] ਮੇਰੇ ਪ੍ਰੀਤਮਾ[97] ਜੀਉ[98] ਤੁਧੁ ਬਿਨੁ ਖਰੀ[99] ਨਿਮਾਣੀ[100] ॥

Meet[96] me, O my honourable[98] Beloved[97]. Without Thee I am greatly[99] dishonoured[100].

ਮੈਨੂੰ ਦਰਸ਼ਨ[96] ਦੇ ਹੇ ਮੇਰੇ ਪਤਵੰਤੇ[98] ਦਿਲਬਰ[97] ! ਤੇਰੇ ਬਗੈਰ ਮੈਂ ਬਹੁਤ[99] ਹੀ ਬੇਇਜ਼ਤ[100] ਹਾਂ ।

ਮੈ ਨੈਣੀ[2] ਨੀਦ[3] ਨ ਆਵੈ ਜੀਉ ਭਾਵੈ[4] ਅੰਨੁ[5] ਨ ਪਾਣੀ[6] ॥

In my eyes[2] there is no sleep[3] and for food[5] and water[6] I have no relish[4].

ਮੇਰੀਆਂ ਅੱਖਾਂ[2] ਅੰਦਰ ਨੀਂਦਰ[3] ਨਹੀਂ ਪੈਂਦੀ ਅਤੇ ਭੋਜਨ[5] ਤੇ ਜਲ[6] ਮੈਨੂੰ ਚੰਗੇ[4] ਨਹੀਂ ਲੱਗਦੇ ।

ਪਾਣੀ ਅੰਨੁ ਨ ਭਾਵੈ[7] ਮਰੀਐ ਹਾਵੈ[8] ਬਿਨੁ ਪਿਰ[10] ਕਿਉ ਸੁਖੁ[9] ਪਾਈਐ ॥

I love[7] not food and water, and I am dying of the sorrow of His separation[8]. Without the Darling Husband[10], how can peace[9] be obtained ?

ਮੈਨੂੰ ਭੋਜਨ ਤੇ ਜਲ ਨਹੀਂ ਭਾਉਂਦਾ[7] ਅਤੇ ਮੈਂ ਉਸ ਦੇ ਵਿਛੋੜੇ[8] ਦੇ ਗ਼ਮ ਨਾਲ ਮਰ ਰਹੀ ਹਾਂ । ਆਪਣੇ ਪਿਆਰੇ ਪਤੀ[10] ਦੇ ਬਗੈਰ ਆਰਾਮ[9] ਕਿਸ ਤਰ੍ਹਾਂ ਮਿਲ ਸਕਦਾ ਹੈ ?

੨੪੫

ਗੁਰ ਆਗੈ ਕਰਉ ਬਿਨੰਤੀ[12] ਜੇ ਗੁਰ ਭਾਵੈ[13] ਜਿਉ[14] ਮਿਲੈ ਤਿਵੈ ਮਿਲਾਈਐ[15] ॥

245

I pray[12] to the Guru, if it pleases[13] him, he may unite[15]me with himself, in any way[14] he can unite.

੨੪੫

ਮੈਂ ਗੁਰਾਂ ਮੂਹਰੇ ਬਿਨਾਂ ਕਰਦੀ[12] ਹਾਂ ਜੇਕਰ ਉਸ ਨੂੰ ਚੰਗਾ ਲਗੇ[13] । ਜਿਸ ਤਰ੍ਹਾਂ[14] ਭੀ ਉਹ ਮਿਲਾ ਸਕਦਾ ਹੈ, ਮੈਨੂੰ ਆਪਣੇ ਨਾਲ ਮਿਲਾ[15] ਲਵੇ ।

ਆਪੇ[16] ਮੇਲਿ ਲਏ ਸੁਖਦਾਤਾ[17] ਆਪਿ[18] ਮਿਲਿਆ ਘਰਿ[19] ਆਏ ॥

Lord,the Giver of Peace[17],has united me with Himself[16]. He Himself[18] has come home[19] to meet me.

ਆਰਾਮ[17] ਦੇਣ ਵਾਲੇ, ਸਾਂਈ ਨੇ ਮੈਨੂੰ ਆਪਣੇ[16] ਨਾਲ ਮਿਲਾ ਲਿਆ ਹੈ ਅਤੇ ਉਹ ਖ਼ੁਦ[18] ਹੀ ਮੇਰੇ ਗ੍ਰਹਿ[19] ਆ ਕੇ ਮੈਨੂੰ ਮਿਲ ਪਿਆ ਹੈ ।

ਨਾਨਕ ਕਾਮਣਿ[20] ਸਦਾ[21] ਸੁਹਾਗਣਿ[22]ਨਾ ਪਿਰੁ[23]ਮਰੈ[24] ਨ ਜਾਏ[25] ॥੪॥੨॥

Nanak, such a bride[20] is, ever[21], her Spouse's favourite[22]. The Beloved[23] neither dies[24] nor parts company[25].

ਨਾਨਕ ਐਸੀ ਪਤਨੀ[20], ਹਮੇਸ਼ਾ[21] ਲਈ ਆਪਣੇ ਪਤੀ ਦੀ ਪਿਆਰੀ[22] ਹੈ । ਪ੍ਰੀਤਮ[23] ਨਾ ਮਰਦਾ[24] ਹੈ ਤੇ ਨਾ ਹੀ ਵੱਖਰਾ[25] ਹੁੰਦਾ ਹੈ ।

ਗਉੜੀ ਮਹਲਾ ੩ ॥

Gauri 3rd Guru.

ਗਉੜੀ ਪਾਤਸ਼ਾਹੀ ਤੀਜੀ ।

ਕਾਮਣਿ[26] ਹਰਿ ਰਸਿ[27] ਬੇਧੀ[28] ਜੀਉ ਹਰਿ[29] ਕੈ ਸਹਜਿ[30] ਸੁਭਾਏ[31] ॥

The bride[26] is pierced[28] through with God's elixir[27] and Divine[29] serene[30] temper[31].

ਵਾਹਿਗੁਰੂ ਦੇ ਅੰਮ੍ਰਿਤ[27] ਅਤੇ ਈਸ਼ਵਰੀ[29] ਸ਼ਾਂਤ[30] ਸੁਭਾਅ[31] ਨਾਲ ਸਾਧਨ[26] ਵਿੰਨ੍ਹੀ[28] ਗਈ ਹੈ ।

ਮਨੁ ਮੋਹਨਿ[32]ਮੋਹਿ ਲੀਆ[33] ਜੀਉ ਦੁਬਿਧਾ[34] ਸਹਜਿ[35] ਸਮਾਏ[36] ॥

The Heart Enticer[32] has captivated[33] her and her duality[34] has easily[35] been annulled[36].

ਦਿਲ ਚੁਰਾਉਣ ਵਾਲੇ[32] ਨੇ ਉਸ ਨੂੰ ਫ਼ਰੇਫ਼ਤਾ[33] ਕਰ ਲਿਆ ਹੈ ਅਤੇ ਉਸ ਦਾ ਦਵੈਤ-ਭਾਵ[34] ਸੁਖੈਨ[35] ਹੀ ਨਾਸ ਹੋ ਗਿਆ[36] ਹੈ ।

ਦੁਬਿਧਾ[37] ਸਹਜਿ ਸਮਾਏ

Easily annulling her double-minded-

ਸੁਖੈਨ ਹੀ ਆਪਣਾ ਦੁਚਿੱਤਾਪਣ[37] ਨਵਿਰਤ ਕਰ ਕੇ

ਕਾਮਣਿ ਵਰੁ[38] ਪਾਏ ਗੁਰਮਤੀ[39] ਰੰਗੁ ਲਾਏ[40] ॥	ness[37] and obtaining her Groom[38], the bride makes merry[40] under Guru's instruction[39].	ਅਤੇ ਆਪਣੇ ਕੰਤ[38] ਨੂੰ ਪ੍ਰਾਪਤ ਹੋ, ਵਹੁਟੀ ਗੁਰਾਂ ਦੇ ਉਪਦੇਸ਼[39] ਤਾਬੇ, ਮੌਜ ਮਾਣਦੀ[40] ਹੈ।
ਇਹੁ ਸਰੀਰੁ[41] ਕੂੜਿ[42] ਕੁਸਤਿ[43] ਭਰਿਆ[44] ਗਲ[45] ਤਾਈ[46] ਪਾਪ[47] ਕਮਾਏ[48] ॥	This body[41] is filled[44] up to[46] the fullest[45] with falsehood[42] and deception[43] and commits[48] sins[47].	ਇਹ ਦੇਹਿ[41] ਹਲਕ[45] ਤਕ[46] ਝੂਠ[43] ਤੇ ਠੱਗੀ[42] ਨਾਲ ਭਰੀ ਹੋਈ ਹੈ ਅਤੇ ਕਸਮਲ[47] ਕਮਾਉਂਦੀ[48] ਹੈ।
ਗੁਰਮੁਖਿ[49] ਭਗਤਿ[50]ਜਿਤੁ[51] ਸਹਜ[52] ਧੁਨਿ[53] ਉਪਜੈ[54] ਬਿਨੁ[58] ਭਗਤੀ[55] ਮੈਲੁ[56] ਨ ਜਾਏ[57] ॥	Through the Guru[49], is obtained Lords's devotion[50],by which[51]music[53] of beatitude[52] is produced[54]. Sans[58] God's meditation[55], filth[56] is not removed[57].	ਗੁਰਾਂ ਦੇ ਰਾਹੀਂ[49] ਸੁਆਮੀ ਦਾ ਅਨੁਰਾਗ[50] ਪ੍ਰਾਪਤ ਹੁੰਦਾ ਹੈ, ਜਿਸ ਦੁਆਰਾ[51] ਪ੍ਰਸੰਨਤਾ[52] ਦਾ ਰਾਗ[53] ਪੈਦਾ[54] ਹੁੰਦਾ ਹੈ। ਰੱਬ ਦੇ ਸਿਮਰਨ[55] ਦੇ ਬਾਝੋਂ[58] ਪਲੀਤੀ[56] ਦੂਰ[57] ਨਹੀਂ ਹੁੰਦੀ।
ਨਾਨਕ ਕਾਮਣਿ[59] ਪਿਰਹਿ[60] ਪਿਆਰੀ[61] ਵਿਚਹੁ[62]ਆਪੁ[63] ਗਵਾਏ[64] ॥੧॥	Nanak, the bride[59], who sheds[64] her self-conceit[63] from within[62] becomes dear[61] unto her Beloved[60].	ਨਾਨਕ, ਜਿਹੜੀ ਪਤਨੀ[59] ਆਪਣੀ ਸਵੈ-ਹੰਗਤਾ[63] ਨੂੰ ਆਪਣੇ ਅੰਦਰੋਂ[62] ਕੱਢ ਛਡਦੀ[64] ਹੈ, ਉਹ ਆਪਣੇ ਪ੍ਰੀਤਮ[60] ਦੀ ਲੋਡਲੀ[61] ਹੋ ਜਾਂਦੀ ਹੈ।
ਕਾਮਣਿ ਪਿਰੁ[65] ਪਾਇਆ[66] ਜੀਉ ਗੁਰ ਕੈ ਭਾਇ[67] ਪਿਆਰੇ[68] ॥	The bride has found[66] her Darling Lord[65], through the love[67] and affection[68] of the Guru.	ਗੁਰਾਂ ਦੀ ਪ੍ਰੀਤ[67] ਤੇ ਪਿਰਹੜੀ[68] ਰਾਹੀਂ ਮੁੰਧ ਨੇ ਆਪਣਾ ਪਿਆਰਾ ਸੁਆਮੀ[65] ਪਰਾਪਤ[66] ਕਰ ਲਿਆ ਹੈ।
ਰੈਣਿ[69] ਸੁਖਿ[70] ਸੁਤੀ[71]ਜੀਉ ਅੰਤਰਿ[72] [73]ਉਰਿ ਧਾਰੇ[74] ॥	By claping[74]the Guru,to her heart[72], and mind[73] she peacefully[70] sleeps[71] during the night[69].	ਗੁਰਾਂ ਨੂੰ ਆਪਣੇ ਦਿਲ[72] ਅਤੇ ਹਿਰਦੇ[73] ਨਾਲ ਲਾਉਣ[74] ਦੁਆਰਾ ਉਹ ਰਾਤ[69] ਨੂੰ ਆਰਾਮ[70] ਨਾਲ ਸੌਂਦੀ[71] ਹੈ।
ਅੰਤਰਿ[75] ਉਰਿ[76] ਧਾਰੇ[77] ਮਿਲੀਐ[78] ਪਿਆਰੇ[79] ਅਨਦਿਨੁ[80]ਦੁਖੁ[81]ਨਿਵਾਰੇ[82]	By enshrining[77] the Guru in[75] the mind[76], night[80] and day,she meets[78] her Beloved[79] and her anguishes[81] depart[82].	ਗੁਰਾਂ ਨੂੰ ਆਪਣੇ ਹਿਰਦੇ[76] ਅੰਦਰ[75], ਰਾਤ[80] ਦਿਨ ਟਿਕਾਉਣ[77] ਦੁਆਰਾ ਉਹ ਆਪਣੇ ਪ੍ਰੀਤਮ[79] ਨੂੰ ਭੇਟ[78] ਲੈਂਦੀ ਹੈ ਅਤੇ ਉਸ ਦੇ ਦੁਖੜੇ[81] ਦੂਰ[82] ਹੋ ਜਾਂਦੇ ਹਨ।
ਅੰਤਰਿ[83] ਮਹਲੁ[84] ਪਿਰੁ[85] ਰਾਵੈ[86]ਕਾਮਣਿ[87]ਗੁਰਮਤੀ[88] ਵੀਚਾਰੇ[89] ॥	Within[83] her heart-mansion[84], the bride[87] enjoys[86] her Bridegroom[85] by musing[89] over Guru's teaching[88].	ਗੁਰਾਂ ਦੇ ਉਪਦੇਸ਼[88] ਦਾ ਸੋਚ-ਵਿਚਾਰ[89] ਕਰਨ ਦੁਆਰਾ ਆਪਣੇ ਦਿਲ-ਮੰਦਰ[84] ਦੇ ਵਿਚ[83] ਲਾੜੀ[87] ਆਪਣੇ ਲਾੜੇ[85] ਨੂੰ ਮਾਣਦੀ[86] ਹੈ।
ਅੰਮ੍ਰਿਤੁ[90] ਨਾਮੁ ਪੀਆ[91] ਦਿਨ ਰਾਤੀ ਦੁਬਿਧਾ[92] ਮਾਰਿ[93] ਨਿਵਾਰੇ[94] ॥	Day and night she drinks[91] the Name Nectar[90] and kills[93] and casts off[94] her duality[92].	ਦਿਨ ਰਾਤ ਉਹ ਨਾਮ ਸੁਧਾਰਸ[90] ਨੂੰ ਪਾਨ[91] ਕਰਦੀ ਹੈ ਅਤੇ ਆਪਣੇ ਦਵੈਤ-ਭਾਵ[92] ਨੂੰ ਨਾਸ[93] ਕਰ ਪਰੇ ਸੁੱਟ[94] ਪਾਉਂਦੀ ਹੈ।
ਨਾਨਕ ਸਚਿ[95] ਮਿਲੀ ਸੋਹਾਗਣਿ[96]ਗੁਰ ਕੈ[98]ਹੇਤਿ[97] ਅਪਾਰੇ[99] ॥੨॥	Through the infinite[99] love[97]of[98] the Guru, O Nanak, the happy wife[96] meets her True Lord[95].	ਗੁਰਾਂ ਦੇ[98] ਅਨੰਤ[99] ਪਿਆਰ[97] ਰਾਹੀਂ ਹੇ ਨਾਨਕ! ਖੁਸ਼ਬਾਸ਼ ਪਤਨੀ[96] ਆਪਣੇ ਸੱਚੇ ਸੁਆਮੀ[95] ਨੂੰ ਮਿਲ ਪੈਂਦੀ ਹੈ।
ਆਵਹੁ[100] ਦਇਆ[2] ਕਰੇ[3]	O my most[5] Darling[6] Beloved[4],	ਹੇ ਮੇਰੇ ਪਰਮ[5] ਪ੍ਰੀਤਵਾਨ[6] ਦਿਲਬਰ[4]! ਆਪਣੀ ਮਿਹਰ[2]

ਜੀਉ ਪ੍ਰੀਤਮ[4] ਅਤਿ[5] ਪਿਆਰੇ[6] ॥

shower[3] Thine benediction[2] and pay me a visit[100].

ਧਾਰ[3] ਅਤੇ ਮੈਨੂੰ ਆਪਣਾ ਦੀਦਾਰ ਬਖ਼ਸ਼[100] ।

ਕਾਮਣਿ[7] ਬਿਨਉ[8] ਕਰੇ ਜੀਉ ਸਚਿ[9] ਸਬਦਿ[10] ਸ਼ੀਗਾਰੇ[12] ॥

The bride[7] supplicates[8] Thee, to adorn[12] her with the True[9] name[10].

ਉਸ ਨੂੰ [9]ਸਤਿਨਾਮ[10] ਨਾਲ ਸੁਸ਼ੋਭਤ[12] ਕਰਨ ਲਈ ਪਤਨੀ[7] ਤੈਨੂੰ ਪ੍ਰਾਰਥਨਾ[8] ਕਰਦੀ ਹੈ ।

ਸਚਿ ਸਬਦਿ ਸੀਗਾਰੇ ਹਉਮੈ[13] ਮਾਰੇ[14] ਗੁਰਮੁਖਿ[15] ਕਾਰਜ[16] ਸਵਾਰੇ[17] ॥

Bedecked with the True Name, the bride effaces[14] her ego[13] and through the Guru[15], her affairs[16] are adjusted[17].

ਸੱਚੇ ਨਾਮ ਨਾਲ ਸ਼ਿੰਗਾਰੀ ਹੋਈ ਕਾਮਣ ਆਪਣੀ ਹੰਗਤਾ[13] ਨੂੰ ਮੇਸ[14] ਸੁਟਦੀ ਹੈ ਅਤੇ ਗੁਰਾਂ ਦੇ ਰਾਹੀਂ[15] ਉਸ ਦੇ ਕੰਮ[16] ਰਾਸ ਹੋ ਜਾਂਦੇ[17] ਹਨ ।

ਜੁਗਿ ਜੁਗਿ[18] ਏਕੋ[19] ਸਚਾ ਸੋਈ[20] ਬੂਝੈ[21] ਗੁਰ ਬੀਚਾਰੇ[22] ॥

Throughout all the ages[18], that[20] unique[19] Lord is True and through the Guru given comprehension[22] is He known[21].

ਸਾਰਿਆਂ ਯੁਗਾਂ[18] ਅੰਦਰ ਉਹ[20] ਅਦੁੱਤੀ[19] ਪ੍ਰਭੂ ਸੱਚਾ ਹੈ ਅਤੇ ਗੁਰਾਂ ਦੀ ਦਿੱਤੀ ਸੋਚ ਵਿਚਾਰ[22] ਰਾਹੀਂ ਉਹ ਜਾਣਿਆ[21] ਜਾਂਦਾ ਹੈ ।

ਮਨਮੁਖਿ[23] ਕਾਮਿ[24] ਵਿਆਪੀ[25] ਮੋਹਿ[26] ਸੰਤਾਪੀ[27] ਕਿਸੁ[28] ਆਗੈ[29] ਜਾਇ[30] ਪੁਕਾਰੇ[31] ॥

The way-ward[23] wife is engrossed[25] in lust[24] and is tormented[27] by temporal love[26]. Before[29] whom[28] should she go[30] to lodge a complaint[31] ?

ਆਪ-ਹੁਦਰੀ[23] ਵਹੁਟੀ ਵਿਸ਼ੇ ਭੋਗ[24] ਅੰਦਰ ਗ਼ਲਤਾਨ[25] ਤੇ ਸੰਸਾਰੀ ਮਮਤਾ[26] ਦੀ ਦੁਖਾਂਤ[27] ਕੀਤੀ ਹੋਈ ਹੈ । ਉਹ ਕੀਹਦੇ[28] ਮੂਹਰੇ[29] ਜਾ ਕੇ[30] ਸ਼ਿਕਾਇਤ ਕਰੇ[31] ?

ਨਾਨਕ ਮਨਮੁਖਿ[32] ਥਾਉ[36] ਨ ਪਾਏ[35] ਬਿਨੁ ਗੁਰ ਅਤਿ[33] ਪਿਆਰੇ[34] ॥੩॥

Nanak, without the exceedingly[33] favourite[34] Guru, the way-ward[32] woman, finds[35] no place[36] of rest.

ਨਾਨਕ ਪਰਮ[33] ਪ੍ਰੀਤਵਾਨ[34] ਗੁਰਾਂ ਦੇ ਬਾਝੋਂ ਆਪ-ਹੁਦਰੀ[32] ਤ੍ਰੀਮਤ ਨੂੰ ਕੋਈ ਆਰਾਮ ਦੀ ਜਗ੍ਹਾ[36] ਨਹੀਂ ਲੱਭਦੀ[35] ।

ਮੁੰਧ[37] ਇਆਣੀ[38] ਭੋਲੀ[39] ਨਿਗੁਣੀਆ[40] ਜੀਉ ਪਿਰੁ[41] ਅਗਮ[42] ਅਪਾਰਾ[43] ॥

The bride[37] is silly[38], simpleton[39], and meritless[40]. The groom[41] is Unapproachable[42] and Incomprehensible[43].

ਪਤਨੀ[37] ਕਮਲੀ[38], ਸਿਧਰੀ[39] ਤੇ ਗੁਣ-ਵਿਹੂਣ[40] ਹੈ । ਪਤੀ[41] ਪਹੁੰਚ ਤੋਂ ਪਰੇ[42] ਅਤੇ ਅਲੱਖ[43] ਹੈ ।

ਆਪੇ[44] ਮੇਲਿ[45] ਮਿਲੀਐ[46] ਜੀਉ ਆਪੇ ਬਖਸਣਹਾਰਾ[47] ॥

Himself[44] the Lord unites[46] in his union[45] and Himself is He the Pardoner[47].

ਆਪ[44] ਹੀ ਸੁਆਮੀ ਆਪਣੇ ਮਿਲਾਪ[45] ਅੰਦਰ ਮਿਲਾਉਂਦਾ[46] ਹੈ ਅਤੇ ਆਪ ਹੀ ਮਾਫ਼ੀ ਦੇਣ ਵਾਲਾ[47] ਹੈ ।

ਅਵਗਣ[48] ਬਖਸਣਹਾਰਾ ਕਾਮਣਿ[49] ਕੰਤੁ[50] ਪਿਆਰਾ[51] ਘਟਿ ਘਟਿ[52] ਰਹਿਆ ਸਮਾਈ[53] ॥

The bride's[49] dear[51] Spouse[50] is the Pardoner of sins[48] and is contained[53] in every[52] heart.

ਪਤਨੀ[49] ਦਾ ਪ੍ਰੀਤਵਾਨ[51] ਪਤੀ[50] ਗੁਨਾਹਾਂ[48] ਨੂੰ ਮਾਫ਼ ਕਰਨ ਵਾਲਾ ਹੈ ਅਤੇ ਹਰ ਦਿਲ[52] ਅੰਦਰ ਰਮਿਆ[53] ਹੋਇਆ ਹੈ ।

ਪ੍ਰੇਮ[54] ਪ੍ਰੀਤਿ[55] ਭਾਇ[56] ਭਗਤੀ[57] ਪਾਈਐ ਸਤਿਗੁਰਿ ਬੂਝ[58] ਬੁਝਾਈ[59] ॥

The True Guru has imparted[59] this understanding[58] unto me that the Lord is obtained through love[54], affection[55], reverential[56] regard and meditation[57].

ਗੁਰਾਂ ਨੇ ਮੈਨੂੰ ਇਹ ਸਮਝ[58] ਦਰਸਾ[59] ਦਿੱਤੀ ਹੈ ਕਿ ਸੁਆਮੀ ਪਿਆਰ[54], ਪਿਰਹੜੀ[55], ਸਨੇਹ[56] ਅਤੇ ਸਿਮਰਨ[57] ਰਾਹੀਂ ਪਾਇਆ ਜਾਂਦਾ ਹੈ ।

ਸਦਾ[60] ਅਨੰਦਿ[61]ਰਹੈ ਦਿਨ ਰਾਤੀ[62] ਅਨਦਿਨੁ[63] ਰਹੈ ਲਿਵ[64] ਲਾਈ[65] ॥

ਨਾਨਕ ਸਹਜੇ[66]ਹਰਿ ਵਰੁ[67] ਪਾਇਆ ਸਾ ਧਨ[68] ਨਉ[69] ਨਿਧਿ[70] ਪਾਇ[71] ॥੪॥੩॥

ਗਉੜੀ ਮਹਲਾ ੩ ॥

ਮਾਇਆ[72] ਸਰੁ[78] ਸਬਲੁ[73] ਵਰਤੈ[74] ਜੀਉ ਕਿਉ[75]ਕਰਿ ਦੂਤਰੁ[76] ਤਰਿਆ[77]ਜਾਇ ॥
ਰਾਮ[79]ਨਾਮੁ ਕਰਿ[80]ਬੋਹਿਥਾ[81] ਜੀਉ ਸਬਦੁ[82] ਖੇਵਟੁ[83] ਵਿਚਿ[84] ਪਾਇ[86] ॥
ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ[85] ਲਘਾਏ[87] ਇਨ[88] ਬਿਧਿ[89] ਦੂਤਰੁ[90] ਤਰੀਐ[91] ॥
ਗੁਰਮੁਖਿ[92] ਭਗਤਿ[93] ਪਰਾਪਤਿ ਹੋਵੈ ਜੀਵਤਿਆ[94] ਇਉ[95] ਮਰੀਐ[96] ॥

ਖਿਨ[97] ਮਹਿ[98] ਰਾਮ ਨਾਮਿ ਕਿਲਵਿਖ[99] ਕਾਟੇ[100] ਭਏ ਪਵਿਤੁ[2] ਸਰੀਰਾ[3] ॥
ਨਾਨਕ ਰਾਮ ਨਾਮਿ ਨਿਸਤਾਰਾ[4] ਕੰਚਨ[5] ਭਏ ਮਨੂਰਾ[6] ॥੧॥

੨੪੬

ਇਸਤਰੀ[7] ਪੁਰਖ[8] ਕਾਮਿ[9] ਵਿਆਪੇ[10] ਜੀਉ ਰਾਮ ਨਾਮ ਕੀ ਬਿਧਿ[12] ਨਹੀ ਜਾਣੀ ॥
ਮਾਤ[13]ਪਿਤਾ[14]ਸੁਤ[15]ਭਾਈ[16] ਖਰੇ[17] ਪਿਆਰੇ[18]ਜੀਉ ਡੂਬਿ ਮੁਏ[19] ਬਿਨੁ ਪਾਣੀ[20] ॥

The bride who night[63] and day remains absorbed[65] in her Lord's love[64] ever[60], remains happy[61] throughout the twenty-four hours[62].
Nanak, the wife[68], who receives[71] the Name's nine[69] treasures[70], easily[66], obtains God, as her Husband[67].

Gauri 3rd Guru.

The mammon's[72] ocean[78] is mightily[73] agitated;[74] how[75] can the terrible[76] ocean be crossed[77]?
Make[80] Lord's[79] Name the boat[81] and put[86] the Gurbani[82] into[84] it as the boatman[83].
When the helmsman of Gurbani is put therein, God Himself[85] takes across[87]. In this[88] way[89] the impassable[90] ocean is crossed[91].
Through the Guru[92],Lord's devotional service[93] is obtained and like[95] this man remains dead[96] while alive[94].
In[98] a moment[97], Lord's Name effaces[100] his sins[99] and his body[3] becomes pure[2].
Nanak, through Lord's Name, emancipation[4] is procured and dross[6], becomes gold[5].

246

The women[7] and men[8] are engrossed[10] in the pleasures of flesh[9] and know not the way[12]to repeat Lord's Name.
Mother[13], father[14], sons[15] and brothers[16] are very[17] dear[18], but they drown[19] even without water[20].

ਜਿਹੜੀ ਪਤਨੀ ਆਪਣੇ ਪਤਨੀ ਦੇ ਸਨੇਹ[64] ਵਿਚ ਰਾਤ[63] ਦਿਨ ਲੀਨ[65] ਰਹਿੰਦੀ ਹੈ, ਉਹ ਚੌਵੀ ਘੰਟੇ[62] ਹੀ ਹਮੇਸ਼ਾ[60] ਪਰਸੰਨ[61] ਰਹਿੰਦੀ ਹੈ।

ਨਾਨਕ, ਜੋ ਵਹੁਟੀ[68] ਨਾਮ ਦੇ ਨੌ[69] ਖ਼ਜ਼ਾਨੇ[70] ਹਾਸਲ[71] ਕਰ ਲੈਂਦੀ ਹੈ, ਉਹ ਸੁਖੈਨ[66] ਹੀ ਵਾਹਿਗੁਰੂ ਨੂੰ ਆਪਣੇ ਖ਼ਸਮ[67] ਵਜੋਂ ਪਾ ਲੈਂਦੀ ਹੈ।

ਗਉੜੀ ਪਾਤਸ਼ਾਹੀ ਤੀਜੀ।

ਮੋਹਨੀ[72] ਦਾ ਸਮੁੰਦਰ[78] ਜ਼ਬਰਦਸਤ[73] ਠਾਠਾਂ ਮਾਰ[74] ਰਿਹਾ ਹੈ, ਭਿਆਨਕ[76] ਸਮੁੰਦਰ ਕਿਸ ਤਰ੍ਹਾਂ[75] ਪਾਰ[77] ਕੀਤਾ ਜਾ ਸਕਦਾ ਹੈ ?
ਪਰਮੇਸ਼ਰ[79] ਦੇ ਨਾਮ ਦਾ ਜਹਾਜ਼[81] ਬਣਾ[80] ਅਤੇ ਗੁਰਬਾਣੀ[82] ਨੂੰ ਮਲਾਹ[83] ਵਜੋਂ ਇਸ ਅੰਦਰ[84] ਰੱਖ[86]।
ਜਦ ਗੁਰਬਾਣੀ ਦਾ ਮਲਾਹ ਉਸ ਅੰਦਰ ਰੱਖ ਲਿਆ ਜਾਂਦਾ ਹੈ ਤਾਂ ਵਾਹਿਗੁਰੂ ਖ਼ੁਦ[85] ਪਾਰ[87] ਕਰ ਦਿੰਦਾ ਹੈ। ਇਸ[88] ਤਰੀਕੇ[89] ਨਾਲ ਨਾ-ਪਾਰ-ਹੋਣਹਾਰ[90] ਸਮੁੰਦਰ ਪਾਰ[91] ਕੀਤਾ ਜਾਂਦਾ ਹੈ।
ਗੁਰਾਂ ਦੇ ਰਾਹੀਂ[92] ਸਾਂਈ ਦੀ ਪ੍ਰੇਮ-ਮਈ[93] ਸੇਵਾ ਪ੍ਰਾਪਤ ਹੁੰਦੀ ਹੈ ਅਤੇ ਇਸ ਤਰ੍ਹਾਂ[95] ਆਦਮੀ ਜੀਉਂਦੇ[94] ਜੀ ਮਰਿਆ[96] ਰਹਿੰਦਾ ਹੈ।

ਇਕ ਮੁਹਤ[97] ਅੰਦਰ[98] ਪ੍ਰਭੂ ਦਾ ਨਾਮ ਉਸ ਦੇ ਪਾਪ[99] ਮੇਸ[100] ਦਿੰਦਾ ਹੈ ਅਤੇ ਉਸ ਦੀ ਦੇਹਿ[3] ਨਿਰਮਲ[2] ਹੋ ਜਾਂਦੀ ਹੈ।
ਨਾਨਕ, ਪ੍ਰਮੇਸ਼ਰ ਦੇ ਨਾਮ ਰਾਹੀਂ ਪਾਰ ਉਤਾਰਾ[4] ਹੋ ਜਾਂਦਾ ਹੈ ਅਤੇ ਲੋਹੇ ਦੀ ਮੈਲ[6] ਸੋਨਾ[5] ਹੋ ਜਾਂਦੀ ਹੈ।

੨੪੬

ਤ੍ਰੀਮਤਾਂ[7] ਅਤੇ ਮਰਦ[8] ਭੋਗ ਚੇਸਟਾ[9] ਅੰਦਰ ਗ਼ਲਤਾਨ[10] ਹੋਏ ਹੋਏ ਅਤੇ ਪ੍ਰਭੂ ਦੇ ਨਾਮ ਦੇ ਜਾਪ ਕਰਨ ਦਾ ਢੰਗ[12] ਨਹੀਂ ਜਾਣਦੇ।
ਅੰਮੜੀ[13], ਬਾਬਲ[14], ਪੁਤ੍ਰ[15] ਅਤੇ ਵੀਰ[16] ਬੜੇ[17] ਲਾਡਲੇ[18] ਹਨ, ਪਰ ਉਹ ਜਲ[20] ਦੇ ਬਗ਼ੈਰ ਹੀ ਡੁੱਬ ਮਰਦੇ[19] ਹਨ।

ਡੂਬਿ[21] ਮੁਏ[22] ਬਿਨੁ ਪਾਣੀ ਗਤਿ[23]ਨਹੀ ਜਾਣੀ ਹਉਮੈ[24] ਧਾਤੁ[25] ਸੰਸਾਰੇ[26] ॥

They are drowned[21] to death[22] without water, who know not the way to salvation[23] and who through pride[24] wander[25] about the world[26]

ਜੋ[27]ਆਇਆ ਸੋ[28]ਸਭੁ ਕੋ[29] ਜਾਸੀ[30] ਉਬਰੇ[31] ਗੁਰ ਵੀਚਾਰੇ[32] ॥

Whosoever[27] are come into the world, they[28] all,[29] shall depart[30]. They, who meditate[32] on the Guru, are saved[31].

ਗੁਰਮੁਖਿ[33] ਹੋਵੈ ਰਾਮ ਨਾਮੁ ਵਖਾਣੈ[34] ਆਪਿ[35] ਤਰੈ[36] ਕੁਲ[37] ਤਾਰੇ[38] ॥

He, who gets resigned to the Guru's will[33] and repeats[34] the Lord's Name, saves[36] himself[35] and saves[38] his lineage[37] as well.

ਨਾਨਕ ਨਾਮੁ ਵਸੈ[39] ਘਟ[40] ਅੰਤਰਿ[41] ਗੁਰਮਤਿ[42] ਮਿਲੇ ਪਿਆਰੇ[43] ॥੨॥

Nanak, the Name abides[39] within[41] his heart[40] and by the Guru's instruction[42], he meets the Beloved[43].

ਰਾਮ[44]ਨਾਮ ਬਿਨੁ ਕੋ ਥਿਰੁ[45] ਨਾਹੀ ਜੀਉ ਬਾਜੀ[46] ਹੈ ਸੰਸਾਰਾ[47] ॥

Without the pervading[44]God's Name, nothing is stable[45]. This world[47] is but a play[46].

ਦ੍ਰਿੜੁ[48] ਭਗਤਿ[49]ਸਚੀ ਜੀਉ ਰਾਮ ਨਾਮੁ ਵਾਪਾਰਾ[50] ॥

Fix firmly[48] true devotion[49] in thy heart and deal[50] only in the Lord's Name.

ਰਾਮ ਨਾਮੁ ਵਾਪਾਰਾ[51] ਅਗਮ[52] ਅਪਾਰਾ[53] ਗੁਰਮਤੀ[54] ਧਨੁ[55]ਪਾਈਐ॥

The trade[51] of Lord's Name is infinite[52]and unfathomable[53]. Through Guru's instructiou[54] the wealth[55] of Lord's Name is obtained.

ਸੇਵਾ[56] ਸੁਰਤਿ[57] ਭਗਤਿ[58] ਇਹ ਸਾਚੀ ਵਿਚਹੁ[59]ਆਪੁ[60] ਗਵਾਈਐ[61] ॥

This service[56], meditation[57] and devotion[58] of thine shall be true, if thou shed[61] self-conceit[60] from within[59] thee.

ਹਮ[62] ਮਤਿ ਹੀਣ[63]ਮੂਰਖ[64] ਮੁਗਧ[65] ਅੰਧੇ[66] ਸਤਿਗੁਰਿ ਮਾਰਗਿ[67] ਪਾਏ[68] ॥

I[62] am senseless[63], foolish[64], stupid[65] and blind[66]. The True Guru has put[68] me on the right path[67].

ਨਾਨਕ ਗੁਰਮੁਖਿ[69]ਸਬਦਿ[70] ਸੁਹਾਵੇ[71] ਅਨ[72] ਦਿਨੁ ਹਰਿ ਗੁਣ[73] ਗਾਏ[74] ॥੩॥

Nanak, the Guru-wards[69] are decorated[71] with God's Name[70], and night[72]and day,sing[74] God's praises[73].

ਜੋ ਮੋਖ਼ਸ਼[23] ਦੇ ਮਾਰਗ ਨੂੰ ਨਹੀਂ ਜਾਣਦੇ ਅਤੇ ਹੰਕਾਰ[24] ਰਾਹੀਂ ਜਗਤ[26] ਅੰਦਰ ਭਟਕਦੇ[25] ਫਿਰਦੇ ਹਨ, ਉਹ ਜਲ ਦੇ ਬਾਝੋਂ ਹੀ ਡੂਬ[21] ਕੇ ਮਰ[22] ਜਾਂਦੇ ਹਨ ।

ਜਿਹੜੇ ਕੋਈ ਭੀ[27] ਜਹਾਨ ਅੰਦਰ ਆਏ ਹਨ ਉਹ[28] ਸਾਰੇ[29] ਟੁਰ ਜਾਣਗੇ[30] । ਜੋ ਗੁਰਾਂ ਦਾ ਆਰਾਧਨ[32] ਕਰਦੇ ਹਨ ਉਹ ਬਚ[31] ਜਾਂਦੇ ਹਨ ।

ਜੋ ਗੁਰੂ ਅਨੁਸਾਰੀ[33] ਹੋ ਜਾਂਦਾ ਹੈ ਅਤੇ ਸਾਹਿਬ ਦੇ ਨਾਮ ਦਾ ਉਚਾਰਨ[34] ਕਰਦਾ ਹੈ, ਉਹ ਖ਼ੁਦ[35] ਪਾਰ ਉਤਰ[36] ਜਾਂਦਾ ਹੈ ਅਤੇ ਆਪਣੀ ਵੰਸ਼[37] ਨੂੰ ਭੀ ਬਚਾ[38] ਲੈਂਦਾ ਹੈ ।

ਨਾਨਕ ਨਾਮ ਉਸਦੇ ਦਿਲ[40] ਅੰਦਰ[41] ਟਿਕ[39] ਜਾਂਦਾ ਹੈ ਅਤੇ ਗੁਰਾਂ ਦੇ ਉਪਦੇਸ਼[42] ਦੁਆਰਾ ਉਹ ਪ੍ਰੀਤਮ[43] ਨੂੰ ਮਿਲ ਪੈਂਦਾ ਹੈ ।

ਵਿਆਪਕ[44] ਵਾਹਿਗੁਰੂ ਦੇ ਨਾਮ ਦੇ ਬਗ਼ੈਰ ਕੁਛ ਭੀ ਮੁਸਤਕਿਲ[45] ਨਹੀਂ । ਇਹ ਜਹਾਨ[47] ਇਕ ਖੇਡ[46] ਹੀ ਹੈ ।

ਸੱਚੇ ਅਨੁਰਾਗ[49] ਨੂੰ ਆਪਣੇ ਦਿਲ ਅੰਦਰ ਪੱਕੀ ਤਰ੍ਹਾਂ[48] ਟਿਕਾ ਅਤੇ ਕੇਵਲ ਸੁਆਮੀ ਦੇ ਨਾਮ ਦਾ ਹੀ ਵਣਜ[50] ਕਰ ।

ਸਾਹਿਬ ਦੇ ਨਾਮ ਦੀ ਤਜਾਰਤ[51] ਅਨੰਤ[52] ਅਤੇ ਅਥਾਹ[53] ਹੈ । ਗੁਰਾਂ ਦੇ ਉਪਦੇਸ਼[54] ਰਾਹੀਂ ਸੁਆਮੀ ਦੇ ਨਾਮ ਦੀ ਦੌਲਤ[55] ਪਰਾਪਤ ਹੁੰਦੀ ਹੈ ।

ਤੇਰੀ ਇਹ ਘਾਲ[56], ਸਿਮਰਨ[57] ਅਤੇ ਸ਼ਰਧਾ[58] ਪ੍ਰੇਮ ਸੱਚੇ ਹੋ ਜਾਣਗੇ, ਜੇਕਰ ਤੂੰ ਸਵੈ-ਹੰਗਤਾ[60] ਨੂੰ ਆਪਣੇ ਅੰਦਰੋਂ[59] ਦੂਰ ਕਰ[61] ਦੇਵੇਂ ।

ਮੈਂ[62] ਬੁਧ-ਵਿਹੂਣ[63], ਮੂਰਖ[64], ਬੇਵਕੂਫ਼[65] ਅਤੇ ਅੰਨ੍ਹਾ[66] ਹਾਂ । ਸੱਚੇ ਗੁਰਾਂ ਨੇ ਮੈਨੂੰ ਠੀਕ ਰਸਤੇ[67] ਪਾ[68] ਦਿੱਤਾ ਹੈ ।

ਨਾਨਕ, ਗੁਰੂ-ਅਨੁਸਾਰੀ[69] ਵਾਹਿਗੁਰੂ ਦੇ ਨਾਮ[70] ਨਾਲ ਸੁਸ਼ੋਭਤ[71] ਹੋਏ ਹੋਏ ਹਨ ਅਤੇ ਦਿਨ ਰਾਤ[72] ਰੱਬ ਦਾ ਜੱਸ[73] ਗਾਇਨ[74] ਕਰਦੇ ਹਨ ।

ਆਪਿ[75] ਕਰਾਏ[76] ਕਰੇ ਆਪਿ ਜੀਉ ਆਪੇ ਸਬਦਿ[77] ਸਵਾਰੇ[78] ॥

God Himself does and Himself[75] causes others to do[76]. He Himself embellishes[78] man with His Name[77].

ਹਰੀ ਆਪੇ ਕਰਦਾ ਹੈ ਅਤੇ ਆਪੇ[75] ਹੀ ਕਰਾਉਂਦਾ[76] ਹੈ। ਉਹ ਖ਼ੁਦ ਹੀ ਬੰਦੇ ਨੂੰ ਆਪਣੇ ਨਾਮ[77] ਨਾਲ ਸ਼ਿੰਗਾਰਦਾ[78] ਹੈ।

ਆਪੇ[79] ਸਤਿਗੁਰੁ ਆਪਿ ਸਬਦੁ[80] ਜੀਉ ਜੁਗੁ[81] ਜੁਗੁ ਭਗਤ[82] ਪਿਆਰੇ[83] ॥

The Lord Himself[79] is the True Guru and Himself the Gurbani[80]. In every age[81] His Saints[82] are dear[83] to Him.

ਸਾਹਿਬ ਖ਼ੁਦ[79] ਸੱਚਾ ਗੁਰੂ ਹੈ ਅਤੇ ਖ਼ੁਦ ਹੀ ਗੁਰਬਾਣੀ[80]। ਹਰ ਯੁਗ[81] ਅੰਦਰ ਉਸ ਦੇ ਸੰਤ[82] ਉਸ ਦੇ ਲਾਡਲੇ[83] ਹਨ।

ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ[84] ਆਪੇ ਭਗਤੀ[85] ਲਾਏ[86] ॥

In every age He Himself adorns[84] His Saints, who are sweet unto Him. He Himself appoints[86] them to His devotion[85].

ਹਰ ਸਮੇਂ ਅੰਦਰ ਉਹ ਆਪਣੇ ਸੰਤਾਂ, ਜਿਹੜੇ ਉਸ ਨੂੰ ਮਿੱਠੜੇ ਲਗਦੇ ਹਨ, ਨੂੰ ਖ਼ੁਦ ਸ਼ੁਸ਼ੋਭਤ[84] ਕਰਦਾ ਹੈ। ਉਹ ਆਪ ਹੀ ਉਨ੍ਹਾਂ ਨੂੰ ਆਪਣੇ ਸਿਮਰਨ[85] ਅੰਦਰ ਜੋੜਦਾ[86] ਹੈ।

ਆਪੇ ਦਾਨਾ[87] ਆਪੇ ਬੀਨਾ[88] ਆਪੇ ਸੇਵਿ[89] ਕਰਾਏ[90] ॥

He Himself is all-wise[87]. Himself all-seeing[88]. He Himself makes man perform[90] His service[89].

ਉਹ ਆਪ ਕੁਲੀ ਸਿਆਣਾ[87], ਆਪ ਹੀ ਸਾਰਾ ਕੁਛ ਵੇਖਣਹਾਰ[88] ਹੈ। ਉਹ ਆਪ ਹੀ ਬੰਦੇ ਕੋਲੋਂ ਆਪਣੀ ਟਹਿਲ[89] ਕਰਵਾਉਂਦਾ[90] ਹੈ।

ਆਪੇ ਗੁਣ[91] ਦਾਤਾ[92] ਅਵਗੁਣ[93] ਕਾਟੇ[94] ਹਿਰਦੈ[95] ਨਾਮੁ ਵਸਾਏ[96] ॥

He Himself is the Bestower[92] of merits[91] and destroys[94] demerits[93]. He Himself causes His Name to dwell[96] in man's mind[95].

ਉਹ ਆਪ ਚੰਗਿਆਈਆਂ[91] ਦਾ ਦਾਤਾਰ[92] ਹੈ ਅਤੇ ਬਦੀਆਂ[93] ਨੂੰ ਨਸ਼ਟ[94] ਕਰਦਾ ਹੈ। ਆਪਣੇ ਨਾਮ ਨੂੰ ਉਹ ਖ਼ੁਦ ਹੀ ਬੰਦੇ ਦੇ ਚਿੱਤ[95] ਅੰਦਰ ਟਿਕਾਉਂਦਾ[96] ਹੈ।

ਨਾਨਕ ਸਦ[97] ਬਲਿਹਾਰੀ[98] ਸਚੇ ਵਿਟਹੁ[99] ਆਪੇ ਕਰੇ ਕਿਰਾਏ[100] ॥੪॥੪॥

Nanak, is ever[97], a sacrifice[98] unto[99] the True Lord, who Himself does and causes to do[100] everything.

ਨਾਨਕ ਹਮੇਸ਼ਾ[97] ਹੀ, ਸੱਚੇ ਸਾਹਿਬ ਉਤੋਂ[99] ਕੁਰਬਾਨ[98] ਜਾਂਦਾ ਹੈ, ਜੋ ਆਪ ਹੀ ਸਾਰਾ ਕੁਛ ਕਰਦਾ ਤੇ ਕਰਾਉਂਦਾ[100] ਹੈ।

ਗਉੜੀ ਮਹਲਾ ੩ ॥

Gauri 3rd Guru.

ਗਉੜੀ ਪਾਤਸ਼ਾਹੀ ਤੀਜੀ।

ਗੁਰ ਕੀ ਸੇਵਾ[4] ਕਰਿ[5] ਪਿਰਾ[2] ਜੀਉ ਹਰਿ ਨਾਮੁ ਧਿਆਏ[3] ॥

O my dear[2] soul, perform[5] thou the service[4] of the Guru and meditate[3] on God's Name.

ਹੇ ਮੇਰੇ ਪਿਆਰੇ[2] ਮਨ! ਤੂੰ ਗੁਰਾਂ ਦੀ ਘਾਲ[4] ਕਮਾ[5] ਅਤੇ ਵਾਹਿਗੁਰੂ ਦੇ ਨਾਮ ਦਾ ਆਰਾਧਨ[3] ਕਰ।

ਮੰਞਹੁ[6] ਦੂਰਿ[7] ਨ ਜਾਹਿ ਪਿਰਾ[8] ਜੀਉ ਘਰਿ[9] ਬੈਠਿਆ[10] ਹਰਿ[12] ਪਾਏ[13] ॥

O my dear[6], thou art not to get away[7] from me[8]. Receive[13] the Lord[12] whilst sitting[10] at home[9].

ਹੇ ਮੇਰੇ ਪਿਆਰੇ[6]! ਮੇਰੇ ਕੋਲੋਂ[8] ਤੂੰ ਦੂਰੇਡੇ[7] ਨਹੀਂ ਜਾਣਾ ਗ੍ਰਹਿ[9] ਵਿੱਚ ਬੈਠਾ ਹੋਇਆ[10] ਹੀ ਤੂੰ ਆਪਣੇ ਸਾਂਈ[12] ਨੂੰ ਪ੍ਰਾਪਤ[13] ਹੋ।

ਘਰਿ[14] ਬੈਠਿਆ[15] ਹਰਿ ਪਾਏ ਸਦਾ[16] ਚਿਤ[17] ਲਾਏ[18] ਸਹਜੇ[19] ਸਤਿ[20] ਸੁਭਾਏ[21] ॥

By ever[16] fixing[18] thy attention[17] on God, with instinctive[19] true[20] faith[21], thou shalt obtain Him while abiding[15] in thy home[14].

ਸੁਭਾਵਕ[19] ਹੀ ਸੱਚੀ[20] ਭਾਵਨਾ[21] ਨਾਲ, ਹਮੇਸ਼ਾ[16] ਵਾਹਿਗੁਰੂ ਨਾਲ ਆਪਣੀ ਬਿਰਤੀ[17] ਜੋੜਨ[18] ਦੁਆਰਾ ਤੂੰ ਆਪਣੇ ਧਾਮ[14] ਅੰਦਰ ਵਸਦਾ[15] ਹੋਇਆ ਹੀ ਉਸ ਨੂੰ ਪਾ ਲਵੇਂਗਾ।

ਗੁਰ ਕੀ ਸੇਵਾ[22] ਖਰੀ[23] ਸੁਖਾਲੀ[24] ਜਿਸ[26]

Guru's service[22] is greatly[23] peace bestowing[24]. He alone undertakes it,

ਗੁਰਾਂ ਦੀ ਘਾਲ[22] ਪਰਮ[23] ਆਰਾਮ-ਬਖਸ਼ਣਹਾਰ[24] ਹੈ। ਕੇਵਲ ਉਹੀ ਇਸ ਨੂੰ ਕਰਦਾ ਹੈ, ਜਿਸ ਪਾਸੋਂ[26] ਪ੍ਰਭੂ

ਨੋ ਆਪਿ[27] ਕਰਾਏ[28] ॥

whom[26] the Lord Himself[27] causes to perform[28].

ਆਪੇ[27] ਕਰਵਾਉਂਦਾ[28] ਹੈ ।

ਨਾਮੋ ਬੀਜੇ[29] ਨਾਮੋ ਜੰਮੈ[30]
ਨਾਮੋ ਮੰਨਿ[31] ਵਸਾਏ[32] ॥

Enraptured[33] by the sweet[34] worldly attachment[32*] this soul remained entangled[36] in those existences[35].

This mammon has subjugated[39], the mortals of three[37] qualities[38].
Its own love[40], it has infused[42] in every heart[41]. O friend[43], tell[44] me of some device[45],
By which[46] I may swim[47] across this arduous[48] ocean of mammon.
Nanak, mammon[54] draws not near[52] him[53], whom the Lord, showering[49] His benediction[50], unites[51] with the society of Saints.

Slok.
That[60] Lord Himself[61] causes[59] man to perform[56] good[57] and bad[58] acts[55].

The beast[62] indulges[65]in self-conceit[63] and ego[64]. Nanak, what[66] can he do[67] without God ?

Pauri
The Lord alone[68] causes the mortals to act[69].
He Himself[70] diffuses[73] sins[71] and noble deeds[72].
In this[74]age[75],man is attached to what[76] the Lord Himself[77]attaches[78]him with.
He receives[80] only that[79] what[81] God Himself[82] gives[83].
His[84] limit[85] no one knows.

ਪਉੜੀ ।
ਇਹ[28] ਆਤਮਾਂ[29] ਅਨੇਕਾਂ[30] ਰਹਿਮਾਂ[31] ਅੰਦਰ ਰਹਿ ਆਈ[32] ਹੈ ।
ਮਿੱਠੀ[34] ਸੰਸਾਰੀ ਲਗਨ[32*] ਦੀ ਮਸਤ[33] ਕੀਤੀ ਹੋਈ ਇਹ ਆਤਮਾਂ ਉਨ੍ਹਾਂ ਜੂਨੀਆਂ[35] ਅੰਦਰ ਫਾਥੀ[36] ਰਹੀ ।

ਇਸ ਮੋਹਨੀ ਨੇ ਤਿੰਨਾਂ[37] ਲਛਣਾਂ[38] ਵਾਲੇ ਪ੍ਰਾਣੀਆਂ ਨੂੰ ਕਾਬੂ[39] ਕੀਤਾ ਹੋਇਆ ਹੈ ।
ਆਪਣੀ ਮੁਹੱਬਤ[40] ਇਸ ਨੇ ਹਰ ਦਿਲ[41] ਅੰਦਰ ਪਾਈ[42] ਹੋਈ ਹੈ । ਹੇ ਮਿੱਤ੍ਰ[43] ! ਮੈਨੂੰ ਕੋਈ ਤਰਕੀਬ[45] ਦੱਸ[44],
ਜਿਸ ਦੁਆਰਾ[46] ਮੈਂ ਮੋਹਨੀ ਦੇ ਇਸ ਕਠਨ[48] ਸਮੁੰਦਰ ਤੋਂ ਪਾਰ[47] ਹੋ ਜਾਵਾਂ ।
ਨਾਨਕ, ਮਾਇਆ[54] ਉਸ[53] ਦੇ ਨੇੜੇ[52] ਨਹੀਂ ਲਗਦੀ, ਜਿਸ ਨੂੰ ਸੁਆਮੀ, ਆਪਣੀ ਮਿਹਰ[50] ਧਾਰ[49] ਕੇ, ਸਤਿ-ਸੰਗਤ ਨਾਲ ਜੋੜਦਾ[51] ਹੈ ।

ਸਲੋਕ ।
ਉਹ[60] ਸਾਹਿਬ ਖ਼ੁਦ[61] ਬੰਦੇ ਪਾਸੋਂ ਚੰਗੇ[57] ਤੇ ਮੰਦੇ[58] ਕਰਮਾਂ[55] ਦੇ ਅਮਲ[56] ਕਰਵਾਉਂਦਾ[59] ਹੈ ।

ਡੰਗਰ[62] ਸਵੈ-ਹੰਗਤਾ[63] ਤੇ ਗ਼ਰੂਰ[64] ਅੰਦਰ ਵਿਚਰਦਾ[65] ਹੈ । ਨਾਨਕ, ਵਾਹਿਗੁਰੂ ਦੇ ਬਗ਼ੈਰ ਉਹ ਕੀ[66] ਕਰ[67] ਸਕਦਾ ਹੈ ?

ਪਉੜੀ ।
ਕੇਵਲ ਪ੍ਰਭੂ[68] ਹੀ ਪ੍ਰਾਣੀਆਂ ਪਾਸੋਂ ਕਾਰਜ ਕਰਵਾਉਂਦਾ[69] ਹੈ ।
ਉਹ ਆਪੇ[70] ਹੀ ਬਦੀਆਂ[71] ਤੇ ਨੇਕੀਆਂ[72] ਫੈਲਾਉਂਦਾ[73] ਹੈ ।
ਇਸ[74] ਯੁਗ[75] ਅੰਦਰ ਆਦਮੀ ਉਸ ਨਾਲ ਜੁੜਦਾ ਹੈ, ਜਿਸ[76] ਨਾਲ ਖ਼ੁਦ[77] ਸੁਆਮੀ ਉਸ ਨੂੰ ਜੋੜਦਾ[78] ਹੈ ।
ਉਹ ਉਹੀ ਕੁਛ[79] ਪਾਉਂਦਾ[80] ਹੈ, ਜਿਹੜਾ ਕੁਛ[81] ਹਰੀ ਆਪੇ[82] ਦਿੰਦਾ[83] ਹੈ ।
ਉਸ ਦਾ[84] ਓੜਕ[85] ਕੋਈ ਨਹੀਂ ਜਾਣਦਾ ।

ਜੋ[86] ਜੋ ਕਰੈ ਸੋਊ[87] ਫੁਨਿ ਹੋਊ[89] ॥
ਏਕਹਿ[90] ਤੇ[91] ਸਗਲਾ[92] ਬਿਸਥਾਰਾ[93] ॥
ਨਾਨਕ ਆਪਿ[94] ਸਵਾਰਨਹਾਰਾ[95] ॥੮॥

Whatever[86] the Lord does, that[87], ultimately[88], comes to pass[89].
From[91] One alone[90] is the entire[92] expanse[93].
Nanak, the Lord Himself[94] is the Reformer[95].

ਜਿਹੜਾ ਕੁਛ[86] ਸੁਆਮੀ ਕਰਦਾ ਹੈ, ਆਖ਼ਰਕਾਰ[88] ਉਹੀ[87] ਹੁੰਦਾ[89] ਹੈ।
ਕੇਵਲ[90] ਇਕ ਤੋਂ[91] ਹੀ ਸਾਰਾ[92] ਖਿਲਾਰਾ[93] ਹੋਇਆ ਹੈ।
ਨਾਨਕ, ਸਾਂਈ ਖ਼ੁਦ[94] ਹੀ ਸੁਧਰਨਹਾਰ[95] ਹੈ।

ਸਲੋਕੁ ॥

Slok.

ਸਲੋਕ।

ਰਾਚਿ[96] ਰਹੇ ਬਨਿਤਾ[97] ਬਿਨੋਦ[98] ਕੁਸਮ[99] ਰੰਗ[100] ਬਿਖ[2] ਸੋਰ[3] ॥

Man remains engrossed[96] in women[97] and playful merriments[98] and the tumult[3] of passions[2] is like the dye[100] of Saf-flower[99].

ਇਨਸਾਨ ਤ੍ਰੀਮਤਾਂ[97] ਅਤੇ ਅਨੰਦ-ਦਾਇਕ[98] ਖੇਡਾਂ ਅੰਦਰ ਗ਼ਲਤਾਨ[96] ਰਹਿੰਦਾ ਹੈ। ਵਿਸ਼ਿਆਂ[2] ਦਾ ਸ਼ੋਰ-ਸ਼ਰਾਬਾ[3] ਕਸੁੰਭੇ ਦੇ ਫੁੱਲ[99] ਦੀ ਭਾਅ[100] ਵਰਗਾ ਹੈ।

ਨਾਨਕ ਤਿਹ[4] ਸਰਨੀ[5] ਪਰਉ[6] ਬਿਨਸਿ[7] ਜਾਇ[8] ਮੈ ਮੋਰ[9] ॥੧॥

Nanak, take[6] His[4] protection[5] and thy self-conceit[8] and self-hood[9] shall depart[7].

ਨਾਨਕ ਉਸ ਦੀ[4] ਪਨਾਹ[5] ਲੈ[6] ਅਤੇ ਤੇਰੀ ਸਵੈ-ਹੰਕਤਾ[8] ਤੇ ਅਪਣੱਤ[9] ਦੂਰ[7] ਹੋ ਜਾਣਗੇ।

੨੫੨

ਪਉੜੀ ॥

252

Pauri

੨੫੨

ਪਉੜੀ।

ਰੇ[10] ਮਨ ਬਿਨੁ[12] ਹਰ ਜਹ[13] ਰਚਹੁ[14] ਤਹ[15] ਤਹ ਬੰਧਨ[16] ਪਾਹਿ[17] ॥

O[10] my soul, without[12] God, in what-so-ever[13] thou engage[14], there[15] art thou loaded[17] with chains[16].

ਹੇ[10] ਮੇਰੀ ਜਿੰਦੇ! ਰੱਬ ਦੇ ਬਗ਼ੈਰ[12] ਜਿਸ ਕਾਸੇ[13] ਵਿਚ ਭੀ ਤੂੰ ਪਰਵਿਰਤ[14] ਹੁੰਦੀ ਹੈਂ, ਉਥੇ ਹੀ[15] ਤੈਨੂੰ ਜ਼ੰਜੀਰਾਂ[16] ਪੈਂਦੀਆਂ[17] ਹਨ।

ਜਿਹ ਬਿਧਿ[18] ਕਤਹੂ[19] ਨ ਛੂਟੀਐ[20] ਸਾਕਤ[21] ਤੇਊ[22] ਕਮਾਹਿ[23] ॥

The mammon-worshipper[21] does[23] the very[22] deeds by means[18] of which, he cannot, in any way[19] secure release[20].

ਮਾਇਆ ਦਾ ਉਪਾਸ਼ਕ[21] ਐਨ ਉਹੀ[22] ਕੰਮ ਕਰਦਾ[23] ਹੈ, ਜਿਨ੍ਹਾਂ ਦੁਆਰਾ[18] ਉਸ ਦੀ ਕਦਾਚਿੱਤ[19] ਖ਼ਲਾਸੀ[20] ਨਹੀਂ ਹੋ ਸਕਦੀ।

ਹਉ[24] ਹਉ ਕਰਤੇ[25] ਕਰਮ[26] ਰਤ[27] ਤਾਕੋ[28] ਭਾਰੁ[29] ਅਫਾਰ[30] ॥

The lovers[27] of rituals[26], who practise[25] pride[24], they[28] bear an unendurable[30] load[29].

ਕਰਮ ਕਾਂਡਾਂ[26] ਦੇ ਆਸ਼ਕ[27] ਜੋ ਹੰਕਾਰ[24] ਕਰਦੇ[25] ਹਨ, ਉਹ[28] ਅਸਹਿ[30] ਬੋਝ[29] ਬਰਦਾਸ਼ਤ ਕਰਦੇ ਹਨ।

ਪ੍ਰੀਤਿ[31] ਨਹੀ ਜਉ[32] ਨਾਮ ਸਿਉ[33] ਤਉ[34] ਏਊ[35] ਕਰਮ ਬਿਕਾਰ[36] ॥

When[32] there is no love[31] with[33] God's Name, then[34], these[35] rituals are sinful[36].

ਜਦ[32] ਰੱਬ ਦੇ ਨਾਮ ਨਾਲ[33] ਪਿਰਹੜੀ[31] ਨਹੀਂ, ਤਦ[34] ਇਹ[35] ਕਰਮ ਕਾਂਡ ਪਾਪ ਭਰੇ[36] ਹਨ।

ਬਾਧੇ[37] ਜਮ[38] ਕੀ ਜੇਵਰੀ[39] ਮੀਠੀ[40] ਮਾਇਆ[41] ਰੰਗ[42] ॥

They who are in love[42] with the sweet[40] worldly valuables[41], are bound[37] with death's[38] rope[39].

ਜੋ ਮਿੱਠੇ[40] ਸੰਸਾਰੀ ਪਦਾਰਥਾਂ[41] ਨੂੰ ਪ੍ਰੀਤ[42] ਕਰਦੇ ਹਨ, ਉਹ ਮੌਤ[38] ਦੇ ਰੱਸੇ[39] ਨਾਲ ਜਕੜੇ[37] ਹੋਏ ਹਨ।

ਭ੍ਰਮ[43] ਕੇ ਮੋਰੇ[44] ਨਹ ਬੂਝਹਿ[45] ਸੋ[46] ਪ੍ਰਭੁ ਸਦਹੂ[47] ਸੰਗ[48] ॥

Deluded[44] by doubt[43], they understand[45] not, that the[46] Lord is, ever[47], with[48] them.

ਵਹਿਮ[43] ਦੇ ਬਹਿਕਾਏ[44] ਹੋਏ, ਉਹ ਸਮਝਦੇ[45] ਨਹੀਂ ਕਿ ਉਹ[46] ਠਾਕੁਰ, ਹਮੇਸ਼ਾਂ[47] ਹੀ ਉਨ੍ਹਾਂ ਦੇ ਨਾਲ[48] ਹੈ।

ਲੇਖੈ[49] ਗਣਤ[50]ਨ ਛੂਟੀਐ[51]
ਕਾਚੀ[52] ਭੀਤਿ[53]ਨ ਸੁਧਿ[54]॥

They shall not be acquitted[51], when their accounts[49] are gone into[50]. The mud[52] wall[53] can never be neat and tidy[54].

ਜਦ ਉਨ੍ਹਾਂ ਦਾ ਲੇਖਾ[49] ਪੱਤਾ ਗਿਣਿਆ[50] ਗਿਆ, ਉਨ੍ਹਾਂ ਨੇ ਬਰੀ[51] ਨਹੀਂ ਹੋਣਾ। ਕੱਚੀ[52] ਕੰਧ[53] ਕਦਾਚਿੱਤ ਸਾਫ਼ ਸੁਥਰੀ[54] ਨਹੀਂ ਹੋ ਸਕਦੀ।

ਜਿਸਹਿ[58] ਬੁਝਾਏ[55] ਨਾਨਕਾ
ਤਿਹ[56] ਗੁਰਮੁਖਿ[57]
ਨਿਰਮਲ[59] ਬੁਧਿ[60] ॥੯॥

He[56], whom[58] God imparts understanding[55] through the Guru[57], O Nanak, acquires immaculate[59] understanding[60].

ਜਿਸ[58] ਨੂੰ ਵਾਹਿਗੁਰੂ ਸਮਝ ਪ੍ਰਦਾਨ[55] ਕਰਦਾ ਹੈ, ਗੁਰਾਂ ਦੇ ਰਾਹੀਂ[57], ਹੇ ਨਾਨਕ! ਉਹ[56] ਪਵਿੱਤਰ[59] ਸੋਚ ਵਿਚਾਰ[60] ਨੂੰ ਪ੍ਰਾਪਤ ਹੋ ਜਾਂਦਾ ਹੈ।

ਸਲੋਕੁ ॥

Slok

ਸਲੋਕ।

ਟੂਟੇ[61] ਬੰਧਨ[62] ਜਾਸੁ[63] ਕੇ
ਹੋਆ[64] ਸਾਧੂ ਸੰਗੁ[65] ॥
ਜੋ ਰਾਤੇ[66] ਰੰਗ[67] ਏਕ[68] ਕੈ
ਨਾਨਕ ਗੂੜਾ[69] ਰੰਗੁ[70]॥੧॥

He, whose[63] fetters[62] are cut off[61], meets[64] the Society of Saints[65].
They, who are imbued[66] with the love[67] of One Lord[68], have a fast deep[69] colour[70].

ਜਿਸ ਦੀਆਂ[63] ਬੇੜੀਆਂ[62] ਕਟੀਆਂ ਗਈਆਂ[61] ਹਨ, ਉਹ ਸਤਿਸੰਗਤ[65] ਨਾਲ ਜੁੜਦਾ[64] ਹੈ।
ਜੋ ਇਕ ਸੁਆਮੀ[68] ਦੀ ਪ੍ਰੀਤ[67] ਨਾਲ ਰੰਗੀਜੇ[66] ਹਨ, ਉਨ੍ਹਾਂ ਦੀ ਪੱਕੀ ਤੇ ਸਘਨ[69] ਰੰਗਤ[70] ਹੁੰਦੀ ਹੈ।

ਪਉੜੀ ॥

Pauri.

ਪਉੜੀ।

ਰਾਰਾ ਰੰਗਹੁ[71] ਇਆ[72]
ਮਨੁ[73] ਅਪਨਾ ॥
ਹਰਿ[74] ਹਰਿ ਨਾਮੁ ਜਪਹੁ[75]
ਜਪੁ ਰਸਨਾ[76] ॥
ਰੇ[77] ਰੇ ਦਰਗਹ[78] ਕਹੈ[79]
ਨ ਕੋਊ ॥
ਆਉ ਬੈਠੁ ਆਦਰੁ[80] ਸੁਭ
ਦੇਊ ॥
ਉਆ[81] ਮਹਲੀ[82] ਪਾਵਹਿ
ਤੂ ਬਾਸਾ[83] ॥
ਜਨਮ[84] ਮਰਨ[85] ਨਹ ਹੋਇ
ਬਿਨਾਸਾ[86] ॥
ਮਸਤਕਿ[87] ਕਰਮੁ[88]ਲਿਖਿਓ
ਧੁਰਿ[89] ਜਾਕੈ ॥ ਹਰਿ ਸੰਪੈ[90]
ਨਾਨਕਘਰਿ[91]ਤਾਕੈ[92]॥੧੦॥

R: Dye[71] this[72] heart[73] of thine with Lord's love.
Lord God's[74] Name, repeat[75] thou again and again, with tongue[76].
None shall address[79] thee rudely[77] in God's Court[78].
All shall welcome[80] thee saying "Come, sit down".
In that[81] mansion[82] of the Lord, thou shalt obtain a dwelling[83].
There is no birth[84], death[85] and destruction[86] there.
God's wealth[90] is in the house[91] of him[92], O Nanak, on whose brow[87] good destiny[88] is pre-recorded[89].

ਰ–ਇਸ[72] ਆਪਣੇ ਦਿਲ[73] ਨੂੰ ਪ੍ਰਭੂ ਦੀ ਪ੍ਰੀਤ ਨਾਲ ਰੰਗ[71]।
ਵਾਹਿਗੁਰੂ ਸੁਆਮੀ[74] ਦੇ ਨਾਮ ਨੂੰ ਤੂੰ ਆਪਣੀ ਜੀਭਾ[76] ਨਾਲ ਬਾਰੰਬਾਰ ਉਚਾਰਨ[75] ਕਰ।
ਰੱਬ ਦੇ ਦਰਬਾਰ[78] ਅੰਦਰ ਤੈਨੂੰ ਕੋਈ ਨਿਰਾਦਰੀ[77] ਨਾਲ ਨਹੀਂ ਬੁਲਾਏਗਾ[79]।
ਸਾਰੇ ਇਹ ਆਖ ਕੇ ਤੇਰੀ ਆਓ-ਭਗਤ[80] ਕਰਨਗੇ, "ਆਓ ਜੀ, ਬੈਠੋ"।
ਸਾਂਈ ਦੇ ਉਸ[81] ਮੰਦਰ[82] ਅੰਦਰ ਤੈਨੂੰ ਵਸੇਬਾ[83] ਮਿਲੇਗਾ।
ਉਥੇ ਕੋਈ ਪੈਦਾਇਸ਼[84], ਮੌਤ[85] ਅਤੇ ਬਰਬਾਦੀ[86] ਨਹੀਂ।
ਰੱਬ ਦਾ ਧਨ[90] ਉਸ[92] ਦੇ ਗ੍ਰਹਿ[91] ਵਿਚ ਹੈ, ਹੇ ਨਾਨਕ! ਜਿਸ ਦੇ ਮੱਥੇ[87] ਉਤੇ ਚੰਗੇ ਭਾਗ[88] ਮੁੱਢ ਤੋਂ ਲਿਖੇ[89] ਹੋਏ ਹਨ।

ਸਲੋਕੁ ॥

Slok

ਸਲੋਕ।

ਲਾਲਚ[93] ਝੂਠ[94] ਬਿਕਾਰ[95]
ਮੋਹ[96] ਬਿਆਪਤ[97] ਮੂੜੇ[98]
ਅੰਧ[99] ॥

Avarice[93], falsehood[94], sin[95] and worldly love[96] overtake[97] the blind-folded[99] fool[98].

ਲੋਭ[93], ਕੂੜ[94], ਪਾਪ[95] ਅਤੇ ਸੰਸਾਰੀ ਮਮਤਾ[96], ਅੰਨ੍ਹੇ[99] ਮੂਰਖ[98] ਨੂੰ ਆ ਚਿਮੜਦੇ[97] ਹਨ।

ਲਾਗਿ[100] ਪਰੇ[2] ਦੁਰਗੰਧ[3] ਸਿਉ ਨਾਨਕ ਮਾਇਆ[4] ਬੰਧ[5] ॥੧॥

Bound[5] down by mammon[4], they are[100] clung to an offensive[2] smell[3].

ਮੋਹਨੀ[4] ਦੇ ਨਰੜੇ[5] ਹੋਏ ਉਹ ਮੰਦੀ[2] ਵਾਸ਼ਨਾ[3] ਨੂੰ ਚਿਮੜੇ[100] ਹੋਏ ਹਨ ।

ਪਉੜੀ ॥

Pauri.

ਪਉੜੀ ।

ਲਲਾ ਲਪਟਿ[6] ਬਿਖੇ[7] ਰਸ[8] ਰਾਤੇ[9] ॥

L: The men are entangled[6] and tinctured[9] with sinful[7] pleasures[8].

ਲ–ਇਨਸਾਨ ਪਾਪ ਭਰੀਆ[7] ਮੌਜਾ[8] ਅੰਦਰ ਫਾਥੇ[6] ਅਤੇ ਰੰਗੇ[9] ਹੋਏ ਹਨ ।

[10]ਅਹੰਬੁਧਿ[12] ਮਾਇਆ[13] ਮਦ[14] ਮਾਤੇ[15] ॥

They are intoxicated[15] with the wine[14] of haughty[10] intellect[12] and wealth[13].

ਉਹ ਅਹੰਕਾਰ-ਮਤੀ[10] ਅਕਲ[12] ਅਤੇ ਧਨ-ਦੌਲਤ[13] ਦੀ ਸ਼ਰਾਬ[14] ਨਾਲ ਗੁੱਟ[15] ਹੋਏ ਹੋਏ ਹਨ ।

ਇਆ[16] ਮਾਇਆ[17] ਮਹਿ[18] ਜਨਮਹਿ[19] ਮਰਨਾ[20] ॥

In[18] this[16] mammon[17], the mortal continues coming[19] and going[20].

ਇਸ[16] ਮੋਹਨੀ[17] ਅੰਦਰ[18] ਪ੍ਰਾਣੀ ਆਉਂਦਾ[19] ਅਤੇ ਜਾਂਦਾ[20] ਰਹਿੰਦਾ ਹੈ ।

ਜਿਉ[21] ਜਿਉ[22] ਹੁਕਮੁ ਤਿਵੈ ਤਿਉ[23] ਕਰਨਾ[24] ॥

As[21] is the Lord's order[22], so[23] do men do[24].

ਜਿਸ[21] ਜਿਸ ਤਰ੍ਹਾਂ ਸਾਂਈ ਦੀ ਆਗਿਆ[22] ਹੈ, ਉਸੇ[23] ਤਰ੍ਹਾਂ ਹੀ ਬੰਦੇ ਕਰਦੇ[24] ਹਨ ।

ਕੋਉ ਊਨ[25]ਨ ਕੋਉ ਪੂਰਾ[26]॥

No one is imperfect[25] and no one perfect[26]

ਕੋਈ ਨਾ-ਮੁਕੰਮਲ[25] ਨਹੀਂ ਅਤੇ ਕੋਈ ਮੁਕੰਮਲ[26] ਨਹੀਂ ।

ਕੋਉ ਸੁਘਰੁ[27] ਨ ਕੋਉ ਮੂਰਾ[28] ॥ ਜਿਤੂ[29] ਜਿਤੂ ਲਾਵਹੁ[30] ਤਿਤੂ ਤਿਤੂ[31] ਲਗਨਾ ॥

By himself none is wise[27] and none foolish[28]. Where-so-ever[29] Thou engagest[30] man, there[31] he gets engaged.

ਆਪਣੇ ਆਪ ਨਾ ਕੋਈ ਸਿਆਣਾ[27] ਹੈ ਤੇ ਨਾ ਹੀ ਕੋਈ ਮੂਰਖ[28] । ਜਿਥੇ ਕਿਤੇ[29] ਭੀ ਤੂੰ ਬੰਦੇ ਨੂੰ ਜੋੜਦਾ[30] ਹੈਂ, ਉਥੇ[31] ਉਹ ਜੁੜ ਜਾਂਦਾ ਹੈ ।

ਨਾਨਕ ਠਾਕੁਰ ਸਦਾ[32] ਅਲਿਪਨਾ[33] ॥੧੧॥

Nanak, the Lord, ever[32], remains detached[33].

ਨਾਨਕ ਪ੍ਰਭੂ, ਹਮੇਸ਼ਾ[32] ਅਟੰਕ[33] ਰਹਿੰਦਾ ਹੈ ।

ਸਲੋਕੁ ॥

Slok.

ਸਲੋਕ ।

ਲਾਲ[34] [35]ਗੁਪਾਲ[36] [37]ਗੋਬਿੰਦ[38] ਪ੍ਰਭ[39] ਗਹਿਰ[40] ਗੰਭੀਰ[41] ਅਥਾਹ[42] ॥

My Beloved[34] Master[35], the World[36] Cherisher[36] and the Preserver[38] of universe[37], is deep[40], fortitudinous[41] and unfathomable[42].

ਸ੍ਰਿਸ਼ਟੀ[36] ਦਾ ਪਾਲਣਹਾਰ[36] ਅਤੇ ਆਲਮ[37] ਦਾ ਰੱਖਿਅਕ[38] ਮੇਰਾ ਪ੍ਰੀਤਮ[34], ਮਾਲਕ[35], ਡੂੰਘਾ[40], ਧੀਰਜਵਾਨ[41] ਅਤੇ ਬੇਓੜਕ[42] ਹੈ ।

ਦੂਸਰ ਨਾਹੀ ਅਵਰ[43] ਕੋ ਨਾਨਕ ਬੇਪਰਵਾਹ[44*] ॥੧॥

There is no other[43] like Him.Nanak, He is altogether unconcerned[44*].

ਹੋਰ[43] ਕੋਈ ਦੂਜਾ ਉਸ ਦੀ ਮਾਨਿੰਦੇ ਨਹੀਂ । ਨਾਨਕ ਉਹ ਬਿਲਕੁਲ ਬੇਮੁਥਾਜ[44*] ਹੈ ।

ਪਉੜੀ ॥

Pauri

ਪਉੜੀ ।

ਲਲਾ ਤਾਕੈ[44]ਲਵੈ[45]ਨ ਕੋਉ॥

L : There is none equal[45] to Him[44].

ਲ–ਉਸ[44] ਦੇ ਬਰਾਬਰ[45] ਹੋਰ ਕੋਈ ਨਹੀਂ ।

ਏਕਹਿ[46] ਆਪਿ ਅਵਰ[47] ਨਹ ਹੋਉ ॥

He is but One[46], there shall not be another[47].

ਉਹ ਕੇਵਲ ਇਕ[46] ਹੈ, ਹੋਰ ਕੋਈ[47] ਹੋਵੇਗਾ ਹੀ ਨਹੀਂ ।

ਹੋਵਨਹਾਰੁ[48] ਹੋਤ[49] ਸਦ[50] ਆਇਆ[51] ॥

He is now[48], He shall be[49], and He, ever[50], has been[51].

ਉਹ ਹੁਣ[48] ਹੈ, ਉਹ ਹੋਵੇਗਾ[49] ਤੇ ਹਮੇਸ਼ਾ[50] ਹੁੰਦਾ ਆਇਆ[51] ਹੈ ।

ਉਆ[52] ਕਾ ਅੰਤੁ[53] ਨ ਕਾਹੂ ਪਾਇਆ ॥

His[52] limit[53], none has ever found.

ਉਸ ਦਾ[52] ਓੜਕ[53], ਕਦੇ ਕਿਸੇ ਨੂੰ ਨਹੀਂ ਲੱਭਾ ।

ਕੀਟ[54] ਹਸਤਿ[55] ਮਹਿ[56] ਪੂਰ[57] ਸਮਾਨੇ[58] ॥
ਪ੍ਰਗਟ[59] ਪੁਰਖ[60] ਸਭ[61] ਠਾਉ ਜਾਨੇ[62] ॥
ਜਾਕਉ[62*] ਦੀਨੋ[63] ਹਰਿ ਰਸੁ[64] ਅਪਨਾ ॥ ਨਾਨਕ ਗੁਰਮੁਖਿ[70] ਹਰਿ[71] ਹਰਿ ਤਿਹ[72] ਜਪਨਾ[73] ॥੧੨॥

In[56] an ant[54] and an elephant[55], He is fully[57] contained[58].
The renowned[59] Lord[60] is known[62] everywhere[61].
He[72], to whom[62*] God has given[63] His love[64], repeats[73] Lord Master's[71] Name, O Nanak, through the Lord[70].

ਇਕ ਕੀੜੀ[54] ਤੇ ਇਕ ਹਾਥੀ[55] ਵਿੱਚ[56] ਉਹ ਪੂਰੀ ਤਰ੍ਹਾਂ[57] ਰਮਿਆ ਹੋਇਆ[58] ਹੈ।
ਕੀਰਤੀਮਾਨ[59] ਪ੍ਰਭੂ[60] ਹਰ ਥਾਂ[61] ਉੱਘਾ[62] ਹੈ।
ਜਿਸ ਨੂੰ[62*] ਰੱਬ ਨੇ ਆਪਣੀ ਪ੍ਰੀਤ[64] ਬਖਸ਼ੀ[63] ਹੈ, ਉਹ[72], ਹੇ ਨਾਨਕ, ਗੁਰਾਂ ਦੇ ਰਾਹੀਂ[70] ਸੁਆਮੀ ਮਾਲਕ[71] ਦਾ ਨਾਮ ਉਚਾਰਦਾ[73] ਹੈ।

ਸਲੋਕੁ ॥

Slok.

ਸਲੋਕ।

ਆਤਮ[74] ਰਸੁ[75] ਜਿਹ ਜਾਨਿਆ[76] ਹਰਿ ਰੰਗ[77] ਸਹਜੇ[78] ਮਾਣੁ[79] ॥
ਨਾਨਕ ਧਨਿ[80] ਧਨਿ ਧੰਨਿ ਜਨ[81] ਆਏ[82] ਤੇ[83] ਪਰਵਾਣੁ[84] ॥੧॥

He who knows[76] the relish of Lord's[74] elixir[75], naturally[78], enjoys[79] God's love[77],
Blessed[80], blessed, blessed are the Lord's slaves[81] and acceptable[84] is their[83] advent[82] in this world, O Nanak.

ਜੋ ਸਾਹਿਬ[74] ਦੇ ਅੰਮ੍ਰਿਤ[75] ਦੇ ਸੁਆਦ ਨੂੰ ਜਾਣਦਾ[76] ਹੈ, ਉਹ ਸੁਭਾਵਕ[78] ਹੀ ਪ੍ਰਭੂ ਦੀ ਪ੍ਰੀਤ[77] ਦਾ ਅਨੰਦ[79] ਲੈਂਦਾ ਹੈ।
ਮੁਬਾਰਕ[80], ਮੁਬਾਰਕ, ਮੁਬਾਰਕ ਹਨ ਸਾਹਿਬ ਦੇ ਗੁਮਾਸ਼ਤੇ[81] ਤੇ ਮਕਬੂਲ[84] ਹੈ ਉਨ੍ਹਾਂ[83] ਦਾ ਆਗਮਨ[82] ਇਸ ਜਹਾਨ ਅੰਦਰ, ਹੇ ਨਾਨਕ !

ਪਉੜੀ ॥

Pauri.

ਪਉੜੀ।

ਆਇਆ[85] ਸਫਲੁ[86] ਤਾਹੂ[87] ਕੋ ਗਨੀਐ[88] ॥ ਜਾਸੁ ਰਸਨ[89] ਹਰਿ ਹਰਿ ਜਸੁ[90] ਭਨੀਐ[91] ॥
ਆਇ ਬਸਹਿ[92] ਸਾਧ ਕੈ ਸੰਗੇ[93] ॥ ਅਨ[94] ਦਿਨੁ ਨਾਮੁ ਧਿਆਵਹਿ[95] ਰੰਗੇ[96] ॥
ਆਵਤ[97] ਸੋ[98] ਜਨੁ[99] ਨਾਮਹਿ ਰਾਤਾ[100] ॥ ਜਾਕਉ[2] ਦਇਆ[3] ਮਇਆ[4] ਬਿਧਾਤਾ[5] ॥

Count[88] as profitable[86] the advent[85] of him[87], whose tongue[89] celebrates[91] Lord God's praise[90].
He comes and associates[92] with[93] the Saints and night[94] and day repeats[95] the Name with love[96].
Fruitful is the birth[97] of that[98] man[99] who is imbued[100] with God's Name and on whom[2] is the mercy[3] and grace[4] of God, the Destiny Maker[5].

ਉਸ[87] ਦਾ ਆਗਮਨ[85] ਲਾਭਦਾਇਕ[86] ਗਿਣਿਆ[88] ਜਾਂਦਾ ਹੈ, ਜਿਸ ਦੀ ਜੀਭ[89] ਵਾਹਿਗੁਰੂ ਸੁਆਮੀ ਦੀ ਕੀਰਤੀ[90] ਗਾਉਂਦੀ[91] ਹੈ।
ਉਹ ਆ ਕੇ ਸੰਤਾਂ ਨਾਲ[93] ਮੇਲ-ਮਿਲਾਪ[92] ਕਰਦਾ ਹੈ ਅਤੇ ਰਾਤ[94] ਦਿਨ, ਪਿਆਰ[96] ਨਾਲ, ਨਾਮ ਦਾ ਜਾਪ[95] ਕਰਦਾ ਹੈ।
ਸਫਲ ਹੈ ਉਸ[98] ਇਨਸਾਨ[99] ਦਾ ਜਨਮ[97] ਜਿਹੜਾ ਰੱਬ ਦੇ ਨਾਮ ਨਾਲ ਰੰਗਿਆ[100] ਹੋਇਆ ਹੈ, ਅਤੇ ਜਿਸ[2] ਉਤੇ ਕਿਸਮਤ ਦੇ ਲਿਖਾਰੀ[5], ਵਾਹਿਗੁਰੂ, ਦੀ ਮਿਹਰ[3] ਅਤੇ ਰਹਿਮਤ[4] ਹੈ।

ਏਕਹਿ[6] ਆਵਨ[7] ਫਿਰਿ[8] ਜੋਨਿ[9] ਨ ਆਇਆ ॥
ਨਾਨਕ ਹਰਿ ਕੈ ਦਰਸਿ[10] ਸਮਾਇਆ[12] ॥੧੩॥

He is born[7] but once[6] and enters not womb[9] again[8].
Nanak, he merges[12] into the sight[10] of God.

ਉਹ ਕੇਵਲ ਇਕ ਵਾਰੀ[6] ਹੀ ਪੈਦਾ[7] ਹੋਇਆ ਹੈ, ਤੇ ਮੁੜ ਕੇ[8] ਜੂਨੀ[9] ਵਿੱਚ ਨਹੀਂ ਪੈਂਦਾ।
ਨਾਨਕ ਉਹ ਵਾਹਿਗੁਰੂ ਦੇ ਦੀਦਾਰ[10] ਅੰਦਰ ਲੀਨ[12] ਹੋ ਜਾਂਦਾ ਹੈ।

ਸਲੋਕੁ ॥

Slok.

ਸਲੋਕ।

ਯਾਸੁ[13] ਜਪਤ[14] ਮਨਿ[15] ਹੋਇ ਅਨੰਦੁ[16] ਬਿਨਸੈ[17] ਦੂਜਾ[18] ਭਾਉ[19] ॥ ਦੂਖ[20] ਦਰਦ[21]

Nanak, be absorbed[24] in the Name, by repeating[14] which[13], the soul[15] becomes happy[16], love[19] of another[18]

ਨਾਨਕ ਨਾਮ ਵਿੱਚ ਲੀਨ[24] ਹੋ ਜਾ ਜਿਸ[13] ਦੇ ਉਚਾਰਨ[14] ਕਰਨ ਦੁਆਰਾ ਜ਼ਿੰਦਗੀ[15] ਪਰਸੰਨ[16] ਹੋ ਜਾਂਦੀ ਹੈ, ਹੋਰਸ[18] ਦਾ ਪਿਆਰ[19] ਮਿਟ[17] ਜਾਂਦਾ ਹੈ ਅਤੇ ਪੀੜ[20], ਕਲੇਸ਼[21]

ਤ੍ਰਿਸਨਾ[22] ਬੂਝੈ[23] ਨਾਨਕ ਨਾਮਿ ਸਮਾਉ[24] ॥੧॥

is effaced[17] and there is an end[23] to pain[20], distress[21] and earthly desires[22].

ਤੇ ਸੰਸਾਰੀ ਖ਼ਾਹਿਸ਼ਾਂ[22] ਮੁੱਕ[23] ਜਾਂਦੀਆਂ ਹਨ

੨੫੩

ਪਉੜੀ ॥

ਯਯਾ ਜਾਰਉ[25] [26]ਦੂਰਮਤਿ[27] ਦੋਊ[28] ॥ ਤਿਸਹਿ[29]ਤਿਆਗਿ[30] ਸੁਖ[31] ਸਹਜੇ[32] ਸੋਊ[33] ॥

ਯਯਾਜਾਇ[33*] ਪਰਹੁ[34] ਸੰਤ ਸਰਨਾ[35]॥ ਜਿਹ[36] ਆਸਰ[37] ਇਆ[38] [39]ਭਵਜਲੁ[40] ਤਰਨਾ[41] ॥

ਯਯਾ ਜਨਮਿ[42] ਨ ਆਵੈ ਸੋਊ[43] ॥ ਏਕ ਨਾਮ[44] ਲੇ ਮਨਹਿ[45] ਪਰੋਊ[46] ॥

ਯਯਾ ਜਨਮੁ[47] ਨ ਹਾਰੀਐ[48] ਗੁਰ ਪੂਰੇ[49] ਕੀ ਟੇਕ[50] ॥

ਨਾਨਕ ਤਿਹ[51] ਸੁਖੁ[52] ਪਾਇਆ ਜਾਕੈ ਹੀਅਰੈ[53] ਏਕ[54] ॥੧੪॥

253

Pauri

Y: Burn[25] thou thy evil[26]-intellect[27] and duality[28].

Relinquish[30] them[29] and sleep[33] in peace[31] and equipoise[32].

Y: Go[33*] and seek[34] Saints sanctuary[35] by whose[36] help[37], thou shalt cross[41], this[38] terrible[39] world-ocean[40].

Y: He[43] who takes[44] the One Name and strings[46] to his heart[45], is not born[42] again.

Y: Through the support[50] of the Perfect[49] Guru, thou shalt not lose[48] thy human birth[47].

Nanak, he[51] within whose heart[53], there is but One[54] Lord, obtains peace[52].

੨੫੩

ਪਉੜੀ ।

ਯ–ਆਪਣੀ ਮੰਦੀ[26] ਅਕਲ[27] ਤੇ ਦਵੈਤ-ਭਾਵ[28] ਨੂੰ ਸਾੜ ਸੁਟ[25] ।

ਇਨ੍ਹਾਂ[29] ਨੂੰ ਛੱਡ[30] ਦੇ ਅਤੇ ਆਰਾਮ[31] ਅਤੇ ਅਡੋਲਤਾ[32] ਅੰਦਰ ਸੌਂ[33] ।

ਯ–ਜਾਹ[33*] ਜਾ ਕੇ ਸਾਧੂਆਂ ਦੀ ਸ਼ਰਣਾਗਤ[35] ਸੰਭਾਲ[34], ਜਿਨ੍ਹਾਂ[36] ਦੀ ਮਦਦ[37] ਨਾਲ ਤੂੰ ਇਸ[38] ਭਿਆਨਕ[39] ਸੰਸਾਰ ਸਮੁੰਦਰ[40] ਤੋਂ ਪਾਰ[41] ਹੋ ਜਾਵੇਂਗਾ ।

ਯ–ਜੋ ਇਕ ਨਾਮ ਨੂੰ ਲੈ ਕੇ[44], ਆਪਣੇ ਦਿਲ[45] ਅੰਦਰ ਪਰੋ ਲੈਂਦਾ[46] ਹੈ, ਉਹ[43] ਮੁੜ ਕੇ ਦੇਹਿ ਨਹੀਂ ਧਾਰਦਾ[42] ।

ਯ–ਪੂਰਨ[49] ਗੁਰਾਂ ਦੇ ਆਸਰੇ[50] ਰਾਹੀਂ, ਤੂੰ ਆਪਣਾ ਮਨੁੱਖੀ ਜੀਵਨ[47] ਨਹੀਂ ਹਾਰੇਂਗਾ[48] ।

ਨਾਨਕ ਜਿਸ ਦੇ ਦਿਲ[53] ਅੰਦਰ ਕੇਵਲ ਇਕ[54] ਪ੍ਰਭੂ ਹੈ, ਉਹ[51] ਆਰਾਮ[52] ਪਾ ਲੈਂਦਾ ਹੈ ।

ਸਲੋਕੁ ॥

ਅੰਤਰਿ[55] ਮਨ[56] ਤਨ[58] ਬਸਿ[57] ਰਹੇ ਈਤ[59] ਊਤ[60] ਕੇ ਮੀਤ[61] ॥

ਗੁਰਿ ਪੂਰੈ[62] ਉਪਦੇਸਿਆ[63] ਨਾਨਕ ਜਪੀਐ[64] ਨੀਤ[65] ॥੧॥

Slok.

He, who is man's friend[61] in this world[59] and the next one[60], resides[57] within[55] his soul[56] and body[58].

The Perfect[62] Guru has taught[63] me, O Nanak, ever[65], to meditate[64] on the Lord.

ਸਲੋਕ ।

ਜੋ ਇਸ ਲੋਕ[59] ਅਤੇ ਪਰਲੋਕ[60] ਵਿੱਚ ਆਦਮੀ ਦਾ ਮਿੱਤਰ[61] ਹੈ, ਉਹ ਉਸ ਦੀ ਆਤਮਾਂ[55] ਅਤੇ ਦੇਹਿ[58] ਅੰਦਰ[57] ਰਹਿੰਦਾ[57] ਹੈ ।

ਪੂਰਨ[62] ਗੁਰਾਂ ਨੇ ਹੇ ਨਾਨਕ ! ਹਮੇਸ਼ਾ[65], ਸਾਹਿਬ ਦਾ ਸਿਮਰਨ[64] ਕਰਨ ਦੀ ਮੈਨੂੰ ਸਿਖ ਮਤ[63] ਦਿੱਤੀ ਹੈ ।

ਪਉੜੀ ॥

ਅਨਦਿਨੁ[66] ਸਿਮਰਹੁ[68] ਤਾਸੁ[67] ਕਉ ਜੋ ਅੰਤਿ[69] ਸਹਾਈ[70] ਹੋਇ ॥

ਇਹ ਬਿਖਿਆ[71] ਦਿਨ ਚਾਰਿ ਛਿਅ ਛਾਡਿ ਚਲਿਓ[72] ਸਭੁ[73] ਕੋਇ ॥

Pauri

Night and day[66] meditate[68] upon Him[67], who will be thy Helper[70] in the end[69].

This poison[71] is only for four or six days. All[73] must depart[72] leaving it behind.

ਪਉੜੀ ।

ਰਾਤ ਦਿਨ[66] ਉਸਦਾ[67] ਆਰਾਧਨ[68] ਕਰ, ਜੋ ਅਖ਼ੀਰ ਦੇ[69] ਵੇਲੇ ਤੇਰਾ ਸਹਾਇਕ[70] ਹੋਵੇਗਾ ।

ਇਹ ਜ਼ਹਿਰ[71] ਕੇਵਲ ਚਾਰ ਜਾਂ ਛਿਆਂ ਦਿਹਾੜੀਆਂ ਲਈ ਹੈ । ਸਾਰੇ[73] ਹੀ ਇਸ ਨੂੰ ਛੱਡ ਕੇ ਟੁਰ[72] ਜਾਣਗੇ ।

ਕਾ[74] ਕੋ ਮਾਤ[75] ਪਿਤਾ[76] ਸੁਤ[77] ਧੀਆ[78] ॥

Whose[74] are mother[75], father[76], son[77] and daughter[78] ?

ਕਿਸ[74] ਦੇ ਹਨ ਮਾਈ[75], ਬਾਪ[76], ਪੁੱਤ[77] ਅਤੇ ਲੜਕੀਆ[78] ?

ਗ੍ਰਿਹ[79] ਬਨਿਤਾ[80] ਕਛੂ ਸੰਗਿ[81] ਨ ਲੀਆ[82] ॥

House[79], wife[80] and else, he takes[82] not with[81] him.

ਘਰ[79], ਪਤਨੀ[80] ਅਤੇ ਹੋਰ ਕੁਝ ਉਹ ਨਾਲ[81] ਨਹੀਂ ਲਿਜਾਂਦਾ[82] ।

ਐਸੀ[83]ਸੰਚਿ[84]ਜੁਬਿਨਸਤ[85] ਨਾਹੀ ॥ ਪਤਿ[86] ਸੇਤੀ[87] ਅਪੁਨੈ ਘਰਿ[88] ਜਾਹੀ[89] ॥

Amass[84] such[83] wealth, which perishes[85] not, so that thou mayest go[89] to thy home[88] with[87] honour[86].

ਐਹੋ ਜੇਹੀ[83] ਦੌਲਤ ਇਕੱਠੀ[84] ਕਰ ਜੋ ਨਾਸ[85] ਨਹੀਂ ਹੁੰਦੀ ਤਾਂ ਜੋ ਤੂੰ ਆਪਣੇ ਧਾਮ[88] ਨੂੰ ਇੱਜ਼ਤ[86] ਆਬਰੂ ਨਾਲ[87] ਜਾਵੇਂ[89] ।

ਸਾਧਸੰਗਿ[90] ਕਲਿ[91] ਕੀਰਤਨੁ[92] ਗਾਇਆ[93] ॥ ਨਾਨਕ ਤੇ[94] ਤੇ ਬਹੁਰਿ[95] ਨ ਆਇਆ[96] ॥੧੫॥

They[94], who in this Dark age[91] sing[93] God's praises[92], in the society of Saints[90], O Nanak, come[96] not into this world, again[95].

ਜੋ ਇਸ ਕਲਜੁਗ[91]ਅੰਦਰ ਸਤਿ ਸੰਗਤ[90] ਵਿਚ ਵਾਹਿਗੁਰੂ ਦਾ ਜੱਸ[92] ਗਾਇਨ[93] ਕਰਦੇ ਹਨ, ਹੇ ਨਾਨਕ ! ਉਹ[94] ਮੁੜ ਕੇ[95] ਇਸ ਜਗ ਵਿਚ ਨਹੀਂ ਆਉਂਦੇ[96] ।

ਸਲੋਕੁ ॥

Slok.

ਸਲੋਕ ।

ਅਤਿ[97] ਸੁੰਦਰ[98] ਕੁਲੀਨ[99] ਚਤੁਰ[100] ਮੁਖਿ[2] ਙਿਆਨੀ[3] ਧਨਵੰਤ[4] ॥ ਮਿਰਤਕ[5] ਕਹੀਅਹਿ[6] ਨਾਨਕਾ ਜਿਹ ਪ੍ਰੀਤਿ[7] ਨਹੀ ਭਗਵੰਤ[8] ॥੧॥

Though one be very[97] handsome[98], of high birth[99], wise[100], a leading[2] theologian[3] and wealthy[4], he shall be called[6] as dead[5], O Nanak, if he has not love[7] for the Auspicious Master[8].

ਭਾਵੇਂ ਇਨਸਾਨ ਪਰਮ[97] ਸੁਨੱਖਾ[98], ਵੱਡਾ ਖ਼ਾਨਦਾਨੀ[99], ਸਿਆਣਾ[100] ਅਤੇ ਚੋਟੀ[2]ਦਾ ਬ੍ਰਹਿਮ-ਬੇਤਾ[3] ਅਤੇ ਅਮੀਰ[4] ਹੋਵੇ, ਤਾਂ ਭੀ ਉਹ ਮੁਰਦਾ[5] ਆਖਿਆ[6] ਜਾਏਗਾ ਜੇਕਰ ਉਸ ਦੀ ਮੁਹੱਬਤ[7] ਮੁਬਾਰਕ ਮਾਲਕ[8] ਨਾਲ ਨਹੀਂ, ਹੇ ਨਾਨਕ !

ਪਉੜੀ ॥

Pauri.

ਪਉੜੀ ।

ੜਾ ਖਟੁ[9] ਸਾਸਤ੍ਰੁ[10] ਹੋਇ ਙਿਆਤਾ ॥

NG :-One may be the knower[11] of six[9] schools of philosophy[10],

ੜ-ਬੰਦਾ ਛਿਆ[9] ਹੀ ਫ਼ਲਸਫ਼ੇ ਦੇ ਗ੍ਰੰਥਾਂ[10] ਦਾ ਜਾਣੂ[11] ਹੋਵੇ,

ਪੂਰਕੁ[62] ਕੁੰਭਕ[13] ਰੇਚਕ[14] ਕਰਮਾਤਾ[15] ॥

He may do the work[15] of inhaling[12], exhaling[14] and holding[13] the breath (like a Yogi),

ਉਹ (ਜੋਗੀ ਦੀ ਤਰ੍ਹਾਂ) ਸੁਆਸ ਅੰਦਰ ਖਿੱਚਣ[12], ਬਾਹਰ ਕੱਢਣ[14] ਅਤੇ ਟਿਕਾਉਣ[13] ਦਾ ਕੰਮ ਕਰਦਾ[15] ਹੋਵੇ,

ਙਿਆਨ[16] ਧਿਆਨ[17] ਤੀਰਥ[18] ਇਸਨਾਨੀ[19] ॥

He may practise,Divine knowledge[16], meditation[17], pilgrimages[18], and ablutions[19],

ਉਹ ਬ੍ਰਹਿਮ ਵੀਚਾਰ[16], ਬੰਦਗੀ[17], ਯਾਤ੍ਰਾਵਾਂ[18] ਅਤੇ ਨ੍ਹਾਉਣ[19] ਕਰਦਾ ਹੋਵੇ,

ਸੋਮਪਾਕ[20] ਅਪਰਸ[21] ਉਦਿਆਨੀ[22] ॥

He may cook[20] his own food,touch[21] not others and abide in wilderness[22],

ਉਹ ਆਪਣਾ ਭੋਜਨ ਆਪ ਪਕਾਉਂਦਾ[20] ਹੋਵੇ, ਕਿਸੇ ਦੇ ਨਾਲ ਨ ਲਗਦਾ[21] ਹੋਵੇ ਅਤੇ ਬੀਆਬਾਨ[22] ਵਿਚ ਵਸਦਾ ਹੋਵੇ,

ਰਾਮਨਾਮ[23] ਸੰਗਿ[24] ਮਨਿ[25] ਨਹੀ ਹੇਤਾ[26] ॥ਜੋ[27] ਕਛੁ ਕੀਨੋ[28] ਸੋਊ[29] ਅਨੇਤਾ[30] ॥

If in his heart[25], he bears not love[26] with[24] the Lord's Name[23], then all[27] that he does[28], that[29] is perishable[30].

ਜੇਕਰ ਉਸ ਦੇ ਦਿਲ[26] ਅੰਦਰ ਸੁਆਮੀ ਦੇ ਨਾਮ[23] ਨਾਲ[24] ਪ੍ਰੀਤ[26] ਨਹੀਂ ਤਾਂ ਸਾਰਾ[27] ਕੁਝ ਜੋ ਉਹ ਕਰਦਾ[28] ਹੈ, ਉਹ[29] ਨਾਸਵੰਤ[30] ਹੈ ।

ਉਆ[31]ਤੇਊਤਮ[32]ਗਨਉ[34]

Superior[32] to him[31], deem[33] thou the

ਉਸ[31] ਨਾਲੋਂ ਵਧੇਰੇ ਸਰੇਸ਼ਟ[32] ਤੂੰ ਉਸ ਕਮੀਣ[38] ਨੂੰ

ਚੰਡਾਲਾ[38] ॥ ਨਾਨਕ ਜਿਹ ਮਨਿ[39] ਬਸਹਿ[40] [41]ਗੁਪਾਲਾ[42] ॥੧੬॥

pariah[38], O Nanak, in whose heart[39] God, the Nurser[42] of the Universe[41] abides[40].

ਜਾਣ[33], ਜਿਸ ਦੇ ਦਿਲ[39] ਵਿਚ ਆਲਮ[41] ਨੂੰ ਪਾਲਣ-ਹਾਰ[42] ਵਾਹਿਗੁਰੂ ਨਿਵਾਸ[40] ਰਖਦਾ ਹੈ।

ਸਲੋਕੁ ॥

Slok.

ਸਲੋਕ।

ਕੂਟ[43]ਚਾਰਿ [44]ਦਹ ਦਿਸਿ[45] ਭ੍ਰਮੇ[46] ਕਰਮ[47] ਕਿਰਤਿ[48] ਕੀ ਰੇਖ[49] ॥

The mortal wanders[46] about in the four quarters[43] and the ten[44] directions[45] of the world, bearing the marks[49] of deeds[47] done[48].

ਆਪਣੇ ਕੀਤੇ ਹੰਢੇ[48] ਅਮਲਾਂ[47] ਦੇ ਨਿਸ਼ਾਨ[49] ਧਾਰਨ ਕਰਦਾ ਹੋਇਆ ਪ੍ਰਾਣੀ ਦੁਨੀਆਂ ਦੇ ਚੌਂਹ ਤਰਫ਼ੀਂ[43] ਅਤੇ ਦੱਸੀਂ[44] ਪਾਸੀਂ[45] ਭਟਕਦਾ[46] ਫਿਰਦਾ ਹੈ।

ਸੂਖ[50] ਦੂਖ[51] ਮੁਕਤਿ[52] ਜੋਨਿ[53] ਨਾਨਕ ਲਿਖਿਓ[54] ਲੇਖ[55] ॥੧॥

Weal[50] and woe[51], emancipation[52] and transmigration[53], O Nanak, are in accordance with written[54]record[55].

ਖੁਸ਼ੀ[50] ਤੇ ਗ਼ਮੀ[51], ਮੋਖ਼ਸ਼[52] ਤੇ ਆਵਾਗਉਣ[53], ਹੇ ਨਾਨਕ! ਉਕਰੀ[54] ਹੋਈ ਲਿਖਤਾਕਾਰ[55]ਅਨੁਸਾਰ ਹਨ।

ਪਵੜੀ ॥

Pauri.

ਪਉੜੀ

ਕਕਾ ਕਾਰਨ[56] ਕਰਤਾ[57] ਸੋਊ[58] ॥

K : He[58], the Lord is the Creator[57] and cause[56].

ਕ–ਉਹ[58] ਸੁਆਮੀ ਸਿਰਜਣਹਾਰ[57] ਤੇ ਮੂਲ ਹੇਤੂ[56] ਹੈ।

ਲਿਖਿਓ[59]ਲੇਖੁ[60]ਨ ਮੇਟਤ[61] ਕੋਊ ॥

The scribed[59] writ[60] none can erase[61].

ਉਕਰੀ ਹੋਈ[59] ਲਿਖਤ[60] ਨੂੰ ਕੋਈ ਭੀ ਮੇਸ[61] ਨਹੀਂ ਸਕਦਾ।

ਨਹੀ ਹੋਤ ਕਛੂ ਦੋਊ[62] ਬਾਰਾ[63] ॥

Nothing can be done a second[62] time[63].

ਦੂਜੀ[62] ਵਾਰੀ[63] ਕੁਝ ਭੀ ਨਹੀਂ ਹੋ ਸਕਦਾ।

ਕਰਨੈਹਾਰੁ[64] ਨ ਭੂਲਨਹਾਰਾ[65] ॥

The Creator[64] errs[65] not.

ਕਰਤਾਰ[64] ਗ਼ਲਤੀ[65] ਨਹੀਂ ਕਰਦਾ।

ਕਾਹੂ[66] ਪੰਥੁ[67] ਦਿਖਾਰੈ[68] ਆਪੈ[69] ॥

To Some[66] He Himself[69] shows[68] the way[67].

ਕਈਆਂ[66] ਨੂੰ ਉਹ ਆਪ ਹੀ[69] ਮਾਰਗ[67] ਵਿਖਾਲ[68] ਦਿੰਦਾ ਹੈ।

ਕਾਹੂ ਉਦਿਆਨ[70] ਭ੍ਰਮਤ[71] ਪਛੁਤਾਪੈ[72] ॥

To some He causes to wander[71] sorrowfully[72] in wilderness[70].

ਕਈਆਂ ਨੂੰ ਉਹ ਸ਼ੋਕਾਤਰ[72] ਕਰ ਉਜਾੜ[70] ਅੰਦਰ ਭਟਕਾਉਂਦਾ[71] ਹੈ।

ਆਪਨ ਖੇਲੁ[72*] ਆਪੁ[73] ਹੀ ਕੀਨੋ[74] ॥

His play[72*], He has Himself[73] set afoot[74],

ਆਪਣੀ ਖੇਡ[72*], ਉਸ ਨੇ ਆਪੇ[73] ਹੀ ਰਚ ਰੱਖੀ[74] ਹੈ।

ਜੋ[75] ਜੋ ਦੀਨੋ[76] ਸੁ[77]ਨਾਨਕ ਲੀਨੋ[78] ॥੧੭॥

Whatsoever[75] the Lord gives[76],that[77] the man, receives[78].

ਜੋ ਕੁਛ[75] ਭੀ ਸਾਹਿਬ ਦਿੰਦਾ[76] ਹੈ, ਉਹੀ[77] ਨਾਨਕ, ਆਦਮੀ, ਲੈਂਦਾ[78] ਹੈ।

ਸਲੋਕੁ ॥

Slok.

ਸਲੋਕ।

ਖਾਤ[79]ਖਰਚਤ[80]ਬਿਲਛਤ[81] ਰਹੇ[82] ਟੂਟਿ[83] ਨ ਜਾਹਿ ਭੰਡਾਰ[84] ॥

The men keep[82] on eating[79], spending[80] and enjoing[81], but God's store-houses[84] exhaust[83] not.

ਆਦਮੀ ਖਾਂਦੇ[79], ਖਰਚਦੇ[80] ਅਤੇ ਭੋਗਦੇ[81] ਰਹਿੰਦੇ[82] ਹਨ, ਪਰ ਵਾਹਿਗੁਰੂ ਦੇ ਮਾਲ-ਗੁਦਾਮ[84] ਖ਼ਤਮ[83] ਨਹੀਂ ਹੁੰਦੇ।

ਹਰਿ[85] ਹਰਿ ਜਪਤ[86] ਅਨੇਕ[87] ਜਨ[88] ਨਾਨਕ ਨਾਹਿ ਸੁਮਾਰ[89] ॥੧॥

God's[85] Name good many[87] people[88] repeat[86]. Their number[89], O Nanak, cannot be ascertained.

ਰੱਬ ਦੇ ਨਾਮ[85] ਦਾ ਅਨੇਕਾਂ[87] ਹੀ ਇਨਸਾਨ[88] ਜਾਪ[86] ਕਰਦੇ ਹਨ। ਉਨ੍ਹਾਂ ਦੀ ਗਿਣਤੀ[89], ਹੇ ਨਾਨਕ! ਜਾਣੀ ਨਹੀਂ ਜਾ ਸਕਦੀ।

ਪਉੜੀ ॥
ਖਖਾ ਖੂਨਾ[90] ਕਛੂ ਨਹੀ ਤਿਸੁ[91] ਸੰਮ੍ਰਥ[92] ਕੈ ਪਾਹਿ[93] ਜੋ[96] ਦੇਨਾ[94]ਸੋ ਦੇ ਰਹਿਓ[95] ਭਾਵੈ[96]* ਤਹ[97] ਤਹ ਜਾਹਿ ॥[98]
ਖਰਚੁ[99] ਖਜਾਨਾ[100] ਨਾਮ ਧਨੁ[2] ਇਆ[3] ਭਗਤਨ[4] ਕੀ ਰਾਸਿ[5] ॥
ਖਿਮਾ[6] ਗਰੀਬੀ[7] ਅਨਦ[8] ਸਹਜ[9] ਜਪਤ[10] ਰਹਹਿ ਗੁਣ[12] ਤਾਸ[13] ॥
ਖੇਲਹਿ[14] ਬਿਗਸਹਿ[15] ਅਨਦ[16] ਸਿਉ[18] ਜਾਕਉ ਹੋਤ ਕ੍ਰਿਪਾਲ[17] ॥
ਸਦੀਵ[19] ਗਨੀਵ[20] ਸੁਹਾਵਨੇ[21] ਰਾਮਨਾਮ[22] ਗ੍ਰਿਹਿ[23] ਮਾਲ[24] ॥
ਖੇਦੁ[25]ਨ ਦੂਖੁ[26] ਨ ਡਾਨੁ[27] ਤਿਹ[28] ਜਾਕਉ[29] ਨਦਰਿ[30] ਕਰੀ[31] ॥
ਨਾਨਕ ਜੋ ਪ੍ਰਭ ਭਾਣਿਆ[32] ਪੂਰੀ ਤਿਨਾ ਪਰੀ[33] ॥੧੮॥

੨੫੪

ਸਲੋਕੁ ॥
ਗਨਿ[34] ਮਿਨਿ[35] ਦੇਖਹੁ[36] ਮਨੈ ਮਾਹਿ[37] ਸਰਪਰ[38] ਚਲਨੋ[39] ਲੋਗ[40] ॥
ਆਸ[41]ਅਨਿਤ[42]ਗੁਰਮੁਖਿ[43] ਮਿਟੈ[44] ਨਾਨਕ ਨਾਮ ਅਰੋਗ[45] ॥੧॥
ਪਉੜੀ ॥
ਗਗਾ [46]ਗੋਬਿਦ[47] ਗੁਣ[48]

Pauri.

Kh : There is paucity[90] of nothing with[93] that[91] Omnipotent Lord[92].
What-ever[96] the Lord is to give[94] He continues to give[95]. Let man go[98] anywhere[97] he likes[96]*.
The wealth[2] of the Name is the treasure[100]with the Saints[4]to spend[99].
It[3] is their capital[5].
With forbearance[6], humility[7], joy[8] and equipoise[9], they continue meditating[10] upon Lord, the Treasure[13] of excellences[12].
They, unto whom God becomes merciful[17] sport[14] and blossom[15] with[18] (in) glee[16].
They, who have the wealth[24] of Lord's Name[22] in their home[23], are ever[19] rich[20] and beauteous[21].
They[28], on whom[29] God casts[31] His kind[30] glance suffer neither torture[25], nor pain[26], nor punishment[27].
Nanak,they, who are pleasing[32]to the Lord, become perfectly succesful[33].

254

Slok

See[36], by calculating[34]and weighing[35] in[37] thy mind, that people[40] must assuredly[38] depart[39].
The desire[41] for perishable[42] things is effaced[44], through the Guru[43]. In the Name alone is there health[45].

Pauri.

G : Utter[49] thou the praise[48] of the

ਪਉੜੀ ।
ਖ–ਉਸ[91] ਸਰਬ-ਸ਼ਕਤੀਵਾਨ ਸੁਆਮੀ[92] ਦੇ ਕੋਲ[93] ਕਿਸੇ ਚੀਜ਼ ਦਾ ਘਾਟਾ[90] ਨਹੀਂ ।
ਜੋ ਕੁਝ[96] ਪ੍ਰਭੂ ਨੇ ਦੇਣਾ[94] ਹੈ, ਉਹ ਦੇਈ ਜਾ ਰਿਹਾ[95] ਹੈ । ਬੰਦਾ ਬੇਸ਼ਕ ਜਿਥੇ ਜੀ ਕਰਦਾ[96]* ਹੈ, ਉਥੇ[97] ਤੁਰਿਆ[98] ਫਿਰੇ ।
ਨਾਮ ਦੀ ਦੌਲਤ[2], ਸਾਧੂਆਂ[4] ਕੋਲ ਖਰਚਣ[99]ਲਈ ਤੰਜ਼ਾ ਖ਼ਾਨਾ[100] ਹੈ । ਇਹ[3] ਉਨ੍ਹਾਂ ਦੀ ਪੂੰਜੀ[5] ਹੈ ।
ਸਹਿਨਸ਼ੀਲਤਾ[6],. ਨਿੰਮ੍ਰਿਤਾ[7], ਖ਼ੁਸ਼ੀ[8] ਅਤੇ ਅਡੋਲਤਾ[9] ਨਾਲ ਉਹ ਗੁਣਾਂ[12] ਦੇ ਖ਼ਜ਼ਾਨੇ[13] ਪ੍ਰਭੂ ਦਾ ਸਿਮਰਨ[10] ਕਰੀ ਜਾਂਦੇ ਹਨ ।
ਜਿਨ੍ਹਾਂ ਉਤੇ ਹਰੀ ਮਿਹਰਵਾਨ[17] ਹੁੰਦਾ ਹੈ, ਉਹ ਖ਼ੁਸ਼ੀ[16] ਨਾਲ[18] (ਵਿੱਚ) ਖੇਡਦੇ[14] ਮੱਲ੍ਹਦੇ ਤੇ ਖਿੜਦੇ[15] ਹਨ ।
ਜਿਨ੍ਹਾਂ ਦੇ ਘਰ[23] ਵਿਚ ਪ੍ਰਭੂ ਦੇ ਨਾਮ[22] ਦਾ ਪਦਾਰਥ[24] ਹੈ, ਉਹ ਹਮੇਸ਼ਾ[19] ਹੀ ਧਨਾਢ[20] ਅਤੇ ਸੁੰਦਰ[21] ਹਨ ।
ਜਿਨ੍ਹਾਂ[29] ਉਤੇ ਵਾਹਿਗੁਰੂ ਮਿਹਰ ਦੀ ਨਜ਼ਰ[30] ਧਾਰਦਾ[31] ਹੈ, ਉਨ੍ਹਾਂ[28] ਨੂੰ ਨਾ ਕਸ਼ਟ[25] ਅਤੇ ਨਾ ਹੀ ਤਕਲੀਫ[26] ਤੇ ਸਜ਼ਾ[27] ਮਿਲਦੀ ਹੈ ।
ਨਾਨਕ, ਜੋ ਸੁਆਮੀ ਨੂੰ ਚੰਗੇ[32] ਲਗਦੇ ਹਨ, ਉਹ ਪੂਰੀ ਤਰ੍ਹਾਂ ਕਾਮਯਾਬ[33] ਹੋ ਜਾਂਦੇ ਹਨ ।

੨੫੪

ਸਲੋਕ ।
ਆਪਣੇ ਚਿਤ ਅੰਦਰ[37] ਗਿਣਤੀ[34] ਮਿਣਤੀ[35] ਕਰ ਕੇ ਵੇਖ ਲੈ[36], ਕਿ ਲੋਕਾਂ[40] ਨੇ ਜ਼ਰੂਰ ਨਿਸਚਿਤ[38] ਹੀ ਟੁਰ ਜਾਣਾ[39] ਹੈ ।
ਨਾਸਵੇਤ[42] ਚੀਜ਼ਾਂ ਦੀ ਖ਼ਾਹਿਸ਼[41], ਗੁਰਾਂ ਦੇ ਰਾਹੀਂ[43] ਮਿਟਦੀ[44] ਹੈ । ਕੇਵਲ ਨਾਮ ਅੰਦਰ ਹੀ ਤੰਦਰੁਸਤੀ[45]ਹੈ ।

ਪਉੜੀ ।
ਗ–ਤੂੰ ਆਪਣੇ ਹਰ ਸੁਆਸ[50] ਨਾਲ ਸ੍ਰਿਸ਼ਟੀ[46] ਦੇ

ਰਵਹੁ[49] ਸਾਸਿ[50] ਸਾਸਿ ਜਪਿ[51] ਨੀਤ[52] ॥

Master[47] of the world[46] with thy every breath[50] and ever[52] meditate[51] on Him.

ਸੁਆਮੀ[47] ਦਾ ਜੱਸ[48] ਉਚਾਰਣ[49] ਕਰ ਅਤੇ ਹਮੇਸ਼ਾਂ[52] ਉਸ ਦਾ ਸਿਮਰਨ[51] ਕਰ ।

ਕਹਾ[53] ਬਿਸਾਸਾ[54] ਦੇਹ[55] ਕਾ ਬਿਲਮ[56] ਨ ਕਰਿਹੋ ਮੀਤ[57] ॥ ਨਹ ਬਾਰਿਕ[58] ਨਹ ਜੋਬਨੈ[59] ਨਹ ਬਿਰਧੀ[60] ਕਛੁ ਬੰਧੁ[61] ॥

What[53] reliance[54] can be placed on the body[55] ? Make no delay[56], O my friend[57], there is no hitch[61] in the way of death, either in childhood[58], or in youth[59], or in old age[60].

ਸਰੀਰ[55] ਦੇ ਉਤੇ ਕੀ[53] ਭਰੋਸਾ[54] ਕੀਤਾ ਜਾ ਸਕਦਾ ਹੈ ? ਦੇਰੀ[56] ਨਾ ਕਰ ਹੇ ਮੇਰੇ ਮਿਤ੍ਰ[57] । ਮੌਤ ਦੇ ਰਾਹ ਵਿਚ ਕੋਈ ਰੁਕਾਵਟ[61] ਨਹੀਂ, ਨਾ ਬਚਪਣੇ[58], ਨਾ ਹੀ ਜੁਆਨੀ[59] ਅਤੇ ਨਾ ਹੀ ਬੁਢੇਪੇ[60] ਵਿਚ ।

ਓਹ ਬੇਰਾ[62] ਨਹ ਬੂਝੀਐ[63] ਜਉ[64] ਆਇ ਪਰੈ[65] ਜਮ ਫੰਧੁ[66] ॥

That time[62] is not known[63], when[64] the noose[66] of death shall come and fall upon[65] thee.

ਉਹ ਵੇਲਾ[62] ਜਾਣਿਆ[63] ਨਹੀਂ ਜਾ ਸਕਦਾ ਕਿ ਕਦੋਂ[64] ਮੌਤ ਦੀ ਫਾਹੀ[66] ਤੇਰੇ ਉਤੇ ਆ ਪੈਣੀ[65] ਹੈ ।

ਗਿਆਨੀ[67] ਧਿਆਨੀ[68] ਚਤੁਰ[69] ਪੇਖਿ[70] ਰਹਨੁ ਨਹੀ ਇਹ ਠਾਇ[71] ॥

See[70] that the divine[67], the meditative[68] and the clever[69] stay not in this place[71].

ਵੇਖ ਲੈ[70] ਕਿ ਵਿਚਾਰਵਾਨ[67], ਬਿਰਤੀ ਜੋੜਣ ਵਾਲਿਆਂ[68] ਅਤੇ ਚਾਤਰਾਂ[69] ਨੇ ਇਸ ਜਗ੍ਹਾ[71] ਤੇ ਨਹੀਂ ਰਹਿਣਾ ।

ਛਾਡਿ ਛਾਡਿ[72] ਸਗਲੀ[73] ਗਈ[74] ਮੂੜ[75] ਤਹਾ[76] ਲਪਟਾਹਿ[77] ॥

The fool[75] clings[77] to that[76], what every[73] one has left behind[72] and departed[74].

ਮੂਰਖ[75] ਉਸ ਨੂੰ[76] ਚਿਮੜਦਾ[77] ਹੈ, ਜਿਸ ਨੂੰ ਹਰ ਕੋਈ[73] ਪਿਛੇ ਛੱਡ[72] ਕੇ ਟੁਰ[74] ਗਿਆ ਹੈ ।

ਗੁਰ ਪ੍ਰਸਾਦਿ[78] ਸਿਮਰਤ[79] ਰਹੈ ਜਾਹੂ[80] ਮਸਤਕਿ[81] ਭਾਗ[82] ॥

He, on whose[80] forehead[81] good destiny[82] is recorded continues to remember[79] God by Guru's grace[78].

ਜਿਸ[80] ਦੇ ਮੱਥੇ[81] ਉਤੇ ਚੰਗੀ ਕਿਸਮਤ[82] ਲਿਖੀ ਹੋਈ ਹੈ, ਉਹ ਗੁਰਾਂ ਦੀ ਦਇਆ[78] ਦੁਆਰਾ ਰੱਬ ਦਾ ਚਿੰਤਨ[79] ਕਰਦਾ ਰਹਿੰਦਾ ਹੈ ।

ਨਾਨਕ ਆਏ[83] ਸਫਲ[84] ਤੇ[85] ਜਾ[86] ਕਉ ਪ੍ਰਿਅਹਿ[87] ਸੁਹਾਗ[88] ॥੧੯॥

Nanak, profitable[84] is the advent[83] in this world of those[85], who[86] attain the Beloved[87] Lord as their Spouse[88].

ਨਾਨਕ, ਲਾਭਦਾਇ[84] ਹੈ ਇਸ ਜਹਾਨ ਵਿੱਚ ਉਨ੍ਹਾਂ[85] ਦਾ ਆਗਮਨ[83], ਜੋ[86] ਪਿਆਰੇ[87] ਪ੍ਰਭੂ ਨੂੰ ਆਪਣੇ ਕੰਤ[88] ਵਜੋਂ ਪ੍ਰਾਪਤ ਕਰ ਲੈਂਦੇ ਹਨ ।

ਸਲੋਕੁ ॥

Slok.

ਸਲੋਕ ।

ਘੋਖੇ[89] ਸਾਸਤ੍ਰ ਬੇਦ ਸਭ[91] ਆਨ[90] ਨ ਕਥਤਉ[92] ਕੋਇ ॥

I have searched[89] all[91] the Shashtras and Vedas. They speak[92] of nothing otherwise[90] than this.

ਮੈਂ ਸਾਰੇ[91] ਸ਼ਾਸਤਰ ਅਤੇ ਵੇਦ ਪੜਤਾਲ[89] ਲਏ ਹਨ । ਇਸ ਦੇ ਬਗੈਰ ਉਹ ਹੋਰ ਕੁਛ[90] ਨਹੀਂ ਆਖਦੇ[92] ।

ਆਦਿ[93] ਜੁਗਾਦੀ[94] ਹੁਣਿ[95] ਹੋਵਤ[96] ਨਾਨਕ ਏਕੈ[97] ਸੋਇ[98] ॥੧॥

That[98] one[97] Lord was in the beginning[93], in the beginning of ages[94], is now[95] and ever, shall be[96], O Nanak.

ਉਹ[98] ਅਦੁੱਤੀ[97] ਸੁਆਮੀ ਆਰੰਭ[93] ਵਿਚ, ਯੁਗਾਂ ਦੇ ਆਰੰਭ[94] ਵਿਚ ਸੀ, ਹੁਣ[95] ਹੈ ਅਤੇ ਸਦੀਵ ਹੀ ਅੱਗੇ ਨੂੰ ਹੋਵੇਗਾ[96], ਹੇ ਨਾਨਕ !

ਪਉੜੀ ॥

Pauri.

ਪਉੜੀ ।

ਘਘਾ ਘਾਲਹੁ[99] ਮਨਹਿ ਏਹ ਬਿਨੁ ਹਰਿ ਦੂਸਰ[100] ਨਾਹਿ॥

Gh : Put[99] this into thy mind that there is no other[100] than God.

ਘ—ਆਪਣੇ ਚਿੱਤ ਵਿੱਚ ਇਹ ਗੱਲ ਪਾ[99] ਲੈ ਕਿ ਰੱਬ ਦੇ ਬਗੈਰ ਹੋਰ[100] ਕੋਈ ਨਹੀਂ ।

ਨਹ ਹੋਆ[2] ਨਹ ਹੋਵਨਾ[3] ਜਤ[4] ਕਤ ਓਹੀ[5] ਸਮਾਹਿ[6] ਘੂਲਹਿ[7] ਤਉ[8] ਮਨ[9] ਜਉ[10]

There was[2] none, and none there shall be[3]. Everywhere[4], He[5] is contained[6]. Only then[8] shalt thou be

ਨਾ ਕੋਈ ਸੀ[2] ਤੇ ਨਾ ਹੀ ਅੱਗੇ ਨੂੰ ਕੋਈ ਹੋਏਗਾ[3] । ਹਰ ਥਾਂ[4] ਓਹ[5] ਹੀ ਵਿਆਪਕ[6] ਹੋ ਰਿਹਾ ਹੈ । ਕੇਵਲ ਤਦ[8] ਹੀ ਤੂੰ ਉਸ ਅੰਦਰ ਲੀਨ[7] ਹੋਵੇਂਗਾ ਹੇ ਬੰਦੇ[9] ! ਜੇਕਰ[10] ਤੂੰ

ਆਵਹਿ[12] ਸਰਨਾ[13] ॥

absorbed[7] in Him, O man[9], if[10] thou seekest[12] His sanctuary[13].

ਉਸ ਦੀ ਸ਼ਰਣਾਗਤ[13] ਸੰਭਾਲੋਂਗਾ[12] ।

ਨਾਮ ਤਤੁ[14] ਕਲ[15] ਮਹਿ[16] ਪੁਨਹਚਰਨਾ[17] ॥

In[16] this Dark age[16], God's Name, is the real[14] atonement[17] for sins.

ਇਸ ਕਲਜੁਗ[15] ਅੰਦਰ[16] ਰੱਬ ਦਾ ਨਾਮ ਹੀ ਅਸਲੀ[14] ਪ੍ਰਾਸਚਿਤ[17] ਕਰਮ ਹੈ ।

ਘਾਲਿ[18] ਘਾਲਿ ਅਨਿਕ[19] ਪਛੁਤਾਵਹਿ[20] ॥

By toiling and labouring[18] in superstition, many[19] regret[20].

ਵਹਿਮ ਅੰਦਰ ਮਿਹਨਤ ਤੇ ਮੁਸ਼ੱਕਤ[18] ਕਰ ਕੇ ਅਨੇਕਾਂ[19] ਪਸਚਾਤਾਪ[20] ਕਰਦੇ ਹਨ ।

ਬਿਨੁ ਹਰਿ ਭਗਤਿ[21]ਕਹਾ[22] ਥਿਤਿ[23] ਪਾਵਹਿ ॥

Without God's meditation[21], how[22] can they obtain stability[23] ?

ਰੱਬ ਦੇ ਸਿਮਰਨ[21] ਦੇ ਬਾਝੋਂ ਉਹ ਕਿਸ ਤਰ੍ਹਾਂ[22] ਇਸਥਿਤੀ[23] ਨੂੰ ਪਾ ਸਕਦੇ ਹਨ ?

ਘੋਲਿ[24] [25]ਮਹਾਰਸੁ[26] ਅੰਮ੍ਰਿਤੁ[27] ਤਿਹ[28]ਪੀਆ[29]॥ ਨਾਨਕ ਹਰਿ[30] ਗੁਰਿ ਜਾਕਉ[31] ਦੀਆ[32] ॥੨੦॥

O Nanak, he[28], to whom[31] the Divine[30] Guru gives[32], the supreme[25] nectareous[27] essence[26] stirs[24] and drinks[29] it.

ਹੇ ਨਾਨਕ ! ਜਿਸ ਨੂੰ[31] ਰੱਬ ਰੂਪ[30] ਗੁਰੂ ਜੀ ਪਰਮ[25] ਅੰਮ੍ਰਿਤ-ਮਈ[27] ਜੌਹਰ[26] ਦਿੰਦੇ[32] ਹਨ, ਉਹ[28] ਇਸਨੂੰ ਹਿਲਾ[24] ਕੇ ਪਾਨ[29] ਕਰਦਾ ਹੈ ।

ਸਲੋਕੁ ॥

Slok.

ਸਲੋਕ ।

ਗਣਿ[33] ਘਾਲੇ[34] ਸਭ ਦਿਵਸੁ[35] ਸਾਸ[40] ਨਹ ਬਢਨ[36] ਘਟਨ[37] ਤਿਲੁ[38] ਸਾਰ[39] ॥

The Lord has counted[33] and put[34] in the man, all the days[35] and breathings[40]. They neither increase[36] nor decrease[37] even to the extent[39] of a sesame[38].

ਸਮੂਹ ਦਿਨ[35] ਅਤੇ ਸੁਆਸ[40] ਸੁਆਮੀ ਨੇ ਗਿਣ[33] ਕੇ ਆਦਮੀ ਵਿਚ ਪਾਏ[34]ਹਨ । ਉਹ ਇਕ ਕੂੰਜਦ[38] ਮਾਤ੍ਰ[39] ਭੀ ਨ ਵਧਦੇ[36] ਹਨ ਤੇ ਨਾ ਹੀ ਘਟਦੇ[37] ਹਨ ।

ਜੀਵਨ[41] ਲੋਰਹਿ[42] ਭਰਮ[43] ਮੋਹ[44] ਨਾਨਕ ਤੇਊ[45] ਗਵਾਰ[46] ॥੧॥

They[45], who wish[42] to live[41] in superstition[43] and worldly love[44], O Nanak, are fools[45].

ਜੋ ਵਹਿਮ[43] ਤੇ ਸੰਸਾਰੀ ਮਮਤਾ[44] ਅੰਦਰ ਜੀਉਣਾ[41] ਚਾਹੁੰਦੇ[42] ਹਨ, ਹੇ ਨਾਨਕ ! ਉਹ[45] ਮੂਰਖ[46] ਹਨ ।

ਪਉੜੀ ॥

Pauri.

ਪਉੜੀ ।

ਫੰਫਾ ਫ੍ਰਾਸੈ[47]ਕਾਲੁ[48] ਤਿਹ[49] ਜੋ[50]ਸਾਕਤ[51]ਪ੍ਰਭਿ ਕੀਨ[52]॥

Ng : Death[48] seizes[47] him[49], whom[50] the Lord has made[52] the worshipper of mammon[51].

ਫ-ਮੌਤ[48] ਉਸ ਨੂੰ[49] ਪਕੜ[47] ਲੈਂਦੀ ਹੈ, ਜਿਸ ਨੂੰ[50] ਠਾਕੁਰ ਨੇ ਮਾਇਆ ਦਾ ਉਪਾਸ਼ਕ[51] ਬਣਾ[52] ਦਿੱਤਾ ਹੈ ।

ਅਨਿਕ[53]ਜੋਨਿ[54]ਜਨਮਹਿ[55] ਮਰਹਿ[57] ਆਤਮ ਰਾਮੁ[56] ਨ ਚੀਨ[58] ॥

He who realises[58] not the All-prevading Soul[56], is born[55] and dies[57] in many[53] existences[54].

ਜੋ ਸਰਬ-ਵਿਆਪਕ[56] ਰੂਹ ਨੂੰ ਅਨੁਭਵ[58] ਨਹੀਂ ਕਰਦਾ ਉਹ ਅਨੇਕਾਂ[53] ਜੂਨੀਆਂ[54] ਅੰਦਰ ਜੰਮਦਾ[55] ਤੇ ਮਰਦਾ[57] ਹੈ ।

ਫਿਆਨ[59]ਧਿਆਨ[60]ਤਾਹੂ[61] ਕਉ ਆਏ[62] ॥ ਕਰਿ ਕਿਰਪਾ[63] ਜਿਹ ਆਪਿ[64] ਦਿਵਾਏ[65] ॥ ਫਣਤੀ[66] ਫਣੀ[67] ਨਹੀ ਕੋਊ[68] ਛੂਟੈ ॥

He alone[61] obtains[62] Divine knowledge[59] and meditation[60] whom the Lord Himself[64] mercifully[63] gives[65]. None can be emancipated[68] by making[67] calculations[66].

ਕੇਵਲ[61] ਉਹੀ ਬ੍ਰਹਿਮ ਗਿਆਨ[59] ਅਤੇ ਸਿਮਰਨ[60] ਨੂੰ ਹਾਸਲ[62] ਕਰਦਾ ਹੈ, ਜਿਸ ਨੂੰ ਸੁਆਮੀ ਖ਼ੁਦ[64] ਮਿਹਰ ਧਾਰ ਕੇ[63] ਦਿੰਦਾ[65] ਹੈ । ਲੇਖਾ-ਪੱਤਾ[66] ਕਰਨ ਦੁਆਰਾ[67] ਕੋਈ ਭੀ ਬੰਦ-ਖ਼ਲਾਸ[68] ਨਹੀਂ ਹੋ ਸਕਦਾ ।

ਕਾਚੀ[69]ਗਾਗਰਿ[70]ਸਰਪਰ[71] ਫੂਟੈ[72] ॥

The earthen[69] body-pitcher[70] shall assuredly[71] burst[72].

ਮਿੱਟੀ[69] ਦਾ ਸਰੀਰ ਘੜਾ[70] ਨਿਸਚਿਤ[71] ਹੀ ਟੁੱਟ[72] ਜਾਵੇਗਾ ।

ਸੋ[73] ਜੀਵਤ[74] ਜਿਹ[75] ਜੀਵਤ[76] ਜਪਿਆ[77] ॥
ਪ੍ਰਗਟ[78] ਭਏ ਨਾਨਕ ਨਹ ਛਪਿਆ[79] ॥੨੧॥

ਸਲੋਕੁ ॥

ਚਿਤਿ[80] ਚਿਤਵਉ[81] ਚਰਣਾਰ[82] ਬਿੰਦ[83] ਊਧ[84] ਕਵਲ[85] ਬਿਗਸਾਂਤ[86] ॥
ਪ੍ਰਗਟ[87] ਭਏ ਆਪਹਿ[88] [89]ਗੋਬਿੰਦ[90] ਨਾਨਕ ਸੰਤ ਮਤਾਂਤ[91] ॥੧॥

ਪਉੜੀ ॥

ਚਚਾ ਚਰਨ[92] ਕਮਲ[93]ਗੁਰ ਲਾਗਾ[94] ॥ ਧਨਿ[95] ਧਨਿ ਉਆ[96] ਦਿਨ ਸੰਜੋਗ[97] ਸਭਾਗਾ[98] ॥
ਚਾਰਿ ਕੁੰਟ[99] ਦਹਦਿਸਿ[100] ਭ੍ਰਮਿ[2] ਆਇਓ ॥ ਭਈ ਕ੍ਰਿਪਾ[3] ਤਬ[4] ਦਰਸਨੁ[5] ਪਾਇਓ ॥
ਚਾਰ[6] ਬਿਚਾਰ[7] ਬਿਨਸਿਓ[8] ਸਭ[9] ਦੂਆ[10] ॥
ਸਾਧ ਸੰਗਿ ਮਨੁ ਨਿਰਮਲ[12] ਹੂਆ ॥
ਚਿੰਤ[13] ਬਿਸਾਰੀ[14] ਏਕ[15] ਦ੍ਰਿਸਟੇਤਾ[16] ॥ ਨਾਨਕ ਗਿਆਨ[17] ਅੰਜਨੁ[18] ਜਿਹ ਨੇਤ੍ਰਾ[19] ॥੨੨॥

ਸਲੋਕੁ ॥

ਛਾਤੀ[20] ਸੀਤਲ[21] ਮਨੁ[22] ਸੁਖੀ[23] ਛੰਤ[24] [25]ਗੋਬਿਦ[26] ਗੁਨ[27] ਗਾਇ[28] ॥
ਐਸੀ[29] ਕਿਰਪਾ[30] ਕਰਹੁ[31] ਪ੍ਰਭ ਨਾਨਕ ਦਾਸ[32]ਦਸਾਇ ॥੧॥

He alone[73] lives[74], who[75] whilst alive[76], meditates[77] on the Lord.
He becomes distinguished[78], O Nanak, and remains not obscure[79].

Slok.

By meditating[81] within my mind[80] on the Lord's lotus[83] feet[82], my inverted[84] heart lotus[85] has blossomed[86].
By Saints instruction[91], O Nanak, the Lord[90] of the world[89] Himself[88] becomes manifest[87].

Pauri.

Ch : Blest[95], blest is that[96] day, and auspicious[98] the conjuncture[97] when I got attached[94] to Guru's lotus[93] feet[92].
I have come after wandering[2] in four quarters[99] and ten directions[100], when God showed mercy[3], I obtained Guru's sight[5], then[4].
Through meritorious[6] meditation[7], all[9] duality[10] is removed[8].
In the society of Saints, my mind is rendered pure[12].
Nanak, he, to whose eyes the salv[18] of Divine knowledge[17] is applied forgets[14] the anxieties[13] and beholds[16] the One Lord[15].

Slok.

The breast[20] becomes cool[21] and the soul[22] happy[23], by singing[28] the chhant[24] of the praises[27] of the World[25]-Lord[26].
Show[31] such[29] compassion[30], O my Lord, that Nanak may become the slave[32] of Thine slaves.

ਕੇਵਲ ਓਹੀ[73] ਜੀਉਂਦਾ[74] ਹੈ ਜੋ[75] ਜੀਉਂਦੇ[76] ਜੀ ਸਾਹਿਬ ਦਾ ਸਿਮਰਨ[77] ਕਰਦਾ ਹੈ ।
ਉਹ ਉਜਾਗਰ[78] ਹੋ ਜਾਂਦਾ ਹੈ ਅਤੇ ਗੁੱਝਾ ਛੁਪਿਆ[79] ਨਹੀਂ ਰਹਿੰਦਾ, ਹੇ ਨਾਨਕ !

ਸਲੋਕ ।

ਆਪਣੇ ਚਿੱਤ[80] ਅੰਦਰ ਸਾਹਿਬ ਦੇ ਕੰਵਲ[83] ਰੂਪੀ ਪੈਰਾਂ[82] ਦਾ ਸਿਮਰਨ[81] ਕਰਨ ਦੁਆਰਾ ਮੇਰਾ ਮੂਧਾ[84] ਦਿਲ ਕੰਵਲ[85] ਖਿੜ[86] ਗਿਆ ਹੈ ।
ਸਾਧੂਆਂ ਦੇ ਉਪਦੇਸ਼[91] ਦੁਆਰਾ, ਹੇ ਨਾਨਕ ! ਸ੍ਰਿਸ਼ਟੀ[89] ਦਾ ਸੁਆਮੀ[90] ਖੁਦ[88] ਹੀ ਪਰਤੱਖ[87] ਹੋ ਜਾਂਦਾ ਹੈ ।

ਪਉੜੀ ।

ਚ–ਮੁਬਾਰਕ[95] ! ਮੁਬਾਰਕ !! ਹੈ ਉਹ[96] ਦਿਹਾੜਾ ਅਤੇ ਵਡਭਾਗਾ[98] ਹੈ ਉਹ ਢੋ-ਮੇਲ[97], ਜਦ ਮੈਂ ਗੁਰਾਂ ਦੇ ਕੰਵਲ[93] ਰਪੀ ਪੈਰਾਂ[92] ਨਾਲ ਜੁੜਿਆ[94] ।
ਮੈਂ ਚੌਹੀਂ ਪਾਸੀਂ[99] ਅਤੇ ਦਸੀਂ ਤਰਫੀਂ[100] ਭਟਕ[2] ਕੇ ਆਇਆ ਹਾਂ । ਜਦ ਰੱਬ ਨੇ ਰਹਿਮਤ[3] ਕੀਤੀ, ਤਦ[4] ਮੈਨੂੰ ਗੁਰਾਂ ਦਾ ਦੀਦਾਰ[5] ਪ੍ਰਾਪਤ ਹੋਇਆ ।
ਸਰੇਸ਼ਟ[6] ਸਿਮਰਨ[7] ਦੁਆਰਾ ਸਮੂਹ[9] ਦਵੈਤ-ਭਾਵ[10] ਦੂਰ ਹੋ ਗਿਆ[8] ਹੈ ।
ਸਤਿ ਸੰਗਤ ਅੰਦਰ ਮੇਰਾ ਚਿੱਤ ਸ਼ੁੱਧ[12] ਹੋ ਗਿਆ ਹੈ ।
ਨਾਨਕ ਜਿਸ ਦੀਆਂ ਅੱਖਾਂ[19] ਵਿਚ ਬ੍ਰਹਿਮ ਬੀਚਾਰ[17] ਦਾ ਸੁਰਮਾ[18] ਪੈ ਜਾਂਦਾ ਹੈ, ਉਹ ਫ਼ਿਕਰ-ਚਿੰਤਾ[13] ਨੂੰ ਭੁੱਲ[14] ਜਾਂਦਾ ਹੈ ਅਤੇ ਇਕ ਸੁਆਮੀ[16] ਨੂੰ ਵੇਖ[16] ਲੈਂਦਾ ਹੈ ।

ਸਲੋਕ ।

ਸ੍ਰਿਸ਼ਟੀ[25] ਦੇ ਸੁਆਮੀ[26] ਦੇ ਜੱਸ[27] ਦੇ ਛੰਦ[24]ਗਾਇਨ[28] ਕਰਨ ਦੁਆਰਾ ਹਿੱਕ[20] ਠੰਡੀਠਾਰ[21] ਅਤੇ ਆਤਮਾ[22] ਪਰਸੰਨ[23] ਹੋ ਜਾਂਦੀ ਹੈ ।
ਇਹੋ ਜਿਹੀ[29] ਰਹਿਮਤ[30] ਧਾਰ[31] ਹੇ ਮੇਰੇ ਸੁਆਮੀ ! ਕਿ ਨਾਨਕ ਤੇਰੇ ਗੋਲਿਆਂ ਦਾ ਗੋਲਾ[32] ਹੋ ਜਾਵੇ ।

ਪਉੜੀ ॥
ਛਛਾ ਛੋਹਰੇ[33] ਦਾਸ[34] ਤੁਮਾਰੇ ॥
ਦਾਸ ਦਾਸਨ[35] ਕੇ ਪਾਨੀਹਾਰੇ[36] ॥

Pauri.
Chh : I am a slave[34] boy[33] of Thine.
I am the water carrier[36] of the serf of Thy serfs[35].

ਪਉੜੀ ।
ਛ–ਮੈਂ ਤੇਰਾ ਗੁਲਾਮ[34] ਛੋਕਰਾ[33] ਹਾਂ ।
ਮੈਂ ਤੇਰੇ ਨਫਰਾਂ[35] ਦੇ ਨਫਰ ਦਾ ਜਲ-ਢੋਣ ਵਾਲਾ[36] ਹਾਂ ।

੨੫੫
ਛਛਾ ਛਾਰੁ[37] ਹੋਤ ਤੇਰੇ ਸੰਤਾ॥ ਅਪਨੀ ਕ੍ਰਿਪਾ[39] ਕਰਹੁ[38] ਭਗਵੰਤਾ[40] ॥

255
Chh : Show[38] Thy mercy[39] unto me, O my Auspicious Master[40], that I may become the dust[37] of Thine Saints

੨੫੫
ਛ–ਮੇਰੇ ਉਤੇ ਆਪਣੀ ਦਇਆ[39] ਧਾਰ[38], ਹੇ ਮੇਰੇ ਮੁਬਾਰਕ ਮਾਲਕ[40] ! ਤਾਂ ਜੋ ਮੈਂ ਤੇਰੇ ਸਾਧੂਆਂ ਦੇ ਪੈਰਾਂ ਦੀ ਧੂੜ[37] ਹੋ ਜਾਵਾਂ ।

ਛਾਡਿ[41] ਸਿਆਨਪ[42] ਬਹੁ[43] ਚਤੁਰਾਈ[44] ॥ ਸੰਤਨ ਕੀ ਮਨ[45] ਟੇਕ[46] ਟਿਕਾਈ[47] ॥

I have abandoned[41] my excessive[43] wisdom[42] and cleverness[44] and have propped[47] up my mind[45] with the Saints prop[46].

ਮੈਂ ਆਪਣੀ ਘਨੇਰੀ[43] ਅਕਲਮੰਦੀ[42] ਅਤੇ ਚਾਲਾਕੀ[44] ਤਿਆਗ[41] ਦਿੱਤੀ ਹੈ ਅਤੇ ਆਪਣੇ ਚਿੱਤ[45] ਨੂੰ ਸਾਧੂਆਂ ਦੇ ਆਸਰੇ[46] ਦਾ ਸਹਾਰਾ ਦਿੱਤਾ[47] ਹੈ ।

ਛਾਰੁ[48] ਕੀ ਪੁਤਰੀ[49] ਪਰਮ[50] ਗਤਿ ਪਾਈ[51] ॥ ਨਾਨਕ ਜਾ ਕਉ ਸੰਤ ਸਹਾਈ[52] ॥ ੨੩ ॥

The puppet[49] of ashes[48], whom the Saints assist[52], obtains the supreme[50] status[51], O Nanak.

ਸੁਆਹ[48] ਦੀ ਪੁਤਲੀ[49] ਜਿਸ ਦੀ ਸਾਧੂ ਇਮਦਾਦ[52] ਕਰਦੇ ਹਨ, ਸ਼ਰੋਮਣੀ[50] ਮਰਤਬਾ[51] ਪਾ ਲੈਂਦੀ ਹੈ, ਹੇ ਨਾਨਕ !

ਸਲੋਕੁ ॥
ਜੋਰ[53] ਜੁਲਮ[54] ਫੂਲਹਿ[55] ਘਨੋ[56] ਕਾਚੀ[57] ਦੇਹ[58] ਬਿਕਾਰ[59] ॥
[60]ਅਹੰਬੁਧਿ[61] ਬੰਧਨ ਪਰੇ[62] ਨਾਨਕ ਨਾਮ ਛੁਟਾਰ[63] ॥੧॥

Slok.
Practising oppression[53] and tyranny[54] the mortal is greatly[56] inflated[55] and commits sins[59] with his frail[57] body[58].
Through [60]haughty-intellect[61] he is fettered[62]. Nanak, the deliverance[63] is through Lord's Name

ਸਲੋਕ ।
ਜੋਰਾਵਰੀ[53] ਅਤੇ ਅਤਿਆਚਾਰ[54] ਕਮਾ ਕੇ, ਪ੍ਰਾਣੀ ਬੜਾ[56] ਹੀ ਫੂਲਦਾ[55] ਹੈ ਅਤੇ ਆਪਣੇ ਬੋਦੇ[57] ਸਰੀਰ[58] ਨਾਲ ਪਾਪ[59] ਕਰਦਾ ਹੈ ।
[60]ਹੰਕਾਰੀ-ਮਤਿ[61] ਦੇ ਰਾਹੀਂ ਉਹ ਨਰੜਿਆ[62] ਜਾਂਦਾ ਹੈ। ਨਾਨਕ, ਛੁਟਕਾਰਾ[63] ਕੇਵਲ ਸਾਂਈ ਦੇ ਨਾਮ ਰਾਹੀਂ ਹੀ ਹੈ ।

ਪਉੜੀ ॥
ਜਜਾ ਜਾਨੈ [64] ਹਉ ਕਛੁ[65] ਹੂਆ[66] ॥ ਬਾਧਿਓ[67] ਜਿਉ[68] ਨਲਿਨੀ[69] ਭ੍ਰਮਿ[70] ਸੂਆ[71] ॥
ਜਉ[72] ਜਾਨੈ[73] ਹਉ ਭਗਤੁ[74] ਗਿਆਨੀ[75] ॥ ਆਗੈ[76] ਠਾਕੁਰਿ ਤਿਲੁ[77] ਨਹੀ ਮਾਨੀ[78] ॥
ਜਉ ਜਾਨੈ ਮੈ ਕਥਨੀ

Pauri.
J : When man thinks[64] he has become[66] something[65], through error[70], he is, then, caught[67] like[68] a parrot[71] in a trap[69].
When[72] he deems[73] himself a Saint[74] and a theologian[75], in the World[76] to come, the Lord shall not have even a sesame's[77] regard[78] for him.
When he considers himself to be a

ਪਉੜੀ ।
ਜ–ਜਦ ਇਨਸਾਨ ਖਿਆਲ[64] ਕਰਦਾ ਹੈ ਕਿ ਮੈਂ ਕੁਝ[65] ਬਣ ਗਿਆ[66] ਹਾਂ, ਗ਼ਲਤ-ਫ਼ਹਿਮੀ[70] ਰਾਹੀਂ, ਤਦ ਉਹ ਤੋਤੇ[71] ਦੀ ਮਾਨਿੰਦ[68] ਕੁੜਿੱਕੀ[69] ਵਿੱਚ ਫਸ[67] ਜਾਂਦਾ ਹੈ ।
ਜਦ[72] ਉਹ ਆਪਣੇ ਆਪ ਨੂੰ ਸੰਤ[74] ਅਤੇ ਬ੍ਰਹਿਮਬੇਤਾ[75] ਸਮਝਦਾ[73] ਹੈ, ਪ੍ਰਲੋਕ[76] ਅੰਦਰ ਪ੍ਰਭੂ ਨੇ ਉਸ ਨੂੰ ਇਕ ਕੌਜਦ[77] ਮਾਤ੍ਰ ਭੀ ਮਾਣ[78] ਨਹੀਂ ਦੇਣਾ ।
ਜਦ ਉਹ ਆਪਣੇ ਆਪ ਨੂੰ ਪ੍ਰਚਾਰਕ[79] ਖਿਆਲ ਕਰਦਾ

ਕਰਤਾ[79] ॥ ਬਿਆਪਾਰੀ[80] ਬਸੁਧਾ[81] ਜਿਉ[82] ਫਿਰਤਾ[83]॥ ਸਾਧ[84] ਸੰਗਿ[85] ਜਿਹ ਹਉਮੈ[86] ਮਾਰੀ[87] ॥ ਨਾਨਕ ਤਾਕਉ[88] ਮਿਲੇ[89] ਮੁਰਾਰੀ[90] ॥੨੪॥

preacher[79], he merely wanders[83] over the earth[81] like[82] a pedlar[80].

He, who[86] effaces[87] his self-conceit[86] in the society of Saints[84], O Nanak, him[88], Lord, the Killer[90] of Mur[89] (demon) meets.

ਹੈ, ਤਾਂ ਉਹ ਨਿਰਾਪੁਰਾ ਇਕ ਵਣਜਾਰੇ[80] ਦੀ ਤਰ੍ਹਾਂ[82] ਧਰਤੀ[81] ਤੇ ਭਟਕਦਾ[83] ਫਿਰਦਾ ਹੈ।

ਜੋ[86] ਸਤਿਸੰਗਤ[84] ਅੰਦਰ ਆਪਣੀ ਸਵੈ-ਹੰਗਤਾ[86] ਨੂੰ ਨਾਸ[87] ਕਰ ਦਿੰਦਾ ਹੈ, ਹੇ ਨਾਨਕ ! ਉਸ[88] ਨੂੰ ਮੁਰ[89] (ਰਾਖਸ਼) ਦੇ ਮਾਰਨ ਵਾਲਾ[90] ਪ੍ਰਭੂ ਮਿਲ ਪੈਂਦਾ ਹੈ।

ਸਲੋਕੁ ॥

Slok.

ਸਲੋਕ।

ਝਾਲਾਘੈ[91] ਉਠਿ[92] ਨਾਮੁ ਜਪਿ[93] ਨਿਸਿ[94] ਬਾਸੁਰ[95] ਆਰਾਧਿ[96] ॥

Rise[92] early in the morning[91], repeat[93] the Name, and night[94] and day[95] meditate[96] on the Lord.

ਅੰਮ੍ਰਿਤ ਵੇਲੇ[91] ਜਾਗ[92], ਨਾਮ ਦਾ ਉਚਾਰਨ[93] ਕਰ ਅਤੇ ਰਾਤ[94] ਦਿਨ[95] ਸਾਹਿਬ ਦਾ ਸਿਮਰਨ[96] ਕਰ।

ਕਾਰਾ[97]ਤੁਝੈ ਨ ਬਿਆਪਈ[98] ਨਾਨਕ ਮਿਟੈ[99] ਉਪਾਧਿ[100] ॥੧॥

No anxiety[97] shall befall[98] thee and thy calamity[100] shall vanish[99].

ਤੈਨੂੰ ਕੋਈ ਫ਼ਿਕਰ[97] ਚਿੰਤਾ ਨਹੀਂ ਵਾਪਰੇਗੀ[98] ਅਤੇ ਮੁਸੀਬਤ[100] ਅਲੋਪ[99] ਹੋ ਜਾਏਗੀ।

ਪਉੜੀ ॥

Pauri.

ਪਉੜੀ।

ਝਝਾ ਝੂਰਨੁ[2] ਮਿਟੈ[3] ਤੁਮਾਰੋ॥ ਰਾਮ ਨਾਮ ਸਿਉ ਕਰਿ ਬਿਉਹਾਰੋ[4] ॥

Jh : By having dealings[4] with the Lord's Name, thy repentence[2] shall come to an end[3].

ਝ–ਸਾਂਈ ਦੇ ਨਾਮ ਦਾ ਵਣਜ-ਵਪਾਰ[4] ਕਰਨ ਦੁਆਰਾ ਤੇਰਾ ਪਸਚਾਤਾਪ[2] ਮੁਕ ਜਾਵੇਗਾ[3]।

ਝੂਰਤ[5] ਝੂਰਤ ਸਾਕਤ[6] ਮੂਆ ॥ ਜਾਕੈ ਰਿਦੈ[7] ਹੋਤ ਭਾਉ[8] ਬੀਆ ॥

An apostate[6], who has another's love[8] in his heart[7], dies in excessive grief[5].

ਅਧਰਮੀ[6], ਜਿਸ ਦੇ ਦਿਲ[7] ਅੰਦਰ ਹੋਰਸ ਦੀ ਪ੍ਰੀਤ[8] ਹੈ, ਬੜੇ ਰੰਜ-ਗ਼ਮ[5] ਅੰਦਰ ਮਰ ਜਾਂਦਾ ਹੈ।

ਝਰਹਿ[9] ਕਸੰਮਲ[10] ਪਾਪ[12] ਤੇਰੇ ਮਨੂਆ[13] ॥ਅੰਮ੍ਰਿਤ[14] ਕਥਾ[15] ਸੰਤਸੰਗਿ ਸੁਨੂਆ[16] ॥

By hearing[16] the Nectarean[14] Divine discourse[15] in the Saints congregation, thine evil deeds[10] and sins[12] shall fall off[9], O my soul[13].

ਸਤ ਸੰਗਤ ਅੰਦਰ ਸੁਧਾ ਸਰੂਪ[14] ਰੱਬੀ ਵਾਰਤਾ[15] ਸੁਣਨ[16] ਦੁਆਰਾ ਤੇਰੇ ਮੰਦੇ ਅਮਲ[10] ਅਤੇ ਗੁਨਾਹ[12] ਝੜ[9] ਜਾਣਗੇ, ਹੇ ਮੇਰੀ ਜਿੰਦੜੀਏ[13] !

ਝਰਹਿ[17] ਕਾਮ[18] ਕ੍ਰੋਧ[19] ਦੁਸਟਾਈ[20]॥ਨਾਨਕਜਾਕਉ ਕ੍ਰਿਪਾ[21]22ਗੁਸਾਈ[23]॥੨੫॥

Nanak, lust[18], wrath[19] and wickedness[20] fall off[17] from him,on whom is the grace[21] of the [22]World-Lord[23].

ਨਾਨਕ ਵਿਸ਼ੇ[18] ਭੋਗ, ਗੁੱਸਾ[19] ਅਤੇ ਕੁਟਲਤਾਈਆਂ[20] ਉਸ ਪਾਸੋਂ ਝੜ[17] ਪੈਂਦੀਆਂ ਹਨ, ਜਿਸ ਉਤੇ ਸ੍ਰਿਸ਼ਟੀ[22] ਦੇ ਸੁਆਮੀ[23] ਦੀ ਦਇਆਲਤਾ[21] ਹੈ।

ਸਲੋਕੁ ॥

Slok.

ਸਲੋਕ।

ਵਤਨ[24] ਕਰਹੁ ਤੁਮ ਅਨਿਕ[25] ਬਿਧਿ[26] ਰਹਨੁ[27] ਨ ਪਾਵਹੁ ਮੀਤ[28] ॥

Though thou mayest make efforts[24] of various[25] kinds[26], thou shalt not stay[27], O my friend[28].

ਭਾਵੇਂ ਤੂੰ ਅਨੇਕਾਂ[25] ਕਿਸਮਾਂ[26] ਦੇ ਉਪਰਾਲੇ[24] ਕਰੇਂ, ਤੂੰ ਠਹਿਰਣ[27] ਨਹੀਂ ਪਾਵੇਂਗਾ, ਹੇ ਮੇਰੇ ਮਿੱਤ੍ਰ[28] !

ਜੀਵਤ[29]ਰਹਹੁ ਹਰਿ ਹਰਿ[30] ਭਜਹੁ[31] ਨਾਨਕ ਨਾਮ ਪਰੀਤਿ[32] ॥੧॥

Thou shalt live eternally[29] O,Nanak, if thou rememberest[31] Lord God[30] and love[32] the Name.

ਜੇਕਰ ਤੂੰ ਵਾਹਿਗੁਰੂ ਸੁਆਮੀ[30] ਦਾ ਸਿਮਰਨ[31] ਕਰੇਂ, ਅਤੇ ਨਾਮ ਨੂੰ ਪਿਆਰ[32] ਕਰੇਂ, ਹੇ ਨਾਨਕ ! ਤੂੰ ਸਦਾ ਲਈ ਜੀਉਂਦਾ[29] ਰਹੇਂਗਾ।

ਪਉੜੀ ॥

ਵੰਞਾ ਵਾਣਹੁ[33] ਦ੍ਰਿੜੁ[34] ਸਹੀ[35] ਬਿਨਸਿ[36] ਜਾਤ ਏਹ ਹੇਤ[37] ॥

ਗਣਤੀ[38] ਗਣਉ[39] ਨ ਗਣਿ[40] ਸਕਉ ਊਠਿ[41] ਸਿਧਾਰੇ[42] ਕੇਤ[43] ॥

ਵੇਂ[44] ਪੇਖਉ[45] ਸੋ[46] ਬਿਨਸਤਉ[47] ਕਾ ਸਿਉ ਕਰੀਐ ਸੰਗੁ[48] ॥

ਵਾਣਹੁ[49] ਇਆ[50] ਬਿਧਿ[51] ਸਹੀ[52] ਚਿਤ[53] ਝੂਠਉ[54] ਮਾਇਆ[55] ਰੰਗੁ[56] ॥

ਵਾਣਤ[57] ਸੋਈ[58] ਸੰਤੁ ਸੁਇ ਭ੍ਰਮ[59] ਤੇ[60] ਕੀਚਿਤ[61] ਭਿੰਨ[62] ॥

ਅੰਧ[63] ਕੂਪ[64] ਤੇ ਤਿਹ[65] ਕਢਹੁ[66] ਜਿਹ[67] ਹੋਵਹੁ ਸੁਪ੍ਰਸੰਨ[68] ॥

ਵਾਕੈ[70] ਹਾਥਿ[71] ਸਮਰਥ[72] ਤੇ[73] ਕਾਰਨ[74] ਕਰਨੈ[75] ਜੋਗ[76] ॥

ਨਾਨਕ ਤਿਹ[77] ਉਸਤਤਿ[78] ਕਰਉ ਵਾਹੂ[80] ਕੀਓ ਸੰਜੋਗ[79] ॥੨੯॥

ਸਲੋਕੁ ॥

ਟੂਟੇ[80*] ਬੰਧਨ[81] ਜਨਮ[82] ਮਰਨ[83] ਸਾਧ ਸੇਵ[84] ਸੁਖੁ[85] ਪਾਇ ॥

ਨਾਨਕ ਮਨਹੁ[86]ਨ ਬੀਸਰੈ[87] ਗੁਣ[88] ਨਿਧਿ[89] [90]ਗੋਬਿਦ[91] ਰਾਇ[92] ॥੧॥

ਪਉੜੀ ॥

ਟਹਲ[96] ਕਰਹੁ ਤਉ[93] ਏਕ[94] ਕੀ ਜਾਤੇ ਬ੍ਰਿਥਾ[95] ਨ ਕੋਇ ॥

Pauri.

Ny : Know[33] it as perfectly[34] correct[35], that this worldly love[37] shall sunder[36].

Though I may make[39] calculation[38], but I cannot count[40] as to how many[43] got up[41] and departed[42] ?

Whomsoever[44] I behold[45], he[46] will perish[47]. With whom should I therefore associate[48] ?

In this[50] way[51] know[49] it as correct[52] in thy mind[53] that the love[56] of worldly valuables[55] is false[44].

He[58] alone knows[57] and he[58] alone is a Saint, whom the Lord has made[61] free[62] from[60] superstition[59].

Him[65], with whom[67] Thou, O God, art mightily pleased[68], Thou extricatest[66] from the blind[63] well[64].

He[73],whose[70]hand[71] is Omnipotent[72], is potent[76] to create[75] the world[74].

Nanak do thou praise[78] Him[77], who[80] is the effector of thy union[79] with Himself.

Slok.

By serving[84] the Saints the bonds[81] of birth[82] and death[83] are broken[80*] and man obtains rest[85].

Nanak, within my mind[86] I may never forget[87]the Sovereign[92]World[90]-Lord[91], the Treasure[89] of goodness[88].

Pauri.

Serve[96] thou[93] the One Lord[94], from whom none returns empty handed[95].

ਪਉੜੀ ।

ਵ–ਇਹ ਪੂਰਨ[34] ਤੌਰ ਤੇ ਠੀਕ[35] ਜਾਣ[33] ਲੈ ਕਿ ਇਹ ਸੰਸਾਰੀ ਲਗਨ[37] ਟੁਟ[36] ਜਾਏਗੀ ।

ਭਾਵੇਂ ਮੈਂ ਗਿਣਤੀਆਂ[38] ਪਿਆ ਕਰਾਂ[39], ਪਰ ਮੈਂ ਗਿਣ[40] ਨਹੀਂ ਸਕਦਾ ਕਿ ਕਿੰਨੇ ਕੁ[43] ਉਠ[41] ਕੇ ਟੁਰ ਗਏ[42] ਹਨ ?

ਜਿਸ ਕਿਸੇ[44] ਨੂੰ ਭੀ ਮੈਂ ਵੇਖਦਾ[45] ਹਾਂ, ਉਹ[46] ਨਾਸ[47] ਹੋ ਜਾਏਗਾ । ਮੈਂ ਇਸ ਲਈ ਕੀਹਦੇ ਨਾਲ ਸੰਗਤਿ[48] ਕਰਾਂ ?

ਇਸ[50] ਪਰਕਾਰ[51] ਆਪਣੇ ਮਨ[53] ਅੰਦਰ ਦਰੁਸਤ[52] ਜਾਣ[49] ਲੈ ਕਿ ਸੰਸਾਰੀ ਪਦਾਰਥਾਂ[55] ਦੀ ਪ੍ਰੀਤ[56] ਕੂੜੀ[54] ਹੈ ।

ਕੇਵਲ ਉਹੀ[58] ਜਾਣਦਾ[57] ਹੈ ਤੇ ਕੇਵਲ ਉਹੀ ਸਾਧੂ ਹੈ, ਜਿਸ ਨੂੰ ਸੁਆਮੀ ਨੇ ਸੰਦੇਹ[59] ਤੋਂ[60] ਸੱਖਣਾ[62] ਕੀਤਾ[61] ਹੈ ।

ਜਿਸ[67] ਦੇ ਨਾਲ ਤੂੰ ਪਰਮ ਪਰਸੰਨ[68] ਹੁੰਦਾ ਹੈਂ, ਹੇ ਵਾਹਿਗੁਰੂ ! ਉਸ[65] ਨੂੰ ਤੂੰ ਅਨ੍ਹੇ[63] ਖੂਹ[64] ਵਿਚੋਂ ਬਾਹਰ ਖਿਚ ਲੈਂਦਾ[66] ਹੈਂ ।

ਜਿਸ[70] ਦਾ ਹੱਥ[71] ਸਰਬ-ਸ਼ਕਤੀਵਾਨ[72] ਹੈ, ਉਹ[73] ਸੰਸਾਰ[74] ਨੂੰ ਸਾਜਣ[75] ਦੇ ਲਾਇਕ[76] ਹੈ ।

ਨਾਨਕ, ਤੂੰ ਉਸ[77] ਦੀ ਪਰਸੰਸਾ[78] ਕਰ ਜੋ[80] ਆਪਣੇ ਨਾਲ ਤੇਰਾ ਮਿਲਾਪ[79] ਕਰਣਹਾਰ ਹੈ ।

ਸਲੋਕ ।

ਸੰਤਾਂ ਦੀ ਘਾਲ[84] ਕਮਾਉਣ ਦੁਆਰਾ ਜੰਮਣ[82] ਅਤੇ ਮਰਣ[83] ਦੇ ਜੂੜ[81] ਵੱਢੇ[80*] ਜਾਂਦੇ ਹਨ ਅਤੇ ਆਦਮੀ ਆਰਾਮ[85] ਪਾ ਲੈਂਦਾ ਹੈ ।

ਰੱਬ ਕਰੇ, ਨਾਨਕ ਆਪਣੇ ਚਿੱਤ[86] ਅੰਦਰ ਨੇਕੀ[88] ਦੇ ਖ਼ਜ਼ਾਨੇ[89] ਸ੍ਰਿਸ਼ਟੀ[90] ਦੇ ਸੁਆਮੀ[91] ਪਾਤਸ਼ਾਹ[92] ਨੂੰ ਨਾ ਭੁੱਲੇ[87] ।

ਪਉੜੀ ।

ਤੂੰ[93] ਇਕ ਸੁਆਮੀ[94] ਦੀ ਸੇਵਾ[96] ਕਰ, ਜਿਸ ਪਾਸੋਂ ਕੋਈ ਭੀ ਖ਼ਾਲੀ ਹੱਥੀਂ[95] ਨਹੀਂ ਮੁੜਦਾ ।

ਮਨਿ[97] ਤਨਿ[98] ਮੁਖਿ[99] ਹੀਐ[100] ਬਸੈ[2] ਜੋ[3] ਚਾਹਹੁ[4] ਸੋ[5] ਹੋਇ[6] ॥

If God abides[2] in thy soul[97], body[98], mouth[99], and mind[100], then, what[3] thou desirest[4], that[5] shall come to pass[6].

ਜੇਕਰ ਹਰੀ ਤੇਰੀ ਆਤਮਾ[97], ਦੇਹਿ[98], ਮੂੰਹ[99] ਅਤੇ ਰਿਦੇ[100] ਅੰਦਰ ਟਿਕ[2] ਜਾਵੇ ਤਾਂ ਜਿਹੜਾ[3] ਕੁਛ ਤੂੰ ਚਾਹੁੰਦਾ[4] ਹੈਂ, ਉਹੀ[5] ਹੋ ਜਾਵੇਗਾ[6] ।

ਟਹਲ[7] ਮਹਲ[8] ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ[9] ॥

He alone obtains Lord's service[7] and mansion[8], to whom the Saint is compassionate[9].

ਕੇਵਲ ਉਹੀ ਪ੍ਰਭੂ ਦੀ ਟਹਿਲ[7] ਸੇਵਾ ਅਤੇ ਮੰਦਰ[8] ਨੂੰ ਪਰਾਪਤ ਕਰਦਾ ਹੈ, ਜਿਸ ਉਤੇ ਸੰਤ ਦਇਆਲ[9] ਹੈ ।

ਸਾਧੂ ਸੰਗਤਿ ਤਉ[10] ਬਸੈ[15] ਜਉ[12] ਆਪਨ[13] ਹੋਹਿ ਦਇਆਲ[14] ॥

Then[10] alone, the mortal dwells[15] in the Saints congregation, when[12] the Lord Himself[13] becomes merciful[14].

ਕੇਵਲ ਤਦੋਂ[10] ਹੀ ਪ੍ਰਾਣੀ ਸਤਿ ਸੰਗਤ ਅੰਦਰ ਨਿਵਾਸ[15] ਕਰਦਾ ਹੈ, ਜਦੋਂ[12] ਪ੍ਰਭੂ ਖੁਦ[13] ਮਿਹਰਬਾਨ[14] ਹੁੰਦਾ ਹੈ ।

ਟੋਹੇ ਟਾਹੇ[16] ਬਹੁ[17] ਭਵਨ[18] ਬਿਨੁ ਨਾਵੈ ਸੁਖੁ[19] ਨਾਹਿ ॥

I have explored and searched[16] many[17] worlds[18], but without Lord's Nams there is no peace[19].

ਮੈਂ ਅਨੇਕਾਂ[17] ਜਹਾਨ[18] ਖੋਜੇ[16] ਭਾਲੇ ਹਨ, ਪ੍ਰੰਤੂ ਸੁਆਮੀ ਦੇ ਨਾਮ ਬਾਝੋਂ ਠੰਢ-ਚੈਨ[19] ਨਹੀਂ ।

ਟਲਹਿ[20] ਜਾਮ[21] ਕੇ ਦੂਤ[22] ਤਿਹ[23] ਜੁ ਸਾਧੂ ਸੰਗਿ ਸਮਾਹਿ[24] ॥

The couriers[22] of death[21] recede[20] away from him[23], who abides[24] in the society of Saints.

ਮੌਤ[21] ਦੇ ਮੰਤ੍ਰੀ[22] ਉਸ[23] ਪਾਸੋਂ ਪਰੇ ਹਟ[20] ਜਾਂਦੇ ਹਨ, ਜਿਹੜਾ ਸਤਿਸੰਗਤ ਅੰਦਰ ਵਸਦਾ[24] ਹੈ ।

ਬਾਰਿ[25] ਬਾਰਿ ਜਾਉ ਸੰਤ ਸਦਕੇ[26] ॥ ਨਾਨਕ ਪਾਪ[27] ਬਿਨਾਸੇ[28] ਕਦਿਕੇ[29] ॥੨੭॥

Again[25] and again I am devoted[26] unto the Saints, through whom, O Nanak, my sins[27] of old[29] are effaced[28].

ਮੁੜ[25] ਮੁੜ ਕੇ ਮੈਂ ਸਾਧੂਆਂ ਉਤੋਂ ਘੋਲੀ[26] ਜਾਂਦਾ ਹਾਂ, ਜਿਨ੍ਹਾਂ ਦੇ ਰਾਹੀਂ ਹੇ ਨਾਨਕ ! ਮੇਰੇ ਕਦੇ ਦੇ ਪੁਰਾਣੇ[29] ਗੁਨਾਹ[27] ਕੱਟੇ ਗਏ[28] ਹਨ ।

ਸਲੋਕੁ ॥

Slok.

ਸਲੋਕ ।

ਠਾਕ[30] ਨ ਹੋਤੀ ਤਿਨਹੁ[31] ਦਰਿ[32] ਜਿਹ ਹੋਵਹੁ ਸੁ[33] ਪ੍ਰਸੰਨੁ[34] ॥

They[31], with whom that[33] Lord is pleased[34], meet not a limp[30] at His Door[32].

ਜਿਨ੍ਹਾਂ ਨਾਲ ਉਹ[33] ਪ੍ਰਭੂ ਖੁਸ਼[34] ਹੈ; ਉਨ੍ਹਾਂ[31] ਨੂੰ ਉਸ ਦੇ ਬੂਹੇ[32] ਤੇ ਰੁਕਾਵਟ[30] ਨਹੀਂ ਹੁੰਦੀ ।

੨੫੬

256

੨੫੬

ਜੋ ਜਨ[35] ਪ੍ਰਭਿ ਅਪੁਨੇ[36] ਕਰੇ[37] ਨਾਨਕ ਤੇ ਧਨਿ[38] ਧੰਨਿ ॥੧॥

Blest[38], blest are those persons[35], O Nanak, whom the Lord has made[37] His own[36].

ਮੁਬਾਰਕ[38], ਮੁਬਾਰਕ ! ਹਨ ਉਹ ਪੁਰਸ਼[35], ਹੇ ਨਾਨਕ, ਜਿਨ੍ਹਾਂ ਨੂੰ ਸਾਹਿਬ ਨੇ ਆਪਣੇ ਨਿੱਜ[36] ਦੇ ਬਣਾ ਲਿਆ[37] ਹੈ ।

ਪਉੜੀ ॥

Pauri.

ਪਉੜੀ ।

ਠਠਾ ਮਨੂਆ[39] ਠਾਹਹਿ[40] ਨਾਹੀ ॥ ਜੋ ਸਗਲ[41] ਤਿਆਗਿ[42] ਏਕਹਿ[43] ਲਪਟਾਹੀ[44] ॥

Th : They who having abandoned[42] all[41] else cling[44] to the unique[43] One, afflict[40] no one's heart[39].

ਠ-ਜਿਹੜੇ ਸਾਰਾ[41] ਕੁਛ ਛੱਡ[42] ਕੇ, ਅਦੁੱਤੀ[43] ਪੁਰਖ ਨਾਲ ਜੁੜੇ[44] ਹਨ ਉਹ ਕਿਸੇ ਦਾ ਭੀ ਦਿਲ[39] ਨਹੀਂ ਦੁਖਾਉਂਦੇ[40] ।

ਠਹਕਿ[45] ਠਹਕਿ ਮਾਇਆ[46] ਸੰਗਿ[52] ਮੂਏ[47] ॥ ਉਆ[48]

They, who are greatly involved[45] with[52] worldly wealth[46] are dead[47],

ਜਿਹੜੇ ਸੰਸਾਰੀ ਧਨ-ਦੌਲਤ[46] ਨਾਲ[52] ਬਹੁਤ ਉਲਝੇ[45] ਹੋਏ ਹਨ, ਉਹ ਮੁਰਦੇ[47] ਹਨ ਅਤੇ ਉਨ੍ਹਾਂ[48] ਨੂੰ ਕਿਧਰੇ[50]

ਕੈ ਕੁਸਲ[49] ਨ ਕਤਹੂ[50] ਹੂਏ[51] ॥

and they[48] obtain[51] not happiness[49] anywhere[50].

ਭੀ ਪਰਸੰਨਤਾ[49] ਨਹੀਂ ਮਿਲਦੀ[51]।

ਠਾਢਿ[53] ਪਰੀ ਸੰਤਹ[54] ਸੰਗਿ ਬਸਿਆ[55]॥ਅੰਮ੍ਰਿਤ[56] ਨਾਮੁ ਤਹਾ[57] ਜੀਅ[58] ਰਸਿਆ[59] ॥

He, who abides[55] in the guild of Saints[54] is pacified[53], and the Nectar[56] Name becomes sweet[59] to his[57] soul[58].

ਜੋ ਸਤਿ ਸੰਗਤ[54] ਅੰਦਰ ਵਸਦਾ[55] ਹੈ, ਉਹ ਸੀਤਲ[53] ਹੋ ਜਾਂਦਾ ਹੈ ਅਤੇ ਨਾਮ ਸੁਧਾਰਸ[56] ਉਸ[57] ਦੀ ਆਤਮਾ[58] ਨੂੰ ਮਿੱਠਾ[59] ਲੱਗਦਾ ਹੈ।

ਠਾਕੁਰ ਅਪੁਨੇ ਜੋ[60] ਜਨੁ[61] ਭਾਇਆ[62] ॥ ਨਾਨਕ ਉਆ[63] ਕਾ ਮਨੁ[64] ਸੀਤਲਾਇਆ[65] ॥੨੮॥

The[60] person[61], who is pleasing[62] to His Lord. O Nanak, his[63] mind[64] is cooled down[65].

ਜਿਹੜਾ[60] ਪੁਰਸ਼[61] ਆਪਣੇ ਪ੍ਰਭੂ ਨੂੰ ਚੰਗਾ[62] ਲਗਦਾ ਹੈ, ਹੇ ਨਾਨਕ! ਉਸ[63] ਦਾ ਚਿੱਤ[64] ਠੰਡਾ-ਠਾਰ[65] ਹੋ ਜਾਂਦਾ ਹੈ।

ਸਲੋਕੁ ॥

Slok.

ਸਲੋਕ।

ਡੰਡਾਉਤਿ[66] ਬੰਦਨ[67] ਅਨਿਕ[68] ਬਾਰ[69] ਸਰਬ[70] ਕਲਾ[71] ਸਮਰਥ[72] ॥

Prostrate salutation[66] and obeisance[67] I make many[68] a time[69] before the Omnipotent[72] Lord, the Possessor of all[70] the powers[71].

ਮੈਂ ਲੰਮੇ ਪੈ ਕੇ ਨਮਸ਼ਕਾਰ[66] ਅਤੇ ਪ੍ਰਣਾਮ[67], ਅਨੇਕਾਂ[68] ਵਾਰੀ[69], ਸਾਰੀਆਂ[70] ਤਾਕਤਾਂ[71] ਵਾਲੇ, ਸਰਬ-ਸ਼ਕਤੀਵਾਨ[72] ਸੁਆਮੀ ਮੂਹਰੇ, ਕਰਦਾ ਹਾਂ।

ਡੋਲਨ[73] ਤੇ ਰਾਖਹੁ[74] ਪ੍ਰਭੂ ਨਾਨਕ ਦੇ ਕਰਿ[75] ਹਥ[76] ॥ ੧ ॥

Reach[75] me Thy hand[76], O Lord[76] and save[74] me from wavering[73], says Nanak.

ਮੈਨੂੰ ਆਪਣਾ ਹੱਥ[76] ਦੇ[75] ਹੇ ਸੁਆਮੀ! ਤੇ ਡਿਕੋਡੋਲੇ[73] ਖਾਣ ਤੋਂ ਮੇਰੀ ਰੱਖਿਆ[74] ਕਰ, ਗੁਰੂ ਜੀ ਫੁਰਮਾਉਂਦੇ ਹਨ।

ਪਉੜੀ ॥

Pauri.

ਪਉੜੀ।

ਡਡਾ ਡੇਰਾ[77] ਇਹੁ ਨਹੀ ਜਹ[78] ਡੇਰਾ ਤਹ[79] ਜਾਨੁ[80]॥ ਉਆ[81] ਡੇਰਾ ਕਾ ਸੰਜਮੋ[82] ਗੁਰ ਕੈ ਸਬਦਿ[83]ਪਛਾਨੁ[84]॥ ਇਆ[85] ਡੇਰਾ ਕਉ ਸ੍ਰਮੁ[86] ਕਰਿ ਘਾਲੈ[87] ॥ ਜਾਕਾ[88] ਤਸੂ[89] ਨਹੀ ਸੰਗਿ[90]ਚਾਲੈ ॥ ਉਆ[91] ਡੇਰਾ ਕੀ ਸੋ[92] ਮਿਤਿ[93] ਜਾਨੈ ॥ ਜਾਕਉ ਦ੍ਰਿਸਟਿ[94] ਪੂਰਨ[95] ਭਗਵਾਨੈ[96] ॥

D : This is not thy abode[77], know[80] that place[79] where[78] thy abode is. Know[84] thou by Guru's instruction[83], the way[82] to reach that[81] abode. This[85] dwelling over here, one erects[87] with toil[86]. Even a particle[89] of which[88] goes not with[90] him. He[92], on whom the Perfect[95] Auspicious Master[96] casts His gracious glance[94], knows the worth[93] of that[91] dwelling.

ਡ–ਤੇਰਾ ਟਿਕਾਣਾ[77] ਇਹ ਨਹੀਂ, ਉਸ ਜਗ੍ਹਾ[79] ਨੂੰ ਸਮਝ[80], ਜਿਥੇ[78] ਤੇਰਾ ਟਿਕਾਣਾ ਹੈ। ਗੁਰਾਂ ਦੇ ਉਪਦੇਸ਼[83] ਦੁਆਰਾ ਤੂੰ ਉਸ[81] ਟਿਕਾਣੇ ਨੂੰ ਪਹੁੰਚਣ ਦਾ ਤਰੀਕਾ[82] ਜਾਣ[84] ਲੈ। ਇਥੇ ਦੇ ਇਸ[85] ਟਿਕਾਣੇ ਨੂੰ ਜਿਸ[88] ਦਾ ਇਕ ਭੋਰਾ[89] ਭਰ ਭੀ ਉਸ ਦੇ ਨਾਲ[90] ਨਹੀਂ ਜਾਣਾ, ਉਹ ਮਿਹਨਤ ਮੁਸ਼ੱਕਤ[86] ਕਰ ਕੇ ਬਣਾਉਂਦਾ[87] ਹੈ। ਉਸ[91] ਨਿਵਾਸ ਅਸਥਾਨ ਦੀ ਕਦਰ[93] ਉਹੀ[92] ਜਾਣਦਾ ਹੈ, ਜਿਸ ਉਤੇ ਮੁਕੰਮਲ[95] ਮੁਬਾਰਕ ਮਾਲਕ[96] ਆਪਣੀ ਮਿਹਰ ਦੀ ਨਜ਼ਰ[94] ਧਾਰਦਾ ਹੈ।

ਡੇਰਾ ਨਿਹਚਲੁ[97] ਸਚੁ ਸਾਧਸੰਗ ਪਾਇਆ ॥ ਨਾਨਕ[98] ਤੇ ਜਨ[99] ਨਹ ਡੋਲਾਇਆ[100] ॥੨੯॥

This dwelling is permanent[97] and true and is obtained through the society of Saints, Nanak, those[98] slaves[99], who obtain it, waver[100] not.

ਇਹ ਨਿਵਾਸ ਅਸਥਾਨ ਮੁਸਤਕਿਲ[97] ਤੇ ਸੱਚਾ ਹੈ, ਅਤੇ ਸਤਿਸੰਗਤ ਰਾਹੀਂ ਪ੍ਰਾਪਤ ਹੁੰਦਾ ਹੈ। ਨਾਨਕ ਉਹ[98] ਗੋਲੇ[99] ਜੋ ਇਸ ਨੂੰ ਪਾ ਲੈਂਦੇ ਹਨ, ਡਿਕੋਡੋਲੇ[100] ਨਹੀਂ ਖਾਂਦੇ।

ਸਲੋਕੁ

ਢਾਹਨ[2] ਲਾਗੇ ਧਰਮ ਰਾਇ[3] ਕਿਨਹਿ ਨ ਘਾਲਿਓ[4] ਬੰਧ[5] ॥
ਨਾਨਕ ਉਬਰੇ[6] ਜਪਿ[7] ਹਰੀ ਸਾਧਸੰਗਿ ਸਨਬੰਧ[8] ॥੧॥

Slok.

When the Righteous Judge[3] begins to demolish[2], no one can put[4] a check[5] in His way.
Nanak, they who meditate[7] on God by establishing a tie[8] with the guild of Saints, are saved[6].

ਸਲੋਕ ।

ਜਦ ਧਰਮ ਰਾਜਾ[3] ਗਿਰਾਉਣ ਲਗਦਾ ਹੈ, ਕੋਈ ਭੀ ਉਸ ਦੇ ਰਾਹ ਵਿਚ ਰੁਕਾਵਟ[5] ਨਹੀਂ ਪਾ[4] ਸਕਦਾ।
ਜੋ ਸਤਿ ਸੰਗਤ ਨਾਲ ਨਾਤਾ[8] ਗੰਢ ਕੇ, ਵਾਹਿਗੁਰੂ ਦਾ ਸਿਮਰਨ[7] ਕਰਦੇ ਹਨ, ਨਾਨਕ, ਉਹ ਪਾਰ ਉਤਰ[6] ਜਾਂਦੇ ਹਨ ।

ਪਉੜੀ ॥

ਢਢਾ ਢੂਢਤ[9] ਕਹ[10] ਫਿਰਹੁ ਢੂਢਨੁ ਇਆ ਮਨ ਮਾਹਿ[12] ॥
ਸੰਗਿ[13] ਤੁਹਾਰੈ ਪ੍ਰਭੁ ਬਸੈ ਬਨੁ ਬਨੁ[14] ਕਹਾ[15] ਫਿਰਾਹਿ[16] ॥
ਢੇਰੀ[17] ਢਾਹਹੁ[18] ਸਾਧਸੰਗਿ [19]ਅਹੰਬੁਧਿ[20] ਬਿਕਰਾਲ[21]॥
ਸੁਖੁ[22] ਪਾਵਹੁ ਸਹਜੇ[23] ਬਸਹੁ[24] ਦਰਸਨੁ[25] ਦੇਖਿ[26] ਨਿਹਾਲ[27] ॥
ਢੇਰੀ[28] [29]ਜਾਮੈ[30] ਜਮਿ[31] ਮਰੈ[32] ਗਰਭ[33] ਜੋਨਿ[34] ਦੁਖੁ[35] ਪਾਇ[36] ॥
ਮੋਹ[37] ਮਗਨ[38] ਲਪਟਤ[39] ਰਹੈ ਹਉ ਹਉ[40] ਆਵੈ ਜਾਇ[41] ॥
ਢਹਤ ਢਹਤ[42] ਅਬ[43] ਢਹਿ ਪਰੇ[44] ਸਾਧ[45] ਜਨਾ[46] ਸਰਨਾਇ[47] ॥
ਦੁਖ[48] ਕੇ ਫਾਹੇ[49] ਕਾਟਿਆ[50] ਨਾਨਕ ਲੀਏ ਸਮਾਇ[51] ॥੩੦॥

Pauri.

Dh : Where[10] doest thou go about searching[9] ? The search is to be made in[12] this very mind.
The Lord resides with[13] thee, why[16] wanderest[16] thou from forest to forest[14] ?
In the society of Saints, pull down[18] the terrible[21] heap[17] of thy intellectual[20] pride[19].
So shalt thou find rest[22], abide[24] in peace[23] and be happy[27] by seeing[26] the sight[25] of the Lord.
He, within[30] whom[29] this heap[28] is, is born[31], dies[32] and suffers[36] the anguish[35] of the womb[33] life[34].
He who is intoxicated[38] with worldly love[37] and is entangled[39] in ego and self-conceit[40], continues coming and going[41].
I have now[43], slowly and steadily[42] fallen[44] under the protection[47] of the pious[45] persons[46].
The Master has cut[50] the meshes[49] of my distress[48] and blended[51] me with Himself, O Nanak.

ਪਉੜੀ

ਢ–ਤੂੰ ਲੱਭਣ[9] ਲਈ ਕਿੱਥੇ[10] ਜਾਂਦਾ ਹੈਂ ?
ਢੂੰਢ ਭਾਲ ਤਾਂ ਇਸ ਚਿੱਤ ਅੰਦਰ[12] ਹੀ ਕਰਨੀ ਹੈ ।
ਸੁਆਮੀ ਤੇਰੇ ਨਾਲ[13] ਹੀ ਰਹਿੰਦਾ ਹੈ, ਤੂੰ ਜੰਗਲ ਜੰਗਲ[14] ਕਿਉਂ[15] ਭਟਕਦਾ[16] ਫਿਰਦਾ ਹੈਂ ?
ਸਤਿ ਸੰਗਤਿ ਅੰਦਰ ਆਪਣੇ ਮਾਨਸਕ[20] ਹੰਕਾਰ[19] ਦੇ ਭਿਆਨਕ[21] ਟਿੱਬੇ[17] ਨੂੰ ਪਧਰਾ[18] ਕਰ ਦੇ ।
ਇੰਜ ਤੂੰ ਆਰਾਮ[22] ਪਾਵੇਂਗਾ, ਠੰਢ-ਚੈਨ[23] ਅੰਦਰ ਵਸੇਂਗਾ[24] ਅਤੇ ਸਾਹਿਬ ਦਾ ਦੀਦਾਰ[25] ਵੇਖ[26] ਕੇ ਪਰਸੰਨ[27] ਹੋਵੇਂਗਾ ।
ਜਿਸ[29] ਦੇ ਅੰਦਰ[30] ਇਹ ਅੰਬਾਰ[28] ਹੈ, ਉਹ ਜੰਮਦਾ[31] ਤੇ ਮਰਦਾ[32] ਹੈ ਅਤੇ ਬੱਚੇਦਾਨੀ[33] ਦੇ ਜੀਵਨ[34] ਦਾ ਕਸ਼ਟ[35] ਉਠਾਉਂਦਾ[36] ਹੈ !
ਜੋ ਸੰਸਾਰੀ ਮਮਤਾ[37] ਨਾਲ ਮਤਵਾਲਾ[38]ਹੋਇਆ ਹੋਇਆ ਹੈ ਅਤੇ ਹੰਕਾਰ ਤੇ ਸਵੈ-ਹੰਗਤਾ[40]ਅੰਦਰ ਫਾਥਾ[39] ਹੈ, ਉਹ ਆਉਂਦਾ ਤੇ ਜਾਂਦਾ[41] ਰਹਿੰਦਾ ਹੈ ।
ਮੈਂ ਹੁਣ[43], ਧੀਰੇ ਧੀਰੇ[42],ਪਵਿੱਤ੍ਰ[45] ਪੁਰਸ਼ਾਂ[46] ਦੀ ਪਨਾਹ[47] ਹੇਠਾਂ ਆ ਡਿੱਗਾ[44] ਹਾਂ ।
ਮਾਲਕ ਨੇ ਮੇਰੇ ਕਲੇਸ਼[48] ਦੀਆਂ ਫਾਹੀਆਂ[49] ਕਟ[50] ਛੱਡੀਆਂ ਹਨ ਅਤੇ ਮੈਨੂੰ ਆਪਣੇ ਵਿਚ ਲੀਨ[51] ਕਰ ਲਿਆ ਹੈ, ਹੇ ਨਾਨਕ !

ਸਲੋਕੁ ॥

ਜਹ[52] ਸਾਧੂ [53]ਗੋਬਿਦ[54]

Slok.

O Nanak, where[52] the Saints,ever[57],

ਸਲੋਕ ।

ਹੇ ਨਾਨਕ ! ਜਿਥੇ[52] ਸੰਤ, ਨਿਤਾਪ੍ਰਤੀ[57] ਸ੍ਰਿਸ਼ਟੀ[53] ਦੇ

ਭਜਨੁ[55] ਕੀਰਤਨੁ[56] ਨਾਨਕ ਨੀਤ[57] ॥
ਨਾ[58] ਹਉ[59] ਨਾ ਤੂੰ ਣਹ ਛੁਟਹਿ[60] ਨਿਕਟਿ[61] ਨ ਜਾਈਅਹੁ ਦੂਤ[62] ॥੧॥

repeat the World[53] Lord's[54] Name[55] and praise[56],
Such[52] sins[53] are clung[56] to the blind[55] foolishman[54].

ਇਹੋ ਜੇਹੇ[52] ਪਾਪ[53] ਅੰਨ੍ਹੇ[55] ਮੂਰਖ[54] ਨੂੰ ਚਿੰਮੜੇ[56] ਹੋਏ ਹਨ ।

ਨਾਨਕ ਕਾਢਿ ਲੇਹੁ[57] ਪ੍ਰਭ ਆਪੇ[58] ॥੨॥

Nanak, thou Thyself[58] save[57] him, O Lord.

ਨਾਨਕ, ਤੂੰ ਖ਼ੁਦ[58] ਹੀ ਉਸ ਦੀ ਰੱਖਿਆ[57] ਕਰ, ਹੇ ਸੁਆਮੀ !

ਆਦਿ[59] ਅੰਤਿ[60] ਜੋ ਰਾਖਨਹਾਰੁ[61]॥ ਤਿਸ[62]ਸਿਉ ਪ੍ਰੀਤਿ[63]ਨ ਕਰੈ ਗਵਾਰੁ[64] ॥

He, who is Protector[61] of all from beginning[59] to end[60], Him[62] the ignorant[64] man loves[63] not.

ਜੋ ਆਰੰਭ[59] ਤੋਂ ਅਖ਼ੀਰ[60]ਤੱਕ ਸਾਰਿਆਂ ਦਾ ਰਖਵਾਲਾ[61] ਹੈ, ਉਸ[62] ਨੂੰ ਬੇਸਮਝ[64] ਬੰਦਾ ਪਿਆਰ[63] ਨਹੀਂ ਕਰਦਾ ।

ਜਾਕੀ ਸੇਵਾ[66] ਨਵ ਨਿਧਿ[65] ਪਾਵੈ ॥ ਤਾ[67] ਸਿਉ ਮੂੜਾ[68] ਮਨੁ[69] ਨਹੀ ਲਾਵੈ[70] ॥

From whose service[66],he obtains the nine treasures[65] with Him[67], the fool[68] attaches[70] not his mind[69].

ਜਿਸ ਦੀ ਟਹਿਲ[66] ਤੋਂ ਉਸ ਨੂੰ ਨੌਂ ਖ਼ਜ਼ਾਨੇ[65] ਮਿਲਦੇ ਹਨ, ਉਸ[67] ਨਾਲ ਮੂਰਖ[68] ਆਪਣੇ ਚਿੱਤ[69] ਨੂੰ ਨਹੀਂ ਜੋੜਦਾ[70] ।

ਜੋ ਠਾਕੁਰੁ ਸਦ ਸਦਾ[71] ਹਜੂਰੇ[72] ॥ਤਾਕਉ[73]ਅੰਧਾ[74] ਜਾਨਤ ਦੂਰੇ[75] ॥

The Lord who is, ever and ever[71], just present[72], Him[73], the blind[74] thinks to be far away[75].

ਜੋ ਸੁਆਮੀ ਸਦੀਵ ਸਦੀਵ[71] ਹੀ ਐਨ ਪਰਤੱਖ[72] ਹੈ, ਉਸ[73] ਨੂੰ ਅੰਨ੍ਹਾ[74] ਦੂਰੇਡੇ[75] ਖ਼ਿਆਲ ਕਰਦਾ ਹੈ ।

ਜਾਕੀ ਟਹਲ[76] ਪਾਵੈ ਦਰਗਹ[77] ਮਾਨੁ[78] ॥
ਤਿਸਹਿ[79]ਬਿਸਾਰੈ[80]ਮੁਗਧੁ[81] ਅਜਾਨੁ[82] ॥ ਸਦਾ ਸਦਾ ਇਹੁ ਭੂਲਨਹਾਰੁ[83] ॥

By whose service[76] he is to attain honour[78] in Lord's Court[77], the ignorant[82] fool[81] forgets[80] Him[79].
Ever and ever, this man errs[83].

ਬੇਸਮਝ[82], ਬੇਵਕੂਫ[81] ਉਸ[79] ਨੂੰ ਭੁਲਾਉਂਦਾ[80] ਹੈ ਜਿਸ ਦੀ ਟਹਿਲ[76] ਸੇਵਾ ਨਾਲ ਉਸ ਨੇ ਸਾਂਈ ਦੇ ਦਰਬਾਰ[77] ਵਿੱਚ ਇੱਜ਼ਤ[78] ਪਾਉਣੀ ਹੈ ।
ਹਮੇਸ਼ਾ ਹਮੇਸ਼ਾ ਹੀ ਇਹ ਬੰਦਾ ਗ਼ਲਤੀ[83] ਕਰਦਾ ਹੈ ।

ਨਾਨਕ ਰਾਖਨਹਾਰੁ[84] ਅਪਾਰੁ[85] ॥੩॥

Nanak, the Infinite[85] Lord is the only Saviour[84].

ਨਾਨਕ, ਕੇਵਲ ਬੇਅੰਤ[85] ਸੁਆਮੀ ਹੀ ਰੱਖਿਆ ਕਰਨ ਵਾਲਾ[84] ਹੈ ।

ਰਤਨੁ[86] ਤਿਆਗਿ[87] ਕਉਡੀ[88] ਸੰਗਿ ਰਚੈ[89] ॥	Abandoning[87] a jewel[86], man is engrossed[89] with a shell[88].	ਮਾਣਕ[86] ਨੂੰ ਛੱਡ ਕੇ[87] ਆਦਮੀ ਕੌਡੀ[88] ਨਾਲ ਖਚਤ[89] ਹੋਇਆ ਹੋਇਆ ਹੈ ।
ਸਾਚੁ ਛੋਡਿ ਝੂਠ ਸੰਗਿ ਮਚੈ[90] ॥	He renounces truth and is pleased[90] with falsehood.	ਉਹ ਰਾਸਤੀ ਨੂੰ ਤਿਆਗਦਾ ਹੈ ਅਤੇ ਕੂੜ ਨਾਲ ਖ਼ੁਸ਼[90] ਹੁੰਦਾ ਹੈ ।
ਜੋ ਛਡਨਾ ਸੁ[91] ਅਸਥਿਰੁ[92] ਕਰਿ ਮਾਨੈ[93] ॥	What he is to leave, he deems[93] that[91] everlasting[92].	ਜਿਸ ਨੂੰ ਉਸ ਨੇ ਛੱਡ ਜਾਣਾ ਹੈ, ਉਸ[91] ਨੂੰ ਉਹ ਸਦੀਵੀ[92] ਸਥਿਰ ਜਾਣਦਾ[93] ਹੈ ।
ਜੋ ਹੋਵਨੁ ਸੋ ਦੂਰਿ[94] ਪਰਾਨੈ[95] ॥	What is to happen, he recognises[95] that to be distant[94].	ਜਿਹੜਾ ਕੁਛ ਹੋਣਾ ਹੈ, ਉਸ[96] ਨੂੰ ਉਹ ਦੂਰੇਡਾ[94] ਸਮਝਦਾ[95] ਹੈ ।
ਛੋਡਿ ਜਾਇ ਤਿਸ ਕਾ[96] ਸ੍ਰਮੁ[97] ਕਰੈ ॥	What he has to part, he toils[97] after that[96].	ਜਿਸ ਨੂੰ ਉਸ ਨੇ ਛੱਡ ਜਾਣਾ ਹੈ ਉਸ[96] ਦੀ ਖ਼ਾਤਰ ਉਹ ਤਕਲੀਫ਼[97] ਉਠਾਉਂਦਾ ਹੈ ।
ਸੰਗਿ[97*] ਸਹਾਈ[98] ਤਿਸੁ[99] ਪਰਹਰੈ[100] ॥	He spurns[100] the[99] Succourer[98] who is ever with[97*] him.	ਉਹ ਉਸ[99] ਸਹਾਇਕ[98] ਨੂੰ ਤਿਆਗਦਾ[100] ਹੈ, ਜੋ ਹਮੇਸ਼ਾ ਉਸ ਦੇ ਨਾਲ[97*] ਹੈ ।
ਚੰਦਨ[2] ਲੇਪੁ[3] ਉਤਾਰੈ[4] ਧੋਇ[5] ॥	He washes[5] away and removes[4] the sandal[2] paste[3].	ਉਹ ਚੰਨਣ[2] ਦੇ ਲੇਪਣ[3] ਨੂੰ ਧੋ[5] ਕੇ ਲਾਹ ਸੁਟਦਾ[4] ਹੈ ।
ਗਰਧਬ[6] ਪ੍ਰੀਤਿ[7] ਭਸਮ[8] ਸੰਗਿ ਹੋਇ ॥	The donkey[6] professes love[7] for ashes[8] alone.	ਖੋਤੇ[6] ਦਾ ਕੇਵਲ ਸੁਆਹ[8] ਨਾਲ ਹੀ ਪਿਆਰ[7] ਹੈ ।
ਅੰਧ[9]ਕੂਪ[10]ਮਹਿ[12]ਪਤਿਤ[13] ਬਿਕਰਾਲ[14] ॥	The man has fallen[13] into[12] the terribly[14] blind[9] well[10].	ਬੰਦਾ ਭਿਆਨਕ[14] ਅਨ੍ਹੇਰੇ[9] ਖੂਹ[10] ਵਿੱਚ[12] ਡਿੱਗਿਆ[13] ਪਿਆ ਹੈ ।
ਨਾਨਕ ਕਾਢਿ[15] ਲੇਹੁ ਪ੍ਰਭ ਦਇਆਲ[16] ॥੪॥	Nanak, O Merciful[16] Master, do Thou extricate[15] him.	ਨਾਨਕ, ਹੇ ਮਿਹਰਬਾਨ[16] ਮਾਲਕ ! ਤੂੰ ਉਸ ਨੂੰ ਬਾਹਰ[15] ਧੂ ਲੈ ।
ਕਰਤੂਤਿ[17] ਪਸੂ[18] ਕੀ ਮਾਨਸ[19] ਜਾਤਿ[20] ॥	He belongs to the human[19] species[20], but his acts[17] are those of beasts[18].	ਉਹ ਹੈ ਤਾਂ ਮਨੁੱਖ[19] ਸ਼ਰੇਣੀ[20] ਵਿੱਚੋਂ ਪਰ ਅਮਲ[17] ਹਨ ਉਸ ਦੇ ਡੰਗਰਾਂ[18] ਵਾਲੇ ।
ਲੋਕ ਪਚਾਰਾ[21] ਕਰੈ ਦਿਨੁ ਰਾਤਿ ॥	He humbugs[21] people day and night.	ਉਹ ਦਿਨ ਰਾਤ ਬੰਦਿਆਂ ਨਾਲ ਜ਼ਾਹਰਦਾਰੀ[21] ਕਰਦਾ ਹੈ ।
ਬਾਹਰਿ[22] ਭੇਖ[23] ਅੰਤਰਿ[24] ਮਲੁ[25] ਮਾਇਆ[26] ॥	Outwardly[22] wearing religious garbs[23], inwardly[24] has the filth[25] of worldliness[26].	ਦਿਖਾਵੇ[22] ਲਈ ਤਾਂ ਉਹ ਧਾਰਮਕ ਲਿਬਾਸ[23] ਪਹਿਨੀ ਫਿਰਦਾ ਹੈ, ਪਰ ਉਸ ਦੇ ਦਿਲ[24] ਵਿੱਚ ਦੁਨੀਆਦਾਰੀ[26] ਦੀ ਮੈਲ[25] ਹੈ ।
ਛਪਸਿ[27] ਨਾਹਿ ਕਛੁ[28] ਕਰੈ ਛਪਾਇਆ[29] ॥	Howsoever[28] he may try to conceal[29], he cannot conceal[27] his real self.	ਜਿੰਨਾ ਜੀ ਕਰੇ[28] ਭਾਵੇਂ ਉਹ ਲੁਕਾਵੇ[29], ਪਰ ਉਹ ਆਪਣੀ ਅਸਲੀਅਤ ਨੂੰ ਲੁਕਾ[27] ਨਹੀਂ ਸਕਦਾ ।
ਬਾਹਰਿ[30] ਗਿਆਨ[31] ਧਿਆਨ[32] ਇਸਨਾਨ[33] ॥	He makes a show[30] of Divine knowledge[31], contemplation[32] and ablution[33].	ਉਹ ਬ੍ਰਹਿਮ-ਬੋਧ[31], ਸਿਮਰਨ[32] ਅਤੇ ਭਜਨ[33] ਕਰਨ ਦਾ ਦਿਖਲਾਵਾ[30] ਕਰਦਾ ਹੈ ।
ਅੰਤਰਿ[34] ਬਿਆਪੈ[35] ਲੋਭੁ[36] ਸੁਆਨੁ[37] ॥	But to his mind[34] is clung[35] the dog[37] of greed[36].	ਪਰ ਉਸ ਦੇ ਮਨ[34] ਨੂੰ ਲਾਲਚ[36] ਦਾ ਕੁੱਤਾ[37] ਚਿਮੜਿਆ[35] ਹੋਇਆ ਹੈ ।

ਅੰਤਰਿ[38] ਅਗਨਿ[39] ਬਾਹਰਿ[40]ਤਨੂ[41] ਸੁਆਹ[42]॥	He has fire[39] within[38] and ashes[42] without[40] (on) his body[41].	ਉਸ ਦੇ ਸਰੀਰ[41] ਦੇ ਅੰਦਰ[38] ਅੱਗ[39] ਹੈ ਅਤੇ ਬਾਹਰਵਾਰ[40] ਰਾਖ[42]।
ਗਲਿ[43] ਪਾਥਰ[44] ਕੈਸੇ[45] ਤਰੈ[46] ਅਥਾਹ[47] ॥	With the stone[44] around his neck[43], how[45] can he cross[46] the unfathomable[47] ocean ?	ਆਪਣੀ ਗਰਦਨ[43] ਦੁਆਲੇ ਪੱਥਰ[44] ਦੇ ਨਾਲ ਉਹ ਅਤੀ ਡੂੰਘੇ[47] ਸਮੁੰਦਰ ਤੋਂ ਕਿਸ ਤਰ੍ਹਾਂ[45] ਪਾਰ[46] ਹੋ ਸਕਦਾ ਹੈ ?
ਜਾਕੈ ਅੰਤਰਿ ਬਸੈ[48] ਪ੍ਰਭੁ ਆਪਿ[49] ॥ ਨਾਨਕ ਤੇ[50] ਜਨ[51]ਸਹਜਿ[52] ਸਮਾਤਿ[53]॥ ੫॥	He, within whose heart the Lord Himself[49] abides[48]; Nanak, that[50] man[51] merges[53] into the Master[52].	ਜਿਸ ਦੇ ਦਿਲ ਅੰਦਰ ਸੁਆਮੀ ਖੁਦ[49] ਨਿਵਾਸ[48] ਰਖਦਾ ਹੈ, ਨਾਨਕ ਉਹ[50] ਆਦਮੀ[51] ਮਾਲਕ[52] ਨਾਲ ਅਭੇਦ[53] ਹੋ ਜਾਂਦਾ ਹੈ।
ਸੁਨਿ[54] ਅੰਧਾ[55] ਕੈਸੇ[56] ਮਾਰਗੁ[57] ਪਾਵੈ[58] ॥	By hearing[54] alone, how[56] can the blind[55] man find[58] the path[57] ?	ਕੇਵਲ ਸੁਣਨ[54] ਦੁਆਰਾ ਹੀ ਮੁਨਾਖਾ[55] ਮਨੁੱਖ ਕਿਸ ਤਰ੍ਹਾਂ[56] ਰਸਤਾ[57] ਲੱਭ[58] ਸਕਦਾ ਹੈ ?
ਕਰੁ[59] ਗਹਿ[60] ਲੇਹੁ ਓੜਿ ਨਿਬਹਾਵੈ[61] ॥	Take[60] his hand[59] and he shall reach the destination[61].	ਉਸ ਦਾ ਹੱਥ[59] ਫੜ[60] ਲਓ ਅਤੇ ਉਹ ਟਿਕਾਣੇ ਤੇ ਪੁੱਜ ਜਾਏਗਾ[61]।
ਕਹਾ[62] ਬੁਝਾਰਤਿ[63] ਬੂਝੈ[64] ਡੋਰਾ[65] ॥	How[62] can a deaf man[65] understand[64] the riddle[63] ?	ਬੋਲਾ ਆਦਮੀ[65] ਬਾਤ[63] ਕਿਸ ਤਰ੍ਹਾਂ[62] ਬੁੱਝ[64] ਸਕਦਾ ਹੈ ?
ਨਿਸਿ[66] ਕਹੀਐ[67] ਤਉ[68] ਸਮਝੈ ਭੋਰਾ[69] ॥	When we say[67] night[66], then[68], he understands day[69].	ਜਦ ਅਸੀਂ ਰਾਤ[66] ਕਹਿੰਦੇ[67] ਹਾਂ ਤਾਂ[68] ਉਹ ਦਿਨ[69] ਸਮਝਦਾ ਹੈ।
ਕਹਾ[70] ਬਿਸਨਪਦ[71] ਗਾਵੈ ਗੂੰਗ[72] ॥	How[70] can a dumb man[72] sing Lord's[71] staves ?	ਗੂੰਗਾ ਆਦਮੀ[72] ਸੁਆਮੀ[71] ਦੇ ਗੀਤ ਕਿਸ ਤਰ੍ਹਾਂ[70] ਗਾ ਸਕਦਾ ਹੈ ?
ਜਤਨ[73] ਕਰੈ ਤਉ[74] ਭੀ ਸੁਰ[75] ਭੰਗ[76] ॥	Though he may make an effort[73], even then[74], his voice[75] breaks[76].	ਜੇਕਰ ਉਹ ਉਪਰਾਲਾ[73] ਭੀ ਕਰੇ ਤਾਂ[74] ਭੀ ਉਸ ਦੀ ਆਵਾਜ਼[75] ਟੁਟ[76] ਜਾਂਦੀ ਹੈ।
ਕਹ ਪਿੰਗੁਲ[77] ਪਰਬਤ[78] ਪਰ[79] ਭਵਨ[80] ॥	How can a cripple[77] roam[80] on[79] a mountain[78] ?	ਲੰਗੜਾ[77] ਪਹਾੜ[78] ਉਤੇ[79] ਕਿਸ ਤਰ੍ਹਾਂ ਚੱਕਰ[80] ਕੱਟ ਸਕਦਾ ਹੈ ?
ਨਹੀ ਹੋਤ ਊਹਾ[81] ਉਸੁ ਗਵਨ[82] ॥	His going[82] there[81] is not possible.	ਉਸ ਦਾ ਉਥੇ[81] ਜਾਣਾ[82] ਸੰਭਵ ਨਹੀਂ।
ਕਰਤਾਰ[83] ਕਰੁਣਾਮੈ[84] ਦੀਨੁ[85] ਬੇਨਤੀ[86] ਕਰੈ ॥ ਨਾਨਕ ਤੁਮਰੀ ਕਿਰਪਾ[87] ਤਰੈ[88] ॥੬॥	O Creator[83], embodiment of compassion[84],humble[85] Nanak makes a supplication[86], that he may be saved[88] through Thine favour[87].	ਹੇ ਰਹਿਮਤ ਦੇ ਪੁੰਜ[84], ਸਿਰਜਣਹਾਰ[83], ਮਸਕੀਨ[85] ਨਾਨਕ ਜੋਦੜੀ[86] ਕਰਦਾ ਹੈ ਕਿ ਉਹ ਤੇਰੀ ਮਿਹਰ[87] ਰਾਹੀਂ ਹੀ ਪਾਰ ਉਤਰ[88] ਸਕਦਾ ਹੈ।
ਸੰਗਿ[89] ਸਹਾਈ[90] ਸੁ ਆਵੈ ਨ ਚੀਤਿ[91] ॥	The mortal thinks[91] not of his Succourer[90], who is with[89] him.	ਜੀਵ ਆਪਣੇ ਮਦਦਗਾਰ[90] ਨੂੰ ਯਾਦ[91] ਨਹੀਂ ਕਰਦਾ ਜੋ ਉਸ ਦੇ ਨਾਲ[89] ਹੀ ਹੈ।
ਜੋ ਬੈਰਾਈ[92] ਤਾ ਸਿਉ ਪ੍ਰੀਤਿ[93] ॥	He bears love[93] to the one who is his enemy[92].	ਉਹ ਉਸ ਨੂੰ ਪਿਆਰ[93] ਕਰਦਾ ਹੈ, ਜੋ ਉਸ ਦਾ ਵੈਰੀ[92] ਹੈ।
ਬਲੂਆ[94] ਕੇ ਗ੍ਰਿਹ[95] ਭੀਤਰਿ[96] ਬਸੈ[97] ॥	He abides[97] in[96] the house[95] of sand[94].	ਉਹ ਰੇਤ[94] ਦੇ ਘਰ[95] ਵਿੱਚ[96] ਰਹਿੰਦਾ[97] ਹੈ।

ਅਨਦ[98]ਕੇਲ[99]ਮਾਇਆ[100] ਰੰਗਿ[2] ਰਸੈ[3] ॥	He enjoys[3] joyous[98] sports[99] and pleasures[2] of wealth[100].	ਉਹ ਖ਼ੁਸ਼ੀ[98] ਦੀਆਂ ਖੇਡਾਂ[99] ਤੇ ਦੌਲਤ[100] ਦੇ ਅਨੰਦ[2] ਮਾਣਦਾ[3] ਹੈ ।
ਦ੍ਰਿੜੁ[4] ਕਰਿ ਮਾਨੈ[5] ਮਨਹਿ[6] ਪ੍ਰਤੀਤਿ[7] ॥	He deems[5] these revelments permanent[4]. This is his mind's[6] faith[7].	ਉਹ ਇਨ੍ਹਾਂ ਰੰਗਰਲੀਆਂ ਨੂੰ ਮੁਸਤਕਿਲ[4] ਜਾਣਦਾ[5] ਹੈ । ਇਹ ਹੈ ਉਸ ਦੇ ਦਿਲ[6] ਦਾ ਯਕੀਨ[7] ।
ਕਾਲੁ[8] ਨ ਆਵੈ ਮੂੜੇ[9] ਚੀਤਿ[10] ॥	In his heart[10], the fool[9] thinks not of death[8].	ਆਪਣੇ ਦਿਲ[10] ਵਿੱਚ ਮੂਰਖ[9] ਮੌਤ[8] ਨੂੰ ਯਾਦ ਹੀ ਨਹੀਂ ਕਰਦਾ ।
ਬੈਰ[12] ਬਿਰੋਧ[13] ਕਾਮ[14] ਕ੍ਰੋਧ[15] ਮੋਹ[16] ॥ ਝੂਠ[17] ਬਿਕਾਰ[18] ਮਹਾ[19] ਲੋਭ[20] ਧ੍ਰੋਹ[21] ॥	Enmity[12], strife[13], lust[14], wrath[15], worldly[16] love, falsehood[17], sin[18], excessive[19] greed[20] and deceit[21],	ਦੁਸ਼ਮਨੀ[12], ਵਾਦ-ਵਿਵਾਦ[13], ਵਿਸ਼ੇਭੋਗ[14], ਗੁੱਸਾ[15], ਮਮਤਾ[16], ਕੂੜ[17], ਪਾਪ[18], ਪਰਮ[19] ਲਾਲਚ[20] ਅਤੇ ਛਲ-ਕਪਟ[21],
੨੬੮	268	੨੬੮
ਇਆਹੂ[22] ਜੁਗਤਿ[23] ਬਿਹਾਨੇ[24]ਕਈ[25] ਜਨਮ[26]॥	In their[22] ways[23] man has passed[24] away many[25] lives[26].	ਇਨ੍ਹਾਂ[22] ਦੇ ਮਾਰਗ[23] ਵਿੱਚ ਬੰਦੇ ਨੇ ਅਨੇਕਾਂ[25] ਜੀਵਨ[26] ਬਿਤੀਤ[24] ਕੀਤੇ ਹਨ ।
ਨਾਨਕ ਰਾਖਿ[27] ਲੇਹੁ ਆਪਨ[30] ਕਰਿ[29] ਕਰਮ[28] ॥੭॥	O Lord, redeem[27] Nanak, by showing[29] Thine[30] mercy[28].	ਹੇ ਪ੍ਰਭੂ, ਆਪਣੀ[30] ਰਹਿਮਤ[28] ਧਾਰ ਕੇ[29] ਨਾਨਕ ਦਾ ਪਾਰ ਉਤਾਰਾ[27] ਕਰ ।
ਤੂ ਠਾਕੁਰੁ ਤੁਮ ਪਹਿ[29*] ਅਰਦਾਸਿ[30*] ॥	Thou art the Lord, I make this supplication[30*] unto[29*] Thee.	ਤੂੰ ਸੁਆਮੀ ਹੈਂ, ਮੇਰੀ ਇਹ ਬੇਨਤੀ[30*] ਤੇਰੇ ਕੋਲ[29*] ਹੈ ।
ਜੀਉ[31] ਪਿੰਡੁ[32] ਸਭੁ ਤੇਰੀ ਰਾਸਿ[33] ॥	My soul[31] and body[32] are all Thine capital[33].	ਮੇਰੀ ਆਤਮਾ[31] ਅਤੇ ਦੇਹਿ[32] ਸਮੂਹ ਤੇਰੀ ਹੀ ਪੂੰਜੀ[33] ਹਨ ।
ਤੁਮ ਮਾਤ ਪਿਤਾ ਹਮ ਬਾਰਿਕ[34] ਤੇਰੇ ॥	Thou art Mother and Father and we are Thine children[34].	ਤੂੰ ਮਾਂ ਅਤੇ ਪਿਓ ਹੈਂ ਅਤੇ ਅਸੀਂ ਤੇਰੇ ਬੱਚੇ[34] ਹਾਂ ।
ਤੁਮਰੀ ਕ੍ਰਿਪਾ[35] ਮਹਿ[36] ਸੂਖ ਘਨੇਰੇ[37] ॥	In[36] Thine grace[35] lie many[37] comforts.	ਤੇਰੀ ਦਇਆਲਤਾ[35] ਅੰਦਰ[36] ਬਹੁਤ[37] ਆਰਾਮ ਹਨ ।
ਕੋਇ ਨ ਜਾਨੈ ਤੁਮਰਾ ਅੰਤੁ[38] ॥	No one knows Thy limit[38].	ਤੇਰਾ ਓੜਕ[38] ਕੋਈ ਨਹੀਂ ਜਾਣਦਾ ।
ਊਚੇ[40] ਤੇ ਊਚਾ ਭਗਵੰਤ[39] ॥	Thou, O Wealthy[39] Lord, art the Highest of the high[40].	ਤੂੰ ਹੇ ਧਨਾਢ[39] ਸਾਹਿਬ ! ਬੁਲੰਦਾਂ ਦਾ ਪਰਮ ਬੁਲੰਦ[40] ਹੈ ।
ਸਗਲ ਸਮਗ੍ਰੀ[41] ਤੁਮਰੈ ਸੂਤ੍ਰਿ[42] ਧਾਰੀ[43] ॥	The entire creation[41] is strung[43] on Thy thread[42].	ਸਾਰੀ ਰਚਨਾ[41] ਤੇਰੇ ਧਾਗੇ[42] ਅੰਦਰ ਪ੍ਰੋਤੀ[43] ਹੋਈ ਹੈ ।
ਤੁਮ[44] ਤੇ[45] ਹੋਇ[46] ਸੁ[47] ਆਗਿਆਕਾਰੀ[48] ॥	What[47] has sprung[46] from[45] Thee[44], that is in Thy command[48].	ਜੋ ਕੁਛ[47] ਤੇਰੇ[44] ਤੋਂ[45] ਉਤਪੰਨ[46] ਹੋਇਆ ਹੈ, ਉਹ ਤੇਰੇ ਹੁਕਮ ਅੰਦਰ[48] ਹੈ ।
ਤੁਮਰੀ ਗਤਿ[49] ਮਿਤਿ[50]ਤੁਮ ਹੀ ਜਾਨੀ ॥	Thine condition[49] and extent[50], Thou alone knowest.	ਆਪਣੀ ਅਵਸਥਾ[49] ਅਤੇ ਵਿਸਥਾਰ[50] ਕੇਵਲ ਤੂੰ ਹੀ ਜਾਣਦਾ ਹੈਂ ।

ਨਾਨਕ ਦਾਸ[51] ਸਦਾ ਕੁਰਬਾਨੀ[52] ॥੮॥੪॥

Nanak, a slave[51] of Thine is ever a sacrifice[52] unto Thee.

ਤੇਰਾ ਗੋਲਾ[51], ਨਾਨਕ, ਸਦੀਵ ਹੀ, ਤੇਰੇ ਉਤੋਂ ਘੋਲੀ[52] ਜਾਂਦਾ ਹੈ ।

ਸਲੋਕੁ ॥

Slok.

ਸਲੋਕ ।

ਦੇਨਹਾਰੁ[53] ਪ੍ਰਭੁ ਛੋਡਿ ਕੈ[54] ਲਾਗਹਿ[55] ਆਨ[56] ਸੁਆਇ[57] ॥ ਨਾਨਕ ਕਹੂ[58] ਨ ਸੀਝਈ[59] ਬਿਨੁ ਨਾਵੈ ਪਤਿ[60] ਜਾਇ[61] ॥੫॥

He, who abandons[54] God, the Giver[53] and attaches[55] himself to other[56] pleasures[57], shall nowhere[58] succeed[59], and without the Name, O Nanak, shall lose[61] his honour[60].

ਜੋ ਵਾਹਿਗੁਰੂ ਦਾਤਾਰ[53] ਨੂੰ ਤਿਆਗ[54] ਕੇ ਹੋਰਨਾਂ[56] ਰਸਾਂ[57] ਨਾਲ ਜੁੜਦਾ[55] ਹੈ, ਉਹ ਕਿਧਰੇ[58] ਭੀ ਕਾਮਯਾਬ[59] ਨਹੀਂ ਹੋਣਾ, ਅਤੇ ਨਾਮ ਦੇ ਬਗੈਰ, ਹੇ ਨਾਨਕ ! ਆਪਣੀ ਇੱਜ਼ਤ ਆਬਰੂ[60] ਗੁਆ[61] ਲਵੇਗਾ ।

ਅਸਟਪਦੀ ॥

Ashtpadi.

ਅਸ਼ਟਪਦੀ ।

ਦਸ ਬਸਤੂ[62] ਲੇ[65] ਪਾਛੈ[63] ਪਾਵੈ[64] ॥

The mortal obtains[65] ten things[62] and puts[64] them behind[63].

ਆਦਮੀ ਦਸ ਚੀਜ਼ਾਂ[62] ਲੈ[65] ਕੇ ਪਿਛੇ[63] ਰੱਖ[64] ਲੈਂਦਾ ਹੈ ।

ਏਕ ਬਸਤੁ ਕਾਰਨਿ[66] ਬਿਖੋਟਿ[67] ਗਵਾਵੈ[68] ॥

For the sake[66] of one thing, he forfeits[68] his confidence[67].

ਇਕ ਚੀਜ਼ ਦੀ ਖ਼ਾਤਰ[66], ਉਹ ਆਪਣਾ ਇਤਬਾਰ[67] ਗੁਆ[68] ਲੈਂਦਾ ਹੈ ।

ਏਕ ਭੀ ਨ ਦੇਇ ਦਸ ਭੀ ਹਿਰਿ[69] ਲੇਇ ॥ ਤਉ[70] ਮੂੜਾ[71] ਕਹੁ[72] ਕਹਾ[73] ਕਰੇਇ[74] ॥

If the Lord gives not even one thing, and takes away[69] the ten, then[70], say,[72], what[73] can this fool[71] do[74] ?

ਜੇਕਰ ਪ੍ਰਭੂ ਇਕ ਚੀਜ਼ ਭੀ ਨਾ ਦੇਵੇ, ਅਤੇ ਦੱਸ ਭੀ ਖੋਹ ਲਵੇ[69], ਤਦ[70] ਦੱਸੋ[72] ਇਹ ਮੂਰਖ[71] ਕੀ[73] ਕਰ[74] ਸਕਦਾ ਹੈ ?

ਜਿਸੁ ਠਾਕੁਰ ਸਿਉ ਨਾਹੀ ਚਾਰਾ[75] ॥ ਤਾਕਉ[76] ਕੀਜੈ ਸਦ ਨਮਸਕਾਰਾ[77] ॥

The Lord with whom force[75] is of no avail, unto Him[76] ever make an obeisance[77].

ਜਿਸ ਸੁਆਮੀ ਮੂਹਰੇ ਜ਼ੋਰ[75] ਨਹੀਂ ਚਲਦਾ, ਉਸ[76] ਨੂੰ ਸਦੀਵ ਹੀ ਪ੍ਰਣਾਮ[77] ਕਰ ।

ਜਾਕੈ ਮਨਿ[78] ਲਾਗਾ[79] ਪ੍ਰਭੁ ਮੀਠਾ[80] ॥ ਸਰਬ ਸੂਖ[81] ਤਾਹੂ[82] ਮਨਿ[83] ਵੂਠਾ[84] ॥

All the comforts[81] abide[84] within the heart[83] of him[82], to whose mind[78] the Master is[79] sweet[80].

ਸਾਰੇ ਆਰਾਮ[81] ਉਸ[82] ਦੇ ਦਿਲ[83] ਵਿੱਚ ਵਸਦੇ[84] ਹਨ, ਜਿਸ ਦੇ ਚਿੱਤ[78] ਨੂੰ ਮਾਲਕ ਮਿੱਠਾ[80] ਲਗਦਾ[79] ਹੈ ।

ਜਿਸੁ ਜਨ[85] ਅਪਨਾ ਹੁਕਮੁ[86] ਮਨਾਇਆ[87] ॥ ਸਰਬ ਥੋਕ[88] ਨਾਨਕ ਤਿਨਿ[89] ਪਾਇਆ ॥ ੧ ॥

The person[85], whom God has caused to obey[87] His order[86], O Nanak, he[89] obtains all the things[88].

ਜਿਸ ਪੁਰਸ਼[85] ਪਾਸੋਂ ਵਾਹਿਗੁਰੂ ਆਪਣੇ ਫ਼ੁਰਮਾਨ[86] ਦੀ ਤਾਮੀਲ[87] ਕਰਾਉਂਦਾ ਹੈ, ਹੇ ਨਾਨਕ ! ਉਹ[89] ਸਾਰੀਆਂ ਵਸਤੂਆਂ[88] ਪਾ ਲੈਂਦਾ ਹੈ ।

ਅਗਨਤ[91] ਸਾਹੁ[92] ਅਪਨੀ ਦੇ[93] ਰਾਸਿ[94] ॥

The Banker[92] gives[93] His countless[91] capital[94] to the mortal.

ਸ਼ਾਹੂਕਾਰ[92] ਪ੍ਰਾਣੀ ਨੂੰ ਆਪਣੀ ਅਣਗਿਣਤ[91] ਪੂੰਜੀ[94] ਦਿੰਦਾ[93] ਹੈ ।

ਖਾਤ[95] ਪੀਤ[96] ਬਰਤੈ[97] ਅਨਦ[98] ਉਲਾਸਿ[99] ॥

He eats[95], drinks[96] and expends[97] it with joy[98] and pleasure[99].

ਉਹ ਇਸ ਨੂੰ ਖ਼ੁਸ਼ੀ[98] ਤੇ ਪਰਸੰਨਤਾ[99] ਨਾਲ ਖਾਂਦਾ[95], ਪੀਂਦਾ[96] ਅਤੇ ਖਰਚਦਾ[97] ਹੈ ।

ਅਪੁਨੀ ਅਮਾਨ[100] ਕਛੁ[2] ਬਹੁਰਿ[3] ਸਾਹੁ[4] ਲੇਇ[5] ॥ ਅਗਿਆਨੀ[6] ਮਨਿ ਰੋਸੁ[7] ਕਰੇਇ ॥

If the Banker[4], afterwards[3], takes[5] back some[2] of his entrusted capital[100], the ignorant[6] man becomes angry[7] in his mind.

ਜੇਕਰ ਸ਼ਾਹੂਕਾਰ[4], ਮਗਰੋਂ[3] ਆਪਣੀ ਅਮਾਨਤ[100] ਵਿੱਚੋਂ[1] ਕੁਝ ਕੁ[2] ਵਾਪਸ ਲੈ[5] ਲਵੇ, ਤਾਂ ਬੇਸਮਝ[6] ਬੰਦਾ ਆਪਣੇ ਚਿੱਤ ਵਿੱਚ ਗੁੱਸਾ[7] ਕਰਦਾ ਹੈ ।

ਅਪਨੀ ਪਰਤੀਤਿ[8] ਆਪ[9] ਹੀ ਖੋਵੈ[10] ॥	By his own[9] acts, he forfeits[10] his credit[8].	ਆਪਣੇ[9] ਅਮਲ ਦੁਆਰਾ ਉਹ ਆਪਣਾ ਇਤਬਾਰ[8] ਗੁਆ[10] ਲੈਂਦਾ ਹੈ।
ਬਹੁਰਿ[12]ਉਸ ਕਾ ਬਿਸ੍ਵਾਸੁ[13] ਨ ਹੋਵੈ ॥	The Lord, again[12], trusts[13] him not.	ਪ੍ਰਭੂ, ਮੁੜ[12] ਉਸ ਦੇ ਇਤਬਾਰ[13] ਨਹੀਂ ਕਰਦਾ।
ਜਿਸ ਕੀ ਬਸਤੁ[14] ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ[15] ਮਾਥੈ[16] ॥	He should place the thing[14] before Him, to whom it belongs, and should most willingly[16] obey[15] his Lord's order.	ਜਿਸ ਦੀ ਵਸਤੂ[14] ਹੈ, ਉਸ ਨੂੰ ਉਹ ਉਸ ਦੇ ਮੂਹਰੇ ਰੱਖਣੀ ਚਾਹੀਦੀ ਹੈ ਅਤੇ ਉਸ ਨੂੰ ਸਾਹਿਬ ਦਾ ਹੁਕਮ ਖਿੜੇ ਮੱਥੇ[16] ਮੰਨਣਾ[15] ਯੋਗ ਹੈ।
ਉਸ ਤੇ ਚਉਗੁਨ[17] ਕਰੈ ਨਿਹਾਲੁ[18] ॥	There-at, the Lord will make him four-fold[17] happy[18].	ਉਸ ਉਤੇ ਸੁਆਮੀ ਉਸ ਨੂੰ ਚਾਰ ਗੁਣਾ[17] ਪ੍ਰਸੰਨ[18] ਕਰੇਗਾ।
ਨਾਨਕ ਸਾਹਿਬੁ ਸਦਾ[19] ਦਇਆਲੁ[20] ॥੨॥	Nanak, the Lord is ever[19] Merciful[20].	ਨਾਨਕ ਸੁਆਮੀ ਸਦੀਵ[19] ਹੀ ਮਿਹਰਬਾਨ[20] ਹੈ।
ਅਨਿਕ[21] ਭਾਤਿ[22] ਮਾਇਆ[23] ਕੇ ਹੇਤ[24] ॥ ਸਰਪਰ[25] ਹੋਵਤ[26] ਜਾਨੁ[27] ਅਨੇਤ[28] ॥	Know[27] that, the various[21] forms[22] of worldly[23] attachments[24] are temporary[28] and that they shall, assuredly[25], passaway[26].	ਸਮਝ[27] ਲੈ ਕਿ ਅਨੇਕਾਂ[21] ਤਰ੍ਹਾਂ[22] ਦੀਆਂ ਸੰਸਾਰੀ[23] ਲਗਨਾਂ[24] ਆਰਜ਼ੀ[28] ਹਨ ਅਤੇ ਇਹ ਨਿਸਚਿਤ[25] ਹੀ ਨਾਸ ਹੋ ਜਾਣਗੀਆਂ[26]।
ਬਿਰਖ[29] ਕੀ ਛਾਇਆ[30] ਸਿਉ ਰੰਗੁ[31] ਲਾਵੈ ॥ ਓਹ ਬਿਨਸੈ[32] ਉਹੁ ਮਨਿ ਪਛੁਤਾਵੈ[33] ॥	Man falls in love[31] with the shade[30] of the tree[29], when that vanishes[32], he mourns[33] in his mind.	ਇਨਸਾਨ ਦਰਖ਼ਤ[29] ਦੀ ਛਾਂ[30] ਨਾਲ ਪ੍ਰੀਤਿ[31] ਪਾ ਲੈਂਦਾ ਹੈ। ਜਦ ਉਹ ਨਾਸ ਹੁੰਦੀ[32] ਹੈ, ਉਹ ਆਪਣੇ ਚਿੱਤ ਅੰਦਰ ਅਫ਼ਸੋਸ[33] ਕਰਦਾ ਹੈ।
ਜੋ[37]ਦੀਸੈ[34] ਸੋ[35] ਚਾਲਨ-ਹਾਰੁ[36] ॥ ਲਪਟਿ[38] ਰਹਿਓ ਤਹ[39] ਅੰਧ ਅੰਧਾਰੁ[40] ॥	Whatever[37] comes to view[34], that[35] is transitory[36]; yet man, the blindest of the blind[40], is clinging[38] to that[39].	ਜੋ ਕੁਛ[37] ਨਜ਼ਰੀਂ ਪੈਂਦਾ[34] ਹੈ, ਉਹ[35] ਉੱਡ ਪੁੱਡ ਜਾਣ ਵਾਲਾ[36] ਹੈ, ਤਾਂ ਵੀ, ਅੰਨ੍ਹਿਆਂ ਦਾ ਪਰਮ ਅੰਨ੍ਹਾ[40] ਬੰਦਾ, ਉਸ[39] ਨੂੰ ਚਿੰਮੜ[38] ਰਿਹਾ ਹੈ।
ਬਟਾਊ[41] ਸਿਉ ਜੋ ਲਾਵੈ ਨੇਹ[42] ॥ ਤਾਕਉ ਹਾਥਿ[43] ਨ ਆਵੈ ਕੇਹ ॥	He, who gives his love[42] to a passing traveller[41], shall have nothing to hand[43] thereby.	ਜੋ ਕੋਈ ਜਾਂਦੇ ਹੋਏ ਰਾਹੀ[41] ਨਾਲ ਪਿਆਰ[42] ਪਾਉਂਦਾ ਹੈ, ਉਸ ਦੇ ਹੱਥ[43] ਪੱਲੇ ਕੁਛ ਨਹੀਂ ਪੈਂਦਾ।
ਮਨ ਹਰਿ ਕੇ ਨਾਮ ਕੀ ਪ੍ਰੀਤਿ[44] ਸੁਖਦਾਈ[45] ॥	O my soul, peace-bestowing[45] is the love[44] of God's Name.	ਹੇ, ਮੇਰੀ ਜਿੰਦੜੀਏ ! ਆਰਾਮ-ਬਖ਼ਸ਼ਣਹਾਰ ਹੈ, ਵਾਹਿਗੁਰੂ[45] ਦੇ ਨਾਮ ਦਾ ਪ੍ਰੇਮ[44]।
ਕਰਿ[46] ਕਿਰਪਾ[47] ਨਾਨਕ ਆਪਿ[48] ਲਏ ਲਾਈ[49]॥੩॥	Nanak, God attaches[49] to Himself[48] those, unto whom He shows[46] mercy[47].	ਨਾਨਕ, ਭਗਵਾਨ ਉਨ੍ਹਾਂ ਨੂੰ ਆਪਣੇ[48] ਨਾਲ ਜੋੜਦਾ[49] ਹੈ, ਜਿਨ੍ਹਾਂ ਉਤੇ ਉਹ ਰਹਿਮਤ[47] ਧਾਰਦਾ[46] ਹੈ।
ਮਿਥਿਆ[50] ਤਨੁ[51] ਧਨੁ[52] ਕੁਟੰਬੁ[53] ਸਬਾਇਆ[54] ॥	Perishable[50] are the body[51], wealth[52] and all[54] the relations[53].	ਨਾਸਵੰਤ[50] ਹਨ ਦੇਹਿ[51], ਦੌਲਤ[52] ਅਤੇ ਸਾਰੇ[54] ਸਨਬੰਧੀ[53]।
ਮਿਥਿਆ ਹਉਮੈ[55] ਮਮਤਾ[56] ਮਾਇਆ[57] ॥	Perishable are egotism[55], egoism[56] and wordly valuables[57].	ਨਾਸਵੰਤ ਹਨ ਹੰਕਾਰ[55], ਅਪਣੱਤ[56] ਅਤੇ ਸੰਸਾਰੀ ਪਦਾਰਥ[57]।

ਮਿਥਿਆ ਰਾਜ[58] ਜੋਬਨ[59] ਧਨ[60] ਮਾਲ[61] ॥	Perishable are dominion[58], youth[59], riches[60], and property[61].	ਨਾਸਵੰਤ ਹਨ ਰਾਜ ਭਾਗ[58], ਜੁਆਨੀ[59], ਮਾਇਆ[60] ਅਤੇ ਜਾਇਦਾਦ[61] ।
ਮਿਥਿਆ ਕਾਮ[62] ਕ੍ਰੋਧ[64] ਬਿਕਰਾਲ[63] ॥	Perishable are lust[62] and dreadful[63] wrath[64].	ਨਾਸਵੰਤ ਹਨ, ਮਥਨ[62]-ਹੁਲਾਸ ਅਤੇ ਭਿਆਨਕ[63] ਰੋਹ[64] ।
ਮਿਥਿਆ ਰਥ[65] ਹਸਤੀ[66] ਅਸ੍ਵ[67] ਬਸਤ੍ਰਾ[68] ॥	Perishable are chariots[65], elephants[66], horses[67] and raiments[68].	ਨਾਸਵੰਤ ਹਨ ਸੁੰਦਰ ਗੱਡੀਆਂ[65], ਹਾਥੀ[66], ਘੋੜੇ[67] ਅਤੇ ਪੁਸ਼ਾਕਾਂ[68] ।
ਮਿਥਿਆ[74] ਰੰਗ[69] ਸੰਗਿ[70] ਮਾਇਆ[71] ਪੇਖਿ[72] ਹਸਤਾ[73] ॥	False[74]is the love[69]of accumulation[70] of wealth[71], beholding[72] which man laughs[73].	ਕੂੜੀ[74] ਹੈ ਧਨ-ਦੌਲਤ[71] ਸੰਗ੍ਰਹਿ[70] ਕਰਨ ਦੀ ਪ੍ਰੀਤ[69], ਜਿਸ ਨੂੰ ਵੇਖ[72] ਕੇ ਇਨਸਾਨ ਹਸਦਾ[73] ਹੈ ।
ਮਿਥਿਆ ਧ੍ਰੋਹ[75] ਮੋਹ[76] ਅਭਿਮਾਨੁ[77] ॥	False is the deceit[75], worldly love[76] and ego[77].	ਕੂੜਾ ਹੈ ਵਲਛਲ[75], ਸੰਸਾਰੀ ਮੁਹੱਬਤ[76] ਅਤੇ ਹੰਕਾਰ[77]।
ਮਿਥਿਆ ਆਪਸ[78]ਊਪਰਿ[79] ਕਰਤ ਗੁਮਾਨੁ[80] ॥	False is to take pride[80] on[79] one's ownself[78].	ਕੂੜਾ ਹੈ ਆਪਣੇ[78] ਉਤੇ[79] ਗ਼ਰੂਰ[80] ਕਰਨਾ ।
ਅਸਥਿਰੁ[81] ਭਗਤਿ[82]ਸਾਧ[83] ਕੀ ਸਰਨ[84] ॥	Imperishable[81] is the devotional service[82] of God and saintly[83]Guru's protection[84].	ਅਬਿਨਾਸੀ[81] ਹੈ, ਵਾਹਿਗੁਰੂ ਦੀ ਪ੍ਰੇਮ-ਮਈ ਸੇਵਾ[82] ਅਤੇ ਸਾਧੂ[83] ਗੁਰਾਂ ਦੀ ਪਨਾਹ[84] ।
ਨਾਨਕ ਜਪਿ ਜਪਿ[85] ਜੀਵੈ[86] ਹਰਿ ਕੇ ਚਰਨ[87] ॥੪॥	Nanak lives[86] by continously meditating[85] God's feet[87].	ਨਾਨਕ, ਵਾਹਿਗੁਰੂ ਦੇ ਚਰਨਾਂ[87] ਦਾ ਲਗਾਤਾਰ ਸਿਮਰਨ[85] ਕਰਨ ਦੁਆਰਾ ਜੀਉਂਦਾ[86] ਹੈ ।
ਮਿਥਿਆ[91] ਸ੍ਰਵਨ[88] ਪਰ[89] ਨਿੰਦਾ[90] ਸੁਨਹਿ ॥	Vain[91] are the ears[88], which listen to slander[90] of others[89].	ਵਿਅਰਥ[91] ਹਨ ਕੰਨ[88] ਜੋ ਪਰਾਈ[89] ਚੁਗਲੀ[90] ਬਖੀਲੀ ਸੁਣਦੇ ਹਨ ।
ਮਿਥਿਆ ਹਸਤ[92] ਪਰ-ਦਰਬ[93] ਕਉ ਹਿਰਹਿ[94] ॥	Vain are the hands[92] which steal[94] the wealth[93] of others.	ਵਿਅਰਥ ਹਨ ਉਹ ਹੱਥ[92] ਜੋ ਹੋਰਨਾਂ ਦਾ ਧਨ[93] ਚੋਰੀ[94] ਕਰਦੇ ਹਨ ।
੨੬੯	**269**	**੨੬੯**
ਮਿਥਿਆ ਨੇਤ੍ਰ[95] ਪੇਖਤ[96] ਪਰ ਤ੍ਰਿਅ[97] ਰੂਪਾਦ[98] ॥	Vain are the eyes[95] which behold[96] the beauty[98] of another's wife[97].	ਵਿਅਰਥ ਹਨ ਅੱਖਾਂ[95] ਜੋ ਹੋਰਸ ਦੀ ਪਤਨੀ[97] ਦੀ ਸੁੰਦਰਤਾ[98] ਤੱਕਦੀਆਂ[96] ਹਨ ।
ਮਿਥਿਆ ਰਸਨਾ[99]ਭੋਜਨ[100] ਅਨ[2] ਸ੍ਵਾਦ[3] ॥	Vain is the tongue[99] which tastes dainties[100] and other[2] savours[3].	ਵਿਅਰਥ ਹੈ ਜੀਭਾ[99] ਜੋ ਨਿਆਮ੍ਰਤਾਂ[100] ਅਤੇ ਹੋਰ[2] ਸੁਆਦ[3] ਮਾਣਦੀ ਹੈ ।
ਮਿਥਿਆ ਚਰਨ[4] ਪਰ ਬਿਕਾਰ[5] ਕਉ ਧਾਵਹਿ[6] ॥	Vain are the feet[4], which run[6] to do evil[5] to others.	ਵਿਅਰਥ ਹਨ, ਉਹ ਪੈਰ[4] ਜੋ ਹੋਰਨਾਂ ਦਾ ਬੁਰਾ[5] ਕਰਨ ਲਈ ਦੌੜਦੇ[6] ਹਨ ।
ਮਿਥਿਆ ਮਨ ਪਰ ਲੋਭ[7] ਲੁਭਾਵਹਿ[8] ॥	Vain is the mind which hankers[8] after the wealth[7] of others.	ਵਿਅਰਥ ਹੈ ਚਿੱਤ ਜਿਹੜਾ ਹੋਰਨਾਂ ਦੀ ਦੌਲਤ[7] ਨੂੰ ਲਲਚਾਉਂਦਾ[8] ਹੈ ।
ਮਿਥਿਆ ਤਨ[9] ਨਹੀ ਪਰਉਪਕਾਰਾ[10] ॥	False is the body[9] which does not do good to others[10].	ਝੂਠਾ ਹੈ ਉਹ ਸਰੀਰ[9] ਜੋ ਹੋਰਨਾਂ ਦਾ ਭਲਾ[10] ਨਹੀਂ ਕਰਦਾ ।
ਮਿਥਿਆ ਬਾਸੁ[12] ਲੇਤ[13] ਬਿਕਾਰਾ[14] ॥	False is the nose which inhales[13] the smell[12] of evil[14]	ਝੂਠਾ ਹੈ ਉਹ ਨੱਕ ਜਿਹੜਾ ਬਦੀ[14]ਦੀ ਗੰਧ[12]ਲੈਂਦਾ[13]ਹੈ ।

ਬਿਨੁ ਬੂਝੇ[15]ਮਿਥਿਆ ਸਭ[16] ਭਏ[17] ॥	Without understanding[15] God every thing[16] is[17] perishable.	ਰੱਬ ਨੂੰ ਸਮਝਣ[15] ਦੇ ਬਗੈਰ ਹਰ ਸ਼ੈ[16] ਨਾਸਵੰਤ ਹੈ[17] ।
ਸਫਲ[18] ਦੇਹ[19]ਨਾਨਕ ਹਰਿ ਹਰਿ ਨਾਮ ਲਏ[20] ॥੫॥	Fruitful[18] is the body[19], O Nanak, which takes[20] the Name of Lord God.	ਫਲਦਾਇਕ[18] ਹੈ ਉਹ ਸਰੀਰ[19], ਹੇ ਨਾਨਕ! ਜੋ ਵਾਹਿਗੁਰੂ ਸੁਆਮੀ ਦਾ ਨਾਮ ਲੈਂਦਾ[20] ਹੈ ।
ਬਿਰਥੀ[21] ਸਾਕਤ[22] ਕੀ ਆਰਜਾ[23] ॥	Unfruitful[21] is the life[23] of the mammon worshipper[22].	ਨਿਸਫਲ[21] ਹੈ ਮਾਇਆ ਦੇ ਉਪਾਸ਼ਕ[22] ਦਾ ਜੀਵਨ[23] ।
ਸਾਚ ਬਿਨਾ ਕਹ ਹੋਵਤ ਸੂਚਾ[24] ॥	Without Truth how can he be pure[24] ?	ਸੱਚੇ ਦੇ ਬਗੈਰ ਉਹ ਕਿਸ ਤਰ੍ਹਾਂ ਪਵਿੱਤ੍ਰ[24] ਹੋ ਸਕਦਾ ਹੈ ?
ਬਿਰਥਾ ਨਾਮ ਬਿਨਾ ਤਨੁ[25] ਅੰਧ[26] ॥	Unfruitful is the ignorant[26] man's body[25] without the Name.	ਨਾਮ ਦੇ ਬਗੈਰ ਅਗਿਆਨੀ[26] ਇਨਸਾਨ ਦੀ ਦੇਹਿ[25] ਨਿਸਫਲ ਹੈ ।
ਮੁਖਿ[30] ਆਵਤ ਤਾ ਕੈ[27] [28]ਦੂਰਗੰਧ[29] ॥	From his[27] mouth[30], foul[28] smell[29] issues forth.	ਉਸ[27] ਦੇ ਮੂੰਹ[30] ਵਿੱਚੋਂ ਗੰਦੀ[28] ਮੁਸ਼ਕ[29] ਆਉਂਦੀ ਹੈ ।
ਬਿਨੁ ਸਿਮਰਨ[31]ਦਿਨੁ ਰੈਨਿ ਬ੍ਰਿਥਾ[32] ਬਿਹਾਇ[33]॥ਮੇਘ[34] ਬਿਨਾ ਜਿਉ[37] ਖੇਤੀ[35] ਜਾਇ[36] ॥	Without Lord's rememberance[31] day and night pass away[33] in vain[32], as[37] the crop[35] is ruined[36] without rain[34]	ਸਾਹਿਬ ਦੇ ਭਜਨ[31] ਦੇ ਬਾਝੋਂ ਦਿਨ ਅਤੇ ਰਾਤ ਵਿਅਰਥ[32] ਗੁਜ਼ਰ[33] ਜਾਂਦੇ ਹਨ, ਜਿਸ ਤਰ੍ਹਾਂ[37] ਮੀਂਹ[34] ਦੇ ਬਗੈਰ ਫ਼ਸਲ[35] ਤਬਾਹ[36] ਹੋ ਜਾਂਦੀ ਹੈ ।
[38]ਗੋਬਿਦ[39] ਭਜਨ ਬਿਨੁ[43] ਬ੍ਰਿਥੇ[44] ਸਭ ਕਾਮ ॥ ਜਿਉ ਕਿਰਪਨ[40] ਕੇ ਨਿਰਾਰਥ[41] ਦਾਮ[42] ॥	Sans[43]World[38]Lord's[39] meditation all the works are vain[44] as the money[42] of the miserly person[40] is useless[41].	ਸ੍ਰਿਸ਼ਟੀ[38] ਦੇ ਸੁਆਮੀ[39] ਦੇ ਸਿਮਰਨ ਦੇ ਬਗੈਰ[43] ਸਾਰੇ ਕੰਮ ਬੇਫ਼ਾਇਦਾ[44] ਹਨ, ਜਿਸ ਤਰ੍ਹਾਂ ਕੰਜੂਸ ਪੁਰਸ਼[40] ਦੀ ਦੌਲਤ[42] ਵਿਅਰਥ[41] ਹੈ ।
ਧੰਨਿ[45] ਧੰਨਿ ਤੇ[46] ਜਨ[47] ਜਿਹ ਘਟਿ[48]ਬਸਿਓ[49] ਹਰਿ ਨਾਉ ॥	Blest[45] blest are those[46] persons[47], within whose heart[48] God's Name abides[49].	ਮੁਬਾਰਕ[45], ਮੁਬਾਰਕ ਹਨ ਉਹ[46] ਪੁਰਸ਼[47], ਜਿਨ੍ਹਾਂ ਦੇ ਦਿਲ[48] ਅੰਦਰ ਵਾਹਿਗੁਰੂ ਦਾ ਨਾਮ ਵਸਦਾ[49] ਹੈ ।
ਨਾਨਕ ਤਾ ਕੈ[50] ਬਲਿ ਬਲਿ[51] ਜਾਉ ॥੬॥	Nanak is a sacrifice and devoted[51] unto[50] them.	ਨਾਨਕ ਉਨ੍ਹਾਂ[50] ਉਤੋਂ ਕੁਰਬਾਨ ਤੇ ਸਦਕੇ[51] ਜਾਂਦਾ ਹੈ ।
ਰਹਤ[52] ਅਵਰ[53] ਕਛੁ[54] ਅਵਰ ਕਮਾਵਤ[55] ॥	Man professes[52] one thing[53] and practises[55] quite another[54].	ਆਦਮੀ ਕਹਿੰਦਾ[52] ਕੁਛ[53] ਹੈ ਅਤੇ ਕਰਦਾ[55] ਹੈ ਬਿਲਕੁਲ ਹੀ ਕੁਛ[54] ਹੋਰ ।
ਮਨਿ[56] ਨਹੀ ਪ੍ਰੀਤਿ[57] ਮੁਖਹੁ[58] ਗੰਢ ਲਾਵਤ[59] ॥	In his heart[56] there is no love[57], but with his mouth[58] he talks tall[59].	ਉਸ ਦੇ ਦਿਲ[56] ਵਿੱਚ ਪ੍ਰੇਮ[57] ਨਹੀਂ, ਪਰ ਮੂੰਹੋਂ[58] ਉਹ ਸ਼ੇਖ਼ੀ ਮਾਰਦਾ[59] ਹੈ ।
ਜਾਨਨਹਾਰ[60] ਪ੍ਰਭੁ ਪਰਬੀਨ[61]॥ ਬਾਹਰਿ ਭੇਖ[62] ਨ ਕਾਹੂ[64] ਭੀਨ[63] ॥	The Wise[61] Lord, who is the Inner-Knower[60], is not pleased[63] with the outward garment[62] of any[64].	ਸਿਆਣਾ[61] ਸੁਆਮੀ, ਜੋ ਅੰਦਰਲੀਆਂ ਜਾਨਣ ਵਾਲਾ[60] ਹੈ, ਕਿਸੇ[64] ਦੇ ਬਾਹਰ ਦੇ ਪਹਿਰਾਵੇ[62] ਉਤੇ ਖ਼ੁਸ਼[63] ਨਹੀਂ ਹੁੰਦਾ ।
ਅਵਰ[64]* ਉਪਦੇਸੈ[65] ਆਪਿ	He who practises[65] not what he	ਜੋ ਹੋਰਨਾਂ[64]* ਨੂੰ ਸਿੱਖ-ਮਤ[65] ਦਿੰਦਾ ਹੈ ਅਤੇ ਆਪ ਉਸ

ਨ ਕਰੈ[68] ॥ਆਵਤ[66]ਜਾਵਤ ਜਨਮੈ ਮਰੈ[67] ॥	preaches[66] to others[64*], shall come and go[66] and be subject to birth and death[67].	ਤੇ ਅਮਲ[68] ਨਹੀਂ ਕਰਦਾ ਉਹ ਆਉਂਦਾ ਜਾਂਦਾ[66] ਤੇ ਜੰਮਦਾ ਮਰਦਾ[67] ਰਹਿੰਦਾ ਹੈ।
ਜਿਸ ਕੈ ਅੰਤਰਿ ਬਸੈ ਨਿਰੰਕਾਰੁ[69] ॥ ਤਿਸ ਕੀ ਸੀਖ[70] ਤਰੈ[71] ਸੰਸਾਰੁ ॥	He, in whose heart abides the Formless Lord[69], with his instruction[70] the world is saved[71].	ਜਿਸ ਦੇ ਦਿਲ ਅੰਦਰ ਰੂਪ ਰੰਗ-ਰਹਿਤ ਸੁਆਮੀ[69] ਵਸਦਾ ਹੈ, ਉਸ ਦੇ ਉਪਦੇਸ਼[70] ਨਾਲ ਦੁਨੀਆਂ ਬਚ[71] ਜਾਂਦੀ ਹੈ।
ਜੋ ਤੁਮ ਭਾਨੇ[72] ਤਿਨ ਪ੍ਰਭੁ ਜਾਤਾ[73] ॥	Only they, who are pleasing[72] to Thee, O Lord, can know[73] Thee.	ਕੇਵਲ ਉਹੀ ਜੋ ਤੈਨੂੰ ਚੰਗੇ[72] ਲੱਗਦੇ ਹਨ, ਹੇ ਸੁਆਮੀ! ਤੈਨੂੰ ਜਾਣ[73] ਸਕਦੇ ਹਨ।
ਨਾਨਕ ਉਨ[74] ਜਨ[75] ਚਰਨ[76] ਪਰਾਤਾ[77] ॥੭॥	Nanak is prostrate[77] at the feet[76] of those[74] persons[75].	ਨਾਨਕ ਉਨ੍ਹਾਂ[74] ਪੁਰਸ਼ਾਂ[75] ਦੇ ਪੈਰਾਂ[76] ਉਤੇ ਡਿੱਗਿਆ ਹੋਇਆ[77] ਹੈ।
ਕਰਉ ਬੇਨਤੀ[78] ਪਾਰਬ੍ਰਹਮੁ[79] ਸਭੁ ਜਾਨੈ ॥	Make supplication[78] before the Supreme Being[79], who knows all things.	ਪਰਮ ਪੁਰਖ[79] ਮੂਹਰੇ ਪ੍ਰਾਰਥਨਾ[78] ਕਰ, ਜੋ ਸਾਰਾ ਕੁਝ ਜਾਣਦਾ ਹੈ।
ਅਪਨਾ ਕੀਆ[80] ਆਪਹਿ ਮਾਨੈ[81] ॥	His creatures[80], He Himself honours[81].	ਆਪਣੇ ਰਚੇ ਹੋਇਆਂ[80] ਦੀ ਉਹ ਆਪ ਹੀ ਇੱਜ਼ਤ[81] ਕਰਦਾ ਹੈ।
ਆਪਹਿ ਆਪ ਆਪਿ[82] ਕਰਤ ਨਿਬੇਰਾ[83] ॥	He Himself and by Himself[82] decides[83].	ਉਹ ਖ਼ੁਦ ਅਤੇ ਆਪਣੇ ਆਪ[82] ਹੀ ਫ਼ੈਸਲਾ[83] ਕਰਦਾ ਹੈ।
ਕਿਸੈ ਦੂਰਿ[84] ਜਨਾਵਤ[85] ਕਿਸੈ ਬੁਝਾਵਤ[86] ਨੇਰਾ[87] ॥	To one He shows[85] Himself afar[84] and to another He shows[86] Himself near[87].	ਕਿਸੇ ਨੂੰ ਉਹ ਆਪਣੇ ਆਪ ਨੂੰ ਦੂਰੇਂ[84] ਦਰਸਾਉਂਦਾ[85] ਹੈ ਅਤੇ ਕਿਸੇ ਨੂੰ ਆਪਣੇ ਆਪ ਨੂੰ ਨੇੜੇ[87] ਦਰਸਾਉਂਦਾ[86] ਹੈ।
ਉਪਾਵ[88] ਸਿਆਨਪ[89] ਸਗਲ[90] ਤੇ ਰਹਤ[91] ॥	He is beyond[91] all[90] effort[88] and cleverness[89].	ਉਹ ਸਮੂਹ[90] ਉਪਰਾਲੇ[88] ਅਤੇ ਚਤੁਰਾਈ[89] ਤੋਂ ਪਰੇ[91] ਹੈ।
ਸਭੁ ਕਛੁ[92] ਜਾਨੈ ਆਤਮ[93] ਕੀ ਰਹਤ[94] ॥	He fully[92] knows the way[94] of the human soul[93].	ਉਹ ਬੰਦੇ ਦੀ ਆਤਮਾ[93] ਦੀ ਮਰਿਆਦਾ[94] ਨੂੰ ਪੂਰੀ ਤਰ੍ਹਾਂ[92] ਜਾਣਦਾ ਹੈ।
ਜਿਸੁ ਭਾਵੈ[95] ਤਿਸੁ[96] ਲਏ ਲੜਿ[97] ਲਾਇ[98] ॥	He attaches[98] to His skirt[97] him[96], whom he likes[95].	ਉਹ ਉਸ[96] ਨੂੰ ਆਪਣੇ ਪੱਲੇ[97] ਨਾਲ ਜੋੜ[98] ਲੈਂਦਾ ਹੈ ਜਿਹੜਾ ਉਸ ਨੂੰ ਚੰਗਾ[95] ਲੱਗਦਾ ਹੈ।
ਥਾਨ[99] ਥਨੰਤਰਿ[100] ਰਹਿਆ ਸਮਾਇ[2] ॥	The Lord is contained[2] in all the places[99] and inter-spaces[100].	ਪ੍ਰਭੂ ਸਾਰਿਆਂ ਥਾਵਾਂ[99] ਅਤੇ ਥਾਵਾਂ ਦੀਆਂ ਵਿੱਥਾਂ[100] ਅੰਦਰ ਵਿਆਪਕ[2] ਹੋ ਰਿਹਾ ਹੈ।
ਸੋ[3] ਸੇਵਕੁ[4] ਜਿਸੁ ਕਿਰਪਾ[5] ਕਰੀ[6] ॥	He[3], to whom God shows[6] favour[5] is His slave[4].	ਜਿਸ ਉਤੇ ਵਾਹਿਗੁਰੂ ਮਿਹਰ[5] ਧਾਰਦਾ[6] ਹੈ, ਉਹ[3] ਉਸ ਦਾ ਗੋਲਾ[4] ਹੈ।
ਨਿਮਖ ਨਿਮਖ[7] ਜਪਿ[8] ਨਾਨਕ ਹਰੀ ॥੮॥੫॥	Every moment[7], O Nanak meditate[8] upon the Lord.	ਹਰ ਮੁਹਤ[7], ਹੇ ਨਾਨਕ! ਸੁਆਮੀ ਦਾ ਸਿਮਰਨ[8] ਕਰ।
ਸਲੋਕੁ ॥	Slok.	ਸਲੋਕ।
ਕਾਮ[9] ਕ੍ਰੋਧ[10] ਅਰੁ[12] ਲੋਭ[13] ਮੋਹ[14] ਬਿਨਸਿ ਜਾਇ[15] ਅਹੰਮੇਵ[16] ॥	May my lust[9], wrath[10], avarice[13], worldly love[14] and[12] egotism[16] depart[15].	ਰੱਬ ਕਰੇ ਮੇਰੀ ਕਾਮਚੇਸ਼ਟਾ[9], ਗੁੱਸਾ[10], ਲਾਲਚ[13], ਸੰਸਾਰੀ ਮਮਤਾ[14] ਅਤੇ[12] ਹੰਕਾਰ[16] ਦੂਰ[15] ਹੋ ਜਾਣ।

ਨਾਨਕ ਪ੍ਰਭ ਸਰਣਾਗਤੀ[17] ਕਰਿ ਪ੍ਰਸਾਦੁ[18] ਗੁਰਦੇਵ[19] ॥੧॥

Nanak has sought Thy protection[17], O Lord. My Divine Guru[19] show mercy[18] unto me.

ਨਾਨਕ ਨੇ ਸਾਹਿਬ ਦੀ ਸ਼ਰਣ[17] ਸੰਭਾਲੀ ਹੈ। ਮੇਰੇ ਰੱਬ ਰੂਪ ਗੁਰੂ[19] ਜੀ ਮੇਰੇ ਤੇ ਰਹਿਮ[18] ਕਰੋ।

ਅਸਟਪਦੀ ॥

Ashtpadi.

ਅਸ਼ਟਪਦੀ।

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ[20] ਖਾਹਿ ॥ ਤਿਸੁ[21] ਠਾਕੁਰ ਕਉ ਰਖੁ[22] ਮਨ ਮਾਹਿ[23] ॥

Bear[22] that[21] Lord in[23] thy mind, by whose grace thou eatest the thirty six delicacies[20].

ਉਸ[21] ਸੁਆਮੀ ਨੂੰ ਆਪਣੇ ਹਿਰਦੇ ਅੰਦਰ[23] ਟਿਕਾ[22] ਜਿਸ ਦੀ ਦਇਆ ਦੁਆਰਾ ਤੂੰ ਛੱਤੀ ਸੁਆਦਲੇ ਪਦਾਰਥ[20] ਛਕਦਾ ਹੈਂ।

ਜਿਹ ਪ੍ਰਸਾਦਿ ਸੁਗੰਧਤ[24] ਤਨਿ[25] ਲਾਵਹਿ[26] ॥ ਤਿਸ ਕਉ ਸਿਮਰਤ[27] ਪਰਮ[28] ਗਤਿ[29] ਪਾਵਹਿ ॥

Thou shalt obtain the supreme[28] dignity[29] by remembering[27] Him, by whose favour, thou appliest[26] perfume[24] to thy body[25].

ਜਿਸ ਦੀ ਮਿਹਰ ਦੁਆਰਾ ਤੂੰ ਆਪਣੀ ਦੇਹਿ[25] ਨੂੰ ਖੁਸ਼ਬੋਈਆਂ[24] ਮਲਦਾ[26] ਹੈਂ, ਉਸ ਦੇ ਭਜਨ[27] ਕਰਨ ਦੁਆਰਾ ਤੂੰ ਮਹਾਨ[28] ਮਰਤਬਾ[29] ਪਾ ਲਵੇਂਗਾ।

ਜਿਹ ਪ੍ਰਸਾਦਿ ਬਸਹਿ[32] ਸੁਖ[30] ਮੰਦਰਿ[31] ॥ ਤਿਸਹਿ ਧਿਆਇ[33] ਸਦਾ[34] ਮਨ ਅੰਦਰਿ ॥

Ever[34] meditate[33] within thy mind on Him, by whose kindness thou dwellest[32] comfortably[30] in thy palace[31].

ਆਪਣੇ ਚਿੱਤ ਅੰਦਰ ਹਮੇਸ਼ਾ[34] ਉਸ ਦਾ ਆਰਾਧਨ[33] ਕਰ, ਜਿਸ ਦੀ ਰਹਿਮਤ ਸਦਕਾ ਤੂੰ ਆਪਣੇ ਮਹਿਲ[31] ਵਿੱਚ ਆਰਾਮ[30] ਨਾਲ ਰਹਿੰਦਾ[32] ਹੈ।

ਜਿਹ ਪ੍ਰਸਾਦਿ ਗ੍ਰਿਹ[35] ਸੰਗਿ[36] ਸੁਖ ਬਸਨਾ[37] ॥ ਆਠ ਪਹਰ ਸਿਮਰਹੁ[38] ਤਿਸੁ ਰਸਨਾ[39] ॥

By whose kindness, thou abidest[37] in comfort with[36] thy family[35], repeat[38] thou His Name with thy tongue[39] for all the eight watches.

ਜਿਸ ਦੀ ਦਇਆ ਦੁਆਰਾ ਤੂੰ ਆਪਣੇ ਟੱਬਰ[35] ਨਾਲ[36] ਆਰਾਮ ਅੰਦਰ ਰਹਿੰਦਾ[37] ਹੈ, ਆਪਣੀ ਜੀਭਾ[39] ਨਾਲ ਤੂੰ ਅੱਠੇ ਪਹਿਰ ਹੀ ਉਸ ਦਾ ਨਾਮ ਜਪ[38]।

ਜਿਹ ਪ੍ਰਸਾਦਿ ਰੰਗ[40] ਰਸ[41] ਭੋਗ[42] ॥ ਨਾਨਕ ਸਦਾ[45] ਧਿਆਈਐ[43] ਧਿਆਵਨ ਜੋਗ[44] ॥੧॥

Nanak, constantly[45] meditate[43] on Him, who is worthy[44] of meditation and by whose favour thou enjoyest[42] love[40] and pleasures[41].

ਨਾਨਕ, ਹਮੇਸ਼ਾ[45] ਉਸ ਦਾ ਸਿਮਰਨ[43] ਕਰ ਜੋ ਸਿਮਰਨ ਕਰਨ ਦੇ ਲਾਇਕ[44] ਹੈ ਅਤੇ ਜਿਸ ਦੀ ਦਇਆ ਦੁਆਰਾ ਤੂੰ ਪਿਆਰ[40] ਅਤੇ ਖੁਸ਼ੀਆਂ[41] ਮਾਣਦਾ[42] ਹੈਂ।

ਜਿਹ ਪ੍ਰਸਾਦਿ ਪਾਟ ਪਟੰਬਰ[46] ਹਢਾਵਹਿ[47] ॥ ਤਿਸਹਿ ਤਿਆਗਿ ਕਤ[48] ਅਵਰ[49] ਲੁਭਾਵਹਿ[50] ॥

Why[48] shouldest thou be enamoured[50] of others[49] and forsake Him by whose grace thou wearest[47] silks and silk clothes[46] ?

ਤੂੰ ਉਸ ਨੂੰ ਛੱਡ ਕੇ ਕਿਉਂ[48] ਹੋਰਨਾਂ[49] ਨਾਲ ਮਸਤ[50] ਹੁੰਦਾ ਹੈਂ, ਜਿਸ ਦੀ ਰਹਿਮਤ ਦੁਆਰਾ ਤੂੰ ਰੇਸ਼ਮ ਅਤੇ ਰੇਸ਼ਮ ਦੇ ਬਸਤ੍ਰ[46] ਪਹਿਨਦਾ[47] ਹੈਂ ?

ਜਿਹ ਪ੍ਰਸਾਦਿ ਸੁਖਿ[51] ਸੇਜ[52] ਸੋਈਜੈ[53] ॥

By whose favour thou sleepest[53] on the comfortable[51] bed[52].

ਜਿਸ ਦੀ ਮਿਹਰ ਦੁਆਰਾ ਤੂੰ ਸੁਖਦਾਈ[51] ਪਲੰਘ[52] ਤੇ ਸੌਂਦਾ[53] ਹੈ।

ਮਨ[54] ਆਠ ਪਹਰ ਤਾਕਾ[55] ਜਸੁ[55] ਗਾਵੀਜੈ[56] ॥

O my soul[54], throughout the eight watches (of the day) sing[56] His[57] praise[55].

ਹੇ ਮੇਰੀ ਜਿੰਦੜੀਏ[54] ! ਅੱਠੇ ਪਹਿਰ ਹੀ ਉਸ[57] ਦੀ ਕੀਰਤੀ[55] ਗਾਇਨ[56] ਕਰ।

੨੭੦

270

੨੭੦

ਜਿਹ ਪ੍ਰਸਾਦਿ ਤੁਝੁ ਸਭੁ

With thy mouth[59] and tongue[61]

ਆਪਣੇ ਮੂੰਹ[59] ਅਤੇ ਜੀਭਾ[61] ਨਾਲ ਉਸ ਦੀ ਸਿਫਤ-

ਕੋਊ ਮਾਨੈ[58] ॥ ਮੁਖਿ[59] ਤਾਕੇ ਜਸੁ[60] ਰਸਨ[61] ਬਖਾਨੈ[62] ॥	celebrate[62] the eulogies[60] of Him, by whose grace every one honours[58] thee.	ਸਲਾਹ[60] ਉਚਾਰਣ[62] ਕਰ, ਜਿਸ ਦੀ ਦਇਆ ਦੁਆਰਾ ਹਰ ਕੋਈ ਤੇਰੀ ਇੱਜ਼ਤ[58] ਕਰਦਾ ਹੈ ।
ਜਿਹ ਪ੍ਰਸਾਦਿ ਤੇਰੋ ਰਹਤਾ[63] ਧਰਮੁ[64] ॥ ਮਨ ਸਦਾ[68] ਧਿਆਇ[65] ਕੇਵਲ[66] ਪਾਰਬ੍ਰਹਮੁ[67] ॥	My soul, continuously[68] meditate[65] on the Supreme Lord[67] alone[66], by whose grace thy faith[64] is preserved[63].	ਮੇਰੀ ਜਿੰਦੜੀਏ ! ਤੂੰ ਸਦੀਵ[68] ਸਿਰਫ[66] ਉਸ ਸ਼ਰੋਮਣੀ ਸਾਹਿਬ[67] ਦਾ ਸਿਮਰਨ[65] ਕਰ, ਜਿਸ ਦੀ ਮਿਹਰ ਸਦਕਾ ਤੇਰਾ ਈਮਾਨ[64] ਕਾਇਮ[63] ਰਿਹਾ ਹੈ ।
ਪ੍ਰਭ ਜੀ[69]ਜਪਤ[70]ਦਰਗਹ[71] ਮਾਨੁ[72] ਪਾਵਹਿ ॥	By contemplating over[70] the Venearble Lord[69], thou shalt obtain honour[72] in His court[71].	ਪੂਜਯ ਸਾਈਂ[69] ਦਾ ਆਰਾਧਨ[70] ਕਰਨ ਦੁਆਰਾ ਤੂੰ ਉਸ ਦੇ ਦਰਬਾਰ[71] ਅੰਦਰ ਇੱਜ਼ਤ[72] ਪਾਵੇਂਗਾ ।
ਨਾਨਕ ਪਤਿ[73] ਸੇਤੀ[74] ਘਰਿ[75] ਜਾਵਹਿ ॥੨॥	Like this, O Nanak,. thou shalt go to thy home[75] with[74] honour[73].	ਐਸ ਤਰ੍ਹਾਂ ਹੇ ਨਾਨਕ ! ਤੂੰ ਇੱਜ਼ਤ[73] ਆਬਰੂ ਸਮੇਤ[74] ਆਪਣੇ ਧਾਮ[75] ਨੂੰ ਜਾਵੇਂਗਾ ।
ਜਿਹ ਪ੍ਰਸਾਦਿ ਆਰੋਗ[76] ਕੰਚਨ[77] ਦੇਹੀ[78] ॥ ਲਿਵ[79] ਲਾਵਹੁ[80] ਤਿਸੁ[81] ਰਾਮ[82] ਸਨੇਹੀ[83] ॥	Fix[80] thy attention[79] on that[81] loving[83] Lord[82], by whose grace thou hast healthy[76] golden[77] body[78].	ਆਪਣੀ ਬ੍ਰਿਤੀ[79] ਉਸ[81] ਪਿਆਰੇ[83] ਪ੍ਰਭੂ[82] ਨਾਲ ਜੋੜ[80] ਜਿਸ ਦੀ ਦਇਆ ਦੁਆਰਾ ਤੈਨੂੰ ਨਵਾਂ ਨਰੋਆ[76] ਸੁਨਹਿਰੀ[77] ਸਰੀਰ[78] ਮਿਲਿਆ ਹੈ ।
ਜਿਹ ਪ੍ਰਸਾਦਿ ਤੇਰਾ ਓਲਾ[84] ਰਹਤ[85] ॥ ਮਨ[86] ਸੁਖੁ ਪਾਵਹਿ ਹਰਿ ਹਰਿ[87] ਜਸੁ[88] ਕਹਤ[89] ॥	O man[86], thou shalt obtain peace by uttering[89] the praise[88] of that Lord[87] God, by whose favour thy honour[84] is preserved[85].	ਹੇ ਇਨਸਾਨ[86] ਜਿਸ ਦੀ ਮਿਹਰ ਦੁਆਰਾ ਤੇਰੀ ਪੱਤ-ਆਬਰੂ[84] ਬਣੀ ਹੋਈ[85] ਹੈ, ਉਸ ਵਾਹਿਗੁਰੂ ਸੁਆਮੀ[87] ਦੀ ਕੀਰਤੀ[88] ਉਚਾਰਨ[89] ਕਰਨ ਦੁਆਰਾ ਤੂੰ ਆਰਾਮ ਪਾ ਲਵੇਂਗਾ ।
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ[90] ਢਾਕੇ[91] ॥ ਮਨ ਸਰਨੀ[92] ਪਰੁ[93] ਠਾਕੁਰ[94] ਪ੍ਰਭ ਤਾ ਕੈ[95] ॥	By whose grace all thy sins[90] are screened[91], O man, seek[93] the protection[92] of that[95] Lord Master[94].	ਜਿਸ ਦੀ ਰਹਿਮਤ ਸਦਕਾ ਤੇਰੇ ਸਾਰੇ ਪਾਪ[90] ਕੱਜੇ ਹੋਏ[91] ਹਨ, ਹੇ ਬੰਦੇ ਉਸ[95] ਸੁਆਮੀ[94] ਮਾਲਕ ਦੀ ਸ਼ਰਨਾਗਤ[92] ਸੰਭਾਲ[93] ।
ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ[96] ॥ ਮਨ[97] ਸਾਸਿ ਸਾਸਿ[98] ਸਿਮਰਹੁ[99] ਪ੍ਰਭ ਊਚੇ[100] ॥ ਜਿਹ ਪ੍ਰਸਾਦਿ ਪਾਈ ਦੁਲਭ[2] ਦੇਹ[3] ॥	By whose kindness none can equal[96] thee, O my soul[97]. At evere breath[98] remember[99] the most high[100] Lord. By whose goodness thou hast attained the scarcely procurable[2] human body[3],	ਜਿਸ ਦੀ ਮਿਹਰਬਾਨੀ ਦੁਆਰਾ ਕੋਈ ਤੇਰੇ ਬਰਾਬਰ ਨਹੀਂ ਪੁਜਦਾ[96], ਹੇ ਮੇਰੀ ਜਿੰਦੜੀਏ[97] ! ਆਪਣੇ ਹਰ ਸੁਆਸ[98] ਨਾਲ ਪਰਮ-ਬੁਲੰਦ[100] ਸਾਹਿਬ ਨੂੰ ਚੇਤੇ[99] ਕਰ। ਜਿਸ ਦੀ ਮਿਹਰ ਸਦਕਾ ਤੈਨੂੰ ਨਾ ਹੱਥ ਲੱਗਣ ਵਾਲਾ[2] ਮਨੁੱਸ਼ੀ ਸਰੀਰ[3] ਮਿਲਿਆ ਹੈ,
ਨਾਨਕ ਤਾ ਕੀ[4] ਭਗਤਿ[5] ਕਰੇਹ[6] ॥੩॥	O Nanak, perform[6] the devotional service[5] of that[4] Lord.	ਹੇ ਨਾਨਕ ! ਉਸ[4] ਪ੍ਰਭੂ ਦੀ ਪ੍ਰੇਮ-ਮਈ ਸੇਵਾ[5] ਕਰ[6] ।
ਜਿਹ ਪ੍ਰਸਾਦਿ ਆਕੂਖਨ[7] ਪਹਿਰੀਜੈ[8] ॥ ਮਨ ਤਿਸੁ	My soul, why art thou sluggish[9] in remembering[10] Him, by whose	ਮੇਰੀ ਜਿੰਦੇ ! ਤੂੰ ਉਸ ਦਾ ਅਰਾਧਨ[10] ਕਰਨ ਵਿਚ ਕਿਉਂ ਸੁਸਤੀ[9] ਕਰਦੀ ਹੈਂ ਜਿਸ ਦੀ ਮਿਹਰ ਦੁਆਰਾ ਤੂੰ

ਸਿਮਰਤ[10] ਕਿਉ ਆਲਸੁ[9] ਕੀਜੈ ॥	favour thou wearest[8] ornaments[7].	ਗਹਿਣੇ-ਗੱਟੇ[7] ਪਹਿਨਦੀ[8] ਹੈਂ।
ਜਿਹ ਪ੍ਰਸਾਦਿ ਅਸ੍ਵ[12] ਹਸਤਿ[13] ਅਸਵਾਰੀ[14]॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ[15] ॥	O man, never forget[15] that Lord, by whose grace thou hast horses[12] and elephants[13] to ride[14].	ਹੇ ਬੰਦੇ! ਉਸ ਸੁਆਮੀ ਨੂੰ ਕਦੇ ਭੀ ਨਾ ਭੂਲਾ[15], ਜਿਸ ਦੀ ਮਿਹਰ ਦੁਆਰਾ ਤੂੰ ਘੋੜਿਆਂ[12] ਤੇ ਹਾਥੀਆਂ[13] ਦੀ ਸਵਾਰੀ[14] ਕਰਦਾ ਹੈਂ।
ਜਿਹ ਪ੍ਰਸਾਦਿ ਬਾਗ[16] ਮਿਲਖ[17] ਧਨਾ[18] ॥ ਰਾਖੁ ਪਰੋਇ[19]ਪ੍ਰਭੁ ਅਪੁਨੇ ਮਨਾ[20]॥	By whose favour,thou hast gardens[16], property[17] and wealth[18], string[19] and keep that Lord in thy heart[20].	ਜਿਸ ਦੀ ਦਇਆ ਦੁਆਰਾ ਤੇਰੇ ਪੱਲੇ ਬਗੀਚੇ[16], ਜਾਇਦਾਦ[17] ਤੇ ਦੌਲਤ[18] ਹੈ, ਉਸ ਸੁਆਮੀ ਨੂੰ ਆਪਣੇ ਦਿਲ[20] ਅੰਦਰ ਗੂੰਥਨ[19] ਕਰਕੇ ਰੱਖ।
ਜਿਨਿ ਤੇਰੀ ਮਨ ਬਨਤ[21] ਬਨਾਈ[22]॥ਊਠਤ[23]ਬੈਠਤ[24] ਸਦ[25] ਤਿਸਹਿ ਧਿਆਈ[26]॥	Standing[23] and sitting[24], O man, ever[25] remember[26] Him, who has made[22] construction[21] of thy frame work.	ਖੜੋਤਿਆਂ[23] ਅਤੇ ਬਹਿੰਦਿਆਂ[24] ਹਮੇਸ਼ਾ[25] ਉਸ ਨੂੰ ਯਾਦ[26] ਕਰ, ਜਿਸ ਨੇ ਤੇਰੇ ਕਲਬੂਤ ਦੀ ਘਾੜਤ[21] ਘੜੀ[22] ਹੈ, ਹੇ ਬੰਦੇ!
ਤਿਸਹਿ[27] ਧਿਆਇ[28] ਜੋ ਏਕ ਅਲਖੈ[29] ॥	Remember[28] Him[27], who is the One Invisible Lord[29].	ਉਸ[27] ਦਾ ਚਿੰਤਨ[28] ਕਰ, ਜੋ ਇਕ ਅਦ੍ਰਿਸ਼ਟ ਸੁਆਮੀ[29] ਹੈ।
ਈਹਾ[30] ਊਹਾ[31] ਨਾਨਕ ਤੇਰੀ ਰਖੈ[32] ॥੪॥	He shall save[32] thee both here[30] and hereafter[31].	ਉਹ ਤੇਰੀ ਏਥੇ[30] ਅਤੇ ਉਥੇ[31] ਦੋਨੋਂ ਥਾਈਂ ਰਖਿਆ[32] ਕਰੇਗਾ।
ਜਿਹ ਪ੍ਰਸਾਦਿ ਕਰਹਿ ਪੁੰਨ[33] ਬਹੁ[34] ਦਾਨ[35] ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ[36] ॥	By whose grace thou givest alms[33] and bestowest[35] plenty[34], O man during the eight watches of the day, meditate[36] upon Him.	ਜਿਸ ਦੀ ਮਿਹਰਬਾਨੀ ਸਦਕਾ ਤੂੰ ਖ਼ੈਰਾਤ[33] ਕਰਦਾ ਤੇ ਘਣੀ[34] ਬਖ਼ਸ਼ੀਸ਼[35] ਦਿੰਦਾ ਹੈਂ, ਹੇ ਬੰਦੇ! ਅੱਠੇ ਪਹਿਰ ਹੀ ਉਸ ਦਾ ਆਰਾਧਨ[36] ਕਰ।
ਜਿਹ ਪ੍ਰਸਾਦਿ ਤੂ ਆਚਾਰ[37] ਬਿਉਹਾਰੀ[38] ॥ ਤਿਸੁ ਪ੍ਰਭ ਕਉ ਸਾਸਿ ਸਾਸਿ[39] ਚਿਤਾਰੀ[40] ॥	By whose grace, thou performest religious rites[37] and worldly duties[38], remember[40] that Lord, with every breath[39] of thine.	ਜਿਸ ਦੀ ਦਇਆ ਦੁਆਰਾ ਤੂੰ ਧਾਰਮਕ ਸੰਸਕਾਰ[37] ਅਤੇ ਸੰਸਾਰੀ ਕਰਮ[38] ਕਰਦਾ ਹੈਂ, ਆਪਣੇ ਹਰ ਸੁਆਸ[39] ਨਾਲ ਉਸ ਸਾਹਿਬ ਦਾ ਚਿੰਤਨ[40] ਕਰ।
ਜਿਹ ਪ੍ਰਸਾਦਿ ਤੇਰਾ ਸੁੰਦਰ[41] ਰੂਪੁ[42] ॥ ਸੋ ਪ੍ਰਭੁ ਸਿਮਰਹੁ[45] ਸਦਾ[43] ਅਨੂਪੁ[44] ॥	Contemplate over[45] that, ever[43] Incomparable Lord[44], by whose favour thou, hast the beauteous[41] form[42].	ਉਸ ਸਦੀਵੀ[43] ਲਾਸਾਨੀ ਸਾਹਿਬ[44] ਦਾ ਭਜਨ ਕਰ[45], ਜਿਸ ਦੀ ਮਿਹਰ ਦੁਆਰਾ ਤੇਰੀ ਸੁਨੱਖੀ[41] ਸ਼ਕਲ ਸੂਰਤ[42] ਹੈ।
ਜਿਹ ਪ੍ਰਸਾਦਿ ਤੇਰੀ ਨੀਕੀ[46] ਜਾਤਿ[47] ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ[48] ॥	By whose kindness, thou possessest high[46] caste[47], ever remember that Lord day and night[48].	ਜਿਸ ਦੀ ਮਿਹਰਬਾਨੀ ਰਾਹੀਂ ਤੇਰੀ ਉੱਚੀ[46] ਜਾਤੀ[47] ਹੈ, ਦਿਨ ਰੈਣ[48], ਹਮੇਸ਼ਾ ਉਸ ਸੁਆਮੀ ਨੂੰ ਯਾਦ ਕਰ।
ਜਿਹ ਪ੍ਰਸਾਦਿ ਤੇਰੀ ਪਤਿ[49] ਰਹੈ[50] ॥ ਗੁਰ ਪ੍ਰਸਾਦਿ[50*] ਨਾਨਕ ਜਸੁ[51] ਕਹੈ[52] ॥੫॥	By whose grace thy honour[49] is preserved[50], utter[52] His praise[51], Nanak, through Guru's kindness[50*].	ਜਿਸ ਦੀ ਦਇਆ ਦੁਆਰਾ ਤੇਰੀ ਪੱਤ ਆਬਰੂ[49] ਬਰਕਰਾਰ[50] ਰਹੀ ਹੈ, ਨਾਨਕ, ਗੁਰਾਂ ਦੀ ਰਹਿਮਤ[50*] ਸਦਕਾ ਉਸ ਦੀ ਕੀਰਤੀ[51] ਉਚਾਰਨ[52] ਕਰ।

ਜਿਹ ਪ੍ਰਸਾਦਿ ਸੁਨਹਿ ਕਰਨ[53] ਨਾਦ[54] ॥	By whose grace thou hearest melody[54] with thine ears[53],	ਜਿਸ ਦੀ ਦਇਆ ਦੁਆਰਾ ਤੂੰ ਆਪਣੇ ਕੰਨਾਂ[53] ਨਾਲ ਰਾਗ[54] ਸੁਣਦਾ ਹੈਂ,
ਜਿਹ ਪ੍ਰਸਾਦਿ ਪੇਖਹਿ[55] ਬਿਸਮਾਦ[56] ॥	By whose grace thou beholdest[55] wonders[56],	ਜਿਸ ਦੀ ਦਇਆ ਦੁਆਰਾ ਤੂੰ ਅਸਚਰਜ[56] ਕੌਤਕ ਦੇਖਦਾ[55] ਹੈਂ,
ਜਿਹ ਪ੍ਰਸਾਦਿ ਬੋਲਹਿ[57] ਅੰਮ੍ਰਿਤ[58] ਰਸਨਾ[59] ॥	By whose grace thou utterest[57] nectarean[58] words with the tongue[59],	ਜਿਸ ਦੀ ਦਇਆ ਦੁਆਰਾ ਤੂੰ ਆਪਣੀ ਜੀਭਾ[59] ਨਾਲ ਆਬਿ-ਹਿਯਾਤੀ[58] ਬਚਨ ਉਚਾਰਨ[57] ਕਰਦਾ ਹੈਂ,
ਜਿਹ ਪ੍ਰਸਾਦਿ ਸੁਖਿ[60] ਸਹਜੇ[61] ਬਸਨਾ[62] ॥	By whose grace thou abidest[62] in ease[60] and comfort[61],	ਜਿਸ ਦੀ ਦਇਆ ਦੁਆਰਾ ਤੂੰ ਆਰਾਮ[60] ਅਤੇ ਠੰਢ-ਚੈਨ[61] ਅੰਦਰ ਰਹਿੰਦਾ[62] ਹੈਂ,
ਜਿਹ ਪ੍ਰਸਾਦਿ ਹਸਤ[63] ਕਰ[64] ਚਲਹਿ[65] ॥	By whose grace thine hands[63] move[65] and do the work[64],	ਜਿਸ ਦੀ ਦਇਆ ਦੁਆਰਾ ਤੇਰੇ ਹੱਥ[63] ਹਿਲਦੇ[65] ਅਤੇ ਕੰਮ ਕਰਦੇ[64] ਹਨ।
ਜਿਹ ਪ੍ਰਸਾਦਿ ਸੰਪੂਰਨ[66] ਫਲਹਿ[67] ॥	By whose grace thou completely[66] flourisheth[67],	ਜਿਸ ਦੀ ਦਇਆ ਦੁਆਰਾ ਤੂੰ ਪੂਰੀ[66] ਤਰ੍ਹਾਂ ਫੂਲਦਾ ਫਲਦਾ[67] ਹੈਂ,
ਜਿਹ ਪ੍ਰਸਾਦਿ ਪਰਮ[68] ਗਤਿ[69] ਪਾਵਹਿ ॥	By whose favour thou obtainest the supreme[68] rank[69],	ਜਿਸ ਦੀ ਮਿਹਰ ਦੁਆਰਾ ਤੂੰ ਮਹਾਨ[68] ਮਰਤਬਾ[69] ਪਾਂਦਾ ਹੈਂ,
ਜਿਹ ਪ੍ਰਸਾਦਿ ਸੁਖਿ ਸਹਜਿ[70] ਸਮਾਵਹਿ[71] ॥	By whose favour thou shalt merge[71] in the celestial bliss[70],	ਜਿਸ ਦੀ ਮਿਹਰ ਦੁਆਰਾ ਤੂੰ ਬੈਕੁੰਠੀ ਪਰਸੰਨਤਾ[70] ਅੰਦਰ ਲੀਨ[71] ਹੋ ਜਾਵੇਂਗਾ,
ਐਸਾ[72] ਪ੍ਰਭੁ ਤਿਆਗਿ[73] ਅਵਰ[74] ਕਤ[75] ਲਾਗਹੁ[76]॥	Forsaking[73] such[72] Lord, why[75] shouldest thou attach[76] thyself to another[74] ?	ਇਹੋ ਜਿਹੇ[72] ਸੁਆਮੀ ਨੂੰ ਛੱਡ[73] ਕੇ ਤੂੰ ਕਿਉਂ[75] ਕਿਸੇ ਹੋਰਸ[74] ਨਾਲ ਜੁੜਦਾ[76] ਹੈਂ ?
ਗੁਰ ਪ੍ਰਸਾਦਿ ਨਾਨਕ ਮਨਿ[77] ਜਾਗਹੁ[78] ॥੬॥	By Guru's grace, awaken[78] thy mind[77] to thy God, O Nanak.	ਗੁਰਾਂ ਦੀ ਮਿਹਰ ਦੁਆਰਾ ਆਪਣੀ ਜਿੰਦੜੀ[77] ਨੂੰ ਆਪਣੇ ਵਾਹਿਗੁਰੂ ਵੱਲ ਸੁਚੇਤ[78] ਕਰ, ਹੇ ਨਾਨਕ !
ਜਿਹ ਪ੍ਰਸਾਦਿ ਤੂ ਪ੍ਰਗਟੁ[79] ਸੰਸਾਰਿ[80] ॥ ਤਿਸੁ ਪ੍ਰਭ ਕਉ ਮੂਲਿ[81] ਨ ਮਨਹੁ ਬਿਸਾਰਿ[82] ॥	By whose grace thou, are distinguished[79] the world[80] over, forget[82] not ever[81], that Lord from thy mind.	ਜਿਸ ਦੀ ਮਿਹਰ ਦੁਆਰਾ ਤੂੰ ਜਹਾਨ[80] ਅੰਦਰ ਉਘਾ[79] ਹੈਂ, ਉਸ ਸੁਆਮੀ ਨੂੰ ਕਦੇ[81] ਭੀ ਆਪਣੇ ਚਿੱਤ ਵਿਚੋਂ ਨਾ ਭੁਲਾ[82] ।
ਜਿਹ ਪ੍ਰਸਾਦਿ ਤੇਰਾ ਪਰਤਾਪੁ[83] ॥ ਰੇ ਮਨ[84] ਮੂੜ[85] ਤੂ ਤਾਕਉ[87]ਜਾਪੁ[86]॥	By whose kindness, thou hast acquired prestige and power[83], O my foolish[85] soul[84], do thou meditate[86] upon Him[87].	ਜਿਸ ਦੀ ਮਿਹਰਬਾਨੀ ਦੁਆਰਾ ਤੇਰਾ ਤਪ ਤੇਜ[83] ਬਣਿਆ ਹੈ, ਹੇ ਮੇਰੀ ਮੂਰਖ[85] ਜਿੰਦੜੀਏ[84] ! ਤੂੰ ਉਸ[87] ਦਾ ਸਿਮਰਨ[86] ਕਰ ।
ਜਿਹ ਪ੍ਰਸਾਦਿ ਤੇਰੇ ਕਾਰਜ[88] ਪੂਰੇ[89] ॥ ਤਿਸਹਿ[90] ਜਾਨੁ[91] ਮਨ ਸਦਾ[92] ਹਜੂਰੇ[93] ॥	By whose kindness all thy works[88] are accomplished[89], within thy mind deem[91] Him[90] to be ever[92] closeby[93].	ਜਿਸ ਦੀ ਮਿਹਰਬਾਨੀ ਦੁਆਰਾ ਤੇਰੇ ਸਾਰੇ ਕੰਮ[88] ਸੰਪੂਰਨ[89] ਹੋਏ ਹਨ, ਆਪਣੇ ਚਿੱਤ ਅੰਦਰ ਉਸ[90] ਨੂੰ ਹਮੇਸ਼ਾ[92], ਐਨ ਲਾਗੇ[93] ਖ਼ਿਆਲ[91] ਕਰ ।
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ[94] ॥ ਰੇ ਮਨ ਮੇਰੇ ਤੂੰ ਤਾ[95] ਸਿਉ[96] ਰਾਚੁ[97] ॥	By whose kindness thou obtainest the truth[94], O my soul, get thou merged[97] into[96] Him[95].	ਜਿਸ ਦੀ ਮਿਹਰਬਾਨੀ ਦੁਆਰਾ ਤੇਨੂੰ ਸੱਚ[94] ਪਰਾਪਤ ਹੁੰਦਾ ਹੈ, ਹੇ ਮੇਰੀ ਜਿੰਦੇ ! ਤੂੰ ਉਸ[95] ਨਾਲ[96] ਅਭੇਦ[97] ਹੋ ਜਾ ।

ਜਿਹ ਪ੍ਰਸਾਦਿ ਸਭ ਕੀ ਗਤਿ[98] ਹੋਇ ॥ ਨਾਨਕ ਜਾਪੁ[99] ਜਪੈ ਜਪੁ[100] ਸੋਇ[2] ॥੭॥

Nanak continuously utters[100] the Name[99] of Him[2] by whose kindness all are saved[98].

ਨਾਨਕ ਉਸ[2] ਦੇ ਨਾਮ[99] ਦਾ ਇਕਰਸ ਉਚਾਰਨ[100] ਕਰਦਾ ਹੈ, ਜਿਸ ਦੀ ਰਹਿਮਤ ਸਦਕਾ ਸਭਸ ਦਾ ਪਾਰ ਉਤਾਰਾ[98] ਹੁੰਦਾ ਹੈ ।

ਆਪਿ[3] ਜਪਾਏ[4] ਜਪੈ ਸੋ[5] ਨਾਉ ॥

He[5], whom God Himself[3] causes to repeat[4], repeats His Name.

ਜਿਸ ਪਾਸੋਂ ਵਾਹਿਗੁਰੂ ਆਪੇ[3] ਉਚਾਰਨ ਕਰਵਾਉਂਦਾ[4] ਹੈ, ਉਹੀ[5] ਉਸ ਦਾ ਨਾਮ ਉਚਾਰਨ ਕਰਦਾ ਹੈ ।

ਆਪਿ ਗਾਵਾਏ ਸੁ ਹਰਿਗੁਨ[6] ਗਾਉ[7] ॥

He alone sings[7] God's praise[6], whom He Himself causes to sing.

ਕੇਵਲ ਉਹੀ ਵਾਹਿਗੁਰੂ ਦਾ ਜੱਸ[6] ਗਾਇਨ[7] ਕਰਦਾ ਹੈ, ਜਿਸ ਪਾਸੋਂ ਉਹ ਖ਼ੁਦ ਗਾਇਨ ਕਰਵਾਉਂਦਾ ਹੈ ।

੨੭੧

ਪ੍ਰਭੂ ਕਿਰਪਾ[8] ਤੇ ਹੋਇ ਪ੍ਰਗਾਸੁ[9] ॥

271

By Lord's grace[8], the light[9] dawns.

੨੭੧

ਸੁਆਮੀ ਦੀ ਦਇਆ[8] ਦੁਆਰਾ ਚਾਨਣ[9] ਹੁੰਦਾ ਹੈ ।

ਪ੍ਰਭ ਦਇਆ ਤੇ ਕਮਲ[10] ਬਿਗਾਸੁ[12] ॥

Through Lord's kindness, the heart-lotus[10] blooms[12].

ਸਾਹਿਬ ਦੀ ਮਿਹਰ ਰਾਹੀਂ ਦਿਲ-ਕੰਵਲ[10] ਖਿੜਦਾ[12] ਹੈ ।

ਪ੍ਰਭ [13]ਸੁਪ੍ਰਸੰਨ[14] ਬਸੈ[15] ਮਨਿ ਸੋਇ[16] ॥

When the Lord is mightily[13] pleased[14], He[16] dwells[15] within man's mind.

ਜਦ ਸੁਆਮੀ ਪਰਮ[13] ਖ਼ੁਸ਼[14] ਹੁੰਦਾ ਹੈ, ਉਹ[16] ਬੰਦੇ ਦੇ ਚਿੱਤ ਅੰਦਰ ਆ ਨਿਵਾਸ[15] ਕਰਦਾ ਹੈ ।

ਪ੍ਰਭ ਦਇਆ ਤੇ ਮਤਿ[17] ਉਤਮ[18] ਹੋਇ ॥

By Lord's favour man's intellect[17] becomes sublime[18].

ਸਾਂਈ ਦੀ ਮਿਹਰ ਦੁਆਰਾ ਬੰਦੇ ਦੀ ਅਕਲ[17] ਸਰੇਸ਼ਟ[18] ਹੋ ਜਾਂਦੀ ਹੈ ।

ਸਰਬ[19] ਨਿਧਾਨ[20] ਪ੍ਰਭ ਤੇਰੀ ਮਇਆ[21] ॥

All[19] the treasure[20] are in Thine mercy[21], O Lord.

ਸਾਰੇ[19] ਖ਼ਜ਼ਾਨੇ[20] ਤੇਰੀ ਰਹਿਮਤ[21] ਵਿਚ ਹਨ, ਹੇ ਸੁਆਮੀ !

ਆਪਹੁ[22] ਕਛੂ[23] ਨ ਕਿਨਹੂ[24] ਲਇਆ[25] ॥

By himself[22] no one[24] attains[25] anything[23].

ਆਪਣੇ ਆਪ[22] ਕਿਸੇ[24] ਨੂੰ ਕੁਝ[23] ਭੀ ਪਰਾਪਤ[25] ਨਹੀਂ ਹੁੰਦਾ ।

ਜਿਤੁ ਜਿਤੁ ਲਾਵਹੁ[26] ਤਿਤੁ ਲਗਹਿ[27] ਹਰਿ ਨਾਥ[28] ॥

The creatures apply[27] themselves to the duties, Thou hast appointed[26] them, O Lord God[28].

ਜੀਵ ਉਨ੍ਹੀਂ ਕੰਮੀਂ-ਕਾਜੀਂ ਜੁੜਦੇ[27] ਹਨ, ਜੋ ਤੂੰ ਉਨ੍ਹਾਂ ਲਈ ਨੀਅਤ[26] ਕੀਤੇ ਹਨ, ਹੇ ਵਾਹਿਗੁਰੂ ਸੁਆਮੀ[28] !

ਨਾਨਕ ਇਨ ਕੈ ਕਛੂ ਨ ਹਾਥ[29] ॥੮॥੬॥

In their hand[29], O Nanak, lies but nothing.

ਉਨ੍ਹਾਂ ਦੇ ਹੱਥ[29] ਵਿਚ, ਹੇ ਨਾਨਕ ! ਕੁਝ ਭੀ ਨਹੀਂ ।

ਸਲੋਕੁ ॥

Slok.

ਸਲੋਕ ।

ਅਗਮ[30] ਅਗਾਧਿ[31] ਪਾਰਬ੍ਰਹਮੁ[32] ਸੋਇ[33] ॥

That[33] Supreme Lord[32] is Unapproachable[30] and Unfathomable[31].

ਉਹ[33] ਪਰਮ ਪ੍ਰਭੂ[32] ਪਹੁੰਚ ਤੋਂ ਪਰੇ[30] ਅਤੇ ਬੇ-ਥਾਹ[31] ਹੈ ।

ਜੋ[34] ਜੋ ਕਹੈ[35] ਸੁ[36] ਮੁਕਤਾ[37] ਹੋਇ ॥

Whosoever[34] utters[35] His Name, he[36] is emancipated[37].

ਜੋ ਕੋਈ ਭੀ[34] ਉਸ ਦੇ ਨਾਮ ਨੂੰ ਜਪਦਾ[35] ਹੈ, ਉਹ[36] ਮੋਖ਼ਸ਼[37] ਹੋ ਜਾਂਦਾ ਹੈ ।

ਸੁਨਿ ਮੀਤਾ[38] ਨਾਨਕੁ ਬਿਨਵੰਤਾ[39] ॥ ਸਾਧ ਜਨਾ[40] ਕੀ ਅਚਰਜ[41] ਕਥਾ[42] ॥੧॥

Nanak supplicates[39], hear, O my friend[38], the wonderful[41] story[42] the saintly persons[40].

ਨਾਨਕ[39] ਬੇਨਤੀ ਕਰਦਾ ਹੈ, ਹੇ ਮੇਰੇ ਮਿੱਤ੍ਰ[38] ! ਧਰਮਾਤਮਾ ਪੁਰਸ਼ਾਂ[40] ਦੀ ਵਿਸਮਾਦ[41] ਵਾਰਤਾ[42] ਸ੍ਰਵਣ ਕਰ ।

ਅਸਟਪਦੀ ॥	Ashtpadi.	ਅਸਟਪਦੀ।
ਸਾਧ ਕੈ[43] ਸੰਗਿ ਮੁਖ[44] ਉਜਲ[45] ਹੋਤ ॥	In the saints' congregation[43] the face[44] becomes bright[45].	ਸਤਿ ਸੰਗਤ[43] ਅੰਦਰ ਚਿਹਰਾ[44] ਰੋਸ਼ਨ[45] ਹੋ ਜਾਂਦਾ ਹੈ।
ਸਾਧ ਸੰਗਿ ਮਲੁ[46] ਸਗਲੀ[47] ਖੋਤ[48] ॥	In the saints' congregation all[47] the filth[46] is removed[48].	ਸਤਿ ਸੰਗਤ ਅੰਦਰ ਸਾਰੀ[47] ਮੈਲ[46] ਲਹਿ ਜਾਂਦੀ[48] ਹੈ।
ਸਾਧ ਕੈ ਸੰਗਿ ਮਿਟੈ[49] ਅਭਿਮਾਨੁ[50] ॥	In the saints' congregation the pride[50] is effaced[49].	ਸਤਿ ਸੰਗਤ ਅੰਦਰ ਹੰਕਾਰ[50] ਨਵਿਰਤ[49] ਹ�و ਜਾਂਦਾ ਹੈ।
ਸਾਧ ਕੈ ਸੰਗਿ ਪ੍ਰਗਟੈ[51] ਸੁਗਿਆਨੁ[52] ॥	In the saints' congregation Divine knowledge[52] is revealed[51].	ਸਤਿ ਸੰਗਤ ਅੰਦਰ ਬ੍ਰਹਿਮ-ਵੀਚਾਰ[52] ਜ਼ਾਹਿਰ[51] ਹੋ ਜਾਂਦਾ ਹੈ।
ਸਾਧ ਕੈ ਸੰਗਿ ਬੁਝੈ[53] ਪ੍ਰਭੁ ਨੇਰਾ[54] ॥	In the saints' congregation the Lord is known[53] to be near[54].	ਸਤਿ ਸੰਗਤ ਅੰਦਰ ਸੁਆਮੀ ਨੂੰ ਨੇੜੇ[54] ਹੀ ਜਾਣ[53] ਲਈਦਾ ਹੈ।
ਸਾਧ ਸੰਗਿ ਸਭੁ ਹੋਤ ਨਿਬੇਰਾ[55] ॥	In the saints' congregation all the strifes are settled[55].	ਸਤਿ ਸੰਗਤ ਅੰਦਰ ਸਾਰੇ ਬਖੇੜੇ ਨਿਬੜ ਜਾਂਦੇ[55] ਹਨ।
ਸਾਧ ਕੈ ਸੰਗਿ ਪਾਏ ਨਾਮ ਰਤਨੁ[56] ॥	In the saints' congregation the Name jewel[56] is obtained.	ਸਤਿ ਸੰਗਤ ਅੰਦਰ ਨਾਮ ਦਾ ਹੀਰਾ[56] ਪ੍ਰਾਪਤ ਹੋ ਜਾਂਦਾ ਹੈ।
ਸਾਧ ਕੈ ਸੰਗਿ ਏਕ[57] ਊਪਰਿ ਜਤਨੁ[58] ॥	In the saints' congregation man strives[58] for one Lord[57] alone.	ਸਤਿ ਸੰਗਤ ਅੰਦਰ ਬੰਦਾ ਕੇਵਲ ਇਕ ਸਾਂਈ[57] ਲਈ ਹੀ ਉਪ੍ਰਾਲਾ[58] ਕਰਦਾ ਹੈ।
ਸਾਧ ਕੀ ਮਹਿਮਾ[59] ਬਰਨੈ[60] ਕਉਨੁ[61] ਪ੍ਰਾਨੀ[62] ॥	Which[61] mortal[62] can narrate[60] the saints' praise[59] ?	ਕਿਹੜਾ[61] ਜੀਵ[62] ਸੰਤਾਂ ਦੀ ਕੀਰਤੀ[59] ਨੂੰ ਬਿਆਨ[60] ਕਰ ਸਕਦਾ ਹੈ ?
ਨਾਨਕ ਸਾਧ ਕੀ ਸੋਭਾ[63] ਪ੍ਰਭ ਮਾਹਿ[64] ਸਮਾਨੀ[65]॥੧॥	Nanak, the glory[63] of the saints is merged[64] in[65] that of the Lord.	ਨਾਨਕ ਸੰਤ ਦੀ ਵਡਿਆਈ[63] ਸੁਆਮੀ ਦੀ ਵਡਿਆਈ ਅੰਦਰ[64] ਹੀ ਲੀਨ[65] ਹੋਈ ਹੋਈ ਹੈ।
ਸਾਧ ਕੈ ਸੰਗਿ ਅਗੋਚਰੁ[66] ਮਿਲੈ ॥	In the society of saints the Incomprehensible[66] Lord is met.	ਸੰਤਾਂ ਦੀ ਸੰਗਤ ਅੰਦਰ ਅਗਾਧ[66] ਪ੍ਰਭੂ ਮਿਲ ਪੈਂਦਾ ਹੈ।
ਸਾਧ ਕੈ ਸੰਗਿ ਸਦਾ[67] ਪਰਫੁਲੈ[68] ॥	In the society of saints, the mortal ever[67] flowers[68].	ਸੰਤਾਂ ਦੀ ਸੰਗਤ ਅੰਦਰ ਪ੍ਰਾਣੀ ਹਮੇਸ਼ਾ[67] ਫਲਦਾ ਫੁਲਦਾ[68] ਹੈ।
ਸਾਧ ਕੈ ਸੰਗਿ ਆਵਹਿ ਬਸਿ[69] ਪੰਚਾ[70] ॥	In the society of saints the five[70] enemies are restrained[69].	ਸੰਤਾਂ ਦੀ ਸੰਗਤ ਅੰਦਰ ਪੰਜ[70] ਵੈਰੀ ਕਾਬੂ[69] ਆ ਜਾਂਦੇ ਹਨ।
ਸਾਧ ਸੰਗਿ ਅੰਮ੍ਰਿਤ[71] ਰਸੁ[72] ਭੁੰਚਾ[73] ॥	In the society of saints man enjoys[73] the Nectarean[71] Name essence[72].	ਸੰਤਾਂ ਦੀ ਸੰਗਤ ਅੰਦਰ ਬੰਦਾ ਸੁਧਾ ਰੂਪ[71] ਨਾਮ ਦੇ ਜੌਹਰ[72] ਨੂੰ ਮਾਣਦਾ[73] ਹੈ।
ਸਾਧ ਸੰਗਿ ਹੋਇ ਸਭ ਕੀ ਰੇਨ[74] ॥	In the society of saints one becomes the dust[74] of all.	ਸੰਤਾਂ ਦੀ ਸੰਗਤ ਅੰਦਰ ਬੰਦਾ ਸਾਰਿਆਂ ਦੀ ਧੂੜ[74] ਹੋ ਜਾਂਦਾ ਹੈ।
ਸਾਧ ਕੈ ਸੰਗਿ ਮਨੋਹਰ[75] ਬੈਨ[76] ॥	In the society of saints the speech[76] becomes fascinating[75].	ਸੰਤਾਂ ਦੀ ਸੰਗਤ ਅੰਦਰ ਬਾਣੀ[76] ਮਣਮੋਹਣੀ[75] ਹੋ ਜਾਂਦੀ ਹੈ।
ਸਾਧ ਕੈ ਸੰਗਿ ਨ ਕਤਹੂੰ[77] ਧਾਵੈ[78] ॥	In the society of saints the mind goes[78] not anywhere[77].	ਸੰਤਾਂ ਦੀ ਸੰਗਤ ਅੰਦਰ ਮਨੂਆ ਕਿਧਰੇ[77] ਨਹੀਂ ਜਾਂਦਾ[78]।

ਸਾਧ ਸੰਗਿ ਅਸਥਿਤਿ[79] ਮਨੁ ਪਾਵੈ ॥	In the society of saints the mind attains stability[79].	ਸੰਤਾਂ ਦੀ ਸੰਗਤ ਅੰਦਰ ਮਨੁਆ ਅਡੋਲਤਾ[79] ਪ੍ਰਾਪਤ ਕਰ ਲੈਂਦਾ ਹੈ।
ਸਾਧ ਕੈ ਸੰਗਿ ਮਾਇਆ[80] ਤੇ ਭਿੰਨ[81] ॥	In the society of saints it gets rid of[81] the worldly valuables[80].	ਸੰਤਾਂ ਦੀ ਸੰਗਤ ਅੰਦਰ ਇਹ ਸੰਸਾਰੀ ਪਦਾਰਥਾਂ[80] ਤੋਂ ਖਲਾਸੀ[81] ਪਾ ਜਾਂਦਾ ਹੈ।
ਸਾਧ ਸੰਗਿ ਨਾਨਕ ਪ੍ਰਭੁ [82]ਸੁਪ੍ਰਸੰਨ[83] ॥੨॥	In the society of saints O Nanak, the Lord is mightily[82] pleased[83].	ਸੰਤਾਂ ਦੀ ਸੰਗਤ ਅੰਦਰ ਸੁਆਮੀ ਅਤਿ[82] ਖੁਸ਼[83] ਹੋ ਜਾਂਦਾ ਹੈ।
ਸਾਧ ਸੰਗਿ ਦੁਸਮਨ[84] ਸਭ ਮੀਤ[85] ॥	By associating with the saints all the enemies[84] become friends[85].	ਸੰਤਾਂ ਦੀ ਸੰਗਤ ਕਰਨ ਦੁਆਰਾ ਸਾਰੇ ਵੈਰੀ[84] ਮਿੱਤ੍ਰ[85] ਬਣ ਜਾਂਦੇ ਹਨ।
ਸਾਧੂ ਕੈ ਸੰਗਿ ਮਹਾ[86] ਪੁਨੀਤ[87] ॥	By associating with the saints man becomes very[86] pure[87].	ਸੰਤਾਂ ਦੀ ਸੰਗਤ ਕਰਨ ਦੁਆਰਾ ਪੁਰਸ਼ ਪਰਮ[86] ਪਵਿੱਤ੍ਰ[87] ਹੋ ਜਾਂਦਾ ਹੈ।
ਸਾਧ ਸੰਗਿ ਕਿਸ ਸਿਉ ਨਹੀ ਬੈਰੁ[88] ॥	By associating with the saints he bears enmity[88] to none.	ਸੰਤਾਂ ਦੀ ਸੰਗਤ ਕਰਨ ਦੁਆਰਾ ਉਹ ਕਿਸੇ ਨਾਲ ਦੁਸ਼ਮਨੀ[88] ਨਹੀਂ ਕਰਦਾ।
ਸਾਧ ਕੈ ਸੰਗਿ ਨ ਬੀਗਾ[89] ਪੈਰੁ[90] ॥	By associating with the saints man's feet[90] walk not astray[89].	ਸੰਤਾਂ ਦੀ ਸੰਗਤ ਕਰਨ ਦੁਆਰਾ ਬੰਦਾ ਟੇਢੇ[89] ਪੈਰ[90] ਨਹੀਂ ਧਰਦਾ।
ਸਾਧ ਕੈ ਸੰਗਿ ਨਾਹੀ ਕੋ ਮੰਦਾ[91] ॥	By associating with the saints no one seems evil[91].	ਸੰਤਾਂ ਦੀ ਸੰਗਤ ਕਰਨ ਦੁਆਰਾ ਕੋਈ ਜਣਾ ਬੁਰਾ[91] ਮਾਲੂਮ ਨਹੀਂ ਹੁੰਦਾ।
ਸਾਧ ਸੰਗਿ ਜਾਨੇ ਪਰਮਾ-ਨੰਦਾ[92] ॥	By associating with the saints man knows the supreme joy[92].	ਸੰਤਾਂ ਦੀ ਸੰਗਤ ਕਰਨ ਦੁਆਰਾ ਬੰਦਾ ਮਹਾਨ ਸੁਖਰੂਪ[92] ਨੂੰ ਜਾਣ ਲੈਂਦਾ ਹੈ।
ਸਾਧ ਕੈ ਸੰਗਿ ਨਾਹੀ ਹਉ[93] ਤਾਪੁ[94] ॥	By associating with the saints man loses the fever[94] of ego[93].	ਸੰਤਾਂ ਦੀ ਸੰਗਤ ਕਰਨ ਦੁਆਰਾ ਬੰਦੇ ਦਾ ਹੰਕਾਰ[93] ਦਾ ਬੁਖ਼ਾਰ[94] ਲਹਿ ਜਾਂਦਾ ਹੈ।
ਸਾਧ ਕੈ ਸੰਗਿ ਤਜੈ[95] ਸਭੁ[96] ਆਪੁ[97] ॥	By associating with the saints man sheds[95] all[96] self-conceit[97].	ਸੰਤਾਂ ਦੀ ਸੰਗਤ ਕਰਨ ਦੁਆਰਾ ਬੰਦਾ ਸਾਰੀ[96] ਸਵੈ-ਹੰਗਤਾ[97] ਨੂੰ ਛੱਡ[95] ਦਿੰਦਾ ਹੈ।
ਆਪੇ[99] ਜਾਨੈ ਸਾਧ ਬਡਾਈ[98] ॥	The Lord Himself[99] knows the greatness[98] of the man of faith.	ਪ੍ਰਭੂ ਆਪ[99] ਹੀ ਧਰਮਾਤਮਾ ਪੁਰਸ਼ ਦੀ ਵਿਸ਼ਾਲਤਾ[98] ਨੂੰ ਜਾਣਦਾ ਹੈ।
ਨਾਨਕ ਸਾਧ ਪ੍ਰਭੂ ਬਨਿ ਆਈ[100] ॥੩॥	Nanak, the man of faith is akin[100] to the Lord.	ਨਾਨਕ, ਨੇਕ ਪੁਰਸ਼ ਦੀ ਸੁਆਮੀ ਨਾਲ ਰਹਿ ਆਈ[100] ਹੈ।
ਸਾਧ ਕੈ ਸੰਗਿ ਨ ਕਬਹੂ ਧਾਵੈ[2] ॥	In the company of the pious persons, the mind never wanders[2].	ਪਵਿੱਤ੍ਰ ਪੁਰਸ਼ਾਂ ਦੇ ਸਮਾਗਮ ਅੰਦਰ ਮਨੁਆ ਕਦਾਚਿੱਤ ਭੰਬਲ ਭੂਸੇ[2] ਨਹੀਂ ਖਾਂਦਾ।
ਸਾਧ ਕੈ ਸੰਗਿ ਸਦਾ[3] ਸੁਖੁ[4] ਪਾਵੈ ॥	In the company of the pious persons, it ever[3], attains peace[4].	ਪਵਿੱਤ੍ਰ ਪੁਰਸ਼ਾਂ ਦੇ ਸਮਾਗਮ ਅੰਦਰ ਇਹ ਹਮੇਸ਼ਾ[3] ਆਰਾਮ[4] ਪਾਉਂਦਾ ਹੈ।
ਸਾਧ ਸੰਗਿ ਬਸਤੁ[5] ਅਗੋਚਰ[6] ਲਹੈ[7] ॥	In the company of the pious person man receives[7] the Incomprehensible[6] Name commodity[5].	ਪਵਿੱਤ੍ਰ ਪੁਰਸ਼ਾਂ ਦੇ ਸਮੇਲਨ ਅੰਦਰ ਇਨਸਾਨ ਅਗਾਧ[6] ਵਸਤੂ[5] ਨੂੰ ਪਾ ਲੈਂਦਾ[7] ਹੈ।
ਸਾਧੂ ਕੈ ਸੰਗਿ ਅਜਰੁ[8] ਸਹੈ[9] ॥	In the company of the pious persons, man endures[9] the unendurable[8].	ਪਵਿੱਤ੍ਰ ਪੁਰਸ਼ਾਂ ਦੇ ਸੰਮੇਲਨ ਅੰਦਰ ਆਦਮੀ ਨਾ ਸਹਾਰੇ ਜਾਣ ਵਾਲੇ[8] ਨੂੰ ਬਰਦਾਸ਼ਤ[9] ਕਰ ਲੈਂਦਾ ਹੈ।

ਸਾਧ ਕੈ ਸੰਗਿ ਬਸੈ[10]ਥਾਨਿ[12] ਊਚੈ[13] ॥	In the company of the pious persons, the mortal abides[10] in the lofty[13] place[12].	ਪਵਿੱਤ੍ਰ ਪੁਰਸ਼ਾਂ ਦੇ ਸੰਮੇਲਨ ਅੰਦਰ ਪ੍ਰਾਣੀ ਉੱਚੀ[13] ਥਾਂ[12] ਤੇ ਨਿਵਾਸ[10] ਰੱਖਦਾ ਹੈ।
ਸਾਧੂ ਕੈ ਸੰਗਿ ਮਹਲਿ[14] ਪਹੂਚੈ[15] ॥	In the company of the pious persons, the mortal reaches[15] the Lord's Mansion[14].	ਪਵਿੱਤ੍ਰ ਪੁਰਸ਼ਾਂ ਦੇ ਸੰਮੇਲਨ ਅੰਦਰ ਪ੍ਰਾਣੀ ਸਾਹਿਬ ਦੇ ਮੰਦਰ[14] ਤੇ ਪੁਜ[15] ਜਾਂਦਾ ਹੈ।
ਸਾਧ ਕੈ ਸੰਗਿ ਦ੍ਰਿੜੈ[16] ਸਭਿ[17] ਧਰਮ[18] ॥	In the company of the pious persons, mortal's faith[18] is completely[17] established[16].	ਪਵਿੱਤ੍ਰ ਪੁਰਸ਼ਾਂ ਦੇ ਸਮੇਲਨ ਅੰਦਰ ਪ੍ਰਾਣੀ ਦਾ ਭਰੋਸਾ[18] ਪੂਰੀ[17] ਤਰ੍ਹਾਂ ਪੱਕਾ ਬੱਝ[16] ਜਾਂਦਾ ਹੈ।
ਸਾਧ ਕੈ ਸੰਗਿ ਕੇਵਲ[19] ਪਾਰਬ੍ਰਹਮ[20] ॥	In the company of the pious persons, one meditates on the Supreme Lord[20] alone[19].	ਪਵਿੱਤ੍ਰ ਪੁਰਸ਼ਾਂ ਦੇ ਸੰਮੇਲਨ ਅੰਦਰ ਬੰਦਾ ਸਿਰਫ਼[19] ਸ਼ਰੋਮਣੀ ਸਾਹਿਬ[20] ਦਾ ਸਿਮਰਨ ਕਰਦਾ ਹੈ।
ਸਾਧ ਕੈ ਸੰਗਿ ਪਾਏ ਨਾਮ ਨਿਧਾਨ[21] ॥	In the company of saints, man obtains the Name treasure[21].	ਸਤਿ ਸੰਗਤ ਅੰਦਰ ਬੰਦਾ ਨਾਮ ਦਾ ਖ਼ਜ਼ਾਨਾ[21] ਪਾ ਲੈਂਦਾ ਹੈ।
ਨਾਨਕ ਸਾਧੂ ਕੈ ਕੁਰਬਾਨ[22] ॥੪॥	Nanak is a sacrifice[22] unto the pious persons.	ਨਾਨਕ ਪਵਿੱਤ੍ਰ ਪੁਰਸ਼ਾਂ ਉਤੋਂ ਬਲਿਹਾਰਣੇ[22] ਜਾਂਦਾ ਹੈ।
ਸਾਧ ਕੈ ਸੰਗਿ ਸਭ ਕੁਲ[23] ਉਧਾਰੈ[24] ॥	By association with saints one's family[23] is all saved[24].	ਸੰਤਾਂ ਦੀ ਸੰਗਤ ਦੁਆਰਾ ਆਦਮੀ ਦੀ ਸਮੂਹ ਵੰਸ਼[23] ਪਾਰ ਉਤਰ[24] ਜਾਂਦੀ ਹੈ।
ਸਾਧ ਸੰਗਿ ਸਾਜਨ[25] ਮੀਤ[26] ਕੁਟੰਬ[27] ਨਿਸਤਾਰੈ[28] ॥	By association with the saints one's friends[25], intimates[26] and relations[27] are redeemed[28].	ਸੰਤਾਂ ਦੀ ਸੰਗਤ ਦੁਆਰਾ ਇਨਸਾਨ ਦੇ ਦੋਸਤ[25]-ਯਾਰ[26] ਅਤੇ ਸਨਬੰਧੀ[27] ਤਰ ਜਾਂਦੇ[28] ਹਨ।
ਸਾਧੂ ਕੈ ਸੰਗਿ ਸੋ[31] ਧਨੁ[29] ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ[30] ॥	By associating with the saints, that[31] wealth[29] is obtained from which wealth, everyone gains advantage[30].	ਸੰਤਾਂ ਦੀ ਸੰਗਤ ਦੁਆਰਾ ਉਹ[31] ਦੌਲਤ[29] ਪ੍ਰਾਪਤ ਹੁੰਦੀ ਹੈ, ਜਿਸ ਦੌਲਤ ਤੋਂ ਹਰ ਕੋਈ ਲਾਭ ਉਠਾਉਂਦਾ[30] ਹੈ।
ਸਾਧ ਸੰਗਿ ਧਰਮ ਰਾਇ[32] ਕਰੇ ਸੇਵਾ[33] ॥	The Righteous Judge[32] performs service[33] for him, who associates with the saints.	ਧਰਮ ਰਾਜ[32] ਉਸ ਦੀ ਟਹਿਲ[33] ਕਮਾਉਂਦਾ ਹੈ, ਜੋ ਸੰਤਾਂ ਦੀ ਸੰਗਤ ਕਰਦਾ ਹੈ।
ਸਾਧ ਕੈ ਸੰਗਿ ਸੋਭਾ[34] ਸੁਰ[35] ਦੇਵਾ[36] ॥	The angles[35] and gods[36] sing the praise[34] of him, who associates with the saints.	ਫ਼ਰਿਸ਼ਤੇ[35] ਅਤੇ ਦੇਵਤੇ[36] ਉਸ ਦਾ ਜੱਸ[34] ਗਾਇਨ ਕਰਦੇ ਹਨ, ਜੋ ਸੰਤਾਂ ਦੀ ਸੰਗਤ ਕਰਦਾ ਹੈ।
ਸਾਧੂ ਕੈ ਸੰਗਿ ਪਾਪ[37] ਪਲਾਇਨ[38] ॥	By association with the saints, the sins[37] flee[38] away.	ਸੰਤਾਂ ਦੀ ਸੰਗਤ ਕਰਨ ਦੁਆਰਾ ਕਸਮਲ[37] ਦੌੜ[38] ਜਾਂਦੇ ਹਨ।
ਸਾਧ ਸੰਗਿ ਅੰਮ੍ਰਿਤ[39]ਗੁਨ[40] ਗਾਇਨ[41] ॥	By association with the saints, the mortal sings[41] the praise[40] of the Ambrosial[39] Name.	ਸੰਤਾਂ ਦੀ ਸੰਗਤ ਦੁਆਰਾ ਪ੍ਰਾਣੀ ਅੰਮ੍ਰਿਤਮਈ[39] ਨਾਮੁ ਦਾ ਜੱਸ[40] ਅਲਾਪਦਾ[41] ਹੈ।

ਸਾਧ ਕੈ ਸੰਗਿ ਸ੍ਰਬ[42] ਥਾਨ[43] ਗੰਮਿ[44] ॥	By association with the saints, man comes to have access[44] to all[42] the places[43].	ਸੰਤਾਂ ਦੀ ਸੰਗਤ ਦੁਆਰਾ ਆਦਮੀ ਦੀ ਸਾਰੀਆਂ[42] ਥਾਵਾਂ[43] ਤੇ ਪਹੁੰਚ[44] ਹੋ ਜਾਂਦੀ ਹੈ।
੨੭੨	272	੨੭੨
ਨਾਨਕ ਸਾਧ ਕੈ ਸੰਗਿ ਸਫਲ[45] ਜਨੰਮ[46] ॥੫॥	Nanak, by association with the saints, man's birth[46] becomes profitable[45].	ਸੰਤਾਂ ਦੀ ਸੰਗਤ ਕਰਨ ਦੁਆਰਾ ਨਾਨਕ, ਇਨਸਾਨ ਦਾ ਜੇਨਮ[46] ਲਾਭਦਾਇਕ[45] ਹੋ ਜਾਂਦਾ ਹੈ।
ਸਾਧ ਕੈ ਸੰਗਿ ਨਹੀ ਕਛੂ[48] ਘਾਲ[47] ॥	In the society of saints one faces not any[48] misery[47].	ਸਤਿ ਸੰਗਤ ਅੰਦਰ ਆਦਮੀ ਕੋਈ[48] ਮੁਸੀਬਤ[47] ਨਹੀਂ ਉਠਾਉਂਦਾ।
ਦਰਸਨੁ[49] ਭੇਟਤ[50] ਹੋਤ ਨਿਹਾਲ[51] ॥	By beholding[49] and meeting[50] the saints, the mortal becomes happy[51].	ਸੰਤਾਂ ਨੂੰ ਵੇਖਣ[49] ਅਤੇ ਮਿਲਣ[50] ਦੁਆਰਾ ਪ੍ਰਾਣੀ ਪਰਸੰਨ[51] ਹੋ ਜਾਂਦਾ ਹੈ।
ਸਾਧ ਕੈ ਸੰਗਿ ਕਲੂਖਤ[52] ਹਰੈ[53] ॥	By associating with the saints, blemishes[52] are removed[53].	ਸੰਤਾਂ ਦੀ ਸੰਗਤ ਕਰਨ ਦੁਆਰਾ ਕਲੰਕ[52] ਧੋਤੇ[53] ਜਾਂਦੇ ਹਨ।
ਸਾਧ ਕੈ ਸੰਗਿ ਨਰਕ[54] ਪਰਹਰੈ[55] ॥	By associating with the saints, the hell[54] is avoided[55].	ਸੰਤਾਂ ਦੀ ਸੰਗਤ ਕਰਨ ਦੁਆਰਾ ਦੋਜ਼ਖ[54] ਤੋਂ ਬਚ[55] ਜਾਈਦਾ ਹੈ।
ਸਾਧ ਕੈ ਸੰਗਿ ਈਹਾ[56] ਊਹਾ[57] ਸੁਹੇਲਾ[58] ॥	By associating with the saints, the mortal remains happy[58] in this[56] world and the yonder[57] one.	ਸੰਤਾਂ ਦੀ ਸੰਗਤ ਕਰਨ ਦੁਆਰਾ ਜੀਵ ਇਸ[56] ਲੋਕ ਅਤੇ ਉਸ ਪ੍ਰਲੋਕ[57] ਵਿੱਚ ਖ਼ੁਸ਼[58] ਰਹਿੰਦਾ ਹੈ।
ਸਾਧ ਸੰਗਿ ਬਿਛੁਰਤ[59] ਹਰਿ ਮੇਲਾ[60] ॥	By associating with the saints, they who are separated[59] from God, meet[60] Him.	ਸੰਤਾਂ ਦੀ ਸੰਗਤ ਕਰਨ ਦੁਆਰਾ ਜੋ ਵਾਹਿਗੁਰੂ ਨਾਲੋਂ ਵਿਛੜੇ[59] ਹਨ, ਉਹ ਉਸ ਨੂੰ ਮਿਲ[60] ਪੈਂਦੇ ਹਨ।
ਜੋ ਇਛੈ[61] ਸੋਈ[62] ਫਲੁ[63] ਪਾਵੈ[66] ॥ ਸਾਧ ਕੈ ਸੰਗਿ ਨ ਬਿਰਥਾ[64] ਜਾਵੈ[65] ॥	By associating with the saints, man departs[65] not empty-handed[64] but obtains[66] the[62] fruit[63] he desires[61].	ਸੰਤਾਂ ਦੀ ਸੰਗਤ ਕਰਨ ਦੁਆਰਾ ਆਦਮੀ ਖ਼ਾਲੀ ਹੱਥੀਂ[64] ਨਹੀਂ ਜਾਂਦਾ[65], ਸਗੋਂ ਜੋ[62] ਮੇਵਾ[63] ਉਹ ਚਾਹੁੰਦਾ[61] ਹੈ, ਉਹੀ ਪਾ[66] ਲੈਂਦਾ ਹੈ।
ਪਾਰਬ੍ਰਹਮੁ[69] ਸਾਧ ਰਿਦ[67] ਬਸੈ[68] ॥	The Supreme Lord[69] abides[68] in the mind[67] of a saint.	ਸ਼ਰੋਮਣੀ ਸਾਹਿਬ[69] ਸੰਤ ਦੇ ਮਨ[67] ਅੰਦਰ ਨਿਵਾਸ[68] ਰੱਖਦਾ ਹੈ।
ਨਾਨਕ ਉਧਰੈ[70] ਸਾਧ ਸੁਨਿ ਰਸੈ[71] ॥੬॥	Nanak is saved[70] by hearing God's Name from the saint's tongue[71].	ਸੰਤ ਦੀ ਜੀਭਾ[71] ਤੋਂ ਵਾਹਿਗੁਰੂ ਦਾ ਨਾਮ ਸ੍ਰਵਣ ਕਰਨ ਦੁਆਰਾ ਨਾਨਕ ਪਾਰ ਉਤਰ[70] ਗਿਆ ਹੈ।
ਸਾਧ ਕੈ ਸੰਗਿ ਸੁਨਉ ਹਰਿ ਨਾਉ ॥	In the guild of saints, hear God's Name.	ਸਤਿ ਸੰਗਤ ਅੰਦਰ ਰੱਬ ਦਾ ਨਾਮ ਸ੍ਰਵਣ ਕਰ।
ਸਾਧ ਸੰਗਿ ਹਰਿ ਕੇ ਗੁਨ[72] ਗਾਉ[73] ॥	In the guild of saints, sing[73] God's praises[72].	ਸਤਿ ਸੰਗਤ ਅੰਦਰ ਵਾਹਿਗੁਰੂ ਦਾ ਜੱਸ[72] ਗਾਇਨ[73] ਕਰ।
ਸਾਧ ਕੈ ਸੰਗਿ ਨ ਮਨ[74] ਤੇ ਬਿਸਰੈ[75] ॥	In the guild of saints, man forgets[75] not the Lord from his mind[74].	ਸਤਿ ਸੰਗਤ ਅੰਦਰ ਇਨਸਾਨ ਪ੍ਰਭੂ ਨੂੰ ਆਪਣੇ ਚਿੱਤੋਂ ਨਹੀਂ ਭੁਲਾਉਂਦਾ[75]।
ਸਾਧ ਸੰਗਿ ਸਰਪਰ[76] ਨਿਸਤਰੈ[77] ॥	In the guild of saints, he is assuredly[76] saved[77].	ਸਤਿ ਸੰਗਤ ਅੰਦਰ ਉਹ ਨਿਸਚਿਤ[76] ਹੀ ਪਾਰ[77] ਉੱਤਰ ਜਾਂਦਾ ਹੈ।

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ[78] ॥	In the guild of saints, the Lord becomes sweet[78] unto the man.	ਸਤਿ ਸੰਗਤ ਅੰਦਰ ਸੁਆਮੀ ਬੰਦੇ ਨੂੰ ਮਿੱਠਾ[78] ਲੱਗਣ ਲੱਗ ਜਾਂਦਾ ਹੈ।
ਸਾਧੂ ਕੈ ਸੰਗਿ ਘਟਿ ਘਟਿ[79] ਡੀਠਾ[80] ॥	In the guild of saints, God is seen[80] in every heart[79].	ਸਤਿ ਸੰਗਤ ਅੰਦਰ ਵਾਹਿਗੁਰੂ ਹਰ ਦਿਲ[79] ਵਿੱਚ ਦਿੱਸ[80] ਆਉਂਦਾ ਹੈ।
ਸਾਧ ਸੰਗਿ ਭਏ[81] ਆਗਿਆਕਾਰੀ[82] ॥	In the saints' congregation, man becomes[81] obedient[82] to the Lord.	ਸਾਧ ਸੰਗਤ ਅੰਦਰ ਆਦਮੀ ਸੁਆਮੀ ਦਾ ਹੁਕਮ ਮੰਨਣ ਵਾਲਾ[82] ਹੋ ਜਾਂਦਾ[81] ਹੈ।
ਸਾਧ ਸੰਗਿ ਗਤਿ[83] ਭਈ ਹਮਾਰੀ ॥	In the saints' congregation I have obtained salvation[83].	ਸਾਧ ਸੰਗਤ ਅੰਦਰ ਮੈਂ ਮੁਕਤੀ[83] ਪ੍ਰਾਪਤ ਕਰ ਲਈ ਹੈ।
ਸਾਧ ਕੈ ਸੰਗਿ ਮਿਟੇ[84] ਸਭਿ ਰੋਗ[85] ॥	In the saints' congregation all the maladies[85] are healed[84].	ਸਾਧ ਸੰਗਤ ਅੰਦਰ ਸਾਰੀਆਂ ਬੀਮਾਰੀਆਂ[85] ਹਟ ਜਾਂਦੀਆਂ[84] ਹਨ।
ਨਾਨਕ ਸਾਧ ਭੇਟੇ[86] ਸੰਜੋਗ[87] ॥੭॥	Nanak, by good destiny[87] the saints are met[86].	ਨਾਨਕ, ਚੰਗੀ ਕਿਸਮਤ[87] ਦੁਆਰਾ ਸੰਤ ਮਿਲਦੇ[86] ਹਨ।
ਸਾਧ[89] ਕੀ ਮਹਿਮਾ[88] ਬੇਦ ਨ ਜਾਨਹਿ ॥	The Vedas know not the praise[88] of the holy men[89].	ਵੇਦ ਨੇਕ ਹਸਤੀਆਂ[89] ਦੀ ਕੀਰਤੀ[88] ਨੂੰ ਨਹੀਂ ਜਾਣਦ।
ਜੇਤਾ[90] ਸੁਨਹਿ ਤੇਤਾ[91] ਬਖਿਆਨਹਿ[92] ॥	They describe[92] them as much[91], as[90] they have heard regarding them.	ਉਹ ਉਨ੍ਹਾਂ ਨੂੰ ਓਨਾਂ[91] ਬਿਆਨ[92] ਕਰਦੇ ਹਨ,ਜਿੰਨਾ ਕੁ[90] ਉਨ੍ਹਾਂ ਨੇ ਉਨ੍ਹਾਂ ਬਾਰੇ ਸੁਣਿਆ ਹੈ।
ਸਾਧ ਕੀ ਉਪਮਾ[93] ਤਿਹੁ[94] ਗੁਣ[95] ਤੇ ਦੂਰਿ[96] ॥	The greatness[93] of the saints is beyond[96] the three[94] qualities[95].	ਸੰਤਾਂ ਦੀ ਵਡਿਆਈ[93] ਤਿੰਨਾਂ[94] ਹੀ ਲੱਛਣਾਂ[95] ਤੋਂ ਪਰੇਡੇ[96] ਹੈ।
ਸਾਧ ਕੀ ਉਪਮਾ[97] ਰਹੀ ਭਰਪੂਰਿ[98] ॥	All pervading[98] is the praise[97] of the saints.	ਸਰਬ-ਵਿਆਪਕ[98] ਹੈ ਸੰਤਾਂ ਦੀ ਮਹਿਮਾ[97]।
ਸਾਧ ਕੀ ਸੋਭਾ[99] ਕਾ ਨਾਹੀ ਅੰਤ[100] ॥	There is no limit[100] to the glory[99] of the saint.	ਸੰਤ ਦੀ ਮਹੱਤਤਾ[99] ਦਾ ਕੋਈ ਓੜਕ[100] ਨਹੀਂ।
ਸਾਧ ਕੀ ਸੋਭਾ ਸਦਾ[2] ਬੇਅੰਤ[3] ॥	Ever[2] infinite[3] is the renown of the saint.	ਹਮੇਸ਼ਾ[2] ਹੀ ਬੇ-ਇਨਤਹਾ[3] ਹੈ ਮਹਾਨਤਾ ਸੰਤ ਦੀ।
ਸਾਧ ਕੀ ਸੋਭਾ ਊਚ ਤੇ ਊਚੀ[4] ॥	The glory of a saint is the highest of the high[4].	ਸੰਤ ਦੀ ਵਡਿਆਈ ਉੱਚੀ ਤੋਂ ਉੱਚੀ[4] ਹੈ।
ਸਾਧ ਕੀ ਸੋਭਾ ਮੂਚ[5] ਤੇ ਮੂਚੀ ॥	The honour of saint is the greatest of the great[5].	ਸੰਤ ਦੀ ਕੀਰਤੀ ਵਡਿਆਂ[5] ਵਿੱਚੋਂ ਮਹਾਨ ਵੱਡੀ ਹੈ।
ਸਾਧ ਕੀ ਸੋਭਾ ਸਾਧ ਬਨਿ ਆਈ[6] ॥	The celebrity of saint behoves[6] the saint alone.	ਸੰਤ ਦੀ ਕੀਰਤੀ ਕੇਵਲ ਸੰਤ ਨੂੰ ਹੀ ਫਬਦੀ[6] ਹੈ।
ਨਾਨਕ ਸਾਧ ਪ੍ਰਭ ਭੇਦੁ[7] ਨ ਭਾਈ[8] ॥੮॥੭॥	O Nanak, between His saint and the Lord there is no difference[7], my brother[8].	ਹੇ ਨਾਨਕ ! ਉਸ ਦੇ ਸੰਤ ਅਤੇ ਸੁਆਮੀ ਵਿੱਚ ਕੋਈ ਫ਼ਰਕ[7] ਨਹੀਂ, ਮੇਰੇ ਵੀਰ[8]।
ਸਲੋਕੁ ॥	Slok.	ਸਲੋਕ।
ਮਨਿ[9] ਸਾਚਾ[10] ਮੁਖਿ[14]	He, within whose mind[9] is the True	ਜਿਸ ਦੇ ਹਿਰਦੇ[9] ਅੰਦਰ ਸੱਚਾ ਨਾਮ[10] ਹੈ, ਜੋ ਆਪਣੇ

ਸਾਚਾ ਸੋਇ[12] ॥ ਅਵਰੁ[13]ਨ ਪੇਖੈ[15] ਏਕਸੁ[16] ਬਿਨੁਕੋਇ ॥

Name[10], who with his mouth[14] utters the[12] True Name and who beholds[15] no other[13] but the unique Lord[16],

ਮੂੰਹ[14] ਨਾਲ ਉਸ[12] ਸੱਚੇ ਨਾਮ ਨੂੰ ਉਚਾਰਨ ਕਰਦਾ ਹੈ ਅਤੇ ਜੋ ਅਦੁੱਤੀ ਸਾਹਿਬ[16] ਬਿਨਾਂ ਕਿਸੇ ਹੋਰਸ[13] ਨੂੰ ਵੇਖਦਾ[15] ਹੀ ਨਹੀਂ,

ਨਾਨਕ ਇਹ ਲਛਣ[17] ਬ੍ਰਹਮਗਿਆਨੀ[18]ਹੋਇ ॥੧॥

Nanak, these are the qualties[17] of the man who knows[18] God.

ਨਾਨਕ ! ਇਹ ਹਨ ਗੁਣ[17] ਵਾਹਿਗੁਰੂ ਨੂੰ ਜਾਨਣ ਵਾਲੇ[18] ਬੰਦੇ ਦੇ ।

ਅਸਟਪਦੀ ॥

Ashtpadi.

ਅਸ਼ਟਪਦੀ ।

ਬ੍ਰਹਮ ਗਿਆਨੀ ਸਦਾ ਨਿਰਲੇਪ[19] ॥ਜੈਸੇ[20] ਜਲ[21] ਮਹਿ[22] ਕਮਲ[23] ਅਲੇਪ[24]॥

The knower of God, ever, remains unattached[19] like[20] the lotus[23], which abides detached[24] in[22] water[21].

ਵਾਹਿਗੁਰੂ ਨੂੰ ਜਾਨਣ ਵਾਲਾ ਹਮੇਸ਼ਾ ਅਟੰਕ[19] ਰਹਿੰਦਾ ਹੈ, ਜਿਸ ਤਰ੍ਹਾਂ[20] ਪਾਣੀ[21] ਵਿੱਚ[22] ਕੰਵਲ[23] ਅਤੀਤ[24] ਵਿਚਰਦਾ ਹੈ ।

ਬ੍ਰਹਮ ਗਿਆਨੀ ਸਦਾ ਨਿਰਦੋਖ[25] ॥ ਜੈਸੇ ਸੂਰੁ[26] ਸਰਬ[27] ਕਉ ਸੋਖ[28] ॥

The knower of God is ever stainless[25] as the Sun[26] gives comfort[28] to all[27].

ਰੱਬ ਨੂੰ ਜਾਨਣ ਵਾਲਾ, ਸਦੀਵ, ਬੇਦਾਗ[25] ਹੈ ਜਿਵੇਂ ਸੂਰਜ[26] ਸਾਰਿਆਂ[27] ਨੂੰ ਸੁਖ[28] ਦਿੰਦਾ ਹੈ ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ[29] ॥ ਜੈਸੇ ਰਾਜ[30] ਰੰਕ[31] ਕਉ ਲਾਗੈ[32] ਤੁਲਿ[33] ਪਵਾਨ[34] ॥

The knower of God looks on all with equal eyes[29] like the wind[34] that blows[32] alike[33] on the King[30] and the poor[31].

ਵਾਹਿਗੁਰੂ ਨੂੰ ਜਾਨਣ ਵਾਲਾ ਸਾਰਿਆਂ ਨੂੰ ਇੱਕ ਅੱਖ[29] ਨਾਲ ਵੇਖਦਾ ਹੈ, ਜਿਸ ਤਰ੍ਹਾਂ ਹਵਾ[34], ਰਾਜੇ[30] ਅਤੇ ਕੰਗਾਲ[31] ਨੂੰ ਇਕਸਾਰ[33] ਲਗਦੀ[32] ਹੈ ।

ਬ੍ਰਹਮ ਗਿਆਨੀ ਕੈ ਧੀਰਜੁ[35] ਏਕ[36] ॥ ਜਿਉ ਬਸੁਧਾ[37] ਕੋਊ ਖੋਦੈ[38] ਕੋਊ ਚੰਦਨ[39] ਲੇਪ[40] ॥

The knower of God has even[36] patience[35], like the earth[37], which one man digs[38] and another smears[40] with sandal[39].

ਰੱਬ ਨਾ ਜਾਨਣ ਵਾਲੇ ਦੀ ਸਹਿਨੀਲਤਾ[35] ਇਕਸਾਰ[36] ਹੁੰਦੀ ਹੈ, ਜਿਸ ਤਰ੍ਹਾਂ ਧਰਤੀ[37] ਨੂੰ ਇਕ ਜਣਾ ਪੁਟਦਾ[38] ਹੈ ਤੇ ਦੂਜਾ ਚੰਨਣ[39] ਨਾਲ ਲਿਪਦਾ[40] ਹੈ ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ[41] ॥

This is the attribute[41] of the knower of God.

ਇਹ ਹੈ ਗੁਣ[41] ਵਾਹਿਗੁਰੂ ਨੂੰ ਜਾਨਣ ਵਾਲੇ ਦਾ ।

ਨਾਨਕ ਜਿਉ[42] ਪਾਵਕ[43] ਕਾ ਸਹਜ ਸੁਭਾਉ[44] ॥੧॥

Nanak, his inherent nature[44] is all-purifying like[42] the fire[43].

ਨਾਨਕ ਉਸ ਦਾ ਜਮਾਂਦਰੂ ਸੁਭਾਅ[44] ਅੱਗ[43] ਦੀ ਮਾਨਿੰਦ[42] ਸਭਸ ਨੂੰ ਪਵਿੱਤ੍ਰ ਕਰਨ ਵਾਲਾ ਹੈ ।

ਬ੍ਰਹਮ ਗਿਆਨੀ ਨਿਰਮਲ[45] ਤੇ ਨਿਰਮਲਾ ॥ ਜੈਸੇ ਮੈਲੁ[46] ਨ ਲਾਗੈ[47] ਜਲਾ[48] ॥

God-awakened is the purest of the pure[45], as filth[46] attaches[47] not to water[48].

ਬ੍ਰਹਮ-ਬੇਤਾ ਪਵਿੱਤ੍ਰਾਂ ਦਾ ਪਰਮ ਪਵਿੱਤ੍ਰ[45] ਹੈ, ਜਿਸ ਤਰ੍ਹਾਂ ਪਾਣੀ[48] ਨੂੰ ਗੰਦਗੀ[46] ਨਹੀਂ ਚਿਮੜਦੀ[47] ।

ਬ੍ਰਹਮ ਗਿਆਨੀ ਕੇ ਮਨਿ[49] ਹੋਇ ਪ੍ਰਗਾਸੁ[50] ॥ ਜੈਸੇ ਧਰ[51]ਊਪਰਿ[52]ਆਕਾਸੁ[53] ॥

The mind[49] of the God-awakened is enlightened[50] like the firmament[53] above[52] the earth[51].

ਧਰਤੀ[51] ਉਤੇ[52] ਅਸਮਾਨ[53] ਦੀ ਮਾਨਿੰਦ, ਬ੍ਰਹਮ-ਬੇਤੇ ਦੇ ਚਿੱਤ[49] ਅੰਦਰ ਚਾਨਣ[50] ਹੋ ਜਾਂਦਾ ਹੈ ।

ਬ੍ਰਹਮ ਗਿਆਨੀ ਕੈ ਮਿਤ੍ਰ[54] ਸਤ੍ਰੁ[55] ਸਮਾਨਿ[56] ॥

To the God-awakened, a friend[54] and a foe[55] are the same[56].

ਬ੍ਰਹਮ-ਬੇਤੇ ਲਈ ਦੋਸਤ[54] ਅਤੇ ਦੁਸਮਨ[55] ਇਕ ਬਰਾਬਰ[56] ਹਨ ।

ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ[57] ॥

The God-awakened has no pride[57].

ਬ੍ਰਹਮ-ਬੇਤੇ ਵਿੱਚ ਹੰਕਾਰ[57] ਨਹੀਂ ਹੁੰਦਾ ।

ਬ੍ਰਹਮ ਗਿਆਨੀ ਊਚ[58] ਤੇ ਊਚਾ ॥	The God-awakened is the highest of the high[58].	ਬ੍ਰਹਮ-ਬੇਤਾ ਉਚਿਆਂ ਦਾ ਮਹਾਨ ਉਚਾ[58] ਹੈ।
ਮਨਿ ਅਪਨੈ ਹੈ ਸਭ ਤੇ ਨੀਚਾ[59] ॥	Within his mind, he is the most humble[59] of all.	ਆਪਣੇ ਚਿੱਤ ਅੰਦਰ ਉਹ ਸਾਰਿਆਂ ਨਾਲੋਂ ਨੀਵਾਂ[59] ਹੈ।
ਬ੍ਰਹਮ ਗਿਆਨੀ[60] ਸੋ ਜਨ[61] ਭਏ[62] ॥ ਨਾਨਕ ਜਿਨ ਪ੍ਰਭੁ ਆਪਿ[63] ਕਰੇਇ[64] ॥੨॥	Nanak, only those[60] persons[61], become[62] God-divines, whom the Lord Himself[63] makes[64] so.	ਨਾਨਕ, ਕੇਵਲ ਓਹੀ[60] ਪੁਰਸ਼[61] ਵਾਹਿਗੁਰੂ ਨੂੰ ਜਾਨਣ ਵਾਲੇ ਬੀਰਵੇ[62] ਹਨ, ਜਿਨ੍ਹਾਂ ਨੂੰ ਸੁਆਮੀ ਖੁਦ[63] ਐਹੋ ਜੇਹੇ ਬਣਾਉਂਦਾ[64] ਹੈ।
ਬ੍ਰਹਮ ਗਿਆਨੀ ਸਗਲ ਕੀ ਰੀਨਾ[65] ॥	The God-divine is the dust[65] of all.	ਰੱਬ ਦਾ ਗਿਆਤਾ ਸਾਰਿਆਂ ਦੀ ਧੂੜ[65] ਹੈ।
ਆਤਮ ਰਸੁ[66] ਬ੍ਰਹਮ ਗਿਆਨੀ ਚੀਨਾ[67] ॥	The God-divine realises[67] the spiritual bliss[66].	ਰੱਬ ਦਾ ਗਿਆਤਾ ਰੂਹਾਨੀ ਅਨੰਦ[66] ਨੂੰ ਅਨੁਭਵ[67] ਕਰਦਾ ਹੈ।
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ[68] ॥	The God-divine shows kindness[68] to all.	ਰੱਬ ਦਾ ਗਿਆਤਾ ਸਾਰਿਆਂ ਉਤੇ ਮਿਹਰਬਾਨੀ[68] ਕਰਦਾ ਹੈ।
ਬ੍ਰਹਮ ਗਿਆਨੀ ਤੇ ਕਛੁ ਬੁਰਾ[69] ਨ ਭਇਆ[70] ॥	From the God-divine nothing evil[69] emanates[70].	ਰੱਬ ਦਾ ਗਿਆਤੇ ਪਾਸੋਂ ਕੋਈ ਬੁਰਾਈ[69] ਨਹੀਂ ਹੁੰਦੀ[70]।
ਬ੍ਰਹਮ ਗਿਆਨੀ ਸਦਾ[71] ਸਮਦਰਸੀ[72] ॥	The God-divine is,ever[71],impartial[72].	ਰੱਬ ਦਾ ਗਿਆਤਾ ਹਮੇਸ਼ਾਂ[71],ਪਖਪਾਤ-ਰਹਿਤ[72] ਹੁੰਦਾ ਹੈ।
੨੭੩	273	੨੭੩
ਬ੍ਰਹਮ ਗਿਆਨੀ ਕੀ ਦ੍ਰਿਸਟਿ[73] ਅੰਮ੍ਰਿਤੁ[74] ਬਰਸੀ[75] ॥	Ambrosia[74] rains[75] from the glance[73] of him, who knows God.	ਜੋ ਰੱਬ ਨੂੰ ਜਾਣਦਾ ਹੈ, ਉਸ ਦੀ ਨਿਗਾ[73] ਤੋਂ ਸੁਧਾਰਸ[74] ਟਪਕਦਾ[75] ਹੈ!
ਬ੍ਰਹਮ ਗਿਆਨੀ ਬੰਧਨ[76] ਤੇ ਮੁਕਤਾ[77] ॥	The knower of God is free[77] from entanglements[76].	ਵਾਹਿਗੁਰੂ ਨੂੰ ਜਾਨਣ ਵਾਲਾ ਉਲਝੇਵਿਆਂ[76] ਤੋਂ ਆਜ਼ਾਦ[77] ਹੁੰਦਾ ਹੈ।
ਬ੍ਰਹਮ ਗਿਆਨੀ ਕੀ ਨਿਰਮਲ[78] ਜੁਗਤਾ[79] ॥	Pure[78] is the way of life[79] of the knower of God.	ਪਵਿੱਤ੍ਰ[78] ਹੈ ਜੀਵਨ ਰਹੁ-ਰੀਤੀ[79] ਰੱਬ ਨੂੰ ਜਾਨਣ ਵਾਲੇ ਦੀ।
ਬ੍ਰਹਮ ਗਿਆਨੀ ਕਾ ਭੋਜਨੁ[80] ਗਿਆਨ[81] ॥	Divine knowledge[81] is the food[80] of the man who knows God.	ਈਸ਼ਵਰੀ ਗਿਆਤ[81] ਹੈ ਖਾਣਾ[80] ਰੱਬ ਨੂੰ ਜਾਨਣ ਵਾਲੇ ਬੰਦੇ ਦਾ।
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ[82] ॥੩॥	Nanak, the Lord's knower is absorbed in Lord's meditation[82] alone.	ਨਾਨਕ, ਸਾਹਿਬ ਨੂੰ ਜਾਨਣ ਵਾਲਾ ਸਾਹਿਬ ਦੇ ਸਿਮਰਨ[82] ਅੰਦਰ ਹੀ ਲੀਨ ਹੁੰਦਾ ਹੈ।
ਬ੍ਰਹਮ ਗਿਆਨੀ ਏਕ[83] ਊਪਰਿ ਆਸ[84] ॥	Lord's-divine has his hope[84] on the One Master[83].	ਸੁਆਮੀ ਨੂੰ ਜਾਨਣ ਵਾਲੇ ਦੀ ਇਕ ਮਾਲਕ[83] ਉਤੇ ਹੀ ਉਮੀਦ[84] ਹੁੰਦੀ ਹੈ।
ਬ੍ਰਹਮ ਗਿਆਨੀ ਕਾ ਨਹੀ ਬਿਨਾਸ[85] ॥	Lord's-divine suffers no doom[85].	ਸੁਆਮੀ ਨੂੰ ਜਾਨਣ ਵਾਲੇ ਦਾ ਨਾਸ[85] ਨਹੀਂ ਹੁੰਦਾ।

ਬ੍ਰਹਮ ਗਿਆਨੀ ਕੈ ਗਰੀਬੀ[86] ਸਮਾਹਾ[87] ॥	Lord's realiser is steeped[87] in humility[86].	ਸੁਆਮੀ ਨੂੰ ਅਨੁਭਵ ਕਰਨ ਵਾਲਾ ਨਿਮਰਤਾ[86] ਅੰਦਰ ਭਿੰਨਾ[87] ਹੁੰਦਾ ਹੈ।
ਬ੍ਰਹਮ ਗਿਆਨੀ ਪਰ-ਉਪਕਾਰ[88] ਉਮਾਹਾ[89] ॥	Lord's realiser takes delight[89] in doing good to others[88].	ਸੁਆਮੀ ਨੂੰ ਅਨੁਭਵ ਕਰਨ ਵਾਲੇ ਨੂੰ ਹੋਰਨਾਂ ਦਾ ਭਲਾ[88] ਕਰਨ ਵਿੱਚ ਖੁਸ਼ੀ[89] ਹੁੰਦੀ ਹੈ।
ਬ੍ਰਹਮ ਗਿਆਨੀ ਕੈ ਨਾਹੀ ਧੰਧਾ[90] ॥	Lord's realiser has no worldly entanglements[90].	ਸੁਆਮੀ ਨੂੰ ਅਨੁਭਵ ਕਰਨ ਵਾਲੇ ਨੂੰ ਸੰਸਾਰੀ ਪੁਆੜੇ[90] ਨਹੀਂ ਹੁੰਦੇ।
ਬ੍ਰਹਮ ਗਿਆਨੀ ਲੇ[91] ਧਾਵਤੁ[92] ਬੰਧਾ[93] ॥	Lord's realiser takes[91] captive[93] his wandering[92] mind.	ਸੁਆਮੀ ਨੂੰ ਅਨੁਭਵ ਕਰਨ ਵਾਲਾ ਆਪਣੇ ਭੱਜੇ ਫਿਰਦੇ[92] ਮਨੂਏ ਨੂੰ ਕੈਦੀ[93] ਬਣਾ ਲੈਂਦਾ[91] ਹੈ।
ਬ੍ਰਹਮ ਗਿਆਨੀ ਕੈ ਹੋਇ[94] ਸੁ[95] ਭਲਾ[96] ॥	Very[96] sublime[96] are the act[94] of the man, who realises the Lord.	ਪਰਮ[95] ਸਰੇਸ਼ਟ[96] ਹਨ ਕਰਮ[94] ਉਸ ਬੰਦੇ ਦੇ, ਜੋ ਸੁਆਮੀ ਨੂੰ ਅਨੁਭਵ ਕਰਦਾ ਹੈ।
ਬ੍ਰਹਮ ਗਿਆਨੀ ਸੁਫਲ[97] ਫਲਾ ॥	The Lord's realiser fruitions[97] well.	ਸੁਆਮੀ ਨੂੰ ਅਨੁਭਵ ਕਰਨ ਵਾਲਾ ਚੰਗੀ ਤਰ੍ਹਾਂ ਫਲਦਾ ਫੂਲਦਾ[97] ਹੈ।
ਬ੍ਰਹਮ ਗਿਆਨੀ ਸੰਗਿ[98] ਸਗਲ ਉਧਾਰੁ[99] ॥	In the company[98] of the Lord's realiser, all are saved[99].	ਸਾਹਿਬ ਨੂੰ ਅਨੁਭਵ ਕਰਨ ਵਾਲੇ ਦੀ ਸੰਗਤ[98] ਅੰਦਰ ਸਾਰੇ ਪਾਰ ਉਤਰ[99] ਜਾਂਦੇ ਹਨ।
ਨਾਨਕ ਬ੍ਰਹਮ ਗਿਆਨੀ ਜਪੈ[100] ਸਗਲ ਸੰਸਾਰੁ ॥੪॥	Nanak, the whole world praises[100] the man, who realises his Lord.	ਨਾਨਕ, ਸਾਰਾ ਜਹਾਨ ਉਸ ਬੰਦੇ ਦੀ ਪਰਸੰਸਾ[100] ਕਰਦਾ ਹੈ, ਜੋ ਆਪਣੇ ਸੁਆਮੀ ਨੂੰ ਸਮਝਦਾ ਹੈ।
ਬ੍ਰਹਮ ਗਿਆਨੀ ਕੈ ਏਕੈ[2] ਰੰਗ[3] ॥	Lord's Divine loves[3] the Lord alone[2].	ਸਾਹਿਬ ਦਾ ਗਿਆਤਾ ਕੇਵਲ[2] ਸਾਹਿਬ ਨਾਲ ਹੀ ਪ੍ਰੇਮ[3] ਕਰਦਾ ਹੈ।
ਬ੍ਰਹਮ ਗਿਆਨੀ ਕੈ ਬਸੈ[4] ਪ੍ਰਭੁ ਸੰਗ[5] ॥	The Lord abides[4] with[5] the one who knows God.	ਸੁਆਮੀ ਉਸ ਨਾਲ[5] ਵਸਦਾ[4] ਹੈ ਜੋ ਵਾਹਿਗੁਰੂ ਨੂੰ ਜਾਣਦਾ ਹੈ।
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ[6] ॥	God's Name is the mainstay[6] of the God's divine.	ਵਾਹਿਗੁਰੂ ਦਾ ਨਾਮ ਹੀ ਵਾਹਿਗੁਰੂ ਦੇ ਬੇਤੇ ਦਾ ਆਸਰਾ[6] ਹੈ।
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ[7] ॥	God's Name is the family and retinue[7] of the one who understands the Lord.	ਵਾਹਿਗੁਰੂ ਦਾ ਨਾਮ ਪ੍ਰਭੂ ਨੂੰ ਸਮਝਣ ਵਾਲੇ ਜੀਵ ਦਾ ਟੱਬਰ ਕਬੀਲਾ[7] ਹੈ।
ਬ੍ਰਹਮ ਗਿਆਨੀ ਸਦਾ[8] ਸਦ ਜਾਗਤ[9] ॥	For ever and aye[8], the Lord's divine is wakeful[9].	ਸਦੀਵ ਤੇ ਹਮੇਸ਼ਾ[8], ਸੁਆਮੀ ਦਾ ਵੇਤਾ ਚੇਤਨ[9] ਹੁੰਦਾ ਹੈ।
ਬ੍ਰਹਮ ਗਿਆਨੀ[10] ਅਹੰਬੁਧਿ[12] ਤਿਆਗਤ[13] ॥	The Lord's divine discards[13] his haughty[10] intellect[12].	ਸੁਆਮੀ ਨੂੰ ਜਾਨਣ ਵਾਲਾ ਆਪਣੀ ਹੰਕਾਰ[10] ਮੱਤ[12] ਨੂੰ ਛੱਡ[13] ਦਿੰਦਾ ਹੈ।
ਬ੍ਰਹਮ ਗਿਆਨੀ ਕੈ ਮਨਿ[14] [15]ਪਰਮਾਨੰਦ[16] ॥	Within the mind[14] of the Lord's divine, is the supreme[15] bliss[16].	ਸਾਂਈ ਦੇ ਗਿਆਤੇ ਦੇ ਹਿਰਦੇ[14] ਅੰਦਰ ਮਹਾਨ[15] ਪਰਸੰਨਤਾ[16] ਹੁੰਦੀ ਹੈ।
ਬ੍ਰਹਮ ਗਿਆਨੀ ਕੈ ਘਰਿ[17] ਸਦਾ[18] ਅਨੰਦ[19] ॥	There is eternal[18] happiness[19] in the home[17] of the Lord's divine.	ਸੁਆਮੀ ਦੇ ਗਿਆਤੇ ਦੇ ਧਾਮ[17] ਅੰਦਰ ਸਦੀਵੀ[18] ਖੁਸ਼ੀ[19] ਹੁੰਦੀ ਹੈ।
ਬ੍ਰਹਮ ਗਿਆਨੀ ਸੁਖ ਸਹਜ[20] ਨਿਵਾਸ[21] ॥	The man who knows God abides[21] in celestial peace[20].	ਜਿਹੜਾ ਬੰਦਾ ਰੱਬ ਨੂੰ ਜਾਣਦਾ ਹੈ, ਉਹ ਬੈਕੁੰਠੀ ਆਰਾਮ[20] ਅੰਦਰ ਵਸਦਾ[21] ਹੈ।

ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ[22] ॥੫॥	Nanak, the knower of God meets not death[22].	ਨਾਨਕ, ਰੱਬ ਨੂੰ ਜਾਨਣ ਵਾਲਾ ਮਰਦਾ[22] ਨਹੀਂ।
ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ[23] ॥	The man, who knows[23] the Lord is called a Brahm-gyani.	ਜੋ ਪੁਰਸ਼ ਪ੍ਰਭੂ ਨੂੰ ਜਾਣਦਾ[23] ਹੈ, ਉਹ ਬ੍ਰਹਮ-ਗਿਆਨੀ ਆਖਿਆ ਜਾਂਦਾ ਹੈ।
ਬ੍ਰਹਮ ਗਿਆਨੀ ਏਕ[24] ਸੰਗਿ ਹੇਤਾ[25] ॥	The man, who knows the Lord loves[25] the one God[24] alone.	ਜੋ ਪੁਰਸ਼ ਪ੍ਰਭੂ ਨੂੰ ਜਾਣਦਾ ਹੈ, ਉਹ ਕੇਵਲ ਇੱਕ[24] ਹਰੀ ਨੂੰ ਹੀ ਪਿਆਰ[25] ਕਰਦਾ ਹੈ।
ਬ੍ਰਹਮ ਗਿਆਨੀ ਕੈ ਹੋਇ ਅਚਿੰਤ[26] ॥	The man, who knows the Lord is free from cares[26].	ਜੋ ਪੁਰਸ਼ ਪ੍ਰਭੂ ਨੂੰ ਜਾਣਦਾ ਹੈ, ਉਹ ਬੇ-ਫ਼ਿਕਰ[26] ਹੁੰਦਾ ਹੈ।
ਬ੍ਰਹਮ ਗਿਆਨੀ ਕਾ ਨਿਰਮਲ[27] ਮੰਤ[28] ॥	Pure[27] is the doctrine[28] of him, who knows God.	ਪਵਿੱਤ੍ਰ[27] ਹੈ ਉਸ ਦਾ ਉਪਦੇਸ਼[28] ਜੋ ਵਾਹਿਗੁਰੂ ਨੂੰ ਜਾਣਦਾ ਹੈ।
ਬ੍ਰਹਮ ਗਿਆਨੀ ਜਿਸੁ ਕਰੈ[29] ਪ੍ਰਭੁ ਆਪਿ[30] ॥	He is a Brahm-gyani, whom the Lord Himself[30] makes[29].	ਉਹੀ ਬ੍ਰਹਮ ਗਿਆਨੀ ਹੈ ਜਿਸ ਨੂੰ ਸਾਂਈ ਖ਼ੁਦ[30] ਐਸਾ ਬਣਾਉਂਦਾ[29] ਹੈ।
ਬ੍ਰਹਮ ਗਿਆਨੀ ਕਾ ਬਡੁ[31] ਪਰਤਾਪੁ[32] ॥	Great[31] is the glory[32] of the man who knows God.	ਬੜਾ[31] ਹੈ ਤੇਜ[32] ਉਸ ਬੰਦੇ ਦਾ ਜੋ ਵਾਹਿਗੁਰੂ ਨੂੰ ਜਾਣਦਾ ਹੈ।
ਬ੍ਰਹਮ ਗਿਆਨੀ ਕਾ ਦਰਸੁ[33] [34]ਬਡਭਾਗੀ[35] ਪਾਈਐ ॥	The sight[33] of the man, who knows God, is obtained through the greatest[34] good fortune[35].	ਜੋ ਇਨਸਾਨ ਵਾਹਿਗੁਰੂ ਨੂੰ ਜਾਣਦਾ ਹੈ, ਉਸ ਦਾ ਦਰਸ਼ਨ[33] ਪਰਮ[34] ਚੰਗੇ ਨਸੀਬਾਂ[35] ਰਾਹੀਂ ਪ੍ਰਾਪਤ ਹੁੰਦਾ ਹੈ।
ਬ੍ਰਹਮ ਗਿਆਨੀ ਕਉ ਬਲਿ ਬਲਿ[36] ਜਾਈਐ ॥	Be thou devoted and dedicated[36] unto the man, who knows God.	ਤੂੰ ਉਸ ਆਦਮੀ ਉਤੋਂ ਸਦਕੇ ਅਤੇ ਕੁਰਬਾਨ[36] ਹੋ, ਜੋ ਵਾਹਿਗੁਰੂ ਨੂੰ ਜਾਣਦਾ ਹੈ।
ਬ੍ਰਹਮ ਗਿਆਨੀ ਕਉ ਖੋਜਹਿ[37] [38]ਮਹੇਸੁਰ[39] ॥	The great[38] god[39], Shiva, searches[37] for the man, who knows God.	ਵੱਡਾ[38] ਦੇਵਤਾ[39], ਸ਼ਿਵਜੀ, ਉਸ ਇਨਸਾਨ ਦੀ ਭਾਲ[37] ਕਰਦਾ ਹੈ, ਜੋ ਵਾਹਿਗੁਰੂ ਨੂੰ ਜਾਣਦਾ ਹੈ।
ਨਾਨਕ ਬ੍ਰਹਮ ਗਿਆਨੀ ਆਪਿ[40] ਪਰਮੇਸੁਰ[41] ॥੬॥	Nanak the Brahm-gyani,is Himself[40] the Exalted Lord[41].	ਨਾਨਕ, ਬ੍ਰਹਮ ਗਿਆਨੀ ਖ਼ੁਦ[40] ਹੀ ਪਰਮ ਪ੍ਰਭੂ[41] ਹੈ।
ਬ੍ਰਹਮ ਗਿਆਨੀ ਕੀ ਕੀਮਤਿ[42] ਨਾਹਿ ॥	The man who knows God is priceless[42].	ਜੋ ਆਦਮੀ ਵਾਹਿਗੁਰੂ ਨੂੰ ਜਾਣਦਾ ਹੈ, ਉਹ ਅਮੋਲਕ[42] ਹੈ।
ਬ੍ਰਹਮ ਗਿਆਨੀ ਕੈ ਸਗਲ[43] ਮਨ ਮਾਹਿ[44] ॥	Every thing[43] abide within[44]the mind of the man who knows God.	ਸਾਰਾ ਕੁਛ[43], ਰੱਬ ਨੂੰ ਜਾਨਣ ਵਾਲੇ ਦੇ ਚਿੱਤ ਅੰਦਰ[44] ਵਸਦਾ ਹੈ।
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ[45] ॥	Who can know the secret[45] of the man, who knows God ?	ਵਾਹਿਗੁਰੂ ਨੂੰ ਜਾਨਣ ਵਾਲੇ ਇਨਸਾਨ ਦੇ ਮਰਮ[45] ਨੂੰ ਕੌਣ ਜਾਣ ਸਕਦਾ ਹੈ ?
ਬ੍ਰਹਮ ਗਿਆਨੀ ਕਉ ਸਦਾ[46] ਅਦੇਸੁ[47] ॥	Ever[46] make obeisance[47] unto the God-divine.	ਬ੍ਰਹਮ-ਬੇਤੇ ਨੂੰ ਸਦੀਵ[46] ਨਿਮਸ਼ਕਾਰ[47] ਕਰ।
ਬ੍ਰਹਮ ਗਿਆਨੀ ਕਾ ਕਥਿਆ[48] ਨ ਜਾਇ [49]ਅਧਾਖ੍ਰੁਰੁ[50] ॥	Even half[49]a letter[50] of the praise of the God-divine cannot be narrated[48].	ਬ੍ਰਹਮ ਬੇਤੇ ਦੀ ਕੀਰਤੀ ਦਾ ਇੱਕ ਅੱਧਾ[49] ਅੱਖਰ[50] ਭੀ ਬਿਆਨ[48] ਕੀਤਾ ਨਹੀਂ ਜਾ ਸਕਦਾ।

ਬ੍ਰਹਮ ਗਿਆਨੀ ਸਰਬ[51] ਕਾ ਠਾਕੁਰੁ[52] ॥

The God-divine is the Lord[52] of all[51].

ਬ੍ਰਹਮ ਬੋਤਾ ਸਾਰਿਆਂ[51] ਦਾ ਸੁਆਮੀ[52] ਹੈ ।

ਬ੍ਰਹਮ ਗਿਆਨੀ ਕੀ ਮਿਤਿ[53] ਕਉਨੁ ਬਖਾਨੈ[54] ॥

Who can describe[54] the limits[53] of the man, who knows God ?

ਵਾਹਿਗੁਰੂ ਨੂੰ ਜਾਨਣ ਵਾਲੇ ਬੰਦੇ ਦੇ ਓੜਕ[53] ਨੂੰ ਕੌਣ ਬਿਆਨ[54] ਕਰ ਸਕਦਾ ਹੈ ?

ਬ੍ਰਹਮ ਗਿਆਨੀ ਕੀ ਗਤਿ[55] ਬ੍ਰਹਮ ਗਿਆਨੀ ਜਾਨੈ ॥

Only the Brahm-gyani, knows the state[55] of the Brahm-gyani.

ਕੇਵਲ ਬ੍ਰਹਮ ਗਿਆਨੀ ਹੀ ਬ੍ਰਹਮ ਗਿਆਨੀ ਦੀ ਅਵਸਥਾ[55] ਨੂੰ ਜਾਣਦਾ ਹੈ ।

ਬ੍ਰਹਮ ਗਿਆਨੀ ਕਾ ਅੰਤੁ[56] ਨ ਪਾਰੁ[57] ॥

The man who knows God is without ends[56] and limits[57].

ਰੱਬ ਨੂੰ ਜਾਨਣ ਵਾਲੇ ਦਾ ਕੋਈ ਅਖ਼ੀਰ[56] ਤੇ ਹੱਦ ਬੰਨਾ[57] ਨਹੀਂ ।

ਨਾਨਕ ਬ੍ਰਹਮਗਿਆਨੀ ਕਉ ਸਦਾ[58] ਨਮਸਕਾਰੁ[59] ॥੭॥

Nanak ever[58] prostrates[59] himself to the man, who knows the Lord.

ਨਾਨਕ ਹਮੇਸ਼ਾ[58] ਉਸ ਨੂੰ ਡੰਡਉਤ ਬੰਦਨ[59] ਕਰਦਾ ਹੈ, ਜੋ ਸੁਆਮੀ ਨੂੰ ਸਿੰਞਾਣਦਾ ਹੈ ।

ਬ੍ਰਹਮ ਗਿਆਨੀ ਸਭ ਸ੍ਰਿਸਟਿ[60] ਕਾ ਕਰਤਾ[61] ॥

The knower of God, is the creator[61] of the whole world[60].

ਰੱਬ ਨੂੰ ਜਾਨਣ ਵਾਲਾ ਸਾਰੇ ਸੰਸਾਰ[60] ਦਾ ਸਿਰਜਣਹਾਰ[61] ਹੈ ।

ਬ੍ਰਹਮ ਗਿਆਨੀ ਸਦ[62] ਜੀਵੈ ਨਹੀ ਮਰਤਾ[63] ॥

The knower of God lives for ever[62] and dies[63] not.

ਰੱਬ ਨੂੰ ਜਾਨਣ ਵਾਲਾ ਹਮੇਸ਼ਾ[62] ਹੀ ਜੀਉਂਦਾ ਹੈ ਅਤੇ ਮਰਦਾ[63] ਨਹੀਂ ।

ਬ੍ਰਹਮ ਗਿਆਨੀ ਮੁਕਤਿ[64] ਜੁਗਤਿ[65] ਜੀਅ[66] ਕਾ ਦਾਤਾ[67] ॥

The knower of God,is the Bestower[67] of the way[65] to salvation[64] to the mortal[66].

ਰੱਬ ਨੂੰ ਜਾਨਣ ਵਾਲਾ, ਪ੍ਰਾਣੀਆਂ[66] ਨੂੰ ਮੋਖ਼ਸ਼[64] ਦਾ ਰਸਤਾ[65] ਦੇਣਹਾਰ[67] ਹੈ ।

ਬ੍ਰਹਮ ਗਿਆਨੀ ਪੂਰਨ[68] ਪੁਰਖੁ[69] ਬਿਧਾਤਾ[70] ॥

The knower of God, is the perfect[68] Lord[69] Creator[70].

ਵਾਹਿਗੁਰੂ ਨੂੰ ਜਾਨਣ ਵਾਲਾ ਪੂਰਾ[68] ਸੁਆਮੀ[69] ਸਿਰਜਣਹਾਰ[70] ਹੈ ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ[71] ॥

The knower of God, is the patron[71] of the patronless.

ਵਾਹਿਗੁਰੂ ਨੂੰ ਜਾਨਣ ਵਾਲਾ ਨਿਖ਼ਸਮਿਆਂ ਦਾ ਖ਼ਸਮ[71] ਹੈ ।

ਬ੍ਰਹਮ ਗਿਆਨੀ ਕਾ ਸਭ[72] ਊਪਰਿ[73] ਹਾਥੁ[74] ॥

The hand[74] of the knower of God extends over[73]the entire[72] humanity.

ਵਾਹਿਗੁਰੂ ਨੂੰ ਜਾਨਣ ਵਾਲੇ ਦਾ ਰਖਿਆ ਕਰਨ ਵਾਲਾ ਹਥ[74] ਸਮੂਹ[72] ਮਨੁੱਖ ਜਾਤੀ ਦੇ ਉੱਤੇ[73] ਹੈ ।

ਬ੍ਰਹਮ ਗਿਆਨੀ ਕਾ ਸਗਲ[75] ਅਕਾਰ[76] ॥

The knower of God, owns the entire[75] universe[76].

ਵਾਹਿਗੁਰੂ ਨੂੰ ਜਾਨਣ ਵਾਲਾ ਸਾਰੇ[75] ਸੰਸਾਰ[76] ਦਾ ਮਾਲਕ ਹੈ ।

੨੭੪ 274 ੨੭੪

ਬ੍ਰਹਮ ਗਿਆਨੀ ਆਪਿ[77] ਨਿਰੰਕਾਰੁ[78] ॥

The knower of God, is himself[77] the Formless Lord[78].

ਵਾਹਿਗੁਰੂ ਨੂੰ ਜਾਨਣ ਵਾਲਾ, ਆਪੇ[77] ਹੀ ਚਕ੍ਰ-ਚਿਹਨ-ਰਹਿਤ[78] ਪ੍ਰਭੂ ਹੈ ।

ਬ੍ਰਹਮ ਗਿਆਨੀ ਕੀ ਸੋਭਾ[79] ਬ੍ਰਹਮ ਗਿਆਨੀ ਬਨੀ[80] ॥

The glory[79] of the Brahm-gyani behoves[80] the Brahm-gyani alone.

ਬ੍ਰਹਮ ਗਿਆਨੀ ਦੀ ਵਡਿਆਈ[79]ਕੇਵਲ ਬ੍ਰਹਮ ਗਿਆਨੀ ਨੂੰ ਸਜਦੀ[80] ਹੈ ।

ਨਾਨਕ ਬ੍ਰਹਮ ਗਿਆਨੀ ਸਰਬ[81]ਕਾ ਧਨੀ[82]॥੮॥੮॥

Nanak, the mortal who knows God, is the Lord[82] of all[81].

ਨਾਨਕ ਜੋ ਇਨਸਾਨ ਵਾਹਿਗੁਰੂ ਨੂੰ ਜਾਣਦਾ ਹੈ, ਉਹ ਸਾਰਿਆਂ[81] ਦਾ ਸੁਆਮੀ[82] ਹੈ ।

ਸਲੋਕੁ ॥

Slok.

ਸਲੋਕ ।

ਉਰਿ[83]ਧਾਰੈ[84] ਜੋ ਅੰਤਰਿ[85] ਨਾਮੁ ॥ ਸਰਬ[86] ਮੈ ਪੇਖੈ[87]

He, who enshrines[84]the Name in[85]his heart[83], who sees[87] the Lord[88],

ਜੋ ਆਪਣੇ ਦਿਲ[83] ਅੰਦਰ[85] ਨਾਮ ਨੂੰ ਟਿਕਾਉਂਦਾ[84] ਹੈ, ਜੋ ਸਾਰਿਆਂ[86] ਦੇ ਵਿਚ ਸੁਆਮੀ[88] ਨੂੰ ਦੇਖਦਾ[87] ਹੈ ਅਤੇ

ਭਗਵਾਨੁ[88] ॥ ਨਿਮਖ ਨਿਮਖ[89] ਠਾਕੁਰ ਨਮਸਕਾਰੈ[90]॥ ਨਾਨਕਓਹੁ[93] ਅਪਰਸੁ[91] ਸਗਲ ਨਿਸਤਾਰੇ[92] ॥੧॥

amongst all[88] and who at every moment[89] bows[90] to the Lord, Nanak, such[93] a saint who touches not[91] anybody, emancipates[92] all.

ਜੋ ਹਰ-ਮੁਹਤ[89] ਪ੍ਰਭੂ ਨੂੰ ਪ੍ਰਣਾਮ[90] ਕਰਦਾ ਹੈ, ਨਾਨਕ, ਐਹੋ ਜੇਹਾ[93] ਕਿਸੇ ਨਾਲ ਨਾ ਲਗਣ ਵਾਲਾ[91] ਸਾਧੂ ਸਾਰਿਆਂ ਨੂੰ ਤਾਰ ਦਿੰਦਾ[92] ਹੈ ।

ਅਸਟਪਦੀ ॥

Ashtpadi.

ਅਸ਼ਟਪਦੀ ।

ਮਿਥਿਆ[94] ਨਾਹੀ ਰਸਨਾ[95] ਪਰਸ[96] ॥ ਮਨ ਮਹਿ[97] ਪ੍ਰੀਤਿ[98] ਨਿਰੰਜਨ[99] ਦਰਸ[100] ॥

He, whose tongue[95] touches[96] not falsehood[94], within[97] whose mind is the love[98] for the sight[100] of the pure One[99],

ਜਿਸ ਦੀ ਜੀਭਾ[95] ਝੂਠ[94] ਦੇ ਨਾਲ ਲਗਦੀ[96] ਤਕ ਨਹੀਂ, ਜਿਸ ਦੇ ਚਿੱਤ ਅੰਦਰ[97] ਪਵਿੱਤ੍ਰ ਪੁਰਖ[99] ਦੇ ਦਰਸ਼ਨ[100] ਦੇ ਲਈ ਪ੍ਰੇਮ[98] ਹੈ,

[2]ਪਰ ਤ੍ਰਿਅ[3] ਰੂਪੁ[4] ਨ ਪੇਖੈ[5] ਨੇਤ੍ਰ[6] ॥

Whose eyes[6] see[5] not the beauty[4] of others[2] wives[3],

ਜਿਸ ਦੀਆਂ ਅੱਖਾਂ[6] ਹੋਰਨਾਂ[2] ਦੀਆਂ ਪਤਨੀਆਂ[3] ਦੀ ਸੁੰਦਰਤਾ[4] ਨੂੰ ਨਹੀਂ ਤੱਕਦੀਆਂ[5],

ਸਾਧ[10] ਕੀ ਟਹਲ[7] ਸੰਤ ਸੰਗਿ[8] ਹੇਤ[9] ॥ ਕਰਨ[14] ਨ ਸੁਨੈ ਕਾਹੂ[12] ਕੀ ਨਿੰਦਾ[13] ॥ ਸਭ ਤੇ ਜਾਨੈ[15] ਆਪਸ[16] ਕਉ ਮੰਦਾ[17] ॥ ਗੁਰ ਪ੍ਰਸਾਦਿ[18] ਬਿਖਿਆ[19] ਪਰਹਰੈ[20] ॥ ਮਨ[21] ਕੀ ਬਾਸਨਾ[22]ਮਨ[23]ਤੇ[24]ਟਰੈ[25]॥ ਇੰਦ੍ਰੀ[26] ਜਿਤ[27] ਪੰਚ[28] ਦੋਖ[29] ਤੇ ਰਹਤ[30] ॥

Who serves[7] the holy[10] and bears love[9] to[8] the saints, who with his ears[14], hears not slander[13] of anyone[12], who deems[16] himself[16] the worst[17] of all, who by Guru's grace[18] renounces[20] wickedness[19], who banishes[25] his heart's[21] desires[22] from[24] his soul[23] and who conquers[27] his lust[26] and is free[30] from the five[28] deadly sins[29],

ਜੋ ਨੇਕਾਂ[10] ਦੀ ਸੇਵਾ[7] ਕਰਦਾ ਹੈ ਅਤੇ ਸਾਧੂਆਂ ਨਾਲ[8] ਪ੍ਰੇਮ[9] ਕਰਦਾ ਹੈ, ਜੋ ਆਪਣੇ ਕੰਨਾਂ[14] ਨਾਲ ਕਿਸੇ[12] ਦੀ ਚੁਗਲੀ-ਬਖੀਲੀ[13] ਨਹੀਂ ਸੁਣਦਾ, ਜੋ ਆਪਣੇ[16] ਆਪ ਨੂੰ ਸਾਰਿਆਂ ਨਾਲੋਂ ਮਾੜਾ[17] ਸਮਝਦਾ[16] ਹੈ, ਜੋ ਗੁਰਾਂ ਦੀ ਦਇਆ[18] ਦੁਆਰਾ ਬਦੀ[19] ਨੂੰ ਤਿਆਗ[20] ਦਿੰਦਾ ਹੈ, ਜੋ ਆਪਣੇ ਦਿਲ[21] ਦੀਆਂ ਖ਼ਾਹਿਸ਼ਾਂ[22] ਆਪਣੀ ਆਤਮਾ[23] ਤੋਂ[24] ਪਰੇ ਹਟਾ ਦਿੰਦਾ[25] ਹੈ, ਅਤੇ ਜੋ ਆਪਣੇ ਕਾਮ-ਵੇਗ[26] ਉਤੇ ਫ਼ਤਹ[27] ਪਾ ਲੈਂਦਾ ਹੈ ਅਤੇ ਪੰਜਾਂ[28] ਹੀ ਪ੍ਰਾਣ-ਨਾਸਕ[29] ਪਾਪਾਂ ਤੋਂ ਬਚਿਆ[30] ਹੋਇਆ ਹੈ,

ਨਾਨਕ ਕੋਟਿ[31] ਮਧੇ[32] ਕੋ[33] ਐਸਾ[34] ਅਪਰਸ ॥੧॥

Nanak, amongst[32] millions[31], there is scarcely any[33] such[34] 'Aparas' (above attraction).

ਨਾਨਕ, ਕ੍ਰੋੜਾਂ[31] ਵਿਚੋਂ[32] ਕੋਈ ਵਿਰਲਾ[33] ਹੀ ਐਹੋ ਜਿਹਾ[34] ਅਪਰਸ ਹੈ,

ਬੈਸਨੋ ਸੋ ਜਿਸੁ ਊਪਰਿ ਸੁ[35] ਪ੍ਰਸੰਨ[36] ॥

He is a Vaishnav with whom He[35], the Lord is pleased[36],

ਓਹੀ ਵੈਸ਼ਨਵ ਹੈ, ਜਿਸ ਉਤੇ ਉਹ[35] ਸੁਆਮੀ ਖ਼ੁਸ਼[36] ਹੈ,

ਬਿਸਨ ਕੀ ਮਾਇਆ[37] ਤੇ ਹੋਇ ਭਿੰਨ[38] ॥ ਕਰਮ[39] ਕਰਤ ਹੋਵੈ ਨਿਹਕਰਮ[40] ॥

Who abides apart[38] from God's mammon[37] and who in performing good acts[39] looks not for reward[40].

ਜੋ ਵਾਹਿਗੁਰੂ ਦੀ ਮੋਹਨੀ[37] ਤੋਂ ਅਲਗ[38] ਰਹਿੰਦਾ ਹੈ ਅਤੇ ਜੋ ਚੰਗੇ ਅਮਲ[39] ਕਮਾਉਂਦਾ ਹੋਇਆ ਫਲ ਦੀ ਚਾਹਣਾ[40] ਨਹੀਂ ਕਰਦਾ ।

ਤਿਸੁ[44] ਬੈਸਨੋ[41] ਕਾ ਨਿਰਮਲ[42] ਧਰਮ[43] ॥

Pure[42] is the faith[43] of that[44] worshipper of Vishnu[41].

ਪਵਿੱਤ੍ਰ[42] ਹੈ ਈਮਾਨ[43] ਉਸ[44] ਵਿਸ਼ਨੂੰ ਦੇ ਉਪਾਸ਼ਕ[41] ਦਾ ।

ਕਾਹੂ ਫਲ[45] ਕੀ ਇਛਾ[46] ਨਹੀ ਬਾਛੈ[47] ॥

He entertains[47] no desire[46] of reward[45] for anything.

ਉਹ ਕਿਸੇ ਚੀਜ਼ ਲਈ ਭੀ ਸਿਲੇ[45] ਦੀ ਖ਼ਾਹਿਸ਼[46] ਨਹੀਂ ਕਰਦਾ[47] ।

ਕੇਵਲ[48] ਭਗਤਿ[49] ਕੀਰਤਨ[50] ਸੰਗਿ ਰਾਚੈ[51] ॥

He is solely[48] devoted[51] to Lord's meditation[49]and singing His praises[50].

ਉਹ ਸਿਰਫ਼[48] ਸਾਹਿਬ ਦੇ ਸਿਮਰਨ[49] ਅਤੇ ਉਸ ਦਾ ਜੱਸ[50] ਗਾਉਣ ਵਿਚ ਰਮਿਆ[51] ਹੋਇਆ ਹੈ ।

ਮਨ[52] ਤਨ[53] ਅੰਤਰਿ[54] ਸਿਮਰਨ[55] [56]ਗੋਪਾਲ[57] ॥	Within[54] his mind[52] and body[53] is the contemplation[55] of the World[56]-Cherisher[57].	ੳਸ ਦੀ ਆਤਮਾ[52] ਅਤੇ ਦੇਹਿ[53] ਅੰਦਰ[54] ਸ੍ਰਿਸ਼ਟੀ[56] ਦੇ ਪਾਲਣਹਾਰ[57] ਦੀ ਬੰਦਗੀ[55] ਹੈ।
ਸਭ ੳਪਰਿ ਹੋਵਤ ਕਿਰਪਾਲ[58] ॥	He is kind[58] to all the creatures.	ੳਹ ਸਾਰਿਆਂ ਜੀਵਾਂ ਉਤੇ ਮਿਹਰਬਾਨ[58] ਹੈ।
ਆਪਿ[62] ਦ੍ਰਿੜੈ[59] ਅਵਰਹ[60] ਨਾਮੁ ਜਪਾਵੈ[61] ॥	He Himself[62] holds fast[59] to Lord's Name and causes others[60] to repeat[61] it.	ੳਹ ਖ਼ੁਦ[62] ਸੁਆਮੀ ਦੇ ਨਾਮ ਪੱਕੀ ਤਰ੍ਹਾਂ ਫੜੀ[59] ਰਖਦਾ ਹੈ ਅਤੇ ਹੋਰਨਾਂ[60] ਤੋਂ ਨਾਮ ਦਾ ਜਾਪ[61] ਕਰਵਾੳਂਦਾ ਹੈ।
ਨਾਨਕ ੳਹੁ[63] ਬੈਸਨੋ ਪਰਮ[64] ਗਤਿ[65] ਪਾਵੈ॥੨॥	Nanak such[63] a Vaishnav obtains the supreme[64] salvation[65].	ਨਾਨਕ ਇਹੋ ਜਿਹਾ[63] ਵੈਸ਼ਨਵ ਮਹਾਨ[64] ਮੁਕਤੀ[65] ਨੂੰ ਪਾਂਦਾ ਹੈ।
ਭਗੳਤੀ[66] ਭਗਵੰਤ[67] ਭਗਤਿ[68] ਕਾ ਰੰਗੁ[69] ॥	He is the Lord's worshipper[66] who enshrines affection[69] for Lord's[67] devotional service[68].	ੳਹ ਹੀ ਸੁਆਮੀ ਦਾ ੳਪਾਸ਼ਕ[66] ਹੈ, ਜਿਸ ਨੂੰ ਸਾਹਿਬ[67] ਦੀ ਅਨੁਰਾਗੀ ਸੇਵਾ[68] ਲਈ ਪ੍ਰੀਤ[69] ਹੈ।
ਸਗਲ[73] ਤਿਆਗੈ[70]ਦੁਸਟ[71] ਕਾ ਸੰਗੁ[72] ॥ ਮਨ ਤੇ ਬਿਨਸੈ[74] ਸਗਲਾ ਭਰਮੁ[75]॥	He forsakes[70] the company[72] of all[73] wicked men[71] and from his mind all superstition[75] is removed[74].	ੳਹ ਸਮੂਹ[73]ਬਦ-ਚਲਣ ਬੰਦਿਆਂ[71] ਦੀ ੳਠਕ ਬੈਠਕ[72] ਛੱਡ[70] ਦਿੰਦਾ ਹੈ, ਅਤੇ ਉਸ ਚਿੱਤ ਤੋਂ ਸਾਰਾ ਸੰਦੇਹ[75] ਦੂਰ[74] ਹੋ ਗਿਆ।
ਕਰਿ[76] ਪੂਜੈ[77] ਸਗਲ[78] ਪਾਰਬ੍ਰਹਮੁ[79] ॥	He realises[76]the Supreme Lord[79]to be amongst all[78]and adores[77]Him alone.	ੳਹ ਪਰਮ ਪ੍ਰਭੂ[79]ਨੂੰ ਸਾਰਿਆਂ[78] ਅੰਦਰ ਅਨੁਭਵ[76]ਕਰਦਾ ਹੈ ਅਤੇ ਕੇਵਲ ਉਸੇ ਦੀ ਹੀ ੳਪਾਸ਼ਨਾ[77] ਕਰਦਾ ਹੈ।
ਸਾਧ ਸੰਗਿ ਪਾਪਾ[80] ਮਲੁ[81] ਖੋਵੈ[82] ॥	In the saint's congregation, he washes off[82] the filth[81] of sins[80].	ਸਤਿ ਸੰਗਤ ਅੰਦਰ ਉਹ ਗੁਨਾਹਾਂ[80] ਦੀ ਗਿਲਾਜ਼ਤ[81] ਨੂੰ ਧੋ ਸੁਟਦਾ[82] ਹੈ।
ਤਿਸੁ[83]ਭਗੳਤੀ ਕੀ ਮਤਿ[84] ੳਤਮ[85] ਹੋਵੈ[86] ॥	Supreme[85] becomes[86] the wisdom[84] of such[83] a Bhagauti.	ਸ੍ਰੇਸ਼ਟ[85] ਹੋ ਜਾਂਦੀ[86] ਹੈ ਇਹੋ ਜਿਹੇ[83] ਭਗੳਤੀ ਦੀ ਸੋਚ-ਸਮਝ[84]।
ਭਗਵੰਤ[87] ਕੀ ਟਹਲ[88] ਕਰੈ[89] ਨਿਤ ਨੀਤਿ[90] ॥	For ever and aye[90], he performs[89] the service[88] of his Lord[87].	ਸਦਾ ਤੇ ਹਮੇਸ਼ਾ[90] ਲਈ ਉਹ ਆਪਣੇ ਸਾਂਈ[87] ਦੀ ਸੇਵਾ[88] ਕਮਾੳਂਦਾ[89] ਹੈ।
ਮਨੁ[91] ਤਨੁ[92] ਅਰਪੈ[93] ਬਿਸਨ[94] ਪਰੀਤਿ[95] ॥	His soul[91] and body[92],he dedicates[93] to his Lord's[94] love[95].	ਆਪਣੀ ਆਤਮਾ[91] ਅਤੇ ਦੇਹਿ[92] ਉਹ ਆਪਣੇ ਪ੍ਰਭੂ[94] ਪ੍ਰੇਮ[95] ਦੇ ਸਮਰਪਣ[93] ਕਰ ਦਿੰਦਾ ਹੈ।
ਹਰਿ ਕੇ ਚਰਨ[96] ਹਿਰਦੈ[97] ਬਸਾਵੈ[98] ॥	God's feet[96], he places[98] within his mind[97].	ਵਾਹਿਗੁਰੂ ਦੇ ਚਰਨ[96] ਉਹ ਆਪਣੇ ਚਿੱਤ[97] ਅੰਦਰ ਟਿਕਾੳਂਦਾ[98] ਹੈ।
ਨਾਨਕ ਐਸਾ ਭਗੳਤੀ ਭਗਵੰਤ[99] ਕਉ ਪਾਵੈ[100] ॥ ੩ ॥	Nanak, such a Bhagauti attains[100] to the Prosperous Lord[99].	ਨਾਨਕ, ਐਹੋ ਜੇਹਾ ਭਗੳਤੀ ਭਗਵਾਨ, ਸਾਹਿਬ[99], ਨੂੰ ਪ੍ਰਾਪਤ[100] ਹੋ ਜਾਂਦਾ ਹੈ।
ਸੋ[2] ਪੰਡਿਤ[3] ਜੋ ਮਨੁ[4] ਪਰਬੋਧੈ[5] ॥	He[2] is a scholar[3], who instructs[5] his mind[4].	ੳਹ[2] ਹੀ ਵਿਦਵਾਨ[3] ਹੈ, ਜਿਹੜਾ ਆਪਣੀ ਜਿੰਦੜੀ[4] ਨੂੰ ਸਮਝਾੳਂਦਾ[5] ਹੈ।
ਰਾਮ ਨਾਮੁ[6] ਆਤਮ[7] ਮਹਿ[8] ਸੋਧੈ[9] ॥	He searches[9] for Lord's Name[6] in[8] his heart[7].	ੳਹ ਸੁਆਮੀ ਦੇ ਨਾਮ[6] ਲਈ ਆਪਣੇ ਦਿਲ[7] ਅੰਦਰ[8] ਪੜਤਾਲ[9] ਕਰਦਾ ਹੈ।

ਰਾਮ ਨਾਮ ਸਾਰੁ[10] ਰਸੁ[12] ਪੀਵੈ[13] ॥	And drinks[13] the exquisite[10] Nectar[12] of Master's Name.	ਅਤੇ ਮਾਲਕ ਦੇ ਨਾਮ ਦੇ ਸ੍ਰੇਸ਼ਟ[10] ਅੰਮ੍ਰਿਤ[12] ਪਾਨ[13] ਕਰਦਾ ਹੈ।
ਉਸੁ[14] ਪੰਡਿਤ ਕੈ ਉਪਦੇਸਿ[15]ਜਗੁ[16] ਜੀਵੈ[17]॥	The world[16] lives[17] by the instruction[15] of that[14] pandit.	ਉਸ[14] ਪੰਡਤ ਦੀ ਸਿਖ-ਮਤ[15] ਦੁਆਰਾ ਦੁਨੀਆਂ[16] ਜੀਉਂਦੀ[17] ਹੈ।
ਹਰਿ ਕੀ ਕਥਾ[18] ਹਿਰਦੈ[19] ਬਸਾਵੈ[20] ॥ ਸੋ ਪੰਡਿਤੁ ਫਿਰਿ[21]ਜੋਨਿ[22] ਨ ਆਵੈ[23]॥	The pandit, who implants[20] God's gospel[18] in his heart[19] enters[23] not in existences[22], again[21].	ਜਿਹੜਾ ਪੰਡਤ ਵਾਹਿਗੁਰੂ ਦੀ ਕਥਾ ਵਾਰਤਾ[18] ਨੂੰ ਆਪਣੇ ਦਿਲ[19] ਅੰਦਰ ਇਸਥਿਤ[20]ਕਰਦਾ ਹੈ,ਉਹ ਮੁੜ[21] ਕੇ ਜੂਨੀਆਂ[22] ਅੰਦਰ ਪਰਵੇਸ਼[23] ਨਹੀਂ ਕਰਦਾ।
ਬੇਦ ਪੁਰਾਨ ਸਿਮ੍ਰਿਤਿ ਬੂਝੈ[24] ਮੂਲੁ[25] ॥ ਸੂਖਮ[26] ਮਹਿ[27] ਜਾਨੈ[28] ਅਸਥੂਲੁ[29] ॥ ਚਹੁ ਵਰਨਾ[30] ਕਉ ਦੇ ਉਪਦੇਸੁ[31] ॥	He understands[24] the essence[25] of the Vedas, Puranas and Simritis, and recognises[28] the discernible[29] in[27] the undiscernible[26] one and instructs[31] all the four castes[30].	ਉਹ ਵੇਦਾਂ, ਪੁਰਾਣਾਂ ਅਤੇ ਸਿੰਮ੍ਰਤੀਆਂ ਦੇ ਸਾਰ ਤੱਤ[25] ਨੂੰ ਸਮਝਦਾ[24] ਹੈ, ਦ੍ਰਿਸ਼ਟਮਾਨ[29] ਨੂੰ ਅਦ੍ਰਿਸ਼ਟ[26] ਪੁਰਖ ਅੰਦਰ[27] ਅਨੁਭਵ[28] ਕਰਦਾ ਹੈ ਅਤੇ ਚਾਰੋਂ ਹੀ ਜਾਤੀਆਂ[30] ਸਮੂਹ ਨੂੰ ਸਿਖ-ਮਤ[31] ਦਿੰਦਾ ਹੈ।
ਨਾਨਕ ਉਸੁ ਪੰਡਿਤ ਕਉ ਸਦਾ[32] ਅਦੇਸੁ[33] ॥੪॥	Nanak, I ever[32] make obeisance[33] unto that pandit.	ਨਾਨਕ, ਉਸ ਪੰਡਤ ਨੂੰ ਮੈਂ ਹਮੇਸ਼ਾ[32] ਹੀ ਪ੍ਰਣਾਮ[33] ਕਰਦਾ ਹਾਂ।
ਬੀਜ[34] ਮੰਤ੍ਰੁ[35] ਸਰਬ[36] ਕੋ ਗਿਆਨੁ[37] ॥	The comprehension[37] of the seed[34] of God's Name[35], has been imparted to every one[36].	ਰੱਬ ਦੇ ਨਾਮ[35] ਦੇ ਬੀ[34] ਦੀ ਗਿਆਤ[37] ਹਰ ਇਕਸ[36] ਨੂੰ ਦਰਸਾਈ ਗਈ ਹੈ।
ਚਹੁ ਵਰਨਾ[40] ਮਹਿ ਜਪੈ[38] ਕੋਊ[39] ਨਾਮ ॥	Let anyone[39] of the four castes[40] repeat[38] the Name.	ਚਾਰਾਂ ਹੀ ਜਾਤਾਂ[40] ਵਿਚੋਂ ਕੋਈ[39] ਭੀ ਨਾਮ ਦਾ ਉਚਾਰਨ[38] ਕਰੇ।
ਜੋ ਜੋ[41] ਜਪੈ ਤਿਸ[42] ਕੀ ਗਤਿ[43] ਹੋਇ ॥	Who-so-ever[41] utters it, he[42] gets emancipated[43].	ਜੋ ਕੋਈ ਭੀ[41] ਇਸ ਨੂੰ ਉਚਾਰਦਾ ਹੈ, ਉਹ[42] ਮੁਕਤ[43] ਹੋ ਜਾਂਦਾ ਹੈ।
ਸਾਧਸੰਗਿ ਪਾਵੈ[44] ਜਨੁ[45] ਕੋਇ[46] ॥	Some[46] rare person[45] attains[44] it by association with the saints.	ਕੋਈ ਵਿਰਲਾ[46] ਪੁਰਸ਼[45] ਹੀ ਇਸ ਨੂੰ ਸਤਿਸੰਗਤ ਦੁਆਰਾ ਪ੍ਰਾਪਤ[44] ਹੁੰਦਾ ਹੈ।
ਕਰਿ ਕਿਰਪਾ[47] ਅੰਤਰਿ[48] [49]ਉਰਧਾਰੈ[50] ॥ ਪਸੁ[51] ਪ੍ਰੇਤ[52] ਮੁਘਦ[53] ਪਾਥਰ[54] ਕਉ ਤਾਰੈ[55] ॥	By His grace[47], the Lord places[50] His Name in[48] the mind[49] and thus even the beasts[51], goblins[52] and the stony[54] fools[53] swim across[55].	ਆਪਣੀ ਦਇਆ[47] ਦੁਆਰਾ ਸਾਹਿਬ ਆਪਣੇ ਆਪ ਨੂੰ ਚਿੱਤ[49] ਵਿੱਚ[48] ਟਿਕਾਉਂਦਾ[50] ਹੈ ਅਤੇ ਉਸ ਦੇ ਨਾਲ ਡੰਗਰ[51] ਭੂਤ[52] ਪੱਥਰ[54] ਵਰਗੇ ਜੜ੍ਹ[53] ਭੀ ਪਾਰ[55] ਉਤਰ ਜਾਂਦੇ ਹਨ।
ਸਰਬ[56] ਰੋਗ[57] ਕਾ ਅਉਖਦੁ[58] ਨਾਮੁ ॥	Lord's Name is the panacea[58] of all[56] the ills[57].	ਸੁਆਮੀ ਦਾ ਨਾਮ ਸਾਰੀਆਂ[56] ਬੀਮਾਰੀਆਂ[57] ਦਾ ਦਾਰੂ[58] ਹੈ।
ਕਲਿਆਣ[59]ਰੂਪ[60]ਮੰਗਲ[61] ਗੁਣ[62] ਗਾਮ[63] ॥	Singing[63] of Lord's praise[62] is the embodiment[60] of beatitude[61] and salvation[59].	ਸੁਆਮੀ ਦੀ ਕੀਰਤੀ[62] ਗਾਇਨ[63] ਕਰਨਾ ਪਰਮ-ਪਰਸੰਨਤਾ[61] ਅਤੇ ਮੁਕਤੀ[59] ਦਾ ਸ਼ਰੂਪ[60] ਹੈ।
ਕਾਹੂ[64] ਜੁਗਤਿ[65] ਕਿਤੈ[66]	By no other[64] way[65] or any[66]	ਕਿਸੇ ਹੋਰ[64] ਤਰੀਕੇ[65] ਜਾਂ ਹੋਰਸ[66]ਧਾਰਮਕਤਾ[66] ਦੁਆਰਾ

ਨ ਪਾਈਐ[67] ਧਰਮਿ[68] ॥

religiousity[68] can God's Name be gained[67].

ਵਾਹਿਗੁਰੂ ਦਾ ਨਾਮ ਪ੍ਰਾਪਤ[67] ਕੀਤਾ ਨਹੀਂ ਜਾ ਸਕਦਾ।

ਨਾਨਕ ਤਿਸੁ[69] ਮਿਲੈ[70]ਜਿਸੁ ਲਿਖਿਆ ਧੁਰਿ[71] ਕਰਮਿ[72] ॥੫॥

Nanak he alone[69] obtains[70] it, in whose destiny[72] it is so writ since the very beginning[71].

ਨਾਨਕ, ਕੇਵਲ ਉਹੀ[69] ਇਸ ਨੂੰ ਪ੍ਰਾਪਤ[70] ਕਰਦਾ ਹੈ, ਜਿਸ ਦੇ ਭਾਗਾ[72], ਵਿਚ ਐਨ ਆਰੰਭ[71] ਤੋਂ ਐਸਾ ਲਿਖਿਆ ਹੋਇਆ ਹੁੰਦਾ ਹੈ।

੨੭੫

ਜਿਸ ਕੈ ਮਨਿ[73]ਪਾਰਬ੍ਰਹਮ[74] ਕਾ ਨਿਵਾਸੁ[75] ॥ ਤਿਸ ਕਾ ਨਾਮੁ ਸਤਿ[76] [77]ਰਾਮਦਾਸੁ[78] ॥

ਆਤਮ[79] ਰਾਮੁ ਤਿਸੁ[80] ਨਦਰੀ[81] ਆਇਆ ॥

ਦਾਸੁ[82] ਦਸੰਤਣ ਭਾਇ[83] ਤਿਨਿ[84] ਪਾਇਆ ॥

ਸਦਾ[85] ਨਿਕਟਿ[86] ਨਿਕਟਿ ਹਰਿ ਜਾਨੁ[87] ॥ ਸੋ[88]ਦਾਸੁ[89] ਦਰਗਹ[90] ਪਰਵਾਨੁ[91] ॥

ਅਪੁਨੇ ਦਾਸ[95]ਕਉ ਆਪਿ[92] ਕਿਰਪਾ[93] ਕਰੈ[94] ॥

ਤਿਸੁ[96] ਦਾਸ ਕਉ ਸਭ ਸੋਝੀ[97] ਪਰੈ ॥

ਸਗਲ ਸੰਗਿ ਆਤਮ[98] ਉਦਾਸੁ[99] ॥ ਐਸੀ[100] ਜੁਗਤਿ[2] ਨਾਨਕ ਰਾਮ[3] ਦਾਸੁ[4] ॥੬॥

ਪ੍ਰਭ ਕੀ ਆਗਿਆ[5] ਆਤਮ[6] ਹਿਤਾਵੈ[7]॥ ਜੀਵਨ ਮੁਕਤਿ[8] ਸੋਊ[9] ਕਹਾਵੈ[10] ॥

ਤੈਸਾ[12] ਹਰਖੁ[13] ਤੈਸਾ[14] ਉਸੁ[15] ਸੋਗੁ[16] ॥

ਸਦਾ[17] ਅਨੰਦੁ[18] ਤਹ[19] ਨਹੀ ਬਿਓਗੁ[20] ॥

275

He, within whose mind[73] the Supreme Lord[74] has acquired dwelling[75] goes by the Name of a true[76] slave[78] of the Lord[77].

He[80] comes to have the vision[81] of the All-pervading[79].

With the sentiment[83] of Lord's slaves slave[82], he[84] obtains Him.

The[88] serf[89] of God, who, ever[85], deems[87] Him to be the nearest of the near[86], becomes acceptable[91] in His court[90].

To His servant[95], the Master Himself[92] shows[94] mercy[93].

Then that[96] servant attains to all knowledge[97].

Such[100] is the way[2] of Lord's[3] attendant[4], O Nanak, that mixing among all the men, he remains unattached[99] at heart[98].

He[9], who in his heart[6] loves[7] Lord's ordinance[5], is said to be[10] the man having salvation[8] while alive.

As[12] is joy[13], so[14] is sorrow[16] for him[15].

In that state[19], there is everlasting[17] happiness[18] and no separation[20] from God.

੨੭੫

ਜਿਸ ਦੇ ਚਿੱਤ[73] ਅੰਦਰ ਸ੍ਰੋਮਣੀ ਸਾਹਿਬ[74] ਨੇ ਵਾਸਾ[75] ਕਰ ਲਿਆ ਹੈ, ਉਸ ਦਾ ਨਾਮ ਸੁਆਮੀ[77] ਦਾ ਸੱਚਾ[76] ਸੇਵਕ[78] ਹੈ।

ਉਹ[80] ਸਰਬ-ਵਿਆਪਕ[79] ਰੂਹ ਨੂੰ ਵੇਖ[81] ਲੈਂਦਾ ਹੈ।

ਸਾਂਈ ਦੇ ਗੋਲੇ ਦੇ ਗੋਲੇ[82] ਵਾਲੇ ਵਲਵਲੇ[83] ਦੁਆਰਾ ਉਹ[84] ਉਸ ਨੂੰ ਪਾ ਲੈਂਦਾ ਹੈ।

ਵਾਹਿਗੁਰੂ ਦਾ ਉਹ[88] ਨਫਰ[89], ਜੋ ਸਦੀਵ[85], ਉਸ ਨੂੰ ਨੇੜੇ[86] ਨਾਲੋਂ ਪਰਮ ਨੇੜੇ ਸਮਝਦਾ[87] ਹੈ, ਉਸ ਦੇ ਦਰਬਾਰ[90] ਵਿੱਚ ਕਬੂਲ[91] ਪੈ ਜਾਂਦਾ ਹੈ।

ਆਪਣੇ ਸੇਵਕ[95] ਉਤੇ ਮਾਲਕ ਆਪੇ[92] ਹੀ ਮਿਹਰ[93] ਕਰਦਾ[94] ਹੈ।

ਤਦ ਉਸ[96] ਸੇਵਕ ਨੂੰ ਸਮੂਹ ਗਿਆਤ[97] ਹੋ ਜਾਂਦੀ ਹੈ।

ਇਹੋ ਜਿਹੀ[100] ਮਰਿਆਦਾ[2] ਹੈ, ਸੁਆਮੀ[3] ਦੇ ਬਾਂਦੇ[4] ਦੀ, ਹੇ ਨਾਨਕ! ਕਿ ਸਾਰਿਆਂ ਆਦਮੀਆ ਨਾਲ ਮਿਲਦਾ ਵਰਤਦਾ ਹੋਇਆ, ਉਹ ਆਪਣੇ ਦਿਲ[98] ਵਿਚ ਨਿਰਲੇਪ[99] ਵਿਚਰਦਾ ਹੈ।

ਜਿਸ ਦੇ ਦਿਲ[6] ਨੂੰ ਸੁਆਮੀ ਦਾ ਹੁਕਮ[5] ਪਿਆਰਾ[7] ਲੱਗਦਾ ਹੈ, ਉਹ[9] ਜੀਉਂਦੇ ਜੀ ਮੁਕਤ[8] ਹੋਇਆ ਹੋਇਆ ਆਖਿਆ ਜਾਂਦਾ[10] ਹੈ।

ਜੇਹੋ ਜੇਹੀ[12] ਉਸ[15] ਨੂੰ ਖੁਸ਼ੀ[13] ਹੈ, ਉਹੋ ਜੇਹੀ[14] ਹੀ ਗ਼ਮੀ[16]।

ਉਸ ਹਾਲਤ[19] ਵਿਚ ਸਦੀਵੀ[17] ਪਰਸੰਨਤਾ[18] ਹੈ ਅਤੇ ਵਾਹਿਗੁਰੂ ਨਾਲੋਂ ਕੋਈ ਵਿਛੋੜਾ[20] ਨਹੀਂ।

ਤੈਸਾ ਸੁਵਰਨੁ[21] ਤੈਸੀ ਉਸੁ ਮਾਟੀ[22] ॥	As is gold[21], so is dust[22] for him.	ਜਿਹੋ ਜਿਹਾ ਉਸ ਨੂੰ ਸੋਨਾ[21] ਹੈ, ਉਹੋ ਜਿਹਾ ਹੀ ਮਿੱਟੀ[22] ਘੱਟਾ ।
ਤੈਸਾ ਅੰਮ੍ਰਿਤੁ[23] ਤੈਸੀ ਬਿਖੁ[24] ਖਾਟੀ[25] ॥	As is nectar[23], so is sour[25] poison[24] for him.	ਉਸ ਦੇ ਲਈ ਜਿਹੋ ਜਿਹਾ ਸੁਧਾਰਸ[23] ਹੈ, ਉਹੋ ਜੇਹੀ ਹੀ ਹੈ ਖੱਟੀ[25] ਜ਼ਹਿਰ[24] ।
ਤੈਸਾ ਮਾਨੁ[26] ਤੈਸਾ ਅਭਿਮਾਨੁ[27] ॥	To him as is honour[26], so is dishonour[27].	ਉਸ ਦੇ ਲਈ ਓਹੋ ਜਿਹੀ ਹੈ ਇਜ਼ਤ[26] ਅਤੇ ਓਹੋ ਜਿਹੀ ਬੇਇਜ਼ਤੀ[27] ।
ਤੈਸਾਰੰਕੁ[28]ਤੈਸਾ ਰਾਜਾਨੁ[29]॥	As is the pauper[28], so is the king[29].	ਜੇਹੋ ਜੇਹਾ ਕੰਗਲਾ[28] ਹੈ, ਉਹੋ ਜੇਹਾ ਹੀ ਬਾਦਸ਼ਾਹ[29] ।
ਜੋ[30] ਵਰਤਾਏ[31] ਸਾਈ[32] ਜੁਗਤਿ[33] ॥ ਨਾਨਕ ਓਹੁ[34] ਪੁਰਖੁ[35] ਕਹੀਐ[36] ਜੀਵਨ ਮੁਕਤਿ[37] ॥੭॥	He, who deems that[32] what[30] God puts in vogue[31], is the proper way[33]; that[34] man[35], O Nanak, is said[36] to be emancipated while still alive[37].	ਜੋ ਜਿਹੜਾ ਕੁਛ[30] ਵਾਹਿਗੁਰੂ ਪ੍ਰਚਲਤ ਕਰਦਾ[31] ਹੈ, ਉਸ[32] ਨੂੰ ਠੀਕ ਰਸਤਾ[33] ਸਮਝਦਾ ਹੈ,ਉਹ[34]ਇਨਸਾਨ[35], ਹੇ ਨਾਨਕ ! ਜੀਉਂਦੇ ਜੀ ਮੁਕਤ[37] ਆਖਿਆ[36] ਜਾਂਦਾ ਹੈ ।
ਪਾਰਬ੍ਰਹਮ[38] ਕੇ ਸਗਲੇ[39] ਠਾਉ[40] ॥	All[39] the places[40] belong to the Supreme Lord[38].	ਸਾਰੀਆਂ[39] ਥਾਵਾਂ[40] ਸ਼੍ਰੋਮਣੀ ਸਾਹਿਬ[38] ਦੀਆਂ ਮਲਕੀਅਤ ਹਨ ।
ਜਿਤੁ ਜਿਤੁ[41]ਘਰਿ[42]ਰਾਖੈ[43] ਤੈਸਾ[44] ਤਿਨ[45] ਨਾਉ ॥	In whatever[41] houses[42], the Lord, places[43] the creatures, similar[44] is the Name, they[45] acquire.	ਜਿਹੋ ਜਿਹੇ[41] ਘਰਾਂ[42] ਵਿਚ ਸਾਹਿਬ ਜੀਵਾਂ ਨੂੰ ਰਖਦਾ[43] ਹੈ, ਉਹੋ ਜਿਹਾ[44] ਹੀ ਨਾਮ ਉਹ[45] ਧਾਰਨ ਕਰ ਲੈਂਦੇ ਹਨ ।
ਆਪੇ[46] ਕਰਨ[47]ਕਰਾਵਨ[48] ਜੋਗੁ[49] ॥	The Lord Himself[46] is able[49]to act[47] and cause others[48] to act.	ਪ੍ਰਭੂ ਖ਼ੁਦ[46] ਕੰਮ ਕਰਨ[47] ਅਤੇ ਕਰਾਉਣ[48] ਦੇ ਸਮਰਥ[49] ਹੈ ।
ਪ੍ਰਭ ਭਾਵੈ[50] ਸੋਈ[51] ਫੁਨਿ[52] ਹੋਗੁ[53] ॥	Whatever pleases[50] the Master,that[51] ultimately[52], comes to pass[53].	ਜੋ ਕੁਛ ਮਾਲਕ ਨੂੰ ਚੰਗਾ[50] ਲੱਗਦਾ,ਓਹੀ[51],ਆਖ਼ਰਕਾਰ[52] ਹੁੰਦਾ ਹੈ[53] ।
ਪਸਰਿਓ[54] ਆਪਿ[55] ਹੋਇ[58] ਅਨਤ[56] ਤਰੰਗ[57] ॥	God has extended[54] Himself[55] by being[58] in endless[56] waves[57].	ਵਾਹਿਗੁਰੂ ਨੇ ਆਪਣੇ ਆਪ[55] ਨੂੰ ਬੇਅੰਤ[56] ਲਹਿਰਾਂ[57] ਅੰਦਰ ਹੋ ਕੇ[58] ਫੈਲਾਇਆ[54] ਹੋਇਆ ਹੈ।
ਲਖੇ[59] ਨ ਜਾਹਿ ਪਾਰਬ੍ਰਹਮ[60] ਕੇ ਰੰਗ[61] ॥	The plays[61] of the Supreme One[60] cannot be known[59].	ਪਰਮ ਪੁਰਖ[60] ਦੇ ਕਉਤਕ[61] ਜਾਣੇ[59] ਨਹੀਂ ਜਾ ਸਕਦੇ ।
ਜੈਸੀ[62] ਮਤਿ[63] ਦੇਇ[64] ਤੈਸਾ[65] ਪਰਗਾਸ[66] ॥	As[62] is the understanding[63], God gives[64], so[65] is the enlightenment[66].	ਜਿਹੋ ਜਿਹੀ[62] ਸਮਝ[63] ਵਾਹਿਗੁਰੂ ਪ੍ਰਦਾਨ[64] ਕਰਦਾ ਹੈ, ਉਹੋ ਜਿਹਾ[65] ਹੀ ਪਰਕਾਸ਼[66] ਹੁੰਦਾ ਹੈ ।
ਪਾਰਬ੍ਰਹਮੁ[67] ਕਰਤਾ[68] ਅਬਿਨਾਸ[69] ॥	The Exalted Lord[67], the Creator[68], is Imperishable[69].	ਸਿਰਜਣਹਾਰ[68] ਸ਼੍ਰੋਮਣੀ ਸਾਹਿਬ[67] ਅਮਰ[69] ਹੈ ।
ਸਦਾ[70] ਸਦਾ ਸਦਾ ਦਇਆਲ[71] ॥	Ever[70],ever and ever He is Merciful[71].	ਹਮੇਸ਼ਾ[70], ਹਮੇਸ਼ਾ, ਹਮੇਸ਼ਾ ਉਹ ਮਇਆਵਾਨ[71] ਹੈ ।
ਸਿਮਰਿ[72] ਸਿਮਰਿ ਨਾਨਕ ਭਏ ਨਿਹਾਲ[73] ॥੮॥੯॥	By remembering[72] and remembering Him,Nanak has been enraptured[73].	ਉਸ ਦਾ ਆਰਾਧਨ[72] ਤੇ ਆਰਾਧਨ ਕਰਨ ਦੁਆਰਾ ਨਾਨਕ ਪਰਮ ਪਰਸੰਨ[73] ਹੋ ਗਿਆ ਹੈ ।
ਸਲੋਕੁ ॥	Slok.	ਸਲੋਕ ।
ਉਸਤਤਿ[74]ਕਰਹਿ ਅਨੇਕ[75]	Good many[76] men[75] praise[74] the	ਬਹੁਤ ਸਾਰੇ[75] ਇਨਸਾਨ[76] ਸਾਹਿਬ ਦਾ ਜੱਸ[74]ਕਰਦੇ ਹਨ,

ਜਨ[76] ਅੰਤੁ[77] ਨ ਪਾਰਾਵਾਰ[78] ॥	Lord, who has neither end[77] nor limit[78].	ਜਿਸ ਦਾ ਨਾ ਕੋਈ ਅਖ਼ੀਰ[77] ਤੇ ਨਾ ਹੀ ਓਰਕ[78] ਹੈ।
ਨਾਨਕ ਰਚਨਾ[79] ਪ੍ਰਭਿ ਰਚੀ[80] [81]ਬਹੁ ਬਿਧਿ[82] ਅਨਿਕ[83] ਪ੍ਰਕਾਰ[84] ॥੧॥	The Master has created[80] His creation[79] in many[81] ways[82] and of various[83] kinds[84].	ਮਾਲਕ ਨੇ ਬਹੁਤਿਆਂ[81] ਤਰੀਕਿਆਂ[82] ਨਾਲ ਅਨੇਕਾਂ[83] ਵੰਨਗੀਆਂ[84] ਦੀ ਉਤਪਤੀ[79] ਕੀਤੀ[80] ਹੈ।
ਅਸਟਪਦੀ ॥	Ashtpadi.	ਅਸ਼ਟਪਦੀ।
ਕਈ[85] ਕੋਟਿ[86] ਹੋਏ ਪੂਜਾਰੀ[87] ॥	Many[85] millions[86] are His worshippers[87].	ਅਨੇਕਾਂ[85] ਕ੍ਰੋੜਾਂ[86] ਉਸ ਦੀ ਉਪਾਸ਼ਨਾ ਕਰਨ ਵਾਲੇ[87] ਹਨ।
ਕਈ ਕੋਟਿ ਆਚਾਰ[88] ਬਿਉਹਾਰੀ[89] ॥	Many millions are the performers of religious[88] and worldly[89] deeds.	ਕਈ ਕ੍ਰੋੜ ਹਨ, ਧਾਰਮਕ[88] ਅਤੇ ਸੰਸਾਰੀ[89] ਕਰਮ ਕਰਨ ਵਾਲੇ।
ਕਈ ਕੋਟਿ ਭਏ[90] ਤੀਰਥ[91] ਵਾਸੀ[92] ॥	Many millions have become[90] dwellers[92] at places of pilgrimage[91].	ਅਨੇਕਾਂ ਕ੍ਰੋੜਾਂ ਯਾਤ੍ਰਾ-ਅਸਥਾਨਾਂ[91] ਉਤੇ ਰਹਿਣ ਵਾਲੇ[92] ਹੋ ਗਏ[90] ਹਨ।
ਕਈ ਕੋਟਿ ਬਨ[93] ਭ੍ਰਮਹਿ[94] ਉਦਾਸੀ[95] ॥	Many million wander[94] as anchorets[95] in the forest[93].	ਅਨੇਕਾਂ ਕ੍ਰੋੜ ਵੈਰਾਗੀ[95] ਹੋ ਜੰਗਲ[93] ਵਿਚ ਭੌਂਦੇ[94] ਫਿਰਦੇ ਹਨ।
ਕਈ ਕੋਟਿ ਬੇਦ ਕੇ ਸ੍ਰੋਤੇ[96] ॥	Many millions are the listeners[96] of Vedas.	ਅਨੇਕਾਂ ਕ੍ਰੋੜ ਵੇਦਾਂ ਨੂੰ ਸੁਣਨ ਵਾਲੇ[96] ਹਨ।
ਕਈ ਕੋਟਿ ਤਪੀਸੁਰ[97] ਹੋਤੇ[98] ॥	Many millions become[98] penitents[97].	ਅਨੇਕਾਂ ਕ੍ਰੋੜ ਤਪੀ[97] ਬਣ ਜਾਂਦੇ[98] ਹਨ।
ਕਈ ਕੋਟਿ ਆਤਮ[99] ਧਿਆਨ[100] ਧਾਰਹਿ[2] ॥	Many millions enshrine[2] Lord's meditation[100] in their heart[99].	ਅਨੇਕਾਂ ਕ੍ਰੋੜ ਆਪਣੇ ਦਿਲਾਂ[99] ਅੰਦਰ ਸੁਆਮੀ ਦਾ ਸਿਮਰਨ[100] ਟਿਕਾਉਂਦੇ[2] ਹਨ।
ਕਈ ਕੋਟਿ ਕਬਿ[3] ਕਾਬਿ[4] ਬੀਚਾਰਹਿ[5] ॥	Many million poets[3] deliberate over[5] the Lord through poetry[4].	ਅਨੇਕਾਂ ਕ੍ਰੋੜ ਕਵੀਸ਼ਰ[3] ਕਵੀਸ਼ਰੀ[4] ਰਾਹੀਂ ਸਾਹਿਬ ਨੂੰ ਸੋਚਦੇ ਸਮਝਦੇ[5] ਹਨ।
ਕਈ ਕੋਟਿ ਨਵਤਨ[6] ਨਾਮ ਧਿਆਵਹਿ[7] ॥	Many millions meditate[7] on His ever new[6] names.	ਅਨੇਕਾਂ ਕ੍ਰੋੜ ਉਸ ਦੇ ਨਿਤ ਨਵੇਂ[6] ਨਾਵਾਂ ਦਾ ਆਰਾਧਨ[7] ਕਰਦੇ ਹਨ।
ਨਾਨਕ ਕਰਤੇ[8] ਕਾ ਅੰਤੁ[9] ਨ ਪਾਵਹਿ[10] ॥੧॥	Even then, O Nanak, they find[10] not the Creator's[8] limit[9].	ਤਾਂ ਭੀ, ਹੇ ਨਾਨਕ ! ਉਹ ਸਿਰਜਣਹਾਰ[8] ਦਾ ਓਰਕ[9] ਨਹੀਂ ਪਾਉਂਦੇ[10]।
ਕਈ ਕੋਟਿ ਭਏ ਅਭਿਮਾਨੀ[12] ॥	Many myriads are self-conceited[12].	ਅਨੇਕਾਂ ਕ੍ਰੋੜਾਂ ਸਵੈ-ਹੰਕਾਰੀ[12] ਹਨ।
ਕਈ ਕੋਟਿ ਅੰਧ[13] ਅਗਿਆਨੀ[14] ॥	Many myriads are blindly[13] ignorant[14].	ਅਨੇਕਾਂ ਕ੍ਰੋੜ, ਅੰਨ੍ਹੇ[13] ਬੇਸਮਝ[14] ਹਨ।
ਕਈ ਕੋਟਿ ਕਿਰਪਨ[15] ਕਠੋਰ[16] ॥	Many myriads are stone-hearted[16] misers[15].	ਅਨੇਕ ਕ੍ਰੋੜ ਪੱਥਰ-ਦਿਲ[16] ਕੰਜੂਸ[15] ਹਨ।
ਕਈ ਕੋਟਿ ਅਭਿਗ[17] ਆਤਮ ਨਿਕੋਰ[18] ॥	Many myriads are dry[17] and unsusceptible[18] at heart.	ਅਨੇਕਾਂ ਕ੍ਰੋੜ ਰੁੱਖੇ[17] ਅਤੇ ਨਾ-ਗ੍ਰਹਿਣ ਕਰਨ ਵਾਲੇ[18] ਮਿਲਦੇ ਹਨ।

ਕਈ ਕੋਟਿ [19]ਪਰਦਰਬ[20] ਕਉ ਹਿਰਹਿ[21] ॥	Many myriads steel[21] others[19] wealth[20].	ਅਨੇਕਾਂ ਕਰੋੜ ਹੋਰਨਾਂ[19] ਦਾ ਧਨ[20] ਚੁਰਾਉਂਦੇ[21] ਹਨ ।
ਕਈ ਕੋਟਿ ਪਰ[22] ਦੂਖਨਾ[23] ਕਰਹਿ[24] ॥	Many myriads indulge[24] in slandering[23] others[22].	ਅਨੇਕਾਂ ਕ੍ਰੋੜ ਹੋਰਨਾਂ[22] ਦੀ ਨਿੰਦਾ[23] ਕਰਦੇ[24] ਹਨ ।
ਕਈ ਕੋਟਿ ਮਾਇਆ[25] ਸ੍ਰਮ[26] ਮਾਹਿ[27] ॥	Many myriads take pain[26] in[27] amassing wealth[25].	ਅਨੇਕਾਂ ਕ੍ਰੋੜ ਧਨ[25] ਇਕੱਤ੍ਰ ਕਰਨ ਵਿੱਚ[27] ਕਸ਼ਟ[26] ਉਠਾਉਂਦੇ ਹਨ ।
ਕਈ ਕੋਟਿ ਪਰਦੇਸ[28] ਭ੍ਰਮਾਹਿ[29] ॥	Many myriads wander[29] in foreign lands[28].	ਅਨੇਕਾਂ ਕ੍ਰੋੜ ਬਾਹਰਲੇ ਮੁਲਕਾਂ[28] ਅੰਦਰ ਫਿਰਦੇ[29] ਹਨ ।
ਜਿਤੁ ਜਿਤੁ[30] ਲਾਵਹੁ[31] ਤਿਤੁ ਤਿਤੁ[32] ਲਗਨਾ ॥	To whatever[30] Thou attachest[31] the mortals, thereto[32] do they attach.	ਜਿਥੇ ਕਿਤੇ[30] ਤੂੰ ਪ੍ਰਾਣੀਆਂ ਨੂੰ ਲਾਉਂਦਾ[31] ਹੈਂ, ਉਥੇ[32] ਉਥੇ ਉਹ ਲੱਗਦੇ ਹਨ ।
ਨਾਨਕ ਕਰਤੇ ਕੀ ਜਾਨੈ ਕਰਤਾ[33] ਰਚਨਾ[34] ॥੨॥	Nanak, the Creator[33] alone knows Creator's creation[34].	ਨਾਨਕ, ਕੇਵਲ ਸਿਰਜਣਹਾਰ[33] ਹੀ ਸਿਰਜਣਹਾਰ ਦੀ ਖ਼ਲਕਤ[34] ਨੂੰ ਜਾਣਦਾ ਹੈ ।
ਕਈ ਕੋਟਿ ਸਿਧ[35] ਜਤੀ[36] ਜੋਗੀ ॥	Many millions are the seers[35], celebates[36] and Yogis.	ਕਈ ਕ੍ਰੋੜ ਹਨ, ਕ੍ਰਾਮਾਤੀ[35] ਬੰਦੇ, ਬ੍ਰਹਿਮਚਾਰੀ[36] ਅਤੇ ਯੋਗੀ ।
ਕਈ ਕੋਟਿ ਰਾਜੇ[37] ਰਸ[38] ਭੋਗੀ[39] ॥	Many millions are the kings[37] who enjoy[39] pleasures[38].	ਕਈ ਕ੍ਰੋੜ ਹਨ ਪਾਤਸ਼ਾਹ[37] ਜੋ ਰੰਗ ਰਲੀਆਂ[38] ਮਾਣਦੇ[39] ਹਨ ।
ਕਈ ਕੋਟਿ ਪੰਖੀ[40] ਸਰਪ[41] ਉਪਾਏ[42] ॥	Many millions of birds[40] and serpents[41] have been created[42].	ਅਨੇਕਾਂ ਕ੍ਰੋੜ ਪੰਛੀ[40] ਅਤੇ ਸੱਪ[41] ਪੈਦਾ[42] ਕੀਤੇ ਗਏ ਹਨ ।
ਕਈ ਕੋਟਿ ਪਾਥਰ[43] ਬਿਰਖ[44] ਨਿਪਜਾਏ[45] ॥	Many millions of stones[43] and trees[44] have been produced[45].	ਅਨੇਕਾਂ ਕ੍ਰੋੜ ਪੱਥਰ[43] ਅਤੇ ਰੁੱਖ[44] ਪੈਦਾ[45] ਕੀਤੇ ਗਏ ਹਨ ।
ਕਈ ਕੋਟਿ ਪਵਣ[46]ਪਾਣੀ[47] ਬੈਸੰਤਰ[48] ॥	Many millions of winds[46], waters[47] and fires[48], there are.	ਕਈ ਕ੍ਰੋੜ ਹਨ, ਹਵਾਵਾਂ[46], ਜਲ[47] ਅਤੇ ਅੱਗਾਂ[48] ।
ਕਈ ਕੋਟਿ ਦੇਸ[49] ਭੂ[50] ਮੰਡਲ[51] ॥	Many millions are the countries[49] and regions[51] of earth[50].	ਕਈ ਕ੍ਰੋੜ ਹਨ ਮੁਲਕ[49] ਅਤੇ ਧਰਤੀ[50] ਦੇ ਖੰਡ[51] ।
ਕਈ ਕੋਟਿ ਸਸੀਅਰ[52] ਸੂਰ[53] ਨਖ੍ਯਤ੍ਰ[54] ॥	Many millions are the moons[52], the suns[53] and the stars[54].	ਅਨੇਕ ਕ੍ਰੋੜ ਹਨ ਚੰਦ੍ਰਮੇ[52], ਸੂਰਜ[53] ਅਤੇ ਤਾਰੇ[54] ।
੨੭੬	276	੨੭੬
ਕਈ ਕੋਟਿ ਦੇਵ[55] ਦਾਨਵ[56] ਇੰਦ੍ਰ ਸਿਰਿ[57] ਛਤ੍ਰ[58] ॥	Many millions are the demigods[55], demons[56] and Indras wearing crowns[58] over their heads[57].	ਕਈ ਕ੍ਰੋੜ ਹਨ ਦੇਵਤੇ[55], ਰਾਖਸ਼[56] ਅਤੇ ਸੀਸ[57] ਉਤੇ ਤਾਜ[58] ਧਾਰਨ ਕਰਨ ਵਾਲੇ ।
ਸਗਲ ਸਮਗ੍ਰੀ[59] ਅਪਨੈ ਸੂਤਿ[60] ਧਾਰੈ[61] ॥	The Lord has strung[61] the entire creation[59] in His strung[60].	ਸੁਆਮੀ ਨੇ ਸਾਰੀ ਰਚਨਾ[59] ਆਪਣੇ ਧਾਗੇ[60] ਵਿੱਚ ਪਰੋਤੀ[61] ਹੋਈ ਹੈ ।
ਨਾਨਕ ਜਿਸੁ ਜਿਸੁ[62]ਭਾਵੈ[63] ਤਿਸੁ ਤਿਸੁ[64] ਨਿਸਤਾਰੈ[65] ॥੩॥	Whomsoever[62] the Lord is pleased[63] with, him[64] He emancipates[65].	ਜਿਸ ਕਿਸੇ[62] ਦੇ ਨਾਲ ਸੁਆਮੀ ਪਰਸੰਨ[63] ਹੁੰਦਾ ਹੈ, ਉਸ[64] ਨੂੰ ਉਹ ਪਾਰ ਕਰ ਦਿੰਦਾ[65] ਹੈ ।

ਕਈ ਕੋਟਿ ਰਾਜਸ[66] ਤਾਮਸ[67] ਸਾਤਕ[68] ॥	Many millions abide in the dispositions of activity[66], darkness[67] and calmness[68].	ਕਈ ਕ੍ਰੋੜ ਹੀ ਤ੍ਰੁੰਦੀ[66] ਹਨ੍ਹੇਰੇ[67] ਅਤੇ ਸ਼ਾਂਤੀ[68] ਦੇ ਸੁਭਾਵਾਂ ਅੰਦਰ ਵੱਸਦੇ ਹਨ ।
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥	There are many millions of Vedas, Puranas, Simirtis and Shastras.	ਕਈ ਕ੍ਰੋੜ ਹਨ ਵੇਦ,ਪੁਰਾਣ, ਸਿੰਮ੍ਰਤੀਆਂ ਅਤੇ ਸ਼ਾਸਤਰ।
ਕਈ ਕੋਇ ਕੀਏ[69] ਰਤਨ[70] ਸਮੁਦ[71] ॥	Many millions of oceans[71] with pearls[70] have been made[69].	ਕਈ ਕ੍ਰੋੜ ਮੋਤੀਆਂ[70] ਵਾਲੇ ਸਮੁੰਦਰ[71] ਸਾਜੇ[69] ਗਏ ਹਨ।
ਕਈ ਕੋਟਿ ਨਾਨਾ[72] ਪ੍ਰਕਾਰ[73] ਜੰਤ[74] ॥	Many millions are the beings[74] of various[72] descriptions[73].	ਅਨੇਕਾਂ ਕ੍ਰੋੜ ਹਨ ਅਨੇਕਾਂ[72] ਭਾਂਤਾਂ[73] ਦੇ ਜੀਵ[74] ।
ਕਈ ਕੋਟਿ ਕੀਏ[75] ਚਿਰ ਜੀਵੇ[76] ॥	Many millions are made[75] who live-long[76].	ਅਨੇਕਾਂ ਕ੍ਰੋੜ ਵਧੇਰਾ ਚਿਰ ਜੀਉਣ ਵਾਲੇ[76] ਬਣਾਏ[75] ਗਏ ਹਨ।
ਕਈ ਕੋਟਿ ਗਿਰੀ[77] ਮੇਰ[78] ਸੁਵਰਨ[79] ਥੀਵੇ[80] ॥	(By Lord's order) many millions of hills[77]and mountains[78]have become[80] of gold[79].	(ਪ੍ਰਭੂ ਦੇ ਹੁਕਮ ਦੁਆਰਾ) ਅਨੇਕਾਂ ਕ੍ਰੋੜ ਪਹਾੜੀਆਂ[77] ਤੇ ਪਹਾੜ[78] ਸੋਨੇ[79] ਦੇ ਹੋ ਗਏ[80] ਹਨ ।
ਕਈ ਕੋਟਿ ਜਖ੍ਯ[81] ਕਿੰਨਰ[82] ਪਿਸਾਚ[83] ॥	Many millions are the high-ranking[81] gods, celestial singers[82] and Satans[83].	ਅਨੇਕਾਂ ਕ੍ਰੋੜ ਹਨ ਉਚੇ ਮਰਤਬੇ[81] ਦੇ ਦੇਵਤੇ, ਸਵਰਗੀ ਗਵੱਈਏ[82] ਅਤੇ ਸ਼ੈਤਾਨ[83] ।
ਕਈ ਕੋਟਿ ਭੂਤ[84] ਪ੍ਰੇਤ[85] ਸੂਕਰ[86] ਮ੍ਰਿਗਾਚ[87] ॥	Many millions are evil spirits[84], ghosts[85], swines[86] and tigers[87].	ਅਨੇਕਾਂ ਕ੍ਰੋੜ ਹਨ ਜਿੰਨ-ਭੂਤ[84], ਚੁੜੇਲਾਂ[85], ਸੂਰ[86] ਅਤੇ ਸ਼ੇਰ[87] ।
ਸਭ[90] ਤੇ ਨੇਰੈ[88] ਸਭਹੂ ਤੇ ਦੂਰਿ[89] ॥	The Lord is near[88] all[90], yet far from[89] all.	ਸੁਆਮੀ ਸਾਰਿਆਂ[90] ਦੇ ਨੇੜੇ[88] ਹੈ, ਤਦਜਪ ਸਾਰਿਆਂ ਤੋਂ ਦੂਰੇਡੇ[89] ।
ਨਾਨਕ ਆਪਿ[91]ਅਲਿਪਤੁ[92] ਰਹਿਆ[93] ਭਰਪੂਰਿ[94] ॥੪॥	Nanak, the Lord is filling[94] every thing, yet He Himself[91] remains[93] apart[92].	ਨਾਨਕ ਸੁਆਮੀ ਹਰ ਇਕਸ ਅੰਦਰ ਪਰੀਪੂਰਨ[94] ਹੋ ਰਿਹਾ ਹੈ, ਤਦਜਪ ਉਹ ਖ਼ੁਦ[91] ਨਿਰਲੇਪ[92] ਰਹਿੰਦਾ[93] ਹੈ ।
ਕਈ ਕੋਟਿ ਪਾਤਾਲ[95] ਕੇ ਵਾਸੀ[96] ॥	Millions upon millions are the dwellers[96] of the under-worlds[95].	ਕ੍ਰੋੜਾਂ ਉਤੇ ਕ੍ਰੋੜਾਂ ਹੀ ਪਇਆਲ[95] ਦੇ ਰਹਿਣ ਵਾਲੇ[96] ਹਨ ।
ਕਈ ਕੋਟਿ ਨਰਕ[97] ਸੁਰਗ[98] ਨਿਵਾਸੀ[99] ॥	Millions upon millions are the dwellers[99] of hell[97] and heaven[98].	ਕ੍ਰੋੜਾਂ ਉਤੇ ਕ੍ਰੋੜਾਂ ਰਸਤਾਲ[97] ਅਤੇ ਬਹਿਸ਼ਤ[98] ਦੇ ਰਹਿਣ ਵਾਲੇ[99] ਹਨ ।
ਕਈ ਕੋਟਿ ਜਨਮਹਿ[100] ਜੀਵਹਿ[2] ਮਰਹਿ[3] ॥	Millions upon millions are born[100], live[2], and die[3].	ਕ੍ਰੋੜਾਂ ਉਤੇ ਕ੍ਰੋੜਾਂ ਜੰਮਦੇ[100] ਜੀਉਂਦੇ[2] ਅਤੇ ਮਰਦੇ[3] ਹਨ ।
ਕਈ ਕੋਟਿ ਬਹੁ[4] ਜੋਨੀ[5] ਫਿਰਹਿ[6] ॥	Millions upon millions go round[6] in many[4] existences[5].	ਕ੍ਰੋੜਾਂ ਉਤੇ ਕ੍ਰੋੜਾਂ ਘਣੇਰੀਆਂ[4] ਜੂਨੀਆਂ[5] ਵਿੱਚ ਚੱਕਰ[6] ਕੱਟਦੇ ਹਨ।
ਕਈ ਕੋਟਿ ਬੈਠਤ[7] ਹੀ ਖਾਹਿ[8] ॥	Many millions eat[8] whilst sitting[7] idle.	ਅਨੇਕਾਂ ਕ੍ਰੋੜ ਵਿਹਲੇ ਬਹਿ[7] ਕੇ ਖਾਂਦੇ[8] ਹਨ ।
ਕਈ ਕੋਟਿ ਘਾਲਹਿ[9] ਥਕਿ ਪਾਹਿ[10] ॥	Many millions are wearied[10] with labour[9].	ਅਨੇਕਾਂ ਕ੍ਰੋੜ ਮੁਸ਼ੱਕਤ[9] ਨਾਲ ਹਾਰ ਹੁਟ ਜਾਂਦੇ[10] ਹਨ ।

ਕਈ ਕੋਟਿ ਕੀਏ[12] ਧਨਵੰਤ[13] ॥	Many millions are created[12] wealthy[13].	ਅਨੇਕਾਂ ਕ੍ਰੋੜ ਧਨਾਢ[13] ਬਣਾਏ[12] ਗਏ ਹਨ ।
ਕਈ ਕੋਟਿ ਮਾਇਆ[14] ਮਹਿ[15] ਚਿੰਤ[16] ॥	Many millions are engrossed in[15] the anxiety[16] of wealth[14].	ਅਨੇਕਾਂ ਕ੍ਰੋੜ ਧਨ-ਦੌਲਤ[14] ਦੇ ਫ਼ਿਕਰ[16] ਅੰਦਰ[15] ਗ਼ਲਤਾਨ ਹਨ ।
ਜਹ[17] ਜਹ ਭਾਣਾ[18] ਤਹ[19] ਤਹ ਰਾਖੇ[20] ॥	Where-so-ever[17] the Lord wills[18], there[19] He keeps[20] the mortals.	ਜਿਥੇ ਕਿਤੇ[17] ਸੁਆਮੀ ਚਾਹੁੰਦਾ[18] ਹੈ, ਉਥੇ[19] ਹੀ ਉਹ ਪ੍ਰਾਣੀਆਂ ਨੂੰ ਰਖਦਾ[20] ਹੈ ।
ਨਾਨਕ ਸਭੁ ਕਿਛੁ[21] ਪ੍ਰਭ ਕੈ ਹਾਥੇ[22] ॥੫॥	Nanak, everything[21] is in the Lord's hands[22].	ਨਾਨਕ, ਸਾਰਾ ਕੁਛ[21] ਸਾਹਿਬ ਦੇ ਹੱਥਾਂ[22] ਵਿੱਚ ਹੈ ।
ਕਈਕੋਟਿ ਭਏ[23]ਬੈਰਾਗੀ[24]॥	Many millions have become[23] lovers of Lord[24].	ਅਨੇਕਾਂ ਕ੍ਰੋੜ ਪ੍ਰਭੂ ਦੇ ਪ੍ਰੀਤਵਾਨ[24] ਹੋ ਗਏ[23] ਹਨ ।
ਰਾਮ[25] ਨਾਮ ਸੰਗਿ ਤਿਨਿ ਲਿਵ[26] ਲਾਗੀ[27] ॥	They come to bear[27] affection[26] for the Lord's[25] Name.	ਸੁਆਮੀ[25] ਦੇ ਨਾਮ ਨਾਲ ਉਨ੍ਹਾਂ ਦਾ ਪ੍ਰੇਮ[26] ਪੈ ਜਾਂਦਾ[27] ਹੈ ।
ਕਈ ਕੋਟਿ ਪ੍ਰਭ ਕਉ ਖੋਜੰਤੇ[28] ॥ ਆਤਮ[29]ਮਹਿ[30] ਪਾਰਬ੍ਰਹਮੁ[31] ਲਹੰਤੇ[32] ॥	Many millions search[28] for the Lord and find[32] the Supreme[31] One within[30] their mind[29].	ਅਨੇਕਾਂ ਕ੍ਰੋੜਾਂ ਸੁਆਮੀ ਨੂੰ ਲਭਦੇ[28] ਹਨ ਅਤੇ ਪਰਮ[31] ਪੁਰਖ ਨੂੰ ਆਪਣੇ ਅੰਤਰ[30] ਆਤਮੇ[29]ਹੀ ਪਾ ਲੈਂਦੇ[32]ਹਨ।
ਕਈ ਕੋਟਿ ਦਰਸਨ[33] ਪ੍ਰਭ ਪਿਆਸ[34] ॥	Many millions have thirst[34] for Lord's sight[33].	ਅਨੇਕਾਂ ਕ੍ਰੋੜਾਂ ਨੂੰ ਸਾਹਿਬ ਦੇ ਦੀਦਾਰ[33] ਦੀ ਤਰੇਹ[34] ਹੈ ।
ਤਿਨ[35] ਕਉ ਮਿਲਿਓ ਪ੍ਰਭੁ ਅਬਿਨਾਸ[36] ॥	Them[35] does meet the Imperishable[36] Lord.	ਉਨ੍ਹਾਂ[35] ਨੂੰ ਅਮਰ[36] ਸੁਆਮੀ ਮਿਲ ਪੈਂਦਾ ਹੈ ।
ਕਈ ਕੋਟਿ ਮਾਗਹਿ[37] ਸਤ-ਸੰਗੁ[38] ॥	Good many millions pray[37] for the saints' society[38].	ਕਈ ਕ੍ਰੋੜ ਸਾਧ ਸੰਗਤ[38] ਦੀ ਯਾਚਨਾ[37] ਕਰਦੇ ਹਨ ।
ਪਾਰਬ੍ਰਹਮ[41] ਤਿਨ[42] ਲਾਗਾ[39] ਰੰਗੁ[40] ॥	They[42] are imbued[39] with the love[40] of the Transcendent Lord[41].	ਉਹ[42] ਪਰਮ ਪ੍ਰਭੂ[41] ਦੀ ਪ੍ਰੀਤ[40] ਨਾਲ ਰੰਗੇ[39] ਜਾਂਦੇ ਹਨ ।
ਜਿਨ ਕਉ ਹੋਏ ਆਪਿ[42*] ਸੁਪ੍ਰਸੰਨ[43] ॥ ਨਾਨਕ ਤੇ[44] ਜਨ[47] ਸਦਾ[45] ਧਨਿ[46] ਧੰਨਿ ॥੬॥	Nanak, ever[45], blessed[46], are the[44] persons[47], with whom the Lord Himself[42*] is well pleased[43].	ਨਾਨਕ, ਹਮੇਸ਼ਾ[45] ਲਈ ਮੁਬਾਰਕ[46], ਮੁਬਾਰਕ ਹਨ, ਉਹ[44] ਪੁਰਸ਼[47], ਜਿਨ੍ਹਾਂ ਨਾਲ ਸਾਹਿਬ ਖ਼ੁਦ[42*] ਪਰਮ ਖ਼ੁਸ਼[43] ਹੈ ।
ਕਈ ਕੋਟਿ ਖਾਣੀ[49] ਅਰੁ[48] ਖੰਡ[50] ॥	There are good many millions of the sources of creation[49] and[48] continents[50].	ਅਨੇਕਾਂ ਕ੍ਰੋੜਾਂ ਹਨ ਉਤਪਤੀ[49] ਦੇ ਸੋਮੇ ਅਤੇ[48] ਮਹਾਂ ਦੀਪ[50] ।
ਕਈ ਕੋਟਿ ਅਕਾਸ[51] ਬ੍ਰਹਮੰਡ[52] ॥	Many millions are the skies[51] and solar systems[52].	ਕਈ ਕ੍ਰੋੜ ਹਨ ਅਸਮਾਨ[51] ਅਤੇ ਸੂਰਜ-ਬੰਧਾਨ[52] ।
ਕਈ[55] ਕੋਟਿ ਹੋਏ[53] ਅਵਤਾਰ[54] ॥	There have been[53] several[55] myriads of Incarnations[54].	ਅਨੇਕਾਂ[55] ਕ੍ਰੋੜ ਪੈਗ਼ੰਬਰ[54] ਹੋ ਗੁਜ਼ਰੇ[53] ਹਨ ।

ਕਈ ਜੁਗਤਿ[56] ਕੀਨੋ ਬਿਸਥਾਰ[57] ॥	In various ways[56] the Lord has spread[57] Himself.	ਅਨੇਕਾਂ ਤ੍ਰੀਕਿਆਂ[56] ਨਾਲ ਸੁਆਮੀ ਨੇ ਆਪਣੇ ਆਪ ਨੂੰ ਖਿਲਾਰਿਆ[57] ਹੋਇਆ ਹੈ ।
ਕਈ ਬਾਰ[58] ਪਸਰਿਓ[59] ਪਾਸਾਰ[60] ॥	Many a time[58] was the extension[60] extended[59].	ਬਹੁਤੀ ਵਾਰੀ[58] ਖਿਲਾਰਾ[60] ਖਿਲਾਰਿਆ[59] ਗਿਆ ਹੈ ।
ਸਦਾ[61] ਸਦਾ ਇਕੁ[62] ਏਕੰਕਾਰ[63] ॥	Ever[61] and ever the Unique[62] Lord remains the same One[63].	ਅਦੁੱਤੀ[63] ਪ੍ਰਭੂ ਹਮੇਸ਼ਾ[61] ਹਮੇਸ਼ਾ ਹੀ ਇਕਸਾਰ[62] ਰਹਿੰਦਾ ਹੈ ।
ਕਈ ਕੋਟਿ ਕੀਨੇ[64] ਬਹੁ[65] ਭਾਤਿ[66] ॥	Many millions of beings, the Lord has made[64] of good many[65] descriptions[66].	ਅਨੇਕਾਂ ਕ੍ਰੋੜ ਜੀਵ ਪ੍ਰਭੂ ਨੇ ਬਹੁਤੀਆਂ[65] ਵੰਨਗੀਆਂ[66] ਦੇ ਰਚੇ[64] ਹਨ ।
ਪ੍ਰਭ ਤੇ[67]ਹੋਏ[68] ਪ੍ਰਭ ਮਾਹਿ[69] ਸਮਾਤਿ[70] ॥	From[67]the Lord,they emanated[68]and into[69] the Lord shall they be absorbed[70].	ਪਰਮੇਸ਼ਰ ਤੋਂ[67] ਉਹ ਉਤਪੰਨ[68] ਹੋਏ ਹਨ ਅਤੇ ਪਰਮੇਸ਼ਰ ਅੰਦਰ[69] ਹੀ ਉਹ ਲੀਨ[70] ਹੋ ਜਾਣਗੇ ।
ਤਾਕਾ ਅੰਤੁ[71] ਨ ਜਾਨੈ[72] ਕੋਇ ॥	His limit[71] no one knows[72].	ਉਸ ਦੇ ਓੜਕ[71] ਨੂੰ ਕੋਈ ਨਹੀਂ ਜਾਣਦਾ[72] ।
ਆਪੇ ਆਪਿ[73] ਨਾਨਕ ਪ੍ਰਭੁ ਸੋਇ[74] ॥੭॥	Nanak, that[74]Lord is all by Himself[73].	ਨਾਨਕ ਉਹ[74] ਪਰਮੇਸ਼ਰ ਸਾਰਾ ਕੁਛ ਆਪਣੇ ਆਪ[73] ਤੋਂ ਹੀ ਹੈ ।
ਕਈ ਕੋਟਿ ਪਾਰਬ੍ਰਹਮ[75] ਕੇ ਦਾਸ[76] ॥ ਤਿਨ[78] ਹੋਵਤ ਆਤਮ[77] ਪਰਗਾਸ[79] ॥	Millions upon millions are the slaves[76] of the Transcendent Lord[75] and their[78] souls[77] are enlightened[79].	ਕ੍ਰੋੜਾਂ ਉਤੇ ਕ੍ਰੋੜਾਂ ਹੀ ਹਨ ਪਰਮ ਪ੍ਰਭੂ[75] ਦੇ ਗੋਲੇ[76] ਅਤੇ ਉਨ੍ਹਾਂ[78] ਦੇ ਮਨ[77] ਰੌਸ਼ਨ[79] ਹੋ ਜਾਂਦੇ ਹਨ ।
ਕਈ ਕੋਟਿ ਤਤ[80] ਕੇ ਬੇਤੇ[81]॥ ਸਦਾ ਨਿਹਾਰਹਿ[82] ਏਕੋ[83] ਨੇਤ੍ਰੇ[84] ॥	Many millions are the knower[81] of the reality[80] and with their eyes[84], they ever behold[82] the One Lord[83].	ਅਨੇਕਾਂ ਕ੍ਰੋੜ ਹਨ ਅਸਲੀਅਤ[80] ਨੂੰ ਜਾਨਣ ਵਾਲੇ[81] ਅਤੇ ਆਪਣੀਆਂ ਅੱਖਾਂ[84] ਨਾਲ ਉਹ ਹਮੇਸ਼ਾਂ ਇਕ ਸਾਂਈ[83] ਨੂੰ ਦੇਖਦੇ[82] ਹਨ ।
ਕਈ ਕੋਟਿ ਨਾਮ ਰਸੁ[85] ਪੀਵਹਿ[86] ॥	Many millions drink[86] the Name nectar[85].	ਅਨੇਕਾਂ ਕ੍ਰੋੜ ਨਾਮ ਅੰਮ੍ਰਿਤ[85] ਨੂੰ ਪਾਨ[86] ਕਰਦੇ ਹਨ ।
ਅਮਰ[87] ਭਏ[88] ਸਦ ਸਦ[89] ਹੀ ਜੀਵਹਿ ॥	They become[88] immortal[87] and live for ever and aye[89].	ਉਹ ਸਦੀਵੀ ਸਥਿਰ[87] ਹੋ ਜਾਂਦੇ[88] ਹਨ ਅਤੇ ਹਮੇਸ਼ਾ ਹਮੇਸ਼ਾ[89] ਲਈ ਜੀਉਂਦੇ ਰਹਿੰਦੇ ਹਨ ।
ਕਈ ਕੋਟਿ ਨਾਮ ਗੁਨ[90] ਗਾਵਹਿ[91] ॥	Millions upon millions sing[91] the praises[90] of the Name.	ਕ੍ਰੋੜਾਂ ਉਤੇ ਕ੍ਰੋੜਾਂ ਨਾਮ ਦਾ ਜੱਸ[90] ਗਾਇਨ[91] ਕਰਦੇ ਹਨ ।
ਆਤਮ[92] ਰਸਿ[93] ਸੁਖਿ ਸਹਜਿ[94] ਸਮਾਵਹਿ[95] ॥	They are absorbed[95] in Divine[92] delight[93] and Eternal Beatitude[94].	ਉਹ ਈਸ਼ਵਰੀ[92] ਅਨੰਦ[93] ਤੇ ਸਦੀਵੀ ਪਰਮ ਪ੍ਰਸੰਨਤਾ[94] ਅੰਦਰ ਲੀਨ[95] ਹੋ ਜਾਂਦੇ ਹਨ ।
ਅਪੁਨੇ ਜਨ[96] ਕਉ ਸਾਸਿ ਸਾਸਿ[97] ਸਮਾਰੇ[98] ॥	His servants[96], He remembers[98] with every breath[97].	ਆਪਣੇ ਸੇਵਕਾਂ[96] ਨੂੰ ਉਹ ਹਰ ਸੁਆਸ[97] ਨਾਲ ਯਾਦ[98] ਕਰਦਾ ਹੈ ।
ਨਾਨਕ ਓਇ[99]ਪਰਮੇਸੁਰ[100] ਕੇ ਪਿਆਰੇ[2] ॥੮॥੧੦॥	Nanak, they[99] are the beloveds[2] of the Supreme Lord[100].	ਨਾਨਕ ਉਹ[99] ਸ਼ਰੋਮਣੀ ਸਾਹਿਬ[100] ਦੇ ਮਾਸ਼ੂਕ[2] ਹਨ ।
ਸਲੋਕੁ ॥	Slok.	ਸਲੋਕ ।
ਕਰਣ[3] ਕਾਰਣ[4] ਪ੍ਰਭੁ ਏਕੁ[5]	The Lord alone[5] is the Doer[3] of	ਕੇਵਲ[5] ਸੁਆਮੀ ਹੀ ਕੰਮਾਂ[4] ਦੇ ਕਰਨ ਵਾਲਾ[3] ਹੈ ।

ਹੈ ਦੂਸਰ[6] ਨਾਹੀ ਕੋਇ ॥
ਨਾਨਕ ਤਿਸੁ[7] ਬਲਿਹਾਰਣੈ[8]
ਜਲਿ[9] ਥਲਿ[10]
[12]ਮਹੀਅਲਿ[13] ਸੋਇ[14]॥੧॥

ਅਸਟਪਦੀ ॥

ਕਰਨ[15]ਕਰਾਵਨ[16]ਕਰਨੈ[17]
ਜੋਗੁ[18] ॥
ਜੋ[19] ਤਿਸੁ[20] ਭਾਵੈ[21] ਸੋਈ[22]
ਹੋਗੁ[23] ॥
ਖਿਨ[24] ਮਹਿ[25] ਥਾਪਿ[26]
ਉਥਾਪਨ[27] ਹਾਰਾ ॥

੨੭੭

ਅੰਤੁ[28] ਨਹੀ ਕਿਛੁ
ਪਾਰਾਵਾਰਾ[29] ॥
ਹੁਕਮੇ[30] ਧਾਰਿ[31] ਅਧਰ[32]
ਰਹਾਵੈ[33] ॥

ਹੁਕਮੇ ਉਪਜੈ[34] ਹੁਕਮਿ[35]
ਸਮਾਵੈ[36] ॥
ਹੁਕਮੇ[37] ਊਚ[38] ਨੀਚ[39]
ਬਿਉਹਾਰ[40] ॥
ਹੁਕਮੇ ਅਨਿਕ[41] ਰੰਗ[42]
ਪਰਕਾਰ[43] ॥
ਕਰਿ[44] ਕਰਿ[45] ਦੇਖੈ[47]
ਅਪਨੀ[48] ਵਡਿਆਈ[46]
ਨਾਨਕ ਸਭ[49] ਮਹਿ[50]
ਰਹਿਆ ਸਮਾਈ[51] ॥੧॥
ਪ੍ਰਭ ਭਾਵੈ[52] ਮਾਨੁਖ ਗਤਿ[53]
ਪਾਵੈ ॥
ਪ੍ਰਭ ਭਾਵੈ ਤਾ[54] ਪਾਥਰ[55]
ਤਰਾਵੈ ॥
ਪ੍ਰਭ ਭਾਵੈ ਬਿਨੁ ਸਾਸ[56]
ਤੇ ਰਾਖੈ[57] ॥
ਪ੍ਰਭ ਭਾਵੈ ਤਾ[58]ਹਰਿ ਗੁਣ[59]
ਭਾਖੈ[60] ॥

deeds[4]. There is no other[9] than He.
Nanak is a sacrifice[8] unto Him[7]. He[14]
the Lord is contained is water[9],
land[10], under-world[12] and the sky[13].

Ashtpadi.

The Doer[15] and Prompter[16] of deeds
is capable[18] to do[17] everything.
Whatever[19] pleases[21] Him[20], that[22]
comes to pass[23].
In[25] an instant[24], He creates[26] and
destroys[27].

277

He has no end[28] or limits[29].

By His fiat[30] He has installed[31] the
earth and has kept[33] it without
support[32].

What is created[34] by His order,
ultimately, merges[36] into His order[35].
High[38] and low[39] occupations[40] are
according to His will[37].
By His order, the beings of various[41]
colours[42] and types[43] are fashioned.
Having created[45] the creation[44], He
beholds[47] His own[48] greatness[46].
Nanak, the Lord is contained[51] in[50]
all[49] things.
If it pleases[52] the Lord, man obtains
salvation[53].
If it pleases the Lord, then[54] He
makes the stones[55] swim.
If it pleases the Lord, He preserves[57]
the body without breath[56].
If it pleases the Lord, man, then[58],
utters[60] the praises[59] of God.

ਉਸ ਦੇ ਬਿਨਾ ਹੋਰ[6] ਕੋਈ ਨਹੀਂ ।
ਨਾਨਕ ਉਸ[7] ਉਤੋਂ ਕੁਰਬਾਨ[8] ਜਾਂਦਾ ਹੈ, ਉਹ[14]
ਸੁਆਮੀ ਪਾਣੀ[9], ਧਰਤੀ[10], ਪਾਤਾਲ[12] ਅਤੇ ਅਸਮਾਨ[13]
ਅੰਦਰ ਵਿਆਪਕ ਹੈ ।

ਅਸ਼ਟਪਦੀ ।

ਕੰਮਾਂ ਦੇ ਕਰਨ ਵਾਲਾ[15] ਅਤੇ ਕਰਾਉਣ ਵਾਲਾ[16] ਸਾਰਾ
ਕੁਛ ਕਰਨ[17] ਦੇ ਸਮਰਥ[18] ਹੈ ।
ਜਿਹੜਾ ਕੁਛ[19] ਉਸ ਨੂੰ[20] ਚੰਗਾ ਲਗਦਾ[21] ਹੈ, ਉਹੀ[22]
ਹੁੰਦਾ[23] ਹੈ ।
ਇਕ ਮੁਹਤ[24] ਵਿਚ[25] ਉਹ ਬਣਾਉਣ[26] ਅਤੇ ਢਾਉਣ[27]
ਵਾਲਾ ਹੈ ।

੨੭੭

ਉਸ ਦਾ ਕੋਈ ਅਖ਼ੀਰ[28] ਜਾਂ ਹੱਦਬੰਨਾ[29] ਨਹੀਂ ।

ਆਪਣੇ ਫ਼ੁਰਮਾਨ[30] ਦੁਆਰਾ ਉਸ ਨੇ ਧਰਤੀ ਨੂੰ
ਅਸਥਾਪਨ[31] ਕੀਤਾ ਹੈ ਅਤੇ ਬਿਨਾ ਕਿਸੇ ਆਸਰੇ[32] ਦੇ
ਇਸ ਨੂੰ ਰਖਿਆ[33] ਹੋਇਆ ਹੈ ।
ਜੋ ਕੁਛ ਉਸ ਦੇ ਅਮਰ ਦੁਆਰਾ ਉਤਪੰਨ[34] ਹੋਇਆ ਹੈ,
ਓੜਕ ਨੂੰ ਉਸ ਦੇ ਅਮਰ[35] ਅੰਦਰ ਲੀਨ[36] ਹੋ ਜਾਂਦਾ ਹੈ ।
ਚੰਗੇ[38] ਤੇ ਮੰਦੇ[39] ਕਾਰ-ਵਿਹਾਰ[40] ਉਸ ਦੀ ਰਜ਼ਾ[37]
ਅਨੁਸਾਰ ਹਨ ।
ਉਸ ਦੇ ਫ਼ੁਰਮਾਨ ਦੁਆਰਾ ਅਨੇਕਾਂ[41] ਰੰਗ[42] ਅਤੇ
ਵੰਨਗੀਆਂ[43] ਦੇ ਜੀਵ ਸਾਜੇ ਜਾਂਦੇ ਹਨ ।
ਰਚਨਾ[44] ਨੂੰ ਰਚ[45] ਕੇ ਉਹ ਆਪਣੀ ਨਿੱਜ[48] ਦੀ
ਵਿਸ਼ਾਲਤਾ[46] ਨੂੰ ਵੇਖਦਾ[47] ਹੈ ।
ਨਾਨਕ, ਵਾਹਿਗੁਰੂ ਸਾਰੀ[49] ਵਸਤੂਆਂ ਅੰਦਰ[50]
ਵਿਆਪਕ[51] ਹੋ ਰਿਹਾ ਹੈ ।
ਜੇਕਰ ਸੁਆਮੀ ਨੂੰ ਚੰਗਾ[52] ਲਗੇ; ਬੰਦਾ ਮੁਕਤੀ[53] ਪਾ
ਲੈਂਦਾ ਹੈ ।
ਜੇਕਰ ਸੁਆਮੀ ਨੂੰ ਚੰਗਾ ਲਗੇ ਤਦ[54] ਉਹ ਪੱਥਰਾਂ[55] ਨੂੰ
ਤਾਰ ਦਿੰਦਾ ਹੈ ।
ਜੇਕਰ ਸੁਆਮੀ ਨੂੰ ਚੰਗਾ ਲਗੇ ਤਾਂ ਉਹ ਦੇਹਿ ਨੂੰ ਬਿਨਾ
ਸਾਹ[56] ਦੇ ਬਚਾਈ ਰਖਦਾ[57] ਹੈ ।
ਜੇਕਰ ਸਾਂਈ ਨੂੰ ਚੰਗਾ ਲਗੇ, ਤਦ[58], ਬੰਦਾ ਵਾਹਿਗੁਰੂ ਦਾ
ਜੱਸ[59] ਉਚਾਰਨ[60] ਕਰਦਾ ਹੈ ।

ਪ੍ਰਭ ਭਾਵੈ ਤਾ ਪਤਿਤ[61] ਉਧਾਰੈ[62] ॥	If it pleases the Lord, He, then, saves[62] the sinners[61].	ਜੇਕਰ ਸਾਈਂ ਨੂੰ ਚੰਗਾ ਲੱਗੇ, ਤਦ ਉਹ ਪਾਪੀਆਂ[61] ਨੂੰ ਤਾਰ[62] ਦਿੰਦਾ ਹੈ।
ਆਪਿ[63] ਕਰੈ ਆਪਨ[64] ਬੀਚਾਰੈ[65] ॥	The Lord Himself[63] does and Himself[64] deliberates[65].	ਠਾਕੁਰ ਆਪੇ[63] ਕਰਦਾ ਹੈ ਅਤੇ ਆਪੇ[64] ਹੀ ਸੋਚਦਾ[65] ਸਮਝਦਾ ਹੈ।
ਦੁਹਾ[66] ਸਿਰਿਆ[67] ਕਾ ਆਪਿ[68] ਸੁਆਮੀ[69] ॥	He Himself[68] is Lord[69] of both[66] the ends[67] (worlds).	ਉਹ ਖ਼ੁਦ[68] ਦੋਨਾਂ[66] ਕਿਨਾਰਿਆਂ[67] (ਜਹਾਨਾਂ) ਦਾ ਸਾਹਿਬ[69] ਹੈ।
ਖੇਲੈ[70] ਬਿਗਸੈ[71] ਅੰਤਰ-ਜਾਮੀ[72] ॥	The Knower of hearts[72] sports[70] and enjoys[71].	ਦਿਲਾਂ ਦੀਆਂ ਜਾਨਣਹਾਰ[72] ਖੇਡਦਾ[70] ਅਤੇ ਖ਼ੁਸ਼ ਹੁੰਦਾ[71] ਹੈ।
ਜੋ[73] ਭਾਵੈ[74] ਸੋ[75] ਕਾਰ[76] ਕਰਾਵੈ[77] ॥	He causes man to do[77] the[75] work[76], which[73] He wills[74].	ਉਹ ਬੰਦੇ ਪਾਸੋਂ ਉਹ[75] ਕੰਮ[76] ਕਰਵਾਉਂਦਾ[77] ਹੈ ਜਿਹੜਾ[73] ਉਸ ਨੂੰ ਭਾਉਂਦਾ[74] ਹੈ।
ਨਾਨਕ ਦ੍ਰਿਸਟੀ[78] ਅਵਰੁ ਨ ਆਵੈ ॥੨॥	Nanak sees[78] none other than Him.	ਨਾਨਕ ਨੂੰ ਉਸ ਦੇ ਬਾਝੋਂ ਹੋਰ ਕੋਈ ਨਹੀਂ ਦਿਸਦਾ[78]।
ਕਹੁ[81] ਮਾਨੁਖ ਤੇ ਕਿਆ[79] ਹੋਇ ਆਵੈ[80] ॥	Say[81], what[79] can be accomplished[80] by man ?	ਦੱਸੋ[81] ! ਆਦਮੀ ਪਾਸੋਂ ਕੀ[79] ਹੋ ਸਕਦਾ[80] ਹੈ ?
ਜੋ[84] ਤਿਸੁ[82] ਭਾਵੈ[83] ਸੋਈ[85] ਕਰਾਵੈ ॥	What[84] pleases[83] Him[82], he causes that[85] to be done.	ਜਿਹੜਾ ਕੁਛ[84] ਉਸ[82] ਨੂੰ ਭਾਉਂਦਾ[83] ਹੈ; ਉਹ ਓਹੀ[85] ਕੁਛ ਕਰਵਾਉਂਦਾ ਹੈ।
ਇਸ ਕੈ ਹਾਥਿ[86] ਹੋਇ ਤਾ ਸਭੁ ਕਿਛੁ[87] ਲੇਇ ॥	If it lay in mortal's hand[86], then, he would take everything[87].	ਜੇਕਰ ਇਹ ਪ੍ਰਾਣੀ ਦੇ ਹੱਥ[86] ਵਿੱਚ ਹੁੰਦਾ ਤਾਂ ਉਹ ਹਰ ਸ਼ੈ[87] ਲੈ ਲੈਂਦਾ।
ਜੋ ਤਿਸੁ ਭਾਵੈ ਸੋਈ ਕਰੇਇ[88] ॥	Whatever pleases Him, that He does[88].	ਜਿਹੜਾ ਕੁਝ ਉਸ ਨੂੰ ਚੰਗਾ ਲਗਦਾ ਉਹ ਉਹੀ ਕੁਛ ਕਰਦਾ[88] ਹੈ।
ਅਨਜਾਨਤ[89] ਬਿਖਿਆ[90] ਮਹਿ[91] ਰਚੈ[92] ॥	Through ignorance[89], man is engrossed[92] in[91] sin[90].	ਸਮਝ ਨਾ ਹੋਣ ਕਰਕੇ[89] ਬੰਦਾ ਪਾਪ[90] ਅੰਦਰ[91] ਖੱਚਤ[92] ਹੁੰਦਾ ਹੈ।
ਜੇ ਜਾਨਤ ਆਪਨ[93] ਆਪ ਬਚੈ[94] ॥	If he knows (God), he would save[94] himself[93].	ਜੇਕਰ ਉਹ (ਹਰੀ ਨੂੰ) ਪਛਾਣੇ, ਤਾਂ ਉਹ ਆਪਣੇ[93] ਆਪ ਨੂੰ ਬਚਾ[94] ਲਵੇ।
ਭਰਮੇ[95] ਭੂਲਾ[96] [97]ਦਹਦਿਸਿ[98] ਧਾਵੈ[99] ॥	Deluded[96] by doubt[95], his mind wanders[99] in ten[97] directions[98].	ਸੰਦੇਹ[95] ਦਾ ਬਹਿਕਾਇਆ[96] ਹੋਇਆ ਉਸ ਦਾ ਮਨ ਦਸੀਂ[97] ਪਾਸੀਂ[98] ਭਟਕਦਾ[99] ਹੈ।
ਨਿਮਖ[100] ਮਾਹਿ[5] ਚਾਰਿ[2] ਕੁੰਟ ਫਿਰਿ[3] ਆਵੈ[4] ॥	In[5] a moment[100] it returns[4] after going round[3] the four corners[2].	ਚੌਹੀਂ[2] ਨੁੱਕਰੀਂ[2] ਚੱਕਰ ਕੱਟ[3] ਕੇ, ਇਹ ਇਕ ਮੁਹਤ[100] ਅੰਦਰ[5] ਵਾਪਸ ਮੁੜ[4] ਆਉਂਦਾ ਹੈ।
ਕਰਿ ਕਿਰਪਾ[6] ਜਿਸੁ ਅਪਨੀ ਭਗਤਿ[7] ਦੇਇ[8] ॥ ਨਾਨਕ ਤੇ[9] ਜਨ[10] ਨਾਮਿ ਮਿਲੇਇ[12] ॥੩॥	He, whom the Lord mercifully[6] grants[8] His meditation[7], that[9] man[10], O Nanak, is absorbed[12] in His Name.	ਜਿਸ ਨੂੰ ਦਇਆ ਧਾਰ[6] ਕੇ, ਪ੍ਰਭੂ ਆਪਣਾ ਸਿਮਰਨ[7] ਪ੍ਰਦਾਨ ਕਰਦਾ[8] ਹੈ, ਉਹ[9] ਪੁਰਸ਼[10], ਹੇ ਨਾਨਕ, ਨਾਮ ਅੰਦਰ ਲੀਨ[12] ਹੋ ਜਾਂਦਾ ਹੈ।
ਖਿਨ[13] ਮਹਿ[16] ਨੀਚ[14] ਕੀਟ[15] ਕਉ ਰਾਜ[17] ॥	In[16] an instant[13] He can make a grovelling[14] worm[15] a king[17].	ਇਕ ਮੁਹਤ[13] ਵਿਚ[16] ਉਹ ਇਕ ਨੀਵੇਂ[14] ਕੀੜੇ[15] ਨੂੰ ਰਾਜਾ[17] ਬਣਾ ਸਕਦਾ ਹੈ।

ਪਾਰਬ੍ਰਹਮ[18] ਗਰੀਬ ਨਿਵਾਜ[19] ॥	The Transcendent Lord[18] is the Patroniser of the humble[19].	ਪਰਮ-ਪ੍ਰਭੂ[18] ਮਸਕੀਨਾਂ ਨੂੰ ਮਾਣ ਬਖਸ਼ਣ ਵਾਲਾ[19] ਹੈ।
ਜਾਕਾ ਦ੍ਰਿਸਟਿ[20] ਕਛੂ[21] ਨ ਆਵੈ ॥ ਤਿਸੁ[22]ਤਤਕਾਲ[23] [24]ਦਹਦਿਸ[25] ਪ੍ਰਗਟਾਵੈ[26] ॥	Him[22], who is totally[21] obscure[20], the Lord can, at once[23], render famous[26] in the ten[24] directions[25].	ਜੋ ਮੂਲੋਂ[21] ਹੀ ਕਿਸੇ ਦੀ ਨਿਗ੍ਹਾ[20] ਨਹੀਂ ਚੜ੍ਹਦਾ, ਸੁਆਮੀ, ਝਟਪਟ[23] ਹੀ ਉਸ[22] ਨੂੰ ਦਸੀਂ[24] ਪਾਸੀਂ[25] ਪਰਸਿਧ[26] ਕਰ ਸਕਦਾ ਹੈ।
ਜਾਕਉ ਅਪੁਨੀ ਕਰੈ ਬਖਸੀਸ[27] ॥ ਤਾਕਾ[28] ਲੇਖਾ[29] ਨ ਗਨੈ[32] [30]ਜਗਦੀਸ[31] ॥	On whom He bestows His favours[27], the Lord[31] of the world[30] takes[32] not the accounts[29] of him[28].	ਸ੍ਰਿਸ਼ਟੀ[30] ਦਾ ਸੁਆਮੀ[31] ਉਸ ਦਾ[28] ਹਿਸਾਬ ਕਿਤਾਬ[29] ਨਹੀਂ ਗਿਣਦਾ[32], ਜਿਸ ਉਤੇ ਉਹ ਆਪਣੀ ਮਿਹਰ ਧਾਰਦਾ[27] ਹੈ।
ਜੀਉ[33] ਪਿੰਡੁ[34] ਸਭ ਤਿਸ ਕੀ ਰਾਸਿ[35] ॥	Soul[33] and body[34] are all His capital[35].	ਜਿੰਦੜੀ[33] ਅਤੇ ਦੇਹਿ[34] ਸਭ ਉਸੇ ਦੀ ਪੂੰਜੀ[35] ਹਨ।
ਘਟਿ ਘਟਿ[36] ਪੂਰਨ[37] ਬ੍ਰਹਮ[38] ਪ੍ਰਗਾਸ[39] ॥	Every heart[36], the Perfect[37] Lord[38] illumines[39].	ਹਰ ਦਿਲ[36] ਨੂੰ ਮੁਕੰਮਲ[37] ਮਾਲਕ[38] ਰੋਸ਼ਨ[39] ਕਰਦਾ ਹੈ।
ਅਪਨੀ[40] ਬਣਤ[41] ਆਪਿ[42] ਬਨਾਈ ॥	His[40] own handi-work[41], He has Himself[42] made.	ਆਪਣੀ ਨਿੱਜ[40] ਦੀ ਬਣਤਰ[41], ਉਸ ਨੇ ਖੁਦ[42] ਹੀ ਬਣਾਈ ਹੈ।
ਨਾਨਕ ਜੀਵੈ ਦੇਖਿ ਬਡਾਈ[43] ॥੪॥	Nanak lives by beholding His greatness[43].	ਨਾਨਕ ਉਸ ਦੀ ਮਹਾਨਤਾ[43] ਨੂੰ ਵੇਖ ਕੇ ਜੀਉਂਦਾ ਹੈ।
ਇਸ ਕਾ ਬਲੁ[44] ਨਾਹੀ ਇਸੁ ਹਾਥ[45] ॥	This mortal's power[44] is not in his own hands[45].	ਇਸ ਪ੍ਰਾਣੀ ਦੀ ਤਾਕਤ[44] ਇਸ ਦੇ ਆਪਣੇ ਹੱਥ[45] ਵਿਚ ਨਹੀਂ।
ਕਰਨ ਕਰਾਵਨ[46] ਸਰਬ[47] ਕੋ ਨਾਥ[48] ॥	The cause of causes[46] is the Lord[48] of all[47].	ਹੇਤੂਆਂ ਦਾ ਹੇਤੂ[46] ਸਾਰਿਆਂ[47] ਦਾ ਸੁਆਮੀ[48] ਹੈ।
ਆਗਿਆਕਾਰੀ[49] ਬਪੁਰਾ[50] ਜੀਉ[51] ॥	The helpless[50] mortal[51] is at Lord's[49] command.	ਨਿਹੱਥਲ[50] ਪ੍ਰਾਣੀ[51] ਸੁਆਮੀ ਦੇ ਫੁਰਮਾਨ[49] ਦੇ ਤਾਬੇ ਹੈ।
ਜੋ[55] ਤਿਸੁ[52] ਭਾਵੈ[53]ਸੋਈ[54] ਫੁਨਿ[56] ਥੀਉ[57] ॥	What[55] pleases[53] Him[52], that[54] does, ultimately[56] come to pass[57].	ਜੋ ਕੁਛ[55] ਉਸ[52] ਨੂੰ ਭਾਉਂਦਾ[53] ਹੈ, ਆਖ਼ਰਕਾਰ[56], ਉਹੀ[54] ਹੁੰਦਾ[57] ਹੈ।
ਕਬਹੂ[58] ਊਚ[59] ਨੀਚ[60] ਮਹਿ[61] ਬਸੈ[62] ॥	Sometimes[58] man abides[62] in[61] exaltation[59] and sometimes in debasement[60].	ਕਦੇ[58] ਆਦਮੀ ਉਚਤਾ[59] ਅਤੇ ਕਦੇ ਨੀਚਤਾ[60] ਅੰਦਰ[61] ਵਸਦਾ[62] ਹੈ।
ਕਬਹੂ ਸੋਗ[62*] ਹਰਖ[63] ਰੰਗਿ[64] ਹਸੈ[65] ॥	Sometimes he is grieved with sorrow[62*] and sometimes he laughs[65] with delight[63] and joy[64].	ਕਦੇ ਉਹ ਗ਼ਮੀ[62*] ਨਾਲ ਦੁਖਾਂਤ ਹੁੰਦਾ ਹੈ ਅਤੇ ਕਦੇ ਖੁਸ਼ੀ[63] ਤੇ ਪਰਸੰਨਤਾ[64] ਨਾਲ ਹੱਸਦਾ[65] ਹੈ।
ਕਬਹੂ ਨਿੰਦ[66] ਚਿੰਦ[67] ਬਿਉਹਾਰ[68] ॥	Sometimes slander[66] and worry[67] are his occupation[68].	ਕਦੇ ਕਲੰਕ ਲਾਉਣ[66] ਤੇ ਚਿੰਤਾ ਫ਼ਿਕਰ[67] ਉਸ ਦਾ ਪੇਸ਼ਾ[68] ਹੁੰਦੇ ਹਨ।
ਕਬਹੂ ਊਭ[69] ਅਕਾਸ[70] ਪਇਆਲ[71] ॥	Sometimes he is up[69] in heaven[70] and sometimes down in the under-world[71]	ਕਦੇ ਉਹ ਉਤੇ[69] ਅਸਮਾਨ[70] ਵਿਚ ਹੁੰਦਾ ਹੈ ਅਤੇ ਕਦੇ ਹੇਠਾਂ ਪਾਤਾਲ[71] ਵਿਚ।

ਕਬਹੂ ਬੇਤਾ[72] ਬ੍ਰਹਮ[73] ਬੀਚਾਰ[74] ॥	Sometimes, he is the knower[72] of Lord's[73] knowledge[74].	ਕਦੇ ਉਹ ਪ੍ਰਭੂ[73] ਦੀ ਗਿਆਤ[74] ਦਾ ਜਾਣੂ[72] ਹੁੰਦਾ ਹੈ।
ਨਾਨਕ ਆਪਿ[75] ਮਿਲਾਵਣ-ਹਾਰ[76] ॥੫॥	Nanak, the Lord is the Uniter[76] of man with Himself[75].	ਨਾਨਕ ਸੁਆਮੀ ਬੰਦੇ ਨੂੰ ਆਪਣੇ[75] ਨਾਲ ਮਿਲਾਉਣ ਵਾਲਾ[76] ਹੈ।
ਕਬਹੂ ਨਿਰਤਿ[77] ਕਰੈ ਬਹੁ[79] ਭਾਤਿ[78] ॥	Sometimes, man dances[77] in various[79] ways[78].	ਕਦੇ ਆਦਮੀ ਅਨੇਕਾਂ[79] ਭੁੰਕਿਆਂ[78] ਨਾਲ ਨੱਚਦਾ[77] ਹੈ।
ਕਬਹੂ ਸੋਇ ਰਹੈ ਦਿਨੁ ਰਾਤਿ ॥	Sometimes, he remains asleep day and night.	ਕਦੇ ਉਹ ਦਿਨ ਰਾਤ ਸੁੱਤਾ ਰਹਿੰਦਾ ਹੈ।
ਕਬਹੂ ਮਹਾ[80] ਕ੍ਰੋਧ[81] ਬਿਕਰਾਲ[82] ॥	Sometimes, he is terrible[82] in his mighty[80] wrath[81].	ਕਦੇ ਉਹ ਆਪਣੇ ਜ਼ਬਰਦਸਤ[80] ਗੁੱਸੇ[81] ਵਿਚ ਭਿਆਨਕ[82] ਹੁੰਦਾ ਹੈ।
ਕਬਹੂ ਸਰਬ[83] ਕੀ ਹੋਤ ਰਵਾਲ[84] ॥	Sometimes, he is the dust[84] of all[83] men's feet.	ਕਦੇ ਉਹ ਸਾਰਿਆਂ[83] ਬੰਦਿਆਂ ਦੇ ਪੈਰਾਂ ਦੀ ਧੂੜ[84] ਹੁੰਦਾ ਹੈ।
ਕਬਹੂੰ ਹੋਇ ਬਹੈ[85] ਬਡ[86] ਰਾਜਾ[87] ॥	Sometimes, he sits[85] as a great[86] king[87].	ਕਦੇ ਉਹ ਵੱਡਾ[86] ਪਾਤਸ਼ਾਹ[87] ਹੋ ਬੈਠਦਾ[85] ਹੈ।
ਕਬਹੂ ਭੇਖਾਰੀ[88] ਨੀਚ[89] ਕਾ ਸਾਜਾ[90] ॥	Sometimes, he wears the attire[90] of a lowly[89] beggar[88].	ਕਦੇ ਉਹ ਨੀਵੇਂ[89] ਮੰਗਤੇ[88] ਦੀ ਪੁਸ਼ਾਕ[90] ਪਾ ਲੈਂਦਾ ਹੈ।
ਕਬਹੂ [91]ਅਪਕੀਰਤਿ[92] ਮਹਿ[93] ਆਵੈ ॥	Sometimes, he falls into[93] evil[91] repute[92].	ਕਦੇ ਉਹ [91]ਬਦਨਾਮੀ[92] ਅੰਦਰ[93] ਆ ਜਾਂਦਾ ਹੈ।
ਕਬਹੂ ਭਲਾ ਭਲਾ[94] ਕਹਾਵੈ[95] ॥	Sometimes, he is called[95] extremely good[94].	ਕਦੇ ਉਹ ਪਰਮ ਚੰਗਾ[94] ਆਖਿਆ[95] ਜਾਂਦਾ ਹੈ।
ਜਿਉ[96] ਪ੍ਰਭੁ ਰਾਖੈ ਤਿਵ[97] ਹੀ ਰਹੈ ॥	As[96] the Lord keeps him, so[97] does he remain.	ਜਿਸ[96] ਤਰ੍ਹਾਂ ਸੁਆਮੀ ਉਸ ਨੂੰ ਰੱਖਦਾ ਹੈ, ਉਸੇ ਤਰ੍ਹਾਂ[97] ਹੀ ਉਹ ਰਹਿੰਦਾ ਹੈ।
ਗੁਰ ਪ੍ਰਸਾਦਿ[98] ਨਾਨਕ ਸਚੁ ਕਹੈ ॥੬॥	By the grace[98] of the Guru, Nanak tells the truth.	ਗੁਰਾਂ ਦੀ ਰਹਿਮਤ[98] ਸਦਕਾ, ਨਾਨਕ ਸੱਚ ਆਖਦਾ ਹੈ।
ਕਬਹੂ ਹੋਇ[99] ਪੰਡਿਤੁ[100] ਕਰੇ ਬਖਾਨੁ[2] ॥	As[99] a scholar[100], sometimes, man delivers lectures[2].	ਕਦੇ ਬੰਦਾ ਬਤੌਰ[99] ਵਿੱਦਵਾਨ[100] ਦੇ ਲੈਕਚਰ ਦਿੰਦਾ[2] ਹੈ।
ਕਬਹੂ ਮੋਨਿ[3] ਧਾਰੀ[4] ਲਾਵੈ ਧਿਆਨੁ[5] ॥	As a mute ascetic[3], sometimes, he practises[4] contemplation[5].	ਕਦੇ ਉਹ ਚੁੱਪ ਕੀਤੇ ਸਾਧੂ[3] ਵਜੋਂ[4] ਬਿਰਤੀ[5] ਜੋੜਦਾ[4] ਹੈ।
ਕਬਹੂ ਤਟ[6] ਤੀਰਥ[7] ਇਸਨਾਨ[8] ॥	Sometimes, he takes bath[8] at the banks[6] of holy places[7].	ਕਦੇ ਉਹ ਯਾਤ੍ਰਾ ਅਸਥਾਨਾਂ[7] ਦੇ ਕਿਨਾਰਿਆਂ[6] ਉਤੇ ਨ੍ਹਾਉਂਦਾ[8] ਹੈ।
ਕਬਹੂ ਸਿਧ[9] ਸਾਧਿਕ[10] ਮੁਖਿ[12] ਗਿਆਨ[13] ॥	Sometimes, as an adept[9] and a striver[10], he preaches divine sermons[13] with his mouth[12].	ਕਦੇ ਉਹ ਕਰਾਮਾਤੀ[9] ਬੰਦੇ ਅਤੇ ਅਭਿਆਸੀ[10] ਦੇ ਤੌਰ ਤੇ ਆਪਣੇ ਮੂੰਹੋਂ[12] ਰੱਬੀ ਭਜਨ[13] ਪ੍ਰਚਾਰਦਾ ਹੈ।
ਕਬਹੂ ਕੀਟ[14] ਹਸਤਿ[15] ਪਤੰਗ[16] ਹੋਇ[17] ਜੀਆ[18]॥	Sometimes, man[18] becomes[17] an insect[14], an elephant[15] or a moth[16]	ਕਦੇ ਆਦਮੀ[18] ਕੀੜਾ[14], ਹਾਥੀ[15] ਜਾਂ ਪਰਵਾਨਾ[16] ਹੁੰਦਾ[17] ਹੈ ਅਤੇ ਅਨੇਕਾਂ[19] ਜੂਨੀਆਂ[20] ਅੰਦਰ ਲਗਾਤਾਰ[21]

ਅਨਿਕ[19] ਜੋਨਿ[20] ਭਰਮੈ ਭਰਮੀਆ[21] ॥

and continuously wanders[21] in many[19] existences[20].

ਭਟਕਦਾ ਹੈ ।

੨੭੮

278

੨੭੮

ਨਾਨਾ[22] ਰੂਪ[23] ਜਿਉ[24] ਸ੍ਵਾਗੀ[25] ਦਿਖਾਵੈ[26] ॥

Like[24] a guiser[25], he is seen[26] assuming various[22] disguises[23].

ਬਹੁ-ਰੂਪੀਏ[25] ਵਾਂਗ[24] ਉਹ ਘਣੇਰੇ[22] ਸਰੂਪ[23] ਧਾਰਨ ਕਰਦਾ ਹੋਇਆ ਦਿਸਦਾ[26] ਹੈ ।

ਜਿਉ[28] ਪ੍ਰਭ ਭਾਵੈ[27] ਤਿਵੈ[29] ਨਚਾਵੈ[30] ॥

As[28] it pleases[27] the Lord, so[29] does He make him dance[30].

ਜਿਸ[28] ਤਰ੍ਹਾਂ ਸੁਆਮੀ ਨੂੰ ਚੰਗਾ[27] ਲੱਗਦਾ ਹੈ, ਉਸੇ ਤਰ੍ਹਾਂ[29] ਹੀ ਉਹ ਬੰਦੇ ਨੂੰ ਨਚਾਉਂਦਾ[30] ਹੈ ।

ਜੋ[31] ਤਿਸੁ[32] ਭਾਵੈ ਸੋਈ[33] ਹੋਇ ॥

Whatever[31] pleases Him[32], that[33] alone happens.

ਜਿਹੜਾ ਕੁਛ[31] ਉਸ[32] ਨੂੰ ਚੰਗਾ ਲੱਗਦਾ ਹੈ, ਉਹੀ[33] ਹੁੰਦਾ ਹੈ ।

ਨਾਨਕ ਦੂਜਾ ਅਵਰੁ[34] ਨ ਕੋਇ ॥੭॥

Nanak, there is no other second[34] than He.

ਨਾਨਕ ਉਸ ਦੇ ਬਾਝੋਂ ਹੋਰ ਦੂਸਰਾ[34] ਕੋਈ ਨਹੀਂ ।

ਕਬਹੂ ਸਾਧ ਸੰਗਤਿ ਇਹੁ[35] ਪਾਵੈ ॥

Sometimes this[35] man obtains saints society.

ਕਦੇ ਇਹ[35] ਇਨਸਾਨ ਸਤਿਸੰਗਤ ਨੂੰ ਪ੍ਰਾਪਤ ਹੋ ਜਾਂਦਾ ਹੈ ।

ਉਸੁ[36] ਅਸਥਾਨ[37] ਤੇ[38] ਬਹੁਰਿ[39] ਨ ਆਵੈ[40] ॥

From[38] that[36] place[37] he returns[40] not again[39].

ਓਸ[36] ਥਾਂ[37] ਤੋਂ[38] ਫੇਰ[39] ਉਹ ਮੁੜ ਕੇ ਨਹੀਂ ਆਉਂਦਾ[40] ।

ਅੰਤਰਿ[41] ਹੋਇ[42] ਗਿਆਨ[43] ਪਰਗਾਸੁ[44] ॥

Within his mind[41] dawns[42] the light[44] of Divine knowledge[43].

ਉਸ ਦੇ ਮਨ[41] ਅੰਦਰ ਬ੍ਰਹਮ-ਗਿਆਨ[43] ਦਾ ਚਾਨਣ[44] ਆਉਂਦਾ[42] ਹੈ ।

ਉਸੁ[45] ਅਸਥਾਨ[46] ਕਾ ਨਹੀ ਬਿਨਾਸੁ[47] ॥

That[45] abode[46] is imperishable[47]

ਉਹ[45] ਟਿਕਾਣਾ[46] ਅਬਿਨਾਸੀ[47] ਹੈ ।

ਮਨ[48] ਤਨ[49] ਨਾਮਿ ਰਤੇ[50] ਇਕ[51] ਰੰਗਿ[52] ॥

His soul[48] and body[49] are tinged[50] with the love[52] of One's[51] Name.

ਉਸ ਦੀ ਜਿੰਦ[48] ਤੇ ਦੇਹਿ[49] ਇਕ[51] ਦੇ ਨਾਮ ਦੇ ਪ੍ਰੇਮ[52] ਨਾਲ ਰੰਗੇ[50] ਹੋਏ ਹਨ ।

ਸਦਾ[53] ਬਸਹਿ[54] ਪਾਰ-ਬ੍ਰਹਮ[55] ਕੈ ਸੰਗਿ[56] ॥

He ever[53] abides[54] with[56] the Supreme Lord[55].

ਉਹ ਹਮੇਸ਼ਾਂ[53] ਸ਼ਰੋਮਣੀ ਸਾਹਿਬ[55] ਦੇ ਨਾਲ[56] ਰਹਿੰਦਾ[54] ਹੈ ।

ਜਿਉ[57] ਜਲ ਮਹਿ ਜਲੁ[58] ਆਇ[59] ਖਟਾਨਾ[60] ॥ ਤਿਉ[61] ਜੋਤੀ[62] ਸੰਗਿ[63] ਜੋਤਿ[64] ਸਮਾਨਾ[65] ॥

As[57] water[58] comes[59] and gets blended[60] with water, so[61] does his lights[64] blend[65] with[63] the Supreme Light[62].

ਜਿਸ ਤਰ੍ਹਾਂ[57] ਪਾਣੀ[58] ਆ[59] ਕੇ ਪਾਣੀ ਨਾਲ ਮਿਲ ਜਾਂਦਾ[60] ਹੈ, ਏਸੇ ਤਰ੍ਹਾਂ[61] ਹੀ ਉਸ ਦਾ ਨੂਰ[64] ਪਰਮ-ਨੂਰ[62] ਨਾਲ[63] ਅਭੇਦ[65] ਹੋ ਜਾਂਦਾ ਹੈ ।

ਮਿਟਿ ਗਏ[66] ਗਵਨ[67] ਪਾਏ ਬਿਸ੍ਰਾਮ[68] ॥

His coming and going[67] end[66] and he attains rest[68].

ਉਸ ਦਾ ਆਉਣਾ ਤੇ ਜਾਣਾ[67] ਮੁਕ[66] ਜਾਂਦਾ ਹੈ ਅਤੇ ਉਹ ਆਰਾਮ[68] ਪਾ ਲੈਂਦਾ ਹੈ ।

ਨਾਨਕ ਪ੍ਰਭ ਕੈ ਸਦ[69] ਕੁਰਬਾਨ[70] ॥੮॥੧੧॥

Nanak is ever[69] devoted[70] unto the Lord.

ਨਾਨਕ ਸੁਆਮੀ ਉਤੋਂ ਸਦੀਵ[69] ਸਦਕੇ[70] ਜਾਂਦਾ ਹੈ ।

ਸਲੋਕੁ ॥

Slok.

ਸਲੋਕ ।

ਸੁਖੀ ਬਸੈ ਮਸਕੀਨੀਆ[71] ਆਪੁ[72] ਨਿਵਾਰਿ[73] ਤਲੇ[74] ॥

The humble man[71] abides in peace. By stilling[73] his ego[72] he behaves meekly[74].

ਮਸਕੀਨ ਮਨੁੱਖ[71] ਆਰਾਮ ਅੰਦਰ ਵੱਸਦਾ ਹੈ । ਆਪਣੇ ਹੰਕਾਰ[72] ਨੂੰ ਛੱਡ[73] ਕੇ ਉਹ ਆਜਜ਼[74] ਹੋ ਵਰਤਦਾ ਹੈ ।

ਬਡੇ ਬਡੇ ਅਹੰਕਾਰੀਆ[75] ਨਾਨਕ ਗਰਬਿ[76] ਗਲੇ[77] ॥੧॥

The very haughty persons[75], O Nanak, are consumed[77] by their pride[76].

ਭਾਰੇ ਆਕੜ ਖਾਂ ਪੁਰਸ਼[75], ਹੇ ਨਾਨਕ ਆਪਣੀ ਹੰਗਤਾ[76] ਰਾਹੀਂ ਗਲ ਸੜ[77] ਗਏ ਹਨ ।

ਅਸਟਪਦੀ ॥

Ashtpadi.

ਅਸਟਪਦੀ ।

ਜਿਸ ਕੈ ਅੰਤਰਿ[78] ਰਾਜ[79] ਅਭਿਮਾਨੁ[80] ॥ ਸੋ[81] ਨਰਕ-ਪਾਤੀ[82] ਹੋਵਤ[84] ਸੁਆਨ[83] ॥

He[81], in whose mind[78] is the pride[80] of kingship[79], becomes[84] a hell-dweller[82] and a dog[83].

ਜਿਸ ਦੇ ਮਨ[78] ਵਿਚ ਪਾਤਸ਼ਾਹੀ[79] ਦਾ ਹੰਕਾਰ[80] ਹੈ, ਉਹ[81] ਦੋਜ਼ਕ-ਵਾਸੀ[82] ਅਤੇ ਕੁੱਤਾ[83] ਹੋ ਜਾਂਦਾ[84] ਹੈ ।

ਜੋ ਜਾਨੈ[85] ਮੈ ਜੋਬਨਵੰਤੁ[86] ॥ ਸੋ ਹੋਵਤ ਬਿਸਟਾ[87] ਕਾ ਜੰਤੁ[88] ॥

He, who haughtily deems[85] himself youthful[86], becomes a worm[88] of ordure[87].

ਜੋ ਹੰਕਾਰਿਆ ਹੋਇਆ ਆਪਣੇ ਆਪ ਨੂੰ ਜੁਆਨ[86] ਸਮਝਦਾ[85] ਹੈ, ਉਹ ਗੰਦਗੀ[87] ਦਾ ਕੀੜਾ[88] ਹੁੰਦਾ ਹੈ ।

ਆਪਸ[89] ਕਉ ਕਰਮਵੰਤੁ[90] ਕਹਾਵੈ[91] ॥ ਜਨਮਿ[92] ਮਰੈ[93] ਬਹੁ ਜੋਨਿ[94] ਭ੍ਰਮਾਵੈ[95] ॥

He, who calls[91] himself[89] man of good actions[90], comes[92], goes[93] and wanders[95] in many existences[94].

ਜੋ ਆਪਣੇ ਆਪ[89] ਨੂੰ ਚੰਗੇ ਅਮਲਾਂ ਵਾਲਾ[90] ਅਖਵਾਉਂਦਾ[91] ਹੈ, ਉਹ ਆਉਂਦਾ[92] ਜਾਂਦਾ[93] ਅਤੇ ਬਹੁਤੀਆਂ ਜੂਨੀਆਂ[94] ਅੰਦਰ ਭੌਂਦਾ[95] ਹੈ ।

ਧਨ[96] ਭੂਮਿ[97] ਕਾ ਜੋ ਕਰੈ ਗੁਮਾਨੁ[98] ॥ ਸੋ ਮੂਰਖੁ[99] ਅੰਧਾ[100] ਅਗਿਆਨੁ[2] ॥

He, who takes pride[98] of his wealth[96] and land[97], is stupid[99], blind[100] and ignorant[2].

ਜੋ ਆਪਣੀ ਦੌਲਤ[96] ਅਤੇ ਜ਼ਮੀਨ[97] ਦਾ ਹੰਕਾਰ[98] ਕਰਦਾ ਹੈ, ਉਹ ਮੂਰਖ[99], ਅੰਨ੍ਹਾ[100] ਅਤੇ ਬੇਸਮਝ[2] ਹੈ ।

ਕਰਿ ਕਿਰਪਾ[3] ਜਿਸ ਕੈ ਹਿਰਦੈ[4] ਗਰੀਬੀ[5] ਬਸਾਵੈ[6] ॥ ਨਾਨਕ ਈਹਾ[7] ਮੁਕਤੁ[8] ਆਗੈ[9] ਸੁਖੁ ਪਾਵੈ ॥੧॥

He, in whose heart[4], the Lord mercifully[3] plants[6] meekness[5], O Nanak, obtains salvation[8] here[7] and peace hereafter[9].

ਜਿਸ ਦੇ ਦਿਲ[4] ਅੰਦਰ ਮਿਹਰ ਧਾਰ[3] ਕੇ ਸੁਆਮੀ ਨਿਰਮਾਣਤਾ[5] ਅਸਥਾਪਨ[6] ਕਰਦਾ ਹੈ, ਉਹ ਏਥੇ[7] ਮੋਖ਼ਸ਼[8] ਅਤੇ ਅੱਗੇ[9] ਆਰਾਮ ਪਾਉਂਦਾ ਹੈ ।

ਧਨਵੰਤਾ[10] ਹੋਇ ਕਰਿ ਗਰਬਾਵੈ[12] ॥ ਤ੍ਰਿਣ[13] ਸਮਾਨਿ[14] ਕਛੁ ਸੰਗਿ[15] ਨ ਜਾਵੈ[16] ॥

Not even equal[14] to a straw[13] shall go[16] with[15] him, who being wealthy[10] feels proud[12] of his riches.

ਇਕ ਤੀਲ੍ਹੇ[13] ਦੇ ਬਰਾਬਰ[14] ਭੀ ਕੁਝ ਉਸ ਦੇ ਨਾਲ[15] ਨਹੀਂ ਜਾਣਾ[16], ਜੋ ਧਨਾਢ[10] ਹੋ ਆਪਣੀ ਦੌਲਤ ਦਾ ਗੁਮਾਨ ਕਰਦਾ[12] ਹੈ ।

ਬਹੁ ਲਸਕਰ[17] ਮਾਨੁਖ[18] ਊਪਰਿ ਕਰੈ ਆਸ[19] ॥ ਪਲ[20] ਭੀਤਰਿ[21] ਤਾਕਾ ਹੋਇ ਬਿਨਾਸ[22] ॥

He who sets his hope[19] on his large army[17] and men[18], In[21] a moment[20] he shall be destroyed[22].

ਜੋ ਬਹੁਤੀ ਫ਼ੌਜ[17] ਅਤੇ ਬੰਦਿਆਂ[18] ਉਤੇ ਉਮੀਦ[19] ਬੰਨ੍ਹਦਾ ਹੈ, ਉਹ ਇਕ ਮੁਹਤ[20] ਵਿਚ[21] ਤਬਾਹ[22] ਹੋ ਜਾਏਗਾ ।

ਸਭ ਤੇ ਆਪੁ ਜਾਨੈ ਬਲਵੰਤੁ[23] ॥ ਖਿਨ[24] ਮਹਿ ਹੋਇ ਜਾਇ ਭਸਮੰਤੁ[25] ॥

He who deems himself the strongest[23] of all, shall in a trice[24] become ashes[25].

ਜੋ ਆਪਣੇ ਆਪ ਨੂੰ ਸਾਰਿਆਂ ਨਾਲੋਂ ਜ਼ੋਰਾਵਰ[23] ਸਮਝਦਾ ਹੈ, ਉਹ ਇਕ ਛਿਨ[24] ਵਿਚ ਸੁਆਹ[25] ਬਣ ਜਾਏਗਾ ।

ਕਿਸੈ ਨ ਬਦੈ[27] ਆਪਿ ਅਹੰਕਾਰੀ[26] ॥ ਧਰਮ[28] ਰਾਇ ਤਿਸੁ ਕਰੈ ਖੁਆਰੀ[29] ॥

The Righteous Judge[28] will disgrace[29] him, who in his pride[26] thinks[27] naught of any one.

ਧਰਮ ਰਾਜਾ[28] ਉਸ ਨੂੰ ਖੱਜਲ-ਖੁਆਰ[29] ਕਰੇਗਾ, ਜੋ ਆਪਣੇ ਗ਼ਰੂਰ[26] ਅੰਦਰ ਕਿਸੇ ਨੂੰ ਕੁਛ ਭੀ ਨਹੀਂ ਬਿੱਦਦਾ[27] ।

ਗੁਰਪ੍ਰਸਾਦਿ[30] ਜਾਕਾ ਮਿਟੈ[31]

The person[33], whose self-conceit[32]

ਜਿਸ ਪੁਰਸ਼[33] ਦੀ ਸਵੈ-ਹੰਗਤਾ[32] ਗੁਰਾਂ ਦੀ ਦਇਆ[30]

ਅਭਿਮਾਨੁ[32] ॥ ਸੋ ਜਨੁ[33] ਨਾਨਕ ਦਰਗਹ[34] ਪਰਵਾਨੁ[35] ॥੨॥

is effaced[31] by Guru's grace[30], shall become acceptable[35] in God's court[34], O Nanak.

ਦੁਆਰਾ ਦੂਰ[31] ਹੋ ਗਈ ਹੈ, ਉਹ ਵਾਹਿਗੁਰੂ ਦੇ ਦਰਬਾਰ[34] ਅੰਦਰ ਕਬੂਲ[35] ਪੈ ਜਾਂਦਾ ਹੈ, ਹੇ ਨਾਨਕ !

ਕੋਟਿ[36] ਕਰਮ[37] ਕਰੈ ਹਉ[38] ਧਾਰੇ ॥ ਸਮੁ[39] ਪਾਵੈ ਸਗਲੇ ਬਿਰਥਾਰੇ[40] ॥

If man does millions[36] of good acts[37] and possesses pride[38], he incurs only trouble[39]. All his acts are vain[40].

ਜੇਕਰ ਬੰਦਾ ਕ੍ਰੋੜਾਂ[36] ਚੰਗੇ ਕੰਮ[37] ਕਰਦਾ ਹੋਇਆ ਹੰਕਾਰ[38] ਕਰੇ, ਉਹ ਤਕਲੀਫ਼[39] ਹੀ ਉਠਾਉਂਦਾ ਹੈ। ਉਸ ਦੇ ਸਾਰੇ ਕੰਮ ਵਿਅਰਥ[40] ਹਨ।

ਅਨਿਕ[41] ਤਪਸਿਆ[42] ਕਰੇ ਅਹੰਕਾਰ॥ਨਰਕ[43] ਸੁਰਗ[44] ਫਿਰਿ[46]ਫਿਰਿ ਅਵਤਾਰ[45] ॥

He, who does various[41] penances[42] in pride, is born[45] again[46] and again, in hell[43] and paradise[44].

ਜੋ ਹੰਕਾਰ ਅੰਦਰ ਘਣੇਰੀਆਂ[41] ਮੁਸ਼ੱਕਤਾਂ[42] ਘਾਲਦਾ ਹੈ, ਉਹ ਮੁੜ[46] ਮੁੜ ਕੇ ਦੋਜ਼ਕ[43] ਤੇ ਬਹਿਸ਼ਤ[44] ਵਿਚ ਜੰਮਦਾ[45] ਹੈ।

ਅਨਿਕ ਜਤਨ[47] ਕਰਿ ਆਤਮ[48] ਨਹੀ ਦ੍ਰਵੈ[49] ॥ ਹਰਿ ਦਰਗਹ ਕਹੁ[50] ਕੈਸੇ[51] ਗਵੈ[52] ॥

He, whose soul[48], inspite of making many efforts[47], is not softened[49] say[50], how[51] can he go[52] to God's court ?

ਜਿਸ ਦਾ ਹਿਰਦਾ[48], ਬਹੁਤੇ ਉਪਰਾਲੇ[47] ਕਰਨ ਦੇ ਬਾਵਜੂਦ ਭੀ ਨਰਮ[49] ਨਹੀਂ ਹੁੰਦਾ, ਦੱਸੋ[50], ਉਹ ਜੀਵ, ਕਿਸ ਤਰ੍ਹਾਂ[51] ਰੱਬ ਦੇ ਦਰਬਾਰ ਵਿਚ ਜਾ[52] ਸਕਦਾ ਹੈ ?

ਆਪਸ[53] ਕਉ ਜੋ ਭਲਾ ਕਹਾਵੈ[54] ॥ ਤਿਸਹਿ[55] ਭਲਾਈ[56] ਨਿਕਟਿ[57] ਨ ਆਵੈ ॥

He who calls[54] himself[53] good, goodness[56]does not draw near[57]him[55].

ਜੋ ਆਪਣੇ ਆਪ[53] ਨੂੰ ਚੰਗਾ ਅਖਵਾਉਂਦਾ[54] ਹੈ, ਚੰਗਿਆਈ[56] ਉਸ[55] ਦੇ ਨੇੜੇ[57] ਨਹੀਂ ਲਗਦੀ।

ਸਰਬ[58] ਕੀ ਰੇਨ[59] ਜਾਕਾ ਮਨੁ ਹੋਇ[63] ॥ ਕਹੁ[60]ਨਾਨਕ ਤਾਕੀ ਨਿਰਮਲ[61] ਸੋਇ[62]॥ ੩॥

Says[60] Nanak, pure[61] is the celebrity[62] of him, whose mind is rendered[63] the dust[59] of all[58] men's feet.

ਗੁਰੂ ਜੀ ਫ਼ੁਰਮਾਉਂਦੇ[60] ਹਨ, ਪਵਿੱਤ੍ਰ[61] ਹੈ ਕੀਰਤੀ[62] ਉਸ ਦੀ, ਜਿਸ ਦਾ ਮਨੂਆ ਸਾਰੇ[58] ਆਦਮੀਆਂ ਦੇ ਪੈਰਾਂ ਦੀ ਧੂੜ[59] ਹੋ ਗਿਆ[63] ਹੈ।

ਜਬ ਲਗੁ[63]*ਜਾਨੈ[64]ਮੁਝ ਤੇ ਕਛੁ ਹੋਇ ॥ ਤਬ[65] ਇਸ ਕਉ ਸੁਖੁ[66] ਨਾਹੀ ਕੋਇ[67]॥

So long as[63]* he thinks[64] that he does something, till then[65] he has absolutely[67] no peace[66].

ਜਦ ਤਾਂਈ[63]* ਉਹ ਖ਼ਿਆਲ ਕਰਦਾ[64] ਹੈ, ਕਿ ਉਹ ਕੁਛ ਕਰ ਸਕਦਾ ਹੈ, ਉਦੋਂ ਤਾਂਈ[65] ਉਸ ਨੂੰ ਕੋਈ[67] ਆਰਾਮ[66] ਨਹੀਂ ਹੁੰਦਾ।

ਜਬ ਇਹ[68] ਜਾਨੈ ਮੈ ਕਿਛੁ ਕਰਤਾ[69] ॥ ਤਬ ਲਗੁ ਗਰਭ[70] ਜੋਨਿ[71] ਮਹਿ[72] ਫਿਰਤਾ[73] ॥

As long as this[68] man deems that he is the doer[69]of something,until then he wanders[73] in[72] the womb[70] existences[71].

ਜਦ ਤੋੜੀ ਇਹ[68] ਆਦਮੀ ਸਮਝਦਾ ਹੈ ਕਿ ਉਹ ਕਿਸੇ ਸ਼ੈ ਦੇ ਕਰਨ ਵਾਲਾ[69] ਹੈ, ਤਦ ਤੋੜੀ ਉਹ ਗਰਭ[70] ਦੀਆਂ ਜੂਨੀਆਂ[71] ਅੰਦਰ[72] ਭਟਕਦਾ[73] ਹੈ।

ਜਬ ਧਾਰੈ[76] ਕੋਊ ਬੈਰੀ[74] ਮੀਤੁ[75] ॥ ਤਬ ਲਗੁ ਨਿਹਚਲੁ[77]ਨਾਹੀ ਚੀਤੁ[78] ॥

As long as he deems[76] one man an enemy[74] and another a friend[75], so long his mind[78] is not at rest[77].

ਜਦ ਤਾਈਂ ਉਹ ਇਕ ਬੰਦੇ ਨੂੰ ਦੁਸ਼ਮਨ[74] ਤੇ ਹੋਰਸ ਨੂੰ ਦੋਸਤ[75] ਸਮਝਦਾ[76] ਹੈ, ਉਦੋਂ ਤਾਂਈ ਉਸ ਦਾ ਮਨ[78] ਸਥਿਰ[77] ਨਹੀਂ ਹੁੰਦਾ।

ਜਬ ਲਗੁ ਮੋਹ[78]* ਮਗਨ[79] ਸੰਗਿ[80] ਮਾਇ[81] ॥ ਤਬ

So long as the man is intoxicated[79] with[80] the love[78]* of mammon[81], till

ਜਦ ਤੋੜੀ ਇਨਸਾਨ ਮਾਇਆ[81] ਦੀ ਮੁਹੱਬਤ[78]* ਨਾਲ[80] ਮਤਵਾਲਾ[79] ਹੋਇਆ ਹੋਇਆ ਹੈ, ਤਦ ਤੋੜੀ ਕਾਨੂੰਨ ਦਾ

ਲਗੁ ਧਰਮ ਰਾਇ[82] ਦੇਇ[83] ਸਜਾਇ[84] ॥
ਪ੍ਰਭ ਕਿਰਪਾ[85]ਤੇ[86] ਬੰਧਨ[87] ਤੂਟੈ[88] ॥
ਗੁਰ ਪ੍ਰਸਾਦਿ[89] ਨਾਨਕ ਹਉ[90] ਛੂਟੈ[91] ॥੪॥

then the Lord[82] of law inflicts[83] punishment[84] on him.
By[86] Lord's grace[85], mortal's shackles[87] are shattered[88].
By Guru's kindness[89], O Nanak egotism[90] is effaced[91].

ਸੁਆਮੀ[82] ਉਸ ਨੂੰ ਸਜ਼ਾ[84] ਦਿੰਦਾ[83] ਹੈ।
ਸੁਆਮੀ ਦੀ ਦਇਆ[85] ਦੁਆਰਾ[86] ਪ੍ਰਾਣੀ ਦੀਆਂ ਬੇੜੀਆਂ[87] ਕੱਟੀਆਂ[88] ਜਾਂਦੀਆਂ ਹਨ।
ਗੁਰਾਂ ਦੀ ਮਿਹਰ[89] ਸਦਕਾ, ਹੇ ਨਾਨਕ! ਹੰਕਾਰ[90] ਨਵਿਰਤ[91] ਹੋ ਜਾਂਦਾ ਹੈ।

੨੭੯ 279 ੨੭੯

ਸਹਸ[92] ਖਟੇ[93] ਲਖ ਕਉ ਉਠਿ ਧਾਵੈ[94] ॥
ਤ੍ਰਿਪਤਿ[96] ਨ ਆਵੈ ਮਾਇਆ[97] ਪਾਛੈ ਪਾਵੈ[98] ॥
ਅਨਿਕ[99] ਭੋਗ[100]ਬਿਖਿਆ[2] ਕੇ ਕਰੈ[3] ॥ ਨਹ ਤ੍ਰਿਪਤਾਵੈ[4] ਖਪਿ ਖਪਿ[5] ਮਰੈ[6] ॥

Earning[93] a thousand[92], man runs[94] after a lakh.
Satisfaction[96] he attains not in his pursuit[98] of wealth[97].
Man indulges[3] in the enjoyment[100] of many[99] evil passions[2], but he is not satiated[4], and kills[6] himself by hankering[5] after them.

ਕਮਾ[93] ਕੇ ਬੰਦਾ ਲੱਖ ਮਗਰ ਉਠ ਭਜਦਾ[94] ਹੈ।
ਦੌਲਤ[97] ਦੀ ਖੋਜ[98] ਭਾਲ ਅੰਦਰ ਉਸ ਨੂੰ ਰੱਜ[96] ਨਹੀਂ ਆਉਂਦਾ।
ਆਦਮੀ ਘਨੇਰੇ[99] ਮੰਦ ਵਿਸ਼ੇ-ਵੇਗ[2] ਮਾਨਣ[100] ਵਿਚ ਲੱਗਾ ਹੋਇਆ[3] ਹੈ, ਪ੍ਰੰਤੂ ਉਹ ਸੰਤੁਸ਼ਟ[4] ਨਹੀਂ ਹੁੰਦਾ ਅਤੇ ਉਨ੍ਹਾਂ ਦੀ ਲਾਲਸਾ ਕਰਦਾ[5] ਹੋਇਆ ਹੀ ਮਰ ਮੁਕਦਾ[6] ਹੈ।

ਬਿਨਾ ਸੰਤੋਖ[7] ਨਹੀ ਕੋਊ ਰਾਜੈ[8] ॥
ਸੁਪਨ[9] ਮਨੋਰਥ[10] ਬ੍ਰਿਥੇ[12] ਸਭ ਕਾਜੈ[13] ॥
ਨਾਮ ਰੰਗਿ[14] ਸਰਬ[15] ਸੁਖੁ[16] ਹੋਇ ॥
[17]ਬਡਭਾਗੀ[18] ਕਿਸੈ[19] ਪਰਾਪਤਿ ਹੋਇ ॥
ਕਰਨ ਕਰਾਵਨ[20] ਆਪੇ ਆਪਿ[21] ॥ ਸਦਾ ਸਦਾ[22] ਨਾਨਕ ਹਰਿ ਜਾਪਿ[23] ॥੫॥
ਕਰਨ[24] ਕਰਾਵਨ[25] ਕਰਨੈਹਾਰੁ[26] ॥
ਇਸ[27] ਕੈ ਹਾਥਿ[28] ਕਹਾ[29] ਬੀਚਾਰੁ[30] ॥
ਜੈਸੀ[31] ਦ੍ਰਿਸਟਿ[32] ਕਰੇ[33] ਤੈਸਾ[34] ਹੋਇ[35] ॥
ਆਪੇ ਆਪਿ[36] ਆਪਿ ਪ੍ਰਭੁ ਸੋਇ[37] ॥

Without contentment[7], no one is sated[8].
Like the objects[10] of a dream[9], all his works[13] are vain[12].
Through the love[14] of God's Name, all[15] the peace[16] is gained.
By great[17] good fortune[18], only a few[19] obtain the Name.
The Lord Himself[21] is the cause of causes[20]. For ever and aye[22], O Nanak, repeat[23] God's Name.
Thy Doer[24] and Prompter[25] is the Creator[26] alone.
What[29] is that deliberation[30], which is in this[27] man's hand[28]?
As[31] is the glance[32], God casts[33], so[34] does man become[35].
That[37] Master is all by Himself[36].

ਸੁਆਮੀ[82] ਉਸ ਨੂੰ ਸਜ਼ਾ[84] ਦਿੰਦਾ[83] ਹੈ।
ਸੁਆਮੀ ਦੀ ਦਇਆ[85] ਦੁਆਰਾ[86] ਪ੍ਰਾਣੀ ਦੀਆਂ ਬੇੜੀਆਂ[87] ਕੱਟੀਆਂ[88] ਜਾਂਦੀਆਂ ਹਨ।
ਗੁਰਾਂ ਦੀ ਮਿਹਰ[89] ਸਦਕਾ, ਹੇ ਨਾਨਕ! ਹੰਕਾਰ[90] ਨਵਿਰਤ[91] ਹੋ ਜਾਂਦਾ ਹੈ।

ਹਜ਼ਾਰ[92] ਕਮਾ[93] ਕੇ ਬੰਦਾ ਲੱਖ ਮਗਰ ਉਠ ਭਜਦਾ[94] ਹੈ।
ਦੌਲਤ[97] ਦੀ ਖੋਜ[98] ਭਾਲ ਅੰਦਰ ਉਸ ਨੂੰ ਰੱਜ[96] ਨਹੀਂ ਆਉਂਦਾ।
ਆਦਮੀ ਘਨੇਰੇ[99] ਮੰਦ ਵਿਸ਼ੇ-ਵੇਗ[2] ਮਾਨਣ[100] ਵਿਚ ਲੱਗਾ ਹੋਇਆ[3] ਹੈ, ਪ੍ਰੰਤੂ ਉਹ ਸੰਤੁਸ਼ਟ[4] ਨਹੀਂ ਹੁੰਦਾ ਅਤੇ ਉਨ੍ਹਾਂ ਦੀ ਲਾਲਸਾ ਕਰਦਾ[5] ਹੋਇਆ ਹੀ ਮਰ ਮੁਕਦਾ[6] ਹੈ।
ਸੰਤੁਸ਼ਟਤਾ[7] ਦੇ ਬਾਝੋਂ ਕਿਸੇ ਨੂੰ ਰੱਜ[8] ਨਹੀਂ ਆਉਂਦਾ।
ਸੁਪਨੇ[9] ਦੇ ਪਰਯੋਜਨਾ[10] ਦੀ ਤਰ੍ਹਾਂ ਉਸ ਦੇ ਸਾਰੇ ਕੰਮ[13] ਬੇਫਾਇਦਾ[12] ਹਨ।
ਹਰੀ ਦੇ ਨਾਮ ਦੀ ਪ੍ਰੀਤ[14] ਰਾਹੀਂ ਸਮੂਹ[15] ਆਰਾਮ[16] ਪ੍ਰਾਪਤ ਹੋ ਜਾਂਦਾ ਹੈ।
ਪਰਮ[17] ਚੰਗੇ ਨਸੀਬਾਂ[18] ਦੁਆਰਾ, ਵਿਰਲੇ[19] ਹੀ ਨਾਮ ਨੂੰ ਹਾਸਲ ਕਰਦੇ ਹਨ।
ਪ੍ਰਭੂ ਖੁਦ[21] ਹੀ ਸਬੱਬਾਂ ਦਾ ਸਬੱਬ[20] ਹੈ।
ਹਮੇਸ਼ਾ ਤੇ ਸਦੀਵ[22] ਲਈ ਹੇ ਨਾਨਕ! ਰੱਬ ਦੇ ਨਾਮ ਦਾ ਉਚਾਰਨ[23] ਕਰ।
ਕਰਨ ਵਾਲਾ[24] ਅਤੇ ਕਰਾਉਣ ਵਾਲਾ[25] ਕੇਵਲ ਕਰਤਾਰ[26] ਹੀ ਹੈ।
ਉਹ ਕਿਹੜੀ[29] ਸੋਚ-ਵਿਚਾਰ[30] ਹੈ, ਜਿਹੜੀ ਏਸ[27] ਬੰਦੇ ਦੇ ਹੱਥ[28] ਵਿਚ ਹੈ?
ਜਿਹੋ ਜਿਹੀ[31] ਨਿਗ੍ਹਾ[32] ਹਰੀ ਧਾਰਦਾ[33] ਹੈ, ਉਹੋ ਜਿਹਾ[34] ਹੀ ਬੰਦਾ ਹੋ ਜਾਂਦਾ[35] ਹੈ।
ਉਹ[37] ਮਾਲਕ ਸਾਰਾ ਕੁਝ ਖੁਦ[36] ਹੀ ਹੈ।

ਜੋ ਕਿਛੁ[38] ਕੀਨੋ ਸੁ[39]ਅਪਨੈ ਰੰਗਿ[40] ॥	Whatever[38] He has done that[39] is according to His pleasure[40].	ਜਿਹੜਾ ਕੁਛ[38] ਉਸ ਨੇ ਕੀਤਾ ਹੈ, ਉਹ[39] ਉਸ ਦੀ ਰਜ਼ਾ[40] ਦੇ ਅਨੁਕੂਲ ਹੈ ।
ਸਭ ਤੇ ਦੂਰਿ[41] ਸਭਹੂ ਕੈ ਸੰਗਿ[42] ॥	He is far[41] from all and yet with[42] all.	ਉਹ ਸਾਰਿਆਂ ਤੋਂ ਪਰੇਡੇ[41] ਹੈ, ਫਿਰ ਭੀ ਸਾਰਿਆਂ ਨਾਲ[42] ਹੈ ।
ਬੂਝੈ[43] ਦੇਖੈ[44] ਕਰੈ ਬਿਬੇਕ[45] ॥	He understands[43], beholds[44] and exercises judgement[45].	ਉਹ ਸਮਝਦਾ[43], ਵੇਖਦਾ[44] ਅਤੇ ਨਿਰਣਯ[45] ਕਰਦਾ ਹੈ ।
ਆਪਹਿ[46] ਏਕ ਆਪਹਿ ਅਨੇਕ[47] ॥	He Himself[46] is one and Himself many[47].	ਉਹ ਆਪੇ[46] ਇਕ ਅਤੇ ਆਪੇ ਹੀ ਬਹੁਤੇ[47] ਹੈ ।
ਮਰੈ ਨ ਬਿਨਸੈ[48] ਆਵੈ ਨ ਜਾਇ ॥	He neither dies nor perishes[48] and neither He comes nor goes.	ਉਹ ਨ ਮਰਦਾ ਹੈ, ਨਾ ਹੀ ਨਾਸ[48] ਹੁੰਦਾ ਹੈ । ਉਹ ਨਾ ਹੀ, ਆਉਂਦਾ ਹੈ ਤੇ ਨਾ ਹੀ ਜਾਂਦਾ ਹੈ ।
ਨਾਨਕ ਸਦ[49] ਹੀ ਰਹਿਆ ਸਮਾਇ[50] ॥੬॥	Nanak, He ever[49] remains diffused[50] among all.	ਨਾਨਕ, ਉਹ ਹਮੇਸ਼ਾ[49] ਸਾਰਿਆਂ ਅੰਦਰ ਰਮਿਆ[50] ਰਹਿੰਦਾ ਹੈ ।
ਆਪਿ ਉਪਦੇਸੈ[51] ਸਮਝੈ[52] ਆਪਿ ॥	He Himself instructs[51] and Himself understands[52].	ਉਹ ਆਪੇ ਸਿਖ-ਮਤ[51] ਦਿੰਦਾ ਹੈ ਅਤੇ ਆਪੇ ਹੀ ਸੋਚਦਾ ਸਮਝਦਾ[52] ਹੈ ।
ਆਪੇ ਰਚਿਆ[53] ਸਭ ਕੈ ਸਾਥਿ[54] ॥	The Lord Himself is blended[53] with[54] all.	ਸੁਆਮੀ ਖ਼ੁਦ ਹੀ ਸਾਰਿਆਂ ਨਾਲ[54] ਅਭੇਦ[53] ਹੋਇਆ ਹੋਇਆ ਹੈ ।
ਆਪਿ ਕੀਨੋ ਆਪਨ ਬਿਸਥਾਰੁ[55] ॥	His expanse[55], He has Himself made.	ਆਪਣਾ ਪਸਾਰਾ[55] ਉਸ ਨੇ ਆਪੇ ਹੀ ਕੀਤਾ ਹੈ ।
ਸਭੁ ਕਛੁ ਉਸ ਕਾ ਓਹੁ ਕਰਨੈਹਾਰੁ[56] ॥	Everything is His, He is the Creator[56].	ਹਰ ਵਸਤੂ ਉਸ ਦੀ ਹੈ, ਉਹ ਸਿਰਜਣਹਾਰ[56] ਹੈ ।
ਉਸ ਤੇ ਭਿੰਨ[57] ਕਹਹੁ[58] ਕਿਛੁ[59] ਹੋਇ ॥	Say[58], can anything[59] be done without[57] Him ?	ਦਸੋ[58] ! ਕੀ ਕੋਈ ਚੀਜ਼[59] ਉਸ ਦੇ ਬਾਝੋਂ[57] ਕੀਤੀ ਜਾ ਸਕਦੀ ਹੈ ?
ਥਾਨ[60] ਥਨੰਤਰਿ[61] ਏਕੈ[62] ਸੋਇ[63] ॥	In places[60] and interspaces[61], the[63] One Lord[62] is contained.	ਥਾਵਾਂ[60] ਅਤੇ ਉਨ੍ਹਾਂ ਦੀਆਂ ਵਿੱਥਾਂ[61] ਵਿਚ ਉਹ[63] ਇਕ ਸਾਂਈ[62] ਵਿਆਪਕ ਹੈ ।
ਅਪੁਨੇ ਚਲਿਤ[64] ਆਪਿ ਕਰਣੈਹਾਰ[65] ॥	Of His dramas[64], He Himself is the Actor[65].	ਆਪਣਿਆਂ ਰੂਪਕਾਂ[64] ਦਾ ਉਹ ਆਪੇ ਹੀ ਕਲਾਕਾਰ[65] ਹੈ ।
ਕਉਤਕ[66] ਕਰੈ[67] ਰੰਗ[68] ਆਪਾਰ[69] ॥	He exhibits[67] plays[66] and infinite[69] are His pleasures[68].	ਉਹ ਨਾਟਕ[66] ਰਚਦਾ[67] ਹੈ ਅਤੇ ਬੇਅੰਤ[69] ਹਨ ਉਸ ਦੀਆਂ ਮਨਮੌਜਾਂ[68] ।
ਮਨ[70] ਮਹਿ[71] ਆਪਿ[72] ਮਨ ਅਪੁਨੇ[74] ਮਾਹਿ ॥	He[72] is in[71] the soul[70] and the soul is in His ownself[74].	ਉਹ[72] ਆਤਮਾ ਅੰਦਰ[71] ਹੈ, ਅਤੇ ਆਤਮਾ[70] ਉਸ ਦੇ ਆਪਣੇ ਆਪੇ ਵਿਚ[74] ਹੈ ।
ਨਾਨਕ ਕੀਮਤਿ[73] ਕਹਨੁ[75] ਨ ਜਾਇ ॥੭॥	Nanak, His worth[73] cannot be told[75].	ਨਾਨਕ ਉਸ ਦਾ ਮੁੱਲ[73] ਦਸਿਆ[75] ਨਹੀਂ ਜਾ ਸਕਦਾ ।
ਸਤਿ[76] ਸਤਿ ਸਤਿ ਪ੍ਰਭੁ ਸੁਆਮੀ[77] ॥	True[76], True, True is the Lord Master[77].	ਸੱਚਾ[76], ਸੱਚਾ, ਸੱਚਾ ਹੈ ਪਾਰਬ੍ਰਹਮ ਪਰਮੇਸ਼ਰ[77] ।

ਗੁਰ ਪਰਸਾਦਿ[78] ਕਿਨੈ[79] ਵਖਿਆਨੀ[80] ॥

By Guru's favour[78], some rare[79] person describes[80] Him.

ਗੁਰਾਂ ਦੀ ਮਿਹਰ[78] ਦੁਆਰਾ ਕੋਈ ਵਿਰਲਾ[79] ਹੀ ਉਸ ਨੂੰ ਬਿਆਨ[80] ਕਰਦਾ ਹੈ ।

ਸਚੁ ਸਚੁ ਸਚੁ ਸਭੁ[81] ਕੀਨਾ[82] ॥

True, True, True is He, who has created[82] all[81].

ਸੱਚਾ, ਸੱਚਾ, ਸੱਚਾ ਹੈ ਉਹ ਜਿਸ ਨੇ ਸਾਰਿਆਂ[81] ਨੂੰ ਸਾਜਿਆ[82] ਹੈ ।

ਕੋਟਿ[83] ਮਧੇ[84] ਕਿਨੈ ਬਿਰਲੈ[85] ਚੀਨਾ[86] ॥

Out[84] of millions[83], scarcely any one[85] knows[86] Him.

ਕ੍ਰੋੜਾਂ[83] ਵਿਚੋਂ[84] ਕੋਈ ਟਾਵਾਂ ਜਣਾ[85] ਹੀ ਉਸ ਨੂੰ ਜਾਣਦਾ[86] ਹੈ ।

ਭਲਾ[87] ਭਲਾ ਭਲਾ ਤੇਰਾ ਰੂਪ[88] ॥

Beautiful[87], beautiful, beautiful is Thine form[88], O Lord.

ਸੁਹਣਾ[87], ਸੁਹਣਾ, ਸੁਹਣਾ ਹੈ ਤੇਰਾ ਸਰੂਪ[88], ਹੇ ਸੁਆਮੀ !

ਅਤਿ[89] ਸੁੰਦਰ[90] ਅਪਾਰ[91]* ਅਨੂਪ[92]* ॥

Thou art exceedingly[89] beauteous[90], limitless[91]* and Incomparable[92]*.

ਤੂੰ ਪਰਮ[89] ਖ਼ੂਬਸੂਰਤ[90], ਬੇਹੱਦ[91]* ਅਤੇ ਬੇਮਿਸਾਲ[92]* ਹੈਂ ।

ਨਿਰਮਲ[93]* ਨਿਰਮਲ ਨਿਰਮਲ ਤੇਰੀ ਬਾਣੀ[94]* ॥

Pure[93]*, pure, pure is Thy Gur-bani[94]*

ਪਵਿੱਤ੍ਰ[93]*, ਪਵਿੱਤ੍ਰ ਪਵਿੱਤ੍ਰ ਹੈ ਤੇਰੀ ਗੁਰਬਾਣੀ[94]* ।

ਘਟਿ ਘਟਿ[91] ਸੁਨੀ ਸ੍ਰਵਨ[92] ਬਖਾਣੀ[95]* ॥ ਪਵਿਤ੍ਰੁ[93] ਪਵਿਤ੍ਰੁ ਪਵਿਤ੍ਰੁ ਪੁਨੀਤ[94] ॥

Everyone[91] who repeats[95]* and hears it with his ears[92] becomes pure[93], pure, pure[94].

ਹਰਿ ਜਣਾ[91] ਜੋ ਇਸ ਨੂੰ ਉਚਾਰਦਾ[95]* ਤੇ ਆਪਣੇ ਕੰਨਾਂ[92] ਨਾਲ ਸੁਣਦਾ ਹੈ, ਪਾਵਨ[93], ਪਾਵਨ, ਪਾਵਨ, ਪਾਵਨ[94] ਹੋ ਜਾਂਦਾ ਹੈ ।

ਨਾਮੁ ਜਪੈ[95] ਨਾਨਕ ਮਨਿ[96] ਪ੍ਰੀਤਿ[97] ॥੮॥੧੨॥

With hearty[96] love[97], Nanak repeats[95] the Name.

ਦਿਲੀ[96] ਪ੍ਰੇਮ[97] ਨਾਲ, ਨਾਨਕ ਨਾਮ ਦਾ ਉਚਾਰਨ[95] ਕਰਦਾ ਹੈ ।

ਸਲੋਕੁ ॥

Slok.

ਸਲੋਕ ।

ਸੰਤ ਸਰਨਿ[98] ਜੋ[99] ਜਨੁ[100] ਪਰੈ[2] ਸੋ ਜਨੁ ਉਧਰਨ[3]-ਹਾਰੁ ॥

The[99] person[100] who seeks[2] the shelter[98] of the saints, that person is saved[3].

ਜਿਹੜਾ[99] ਪੁਰਸ਼[100] ਸਾਧੂਆਂ ਦੀ ਸ਼ਰਣਾਗਤ[98] ਸੰਭਾਲਦਾ[2] ਹੈ, ਉਹ ਪੁਰਸ਼ ਪਾਰ ਉਤਰ ਜਾਂਦਾ[3] ਹੈ ।

ਸੰਤ ਕੀ ਨਿੰਦਾ[4] ਨਾਨਕਾ ਬਹੁਰਿ ਬਹੁਰਿ[5] ਅਵਤਾਰ[6] ॥੧॥

By slandering[4] the saints, O Nanak, the mortal is born[6] again[5] and again.

ਸਾਧੂਆਂ ਦੀ ਬਦਖੋਈ[4] ਕਰਨ ਦੁਆਰਾ, ਹੇ ਨਾਨਕ ! ਪ੍ਰਾਣੀ ਮੁੜ[5] ਮੁੜ ਕੇ ਜੰਮਦਾ[6] ਹੈ ।

ਅਸਟਪਦੀ ॥

Ashtpadi.

ਅਸ਼ਟਪਦੀ ।

ਸੰਤ ਕੈ ਦੂਖਨਿ[7] ਆਰਜਾ[8] ਘਟੈ[9] ॥

By accusing[7] the saints man's life[8] is shortened[9].

ਸਾਧੂਆਂ ਤੇ ਦੂਸ਼ਨ[7] ਲਾਉਣ ਨਾਲ ਬੰਦੇ ਦੀ ਉਮਰ[8] ਘੱਟ ਜਾਂਦੀ[9] ਹੈ ।

ਸੰਤ ਕੈ ਦੂਖਨਿ ਜਮ[10] ਤੇ ਨਹੀ ਛੂਟੈ[12] ॥

By accusing the saints, man escapes[12] not from the Deaths couriers[10].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਆਦਮੀ ਮੌਤ ਦੇ ਦੂਤਾਂ[10] ਤੋਂ ਨਹੀਂ ਬਚ[12] ਸਕਦਾ ।

ਸੰਤ ਕੈ ਦੂਖਨਿ ਸੁਖੁ[13] ਸਭੁ ਜਾਇ[14] ॥

By accusing the saints all the happiness[13] vanishes[14].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਸਾਰੀ ਖ਼ੁਸ਼ੀ[13] ਅਲੋਪ[14] ਹੋ ਜਾਂਦੀ ਹੈ ।

ਸੰਤ ਕੈ ਦੂਖਨਿ ਨਰਕ[15] ਮਹਿ[16] ਪਾਇ[17] ॥

By accusing the saints, the mortal falls[17] into[16] hell[15].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਜੀਵ ਦੋਜ਼ਕ[15] ਵਿਚ[16] ਜਾ ਪੈਂਦਾ[17] ਹੈ ।

ਸੰਤ ਕੈ ਦੂਖਨਿ ਮਤਿ[18] ਹੋਇ ਮਲੀਨ[19] ॥

By accusing the saints, understanding[18] becomes impure[19].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਸਮਝ[18] ਪਲੀਤ[19] ਹੋ ਜਾਂਦੀ ਹੈ ।

ਸੰਤ ਕੈ ਦੂਖਨਿ ਸੋਭਾ[20] ਤੇ ਹੀਨ[21] ॥

By accusing the saints, man loses[21] his celebrity[20].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਬੰਦਾ ਆਪਣੀ ਕੀਰਤੀ[20] ਗੁਆ[21] ਲੈਂਦਾ ਹੈ ।

ਸੰਤ ਕੇ ਹਤੇ[22] ਕਉ ਰਖੈ[23] ਨ ਕੋਇ ॥

None can save[23] him who is accursed[22] of the saint.

ਸਾਧੂ ਦੇ ਧ੍ਰਿਕਾਰੇ[22] ਹੋਏ ਨੂੰ ਕੋਈ ਭੀ ਬਚਾ[23] ਨਹੀਂ ਸਕਦਾ ।

ਸੰਤ ਕੈ ਦੂਖਨਿ ਥਾਨ[24] ਭ੍ਰਸਟੁ[25] ਹੋਇ ॥

By accusing the saints the place[24] is defiled[25].

ਸਾਧੂਆਂ ਤੇ ਦੂਸ਼ਨ ਲਾਉਣ ਨਾਲ ਥਾਂ[24] ਗੰਦੀ[25] ਹੋ ਜਾਂਦੀ ਹੈ !

ਸੰਤ ਕ੍ਰਿਪਾਲ[26] ਕ੍ਰਿਪਾ[27] ਜੇ[28] ਕਰੈ[29] ॥ ਨਾਨਕ ਸੰਤ ਸੰਗਿ[30] ਨਿੰਦਕੁ[31] ਭੀ ਤਰੈ[32] ॥੧॥

Nanak, even a slanderer[31] is saved[32] in the company of the saints[30], if[28] the compassionate[26] saints show[29] him mercy[27].

ਨਾਨਕ ਸਤਿ ਸੰਗਤ[30] ਅੰਦਰ ਕਲੰਕ ਲਾਉਣ ਵਾਲਾ[31] ਭੀ ਪਾਰ ਉਤਰ ਜਾਂਦਾ[32] ਹੈ, ਜੇਕਰ[28] ਮਿਹਰਬਾਨ[26] ਸਾਧੂ ਉਸ ਤੇ ਮਿਹਰ[27] ਧਾਰਨ[29] ।

ਸੰਤ ਕੇ ਦੂਖਨ[35] ਤੇ ਮੁਖੁ[33] ਭਵੈ[34] ॥

By slandering[35] the saints man becomes wry[34]-faced[33].

ਸਾਧੂਆਂ ਦੀ ਨਿੰਦਾ ਕਰਨ ਨਾਲ[35] ਆਦਮੀ ਦਾ ਮੂੰਹ[33] ਵਿੰਗਾ[34] ਹੋ ਜਾਂਦਾ ਹੈ ।

ਸੰਤਨ ਕੈ ਦੂਖਨਿ ਕਾਗ[36] ਜਿਉ[37] ਲਵੈ[38] ॥

By slandering the saints, he crows[38] like[37] a raven[36].

ਸਾਧੂਆਂ ਦੀ ਨਿੰਦਾ ਕਰਨ ਨਾਲ ਆਦਮੀ ਕਾਂ[36] ਦੀ ਤਰ੍ਹਾਂ[37] ਕਾਂ ਕਾਂ[38] ਕਰਦਾ ਹੈ ।

ਸੰਤਨ ਕੈ ਦੂਖਨ ਸਰਪ[39] ਜੋਨਿ[40] ਪਾਇ[41] ॥

By slandering the saints, man gets[41] a snake's[39] birth[40].

ਸਾਧੂਆਂ ਦੀ ਨਿੰਦਾ ਕਰਨ ਨਾਲ ਆਦਮੀ ਸੱਪ[39] ਦੀ ਜੂਨੀ[40] ਵਿਚ ਪੈਂਦਾ[41] ਹੈ ।

ਸੰਤ ਕੈ ਦੂਖਨਿ ਤ੍ਰਿਗਦ[42] ਜੋਨਿ[43] ਕਿਰਮਾਇ[44] ॥

By slandering the saints, he is born in worm[44] like creeping[42] existences[43].

ਸਾਧੂਆਂ ਦੀ ਨਿੰਦਾ ਕਰਨ ਨਾਲ ਬੰਦਾ ਕੀੜੇ[44] ਵਰਗੀਆਂ ਰੀਂਗਣ[42] ਵਾਲੀਆਂ ਜੂਨੀਆਂ[43] ਵਿਚ ਜੰਮਦਾ ਹੈ ।

ਸੰਤਨ ਕੈ ਦੂਖਨਿ ਤ੍ਰਿਸਨਾ[45] ਮਹਿ[46] ਜਲੈ[47] ॥

By slandering the saints, he burns[47] in[46] the fire of desire[45].

ਸਾਧੂਆਂ ਦੀ ਨਿੰਦਾ ਕਰਨ ਦੁਆਰਾ ਉਹ ਖ਼ਾਹਿਸ਼[45] ਦੀ ਅੱਗ ਵਿਚ[46] ਸੜਦਾ[47] ਹੈ ।

ਸੰਤ ਕੈ ਦੂਖਨਿ ਸਭ[48] ਕੋ ਛਲੈ[49] ॥

By slandering the saints, the mortal deceives[49] everyone[48].

ਸਾਧੂਆਂ ਦੀ ਨਿੰਦਾ ਕਰਨ ਵਾਲਾ ਹਰ ਇਕਸ[48] ਨਾਲ ਠੱਗੀ[49] ਠੋਰੀ ਕਰਦਾ ਹੈ ।

ਸੰਤ ਕੈ ਦੂਖਨਿ ਤੇਜੁ[50] ਸਭੁ[52] ਜਾਇ[51] ॥

By slandering the saints, man's entire[52] influence[50] departs[51].

ਸਾਧੂਆਂ ਦੀ ਨਿੰਦਾ ਕਰਨ ਨਾਲ ਆਦਮੀ ਦਾ ਸਾਰਾ[52] ਰਸੂਖ[50] ਖ਼ਤਮ[51] ਹੋ ਜਾਂਦਾ ਹੈ ।

ਸੰਤ ਕੈ ਦੂਖਨਿ ਨੀਚੁ[53] ਨੀਚਾਇ ॥

By slandering the saints, man becomes the meanest of the mean[53].

ਸਾਧੂਆਂ ਦੀ ਨਿੰਦਾ ਕਰਨ ਨਾਲ ਆਦਮੀ ਕਮੀਨਿਆਂ ਦਾ ਪਰਮ ਕਮੀਨਾ[53] ਹੋ ਜਾਂਦਾ ਹੈ ।

ਸੰਤ ਦੋਖੀ[54] ਕਾ ਥਾਉ[55] ਕੋ ਨਾਹਿ ॥

For the slanderer[54] of the saint there is no place[55] of rest.

ਸਾਧੂ ਦੇ ਨਿੰਦਕ[54] ਲਈ ਕੋਈ ਆਰਾਮ ਦੀ ਥਾਂ[55] ਨਹੀਂ ।

੨੮੦ 280 ੨੮੦

ਨਾਨਕ ਸੰਤ ਭਾਵੈ[56] ਤਾ[57] ਓਇ ਭੀ ਗਤਿ[58] ਪਾਹਿ[59] ॥੨॥

Nanak, if it pleases[56] the saint, then[57], he too obtains[59] salvation[58].

ਨਾਨਕ, ਜੇਕਰ ਸਾਧੂ ਨੂੰ ਚੰਗਾ[56] ਲੱਗੇ, ਤਦ[57] ਉਹ ਭੀ ਮੁਕਤੀ[58] ਪਾ[59] ਲੈਂਦਾ ਹੈ ।

ਸੰਤ ਕਾ ਨਿੰਦਕੁ[60] ਮਹਾ[61] ਅਤਤਾਈ[62] ॥

The slanderer[60] of the saint is the extreme[61] evil-doer[62].

ਸਾਧੂ ਦੀ ਨਿੰਦਾ ਕਰਨ ਵਾਲਾ[60] ਅੱਤ[61] ਦਾ ਭੈੜ ਕਰਨ ਵਾਲਾ[62] ਹੈ ।

ਸੰਤ ਕਾ ਨਿੰਦਕੁ ਖਿਨੁ[63] ਟਿਕਨੁ[64] ਨ ਪਾਈ ॥	The slanderer of the saint has not a moment's[63] rest[64].	ਸਾਧੂ ਦੀ ਨਿੰਦਾ ਕਰਨ ਵਾਲੇ ਨੂੰ ਪਲ[63] ਭਰ ਭੀ ਆਰਾਮ[64] ਨਹੀਂ ਮਿਲਦਾ ।
ਸੰਤ ਕਾ ਨਿੰਦਕੁ ਮਹਾ ਹਤਿਆਰਾ[65] ॥	The slanderer of the saint is a great butcher[65].	ਸਾਧੂ ਦੀ ਨਿੰਦਾ ਕਰਨ ਵਾਲਾ ਵੱਡਾ ਕਸਾਈ[65] ਹੈ ।
ਸੰਤ ਕਾ ਨਿੰਦਕੁ ਪਰਮੇਸੁਰਿ[66] ਮਾਰਾ[67] ॥	The slanderer of the saint is accursed[67] of the Lord[66].	ਸਾਧੂ ਦੀ ਨਿੰਦਾ ਕਰਨ ਵਾਲਾ ਪਾਰਬ੍ਰਹਮ[66] ਦਾ ਮਾਰਿਆ[67] ਹੋਇਆ ਹੈ ।
ਸੰਤ ਕਾ ਨਿੰਦਕੁ ਰਾਜ[68] ਤੇ ਹੀਨੁ[69] ॥	The slanderer of the saint loses[69] his kingdom[68].	ਸਾਧੂ ਦੀ ਨਿੰਦਾ ਕਰਨ ਵਾਲਾ ਆਪਣੀ ਪਾਤਸ਼ਾਹੀ[68] ਗੁਆ[69] ਲੈਂਦਾ ਹੈ ।
ਸੰਤ ਕਾ ਨਿੰਦਕੁ ਦੁਖੀਆ[70] ਅਰੁ[71] ਦੀਨੁ[72] ॥	The slanderer of the saint becomes afflicted[70] and[71] poor[72].	ਸਾਧੂ ਦੀ ਨਿੰਦਾ ਕਰਨ ਵਾਲਾ ਪੀੜਤ[70] ਅਤੇ[71] ਕੰਗਾਲ[72] ਹੋ ਜਾਂਦਾ ਹੈ ।
ਸੰਤ ਕੇ ਨਿੰਦਕੁ ਕਉ ਸਰਬ[73] ਰੋਗ[74] ॥	The slanderer of the saint contracts all[73] the aliments[74].	ਸਾਧੂ ਦੀ ਨਿੰਦਾ ਕਰਨ ਵਾਲੇ ਨੂੰ ਸਾਰੀਆਂ[73]ਬੀਮਾਰੀਆਂ[74] ਲੱਗ ਜਾਂਦੀਆਂ ਹਨ ।
ਸੰਤ ਕੇ ਨਿੰਦਕ ਕਉ ਸਦਾ[75] ਬਿਜੋਗ[76] ॥	The slanderer of the saint ever[75] suffers separation[76].	ਸਾਧੂ ਦੀ ਨਿੰਦਾ ਕਰਨ ਵਾਲਾ ਹਮੇਸ਼ਾ[75] ਵਿਛੋੜਾ[76] ਸਹਾਰਦਾ ਹੈ ।
ਸੰਤ ਕੀ ਨਿੰਦਾ ਦੋਖ ਮਹਿ ਦੋਖੁ[77] ॥	The slandering of the saint is the sin[77] of all the sins.	ਸਾਧੂ ਦੀ ਬਦਖੋਈ ਸਾਰਿਆਂ ਪਾਪਾਂ ਦਾ ਪਾਪ[77] ਹੈ ।
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ[78] ॥੩॥	Nanak, if it pleases the saint then, even he shall be emancipated[78].	ਨਾਨਕ ਜੇਕਰ ਸਾਧੂ ਨੂੰ ਚੰਗਾ ਲਗੇ, ਤਦ ਉਹ ਭੀ ਮੋਖਸ਼[78] ਹੋ ਜਾਵੇਗਾ ।
ਸੰਤ ਕਾ ਦੋਖੀ ਸਦਾ ਅਪਵਿਤੁ[79] ॥	The saint's slanderer, is ever impure[79].	ਸਾਧੂ ਦਾ ਨਿੰਦਕ ਹਮੇਸ਼ਾ ਪਲੀਤ[79] ਹੁੰਦਾ ਹੈ ।
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ[80] ॥	The saint's slanderer is no man's friend[80].	ਸਾਧੂ ਦਾ ਨਿੰਦਕ ਕਿਸੇ ਬੰਦੇ ਦਾ ਮਿੱਤ੍ਰ[80] ਨਹੀਂ ਹੁੰਦਾ ।
ਸੰਤ ਕੇ ਦੋਖੀ ਕਉ ਡਾਨੁ[81] ਲਾਗੈ[82] ॥	The saint's slanderer is awarded[82] punishment[81].	ਸਾਧੂ ਦੇ ਨਿੰਦਕ ਨੂੰ ਸਜ਼ਾ[81] ਮਿਲਦੀ[82] ਹੈ ।
ਸੰਤ ਕੇ ਦੋਖੀ ਕਉ ਸਭ ਤਿਆਗੈ[83] ॥	The saint's slanderer is abandoned[83] by all.	ਸਾਧੂ ਦੇ ਨਿੰਦਕ ਨੂੰ ਸਾਰੇ ਛੱਡ[83] ਜਾਂਦੇ ਹਨ ।
ਸੰਤ ਕਾ ਦੋਖੀ ਮਹਾ[84] ਅਹੰਕਾਰੀ[85] ॥	The saint's slanderer is exceedingly[84] proud[85].	ਸਾਧੂ ਦਾ ਨਿੰਦਕ ਵੱਡਾ[84] ਮਗ਼ਰੂਰ[85] ਹੁੰਦਾ ਹੈ ।
ਸੰਤ ਕਾ ਦੋਖੀ ਸਦਾ ਬਿਕਾਰੀ[86] ॥	The saint's slanderer is ever a sinner[86].	ਸਾਧੂ ਦਾ ਨਿੰਦਕ ਹਮੇਸ਼ਾ ਪਾਪੀ[86] ਹੁੰਦਾ ਹੈ ।
ਸੰਤ ਕਾ ਦੋਖੀ ਜਨਮੈ[87] ਮਰੈ[88] ॥	The saint's slanderer continues coming[87] and going[88].	ਸਾਧੂ ਦਾ ਨਿੰਦਕ ਆਉਂਦਾ[87] ਤੇ ਜਾਂਦਾ[88] ਰਹਿੰਦਾ ਹੈ ।
ਸੰਤ ਕੀ ਦੂਖਨਾ ਸੁਖ[89] ਤੇ ਟਰੈ[90] ॥	The saint's slanderer gets devoid[90] of peace[89].	ਸਾਧੂ ਦਾ ਨਿੰਦਕ ਆਰਾਮ[89] ਤੋਂ ਸੱਖਣਾ[90] ਹੋ ਜਾਂਦਾ ਹੈ ।

ਸੰਤ ਕੇ ਦੋਖੀ ਕਉ ਨਾਹੀ ਠਾਉ[91] ॥	The saint's slanderer has no abiding place[91].	ਸਾਧੂ ਦੇ ਨਿੰਦਕ ਨੂੰ ਕੋਈ ਰਹਿਣ ਦੀ ਥਾਂ[91] ਨਹੀਂ ਮਿਲਦੀ।
ਨਾਨਕ ਸੰਤ ਭਾਵੈ[94] ਤਾ[92] ਲਏ ਮਿਲਾਇ[93] ॥੪॥	Nanak, if it pleases[94] the saint, then, he unites[93] him with himself.	ਜੇਕਰ ਸਾਧੂ ਨੂੰ ਇਸ ਤਰ੍ਹਾਂ ਚੰਗਾ[94] ਲੱਗੇ, ਤਦ[92] ਉਹ ਉਸ ਨੂੰ ਆਪਣੇ ਨਾਲ ਮਿਲਾ[93] ਲੈਂਦਾ ਹੈ, ਹੇ ਨਾਨਕ।
ਸੰਤ ਕਾ ਦੋਖੀ ਅਧ ਬੀਚ[95] ਤੇ ਟੂਟੈ[96] ॥	The saint's calumniator breaks[96] down half-way[95].	ਸਾਧੂ ਦਾ ਨਿੰਦਕ ਅਧ-ਵਾਟਿਓ[95] ਹੀ ਟੁੱਟ[96] ਜਾਂਦਾ ਹੈ।
ਸੰਤ ਕਾ ਦੋਖੀ ਕਿਤੈ ਕਾਜਿ[97] ਨ ਪਹੂਚੈ[98] ॥	The saint's calumniator can accomplish[98] task[97].	ਸਾਧੂ ਦਾ ਨਿੰਦਕ ਕੋਈ ਕੰਮ[97] ਨੇਪਰੇ[98] ਨਹੀਂ ਚਾੜ੍ਹ ਸਕਦਾ।
ਸੰਤ ਕੇ ਦੋਖੀ[99] ਕਉ ਉਦਿਆਨ[100] ਭ੍ਰਮਾਈਐ[2]॥	The saint's evil-wisher[99] is made to wander[2] into the wilderness[100].	ਸਾਧੂ ਦਾ ਬੁਰਾ ਚਿਤਵਨ ਵਾਲੇ[99] ਨੂੰ ਬੀਆਬਾਨ[100] ਅੰਦਰ ਭਟਕਾਇਆ[2] ਜਾਂਦਾ ਹੈ।
ਸੰਤ ਕਾ ਦੋਖੀ ਉਝੜਿ[3] ਪਾਈਐ[4] ॥	The saint's evil-wisher is thrown[4] in a desolate place[3].	ਸਾਧੂ ਦਾ ਬੁਰਾ ਚਿਤਵਨ ਵਾਲਾ ਉਜਾੜੂ ਥਾਂ[3] ਵਿਚ ਸੁਟਿਆ[4] ਜਾਂਦਾ ਹੈ।
ਸੰਤ ਕਾ ਦੋਖੀ ਅੰਤਰ[5] ਤੇ[6] ਥੋਥਾ[7] ॥ ਜਿਉ[8] ਸਾਸ[9] ਬਿਨਾ ਮਿਰਤਕ[10] ਕੀ ਲੋਥਾ[12] ॥	The saint's evil-wisher is hollow[7] from[6] within[5], as[8] the corpse[12] of a dead[10] man is without breath[9].	ਸਾਧੂ ਦਾ ਬੁਰਾ ਚਿਤਵਨ ਵਾਲਾ ਅੰਦਰ[5] ਤੋਂ[6] ਖ਼ਾਲੀ[7] ਹੁੰਦਾ ਹੈ, ਜਿਸ ਤਰ੍ਹਾਂ[8] ਮਰੇ ਹੋਏ[10] ਬੰਦੇ ਦੀ ਲਾਸ਼[12] ਸਾਹ[9] ਦੇ ਬਗ਼ੈਰ ਹੁੰਦੀ ਹੈ।
ਸੰਤ ਕੇ ਦੋਖੀ ਕੀ ਜੜ[13] ਕਿਛੂ[14] ਨਾਹਿ ॥	The saint's calumniator has no root[13] whatever[14].	ਸਾਧੂ ਦੇ ਨਿੰਦਕ ਦੀ ਜੜ[13] ਬਿਲਕੁਲ[14] ਹੀ ਨਹੀਂ ਹੁੰਦੀ।
ਆਪਨ[15] ਬੀਜਿ ਆਪੇ ਹੀ ਖਾਹਿ[16] ॥	He himself eats[16] what he himself[15] did sow.	ਜੋ ਕੁਛ ਉਸ ਨੇ ਖ਼ੁਦ[15] ਬੀਜਿਆ ਸੀ, ਉਹ ਖ਼ੁਦ ਹੀ ਖਾਂਦਾ[16] ਹੈ।
ਸੰਤ ਕੇ ਦੋਖੀ ਕਉ ਅਵਰੁ[17] ਨ ਰਾਖਨਹਾਰੁ[18] ॥	None else[17] can be the protector[18] of the calumniator of the saint.	ਸਾਧੂ ਦੇ ਨਿੰਦਕ ਨੂੰ ਕੋਈ ਹੋਰ[17] ਬਚਾਉਣ ਵਾਲਾ[18] ਨਹੀਂ ਹੋ ਸਕਦਾ।
ਨਾਨਕ ਸੰਤ ਭਾਵੈ[21] ਤਾ[19] ਲਏ ਉਬਾਰਿ[20] ॥੫॥	Nanak, if it pleases[21] the saint, then[19], he saves[20] him.	ਨਾਨਕ, ਜੇਕਰ ਇਹ ਸਾਧੂ ਨੂੰ ਚੰਗਾ[21] ਲੱਗੇ, ਤਦ[19] ਉਹ ਉਸ ਨੂੰ ਬਚਾ[20] ਲੈਂਦਾ ਹੈ।
ਸੰਤ ਕਾ ਦੋਖੀ ਇਉ[22] ਬਿਲਲਾਇ[23] ॥ ਜਿਉ[24] ਜਲ[25] ਬਿਹੂਨ[26] ਮਛੁਲੀ[27] ਤੜਫੜਾਇ[28] ॥	The saint's slanderer bewails[23], in such a way[22], as[24] a fish[27] wriggles[28] in agony, without[26] water[25].	ਸਾਧੂ ਨੂੰ ਇਲਜ਼ਾਮ ਲਾਉਣ ਵਾਲਾ ਐਉਂ[22] ਵਿਰਲਾਪ[23] ਕਰਦਾ ਹੈ, ਜਿਸ ਤਰ੍ਹਾਂ[24] ਪਾਣੀ[25] ਦੇ ਬਿਨਾ[26] ਮੱਛੀ[27] ਦੁੱਖ ਵਿਚ ਤੜਫਦੀ[28] ਹੈ।
ਸੰਤ ਕਾ ਦੋਖੀ ਭੂਖਾ[29] ਨਹੀ ਰਾਜੈ[30] ॥ ਜਿਉ ਪਾਵਕੁ[31] ਈਧਨਿ[32] ਨਹੀ ਧ੍ਰਾਪੈ[33] ॥	The saint's calumniator is ever hungry[29] and is not satiated[30], as the fire[31] is not satisfied[33] with fuel[32].	ਸਾਧੂ ਦਾ ਨਿੰਦਕ ਹਮੇਸ਼ਾ ਭੁਖਾ[29] ਹੁੰਦਾ ਹੈ ਅਤੇ ਰੱਜਦਾ[30] ਨਹੀਂ, ਜਿਸ ਤਰ੍ਹਾਂ ਅੱਗ[31] ਬਾਲਣ[32] ਨਾਲ ਨਹੀਂ ਰੱਜਦੀ[33]।
ਸੰਤ ਕਾ ਦੋਖੀ ਛੁਟੈ[34] ਇਕੇਲਾ[35] ॥ ਜਿਉ[41] ਬੂਆੜੁ[36] ਤਿਲੂ[37] ਖੇਤ[38] ਮਾਹਿ[39] ਦੁਹੇਲਾ[40] ॥	The saint's calumniator is left[34] alone[35], like[41] the miserable[40] spurious[36] sesame[37] stalk in[39] the field[39].	ਸਾਧੂ ਦਾ ਨਿੰਦਕ ਪੈਲੀ[38] ਅੰਦਰ[39] ਤਿਲ[37] ਦੇ ਥੋਥੇ[36] ਦੁਖੀ[40] ਬੂਟੇ ਦੀ ਮਾਨਿੰਦ[41] ਕੱਲਮਕੱਲਾ[35] ਛੱਡਿਆ[34] ਜਾਂਦਾ ਹੈ।

ਸੰਤ ਕਾ ਦੋਖੀ ਧਰਮ[42] ਤੇ ਰਹਤ[43] ॥	The saint's calumniator is devoid[43] of faith[42].	ਸਾਧੂ ਦਾ ਨਿੰਦਕ ਸਿਦਕ-ਈਮਾਨ[42] ਤੋਂ ਸੱਖਣਾ[43] ਹੁੰਦਾ ਹੈ।
ਸੰਤ ਕਾ ਦੋਖੀ ਸਦ[44] ਮਿਥਿਆ[45] ਕਹਤ[46] ॥	The saint's calumniator ever[44] utters[46] falsehood[45].	ਸਾਧੂ ਦਾ ਨਿੰਦਕ ਹਮੇਸ਼ਾ[44] ਝੂਠ[45] ਬੋਲਦਾ[46] ਹੈ।
ਕਿਰਤੁ[47] ਨਿੰਦਕ ਕਾ ਧੁਰਿ[48] ਹੀ ਪਇਆ[49] ॥	The fate[47] of the calumniator is so ordained[49] from the beginning[48].	ਕਲੰਕ ਲਾਉਣ ਵਾਲੇ ਦੀ ਕਿਸਮਤ[47] ਮੁਢ[48] ਤੋਂ ਹੀ ਐਸੀ ਲਿਖੀ[49] ਹੋਈ ਹੈ।
ਨਾਨਕ ਜੋ[50] ਤਿਸੁ[51] ਭਾਵੈ ਸੋਈ[52] ਥਿਆ[53] ॥੬॥	Nanak, whatever[50] pleases Him[51], that[52] takes place[53].	ਨਾਨਕ ਜਿਹੜਾ ਕੁਛ[50] ਉਸ[51] (ਹਰੀ) ਨੂੰ ਚੰਗਾ ਲਗਦਾ ਹੈ, ਉਹੀ[52] ਹੁੰਦਾ[53] ਹੈ।
ਸੰਤ ਕਾ ਦੋਖੀ[54] ਬਿਗੜ[55] ਰੂਪੁ[56] ਹੋਇ ਜਾਇ ॥	The maligner[54] of the saint becomes [55]deformed[56].	ਸਾਧੂਆਂ ਤੇ ਊਝ ਲਾਉਣ ਵਾਲਾ[54] ਕੋਝੀ[55] ਸ਼ਕਲ[56] ਵਾਲਾ ਹੋ ਜਾਂਦਾ ਹੈ।
ਸੰਤਕੇ ਦੋਖੀ ਕਉ ਦਰਗਹ[57] ਮਿਲੈ ਸਜਾਇ[58] ॥	The maligner of the saint receives punishment[58] in God's court[57]	ਸਾਧੂਆਂ ਤੇ ਊਝ ਲਾਉਣ ਵਾਲੇ ਨੂੰ ਵਾਹਿਗੁਰੂ ਦੇ ਦਰਬਾਰ[57] ਅੰਦਰ ਸਜ਼ਾ[58] ਮਿਲਦੀ ਹੈ।
ਸੰਤ ਕਾ ਦੋਖੀ ਸਦਾ ਸਹਕਾਈਐ[59] ॥	The maligner of saint is ever on the verge of death[59].	ਸਾਧੂਆਂ ਤੇ ਊਝ ਲਾਉਣ ਵਾਲਾ ਹਮੇਸ਼ਾ ਮਰਨ-ਕਿਨਾਰੇ[59] ਹੁੰਦਾ ਹੈ।
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ[60] ॥	The maligner of the saint hangs between life and death[60].	ਸਾਧੂਆਂ ਤੇ ਊਝ ਲਾਉਣ ਵਾਲਾ ਜ਼ਿੰਦਗੀ ਤੇ ਮੌਤ ਦੇ ਵਿਚਕਾਰ[60] ਲਟਕਦਾ ਹੈ।
ਸੰਤ ਕੇ ਦੋਖੀ ਕੀ ਪੁਜੈ[61] ਨ ਆਸਾ[62] ॥	The hope[62] of the maligner of the saint is not fulfilled[61].	ਸਾਧੂਆਂ ਤੇ ਊਝ ਲਾਉਣ ਵਾਲੇ ਦੀ ਉਮੀਦ[62] ਪੂਰੀ[61] ਨਹੀਂ ਹੁੰਦੀ।
ਸੰਤ ਕਾ ਦੋਖੀ ਉਠਿ ਚਲੈ[63] ਨਿਰਾਸਾ[64] ॥	The maligner of the saint departs[63] disappointed[64].	ਸਾਧੂਆਂ ਤੇ ਊਝ ਲਾਉਣ ਵਾਲਾ ਨਾ-ਉਮੀਦ[64] ਟੁਰ[63] ਜਾਂਦਾ ਹੈ।
ਸੰਤ ਕੈ ਦੋਖਿ ਨ ਤ੍ਰਿਸਟੈ[65] ਕੋਇ ॥	By maligning the saint none attains stability[65].	ਸਾਧੂਆਂ ਤੇ ਊਝ ਲਾਉਣ ਦੁਆਰਾ ਕਿਸੇ ਨੂੰ ਭੀ ਸਥਿਰਤਾ[65] ਪ੍ਰਾਪਤ ਨਹੀਂ ਹੁੰਦੀ।
ਜੈਸਾ[66] ਭਾਵੈ[67] ਤੈਸਾ[68] ਕੋਈ[69] ਹੋਇ[70] ॥	As[66] is the Lord's will[67], so[68] does man[69] become[70].	ਜਿਸ ਤਰ੍ਹਾਂ[66] ਸਾਂਈ ਦੀ ਰਜ਼ਾ[67] ਹੁੰਦੀ ਹੈ, ਉਹੋ ਜਿਹਾ[68] ਹੀ ਬੰਦਾ[69] ਹੋ ਜਾਂਦਾ[70] ਹੈ।
ਪਇਆ[71] ਕਿਰਤੁ ਨ ਮੇਟੈ[72] ਕੋਇ ॥	No one can efface[72] the past actions[71].	ਕੋਈ ਜਣਾ ਪੂਰਬਲੇ[71] ਕਰਮਾਂ ਨੂੰ ਮੇਸ[72] ਨਹੀਂ ਸਕਦਾ।
ਨਾਨਕ ਜਾਨੈ ਸਚਾ[74] ਸੋਇ[73] ॥੭॥	Nanak, He[73],the True Lord[74],knows everything.	ਨਾਨਕ,ਉਹ[73],ਸੱਚਾ ਸਾਹਿਬ[74],ਸਾਰਾ ਕੁਛ ਜਾਣਦਾ ਹੈ।
ਸਭ ਘਟ[74]*ਤਿਸ ਕੇ[75] ਓਹੁ ਕਰਨੈਹਾਰੁ[76] ॥	All the hearts[74]* are His[75], He is the Creator[76].	ਸਾਰੇ ਦਿਲ[74]* ਉਸ[75] ਦੇ ਹਨ, ਉਹ ਸਿਰਜਣਹਾਰ[76] ਹੈ।
ਸਦਾ ਸਦਾ ਤਿਸ ਕਉ ਨਮਸਕਾਰੁ[77] ॥	Ever and ever, I bow[77] unto Him.	ਹਮੇਸ਼ਾ ਤੇ ਹਮੇਸ਼ਾ ਮੈਂ ਉਸ ਨੂੰ ਪ੍ਰਣਾਮ[77] ਕਰਦਾ ਹਾਂ।
ਪ੍ਰਭ ਕੀ ਉਸਤਤਿ[78] ਕਰਹੁ ਦਿਨੁ ਰਾਤਿ ॥	Praise[78] thou the Lord day and night.	ਦਿਨ ਰਾਤ ਤੂੰ ਸਾਹਿਬ ਦੀ ਕੀਰਤੀ[78] ਕਰ।

ਤਿਸਹਿ[79] ਧਿਆਵਹੁ[80] ਸਾਸਿ[81] ਗਿਰਾਸਿ[82] ॥

With every breath[81] and morsel[82] of thine, meditate[80] on Him[79].

ਆਪਣੇ ਹਰ ਸੁਆਸ[81] ਤੇ ਬੁਰਕੀ[82] ਨਾਲ ਉਸ[79] ਦਾ ਸਿਮਰਨ[80] ਕਰ ।

ਸਭੁ[83] ਕਛੁ ਵਰਤੈ[85] ਤਿਸ ਕਾ ਕੀਆ[84] ॥

Everything[83] which he chooses to do[84], comes to pass[85].

ਸਭ ਕੁਝ[83] ਜੋ ਉਹ ਕਰਨਾ[84] ਲੋੜਦਾ ਹੈ, ਹੋ ਜਾਂਦਾ[85] ਹੈ ।

ਜੈਸਾ[86] ਕਰੇ[87] ਤੈਸਾ[88] ਕੋ ਥੀਆ[89] ॥

As[86] God makes[87] the man, so[88] does he become[89].

ਜਿਸ ਤਰ੍ਹਾਂ[86] ਦਾ ਹਰੀ ਬੰਦੇ ਨੂੰ ਬਣਾਉਂਦਾ[87] ਹੈ, ਉਹੋ ਜਿਹਾ[88] ਹੀ ਉਹ ਬਣ[89] ਜਾਂਦਾ ਹੈ ।

ਅਪਨਾ[90] ਖੇਲੁ[92] ਆਪਿ[91] ਕਰਨੈਹਾਰੁ[93] ॥

He Himself[91] is the Doer[93] of His[90] play[92].

ਆਪਣੀ[90] ਖੇਡ[92] ਦਾ ਉਹ ਆਪੇ[91] ਹੀ ਰਚਨਹਾਰ[93] ਹੈ ।

ਦੂਸਰ[94] ਕਉਨੁ[95] ਕਹੈ[96] ਬੀਚਾਰੁ[97] ॥

Who[95] else[94] can say[96] or deliberate[97] upon it ?

ਹੋਰ[94] ਕਿਹੜਾ[95] ਇਸ ਨੂੰ ਆਖ[96] ਜਾਂ ਸੋਚ[97] ਸਕਦਾ ਹੈ ?

੨੮੧

281

੨੮੧

ਜਿਸ[98] ਨੋ ਕ੍ਰਿਪਾ[99] ਕਰੇ[100] ਤਿਸੁ ਆਪਨ ਨਾਮੁ ਦੇਇ ॥ ਵਡਭਾਗੀ[2] ਨਾਨਕ ਜਨ[3] ਸੇਇ[4] ॥੮॥੧੩॥

God gives His Name, to those, unto whom[98] He shows[100] His mercy[99]. Those[4] person[3], O Nanak, are very fortunate[2].

ਵਾਹਿਗੁਰੂ ਉਨ੍ਹਾਂ ਨੂੰ ਆਪਣਾ ਨਾਮ ਦਿੰਦਾ ਹੈ, ਜਿਨ੍ਹਾਂ[98] ਉਤੇ ਆਪਣੀ ਰਹਿਮਤ[99] ਧਾਰਦਾ[100] ਹੈ । ਹੇ ਨਾਨਕ ! ਉਹ[4] ਪੁਰਸ਼[3] ਚੰਗੇ ਭਾਗਾਂ ਵਾਲੇ[2] ਹਨ ।

ਸਲੋਕੁ ॥

Slok.

ਸਲੋਕ ।

ਤਜਹੁ[5] ਸਿਆਨਪ[6] ਸੁਰਿ ਜਨਹੁ[7] ਸਿਮਰਹੁ[8] ਹਰਿ ਹਰਿ[9] ਰਾਇ[10] ॥

Abandon[5] thy cleverness[6], O good men[7] and remember[8] Lord God[9], the king[10].

ਹੇ ਨੇਕ ਬੰਦਿਓ[7] ! ਆਪਣੀ ਚਤੁਰਾਈ[6] ਛੱਡ[5] ਕੇ, ਵਾਹਿਗੁਰੂ ਸੁਆਮੀ[9] ਪਾਤਸ਼ਾਹ[10] ਦਾ ਆਰਾਧਨ[8] ਕਰੋ ।

ਏਕ ਆਸ[12] ਹਰਿ ਮਨਿ[13] ਰਖਹੁ[14] ਨਾਨਕ ਦੂਖੁ[15] ਭਰਮੁ[16] ਭਉ[17] ਜਾਇ[18] ॥੧॥

Treasure[14] in thy heart[13] thy hope[12] in one God and thine distress[15], doubt[16] and dread[17] shall depart[18], O Nanak.

ਆਪਣੇ ਦਿਲ[13] ਅੰਦਰ ਆਪਣੀ ਉਮੀਦ[12] ਇਕ ਵਾਹਿਗੁਰੂ ਵਿਚ ਰੱਖ[14] ਅਤੇ ਤੇਰੀ ਪੀੜ[15] ਸੰਦੇਹ[16] ਅਤੇ ਡਰ[17] ਦੂਰ[18] ਹੋ ਜਾਣਗੇ, ਹੇ ਨਾਨਕ !

ਅਸਟਪਦੀ ॥

Ashtpadi.

ਅਸ਼ਟਪਦੀ ।

ਮਾਨੁਖ[19]ਕੀ ਟੇਕ[20] ਬ੍ਰਿਥੀ[21] ਸਭ ਜਾਨੁ[22] ॥

Know[22] that reliance[20] on man[19] is all in vain[21].

ਜਾਣ[22] ਲੈ ਕਿ ਬੰਦੇ[19] ਉਤੇ ਭਰੋਸਾ[20] ਰੱਖਣਾ ਉੱਕਾ ਹੀ ਬੇਫਾਇਦਾ[21] ਹੈ ।

ਦੇਵਨੁ[23] ਕਉ ਏਕੈ[24] ਭਗਵਾਨੁ[25] ॥

The Illustrious Lord[25] alone[24] is the Giver[23],

ਕੇਵਲ[24] ਪਰਸਿੱਧ-ਪ੍ਰਭੂ[25] ਹੀ ਦੇਣ ਵਾਲਾ[23] ਹੈ,

ਜਿਸ ਕੈ ਦੀਐ[26] ਰਹੈ ਅਘਾਇ[27] ॥ ਬਹੁਰਿ[28] ਨ ਤ੍ਰਿਸਨਾ[29] ਲਾਗੈ ਆਇ[30] ॥

By whose gifts[26] man remains satiated[27] and he feels[30] not thirst[29], again[28].

ਜਿਸ ਦੀਆਂ ਦਾਤਾਂ[26] ਦੁਆਰਾ ਆਦਮੀ ਰੱਜਿਆ[27] ਰਹਿੰਦਾ ਹੈ ਅਤੇ ਮੁੜ[28] ਉਸ ਨੂੰ ਤਰੇਹ[29] ਨਹੀਂ ਵਿਆਪਦੀ[30] ।

ਮਾਰੈ[31] ਰਾਖੈ[32] ਏਕੋ[33] ਆਪਿ[34] ॥

The One[33] Lord Himself[34] destroys[31] and projects[32].

ਇਕ[33] ਪ੍ਰਭੂ ਆਪੇ[34] ਹੀ ਮਾਰਦਾ[31] ਤੇ ਰਖਿਆ ਕਰਦਾ[32] ਹੈ ।

ਮਾਨੁਖ[35] ਕੈ ਕਿਛੁ ਨਾਹੀ ਹਾਥਿ[36] ॥

Nothing is in man's[35] hand[36].

ਆਦਮੀ[35] ਦੇ ਹੱਥ[36] ਵਿੱਚ ਕੁਛ ਭੀ ਨਹੀਂ ।

ਤਿਸ[37] ਕਾ ਹੁਕਮੁ[38] ਬੂਝਿ[39] ਸੁਖੁ[40] ਹੋਇ[41] ॥	Peace[40]ensues[41] from understanding[39] His[37] order[38].	ੳਿਸ[37] ਦਾ ਹੁਕਮਾਨ[38] ਸਮਝਣ[39] ਦੁਆਰਾ ਆਰਾਮ[40] ੳਤਪੰਨ[41] ਹੁੰਦਾ ਹੈ।
ਤਿਸ ਕਾ ਨਾਮੁ ਰਖੁ[42] ਕੰਠਿ[43] ਪਰੋਇ[44] ॥	String[44] His Name and wear[44] it around thy neck[43].	ੳਿਸ ਦੇ ਨਾਮ ਨੂੰ ਗੰਥਨ[44] ਕਰ ਅਤੇ ਇਸ ਨੂੰ ਆਪਣੀ ਗਰਦਨ[43] ਦੁਆਲੇ ਪਾਈ[42] ਰੱਖ।
ਸਿਮਰਿ[45] ਸਿਮਰਿ ਸਿਮਰਿ ਪ੍ਰਭੂ ਸੋਇ[46] ॥ ਨਾਨਕ ਬਿਘਨੁ[47]ਨ ਲਾਗੈ ਕੋਇ॥੧॥	O Nanak, remember,[45] remember, remember that[46] Lord, thus, no obstacle[47] shall come in thy way.	ਹੇ ਨਾਨਕ ! ਯਾਦ ਕਰ[45], ਯਾਦ ਕਰ, ਯਾਦ ਕਰ ੳਿਸ[46] ਸੁਆਮੀ ਨੂੰ ਇੰਝ ਕੋਈ ਰੁਕਾਵਟ[47]ਤੇਰੇ ਰਾਹ ਵਿਚ ਨਹੀਂ ਆਵੇਗੀ।
ੳਸਤਤਿ[48] ਮਨ[50] ਮਹਿ[49] ਕਰਿ[51] ਨਿਰੰਕਾਰ[52] ॥	Utter[51] the praise[48] of the Formless[52] One in[49] thy heart[50].	ਆਪਣੇ ਦਿਲ[50] ਅੰਦਰ[49] ਆਕਾਰ-ਰਹਿਤ[52] ਪੁਰਖ ਦਾ ਜੱਸ[48] ੳਚਾਰਣ[51] ਕਰ।
ਕਰਿ[56] ਮਨ[53] ਮੇਰੇ ਸਤਿ[54] ਬਿਉਹਾਰ[55] ॥	My soul[53], practise[56] thou the works[56] of righteousness[54].	ਮੇਰੀ ਜਿੰਦੜੀਏ[53] ! ਤੂੰ ਸੱਚਾਈ[54] ਦਾ ਕਾਰ ਵਿਹਾਰ[55] ਅਖਤਿਆਰ ਕਰ[56]।
ਨਿਰਮਲ[57] ਰਸਨਾ[58] ਅੰਮ੍ਰਿਤੁ[59] ਪੀਉ[60] ॥ ਸਦਾ ਸੁਹੇਲਾ[61] ਕਰਿ ਲੇਹਿ ਜੀਉ[62] ॥	By drinking[60] the Name Nectar[59] thy tongue[58] will become pure[57] and thou shalt render thy soul[62] ever comfortable[61].	ਨਾਮ ਦਾ ਆਬਿ-ਹਿਯਾਤ[59] ਪਾਨ[60] ਕਰਨ ਨਾਲ ਤੇਰੀ ਜੀਭ[58] ਪਵਿੱਤ੍ਰ[57] ਹੋ ਜਾਏਗੀ ਅਤੇ ਤੂੰ ਆਪਣੀ ਆਤਮਾ[62] ਨੂੰ ਹਮੇਸ਼ਾ ਲਈ ਸੁਖਾਲੀ[61] ਬਣਾ ਲਵੇਂਗਾ।
ਨੈਨਹੁ[63] ਪੇਖੁ[64] ਠਾਕੁਰ ਕਾ ਰੰਗੁ[65] ॥	With thine eyes[63] see[64] the wonderous play[65] of the Lord.	ਆਪਣੀਆਂ ਅੱਖਾਂ[63] ਨਾਲ ਸੁਆਮੀ ਦਾ ਕਉਤਕ[65] ਦੇਖ[64]।
ਸਾਧਸੰਗਿ ਬਿਨਸੈ[66] ਸਭ[67] ਸੰਗੁ[68] ॥	By associating with the saints congregation, all[67] other associations[68] vanish[66].	ਸਤਿਸੰਗਤ ਨਾਲ ਮਿਲਣ ਦੁਆਰਾ ਹੋਰ ਸਾਰੇ[67] ਮੇਲ-ਮਿਲਾਪ[68] ਅਲੋਪ[66] ਜੋ ਜਾਂਦੇ ਹਨ।
ਚਰਨ[69] ਚਲਉ[70]ਮਾਰਗਿ[71] [72]ਗੋਬਿੰਦ[73] ॥	With thy feet[69] walk[70] the way[71] of the World[72]-Lord[73].	ਆਪਣੇ ਪੈਰਾਂ[69] ਨਾਲ ਸ੍ਰਿਸ਼ਟੀ[72] ਦੇ ਸੁਆਮੀ[73] ਦੇ ਰਸਤੇ[71] ਤੁਰ[70]।
ਮਿਟਹਿ[74] ਪਾਪ[75] ਜਪੀਐ[76] ਹਰਿ ਬਿੰਦ[77] ॥	By contemplating over[76] God, even for a moment[77],the sins[75] are washed off[74].	ਇਕ ਮੁਹਤ[77] ਭਰ ਲਈ ਭੀ ਵਾਹਿਗੁਰੂ ਦਾ ਆਰਾਧਨ[76] ਕਰਨ ਦੁਆਰਾ ਪਾਪ[75] ਧੋਤੇ ਜਾਂਦੇ[74] ਹਨ।
ਕਰ[78] ਹਰਿ ਕਰਮ[79] ਸ੍ਰਵਨਿ[80] ਹਰਿ ਕਥਾ[81] ॥	Perform[78] God's service[79] and hear[80] God's discourse[81].	ਰੱਬ ਦੀ ਟਹਿਲ[79] ਕਮਾ[78] ਅਤੇ ਰੱਬ ਦੀ ਹੀ ਵਾਰਤਾ[81] ਸੁਣ[80]।
ਹਰਿ ਦਰਗਹ[82] ਨਾਨਕ ੳਜਲ[83] ਮਥਾ[84] ॥੨॥	Like this, thy countenance[84] shall be bright[83] in God's court[82], O Nanak.	ਇਸ ਤਰ੍ਹਾਂ ਤੇਰਾ ਚਿਹਰਾ[84], ਰੱਬ ਦੇ ਦਰਬਾਰ[82] ਵਿਚ ਰੋਸ਼ਨ[83] ਹੋ ਜਾਵੇਗਾ, ਹੇ ਨਾਨਕ !
[85]ਬਡਭਾਗੀ[86] ਤੇ[87] ਜਨ[88] ਜਗ[89] ਮਾਹਿ[90] ॥ ਸਦਾ ਸਦਾ[91] ਹਰਿ ਕੇ ਗੁਨ[92] ਗਾਹਿ[93] ॥	Very[85] fortunate[86] are those[87] persons[88] in[90] the world[89], who ever and ever[91] chant[93] God's glory[92].	ਭਾਰੇ[85] ਨਸੀਬਾਂ[86] ਵਾਲੇ ਹਨ, ੳਹ[87] ਪੁਰਸ਼[88] ਜਹਾਨ[89] ਅੰਦਰ[90], ਜੋ ਹਮੇਸ਼ਾ ਤੇ ਹਮੇਸ਼ਾ[91] ਵਾਹਿਗੁਰੂ ਦਾ ਜੱਸ[92] ਗਾਇਨ[93] ਕਰਦੇ ਹਨ।
ਰਾਮ[94] ਨਾਮ ਜੋ ਕਰਹਿ	They[96] who meditate[95] on Lord's[94]	ਜੋ ਸਾਹਿਬ[94] ਦੇ ਨਾਮ ਦਾ ਸਿਮਰਨ[95] ਕਰਦੇ ਹਨ,ੳਹ[96]

ਬੀਚਾਰ[95]॥ ਸੇ[96] ਧਨਵੰਤ[97] ਗਨੀ[98] ਸੰਸਾਰ ॥	Name, are accounted[98] wealthy[97] in the world.	ਜਗਤ ਅੰਦਰ ਦੌਲਤਮੰਦ[97] ਗਿਣੇ[98] ਜਾਂਦੇ ਹਨ।
ਮਨਿ[99] ਤਨਿ[100] ਮੁਖਿ[2] ਬੋਲਹਿ[3] ਹਰਿ ਮੁਖੀ[4] ॥ ਸਦਾ ਸਦਾ[8] ਜਾਨਹੁ[5] ਤੇ[6] ਸੁਖੀ[7] ॥	Who with their soul[99], body[100] and mouth[2] repeat[3] the Name of Supreme[4] God, know[5] that they[6] are ever and ever[8] happy[7].	ਜੋ ਆਪਣੀ ਆਤਮਾ[99], ਦੇਹਿ[100] ਅਤੇ ਮੂੰਹ[2] ਨਾਲ ਸ਼ਰੋਮਣੀ[4] ਵਾਹਿਗੁਰੂ ਦੇ ਨਾਮ ਦਾ ਉਚਾਰਨ[3] ਕਰਦੇ ਹਨ, ਸਮਝ[5] ਲਓ ਕਿ ਉਹ[6] ਸਦੀਵ ਤੇ ਹਮੇਸ਼ਾ[8] ਲਈ ਪ੍ਰਸੰਨ[7] ਹਨ।
ਏਕੋ ਏਕੁ[9] ਏਕੁ[10]ਪਛਾਨੈ[12]॥ ਇਤ[13] ਉਤ[14] ਕੀ ਓਹੁ ਸੋਝੀ[15] ਜਾਨੈ[16] ॥	He, who recognises[12] the only One[9] and the One Unique[10] Lord, obtains[16] the knowledge[15] of this world[13] and the next one[14].	ਜੋ ਕੇਵਲ ਇਕ[9] ਅਤੇ ਇਕ ਅਦੂਤੀ[10] ਸਾਹਿਬ ਨੂੰ ਹੀ ਸਿੰਞਾਣਦਾ[12] ਹੈ, ਉਹ ਇਸ ਲੋਕ[13] ਅਤੇ ਪ੍ਰਲੋਕ[14] ਦੀ ਗਿਆਤ[15] ਪ੍ਰਾਪਤ[16] ਕਰ ਲੈਂਦਾ ਹੈ।
ਨਾਮ ਸੰਗਿ ਜਿਸ ਕਾ ਮਨੁ ਮਾਨਿਆ[17] ॥ ਨਾਨਕ ਤਿਨਹਿ[18] ਨਿਰੰਜਨੁ[19] ਜਾਨਿਆ[20] ॥੩॥	He[18] whose mind is won over[17] to the Name, shall, O Nanak, know[20] the Pure One[19].	ਹੇ ਨਾਨਕ ! ਜਿਸ ਦਾ ਮਨੂਆ ਨਾਮ ਵੱਲ ਮਾਇਲ[17] ਹੋ ਗਿਆ ਹੈ, ਉਹ[18] ਪਵਿੱਤ੍ਰ[19]-ਪੁਰਖ ਨੂੰ ਜਾਣ[20]ਲੈਂਦਾ ਹੈ।
ਗੁਰ ਪ੍ਰਸਾਦਿ[21] ਆਪਨ ਆਪੁ[22] ਸੁਝੈ[23] ॥ ਤਿਸ ਕੀ ਜਾਨਹੁ[24] ਤ੍ਰਿਸਨਾ[25]ਬੁਝੈ[26]॥	Know[24]that his desire[25]is quenched[26] who by Guru's favour[21], understands[23] his ownself[22].	ਜੋ ਗੁਰਾਂ ਦੀ ਦਇਆ[21] ਦੁਆਰਾ ਆਪਣੇ ਆਪ[22] ਨੂੰ ਸਮਝ[23] ਲੈਂਦਾ ਹੈ, ਜਾਣ[24] ਲਉ ਕਿ ਉਸ ਦੀ ਖ਼ਾਹਿਸ਼[25] ਮਿਟ[26] ਗਈ ਹੈ।
ਸਾਧਸੰਗਿ ਹਰਿ ਹਰਿ[27] ਜਸੁ[28] ਕਹਤ[29] ॥ ਸਰਬ[30] ਰੋਗ[31] ਤੇ ਓਹੁ ਹਰਿ ਜਨੁ[32] ਰਹਤ[33] ॥	The man of God[32], who in the guild of saints, utters[29] Lord God's[27] praises[28], gets exempt[33] from all[30] the ailments[31].	ਉਹ ਰੱਬ ਦਾ ਬੰਦਾ[32] ਜੋ ਸਤਿਸੰਗਤ ਅੰਦਰ ਵਾਹਿਗੁਰੂ[27] ਸੁਆਮੀ ਦੀ ਕੀਰਤੀ[28] ਉਚਾਰਨ[29] ਕਰਦਾ ਹੈ, ਉਹ ਸਾਰੀਆਂ[30] ਬੀਮਾਰੀਆਂ[31] ਤੋਂ ਖ਼ਲਾਸੀ[33] ਪਾ ਜਾਂਦਾ ਹੈ।
ਅਨ[34] ਦਿਨੁ ਕੀਰਤਨੁ[35] ਕੇਵਲ[36] ਬਖਾਨੁ[37] ॥ ਗ੍ਰਿਹਸਤ[38] ਮਹਿ[39] ਸੋਈ[40] ਨਿਰਬਾਨੁ[41] ॥	He[40], who, night[34] and day, chants[37] only[36] the 'praise[35] of the Lord, remains detached[41] in[39] his household[38].	ਜੋ ਰਾਤ[34] ਦਿਨ, ਸਿਰਫ਼[36] ਸਾਹਿਬ ਦੀ ਮਹਿਮਾ[35] ਹੀ ਗਾਇਨ[37] ਕਰਦਾ ਹੈ, ਉਹ[40] ਆਪਣੇ ਘਰ ਬਾਰ[38] ਵਿਚ[39] ਹੀ ਨਿਰਲੇਪ[41] ਰਹਿੰਦਾ ਹੈ।
ਏਕ[42] ਊਪਰਿ ਜਿਸੁ ਜਨ[43] ਕੀ ਆਸਾ[44] ॥ ਤਿਸ[45] ਕੀ ਕਟੀਐ ਜਮ[46]ਕੀ ਫਾਸਾ[47]॥	The man[43], who pins his hope[44] on God alone[42], for him[45], Death's[46] noose[47] is cut.	ਜਿਸ ਇਨਸਾਨ[43] ਨੇ ਕੇਵਲ[42] ਵਾਹਿਗੁਰੂ ਉਤੇ ਉਮੀਦ[44] ਰੱਖੀ ਹੈ, ਉਸ[45] ਲਈ ਮੌਤ[46] ਦੀ ਫਾਹੀ[47] ਕੱਟੀ ਜਾਂਦੀ ਹੈ।
ਪਾਰਬ੍ਰਹਮ[48] ਕੀ ਜਿਸੁ ਮਨਿ ਭੂਖ[49] ॥ ਨਾਨਕ ਤਿਸਹਿ[50] ਨ ਲਾਗਹਿ[51] ਦੂਖ[52] ॥੪॥	He[50], in whose mind is the hunger[49] of the Supreme Lord[48], suffers[51] no pain[52], O Nanak.	ਜਿਸ ਦੇ ਚਿੱਤ ਅੰਦਰ ਪਰਮ ਪ੍ਰਭੂ[48] ਦੀ ਭੂਖ[49] ਹੈ, ਉਸ[50] ਨੂੰ ਹੇ ਨਾਨਕ ! ਕੋਈ ਪੀੜ[52] ਨਹੀਂ ਵਾਪਰਦੀ[51]।
ਜਿਸ ਕਉ ਹਰਿ ਪ੍ਰਭੁ ਮਨਿ[53] ਚਿਤਿ[54] ਆਵੈ[55] ॥ ਸੋ[56] ਸੰਤੁ ਸੁਹੇਲਾ[57] ਨਹੀ ਡੁਲਾਵੈ[58] ॥	Who, with his mind[53] and heart[54] remembers[55] Lord God, he[56], the saint, is comfortable[57] and wavers[58] not.	ਜੋ ਆਪਣੇ ਹਿਰਦੇ[53] ਅਤੇ ਦਿਲ[54] ਅੰਦਰ ਵਾਹਿਗੁਰੂ ਸੁਆਮੀ ਨੂੰ ਸਿਮਰਦਾ[55] ਹੈ, ਉਹ[56], ਸਾਧੂ, ਸੁਖਾਲਾ[57] ਹੁੰਦਾ ਹੈ ਅਤੇ ਡਿਕਡੋਲੇ[58] ਨਹੀਂ ਖਾਂਦਾ।

ਜਿਸੁ ਪ੍ਰਭੁ ਅਪੁਨਾ ਕਿਰਪਾ[59] ਕਰੈ[60] ॥	The[61] servant[62], unto whom his Master shows[60] mercy[59],	ਉਹ[61] ਦਾਸ[62], ਜਿਸ ਉਤੇ ਉਸ ਦਾ ਮਾਲਕ ਮਿਹਰ[59] ਧਾਰਦਾ[60] ਹੈ,
ਸੋ[61] ਸੇਵਕੁ[62] ਕਹੁ[63] ਕਿਸ ਤੇ ਡਰੈ[64] ॥	Say[63], of whom should he be afraid[64]?	ਦੱਸੋ[63] ਖਾਂ, ਉਸ ਕਿਸ ਕੋਲੋਂ ਡੋ[64] ਖਾਵੇ ?
ਜੈਸਾ[65] ਸਾ ਤੈਸਾ[66] ਦ੍ਰਿਸਟਾਇਆ[67] ॥	As[65] the Lord is, so[66] does He appear[67] unto him.	ਜਿਹੋ ਜਿਹਾ[65] ਵਾਹਿਗੁਰੂ ਹੈ, ਉਹੋ ਜਿਹਾ[66] ਹੀ ਉਸ ਨੂੰ ਨਿਗ੍ਹਾ[67] ਆਉਂਦਾ ਹੈ।
ਅਪੁਨੇ ਕਾਰਜ[68] ਮਹਿ[69] ਆਪਿ ਸਮਾਇਆ[70] ॥	In[69] His creation[68] the Master Himself is contained[70].	ਆਪਣੀ ਰਚਨਾ[68] ਅੰਦਰ[69] ਮਾਲਕ ਆਪੇ ਹੀ ਰਮਿਆ[70] ਹੋਇਆ ਹੈ।
ਸੋਧਤ[71] ਸੋਧਤ ਸੋਧਤ ਸੀਝਿਆ[72] ॥	Searching[71], searching and searching, ultimately the mortal succeeds[72].	ਭਾਲਦਾ[71], ਭਾਲਦਾ ਅਤੇ ਭਾਲਦਾ ਹੋਇਆ, ਓੜਕ ਨੂੰ ਜੀਵ ਕਾਮਯਾਬ[72] ਹੋ ਜਾਂਦਾ ਹੈ।
ਗੁਰ ਪ੍ਰਸਾਦਿ[73] ਤਤੁ[74] ਸਭੁ ਬੂਝਿਆ[75] ॥	By Guru's grace[73], he comes to know[75] the whole reality[74].	ਗੁਰਾਂ ਦੀ ਮਿਹਰ[73] ਸਦਕਾ ਉਹ ਸਾਰੀ ਅਸਲੀਅਤ[74] ਨੂੰ ਜਾਣ ਲੈਂਦਾ[75] ਹੈ।
ਜਬ[76] ਦੇਖਉ ਤਬ[77] ਸਭੁ ਕਿਛੁ[78] ਮੂਲੁ[79] ॥	When[76] I look, then[77] I see God at the root[79] of all the thing[78].	ਜਦ[76] ਮੈਂ ਵੇਖਦਾ ਹਾਂ, ਤਦ[77] ਮੈਂ ਹਰ ਵਸਤੂ[78] ਦੀ ਜੜ੍ਹ[79] ਵਾਹਿਗੁਰੂ ਨੂੰ ਦੇਖਦਾ ਹਾਂ।
ਨਾਨਕ ਸੋ[80]ਸੂਖਮੁ[81] ਸੋਈ[82] ਅਸਥੂਲ[83]॥੫॥	Nanak, He[80] Himself[82] is minute[81] and Himself great[83].	ਨਾਨਕ ਉਹ[80] ਆਪੇ ਹੀ ਬਾਰੀਕ[81] ਅਤੇ ਆਪੇ[82] ਹੀ ਵਿਸ਼ਾਲ[83] ਹੈ।
ਨਹ ਕਿਛੁ ਜਨਮੈ ਨਹ ਕਿਛੁ ਮਰੈ ॥	Nothing is born and nothing dies.	ਨਾ ਕੁਝ ਜੰਮਦਾ ਹੈ ਅਤੇ ਨਾ ਹੀ ਕੁਝ ਮਰਦਾ ਹੈ।
ਆਪਨ ਚਲਿਤੁ[84] ਆਪ[86] ਹੀ ਕਰੈ[85] ॥	His plays[84], He Himself[86] enacts[85].	ਆਪਣੇ ਕੌਤਕ[84] ਉਹ ਆਪੇ[86] ਹੀ ਰਚਦਾ[85] ਹੈ।
ਆਵਨੁ[86*] ਜਾਵਨੁ[87] ਦ੍ਰਿਸਟਿ[88] ਅਨਦ੍ਰਿਸਟਿ[89] ॥ ਆਗਿਆਕਾਰੀ[90] ਧਾਰੀ[91] ਸਭ[92] ਸ੍ਰਿਸਟਿ[93] ॥	Coming[86*] and going[87], visible[88], and invisible[89] and the entire[92] world[93], He has made[91] obedient[90] to Himself.	ਆਉਣ[86*] ਤੇ ਜਾਣ[87], ਪਰਤੱਖ[88] ਤੇ ਗੁਪਤ[89] ਅਤੇ ਸਮੂਹ[92] ਜਹਾਨ[93] ਉਸ ਨੇ ਆਪਣੇ ਫਰਮਾਂਬਰਦਾਰ[90] ਬਣਾਏ[91] ਹੋਏ ਹਨ।
੨੮੨	**282**	**੨੮੨**
ਆਪੇ ਆਪਿ[94] ਸਗਲ[95] ਮਹਿ[96] ਆਪਿ ॥	He is all by Himself[94]. Himself He is contained amongst[96] all[95].	ਸਾਰਾ ਕੁਛ ਉਹ ਆਪਣੇ[94] ਆਪ ਤੋਂ ਹੀ ਹੈ! ਆਪੇ ਹੀ ਉਹ ਸਾਰਿਆਂ[95] ਅੰਦਰ[96] ਰਮਿਆ ਹੋਇਆ ਹੈ।
ਅਨਿਕ[97] ਜੁਗਤਿ[98] ਰਚਿ[99] ਥਾਪਿ[100]ਉਥਾਪਿ[2] ॥	Employing[99] various[97] devices[98], He makes[100] and unmakes[2].	ਅਨੇਕਾਂ[97] ਤਰੀਕੇ[98] ਅਖ਼ਤਿਆਰ[99] ਕਰਕੇ, ਉਹ ਬਣਾਉਂਦਾ[100] ਅਤੇ ਢਾਉਂਦਾ[2] ਹੈ।
ਅਬਿਨਾਸੀ[3] ਨਾਹੀ ਕਿਛੁ ਖੰਡ[4] ॥	He is Imperishable[3] and nothing of Him is frangible[4].	ਉਹ ਅਮਰ[3] ਹੈ ਅਤੇ ਕੁਝ ਭੀ ਉਸ ਦਾ ਟੁਟਣ ਵਾਲਾ[4] ਨਹੀਂ।
ਧਾਰਣ[5] ਧਾਰਿ ਰਹਿਓ[6] ਬ੍ਰਹਮੰਡ[7] ॥	He is lending[6] support[5] to the Universe[7].	ਉਹ ਸੰਸਾਰ[7] ਨੂੰ ਆਸਰਾ[5] ਦੇ ਰਿਹਾ[6] ਹੈ।
ਅਲਖ[8] ਅਭੇਵ[9] ਪੂਰਖ[10] ਪਰਤਾਪ[12] ॥	Lord's[10] glory[12] is unapprehensible[8] and inscrutable[9].	ਸੁਆਮੀ[10]ਦਾ ਤਪ ਤੇਜ[12] ਅਗਾਧ[8] ਅਤੇ ਭੇਦ-ਰਹਿਤ[9] ਹੈ।

ਆਪਿ ਜਪਾਏ ਤ[13] ਨਾਨਕ ਜਾਪ[14] ॥੬॥	Nanak, if He causes man to remember Him, then[13] does he remember[14] Him.	ਨਾਨਕ ਜੇਕਰ ਉਹ ਬੰਦੇ ਪਾਸੋਂ ਆਪਣਾਂ ਸਿਮਰਨ ਕਰਾਵੇ, ਤਦ[13] ਹੀ ਉਹ ਸਿਮਰਨ[14] ਕਰਦਾ ਹੈ ।
ਜਿਨ ਪ੍ਰਭੁ ਜਾਤਾ[15] ਸੁ[16] ਸੋਭਾਵੰਤ[17] ॥	They[16], who know[15] the Lord are glorious[17].	ਜੋ ਠਾਕੁਰ ਨੂੰ ਜਾਣਦੇ[15] ਹਨ, ਉਹ[16] ਸੁਭਾਇਮਾਨ[17] ਹਨ ।
ਸਗਲ ਸੰਸਾਰੁ ਉਧਰੈ[18] ਤਿਨ ਮੰਤ[19] ॥	The whole world is saved[18] by their instruction[19].	ਸਾਰਾ ਜਹਾਨ ਉਨ੍ਹਾਂ ਦੇ ਉਪਦੇਸ਼[19] ਦੁਆਰਾ ਬਚ[18] ਜਾਂਦਾ ਹੈ ।
ਪ੍ਰਭ ਕੇ ਸੇਵਕ ਸਗਲ ਉਧਾਰਨ[20] ॥	Lord's slave save[20] all.	ਸਾਹਿਬ ਦੇ ਗੋਲੇ ਸਾਰਿਆਂ ਨੂੰ ਬਚਾ[20] ਲੈਂਦੇ ਹਨ ।
ਪ੍ਰਭ ਕੇ ਸੇਵਕ ਦੂਖ[21] ਬਿਸਾਰਨ[22] ॥	By associating with the slaves of the Lord calamity[21] is forgotten[22].	ਸਾਹਿਬ ਦੇ ਗੋਲਿਆਂ ਦੀ ਸੰਗਤ ਦੁਆਰਾ ਮੁਸੀਬਤ[21] ਭੁੱਲ[22] ਜਾਂਦੀ ਹੈ ।
ਆਪੇ[23] ਮੇਲਿ ਲਏ[24] ਕਿਰਪਾਲ[25] ॥	The Merciful[25] Master unites[24] them with Himself[23].	ਮਿਹਰਬਾਨ[25] ਮਾਲਕ ਉਨ੍ਹਾਂ ਨੂੰ ਆਪਣੇ ਨਾਲ[23] ਅਭੇਦ[24] ਕਰ ਲੈਂਦਾ ਹੈ ।
ਗੁਰ ਕਾ ਸਬਦੁ[26] ਜਪਿ[27] ਭਏ ਨਿਹਾਲ[28] ॥	By uttering[27] the Guru's hymns[26] they become Jubilant[28].	ਗੁਰਬਾਣੀ[26] ਦਾ ਉਚਾਰਨ[27] ਕਰਨ ਦੁਆਰਾ ਉਹ ਪਰਸੰਨ[28] ਹੋ ਜਾਂਦੇ ਹਨ ।
ਉਨ ਕੀ[29] ਸੇਵਾ ਸੋਈ[30] ਲਾਗੈ[31] ॥ ਜਿਸ ਨੋ ਕ੍ਰਿਪਾ[32] ਕਰਹਿ ਬਡਭਾਗੈ[33] ॥	Only[30] that fortunate man[33], applies[31] himself to their service[29], to whom God shows mercy[32].	ਕੇਵਲ[30] ਓਹੀ ਚੰਗੇ ਕਰਮਾਂ ਵਾਲਾ ਬੰਦਾ[33], ਉਨ੍ਹਾਂ ਦੀ ਟਹਿਲ[29] ਅੰਦਰ ਜੁੜਦਾ[31] ਹੈ, ਜਿਸ ਤੇ ਹਰੀ ਮਿਹਰ[32] ਧਾਰਦਾ ਹੈ ।
ਨਾਮੁ ਜਪਤ[34] ਪਾਵਹਿ ਬਿਸ੍ਰਾਮੁ[35] ॥	They who utter[34] the Name obtain rest[35].	ਜੋ ਨਾਮ ਦਾ ਉਚਾਰਨ[34] ਕਰਦੇ ਹਨ, ਉਹ ਆਰਾਮ[35] ਪਾਉਂਦੇ ਹਨ ।
ਨਾਨਕ ਤਿਨ[36] ਪੁਰਖ[37] ਕਉ ਊਤਮ[38] ਕਰਿ[39] ਮਾਨੁ[40] ॥੭॥	Nanak deem[40] those[36] persons[37] as[39] noble[38].	ਨਾਨਕ ਉਨ੍ਹਾਂ[36] ਪੁਰਸ਼ਾਂ[37] ਨੂੰ ਸਰੇਸ਼ਟ[38] ਕਰਕੇ[39] ਜਾਣ[40] ।
ਜੋ ਕਿਛੁ[41] ਕਰੈ ਸੁ[42] ਪ੍ਰਭ ਕੈ ਰੰਗਿ[43] ॥	Whatever[41] the saint does, he[42] does, for Lord's love[43].	ਜਿਹੜਾ[41] ਕੁਝ ਸਾਧੂ ਕਰਦਾ ਹੈ, ਉਹ[42] ਪ੍ਰਭੂ ਦੀ ਪ੍ਰੀਤ[43] ਲਈ ਕਰਦਾ ਹੈ ।
ਸਦਾ ਸਦਾ[44] ਬਸੈ[45] ਹਰਿ ਸੰਗਿ[46] ॥	For ever and aye[44], he abides[45] with[46] God.	ਸਦੀਵ ਤੇ ਹਮੇਸ਼ਾ[44] ਲਈ ਉਹ ਵਾਹਿਗੁਰੂ ਨਾਲ[46] ਵਸਦਾ[45] ਹੈ ।
ਸਹਜ ਸੁਭਾਇ[47] ਹੋਵੈ[48] ਸੋ[49] ਹੋਇ[50] ॥	He is pleased at the[49] occurrence[50], of what is naturally[47] to occur[48].	ਉਹ ਉਸ[49] ਦੇ ਹੋਣ[50] ਤੇ ਖ਼ੁਸ਼ ਹੁੰਦਾ ਹੈ ਜੋ ਕੁਦਰਤੀ[47] ਤੌਰ ਤੇ ਹੋਣਾ[48] ਹੈ ।
ਕਰਣੈਹਾਰੁ[51] ਪਛਾਣੈ[52] ਸੋਇ[53] ॥	He[53] recognises[52] Him as the Creator[51].	ਉਹ[53] ਉਸ ਨੂੰ ਸਿਰਜਣਹਾਰ[51] ਕਰਕੇ ਜਾਣਦਾ[52] ਹੈ
ਪ੍ਰਭ ਕਾ ਕੀਆ[54] ਜਨ[55] ਮੀਠ[56] ਲਗਾਨਾ ॥	Lord's doing[54] is sweet[56] unto His slave[55].	ਸਾਹਿਬ ਦਾ ਕਰਨਾ[54] ਉਸ ਦੇ ਗੋਲੇ[55] ਨੂੰ ਮਿੱਠਾ[56] ਲਗਦਾ ਹੈ ।
ਜੈਸਾ[57] ਸਾ ਤੈਸਾ[58] ਦ੍ਰਿਸਟਾਨਾ[59] ॥	As[57] the Lord is, so[58] He appears[59] unto him.	ਜਿਹੋ ਜਿਹਾ[57] ਸੁਆਮੀ ਹੈ, ਓਹੋ ਜਿਹਾ[58] ਹੀ ਉਸ ਨੂੰ ਨਜ਼ਰ ਆਉਂਦਾ[59] ਹੈ ।

ਜਿਸ ਤੇ ਉਪਜੇ[60] ਤਿਸੁ ਮਾਹਿ[61] ਸਮਾਏ[62] ॥
ਓਇ[63] ਸੁਖ ਨਿਧਾਨ[64] ਉਨਹੂ[65] ਬਨਿ ਆਏ[66] ॥
ਆਪਸ[67] ਕਉ ਆਪਿ[68] ਦੀਨੋ[69] ਮਾਨੁ[70] ॥
ਨਾਨਕ ਪ੍ਰਭ ਜਨੁ[72] ਏਕੋ[71] ਜਾਨੁ[73] ॥੮॥੧੪॥

ਸਲੋਕੁ ॥
ਸਰਬ[74] ਕਲਾ[75] ਭਰਪੂਰ[76] ਪ੍ਰਭ ਬਿਰਥਾ[77] ਜਾਨਨਹਾਰ[78] ॥
ਜਾ ਕੈ ਸਿਮਰਨਿ[79] ਉਧਰੀਐ[80] ਨਾਨਕ ਤਿਸੁ[81] ਬਲਿਹਾਰ[82] ॥੧॥

ਅਸਟਪਦੀ ॥
ਟੂਟੀ[83] ਗਾਢਨਹਾਰ[84] [85]ਗੁਪਾਲ[86] ॥
ਸਰਬ ਜੀਆ[87] ਆਪੇ ਪ੍ਰਤਿਪਾਲ[88] ॥
ਸਗਲ ਕੀ ਚਿੰਤਾ[89] ਜਿਸੁ ਮਨ ਮਾਹਿ[90] ॥ ਤਿਸ[92] ਤੇ ਬਿਰਥਾ[91] ਕੋਈ ਨਾਹਿ ॥
ਰੇ ਮਨ[93] ਮੇਰੇ ਸਦਾ[94] ਹਰਿ ਜਾਪਿ[95] ॥
ਅਬਿਨਾਸੀ[96] ਪ੍ਰਭੁ ਆਪੇ ਆਪਿ[97] ॥
ਆਪਨ[98] ਕੀਆ[99] ਕਛੂ ਨ ਹੋਇ[100] ॥ ਜੇ[2]ਸਉ[5]ਪ੍ਰਾਨੀ[3] ਲੋਚੈ[4] ਕੋਇ ॥
ਤਿਸੁ[6] ਬਿਨੁ ਨਾਹੀ ਤੇਰੈ ਕਿਛੁ ਕਾਮ[7] ॥
ਗਤਿ[8] ਨਾਨਕ ਜਪਿ[9] ਏਕ[10] ਹਰਿ ਨਾਮ ॥੧॥

He is absorbed[62] in[61] Him from whom he had sprung[60].
He[63] is the treasure of[64] peace. This honour becomes[66] him[65] alone.
To His[67] slave, God Himself[68] has given[69] honour[70].
Nanak, know[73] that the Lord and His slave[72] are one and the same[71].

Slok.

The Lord is replete[76] with all[74] powers[75] and is the knower[78] of our troubles[77].
Nanak is a sacrifice[82] unto Him[81], by whose rememberance[79] man is saved[80].

Ashtpadi.

The World[85]-cherisher[86] is the Mender[84] of the broken[83].
He Himself cherishes[88] all the sentient beings[87].
Within[90] whose mind is the anxiety[89] of all, none returns empty-handed[91] from Him[92].
O my soul[93], ever[94] meditate[95] thou on the Lord.
The Imperishable[96] Lord is all-in-all[97].
By mortal's[3] own[98] doing[99] nothing can be done[100], even though[2] he may desire[4] it hundreds[5] of times.
Without Him[6], nothing is of any avail[7] unto thee.
Salvation[8] is attained by repeating[9] the Name of God alone[10], O Nanak.

ਉਹ ਉਸ ਅੰਦਰ[61] ਲੀਨ[62] ਹੋ ਜਾਂਦਾ ਹੈ, ਜਿਸ ਤੋਂ ਉਹ ਪੈਦਾ[60] ਹੋਇਆ ਸੀ ।
ਉਹ[63] ਠੰਢ-ਚੈਨ ਦਾ[64] ਖ਼ਜ਼ਾਨਾ ਹੈ । ਇਹ ਇਜ਼ਤ ਕੇਵਲ ਉਸ[65] ਨੂੰ ਹੀ ਫਬਦੀ[66] ਹੈ ।
ਆਪਣੇ[67] ਗੋਲੇ ਨੂੰ ਵਾਹਿਗੁਰੂ ਨੇ ਆਪੇ[68] ਹੀ ਇਜ਼ਤ[70] ਬਖ਼ਸ਼ੀ[69] ਹੈ ।
ਨਾਨਕ ! ਸਮਝ[73] ਲੈ ਕਿ ਠਾਕੁਰ ਅਤੇ ਉਸ ਦਾ ਗੋਲਾ[72] ਐਨ ਇਕੋ[71] ਹੀ ਹਨ ।

ਸਲੋਕ ।

ਸੁਆਮੀ ਸਾਰੀਆਂ[74] ਸ਼ਕਤੀਆਂ[75] ਨਾਲ ਪਰੀਪੂਰਨ[76] ਹੈ ਅਤੇ ਸਾਡੀਆਂ ਤਕਲੀਫ਼ਾਂ[77] ਨੂੰ ਜਾਨਣ ਵਾਲਾ[78] ਹੈ ।
ਨਾਨਕ ਉਸ[81] ਉਤੋਂ ਕੁਰਬਾਨ[82] ਜਾਂਦਾ ਹੈ ਜਿਸ ਦੀ ਬੰਦਗੀ[79] ਦੁਆਰਾ ਬੰਦੇ ਦਾ ਪਾਰ ਉਤਾਰਾ[80] ਹੋ ਜਾਂਦਾ ਹੈ ।

ਅਸ਼ਟਪਦੀ ।

ਸ੍ਰਿਸ਼ਟੀ[85] ਦਾ ਪਾਲਣਹਾਰ[86] ਟੁੱਟਿਆ[83] ਨੂੰ ਜੋੜਨ ਵਾਲਾ[84] ਹੈ ।
ਉਹ ਆਪ ਹੀ ਸਾਰੇ ਪ੍ਰਾਣ-ਧਾਰੀਆਂ[87] ਨੂੰ ਪਾਲਦਾ-ਪੋਸਦਾ[88] ਹੈ ।
ਜਿਸ ਦੇ ਚਿੱਤ ਵਿਚ[90] ਸਾਰਿਆਂ ਦਾ ਫ਼ਿਕਰ[89] ਹੈ, ਉਸ[92] ਪਾਸੋਂ, ਕੋਈ ਜਣਾ, ਖ਼ਾਲੀ-ਹੱਥੀਂ[91] ਨਹੀਂ ਮੁੜਦਾ ।
ਹੇ ਮੇਰੀ ਜਿੰਦੇ[93] ! ਤੂੰ ਸਦੀਵ[94] ਹੀ ਸੁਆਮੀ ਦਾ ਸਿਮਰਨ[95] ਕਰ ।
ਅਮਰ[96] ਮਾਲਕ ਸਾਰਾ ਕੁਛ ਆਪ ਹੀ[97] ਹੈ ।
ਜੀਵ[3] ਦੇ ਆਪਣੇ[98] ਕਰਨ[99] ਨਾਲ ਕੁਝ ਨਹੀਂ ਹੋ ਸਕਦਾ[100], ਭਾਵੇਂ[2] ਉਹ ਸੈਂਕੜੇ[5] ਵਾਰੀ ਇਸ ਨੂੰ ਪਿਆ ਚਾਹੇ[4] ।
ਉਸ[6] ਦੇ ਬਾਝੋਂ ਕੁਝ ਭੀ ਤੇਰੇ ਕੰਮ[7] ਦਾ ਨਹੀਂ ।
ਹੇ ਨਾਨਕ ! ਕੇਵਲ[10] ਵਾਹਿਗੁਰੂ ਦੇ ਨਾਮ ਦਾ ਉਚਾਰਣ[9] ਕਰਨ ਦੁਆਰਾ, ਮੁਕਤੀ[8] ਪ੍ਰਾਪਤ ਹੁੰਦੀ ਹੈ ।

ਰੂਪਵੰਤੁ[13] ਹੋਇ ਨਾਹੀ ਮੋਹੈ[12] ॥	If one is beauteous[13], by himself he fascinates[12] not others.	ਜੇਕਰ ਜੀਵ ਸੁੰਦਰ[13] ਹੈ, ਤਾਂ ਆਪਣੇ ਆਪ ਉਹ ਹੋਰਨਾਂ ਨੂੰ ਫਰੇਫਤਾ[12] ਨਹੀਂ ਕਰਦਾ ।
ਪ੍ਰਭ ਕੀ ਜੋਤਿ[14] ਸਗਲ[15] ਘਟ[16] ਸੋਹੈ[17] ॥	It is the Lord's light[14], which looks beautiful[17] among all[15] the bodies[16].	ਪ੍ਰਭੂ ਦਾ ਪ੍ਰਕਾਸ਼[14] ਹੀ ਸਾਰਿਆਂ[15] ਸਰੀਰਾਂ[16] ਅੰਦਰ ਸੁਹਣਾ[17] ਲਗਦਾ ਹੈ ।
ਧਨਵੰਤਾ[18] ਹੋਇ[19] ਕਿਆ[20] ਕੋ[21] ਗਰਬੈ[22] ॥ ਜਾ[23] ਸਭੁ[24] ਕਿਛੁ ਤਿਸ ਕਾ ਦੀਆ[25] ਦਰਬੈ[26] ॥	Becoming[19] rich[18], why[20] should any one[21] feel proud[22], when[23] all[24] the riches[26] are His gifts[25].	ਅਮੀਰ[18] ਬਣ ਕੇ[19] ਕੋਈ ਜਣਾ[21] ਕਿਉਂ[20] ਹੰਕਾਰੀ[22] ਹੋਵੇ, ਜਦ[23] ਸਾਰੀਆਂ[24] ਦੌਲਤਾਂ[26] ਉਸ ਦੀਆਂ ਦਾਤਾਂ[25] ਹਨ ।
ਅਤਿ[27] ਸੂਰਾ[28] ਜੇ ਕੋਊ ਕਹਾਵੈ[29] ॥ ਪ੍ਰਭ ਕੀ[30]ਕਲਾ ਬਿਨਾ ਕਹ[31] ਧਾਵੈ[32] ॥	If one calls[29] himself a great[27] hero[28], what[31] effort[32] can he make without obtaining power[30] from the Lord ?	ਜੇਕਰ ਕੋਈ ਆਪਣੇ ਆਪ ਨੂੰ ਵੱਡਾ[27] ਬਹਾਦਰ[28] ਅਖਵਾਉਂਦਾ[29] ਹੋਵੇ, ਸੁਆਮੀ ਤੋਂ ਸਤਿਆ[30] ਲਏ ਬਾਝੋਂ ਉਹ ਕੀ[31] ਆਹਰ[32] ਕਰ ਸਕਦਾ ਹੈ ?
ਜੇ ਕੋ ਹੋਇ ਬਹੈ[33]ਦਾਤਾਰੁ[34] ਤਿਸੁ[35] ਦੇਨਹਾਰੁ[36] ਜਾਨੈ[37] ਗਾਵਾਰੁ[38] ॥	If some one sets himself[33] as a man of charity[34], him[35] the Donor[36] deems[37] to be a fool[38].	ਜੇਕਰ ਕੋਈ ਜਣਾ ਦਾਨੀ[34] ਬਣ ਬੈਠੇ[33], ਤਾਂ ਦਾਤਾ[36] ਵਾਹਿਗੁਰੂ ਉਸ[35] ਨੂੰ ਮੂਰਖ[38] ਸਮਝਦਾ[37] ਹੈ ।
ਜਿਸੁ ਗੁਰ ਪ੍ਰਸਾਦਿ[39] ਤੂਟੈ[49] ਹਉ[41] ਰੋਗੁ[42] ॥ ਨਾਨਕ ਸੋ[43] ਜਨੁ[44] ਸਦਾ ਅਰੋਗੁ[45] ॥੨॥	Whose ailment[42] of ego[41] is cured[40] by the Guru's favour[39],Nanak that[43] man[44] is ever healthy[45].	ਗੁਰਾਂ ਦੀ ਦਇਆ[39] ਦੁਆਰਾ ਜਿਸ ਦੀ ਹੰਕਾਰ[41] ਦੀ ਬੀਮਾਰੀ[42] ਹਟ[40] ਗਈ ਹੈ, ਨਾਨਕ, ਉਹ[43] ਇਨਸਾਨ[44] ਹਮੇਸ਼ਾ ਤੰਦਰੁਸਤ[45] ਹੈ ।
ਜਿਉ[46] ਮੰਦਰ[47] ਕਉ ਥਾਮੈ[48] ਥੰਮਨੁ[49] ॥ ਤਿਉ[50] ਗੁਰ ਕਾ[51] ਸਬਦੁ ਮਨਹਿ[52] ਅਸਥੰਮਨੁ[53] ॥	As[46] a pillar[49] supports[48] a palace[47], similarly[50] the Word of the Guru[51], supports[53] the soul[52].	ਜਿਸ ਤਰ੍ਹਾਂ[46] ਇਕ ਥੰਮ[49] ਮਹਿਲ[47] ਨੂੰ ਆਸਰਾ[48] ਦਿੰਦਾ ਹੈ, ਇਸ ਤਰ੍ਹਾਂ[50] ਹੀ ਗੁਰਾਂ ਦੀ ਬਾਣੀ[51] ਜਿੰਦੜੀ[52] ਨੂੰ ਆਸਰਾ[53] ਦਿੰਦੀ ਹੈ ।
ਜਿਉ ਪਾਖਾਣੁ[54] ਨਾਵ[55] ਚੜਿ[56] ਤਰੈ[57] ॥ ਪ੍ਰਾਣੀ[58] ਗੁਰਚਰਣ[59] ਲਗਤੁ[60] ਨਿਸਤਰੈ[61] ॥	As a stone[54] floats[57] when put[56] into a boat[55], so is the mortal[58] saved[61] by clinging[60] to the Guru's feet[59].	ਜਿਸ ਤਰ੍ਹਾਂ ਪੱਥਰ[54] ਬੇੜੀ[55] ਵਿੱਚ ਰਖਿਆ[56] ਪਾਰ ਹੋ ਜਾਂਦਾ[57] ਹੈ, ਉਸੇ ਤਰ੍ਹਾਂ ਜੀਵ[58] ਗੁਰਾਂ ਦੇ ਪੈਰਾਂ[59] ਨਾਲ ਲੱਗ[60] ਕੇ ਪਾਰ ਉਤਰ[61] ਜਾਂਦਾ ਹੈ ।
ਜਿਉ ਅੰਧਕਾਰ[62] ਦੀਪਕ[63] ਪਰਗਾਸੁ[64]॥ਗੁਰ ਦਰਸਨੁ[65] ਦੇਖਿ ਮਨਿ[66]ਹੋਇ ਬਿਗਾਸੁ[67]	As a lamp[63] gives light[64] in darkness[62], so does the soul[66] bloom[67]on beholding Guru's sight[65].	ਜਿਸ ਤਰ੍ਹਾਂ ਲੈਂਪ[63] ਅਨ੍ਹੇਰੇ[62] ਵਿਚ ਚਾਨਣ[64] ਕਰ ਦਿੰਦਾ ਹੈ, ਇਸੇ ਤਰ੍ਹਾਂ ਹੀ ਗੁਰਾਂ ਦਾ ਦੀਦਾਰ[65] ਤੱਕ ਕੇ ਆਤਮਾ[66] ਖਿੜ[67] ਜਾਂਦੀ ਹੈ ।
ਜਿਉ ਮਹਾ[68] ਉਦਿਆਨ[69] ਮਹਿ[70] ਮਾਰਗੁ[71] ਪਾਵੈ ॥ ਤਿਉ ਸਾਧੂ ਸੰਗਿ ਮਿਲਿ[72] ਜੋਤਿ[73] ਪ੍ਰਗਟਾਵੈ[74] ॥	As the man finds his way[71] in[70] a great[68] wilderness[69], so is his light[73] burnished[74] by meeting[72] the society of saints.	ਜਿਸ ਤਰ੍ਹਾਂ ਬੰਦੇ ਨੂੰ ਭਾਰੇ[68] ਬੀਆਬਾਨ[69] ਅੰਦਰ[70] ਰਸਤਾ[71] ਲੱਭ ਪੈਂਦਾ ਹੈ, ਇਸੇ ਤਰ੍ਹਾਂ ਹੀ ਸਾਧ ਸੰਗਤਿ ਨਾਲ ਜੁੜ[72] ਕੇ ਉਸ ਦਾ ਨੂਰ[73] ਚਮਕ[74] ਆਉਂਦਾ ਹੈ ।
ਤਿਨ[75] ਸੰਤਨ ਕੀ ਬਾਛਉ[76]	Of the feet of those[75]saints, I desire[76]	ਉਨ੍ਹਾਂ[75]ਸਾਧੂਆਂ ਦੇ ਚਰਨਾਂ ਦੀ ਮੈਂ ਧੂੜ[77] ਲੋੜਦਾ[76] ਹਾਂ,

ਧੂਰਿ[77] ॥ ਨਾਨਕ ਕੀ ਹਰਿ ਲੋਚਾ[78] ਪੂਰਿ[79] ॥੩॥

the dust[77]. Fulfil[79] Nanak's desire[78], O God.

ਨਾਨਕ ਦੀ ਮਨਸਾ[78] ਪੂਰਨ[79] ਕਰ, ਹੇ ਵਾਹਿਗੁਰੂ !

੨੮੩

283

੨੮੩

ਮਨ[80] ਮੂਰਖ[81] ਕਾਹੇ[82] ਬਿਲਲਾਈਐ[83] ॥

O foolish[81] man[80], why[82] bewailest[83] thou ?

ਹੇ ਬੇਵਕੂਫ਼[81] ਬੰਦੇ[80] ! ਤੂੰ ਕਿਉਂ[82] ਵਿਰਲਾਪ[83] ਕਰਦਾ ਹੈਂ ?

ਪੂਰਬ[84] ਲਿਖੇ[85] ਕਾ ਲਿਖਿਆ[86] ਪਾਈਐ[87] ॥

Thou shalt obtain[87] what is ordained[86] for thee, in thy destiny[85], since the very beginning[84].

ਤੇਨੂੰ ਉਹੋ ਕੁਛ ਮਿਲੇਗਾ[87], ਜੋ ਤੇਰੇ ਲਈ, ਮੁੱਢ ਤੋਂ[84] ਤੇਰੀ ਪ੍ਰਾਲਬਧ[85] ਵਿਚ ਲਿਖਿਆ[86] ਹੋਇਆ ਹੈ ।

ਦੂਖ[88] ਸੂਖ[89] ਪ੍ਰਭ ਦੇਵਨਹਾਰੁ[90] ॥

Lord is the Dispenser[90] of woe[88] and weal[89].

ਸੁਆਮੀ ਗ਼ਮੀ[88] ਤੇ ਖ਼ੁਸ਼ੀ[89] ਦੇਣ ਵਾਲਾ[90] ਹੈ ।

ਅਵਰ[91] ਤਿਆਗਿ[92] ਤੂ ਤਿਸਹਿ[93] ਚਿਤਾਰੁ[94] ॥

Abandon[92] others[91], and do thou remember[94] Him[93] alone.

ਹੋਰਨਾਂ[91] ਨੂੰ ਛੱਡ[92] ਦੇ, ਅਤੇ ਤੂੰ ਕੇਵਲ ਉਸੇ[93] ਦਾ ਹੀ ਸਿਮਰਨ[94] ਕਰ ।

ਜੋ ਕਛੂ[95] ਕਰੈ ਸੋਈ[96] ਸੁਖੁ[97] ਮਾਨੁ[98] ॥

Whatever[95] He does, deem[98] that[96] as good[97].

ਜਿਹੜਾ ਕੁਝ[95] ਉਹ ਕਰਦਾ ਹੈ, ਉਸ[96] ਨੂੰ ਭਲਾ[97] ਕਰਕੇ ਜਾਣ[98] ।

ਭੂਲਾ[99] ਕਾਹੇ[100] ਫਿਰਹਿ[2] ਅਜਾਨ[3] ॥

Why[100] wanderest[2] thou astray[99], O ignorant[3] man ?

ਤੂੰ ਕਿਉਂ[100] ਕੁਰਾਹੇ[99] ਭਟਕਦਾ[2] ਫਿਰਦਾ ਹੈਂ, ਹੇ ਬੇਸਮਝ[3] ਬੰਦੇ !

ਕਉਨ[4] ਬਸਤੁ[5] ਆਈ ਤੇਰੈ ਸੰਗਿ[6] ॥ ਲਪਟਿ[7] ਰਹਿਓ[8] ਰਸਿ ਲੋਭੀ[9] ਪਤੰਗ[10] ॥

What[4] thing[5] has come with[6] thee, O greedy[9] moth[10], that thou art clinging[7] to worldly pleasures[8] ?

ਕਿਹੜੀ[4] ਚੀਜ਼[5] ਤੇਰੇ ਨਾਲ[6] ਆਈ ਹੈ, ਹੇ ਲਾਲਚੀ[9] ਪਰਵਾਨੇ[10] ! ਤੂੰ ਜੋ ਸੰਸਾਰੀ ਰੰਗ-ਰਲੀਆਂ[8] ਨਾਲ ਚਿਮੜ[7] ਰਿਹਾ ਹੈਂ ?

ਰਾਮ[12] ਨਾਮ ਜਪਿ[13] ਹਿਰਦੇ[14] ਮਾਹਿ[15] ॥

In[15] thy mind[14], dwell[13] thou on Lord's[12] Name.

ਤੂੰ ਆਪਣੇ ਮਨ[14] ਵਿਚ[15] ਸਾਹਿਬ[12] ਦੇ ਨਾਮ ਦਾ ਸਿਮਰਨ[13] ਕਰ ।

ਨਾਨਕ ਪਤਿ[16] ਸੇਤੀ[17] ਘਰਿ[18] ਜਾਹਿ[19] ॥੪॥

Nanak, thus shalt thou go[19] thy home[18] with[17] honour[16].

ਕਲਿ[41] ਤਾਤੀ[42] ਠਾਂਢਾ[43] ਹਰਿ ਨਾਉ ॥	This Dark-age[41] is hot[42] and cool[43] is the God's Name.	ਇਹ ਕਲਜੁਗ[41] ਤੱਤਾ[42] ਹੈ ਅਤੇ ਠੰਢਾ[43] ਹੈ ਰੱਬ ਦਾ ਨਾਮ।
ਸਿਮਰਿ[44] ਸਿਮਰਿ ਸਦਾ[45] ਸੁਖ[46] ਪਾਉ[47] ॥	Remember[44], remember it and obtain[47] the ever-lasting[45] peace[46].	ਯਾਦ ਕਰ[44], ਯਾਦ ਕਰ ਇਸ ਨੂੰ ਅਤੇ ਸਦੀਵੀ[45] ਆਰਾਮ[46] ਨੂੰ ਪ੍ਰਾਪਤ[47] ਹੋ।
ਭਉ[48] ਬਿਨਸੈ[49] ਪੂਰਨ[50] ਹੋਇ ਆਸ[51] ॥	Thy fear[48] shall depart[49] and thy hope[51] shall be fulfilled[50].	ਤੇਰਾ ਡਰ[48] ਦੂਰ[49] ਹੋ ਜਾਵੇਗਾ ਅਤੇ ਤੇਰੀ ਉਮੀਦ[51] ਪੂਰੀ[50] ਹੋ ਜਾਵੇਗੀ।
ਭਗਤਿ[52] ਭਾਇ[53] ਆਤਮ[54] ਪਰਗਾਸ[55] ॥	By devotional service[52] and Divine love[53], thy soul[54] shall be enlightened[55].	ਅਨੁਰਾਗੀ ਸੇਵਾ[52] ਅਤੇ ਪ੍ਰਭੂ ਪ੍ਰੀਤ[53] ਦੁਆਰਾ ਤੇਰੀ ਆਤਮਾ[54] ਰੌਸ਼ਨ[55] ਹੋ ਜਾਵੇਗੀ।
ਤਿਤੁ[56] ਘਰਿ[57] ਜਾਇ[58] ਬਸੈ[59] ਅਬਿਨਾਸੀ[60] ॥	Thou shalt go[58] and dwell[59] in that[56] imperishable[60] Home[57],	ਤੂੰ ਜਾ[58] ਕੇ ਉਸ[56] ਨਿਹਚਲ[60] ਗ੍ਰਹਿ[57] ਅੰਦਰ ਵਸੇਂਗਾ[59],
ਕਹੁ ਨਾਨਕ ਕਾਟੀ ਜਮ[61] ਫਾਸੀ[62] ॥੩॥	and says Nanak, the death's[61] noose[62] shall be cut then.	ਅਤੇ ਗੁਰੂ ਜੀ ਆਖਦੇ ਹਨ, ਫਿਰ ਤੇਰੀ ਮੌਤ[61] ਦੀ ਫਾਹੀ[62] ਕੱਟੀ ਜਾਵੇਗੀ।
ਤਤੁ[63] ਬੀਚਾਰੁ[64] ਕਹੈ[65] ਜਨੁ[66] ਸਾਚਾ ॥	He is the true man[66], who preaches[65] the meditation[64] of the Real Thing[63].	ਓਹੀ ਸੱਚਾ ਇਨਸਾਨ[66] ਹੈ, ਜੋ ਸਾਰ-ਵਸਤੂ[63] ਦੇ ਸਿਮਰਨ[64] ਦਾ ਉਪਦੇਸ਼[65] ਦਿੰਦਾ ਹੈ।
ਜਨਮਿ ਮਰੈ[67] ਸੋ[68] ਕਾਚੋ ਕਾਚਾ[69] ॥	The falsest of the false[69] is he[68], who suffers transmigration[67].	ਕੂੜਿਆਂ ਦਾ ਵੱਡਾ ਕੂੜਾ[69] ਹੈ ਉਹ[68], ਜੋ ਆਵਾਗਉਣ[67] ਵਿਚ ਪੈਂਦਾ ਹੈ।
ਆਵਾ[70] ਗਵਨੁ[71] ਮਿਟੈ[72] ਪ੍ਰਭ ਸੇਵ[73] ॥	Coming[70] and going[71] are ended[72] by Lord's service[73].	ਸੁਆਮੀ ਦੀ ਟਹਿਲ ਸੇਵਾ[73] ਦੁਆਰਾ ਆਉਣਾ[70] ਤੇ ਜਾਣਾ[71] ਮੁਕ ਜਾਂਦੇ[72] ਹਨ।
ਆਪੁ[74]ਤਿਆਗਿ[75] ਸਰਨਿ[76] ਗੁਰਦੇਵ[77] ॥	Shed[75] the self-conceit[74] and seek the shelter[76] of the Divine Guru[77].	ਆਪਣੀ ਸਵੈ-ਹੰਗਤਾ[74] ਛੱਡ[75] ਦੇ, ਅਤੇ ਨਿਰੰਕਾਰੀ ਗੁਰਾਂ[77] ਦੀ ਪਨਾਹ[76] ਲੈ।
ਇਉ[78] ਰਤਨ[79] ਜਨਮ[80] ਕਾ ਹੋਇ ਉਧਾਰੁ[81] ॥	Like this[78] thy invaluable[79] life[80] be saved[81].	ਇਸ ਤਰ੍ਹਾਂ[78] ਤੇਰੇ ਅਣਮੁੱਲੇ[79] ਜੀਵਨ[80] ਦਾ ਪਾਰ ਉਤਾਰਾ[81] ਹੋ ਜਾਵੇਗਾ।
ਹਰਿ ਹਰਿ[82] ਸਿਮਰਿ[85] ਪ੍ਰਾਨ[83] ਆਧਾਰੁ[84] ॥	Remember[85], thou the Lord Master[82], who is the prop[84] of thy life[83].	ਤੂੰ ਸੁਆਮੀ ਮਾਲਕ[82] ਦਾ ਆਰਾਧਨ[85] ਕਰ, ਜੋ ਤੇਰੀ ਜਿੰਦ-ਜਾਨ[83] ਦਾ ਆਸਰਾ[84] ਹੈ।
ਅਨਿਕ[86] ਉਪਾਵ[87] ਨ ਛੂਟਨ[88] ਹਾਰੇ ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ[89] ॥	By many[86] efforts[87] and by studying[89] Simirtis, Shashtras and Vedas, man cannot be saved[88].	ਅਨੇਕਾਂ[86] ਉਪਰਾਲਿਆਂ[87] ਅਤੇ ਸਿੰਮ੍ਰਤੀਆਂ, ਸ਼ਾਸਤਰਾਂ ਤੇ ਵੇਦਾਂ ਨੂੰ ਘੋਖਣ[89] ਦੁਆਰਾ ਆਦਮੀ ਦਾ ਬਚਾਅ[88] ਨਹੀਂ ਹੋ ਸਕਦਾ।

ਹਰਿ ਕੀ ਭਗਤਿ[90] ਕਰਹੁ ਮਨੁ[91] ਲਾਇ ॥	Heartily[91] apply thyself to God's meditation[90].	ਤੂੰ ਦਿਲ ਲਾ ਕੇ[91] ਵਾਹਿਗੁਰੂ ਦਾ ਸਿਮਰਨ[90] ਕਰ ।
ਮਨਿ[92] ਬੰਛਤ[93] ਨਾਨਕ ਫਲ[94] ਪਾਇ[95] ॥੪॥	Thus shalt thou obtain[95] thy heart[92]-desired[93] fruit[94], O Nanak.	ਇੰਜ ਤੂੰ ਆਪਣੇ ਚਿੱਤ[92]-ਚਾਹੁੰਦਾ[93] ਮੇਵਾ[94] ਪਾ[95] ਲਵੇਂਗਾ, ਹੇ ਨਾਨਕ !
ਸੰਗਿ[96] ਨ ਚਾਲਸਿ[97] ਤੇਰੈ ਧਨਾ[98] ॥	Wealth[98] shall not go[97] with[96] thee.	ਦੌਲਤ[98] ਤੇਰੇ ਨਾਲ[96] ਨਹੀਂ ਜਾਣੀ[97] ।
ਤੂੰ ਕਿਆ[99] ਲਪਟਾਵਹਿ[100] ਮੂਰਖ[2] ਮਨਾ[3] ॥	Why[99] art thou clinging[100] to it, O foolish[2] soul[3] ?	ਤੂੰ ਇਸ ਨੂੰ ਕਿਉਂ[99] ਚਿਮੜੀ[100] ਹੋਈ ਹੈਂ, ਹੇ ਮੂਰਖ[2] ਜਿੰਦੜੀਏ[3] ?
ਸੁਤ[4] ਮੀਤ[5] ਕੁਟੰਬ[6] ਅਰੁ[7] ਬਨਿਤਾ[8] ॥ ਇਨ[9] ਤੇ[10] ਕਹਹੁ[12] ਤੁਮ[13] ਕਵਨ[14] ਸਨਾਥਾ[15] ॥	Sons[4], friends[5], family[6] and[7] wife[8], say[12] thou[13], who[14] has ever been benefitted[15] by[10] these[9] ?	ਪੁੱਤ[4], ਮਿਤ[5], ਟੱਬਰ[6] ਕਬੀਲਾ ਅਤੇ[7] ਵਹੁਟੀ[8], ਇਨ੍ਹਾਂ[9] ਕੋਲੋਂ[10], ਤੂੰ[13] ਦੱਸ[12], ਕੌਣ[14] ਕਦੋਂ ਕਿਰਤਾਰਥ[15] ਹੋਇਆ ਹੈ ?
ਰਾਜ[16] ਰੰਗ[17] ਮਾਇਆ[18] ਬਿਸਥਾਰ[19] ॥ ਇਨ ਤੇ ਕਹਹੁ ਕਵਨ ਛੁਟਕਾਰ[20] ॥	Dominion[16], revelment[17], and extension[19] of health[18], from these, say, who has ever escaped[20].	ਪਾਤਸ਼ਾਹੀ[16], ਰੰਗ-ਰਲੀਆਂ[17] ਅਤੇ ਧਨ-ਦੌਲਤ[18] ਦਾ ਖਿਲਾਰਾ[19], ਇਨ੍ਹਾਂ ਕੋਲੋਂ ਦੱਸੋ ਕੌਣ ਕਦੋਂ ਬਚਿਆ[20] ਹੈ ?
ਅਸੁ[21] ਹਸਤੀ[22] ਰਥ[23] ਅਸਵਾਰੀ[24] ॥ ਝੂਠਾ[25] ਡੰਫੁ[26] ਝੂਠੁ ਪਾਸਾਰੀ[27] ॥	Horses[21], elephants[22], carriages[23] and equipages[24] are false[25] shows[26] and false displays[27].	ਘੋੜੇ[21], ਹਾਥੀ[22], ਗੱਡੀਆਂ[23] ਅਤੇ ਸ਼ਾਨਦਾਰ ਸਵਾਰੀਆਂ[24] ਕੂੜੇ[25] ਦਿਖਾਵੇ[26] ਅਤੇ ਕੂੜੇ ਖਿਲਾਰੇ[27] ਹਨ ।
ਜਿਨਿ ਦੀਏ ਤਿਸੁ[28] ਬੂਝੈ[29] ਨ ਬਿਗਾਨਾ[30] ॥	The ignorant[30] man knows[29] not Him[28], who gave them.	ਬੇਸਮਝ[30] ਬੰਦਾ ਉਸ[28] ਨੂੰ ਨਹੀਂ ਜਾਣਦਾ[29] ਜਿਸ ਨੇ ਉਹ ਦਿੱਤੇ ਹਨ ।
ਨਾਮੁ ਬਿਸਾਰਿ[31] ਨਾਨਕ ਪਛੁਤਾਨਾ[32] ॥੫॥	By forgetting[31] the Name, O Nanak, the man, ultimately, repents[32]	ਨਾਮ ਨੂੰ ਭੂਲਾ[31] ਕੇ, ਹੇ ਨਾਨਕ ! ਪ੍ਰਾਣੀ, ਆਖ਼ਰਕਾਰ, ਪਸਚਾਤਾਪ[32] ਕਰਦਾ ਹੈ ।
ਗੁਰ ਕੀ ਮਤਿ[33] ਤੂੰ ਲੇਹਿ[35] ਇਆਨੇ[34] ॥	Take[35] thou the advice[33] of the Guru, O silly man[34].	ਤੂੰ ਗੁਰਾਂ ਦੀ ਸਿਖ-ਮਤ[33] ਲੈ[35], ਹੇ ਭੋਲੇ ਬੰਦੇ[34] !
ਭਗਤਿ[36] ਬਿਨਾ ਬਹੁ[37] ਡੂਬੇ[38] ਸਿਆਨੇ[39] ॥	Without Lord's meditation[36] good many[37] wise[39] men have been drowned[38].	ਸਾਂਈ ਦੇ ਸਿਮਰਨ[36] ਦੇ ਬਾਝੋਂ ਘਣੇਰੇ[37] ਅਕਲਮੰਦ[39] ਇਨਸਾਨ ਡੁੱਬ[38] ਗਏ ਹਨ ।
ਹਰਿ ਕੀ ਭਗਤਿ ਕਰਹੁ ਮਨ[40] ਮੀਤ[41] ॥ ਨਿਰਮਲ[42] ਹੋਇ ਤੁਮਾਰੋ ਚੀਤ[43] ॥	Perform God's service with thy heart[40], O my friend[41] and thy mind[43] shall become pure[42].	ਆਪਣੇ ਦਿਲ[40] ਨਾਲ ਵਾਹਿਗੁਰੂ ਦੀ ਸੇਵਾ ਕਮਾ, ਹੇ ਮੇਰੇ ਮਿੱਤ੍ਰ[41] ! ਅਤੇ ਤੇਰਾ ਮਨ[43] ਪਵਿੱਤ੍ਰ[42] ਹੋ ਜਾਏਗਾ ।
ਚਰਨ[44] ਕਮਲ[45] ਰਾਖਹੁ[46] ਮਨ[47] ਮਾਹਿ[48] ॥ ਜਨਮ ਜਨਮ[49] ਕੇ ਕਿਲਬਿਖ[50] ਜਾਹਿ[51] ॥	Place[46] Lord's lotus[45] feet[44] in[48] thy mind[47] and thy sins[50] of all the births[49] shall depart[51].	ਸਾਂਈ ਦੇ ਚਰਨ[44] ਕੰਵਲ[45] ਆਪਣੇ ਹਿਰਦੇ[47] ਅੰਦਰ[48] ਟਿਕਾ[46] ਅਤੇ ਤੇਰੇ ਸਾਰੇ ਜਨਮਾਂ[49] ਦੇ ਪਾਪ[50] ਦੂਰ[51] ਹੋ ਜਾਣਗੇ ।

੨੮੯	289	੨੮੯
ਆਪਿ[52] ਜਪਹੁ[53] ਅਵਰਾ[54] ਨਾਮੁ ਜਪਾਵਹੁ ॥	Thyself[52] repeat[53] God's Name and make others[54] to repeat it.	ਖ਼ੁਦ[52] ਵਾਹਿਗੁਰੂ ਦੇ ਨਾਮ ਦਾ ਉਚਾਰਣ[53] ਕਰ ਅਤੇ ਹੋਰਨਾਂ[54] ਪਾਸੋਂ ਇਸ ਦਾ ਉਚਾਰਣ ਕਰਵਾ ।
ਸੁਨਤ ਕਹਤ[55] ਰਹਤ[56] ਗਤਿ[57] ਪਾਵਹੁ ॥	By hearing, uttering[55] and abiding[56] by it, thou shalt obtain emancipation[57].	ਸੁਣਨ, ਆਖਣ[55] ਅਤੇ ਇਸ ਅਨੁਸਾਰ ਰਹਿਣ[56] ਦੁਆਰਾ ਤੂੰ ਮੁਕਤੀ[57] ਪਾ ਲਵੇਂਗਾ ।
ਸਾਰ[58] ਭੂਤ[59] ਸਤਿ[60] ਹਰਿ ਕੋ ਨਾਉ ॥ ਸਹਜਿ ਸੁਭਾਇ[61] ਨਾਨਕ ਗੁਨ[62] ਗਾਉ[63] ॥੬॥	The real[58] thing[59] is God's True[60] Name. With Natural ease[61] O Nanak, sing[63] Lord's praise[62].	ਅਸਲ[58] ਵਸਤੂ[59] ਵਾਹਿਗੁਰੂ ਦਾ ਸੱਚਾ[60] ਨਾਮ ਹੈ । ਕੁਦਰਤੀ ਟਿਕਾਉ[61] ਨਾਲ ਹੇ ਨਾਨਕ ! ਸੁਆਮੀ ਦਾ ਜੱਸ[62] ਗਾਇਨ[63] ਕਰ ।
ਗੁਨ ਗਾਵਤ ਤੇਰੀ ਉਤਰਸਿ[64] ਮੈਲੁ[65] ॥ ਬਿਨਸਿ[66] ਜਾਇ ਹਉਮੈ[67] ਬਿਖੁ[68] ਫੈਲੁ[69] ॥	By chanting God's glories the filth[65] shall be washed off[64] and the all-spreading[69] poison[68] of ego[67] shall depart[66].	ਰੱਬ ਦੀ ਉਪਮਾ ਗਾਇਨ ਕਰਨ ਦੁਆਰਾ ਤੇਰੀ ਮਲੀਨਤਾ[65] ਧੋਤੀ[64] ਜਾਏਗੀ ਅਤੇ ਸਾਰੇ ਫ਼ੈਲੀ[69] ਹੋਈ ਹੰਕਾਰ[67] ਦੀ ਜ਼ਹਿਰ[68] ਦੂਰ[66] ਹੋ ਜਾਏਗੀ ।
ਹੋਹਿ ਅਚਿੰਤੁ[70] ਬਸੈ ਸੁਖ ਨਾਲਿ ॥ ਸਾਸਿ[71] ਗ੍ਰਾਸਿ[72] ਹਰਿ ਨਾਮੁ ਸਮਾਲਿ[73] ॥	By remembering[73] God's Name with every breath[71] and morsel[72], thou shalt become free from care[70] and abide in comfort.	ਆਪਣੇ ਹਰ ਸੁਆਸ[71] ਤੇ ਬੁਰਕੀ[72] ਨਾਲ ਵਾਹਿਗੁਰੂ ਦੇ ਨਾਮ ਦਾ ਆਰਾਧਨ[73]ਕਰਨ ਦੁਆਰਾ ਤੂੰ ਨਿਸਚਿੰਤ[70] ਹੋ ਜਾਵੇਂਗਾ ਅਤੇ ਆਰਾਮ ਅੰਦਰ ਵੱਸੇਂਗਾ ।
ਛਾਡਿ[74] ਸਿਆਨਪ[75] ਸਗਲੀ ਮਨਾ[76] ॥	O man[76], lay aside[74] all the cleverness[75].	ਹੇ ਬੰਦੇ[76]! ਤੂੰ ਆਪਣੀ ਸਾਰੀ ਚਤਰਾਈ[75] ਤਿਆਗ[74] ਦੇ ।
ਸਾਧ ਸੰਗਿ ਪਾਵਹਿ ਸਚੁ ਧਨਾ[77] ॥	In the company of saints, thou shalt gain the true wealth[77].	ਸਤਿ ਸੰਗਤ ਅੰਦਰ ਤੂੰ ਸੱਚੀ ਦੌਲਤ[77] ਪ੍ਰਾਪਤ ਕਰ ਲਵੇਂਗਾ ।
ਹਰਿ ਪੂੰਜੀ[78] ਸੰਚਿ[79] ਕਰਹੁ ਬਿਉਹਾਰੁ[80] ॥	Amass[79] God's Name as thy capital[78] and have dealings[80] therein.	ਵਾਹਿਗੁਰੂ ਦੇ ਨਾਮ ਦੀ ਰਾਸ[78] ਇਕਤ੍ਰ[79] ਕਰ ਅਤੇ ਉਸੇ ਦਾ ਹੀ ਵਣਜ ਵਾਪਾਰ[80] ਕਰ ।
ਈਹਾ[81] ਸੁਖੁ ਦਰਗਹ[82] ਜੈਕਾਰੁ[83] ॥	Thou shalt obtain peace here[81] and applause[83] in God's court[82].	ਤੂੰ ਇਥੇ[81] ਆਰਾਮ ਪਾਵੇਂਗਾ ਅਤੇ ਸ਼ਾਬਾਸ਼[83] ਰੱਬ ਦੇ ਦਰਬਾਰ[82] ਅੰਦਰ ।
ਸਰਬ[84] ਨਿਰੰਤਰਿ[85] ਏਕੋ[86] ਦੇਖੁ ॥ ਕਹੁ[89] ਨਾਨਕ ਜਾਕੈ ਮਸਤਕਿ[87] ਲੇਖੁ[88] ॥੭॥	Says[89] Nanak,he on whose forehead[87] such destiny is recorded[88] sees the One Lord[86] amongst[85] all[84].	ਗੁਰੂ ਜੀ ਫ਼ੁਰਮਾਉਂਦੇ[89] ਹਨ, ਜਿਸ ਦੇ ਮੱਥੇ[87] ਉਤੇ ਐਸੇ ਭਾਗ ਲਿਖੇ ਹੋਏ[88] ਹਨ, ਉਹ ਇਕ ਸੁਆਮੀ[86] ਨੂੰ ਸਾਰਿਆਂ[84] ਅੰਦਰ[85] ਵੇਖਦਾ ਹੈ ।
ਏਕੋ[89*] ਜਪਿ[90] ਏਕੋ[91] ਸਾਲਾਹਿ[92] ॥	Repeat[90] thou the Name of One Lord[89*] and magnify[92] Him alone[91].	ਤੂੰ ਇਕ ਵਾਹਿਗੁਰੂ[89*] ਦੇ ਨਾਮ ਦਾ ਉਚਾਰਨ[90] ਕਰ ਕੇਵਲ[91] ਉਸ ਦੀ ਹੀ ਪਰਸੰਸਾ[92] ਕਰ ।
ਏਕੁ ਸਿਮਰਿ[93] ਏਕੋ ਮਨ ਆਹਿ[94] ॥	Remember[93] One God and yearn[94] for Him alone in thy mind.	ਇਕ ਵਾਹਿਗੁਰੂ ਦਾ ਚਿੰਤਨ[93] ਕਰ ਅਤੇ ਕੇਵਲ ਉਸੇ ਦੀ ਹੀ ਆਪਣੇ ਚਿੱਤ ਵਿਚ ਤਾਂਘ[94] ਰੱਖ ।
ਏਕਸ ਕੇ ਗੁਨ[95] ਗਾਉ ਅਨੰਤ[96] ॥	Sing the excellences[95]of the Infinite[96] One Lord.	ਬੇਅੰਤ[96] ਇਕ ਸੁਆਮੀ ਦੀਆਂ ਖ਼ੂਬੀਆਂ[95] ਗਾਇਨ ਕਰ ।

ਮਨਿ[97] ਤਨਿ[98] ਜਾਪਿ[99] ਏਕ ਭਗਵੰਤ[100] ॥

With mind[97] and body[98] think[99] thou of the One fortunate Lord[100].

ਰਿਦੇ[97] ਤੇ ਦੇਹਿ[98] ਨਾਲ ਤੂੰ ਇਕ ਭਾਗਾਂ ਵਾਲੇ ਸਾਂਈ[100] ਨੂੰ ਚੇਤੇ[99] ਕਰ ।

ਏਕੋ[2] ਏਕੁ ਏਕੁ ਹਰਿ ਆਪਿ[3] ॥

God Himself[3] is the only[2], only, only one.

ਵਾਹਿਗੁਰੂ ਖ਼ੁਦ[3] ਇੱਕੋ[2], ਇੱਕੋ, ਇੱਕੋ ਹੀ ਹੈ ।

ਪੂਰਨ[4] ਪੂਰਿ[7] ਰਹਿਓ ਪ੍ਰਭੁ[5] ਬਿਆਪਿ[6] ॥

The pervading[6] Lord[5] is fully[4] filling[7] every place.

ਵਿਆਪਕ[6] ਸ਼ਾਂਈ[5] ਹਰ ਥਾਂ ਨੂੰ ਪੂਰੀ ਤਰ੍ਹਾਂ[4] ਭਰ[7] ਰਿਹਾ ਹੈ ।

ਅਨਿਕ[7*] ਬਿਸਥਾਰ[8] ਏਕ ਤੇ[9] ਭਏ[10] ॥

From[9] the One Lord, there have[10] been many[7*] expansions[8].

ਇਕ ਪ੍ਰਭੂ ਤੋਂ[9] ਘਣੇਰੇ[7*] ਖਿਲਾਰੇ[8] ਹੋਏ[10] ਹਨ ।

ਏਕੁ[15] ਅਰਾਧਿ[12] ਪਰਾਛਤ[13] ਗਏ[14] ॥

By remembering[12] the Unique Being[15] the sins[13] depart[14].

ਅਦੁੱਤੀ ਪੁਰਖ[15] ਦਾ ਭਜਨ[12] ਕਰਨ ਦੁਆਰਾ ਪਾਪ[13] ਦੂਰ[14] ਹੋ ਜਾਂਦੇ ਹਨ ।

ਮਨ[16] ਤਨ[17] ਅੰਤਰਿ[18] ਏਕੁ ਪ੍ਰਭੁ ਰਾਤਾ[19] ॥

My soul[16] and body[17] are imbued[19] in[18] One Lord.

ਮੇਰੀ ਆਤਮਾ[16] ਤੇ ਦੇਹਿ[17] ਇਕ ਠਾਕੁਰ ਅੰਦਰ[18] ਰੰਗੇ[19] ਹੋਏ ਹਨ ।

ਗੁਰ ਪ੍ਰਸਾਦਿ[20] ਨਾਨਕ ਇਕੁ ਜਾਤਾ[21] ॥੮॥੧੯॥

By Guru's favour[20], Nanak has known[21] but One God.

ਗੁਰਾਂ ਦੀ ਦਇਆ[20] ਦੁਆਰਾ ਨਾਨਕ ਨੇ ਕੇਵਲ ਇਕ ਵਾਹਿਗੁਰੂ ਨੂੰ ਹੀ ਜਾਣਿਆ[21] ਹੈ ।

ਸਲੋਕੁ ॥

Slok.

ਸਲੋਕ ।

ਫਿਰਤ[22] ਫਿਰਤ ਪ੍ਰਭ ਆਇਆ ਪਰਿਆ[23] ਤਉ[24] ਸਰਨਾਇ[25] ॥

After wandering[22] and wandering O Lord, I have come and entered[23] Thine[24] sanctuary[25].

ਭਟਕ[22], ਭਟਕ ਕੇ ਹੇ ਸੁਆਮੀ ! ਮੈਂ ਆ ਕੇ ਤੇਰੀ[24] ਪਨਾਹ[25] ਲਈ[23] ਹੈ ।

ਨਾਨਕ ਕੀ ਪ੍ਰਭ ਬੇਨਤੀ[26] ਅਪਨੀ ਭਗਤੀ[27] ਲਾਇ[28]॥ ੧ ॥

O Master, Nanak's prayer[26] is : "Attach[28] me to Thine devotional service[27]".

ਹੇ ਮਾਲਕ ! ਨਾਨਕ ਦੀ ਪ੍ਰਾਰਥਨਾ[26] ਹੈ—"ਮੈਨੂੰ ਆਪਣੀ ਅਨੁਰਾਗੀ ਸੇਵਾ[27] ਅੰਦਰ ਜੋੜ[28] ਲੈ ।"

ਅਸਟਪਦੀ ॥

Ashtpadi.

ਅਸ਼ਟਪਦੀ ।

ਜਾਚਕ[29] ਜਨੁ[30] ਜਾਚੈ[31] ਪ੍ਰਭ ਦਾਨੁ[32] ॥

I, a beggarly[29] man[30] beg[31] a gift[32] of Thee, O Lord.

ਮੈਂ ਇਕ ਮੰਗਤਾ[29] ਮਨੁੱਖ[30], ਤੇਰੇ ਕੋਲੋਂ ਇਕ ਦਾਤ[32] ਮੰਗਦਾ[31] ਹਾਂ, ਹੇ ਸੁਆਮੀ ।

ਕਰਿ[33] ਕਿਰਪਾ[34] ਦੇਵਹੁ[35] ਹਰਿ ਨਾਮੁ ॥

Show[33] mercy[34] and grant[35] me Thy Name.

ਰਹਿਮਤ[34] ਧਾਰ[33] ਅਤੇ ਮੈਨੂੰ ਆਪਣਾ ਨਾਮ ਪਰਦਾਨ[35] ਕਰ ।

ਸਾਧ ਜਨਾ[36] ਕੀ ਮਾਗਉ[37] ਧੂਰਿ[38] ॥

I ask for[37] the dust[38] of pious persons[36] feet.

ਮੈਂ ਪਵਿੱਤ੍ਰ ਪੁਰਸ਼ਾਂ[36] ਦੇ ਪੈਰਾਂ ਦੀ ਧੂੜ[38] ਦੀ ਯਾਚਨਾ[37] ਕਰਦਾ ਹਾਂ ।

ਪਾਰਬ੍ਰਹਮ[39] ਮੇਰੀ ਸਰਧਾ[40] ਪੂਰਿ[41] ॥

My Supreme Lord[39], fulfil[41] my desire[40].

ਮੇਰੇ ਸ਼ਰੋਮਣੀ ਸਾਹਿਬ[39], ਮੇਰੀ ਸੱਧਰ[40] ਪੂਰੀ[41] ਕਰ ।

ਸਦਾ[42] ਸਦਾ ਪ੍ਰਭ ਕੇ ਗੁਨ[43] ਗਾਵਉ[44] ॥

Ever[42], ever, I may celebrate[44] Lord's excellences[43].

ਹਮੇਸ਼ਾ[42], ਹਮੇਸ਼ਾ, ਮੈਂ ਸਾਹਿਬ ਦੀਆਂ ਸਰੇਸ਼ਟਤਾਈਆਂ[43] ਅਲਾਪਦਾ[44] ਰਹਾਂ ।

ਸਾਸਿ ਸਾਸਿ[45] ਪ੍ਰਭ ਤੁਮਹਿ ਧਿਆਵਉ[46] ॥

And at avery breath[45], I may meditate[46] on Thee, O Lord.

ਹਰ ਸੁਆਸ[45] ਨਾਲ ਮੈਂ ਤੇਰਾ ਸਿਮਰਨ[46] ਕਰਾਂ ਹੇ ਸਾਹਿਬ !

ਚਰਨ[47] ਕਮਲ[48] ਸਿਉ ਲਾਗੈ[49] ਪ੍ਰੀਤਿ[50] ॥	I should embrace[49] affection[50] for Thine lotus[48] feet[47].	ਤੇਰੇ ਕੰਵਲ[48] ਰੂਪੀ ਪੈਰਾਂ[47] ਨਾਲ ਮੇਰੀ ਪਿਰਹੜੀ[50] ਪਈ[49] ਹੋਈ ਹੈ।
ਭਗਤਿ[50*] ਕਰਉ[51] ਪ੍ਰਭ ਕੀ ਨਿਤ ਨੀਤਿ[52] ॥	For ever and aye[52] I may perform[51] Lord's service[50*].	ਸਦਾ ਤੇ ਹਮੇਸ਼ਾ[52] ਮੈਂ ਸਾਹਿਬ ਦੀ ਸੇਵਾ[50*] ਕਮਾਉਂਦਾ[51] ਹਾਂ।
ਏਕ[53] ਓਟ[54] ਏਕੋ ਆਧਾਰੁ[55] ॥	Thou, O Lord art my only[53] shelter[54], mine only prop[55].	ਤੂੰ ਹੀ ਮੇਰੀ ਕੱਲਮਕੱਲੀ[53] ਟੇਕ[54] ਤੇ ਕੱਲਮਕੱਲਾ ਆਸਰਾ[55] ਹੈਂ, ਹੇ ਸੁਆਮੀ!
ਨਾਨਕੁ ਮਾਗੈ[56] ਨਾਮੁ ਪ੍ਰਭ ਸਾਰੁ[57] ॥੧॥	Nanak asks[56] for Thy excellent[57] Name, my Master.	ਨਾਨਕ ਤੇਰੇ ਪਰਮ ਸ੍ਰੇਸ਼ਟ[57] ਨਾਮ ਦੀ ਯਾਚਨਾ[56] ਕਰਦਾ ਹੈ, ਮੇਰੇ ਮਾਲਕ।
ਪ੍ਰਭ ਕੀ ਦ੍ਰਿਸਟਿ[58] ਮਹਾ[59] ਸੁਖੁ ਹੋਇ ॥	In Lord's kind look[58] there is great[59] comfort.	ਸੁਆਮੀ ਦੀ ਮਿਹਰ ਦੀ ਨਜ਼ਰ[58] ਅੰਦਰ ਪਰਮ[59] ਆਰਾਮ ਹੈ।
ਹਰਿ ਰਸੁ[60] ਪਾਵੈ ਬਿਰਲਾ[61] ਕੋਇ ॥	Rare[61] is the person, who obtains God's elixir[60].	ਕੋਈ ਟਾਵਾਂ[61] ਪੁਰਸ਼ ਹੀ ਵਾਹਿਗੁਰੂ ਦੇ ਅੰਮ੍ਰਿਤ[60] ਨੂੰ ਪਾਉਂਦਾ ਹੈ।
ਜਿਨ[62] ਚਾਖਿਆ[63] ਸੇ[64] ਜਨ[65] ਤ੍ਰਿਪਤਾਨੇ[66] ॥	The[64] mortals[65], who[62] partake[63] of it, are satiated[66].	ਜੋ[62] ਇਸ ਨੂੰ ਪਾਨ[63] ਕਰਦੇ ਹਨ, ਉਹ[64] ਜੀਵ[65] ਰੱਜ[66] ਜਾਂਦੇ ਹਨ।
ਪੂਰਨ[67] ਪੁਰਖ[68] ਨਹੀ ਡੋਲਾਨੇ[69] ॥	They become perfect[67] persons[68] and waver[69] not.	ਉਹ ਮੁਕੰਮਲ[67] ਇਨਸਾਨ[68] ਹੋ ਜਾਂਦੇ ਹਨ ਅਤੇ ਡਿੱਕਡੋਲੇ[69] ਨਹੀਂ ਖਾਂਦੇ।
ਸੁਭਰ[70] ਭਰੇ[71] ਪ੍ਰੇਮ[72] ਰਸ[73] ਰੰਗਿ[74] ॥	They are completely[70] filled[71] with the sweetness[73] and delight[74] of Lord's love[72].	ਉਹ ਪ੍ਰਭੂ ਦੀ ਪ੍ਰੀਤ[72] ਦੀ ਮਿਠਾਸ[73] ਅਤੇ ਖ਼ੁਸ਼ੀ[74] ਨਾਲ ਮੁਕੰਮਲ[70] ਤੌਰ ਤੇ ਪੂਰਨ[71] ਹੋਏ ਹੋਏ ਹਨ।
ਉਪਜੈ[75] ਚਾਉ[76] ਸਾਧ ਕੈ ਸੰਗਿ ॥	In the society of saints, spiritual delight[76] is produced[75] in their mind.	ਸਤਿ ਸੰਗਤ ਵਿਚ ਉਨ੍ਹਾਂ ਦੇ ਮਨ ਅੰਦਰ ਰੂਹਾਨੀ ਖ਼ੁਸ਼ੀ[76] ਪੈਦਾ[75] ਹੋ ਜਾਂਦੀ ਹੈ।
ਪਰੋ[77] ਸਰਨਿ[78] ਆਨ[79] ਸਭ ਤਿਆਗਿ[80] ॥	Forsaking[80] all[79] others, they enter[77] Lord's sanctuary[78].	ਹੋਰ ਸਾਰਿਆਂ[79] ਨੂੰ ਛੱਡ[80] ਕੇ ਉਹ ਸੁਆਮੀ ਦੀ ਸਰਣਾਗਤ[78] ਸੰਭਾਲਦੇ[77] ਹਨ।
ਅੰਤਰਿ[81] ਪ੍ਰਗਾਸ[82] ਅਨ-ਦਿਨੁ[83] ਲਿਵ[84] ਲਾਗਿ[85] ॥	Their heart[81] is illumined[82] and on the Lord they fix[85] their attention[84], night and day[83].	ਉਨ੍ਹਾਂ ਦਾ ਦਿਲ[81] ਰੌਸ਼ਨ[82] ਹੋ ਜਾਂਦਾ ਹੈ ਅਤੇ ਦਿਨ ਰਾਤ[83] ਉਹ ਆਪਣੀ ਬਿਰਤੀ[84] ਸੁਆਮੀ ਨਾਲ ਜੋੜਦੇ[85] ਹਨ।
ਬਡਭਾਗੀ[86] ਜਪਿਆ[87] ਪ੍ਰਭੁ ਸੋਇ[88] ॥	Through the greatest good luck[86], He[88], the Lord is meditated[87] upon.	ਪਰਮ ਚੰਗੇ ਨਸੀਬਾਂ[86] ਦੁਆਰਾ ਉਹ[88] ਸਾਹਿਬ ਸਿਮਰਿਆ[87] ਜਾਂਦਾ ਹੈ।
ਨਾਨਕ ਨਾਮਿ ਰਤੇ[89] ਸੁਖੁ ਹੋਇ ॥੨॥	They, who are imbued[89] with the Name, O Nanak, procure peace.	ਜੋ ਨਾਮ ਨਾਲ ਰੰਗੀਜੇ[89] ਹਨ, ਹੇ ਨਾਨਕ! ਉਹ ਆਰਾਮ ਪਾਉਂਦੇ ਹਨ।
ਸੇਵਕ[90] ਕੀ ਮਨਸਾ[91] ਪੂਰੀ[92] ਭਈ ॥ ਸਤਿਗੁਰ ਤੇ[93] ਨਿਰਮਲ[94] ਮਤਿ[95] ਲਈ[96] ॥	The Lord's slave's[90] desire[91] is fulfilled[92] and from[93] the True Guru, he has obtained[96] the pure[94] instruction[95].	ਸਾਹਿਬ ਦੇ ਗੋਲੇ[90] ਦੀ ਖ਼ਾਹਿਸ਼[91] ਪੂਰਨ[92] ਹੋ ਗਈ ਹੈ ਅਤੇ ਸੱਚੇ ਗੁਰਾਂ ਪਾਸੋਂ[93] ਉਸ ਨੇ ਪਵਿੱਤ੍ਰ[94] ਸਿਖ-ਮਤ[95] ਪ੍ਰਾਪਤ[96] ਕਰ ਲਈ ਹੈ।

ਜਨ ਕਉ ਪ੍ਰਭੁ ਹੋਇਓ ਦਇਆਲੁ[97] ॥	Unto His slave the Lord has become merciful[97].	ਆਪਣੇ ਗੋਲੇ ਉਤੇ ਮਾਲਕ ਮਿਹਰਬਾਨ[97] ਹੋ ਗਿਆ ਹੈ।
ਸੇਵਕੁ ਕੀਨੋ ਸਦਾ[98] ਨਿਹਾਲੁ[99] ॥	His servant He has rendered ever[98] happy[99].	ਆਪਣੇ ਦਾਸ ਨੂੰ ਉਸ ਨੇ ਸਦੀਵੀ[98] ਪ੍ਰਸੰਨ[99] ਕਰ ਦਿੱਤਾ ਹੈ।
ਬੰਧਨ ਕਾਟਿ ਮੁਕਤਿ[100] ਜਨੁ ਭਇਆ ॥	The servant's fetters are cut and he is emancipated[100].	ਦਾਸ ਦੀਆਂ ਬੇੜੀਆਂ ਕਟੀਆਂ ਗਈਆਂ ਹਨ ਅਤੇ ਉਹ ਮੋਖਸ਼[100] ਨੂੰ ਪ੍ਰਾਪਤ ਹੋ ਗਿਆ ਹੈ।
ਜਨਮ[2] ਮਰਨ[3] ਦੂਖੁ[4] ਭ੍ਰਮੁ[5] ਗਇਆ[6] ॥	Gone[6] are his birth[2], death[3], pain[4] and doubt[5].	ਉਸ ਦਾ ਜੰਮਣਾ[2], ਮਰਣਾ[3], ਤਕਲੀਫ[4] ਅਤੇ ਵਹਿਮ[5] ਦੂਰ[6] ਹੋ ਗਏ ਹਨ।
ਇਛ[7] ਪੁਨੀ[8] ਸਰਧਾ[9] ਸਭ[10] ਪੂਰੀ[12] ॥	His desire[7] is satiated[8] and faith[9] is all[10] fulfilled[12].	ਉਸ ਦੀ ਖ਼ਾਹਿਸ਼[7] ਤ੍ਰਿਪਤ[8] ਹੋ ਗਈ ਹੈ ਅਤੇ ਭਰੋਸਾ[9] ਸਮੂਹ[10] ਸੰਪੂਰਨ[12] ਹੋ ਗਿਆ ਹੈ।
ਰਵਿ[13] ਰਹਿਆ ਸਦ[14] ਸੰਗਿ[15] ਹਜੂਰੀ[16] ॥	He remains permeated[13] in God and ever[14] remains with[15] Him and in His presence[16].	ਉਹ ਹਰੀ ਅੰਦਰ ਰਮਿਆ[13] ਰਹਿੰਦਾ ਹੈ ਅਤੇ ਹਮੇਸ਼ਾ[14] ਉਸ ਦੇ ਨਾਲ[15] ਅਤੇ ਉਸ ਦੀ ਹਾਜ਼ਰੀ[16] ਵਿਚ ਰਹਿੰਦਾ ਹੈ।
ਜਿਸ[17] ਕਾ[18] ਸਾ ਤਿਨਿ[19] ਲੀਆ[20] ਮਿਲਾਇ ॥	He[19], of whom[17] he is[18], has blended[20] him with Himself.	ਜਿਸ[17] ਦਾ ਉਹ ਹੈ[18], ਉਸ[19] ਨੇ ਉਸ ਨੂੰ ਆਪਣੇ ਨਾਲ ਅਭੇਦ[20] ਕਰ ਲਿਆ ਹੈ।
ਨਾਨਕ ਭਗਤੀ[21] ਨਾਮਿ ਸਮਾਇ[22] ॥੩॥	Nanak is absorbed[22] in Lord's devotion[21] and Name.	ਨਾਨਕ ਪ੍ਰਭੂ ਦੇ ਅਨੁਰਾਗ[21] ਅਤੇ ਨਾਮ ਵਿਚ ਲੀਨ ਹੋਇਆ ਹੋਇਆ[22] ਹੈ।
ਸੋ ਕਿਉ ਬਿਸਰੈ[23] ਜਿ ਘਾਲ[24] ਨ ਭਾਨੈ[25] ॥	Why forget[23] Him, who disregards[25] not mortal's service[24] ?	ਉਸ ਨੂੰ ਕਿਉਂ ਭੁਲਾਈਏ[23] ਜੋ ਪ੍ਰਾਣੀ ਦੀ ਸੇਵਾ[24] ਨੂੰ ਅੱਖੋਂ ਉਹਲੇ[25] ਨਹੀਂ ਕਰਦਾ ?
੨੯੦	290	੨੯੦
ਸੋ ਕਿਉ ਬਿਸਰੈ ਜਿ ਕੀਆ[26] ਜਾਨੈ[27] ॥	Why forget Him who acknowledges[27] what is done[26] for Him ?	ਉਸ ਨੂੰ ਕਿਉਂ ਭੁਲਾਈਏ, ਜੋ ਉਸ ਲਈ ਕੀਤੀ[26] ਗਈ ਕਾਰ ਦੀ ਕਦਰ ਕਰਦਾ[27] ਹੈ ?
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ[28] ਦੀਆ[29] ॥	Why forget Him, who has given[29] us everything[28].	ਉਸ ਨੂੰ ਕਿਉਂ ਭੁਲਾਈਏ ਜਿਸ ਨੇ ਸਾਨੂੰ ਸਭ ਕੁਝ[28] ਦਿਤਾ[29] ਹੈ ?
ਸੋ ਕਿਉ ਬਿਸਰੈ ਜਿ ਜੀਵਨ[30] ਜੀਆ[31] ॥	Why forget Him, who is the life[30] of the sentient beings[31] ?	ਉਸ ਨੂੰ ਕਿਉਂ ਭੁਲਾਈਏ ਜੋ ਪ੍ਰਾਣ-ਧਾਰੀਆਂ[31] ਦੀ ਜਿੰਦ ਜਾਨ[30] ਹੈ ?
ਸੋ ਕਿਉ ਬਿਸਰੈ ਜਿ ਅਗਨਿ[32] ਮਹਿ[33] ਰਾਖੈ[34] ॥	Why forget Him who preserves[34] us in[33] the womb-fire[32] ?	ਉਸ ਨੂੰ ਕਿਉਂ ਭੁਲਾਈਏ, ਜੋ ਉਦਰ ਦੀ ਅੱਗ[32] ਵਿਚ[33] ਸਾਡੀ ਰਖਿਆ[34] ਕਰਦਾ ਹੈ ?
ਗੁਰ ਪ੍ਰਸਾਦਿ[35] ਕੋ ਬਿਰਲਾ[36] ਲਾਖੈ[37] ॥	By Guru's grace[35], some rare[36] one sees[37] Him.	ਗੁਰਾਂ ਦੀ ਦਇਆ[35] ਦੁਆਰਾ ਕੋਈ ਟਾਵਾ[36] ਹੀ ਉਸ ਨੂੰ ਵੇਖਦਾ[37] ਹੈ।
ਸੋ ਕਿਉ ਬਿਸਰੈ ਜਿ ਬਿਖੁ[38] ਤੇ[39] ਕਾਢੈ[40] ॥ ਜਨਮ ਜਨਮ[41] ਕਾ ਟੂਟਾ[42] ਗਾਢੈ[43] ॥	Why forget Him who extricates[40] man from[39] sin[38] and unites[43] him with Himself, separated[42] from Him since many births[41] ?	ਉਸ ਨੂੰ ਕਿਉਂ ਭੁਲਾਈਏ ਜੋ ਬੰਦੇ ਨੂੰ ਪਾਪ[38] ਤੋਂ[39] ਬਚਾਉਂਦਾ[40] ਹੈ ਅਤੇ ਆਪਣੇ ਨਾਲੋਂ ਅਨੇਕਾਂ ਜਨਮਾਂ[41] ਤੋਂ ਵਿਛੁੜੇ[42] ਹੋਏ ਨੂੰ ਆਪਣੇ ਨਾਲ ਮਿਲਾ[43] ਲੈਂਦਾ ਹੈ ?

ਗੁਰਿ ਪੂਰੈ[44] ਤਤੁ[45] ਇਹੈ[46] ਬੁਝਾਇਆ[47] ॥	The Perfect Guru[44] has taught[47] me this[46] reality[45].	ਪੂਰਨ ਗੁਰਾ[44] ਨੇ ਮੈਨੂੰ ਇਹ[46] ਅਸਲੀਅਤ[45] ਦਰਸਾਈ[47] ਹੈ।
ਪ੍ਰਭੁ ਅਪਨਾ ਨਾਨਕ ਜਨ[48] ਧਿਆਇਆ[49]॥੪॥	Serf[48] Nanak has meditated[49] on His Lord.	ਨਫ਼ਰ[48] ਨਾਨਕ ਨੇ ਆਪਣੇ ਸਾਹਿਬ ਦਾ ਸਿਮਰਨ[49] ਕੀਤਾ ਹੈ।
ਸਾਜਨ[50] ਸੰਤ ਕਰਹੁ ਇਹੁ ਕਾਮੁ ॥	O friendly[50] saints, do this work,	ਹੇ ਮਿਤ੍ਰ[50] ਸਾਧੂਓ ! ਇਹ ਕੰਮ ਕਰੋ,
ਆਨ[51] ਤਿਆਗਿ[52] ਜਪਹੁ[53] ਹਰਿ ਨਾਮੁ ॥	Abandon[52] all else[51] and repeat[53] God's Name.	ਹੋਰ[51] ਸਾਰਾ ਕੁਛ ਛਡ[52] ਦਿਓ ਅਤੇ ਰੱਬ ਦੇ ਨਾਮ ਦਾ ਉਚਾਰਣ[53] ਕਰੋ।
ਸਿਮਰਿ[54] ਸਿਮਰਿ ਸਿਮਰਿ ਸੁਖ[55] ਪਾਵਹੁ ॥	Remember[54], remember, remember the Name and obtain peace[55].	ਨਾਮ ਦਾ ਚਿੰਤਨ[54], ਚਿੰਤਨ, ਚਿੰਤਨ ਕਰ ਅਤੇ ਆਰਾਮ[55] ਨੂੰ ਪ੍ਰਾਪਤ ਹੋ।
ਆਪਿ[56] ਜਪਹੁ[57] ਅਵਰਹ[58] ਨਾਮੁ ਜਪਾਵਹੁ ॥	Thyself[56] repeat[57] the Name and make others[58] to repeat it.	ਖ਼ੁਦ[56] ਨਾਮ ਦਾ ਉਚਾਰਨ[57] ਕਰ ਅਤੇ ਹੋਰਨਾਂ[58] ਤੋਂ ਇਸ ਦਾ ਉਚਾਰਣ ਕਰਵਾ।
ਭਗਤਿ[59] ਭਾਇ[60] ਤਰੀਐ[61] ਸੰਸਾਰੁ[62] ॥	By meditation[59] and Divine-love[60], thou shalt cross[61] over the world[62]-ocean.	ਸਿਮਰਨ[59] ਅਤੇ ਪ੍ਰਭੂ-ਪ੍ਰੇਮ[60] ਦੁਆਰਾ ਤੂੰ ਜਗਤ-ਸਮੁੰਦਰ ਤੋਂ ਪਾਰ[61] ਹੋ ਜਾਵੇਂਗਾ।
ਬਿਨੁ ਭਗਤੀ ਤਨੁ[63] ਹੋਸੀ[64] ਛਾਰੁ[65] ॥	Without meditation, the body[63] shall become[64] ashes[65].	ਸਿਮਰਨ ਦੇ ਬਾਝੋਂ ਦੇਹਿ[63] ਸੁਆਹ[65] ਹੋ ਜਾਏਗੀ[64]।
ਸਰਬ[66] ਕਲਿਆਣ[67] ਸੂਖ[68] ਨਿਧਿ[69] ਨਾਮੁ ॥ ਬੂਡਤ[70] ਜਾਤ ਪਾਏ ਬਿਸ੍ਰਾਮੁ[71] ॥	Lord's Name is the treasure[69] of all[66] the comforts[68] and joys[67]. Even the drowning[70] one obtains rest[71].	ਸੁਆਮੀ ਦਾ ਨਾਮ ਸਾਰਿਆਂ[66] ਆਰਾਮਾਂ[68] ਅਤੇ ਖ਼ੁਸ਼ੀਆਂ[67] ਦਾ ਖ਼ਜ਼ਾਨਾ[69] ਹੈ, ਡੁਬਦਾ[70] ਹੋਇਆ ਜੀਵ ਭੀ ਇਸ ਵਿਚ ਆਰਾਮ[71] ਪਾ ਲੈਂਦਾ ਹੈ।
ਸਗਲ[77] ਦੂਖ[72] ਕਾ ਹੋਵਤ ਨਾਸੁ[73] ॥ ਨਾਨਕ ਨਾਮੁ ਜਪਹੁ[74] ਗੁਨ[75] ਤਾਸੁ[76]॥੫॥	All[77] thy sorrows[72] shall vanish[73], O Nanak, utter[74] thou the Name of the Lord[76] of excellences[75].	ਤੇਰੇ ਸਾਰੇ[77] ਗ਼ਮ[72] ਅਲੋਪ[73] ਹੋ ਜਾਣਗੇ। ਹੇ ਨਾਨਕ ! ਤੂੰ ਗੁਣਾਂ[75] ਦੇ ਸੁਆਮੀ[76] ਦੇ ਨਾਮ ਦਾ ਉਚਾਰਣ[74] ਕਰ।
ਉਪਜੀ[78] ਪ੍ਰੀਤਿ[79] ਪ੍ਰੇਮ[80] ਰਸੁ[81] ਚਾਉ[82] ॥	The savour[81] of love[79] and affection[80], and yearning[82] for God, have sprung[78] up in me.	ਪਿਰਹੜੀ[79] ਅਤੇ ਪਿਆਰ[80] ਦਾ ਸੁਆਦ[81] ਅਤੇ ਵਾਹਿਗੁਰੂ ਲਈ ਲਾਲਸਾ[82] ਮੇਰੇ ਅੰਦਰ ਉਤਪੰਨ[78] ਹੋ ਗਏ ਹਨ।
ਮਨ[83] ਤਨ[84] ਅੰਤਰਿ[85] ਇਹੀ[86] ਸੁਆਉ[87] ॥	This[86] is the very object[87] within[85] my mind[83] and body[84].	ਮੇਰੀ ਆਤਮਾ[83] ਤੇ ਦੇਹਿ[84] ਵਿਚ[85] ਐਨ ਏਹੀ[86] ਪ੍ਰਯੋਜਨ[87] ਹੈ।
ਨੇਤ੍ਰਹੁ[88] ਪੇਖਿ[89] ਦਰਸੁ[90] ਸੁਖੁ ਹੋਇ ॥	By beholding[89] Lord's sight[90] with mine eyes[88], I get peace.	ਆਪਣੀਆਂ ਅੱਖਾਂ[88] ਨਾਲ ਸੁਆਮੀ ਦਾ ਦੀਦਾਰ[90] ਵੇਖ[89] ਕੇ ਮੈਂ ਆਰਾਮ ਪਾਉਂਦਾ ਹਾਂ।
ਮਨੁ ਬਿਗਸੈ[91] ਸਾਧ ਚਰਨ[92] ਧੋਇ[93] ॥	My soul is gladdened[91] by washing[93] saints' feet[92].	ਸੰਤਾਂ ਦੇ ਪੈਰ[92] ਧੋ[93] ਕੇ ਮੇਰੀ ਜਿੰਦੜੀ ਪਰਸੰਨ[91] ਹੋ ਗਈ ਹੈ।
ਭਗਤ ਜਨਾ ਕੈ[94] ਮਨਿ[95] ਤਨਿ[96] ਰੰਗੁ[97] ॥	Within the mind[95] and body[96] of the pious persons[94], is the love[97] of the Lord.	ਪਵਿੱਤ੍ਰ ਪੁਰਸ਼ਾਂ[94] ਦੀ ਆਤਮਾ[95] ਅਤੇ ਦੇਹਿ[96] ਅੰਦਰ ਪ੍ਰਭੂ ਦੀ ਪ੍ਰੀਤ[97] ਹੈ।

ਬਿਰਲਾ[98] ਕੋਊ ਪਾਵੈ ਸੰਗੁ[99] ॥	Rare[98] is the person, who attains their association[99].	ਕੋਈ ਟਾਵਾਂ[98] ਪੁਰਸ਼ ਹੀ ਉਨ੍ਹਾਂ ਦੀ ਸੰਗਤ[99] ਨੂੰ ਪ੍ਰਾਪਤ ਹੁੰਦਾ ਹੈ।
ਏਕ ਬਸਤੁ[100] ਦੀਜੈ ਕਰਿ ਮਇਆ[2] ॥ ਗੁਰ ਪ੍ਰਸਾਦਿ[3] ਨਾਮੁ ਜਪਿ[4] ਲਇਆ ॥	Mercifully[2], O Lord grant me one thing[100], that by Guru's grace[3] I may repeat[4] Thy Name	ਹੇ ਸੁਆਮੀ ! ਮਿਹਰ ਧਾਰ ਕੇ[2] ਤੂੰ ਮੈਨੂੰ ਇਕ ਸ਼ੈ[100] ਪਰਦਾਨ ਕਰ, ਕਿ ਗੁਰਾਂ ਦੀ ਦਇਆ[3] ਦੁਆਰਾ ਮੈਂ ਤੇਰੇ ਨਾਮ ਦਾ ਉਚਾਰਨ[4] ਕਰਾਂ।
ਤਾਕੀ[5] ਉਪਮਾ[6] ਕਹੀ[7] ਨ ਜਾਇ ॥	His[5] praise[6] cannot be expressed[7].	ਉਸ[5] ਦੀ ਉਸਤਤੀ[6] ਆਖੀ[7] ਨਹੀਂ ਜਾ ਸਕਦੀ।
ਨਾਨਕ ਰਹਿਆ ਸਰਬ[8] ਸਮਾਇ[9]॥੬॥	Nanak, the Lord is contained[9] amongst all[8].	ਨਾਨਕ ਸੁਆਮੀ ਸਾਰਿਆਂ[8] ਅੰਦਰ ਰਮਿਆ[9] ਹੋਇਆ ਹੈ।
ਪ੍ਰਭ ਬਖਸੰਦ[10] ਦੀਨ[12] ਦਇਆਲ[13] ॥	The Lord is the Pardoner[10] and Merciful[13] to the meek[12].	ਸਾਹਿਬ ਮਾਫ਼ ਕਰ ਦੇਣ ਵਾਲਾ[10] ਅਤੇ ਮਸਕੀਨਾਂ[12] ਤੇ ਮਿਹਰਬਾਨ[13] ਹੈ।
ਭਗਤਿ ਵਛਲ[14] ਸਦਾ[16] ਕਿਰਪਾਲ[15] ॥	He is the Lover of saints[14] and ever[16] Compassionate[15].	ਉਹ ਸਾਧੂਆਂ ਤੇ ਆਸ਼ਕ[14] ਅਤੇ ਸਦੀਵ[16] ਮਇਆਵਾਨ[15] ਹੈ।
[17]ਅਨਾਥ[18] ਨਾਥ [19]ਗੋਬਿੰਦ[20] [21]ਗੁਪਾਲ[22] ॥	He is the Patron of the [18]patronless[17], Preserver[20] of the Universe[19] and the Cherisher[22] of the world[21].	ਉਹ [17]ਨਿਖ਼ਸਮਿਆਂ[18] ਦਾ ਖ਼ਸਮ, ਸੰਸਾਰ[19] ਦਾ ਰਖਿਅਕ[20], ਅਤੇ ਜਗਤ[21] ਦਾ ਪਾਲਣ-ਪੋਸਣਹਾਰ[22] ਹੈ।
ਸਰਬ ਘਟਾ[23] ਕਰਤ ਪ੍ਰਤਿਪਾਲ[24] ॥	He nourishes[24] all the beings[23].	ਉਹ ਸਾਰਿਆਂ ਜੀਵਾਂ[23] ਦੀ ਪਰਵਰਿਸ਼[24] ਕਰਦਾ ਹੈ।
ਆਦਿ ਪੁਰਖ[25] ਕਾਰਣ[26] ਕਰਤਾਰ[27] ॥	He is the Primal Being[25] and the Creator[27] of the universe[26].	ਉਹ ਮੁਢਲੀ ਵਿਅਕਤੀ[25] ਅਤੇ ਸ੍ਰਿਸ਼ਟੀ[26] ਦਾ ਸਿਰਜਣਹਾਰ[27] ਹੈ।
ਭਗਤ[28] ਜਨਾ ਕੇ ਪ੍ਰਾਨ[29] ਅਧਾਰ[30] ॥	He is the prop[30] of the life[29] of holy men[28].	ਉਹ ਨੇਕ ਪੁਰਸ਼ਾਂ[28] ਦੀ ਜਿੰਦ-ਜਾਨ[29] ਦਾ ਆਸਰਾ[30] ਹੈ।
ਜੋ ਜੋ[31] ਜਪੈ[32] ਸੁ[33] ਹੋਇ ਪੁਨੀਤ[34] ॥	Whosoever[31] meditates[32] on Him, he[33] becomes pure[34].	ਜੋ ਕੋਈ ਭੀ[31] ਉਸ ਦਾ ਸਿਮਰਨ ਕਰਦਾ[32] ਹੈ, ਉਹ[33] ਪਵਿੱਤ੍ਰ[34] ਹੋ ਜਾਂਦਾ ਹੈ।
ਭਗਤਿ ਭਾਇ[35] ਲਾਵੈ[36] ਮਨ[37] ਹੀਤ[38] ॥	He focuses[36] his hearty[37] affection[38] on the devotional service[35] of God.	ਉਹ ਆਪਣਾ ਦਿਲੀ[37]-ਪਿਆਰ[38] ਵਾਹਿਗੁਰੂ ਦੀ ਪ੍ਰੇਮ-ਮਈ ਸੇਵਾ[35] ਤੇ ਕੇਂਦਰਿਤ[36] ਕਰਦਾ ਹੈ।
ਹਮ[39] ਨਿਰਗੁਨੀਆਰ[40] ਨੀਚ[41] ਅਜਾਨ[42] ॥	I[39] am virtueless[40], low[41], and ignorant[42].	ਮੈਂ[39] ਨੇਕੀ-ਵਿਹੂਣ[40], ਨੀਵਾਂ[41] ਅਤੇ ਬੇਸਮਝ[42] ਹਾਂ।
ਨਾਨਕ ਤੁਮਰੀ[43] ਸਰਨਿ[44] ਪੁਰਖ[45] ਭਗਵਾਨ[46] ॥੭॥	Nanak has entered Thine[43]Sanctuary[44], O the Omnipotent[45], Auspicious Master[46].	ਹੇ ਸਰਬ-ਸ਼ਕਤੀਵਾਨ[45], ਨਾਨਕ ਨੇ, ਮੁਬਾਰਕ ਮਾਲਕ[46], ਤੇਰੀ[43] ਸ਼ਰਣਾਗਤ[44] ਸੰਭਾਲੀ ਹੈ।
ਸਰਬ[47] ਬੈਕੁੰਠ[48] ਮੁਕਤਿ[49] ਮੋਖ[50] ਪਾਏ॥ ਏਕ ਨਿਮਖ[51] ਹਰਿ ਕੇ ਗੁਨ[52] ਗਾਏ[53] ॥	By Singing[53] God's excellences[52], even for a moment[51] one obtains everything[47]:heaven[48],emancipation[49] and salvation[50].	ਵਾਹਿਗੁਰੂ ਦੀਆਂ ਸ੍ਰੇਸ਼ਟਤਾਈਆਂ[52] ਦਾ, ਇਕ ਮੁਹਤ[51] ਭਰ, ਗਾਇਨ[53] ਕਰਨ ਦੁਆਰਾ ਜੀਵ ਸਭ ਕੁਛ[47] : ਸਵਰਗ[48], ਮੋਖ਼ਸ਼[49] ਅਤੇ ਕਲਿਆਣ[50] ਪਰਾਪਤ ਕਰ ਲੈਂਦਾ ਹੈ।

ਅਨਿਕ[54] ਰਾਜ[55] ਭੋਗ[56] ਬਡਿਆਈ[57] ॥ ਹਰਿ ਕੇ ਨਾਮ ਕੀ ਕਥਾ[58] ਮਨਿ[59] ਭਾਈ[60] ॥

He, to whose mind[59] God's Name's discourse[58] is pleasing[60] enjoys various[54] sovereignties[55], dainties[56] and honours[57].

ਜਿਸ ਦੇ ਰਿਦੇ[59] ਨੂੰ ਵਾਹਿਗੁਰੂ ਦੇ ਨਾਮ ਦੀ ਵਾਰਤਾ[58] ਚੰਗੀ[60] ਲੱਗਦੀ ਹੈ, ਉਹ ਅਨੇਕਾਂ[54] ਪਾਤਸ਼ਾਹੀਆਂ[55], ਨਿਆਮਤਾਂ[56] ਅਤੇ ਇੱਜ਼ਤਾਂ[57] ਮਾਣਦਾ ਹੈ।

ਬਹੁ[61] ਭੋਜਨ[62] ਕਾਪਰ[63] ਸੰਗੀਤ[64] ॥ ਰਸਨਾ[65] ਜਪਤੀ[66] ਹਰਿ ਹਰਿ[67] ਨੀਤ[68] ॥

He whose tongue[65] ever[68] utters[66] God's Name[67], enjoys plenteous[61] food[62], raiment[63] and music[64].

ਜਿਸ ਦੀ ਜੀਭ[65] ਹਮੇਸ਼ਾ[68] ਵਾਹਿਗੁਰੂ ਦੇ ਨਾਮ[67] ਦਾ ਉਚਾਰਨ[66] ਕਰਦੀ ਹੈ, ਉਹ ਬਹੁਤੇ[61] ਭੋਜਨਾਂ[62], ਬਸਤਰਾਂ[63] ਅਤੇ ਰਾਗਾਂ[64] ਦਾ ਅਨੰਦ ਲੈਂਦਾ ਹੈ।

ਭਲੀ[69] ਸੁ[70] ਕਰਨੀ[71] ਸੋਭਾ[72] ਧਨਵੰਤ[73] ॥ ਹਿਰਦੈ[74] ਬਸੈ[75] ਪੂਰਨ[76] ਗੁਰ ਮੰਤ[77] ॥

Good[69] are his[70] deeds[71] and glorious[72] and wealthy[73] is he,within whose mind[74] the instruction[77] of the Perfect[76] Guru abides[75].

ਚੰਗੇ[69] ਹਨ ਉਸ[70] ਦੇ ਅਮਲ[71] ਅਤੇ ਸੁਭਾਇਮਾਨ[72] ਤੇ ਦੌਲਤਮੰਦ[73] ਹੈ ਉਹ, ਜਿਸ ਦੇ ਅੰਤਹਕਰਣ[74] ਅੰਦਰ ਪੂਰੇ[76] ਗੁਰਾਂ ਦਾ ਉਪਦੇਸ਼[77] ਵਸਦਾ[75] ਹੈ।

ਸਾਧ ਸੰਗਿ ਪ੍ਰਭ ਦੇਹੁ ਨਿਵਾਸ[78] ॥ ਸਰਬ[79] ਸੂਖ[80] ਨਾਨਕ ਪਰਗਾਸ[81] ॥੮॥ ੨੦ ॥

Grant Nanak an abode[78] in the society of saints, O Lord, whereby all[79] the comforts[80] shall become manifest[81] unto him.

ਨਾਨਕ ਨੂੰ ਸਤਿਸੰਗਤ ਅੰਦਰ ਵਾਸਾ[78] ਬਖ਼ਸ਼, ਹੇ ਪ੍ਰਭੂ! ਜਿਸ ਦੁਆਰਾ ਸਾਰੇ[79] ਆਰਾਮ[80] ਉਸ ਉਤੇ ਨਾਜ਼ਲ[81] ਹੋ ਜਾਣਗੇ।

ਸਲੋਕੁ ॥

Slok.

ਸਲੋਕ।

ਸਰਗੁਨ[82] ਨਿਰਗੁਨ[83] ਨਿਰੰਕਾਰ[84] ਸੁੰਨ[85] ਸਮਾਧੀ ਆਪਿ[86] ॥

The Formless[84] Lord is Himself[86] related[82] and absolute[83], He Himself is in primordial[85] trance.

ਰੂਪ-ਰਹਿਤ[84] ਸੁਆਮੀ ਖੁਦ[86] ਹੀ ਸੰਬੰਧਤ[82] ਤੇ ਅਸੰਬੰਧਤ[83] ਹੈ। ਉਹ ਆਪ ਹੀ ਅਫੁਰ[85] ਤਾੜੀ ਅੰਦਰ ਹੈ।

ਆਪਨ[87] ਕੀਆ[88] ਨਾਨਕਾ ਆਪੇ[89] ਹੀ ਫਿਰ[90] ਜਾਪਿ[91] ॥੧॥

Nanak,through His own[87]creation[88], He, again[90],meditates[91]on Himself[89].

ਨਾਨਕ, ਆਪਣੀ[87] ਨਿਜ ਦੀ ਰਚਨਾ[88] ਰਾਹੀਂ, ਉਹ ਮੁੜ[90] ਆਪਣੇ ਆਪ[89] ਦਾ ਆਰਾਧਨ[91] ਕਰਦਾ ਹੈ।

ਅਸਟਪਦੀ ॥

Ashtpadi.

ਅਸ਼ਟਪਦੀ।

ਜਬ[98] ਅਕਾਰੁ[92] ਇਹੁ ਕਛੁ[93] ਨ ਦ੍ਰਿਸਟੇਤਾ[94] ॥ ਪਾਪ[95] ਪੁੰਨ[96] ਤਬ[100] ਕਹ ਤੇ[97] ਹੋਤਾ[99] ॥

When[98] this world[92] had not appeared[94] in any form[93],then[100],by whom[97] were bad acts[95] and good ones[96] committed[99] ?

ਜਦ[98] ਇਹ ਸੰਸਾਰ[92] ਕਿਸੇ ਤਰ੍ਹਾਂ[93] ਜ਼ਾਹਰ[94] ਨਹੀਂ ਸੀ ਹੋਇਆ, ਉਦੋਂ[100] ਮੰਦੇ ਕਰਮ[95] ਤੇ ਚੰਗੇ ਅਮਲ[96] ਕਿਸ[97] ਕੋਲੋਂ ਹੁੰਦੇ[99] ਸਨ ?

ਜਬ ਧਾਰੀ ਆਪਨ[2] ਸੁੰਨ ਸਮਾਧਿ[3] ॥ ਤਬ ਬੈਰ[4] ਬਿਰੋਧ[5] ਕਿਸੁ ਸੰਗਿ ਕਮਾਤਿ[6] ॥

When the Lord Himself[2] was in profound[3] concentration, against whom, then, were enmity[4] and jealousy[5] harboured[6] ?

ਜਦ ਸੁਆਮੀ ਆਪ[2] ਡੂੰਘੀ ਇਕਾਗਰਤਾ[3] ਵਿਚ ਸੀ, ਤਦ ਦੁਸ਼ਮਨੀ[4] ਤੇ ਈਰਖਾ[5] ਕਿਸ ਦੇ ਖਿਲਾਫ ਰਖੇ[6] ਜਾਂਦੇ ਸਨ ?

ਜਬ ਇਸ[7] ਕਾ ਬਰਨੁ[8] ਚਿਹਨੁ[9] ਨ ਜਾਪਤ[10] ॥

When no colour[8] or outline[9] of this[7] man was seen[10], say[14], who, then.

ਜਦ ਇਸ[7] ਇਨਸਾਨ ਦਾ ਕੋਈ ਰੰਗ[8] ਜਾਂ ਮੁਹਾਂਦਰਾ[9] ਨਹੀਂ ਸੀ ਦਿਸਦਾ[10], ਦਸੋ[14] ਉਦੋਂ ਖੁਸ਼ੀ[12] ਤੇ ਗਮੀ[13]

ਤਬ ਹਰਖ[12] ਸੋਗ[13] ਕਹੁ[14] ਕਿਸਹਿ ਬਿਆਪਤ[15] ॥

was affected[15] joy[12] and sorrow[13] ?

ਕਿਸ ਨੂੰ ਵਾਪਰਦੀ[15] ਸੀ ?

ਜਬ ਆਪਨ[16]ਆਪ ਆਪਿ[17] ਪਾਰਬ੍ਰਹਮ[18] ॥ ਤਬ ਮੋਹ[19] ਕਹਾ[20] ਕਿਸੁ ਹੋਵਤ[21] ਭਰਮ[22] ॥

When the Supreme Lord[18] Himself[17] was all in all[16], then, where[20] was worldly love[19] and who had[21] superstition[22] ?

ਜਦ ਸ਼੍ਰੋਮਣੀ ਸਾਹਿਬ[18] ਖੁਦ[17] ਹੀ ਸਾਰਾ ਕੁਛ[16] ਸੀ. ਉਦੋਂ ਸੰਸਾਰੀ ਮਮਤਾ[19] ਕਿਥੇ[20] ਸੀ ਅਤੇ ਸੰਦੇਹ[22] ਕਿਸ ਨੂੰ ਵਿਆਪਦਾ[21] ਸੀ ?

੨੯੧

291

੨੯੧

ਆਪਨ[23] ਖੇਲੁ[24] ਆਪਿ[25] ਵਰਤੀਜਾ[26] ॥

His[23] play[24], He Himself[25] has spread[26] out.

ਆਪਣੀ[23] ਖੇਡ[24] ਉਸ ਨੇ ਆਪ[25] ਹੀ ਵਰਤਾਈ[26] ਹੋਈ ਹੈ ।

ਨਾਨਕ ਕਰਨੈਹਾਰੁ[27] ਨ ਦੂਜਾ[28] ॥੧॥

Nanak, there is no other[28] Creator[27].

ਨਾਨਕ, ਹੋਰ[28] ਕੋਈ ਸਿਰਜਣਹਾਰ[27] ਨਹੀਂ ।

ਜਬ ਹੋਵਤ ਪ੍ਰਭ ਕੇਵਲ[29] ਧਨੀ[30] ॥ ਤਬ ਬੰਧ[31] ਮੁਕਤਿ[32] ਕਹੁ[33] ਕਿਸ ਕਉ ਗਨੀ[34] ॥

When the Lord was the sole[29] Master[30], then, say[33] who was accounted[34] as bound[31] or delivered[32]?

ਜਦ ਠਾਕੁਰ ਹੀ ਕੱਲਮਕੱਲਾ[29] ਮਾਲਕ[30] ਸੀ, ਤਦ ਦੱਸੋ[33] ਕੌਣ ਬੱਝਿਆ[31] ਹੋਇਆ ਜਾਂ ਬੰਦਖਲਾਸ[32] ਗਿਣਿਆ[34] ਜਾਂਦਾ ਸੀ ?

ਜਬ ਏਕਹਿ ਹਰਿ ਅਗਮ[35] ਅਪਾਰ[36] ॥ ਤਬ ਨਰਕ[37] ਸੁਰਗ[38] ਕਹੁ ਕਉਨ ਅਉਤਾਰ[39] ॥

When there was the only One inaccessible[35] and infinite[36] Lord, then say, who did enter[39] hell[37] or paradise[38] ?

ਜਦ ਕੇਵਲ ਇਕ ਪਹੁੰਚ ਤੋਂ ਪਰੇ[35] ਤੇ ਬੇਅੰਤ[36] ਪ੍ਰਭੂ ਸੀ, ਤਦ ਦਸੋ ਕੌਣ ਦੋਜ਼ਖ[37] ਤੇ ਬਹਿਸ਼ਤ[38] ਵਿਚ ਪੈਂਦਾ[39] ਸੀ ?

ਜਬ ਨਿਰਗੁਨ[40] ਪ੍ਰਭ ਸਹਜ[41] ਸੁਭਾਇ ॥ ਤਬ ਸਿਵ[42] ਸਕਤਿ[43] ਕਹਹੁ ਕਿਤੁ[44] ਠਾਇ[45] ॥

When the unqualitative[40] Lord was with His inherent nature[41], then say, at what[44] place[45], was mind[42] and where was the matter[43] ?

ਜਦ ਲੱਛਣਾ-ਰਹਿਤ[40] ਸਾਹਿਬ ਆਪਣੇ ਪ੍ਰਕਿਰਤੀ[41] ਸੁਭਾਵ ਸਹਿਤ ਸੀ, ਤਦ ਦੱਸੋ ਮਨ[42] ਕਿਹੜੇ[44] ਥਾਂ[45] ਤੇ ਸੀ ਅਤੇ ਮਾਦਾ[43] ਕਿੱਥੇ ਸੀ ?

ਜਬ ਆਪਹਿ[46] ਆਪਿ ਅਪਨੀ[47] ਜੋਤਿ[48] ਧਰੈ[49] ॥ ਤਬ ਕਵਨ ਨਿਡਰੁ[50] ਕਵਨ ਕਤ[51] ਡਰੈ[52] ॥

When He Himself[46] did hold[49] His own[47] light[48], who was, then fearless[50] and who did fear[52] any one[51] ?

ਜਦ ਉਸ ਦਾ ਆਪਣਾ[47] ਨਿੱਜ ਦਾ ਪ੍ਰਕਾਸ਼[48] ਉਸ ਦੇ ਆਪਣੇ[46] ਆਪ ਵਿੱਚ ਹੀ ਰੱਖਿਆ[49] ਹੋਇਆ ਸੀ, ਤਦ ਕੌਣ ਨਿਧੜਕ[50] ਸੀ ਅਤੇ ਕੌਣ ਕਿਸੇ ਕੋਲੋਂ[51] ਡਰਦਾ[52] ਸੀ ?

ਆਪਨ ਚਲਿਤ[53] ਆਪਿ ਕਰਨੈਹਾਰ[54] ॥

He Himself is the performer[54] of His plays[53].

ਆਪਣਿਆਂ ਕੌਤਕਾਂ[53] ਦਾ ਉਹ ਆਪੇ ਹੀ ਰਚਣਹਾਰ[54] ਹੈ ।

ਨਾਨਕ ਠਾਕੁਰ ਅਗਮ[55] ਅਪਾਰ[56] ॥੨॥

Nanak, the Lord is unapproachable[55] and illimitable[56].

ਨਾਨਕ, ਪ੍ਰਭੂ ਪਹੁੰਚ ਤੋਂ ਪਰੇ[55] ਅਤੇ ਆਰਾਪਾਰ-ਰਹਿਤ[56] ਹੈ ।

ਅਬਿਨਾਸੀ[57] ਸੁਖ[58] ਆਪਨ ਆਸਨ[59] ॥ ਤਹ[60] ਜਨਮ[61] ਮਰਨ ਕਹੁ ਕਹਾ[62] ਬਿਨਾਸਨ[63] ॥

When the Imperishable[57] Lord was seated on His comfortable[58] seat[59], say, where[62] was then[60], transmigration[61] and destruction[63] ?

ਜਦ ਅਮਰ[57] ਸੁਆਮੀ ਆਪਣੇ ਸੁਖਦਾਈ[58] ਟਿਕਾਣੇ[59] ਤੇ ਬਿਰਾਜਮਾਨ ਸੀ, ਦੱਸੋ ਉਦੋਂ[60] ਆਵਾਗਉਣ[61] ਅਤੇ ਤਬਾਹੀ[63] ਕਿੱਥੇ[62] ਸਨ ?

ਜਬ ਪੂਰਨ[64] ਕਰਤਾ[65] ਪ੍ਰਭੁ[70] ਸੋਇ[66] ॥ ਤਬ ਜਮ[67] ਕੀ ਤ੍ਰਾਸ[68] ਕਹਹੁ ਕਿਸੁ ਹੋਇ[69] ॥

When there was only that[66] Perfect[64] Lord[70], the Creator[65], say, who,then did entertain[69] the fear[68] of death[67] ?

ਜਦ ਕੇਵਲ ਉਹ[66] ਮੁਕੰਮਲ[64] ਮਾਲਕ[70] ਸਿਰਜਣਹਾਰ[65] ਹੀ ਸੀ, ਦੱਸੋ ਓਦੋਂ ਮੌਤ[67] ਦਾ ਡਰ[68] ਕਿਸ ਨੂੰ ਵਾਪਰਦਾ[69] ਸੀ ?

ਜਬ ਅਬਿਗਤ[71] ਅਗੋਚਰ[72] ਪ੍ਰਭ ਏਕਾ ॥ ਤਬ ਚਿਤ੍ਰ ਗੁਪਤ[73] ਕਿਸੁ[76] ਪੂਛਤ[74] ਲੇਖਾ[75] ॥

When there was only the One Unmanifest[71],and Incomprehensible[72] Lord, whom[76] did the recording angels[73] call[74] on for account[75] ?

ਜਦ ਕੇਵਲ ਇਕ ਅਦ੍ਰਿਸ਼ਟ[71] ਅਤੇ ਸਮਝ ਸੋਚ ਤੋਂ ਉਚੇਰਾ[72] ਪ੍ਰਭੂ ਹੀ ਸੀ, ਉਦੋਂ ਅਮਲਾਂ ਦੇ ਲਿਖਾਰੀ ਫ਼ਰਿਸ਼ਤੇ[73] ਹਿਸਾਬ ਕਿਤਾਬ[75] ਕੀਹਦੇ[76] ਕੋਲੋਂ ਪੁਛਦੇ[74] ਸਨ ?

ਜਬ ਨਾਥ[76*] ਨਿਰੰਜਨ[77] ਅਗੋਚਰ[78] ਅਗਾਧੇ[79] ॥ ਤਬ ਕਉਨ ਛੁਟੇ[80] ਕਉਨ ਬੰਧਨ[81] ਬਾਧੇ[82] ॥

When there was only the Pure[77], Unapprehensible[78] and Unfathomable[79] Master[76*], who was then emancipated[80] and who was bound[82] with fetters[81] ?

ਜਦ ਕੇਵਲ ਪਵਿੱਤ੍ਰ[77], ਅਲਖ[78] ਅਤੇ ਅਥਾਹ[79] ਮਾਲਕ[76*] ਹੀ ਸੀ, ਉਦੋਂ ਕਿਹੜਾ ਬੰਦਖ਼ਲਾਸ[80] ਸੀ ਅਤੇ ਕਿਹੜਾ ਬੇੜੀਆਂ[81] ਨਾਲ ਜਕੜਿਆ[82] ਹੋਇਆ ਸੀ ?

ਆਪਨ[83] ਆਪ ਆਪ ਹੀ ਅਚਰਜਾ[84] ॥

The Lord is all by Himself[83], He Himself is Wonderful[84].

ਸੁਆਮੀ ਸਾਰਾ ਕੁਛ ਆਪਣੇ ਆਪ[83] ਤੋਂ ਹੀ ਹੈ, ਉਹ ਆਪੇ ਹੀ ਅਦਭੁਤ[84] ਹੈ ।

ਨਾਨਕ ਆਪਨ ਰੂਪ[85] ਆਪ ਹੀ[86]ਉਪਰਜਾ[87]॥੩॥

Nanak, His form[85], He Himself[86] has created[87].

ਨਾਨਕ ਆਪਣਾ ਸਰੂਪ[85], ਉਸ ਨੇ ਆਪੇ[86] ਹੀ ਸਾਜਿਆ[87] ਹੈ ।

ਜਹ[88] ਨਿਰਮਲ[89] ਪੁਰਖੁ[90] ਪੁਰਖ[91] ਪਤਿ[92] ਹੋਤਾ[93] ॥ ਤਹ[94] ਬਿਨੁ ਮੈਲੁ[95] ਕਹਹੁ[96] ਕਿਆ[97] ਧੋਤਾ[98] ॥

Where[88] there was[93] only the Immaculate[89] Being[90], the Lord[92] of men[91], and there being no filth[95] there[94], say[96] what[97] was then to be washed[98] ?

ਜਿਥੇ[88] ਇਨਸਾਨਾਂ[91] ਦਾ ਸੁਆਮੀ[92] ਕੇਵਲ ਪਵਿੱਤ੍ਰ[89] ਵਿਅਕਤੀ[90] ਹੀ ਸੀ[93] ਅਤੇ ਉਥੇ[94] ਕੋਈ ਮਲੀਨਤਾ[95] ਨਹੀਂ ਸੀ, ਦੱਸੋ[96] ! ਤਦ ਉਥੇ ਸਾਫ਼-ਸੁਥਰਾ[98] ਕਰਨ ਨੂੰ ਕੀ[97] ਸੀ ?

ਜਹ ਨਿਰੰਜਨ[99]ਨਿਰੰਕਾਰ[100] ਨਿਰਬਾਨ[2] ॥ ਤਹ ਕਉਨੁ ਕਉ ਮਾਨ[3] ਕਉਨ ਅਭਿਮਾਨ[4] ॥

When there was only the Bright[99], Formless[100] and Detached[2] one, then who was held in honour[3] and who in dishonour[4] ?

ਜਿਥੇ ਕੇਵਲ ਉੱਜਲ[99], ਆਕਾਰ-ਰਹਿਤ[100] ਅਤੇ ਨਿਰਲੇਪ[2] ਪੁਰਖ ਹੀ ਸੀ, ਉੱਥੇ ਕਿਸ ਦੀ ਇੱਜ਼ਤ[3] ਅਤੇ ਕਿਸ ਦੀ ਬੇਇਜ਼ਤੀ[4] ਹੁੰਦੀ ਸੀ ?

ਜਹ ਸਰੂਪ[5] ਕੇਵਲ[14] [6]ਜਗਦੀਸ[7] ॥ ਤਹ[8] ਛਲ[9] ਛਿਦ੍ਰ[10] ਲਗਤ[12] ਕਹੁ[15] ਕੀਸ[13] ।

When there was only[14] the form[5] of the World[6] Lord[7], say[15] who[13] was afflicted[12] then[8], by fraud[9] and sin[10] ?

ਜਿਥੇ ਸਿਰਫ਼[14] ਸ੍ਰਿਸ਼ਟੀ[6] ਦੇ ਸੁਆਮੀ[7] ਦਾ ਹੀ ਰੂਪ[5] ਸੀ, ਦੱਸੋ[15], ਉੱਥੇ[8] ਧੋਖਾ-ਫ਼ਰੇਬ[9] ਅਤੇ ਪਾਪ[10] ਕਿਸ[13] ਨੂੰ ਦੁਖਾਂਤ[12] ਕਰਦੇ ਸਨ ?

ਜਹ ਜੋਤਿ ਸਰੂਪੀ[16] ਜੋਤਿ[21] ਸੰਗਿ[20] ਸਮਾਵੈ[17] ॥ ਤਹ ਕਿਸਹਿ[18] ਭੂਖ ਕਵਨੁ ਤ੍ਰਿਪਤਾਵੈ[19] ॥

When the Embodiment of Light[16] was immersed[17] with[20] His own Light[21], who[18] did there, then feel hungry and satiated[19] ?

ਜਿਥੇ ਚਾਨਣ ਰੂਪ[16] ਆਪਣੇ ਨੂਰ[21] ਨਾਲ[20] ਹੀ ਰਮਿਆ[17] ਹੋਇਆ ਸੀ, ਤਦ ਉਥੇ ਕਿਸ[18] ਨੂੰ ਭੁੱਖ ਲੱਗਦੀ ਸੀ ਤੇ ਕਿਸ ਨੂੰ ਰੱਜ[19] ਆਉਂਦਾ ਸੀ ?

ਕਰਨ[22] ਕਰਾਵਨ ਕਰਨੈਹਾਰੁ[23] ॥	The cause of causes[22] is the Creator[23].	ਹੇਤੂਆਂ ਦਾ ਹੇਤੂ[22] ਸਿਰਜਣਹਾਰ[23] ਹੈ ।
ਨਾਨਕ ਕਰਤੇ[24] ਕਾ ਨਾਹਿ ਸੁਮਾਰੁ[25] ॥੪॥	Nanak, the Maker[24] is beyond calculation[25].	ਨਾਨਕ, ਕਰਤਾਰ[24] ਗਿਣਤੀ ਮਿਣਤੀ[25] ਤੋਂ ਪਰੇ ਹੈ ।
ਜਬ ਅਪਨੀ ਸੋਭਾ[26] ਆਪਨ[29]ਸੰਗਿ[27]ਬਨਾਈ[28]॥ ਤਬ ਕਵਨ ਮਾਇ[30] ਬਾਪ[31] ਮਿਤ੍ਰ[32] ਸੁਤ[33] ਭਾਈ[34] ॥	When God's glory[26] lay[28] with[27] Himself[29] alone, who was, then, mother[30], father[31], friend[32], son[33] and brother[34] ?	ਜਦ ਵਾਹਿਗੁਰੂ ਦੀ ਪ੍ਰਭੁਤਾ[26] ਕੇਵਲ ਉਸਦੇ ਆਪਣੇ ਆਪ[29] ਨਾਲ[27] ਹੀ ਸੀ[28], ਤਦ ਮਾਂ[30], ਪਿਓ[31], ਦੋਸਤ[32], ਪੁਤ੍ਰ[33] ਅਤੇ ਭਰਾ[34] ਕੌਣ ਸਨ ?
ਜਹ ਸਰਬ[35] ਕਲਾ[36] ਆਪਹਿ[43] ਪਰਬੀਨ[37] ॥ ਤਹ[38] ਬੇਦ ਕਤੇਬ[39] ਕਹਾ[40] ਕੋਊ[41] ਚੀਨ[42] ॥	When He Himself[43]was well-versed[37] in all[35] the power[36], why[40] did, then, anyone[41] see[42] the Vedas and Books[39] of the west then[38] ?	ਜਿਥੇ ਉਹ ਖੁਦ[43] ਹੀ ਸਾਰੀਆਂ[35] ਸ਼ਕਤੀਆਂ[36] ਅੰਦਰ ਪੂਰੀ ਤਰ੍ਹਾਂ ਮਾਹਿਰ[37] ਸੀ, ਉਥੇ[38] ਤਦ ਕੋਈ ਜਣਾ[41] ਕਿਉਂ[40] ਵੇਦ ਅਤੇ ਪੱਛਮੀ ਕਿਤਾਬਾਂ[39] ਵੇਖਦਾ[42] ਸੀ ?
ਜਬ ਆਪਨ[43]*ਆਪੁ ਆਪਿ [44]ਧਿਰਾਵੈ[45] ॥ ਤਉ[46] ਸਗਨ[47] ਅਪਸਗਨ[48] ਕਹਾ[49] ਬੀਚਾਰੈ[50] ॥	When the Lord kept[46]His ownself[43]* to His own mind[44], then[46] who[49] thought[50] of favourable[47] and unfavourable[48] omens ?	ਜਦ ਵਾਹਿਗੁਰੂ ਆਪਣੇ[43]* ਆਪ ਨੂੰ ਆਪਣੇ ਚਿੱਤ[44] ਵਿਚ ਹੀ ਰੱਖਦਾ[45] ਸੀ, ਤਦੋਂ[46] ਸ਼ੁਭ[47] ਅਤੇ ਅਸ਼ੁਭ[48] ਲਗਨਾਂ ਦਾ ਕਿਸ[49] ਨੂੰ ਖ਼ਿਆਲ[50] ਆਉਂਦਾ ਸੀ ?
ਜਹ ਆਪਨ ਊਚ[51] ਆਪਨ ਆਪਿ ਨੇਰਾ[52] ॥ ਤਹ ਕਉਨ[53] ਠਾਕੁਰੁ[54] ਕਉਨੁ ਕਹੀਐ[55] ਚੇਰਾ[56] ॥	Where the Lord Himself was high[51] and Himself low[52], then who[53] could be called[55] a Master[54] and who a servant[56] ?	ਜਿਥੇ ਸਾਹਿਬ ਖੁਦ ਹੀ ਬੁਲੰਦ[51] ਅਤੇ ਖੁਦ ਹੀ ਨੀਵਾਂ[52] ਸੀ, ਉਥੇ ਕਿਹੜਾ[53] ਮਾਲਕ[54] ਤੇ ਕਿਹੜਾ ਨੌਕਰ[56] ਆਖਿਆ[55] ਜਾ ਸਕਦਾ ਸੀ ?
ਬਿਸਮਨ[57] ਬਿਸਮ[58] ਰਹੇ ਬਿਸਮਾਦ[59] ॥	I am astonished[59]at the wonderous[57] mystery[58] of the Lord.	ਮੈਂ ਸੁਆਮੀ ਦੀ ਅਸਚਰਜ[57] ਅਦਭੁਤਤਾ[58] ਉਤੇ ਹੈਰਾਨ[59] ਹੋ ਰਿਹਾ ਹਾਂ ।
ਨਾਨਕ ਅਪਨੀ ਗਤਿ[60] ਜਾਨਹੁ ਆਪਿ ॥੫॥	Nanak, Thine condition[60], Thou Thyself knowest, O Lord.	ਨਾਨਕ ਆਪਣੀ ਹਾਲਤ[60] ਨੂੰ ਆਪ ਹੀ ਜਾਣਦਾ ਹੈ, ਹੇ ਪ੍ਰਭੂ !
ਜਹ ਅਛਲ[61] ਅਛੇਦ[62] ਅਭੇਦ[63] ਸਮਾਇਆ[64] ॥ ਊਹਾ[65] ਕਿਸਹਿ[66] ਬਿਆਪਤ[67] ਮਾਇਆ[68] ॥	When the undeceivable[61], impenetrable[62] and inscrutable[63] Lord was contained[64] in Himself then[65] who[66] felt the influence[67] of mammon[68].	ਜਿਥੇ ਨਾ ਠੱਗਿਆ ਜਾਣ ਵਾਲਾ[61], ਵਿੰਨ੍ਹੇ ਜਾਣ ਰਹਿਤ[62] ਅਤੇ ਭੇਤ-ਰਹਿਤ[63] ਸੁਆਮੀ ਆਪਣੇ ਆਪ ਵਿਚ ਲੀਨ[64] ਸੀ, ਉਥੇ[65] ਮੋਹਨੀ[68] ਕੀਹਦੇ[66] ਉਤੇ ਅਸਰ[67] ਕਰਦੀ ਸੀ ?
ਆਪਸ[69] ਕਉ ਆਪਹਿ ਆਦੇਸੁ[70] ॥ ਤਿਹੁ ਗੁਣ[71] ਕਾ ਨਾਹੀ ਪਰਵੇਸੁ[72] ॥	When God Himself paid homage[70]to His ownself[69],then the three qualities[71] had not entered[72] the world.	ਜਦ ਖੁਦ ਵਾਹਿਗੁਰੂ ਆਪਣੇ ਆਪ[69] ਨੂੰ ਹੀ ਨਮਸਕਾਰ[70] ਕਰਦਾ ਸੀ, ਤਦ ਤਿੰਨੇ ਲੱਛਣ[71] ਜੱਗ ਵਿਚ ਦਾਖ਼ਲ[72] ਨਹੀਂ ਹੋਏ ਸਨ ।
ਜਹ[73] ਏਕਹਿ ਏਕ[74] ਏਕ ਭਗਵੰਤਾ[75] ॥ ਤਹ[76]	When[73] there was but one[74] Unique Lord[75], who was free from care[77]	ਜਿਥੇ[73] ਕੇਵਲ ਇਕ[74] ਅਦੁੱਤੀ ਸਾਹਿਬ[75] ਸੀ, ਉਥੇ[76] ਕੌਣ ਬੇਫ਼ਿਕਰ[77] ਸੀ ਅਤੇ ਕਿਸ ਨੂੰ ਫ਼ਿਕਰ[79]

ਕਉਨੁ ਅਚਿੰਤੁ[77] ਕਿਸੁ ਲਾਗੈ[78] ਚਿੰਤਾ[79] ॥	and who felt[78] care[79] then[76] ?	ਲੱਗਿਆ[78] ਹੋਇਆ ਸੀ ?
ਜਹ ਆਪਨ[80] ਆਪੁ ਆਪਿ[81] ਪਤੀਆਰਾ[82] ॥	When the Lord with Himself[80] was self[81]-satisfied[82],	ਜਿੱਥੇ ਸੁਆਮੀ ਆਪਣੇ ਆਪ[80] ਨਾਲ ਖ਼ੁਦ[81] ਸੰਤੁਸ਼ਟ[82]
ਤਹ ਕਉਨੁ[83] ਕਥੈ[84] ਕਉਨੁ ਸੁਨਨੈਹਾਰਾ[85] ॥	who[83] was the utterer[84] and who the hearer[85] then ?	ਸੀ, ਉੱਥੇ ਕੌਣ[83] ਕਹਿਣ ਵਾਲਾ[84] ਅਤੇ ਕੌਣ ਸੁਣਨ ਵਾਲਾ[85] ਸੀ ?
ਬਹੁ[86] ਬੇਅੰਤ[87] ਊਚ[88] ਤੇ ਊਚਾ ॥	The Lord is Vastly[86] Infinite[87] and the Highest of the High[88].	ਪ੍ਰਭੂ ਪਰਮ[86] ਅਨੰਤ[87] ਅਤੇ ਬੁਲੰਦਾਂ ਦਾ ਮਹਾਂ ਬੁਲੰਦ[88] ਹੈ ।
ਨਾਨਕ ਆਪਸ[89] ਕਉ ਆਪਹਿ[90] ਪਹੂਚਾ[91] ॥੬॥	Nanak, He alone[90] reaches[91] His ownself[89].	ਨਾਨਕ, ਕੇਵਲ ਉਹੀ[90], ਆਪਣੇ ਆਪ[89] ਤੱਕ ਪਹੁੰਚਦਾ[91] ਹੈ ।
ਜਹ ਆਪਿ[94] ਰਚਿਓ[92] ਪਰਪੰਚੁ[93] ਅਕਾਰੁ[95] ॥	When the Lord Himself[94] fashioned[92] the universe[93] and forms[95],	ਜਦ ਸੁਆਮੀ ਨੇ ਖ਼ੁਦ[94] ਸੰਸਾਰ[93] ਅਤੇ ਸਰੂਪ[95] ਸਾਜੇ[92],
ਤਿਹੁ ਗੁਣ[96]ਮਹਿ[97] ਕੀਨੋ[98] ਬਿਸਥਾਰੁ[99] ॥	He made[98] the world[99] in[97] (subject to) three dispositions[96].	ਉਸ ਨੇ ਜਹਾਨ[99] ਨੂੰ ਤਿੰਨਾਂ ਸੁਭਾਵਾਂ[96] ਵਿਚ[97] (ਅਧੀਨ) ਕਰ ਦਿੱਤਾ[98] ।
੨੯੨	292	੨੯੨
ਪਾਪੁ[100] ਪੁੰਨੁ[2] ਤਹ ਭਈ ਕਹਾਵਤ[3] ॥	Demerits[100] and merits[2], then began to be spoken of[3].	ਬਦੀਆਂ[100] ਤੇ ਨੇਕੀਆਂ[2] ਦੀ ਤਦ ਕਹੌਤ[3] ਆਰੰਭ ਹੋਈ ।
ਕੋਊ[4] ਨਰਕ[5] ਕੋਊ ਸੁਰਗ[6] ਬੰਛਾਵਤ[7] ॥	Some[4] go to hell[5] and some crave[7] for paradise[6].	ਕੋਈ[4] ਦੋਜ਼ਖ਼[5] ਜਾਂਦੇ ਹਨ ਤੇ ਕੋਈ ਬਹਿਸ਼ਤ[6] ਦੀ ਲਾਲਸਾ[7] ਕਰਦੇ ਹਨ ।
ਆਲ[8] ਜਾਲ ਮਾਇਆ[9] ਜੰਜਾਲ[10] ॥ ਹਉਮੈ[12] ਮੋਹ[13] ਭਰਮ[14] ਭੈ[15] ਭਾਰ[16] ॥	God made the worldly snares[8], entanglements[10] of mammon[9], pride[12], earthly affection[13], doubt[14] and loads[16] of fear[15].	ਵਾਹਿਗੁਰੂ ਨੇ ਸੰਸਾਰੀ ਪੁਆੜੇ[8] ਧਨ-ਦੌਲਤ[9] ਦੇ ਅਲਸੇਟੇ[10], ਹੰਕਾਰ[12], ਸੰਸਾਰੀ ਮਮਤਾ[13], ਸੰਦੇਹ[14], ਅਤੇ ਡਰ[15] ਦੇ ਬੋਝ[16] ਬਣਾ ਦਿੱਤੇ ।
ਦੂਖ[17] ਸੂਖ[18] ਮਾਨ[19] ਅਪਮਾਨ[20] ॥ ਅਨਿਕ[21] ਪ੍ਰਕਾਰ[22] ਕੀਓ ਬਖਾਨ[23] ॥	Pain[17] and pleasure[18], honour[19] and dishonour[20] began to be described[23] in many[21] ways[22].	ਬੇਅਰਾਮੀ[17] ਅਤੇ ਆਰਾਮ[18], ਇੱਜ਼ਤ[19] ਅਤੇ ਬੇਇਜ਼ਤੀ[20] ਅਨੇਕਾਂ[21] ਤਰੀਕਿਆਂ[22] ਨਾਲ ਵਰਨਣ[23] ਹੋਣੇ ਆਰੰਭ ਹੋ ਗਏ ।
ਆਪਨ[24] ਖੇਲੁ[25] ਆਪਿ[26] ਕਰਿ[27] ਦੇਖੈ[28] ॥	His[24] own play[25], the Lord Himself[26] creates[27] and beholds[28].	ਆਪਣੀ[24] ਖੇਡ[25], ਸੁਆਮੀ ਆਪੇ[26] ਹੀ ਰਚਦਾ[27] ਅਤੇ ਵੇਖਦਾ[28] ਹੈ ।
ਖੇਲੁ ਸੰਕੋਚੈ[29] ਤਉ[30] ਨਾਨਕ ਏਕੈ[31] ॥੭॥	When God winds up[29] the play, then[30], O Nanak He alone[31] is left.	ਜਦ ਵਾਹਿਗੁਰੂ ਖੇਡ ਨੂੰ ਸਮੇਟ ਲੈਂਦਾ[29] ਹੈ, ਤਦ[30] ਹੇ ਨਾਨਕ ! ਕੇਵਲ[31] ਓਹੀ ਰਹਿ ਜਾਂਦਾ ਹੈ ।
ਜਹ[32] ਅਬਿਗਤੁ[33] ਭਗਤੁ[34] ਤਹ[35] ਆਪਿ[36] ॥	Wherever[32] is the saint[34] of the Imperishable[33] Lord, there[35] He Himself[36] is.	ਜਿਥੇ ਕਿਤੇ[32] ਅਬਿਨਾਸੀ[33] ਪ੍ਰਭੂ ਦਾ ਸੰਤ[34] ਹੈ, ਉਥੇ[35] ਉਹ ਖ਼ੁਦ[36] ਹੀ ਹੈ ।
ਜਹ ਪਸਰੈ[37] ਪਾਸਾਰੁ[38] ਸੰਤ ਪਰਤਾਪਿ[39] ॥	Wherever He spreads[37] out creation[38], that is for the glory[39] of His saint.	ਜਿਥੇ ਕਿਤੇ ਉਹ ਰਚਨਾ[38] ਖਿਲਾਰਦਾ[37] ਹੈ, ਉਹ ਉਸ ਦੇ ਸਾਧੂ ਦੇ ਤੇਜ[39] ਲਈ ਹੈ ।

ਦੁਹੂ[40]ਪਾਖ[41] ਕਾ ਆਪਹਿ[42] ਧਨੀ[43] ॥

Of both[40] the sides[41] He Himself[42] is the Master[43].

ਦੋਨਾਂ[40] ਪਾਸਿਆਂ[41] ਦਾ ਉਹ ਆਪੇ[42] ਹੀ ਮਾਲਕ[43] ਹੈ।

ਉਨ[44] ਕੀ ਸੋਭਾ[45] ਉਨਹੂ[46] ਬਨੀ[47] ॥

His[44] praise[45] becomes[47] Him alone[46].

ਉਸ[44] ਦੀ ਕੀਰਤੀ[45] ਕੇਵਲ ਓਸੇ[46] ਨੂੰ ਹੀ ਫੱਬਦੀ[47] ਹੈ।

ਆਪਹਿ ਕਉਤਕ[48] ਕਰੈ ਅਨਦ[49] ਚੋਜ[50] ॥

The Lord Himself performs plays[48], recreations[49] and frolics[50].

ਪ੍ਰਭੂ ਆਪੇ ਹੀ ਲੀਲ੍ਹਾ[48], ਦਿਲ ਬਹਿਲਾਵੇ[49] ਅਤੇ ਖੇਡਾਂ[50] ਕਰਦਾ ਹੈ।

ਆਪਹਿ ਰਸ[51] ਭੋਗਨ[52] ਨਿਰਜੋਗ[53] ॥

He Himself enjoys[52] pleasures[51] and yet remains uncontaminated[53].

ਉਹ ਆਪੇ ਹੀ ਮੌਜਾਂ[51] ਮਾਣਦਾ[52] ਹੈ ਅਤੇ ਫਿਰ ਭੀ ਨਿਰਲੇਪ[53] ਵਿਚਰਦਾ ਹੈ।

ਜਿਸੁ[54] ਭਾਵੈ[55] ਤਿਸੁ[56] ਆਪਨ ਨਾਇ ਲਾਵੈ[57] ॥

Whomsoever[54] He pleases[55], him[56] He attaches[57] with His Name.

ਜਿਸ ਕਿਸੇ[54] ਨੂੰ ਉਹ ਚਾਹੁੰਦਾ[55] ਹੈ, ਉਸ[56] ਨੂੰ ਆਪਣੇ ਨਾਮ ਨਾਲ ਜੋੜ[57] ਲੈਂਦਾ ਹੈ।

ਜਿਸੁ ਭਾਵੈ ਤਿਸੁ ਖੇਲ[58] ਖਿਲਾਵੈ[59] ॥

Whomsoever He pleases, him He causes to play[59] the play of the world[58].

ਜਿਸ ਕਿਸੇ ਨੂੰ ਉਹ ਚਾਹੁੰਦਾ ਹੈ, ਉਸ ਨੂੰ ਜਗਤ ਦੀ ਖੇਡ[58] ਖਿਡਾਉਂਦਾ[59] ਹੈ।

ਬੇਸੁਮਾਰ[60] ਅਥਾਹ[61] ਅਗਨਤ[62] ਅਤੋਲੈ[63] ॥

God is incalculable[60], unfathomable[61], uncountable[62] and immeasurable[63].

ਵਾਹਿਗੁਰੂ ਗਿਣਤੀ ਬਾਹਰਾ[60], ਬੇਥਾਹ[61] ਸੰਖਿਆ-ਰਹਿਤ[62] ਅਤੇ ਅਮਾਪ[63] ਹੈ।

ਜਿਉ[64] ਬੁਲਾਵਹੁ ਤਿਉ[65] ਨਾਨਕ ਦਾਸ[66] ਬੋਲੈ[67] ॥੮॥੨੧॥

As[64] Thou, O Lord, causeth him to speak, so[65] does servant[66] Nanak speak[67].

ਜਿਸ ਤਰ੍ਹਾਂ[64] ਤੂੰ, ਹੇ ਸਾਹਿਬ! ਬੁਲਾਉਂਦਾ ਹੈਂ, ਉਸੇ ਤਰ੍ਹਾਂ[65] ਹੀ ਗੋਲਾ[66] ਨਾਨਕ ਬੋਲਦਾ[67] ਹੈ।

ਸਲੋਕੁ ॥

Slok.

ਸਲੋਕ।

ਜੀਅ[68]ਜੰਤ[69] ਕੇ ਠਾਕੁਰਾ[70] ਆਪੇ[71] ਵਰਤਣਹਾਰ[72] ॥

O Lord[70] of men[68] and creatures[69] Thou Thyself[71] art contained[72] amongst all.

ਹੇ ਬੰਦਿਆਂ[68] ਤੇ ਹੋਰਨਾਂ ਜੀਵਾਂ[69] ਦੇ ਸੁਆਮੀ[70]! ਤੂੰ ਖੁਦ[71] ਹੀ ਸਾਰਿਆਂ ਅੰਦਰ ਸਮਾਇਆ[72] ਹੋਇਆ ਹੈਂ!

ਨਾਨਕ ਏਕੋ[73] ਪਸਰਿਆ[74] ਦੂਜਾ[75] ਕਹ[76] ਦ੍ਰਿਸਟਾਰ[77] ॥੧॥

Nanak, the One Lord[73] is all pervading[74], where[76] can there be another[75] seen[77]?

ਨਾਨਕ, ਇਕ ਸੁਆਮੀ[73] ਹੀ ਸਰਬ ਵਿਆਪਕ[74] ਹੈ। ਹੋਰ ਕੋਈ[75] ਕਿੱਥੇ[76] ਦਿਖਾਈ ਦਿੰਦਾ[77] ਹੈ?

ਅਸਟਪਦੀ ॥

Ashtpadi.

ਅਸ਼ਟਪਦੀ।

ਆਪਿ[78] ਕਥੈ[79] ਆਪਿ ਸੁਨਨੈਹਾਰੁ[80] ॥

He Himself[78] is the speaker[79] and Himself the listener[80].

ਉਹ ਖੁਦ[78] ਬਕਤਾ[79] ਹੈ ਅਤੇ ਖੁਦ ਹੀ ਸਰੋਤਾ[80]।

ਆਪਹਿ ਏਕੁ[81] ਆਪਿ ਬਿਸਥਾਰੁ[82] ॥

He Himself is One[81] and Himself many[82].

ਉਹ ਆਪੇ ਹੀ ਇਕੱਲਾ[81] ਹੈ ਅਤੇ ਆਪੇ ਹੀ ਅਨੇਕ[82]।

ਜਾ[83] ਤਿਸੁ[84] ਭਾਵੈ[85] ਤਾ[86] ਸ੍ਰਿਸਟਿ[87] ਉਪਾਏ[88] ॥

When[83] it pleases[85] Him[84], then[86] does He create[88] the world[87].

ਜਦ[83] ਉਸ[84] ਨੂੰ ਚੰਗਾ ਲੱਗਦਾ[85] ਹੈ, ਤਦ[86] ਉਹ ਜੱਗ[87] ਨੂੰ ਰਚ[88] ਦਿੰਦਾ ਹੈ।

ਆਪਨੈ ਭਾਣੈ[89] ਲਏ ਸਮਾਏ[90] ॥

By His pleasure[89], He absorbs[90] it in Himself.

ਆਪਣੀ ਰਜ਼ਾ[89] ਦੁਆਰਾ ਉਹ ਇਸ ਨੂੰ ਆਪਣੇ ਵਿਚ ਲੀਨ[90] ਕਰ ਲੈਂਦਾ ਹੈ।

ਤੁਮ ਤੇ ਭਿੰਨ[91] ਨਹੀ ਕਿਛੁ ਹੋਇ ॥	Without[91] Thee, nothing can be done.	ਤੇਰੇ ਬਿਨਾ[91] ਕੁਝ ਭੀ ਕੀਤਾ ਨਹੀਂ ਜਾ ਸਕਦਾ ।
ਆਪਨ ਸੂਤਿ[92] ਸਭ ਜਗਤੁ ਪਰੋਇ[93] ॥	On Thy string[92], Thou hast strung[93] the whole world.	ਆਪਣੇ ਧਾਗੇ[92] ਅੰਦਰ ਤੂੰ ਸਾਰੇ ਜੱਗ ਨੂੰ ਪ੍ਰੋਤਾ[93] ਹੋਇਆ ਹੈ ।
ਜਾ ਕਉ ਪ੍ਰਭ ਜੀਉ[94] ਆਪਿ[95] ਬੁਝਾਏ[96] ॥	He whom the Venerable[94] Lord Himself[95] instructs[96],	ਜਿਸ ਨੂੰ ਪੂਜਯ[94] ਪ੍ਰਭੂ ਖ਼ੁਦ[95] ਸਿਖ-ਮਤ[96] ਦਿੰਦਾ ਹੈ,
ਸਚੁ[97] ਨਾਮੁ ਸੋਈ[98] ਜਨੁ[99] ਪਾਏ[100] ॥	That[98] man[99] attains[100] the True Name[97].	ਉਹ[98] ਆਦਮੀ[99] ਸਤਿਨਾਮ[97] ਨੂੰ ਪ੍ਰਾਪਤ[100] ਕਰ ਲੈਂਦਾ ਹੈ ।
ਸੋ[2] ਸਮਦਰਸੀ[3] ਤਤ[4] ਕਾ ਬੇਤਾ[5] ॥	He[2] is an impartial looker[3] and knower[5] of Reality[4]	ਉਹ[2] ਇਕਸਾਰ ਵੇਖਣ ਵਾਲਾ[3] ਤੇ ਅਸਲੀਅਤ[4] ਦੇ ਜਾਨਣ ਵਾਲਾ[5] ਹੈ ।
ਨਾਨਕ ਸਗਲ[6] ਸ੍ਰਿਸਟਿ[7] ਕਾ ਜੇਤਾ[8] ॥੧॥	Nanak, he is the victor[8] of the whole[6] world[7].	ਨਾਨਕ, ਉਹ ਸਾਰੇ[6] ਸੰਸਾਰ[7] ਨੂੰ ਜਿੱਤਣ ਵਾਲਾ[8] ਹੈ ।
ਜੀਅ[9] ਜੰਤੂ[10] ਸਭ ਤਾਕੈ ਹਾਥ ॥	All the men[9] and creatures[10] are in His hands.	ਸਾਰੇ ਇਨਸਾਨ[9] ਅਤੇ ਪਸ਼ੂ ਪੰਛੀ[10] ਉਸ ਦੇ ਹੱਥਾਂ ਵਿਚ ਹਨ ।
ਦੀਨ[12] ਦਇਆਲ[13] ਅਨਾਥ[15] ਕੋ ਨਾਥੁ[14] ॥	He is Merciful[13] to the meek[12] and the Patron[14] of the patronless[15].	ਉਹ ਮਸਕੀਨਾਂ[12] ਤੇ ਮਿਹਰਬਾਨ[13] ਹੈ ਅਤੇ ਨਿਖ਼ਸਮਿਆਂ[15] ਦਾ ਖ਼ਸਮ[14] ਹੈ ।
ਜਿਸੁ[16] ਰਾਖੈ[17] ਤਿਸੁ ਕੋਇ ਨ ਮਾਰੈ ॥	None can kill him, whom[16] God preserves[17].	ਉਸ ਨੂੰ ਕੋਈ ਨਹੀਂ ਮਾਰ ਸਕਦਾ ਜਿਸ[16] ਨੂੰ ਵਾਹਿਗੁਰੂ ਰਖਦਾ[17] ਹੈ ।
ਸੋ[18] ਮੂਆ ਜਿਸੁ ਮਨਹੁ[19] ਬਿਸਾਰੈ[20] ॥	He[18], whom the Lord forgets[20] in His mind[19], is already dead.	ਜਿਸ ਨੂੰ ਸੁਆਮੀ ਆਪਣੇ ਚਿੱਤ[19] ਵਿਚੋਂ ਭੁਲਾ[20] ਦਿੰਦਾ ਹੈ, ਉਹ[18] ਅੱਗੇ ਹੀ ਮਰਿਆ ਹੈ ।
ਤਿਸੁ[21] ਤਜਿ[22] ਅਵਰ[23] ਕਹਾ[25] ਕੋ[26] ਜਾਇ[24] ॥	Leaving[22] Him[21] why[25] should any one[26] go[24] to another[23].	ਉਸ[21] ਨੂੰ ਛੱਡ[22] ਕੇ, ਕੋਈ ਜਣਾ[26] ਹੋਰਸ[23] ਕੋਲ ਕਿਉਂ[25] ਜਾਵੇ[24] ?
ਸਭ ਸਿਰਿ[27] ਏਕੁ ਨਿਰੰਜਨ[28] ਰਾਇ[29] ॥	Over the heads[27] of all is the One Pure[28] King[29].	ਸਾਰਿਆਂ ਦੇ ਸਿਰਾਂ[27] ਉਤੇ ਇਕ ਪਵਿੱਤ੍ਰ[28] ਪਾਤਸ਼ਾਹ[29] ਹੈ ।
ਜੀਅ[30] ਕੀ ਜੁਗਤਿ[31] ਜਾਕੈ[32] ਸਭ ਹਾਥਿ[37] ॥ ਅੰਤਰਿ[33] ਬਾਹਰਿ[34] ਜਾਨਹੁ[35] ਸਾਥਿ[36] ॥	In whose[32] power[37] are all the plans[31] of the mortals[30], know[35] that He is with[36] thee, within[33] and without[34].	ਜਿਸ[32] ਦੇ ਵੱਸ[37] ਵਿੱਚ ਪ੍ਰਾਣੀ[30] ਦੀਆਂ ਸਾਰੀਆਂ ਤਦਬੀਰਾਂ[31] ਹਨ, ਜਾਣ ਲੈ[35] ਕਿ ਉਹ ਅੰਦਰ[33] ਤੇ ਬਾਹਰ[34] ਤੇਰੇ ਨਾਲ[36] ਹੈ ।
ਗੁਨ[38] ਨਿਧਾਨ[39] ਬੇਅੰਤ[40] ਅਪਾਰ[41] ॥	He is an Ocean[39] of excellences[38], Infinite[40] and Endless[41].	ਉਹ ਗੁਣਾਂ[38] ਦਾ ਸਮੁੰਦਰ[39], ਅਨੰਤ[40] ਅਤੇ ਓਰਕ-ਰਹਿਤ[41] ਹੈ ।
ਨਾਨਕ ਦਾਸ[42] ਸਦਾ[43] ਬਲਿਹਾਰ[44] ॥੨॥	Serf[42] Nanak is ever[43] a sacrifice[44] unto Him.	ਨਫ਼ਰ[42] ਨਾਨਕ ਹਮੇਸ਼ਾ[43] ਉਸ ਉਤੋਂ ਕੁਰਬਾਨ[44] ਜਾਂਦਾ ਹੈ ।
ਪੂਰਨਿ[45] ਪੂਰਿ ਰਹੇ[46] ਦਇਆਲ[47] ॥ ਸਭ ਊਪਰਿ ਹੋਵਤ ਕਿਰਪਾਲ[48] ॥	The Perfect[45] compassionate[47] Lord is fully pervading[46] every where and is Merciful[48] to all.	ਮੁਕੰਮਲ[45] ਮਿਹਰਬਾਨ[47] ਮਾਲਕ ਹਰ ਥਾਂ ਪਰੀਪੂਰਨ[46] ਹੋ ਰਿਹਾ ਹੈ ਅਤੇ ਸਾਰਿਆਂ ਉਤੇ ਮਇਆਵਾਨ[48] ਹੈ ।

ਅਪਨੇ ਕਰਤਬ[49] ਜਾਨੈ ਆਪਿ ॥	His affairs[49] He Himself knows.	ਆਪਣੇ ਕੰਮ[49] ਉਹ ਆਪੇ ਹੀ ਜਾਣਦਾ ਹੈ ।
ਅੰਤਰਜਾਮੀ[50] ਰਹਿਓ ਬਿਆਪਿ[51] ॥	The knower of hearts[50] is contained[51] in everything.	ਦਿਲਾਂ ਦੀਆਂ ਜਾਨਣਹਾਰ[50] ਹਰ ਵਸਤੂ ਅੰਦਰ ਰਮਿਆ[51] ਹੋਇਆ ਹੈ ।
ਪ੍ਰਤਿਪਾਲੈ[52] ਜੀਅਨ[53] ਬਹੁ[54] ਭਾਤਿ[55] ॥	The Lord cherishes[52] the beings[53] in diverse[54] ways[55].	ਸੁਆਮੀ ਅਨੇਕਾਂ[54] ਤਰੀਕਿਆਂ[55] ਨਾਲ ਜੀਵਾਂ[53] ਦੀ ਪਰਵਰਸ਼[52] ਕਰਦਾ ਹੈ ।
ਜੋ ਜੋ[56] ਰਚਿਓ[57] ਸੁ [58]ਤਿਸਹਿ[59] ਧਿਆਤਿ[60] ॥	Whomsoever[56] He has made[57], that[58] meditates[60] on Him[59].	ਜਿਸ ਕਿਸੇ ਨੂੰ[56] ਉਸ ਨੇ ਬਣਾਇਆ[57] ਹੈ, ਉਹ[58] ਉਸ[59] ਨੂੰ ਸਿਮਰਦਾ[60] ਹੈ ।
ਜਿਸੁ[61] ਭਾਵੈ[62] ਤਿਸੁ ਲਏ ਮਿਲਾਇ[63] ॥	Whosoever[61] pleases[62] Him, him He blends[63] with Himself.	ਜਿਹੜਾ ਕੋਈ[61] ਉਸ ਨੂੰ ਚੰਗਾ ਲੱਗਦਾ[62] ਹੈ, ਉਸ ਨੂੰ ਉਹ ਆਪਣੇ ਨਾਲ ਅਭੇਦ ਕਰ ਲੈਂਦਾ[63] ਹੈ ।
ਭਗਤਿ[64] ਕਰਹਿ[65] ਹਰਿ ਕੇ ਗੁਣ[66] ਗਾਇ ॥	Such person performs[65] God's service[64] and sings His praises[66].	ਐਸਾ ਪੁਰਸ਼ ਵਾਹਿਗੁਰੂ ਦੀ ਸੇਵਾ[64] ਕਮਾਉਂਦਾ[65] ਹੈ ਅਤੇ ਉਸ ਦੇ ਜੱਸ[66] ਗਾਇਨ ਕਰਦਾ ਹੈ ।
ਮਨ ਅੰਤਰਿ[67] ਬਿਸ੍ਵਾਸੁ[68] ਕਰਿ ਮਾਨਿਆ[69] ॥	With faith[68] within[67] his mind, he worships[69] the Lord.	ਆਪਣੇ ਚਿੱਤ ਅੰਦਰ[67] ਭਰੋਸਾ[68] ਧਾਰਕੇ ਉਹ ਸੁਆਮੀ ਦੀ ਪੂਜਾ[69] ਕਰਦਾ ਹੈ ।
ਕਰਨਹਾਰੁ[70] ਨਾਨਕ ਇਕੁ[71] ਜਾਨਿਆ[72] ॥੩॥	The One Master[71], Nanak recognises[72], as the Creator[70].	ਇਕ ਮਾਲਕ[71] ਨੂੰ ਹੀ ਨਾਨਕ, ਸਿਰਜਣਹਾਰ[70] ਕਰਕੇ ਜਾਣਦਾ[72] ਹੈ ।
ਜਨੁ[73] ਲਾਗਾ[74]ਹਰਿ ਏਕੈ[76] ਨਾਇ[75] ॥	Lord's slave[73] is attached[74] with His Name[75] alone[76].	ਸੁਆਮੀ ਦਾ ਗੋਲਾ[73] ਕੇਵਲ[76] ਉਸ ਦੇ ਨਾਮ[75] ਨਾਲ ਹੀ ਜੁੜਿਆ[74] ਹੋਇਆ ਹੈ ।
ਤਿਸ ਕੀ ਆਸ[77] ਨ ਬਿਰਥੀ[78] ਜਾਇ ॥	His hope[77] goes not in vain[78].	ਉਸ ਦੀ ਉਮੀਦ[77] ਵਿਅਰਥ[78] ਨਹੀਂ ਜਾਂਦੀ ।
ਸੇਵਕ[79] ਕਉ ਸੇਵਾ ਬਨਿ ਆਈ[80] ॥	It behoves[80] the servant[79] to perform service.	ਟਹਿਲੂਏ[79] ਨੂੰ ਟਹਿਲ ਕਰਨੀ ਹੀ ਸ਼ੋਭਦੀ[80] ਹੈ ।
ਹੁਕਮੁ[81] ਬੂਝਿ[82] [83]ਪਰਮਪਦੁ[84] ਪਾਈ ॥	By obeying[82] God's order[81] he obtains the supreme[83] status[84].	ਹਰੀ ਦੇ ਫ਼ੁਰਮਾਨ[81] ਦੀ ਪਾਲਣਾ[82] ਕਰਕੇ ਉਹ ਮਹਾਨ[83] ਮਰਤਬਾ[84] ਪਾ ਲੈਂਦਾ ਹੈ ।
ਇਸ ਤੇ ਊਪਰਿ[85] ਨਹੀ ਬੀਚਾਰੁ[86] ॥ ਜਾਕੈ[87] ਮਨਿ ਬਸਿਆ ਨਿਰੰਕਾਰੁ[88] ॥	He within whose[87] mind abides the Formless Lord[88], over and above[85] this, there is no other meditation[86].	ਜਿਸ[87] ਦੇ ਚਿੱਤ ਅੰਦਰ ਆਕਾਰ-ਰਹਿਤ[88] ਸਾਈਂ ਵਸਦਾ ਹੈ, ਇਸ ਤੋਂ ਉਚੇਰਾ[85] ਹੋਰ ਕੋਈ ਸਿਮਰਨ[86] ਨਹੀਂ ।
ਬੰਧਨ[89] ਤੋਰਿ[90] ਭਏ ਨਿਰਵੈਰ[91] ॥ ਅਨਦਿਨੁ[92] ਪੂਜਹਿ[93] ਗੁਰ ਕੇ ਪੈਰ ॥	He cuts[90] his fetters[89]. He becomes free from enmity[91], and night and day[92], adores[93] Gurū's feet.	ਉਹ ਆਪਣੀਆਂ ਬੇੜੀਆਂ[89] ਕੱਟ[90] ਸੁੱਟਦਾ ਹੈ, ਦੁਸ਼ਮਨੀ-ਰਹਿਤ[91] ਹੋ ਜਾਂਦਾ ਹੈ ਅਤੇ ਰੈਣ ਦਿਹੁੰ[92] ਗੁਰਾਂ ਦੇ ਪੈਰਾਂ ਦੀ ਉਪਾਸ਼ਨਾ[93] ਕਰਦਾ ਹੈ ।
ਇਹ ਲੋਕ[94] ਸੁਖੀਏ[95] ਪਰਲੋਕ[96] ਸੁਹਲੇ[97] ॥	He is at ease[95] in this world[94], and shall be happy[97] in the world[96] hereafter.	ਉਹ ਇਸ ਜਹਾਨ[94] ਅੰਦਰ ਸੁਖੀ[95] ਅਤੇ ਅਗਲੇ ਜਹਾਨ[96] ਵਿਚ ਖ਼ੁਸ਼[97] ਪ੍ਰਸੰਨ ਹੋਵੇਗਾ ।

੨੯੩	293	੨੯੩
ਨਾਨਕ ਹਰਿ ਪ੍ਰਭਿ[98] ਆਪਹਿ[99] ਮੇਲੇ[100] ॥੪॥	Nanak, the Lord[98] God unites[100] him with Himself[99].	ਨਾਨਕ, ਵਾਹਿਗੁਰੂ[98] ਸੁਆਮੀ ਉਸ ਨੂੰ ਆਪਣੇ ਨਾਲ[99] ਮਿਲਾ[100] ਲੈਂਦਾ ਹੈ ।
ਸਾਧ ਸੰਗਿ ਮਿਲਿ ਕਰਹੁ ਅਨੰਦ[2] ॥	Make merry[2] in the congregation of the saints.	ਸਤਿ ਸੰਗਤ ਅੰਦਰ ਖ਼ੁਸ਼ੀਆਂ[2] ਮਾਣ ।
ਗੁਨ[3] ਗਾਵਹੁ[4] ਪ੍ਰਭ ਪਰਮਾਨੰਦ[5] ॥	Sing[4] thou the praises[3] of the Lord, the embodiment of supreme bliss[5].	ਤੂੰ ਮਹਾਨ ਪਰਸੰਨਤਾ[5] ਸਰੂਪ ਸੁਆਮੀ ਦੇ ਗੁਣ[3] ਗਾਇਨ[4] ਕਰ ।
ਰਾਮ ਨਾਮ ਤਤੁ[6] ਕਰਹੁ[7] ਬੀਚਾਰੁ[8] ॥	Embrace[7] thou the meditation[8] of God's Name, the real thing[6].	ਸਾਰਵਸਤੂ[6], ਵਾਹਿਗੁਰੂ ਦੇ ਨਾਮ ਦੀ ਤੂੰ ਬੰਦਗੀ[8] ਅਖ਼ਤਿਆਰ[7] ਕਰ ।
ਦੁਲਭ[9] ਦੇਹ[10] ਕਾ ਕਰਹੁ ਉਧਾਰੁ[12] ॥	Like this save[12] thy scarcely obtainable[9] human body[10].	ਇਸ ਤਰ੍ਹਾਂ ਤੂੰ ਆਪਣੇ ਮੁਸ਼ਕਲ ਨਾਲ ਮਿਲਣ ਵਾਲੇ[9] ਮਨੁੱਖੀ ਸਰੀਰ[10] ਦਾ ਪਾਰ ਉਤਾਰਾ[12] ਕਰ ਲੈ ।
ਅੰਮ੍ਰਿਤ[13] ਬਚਨ[14] ਹਰਿ ਕੇ ਗੁਨ[15] ਗਾਉ[16] ॥	Sing[16] thou the ambrosial[13] hymns[14] of God's praise[15].	ਤੂੰ ਵਾਹਿਗੁਰੂ ਦੀ ਕੀਰਤੀ[15] ਦੇ ਸੁਧਾ-ਸਰੂਪ[13] ਸ਼ਬਦ[14] ਗਾਇਨ[16] ਕਰ ।
ਪ੍ਰਾਨ[17] ਤਰਨ[18] ਕਾ ਇਹੈ[19] ਸੁਆਉ[20] ॥	This is the[19] only way[20] to save[18] thy soul[17].	ਆਪਣੀ ਆਤਮਾ[17] ਦਾ ਪਾਰ ਉਤਾਰਾ[18] ਕਰਨ ਦਾ ਕੇਵਲ ਏਹੀ[19] ਤ੍ਰੀਕਾ[20] ਹੈ ।
ਆਠ[21] ਪਹਰ ਪ੍ਰਭ ਪੇਖਹੁ[22] ਨੇਰਾ[23] ॥	The whole day[21] long, behold[22] thou the Lord just near[23] thee.	ਸਾਰਾ ਦਿਹਾੜਾ[21] ਤੂੰ ਹੀ ਸਾਹਿਬ ਨੂੰ ਐਨ ਨੇੜੇ[23] ਦੇਖ[22] ।
ਮਿਟੈ[24] ਅਗਿਆਨੁ[25] ਬਿਨਸੈ[26] ਅੰਧੇਰਾ[27] ॥	Thy ignorance[25] shall depart[24], and darkness[27] be dispelled[26].	ਤੇਰੀ ਬੇਸਮਝੀ[25] ਦੂਰ[24] ਹੋ ਜਾਏਗੀ ਅਤੇ ਅੰਨ੍ਹੇਰਾ[27] ਮਿਟ[26] ਜਾਏਗਾ ।
ਸੁਨਿ[28] ਉਪਦੇਸੁ[29] ਹਿਰਦੈ[30] ਬਸਾਵਹੁ[31] ॥	Hearken[28] thou to Guru's instruction[29] and treasure[31] it in thy heart[30].	ਤੂੰ ਗੁਰਾਂ ਦੀ ਸਿਖ-ਮਤ[29] ਸ੍ਰਵਣ[28] ਕਰ ਅਤੇ ਇਸ ਨੂੰ ਆਪਣੇ ਦਿਲ[30] ਅੰਦਰ ਟਿਕਾ[31] ।
ਮਨ[32] ਇਛੇ[33] ਨਾਨਕ ਫਲ[34] ਪਾਵਹੁ[35] ॥੫॥	So shalt thou, O Nanak, obtain[35] the fruit[34] of thy heart's[32] desire[33].	ਐਸ ਤਰ੍ਹਾਂ ਤੂੰ ਹੇ ਨਾਨਕ! ਆਪਣੇ ਚਿੱਤ[32] ਚਾਹੁੰਦਾ[33] ਮੇਵਾ[34] ਪ੍ਰਾਪਤ[35] ਕਰ ਲਵੇਂਗਾ ।
ਹਲਤੁ[36] ਪਲਤੁ[37] ਦੁਇ[38] ਲੇਹੁ ਸਵਾਰਿ[39] ॥ ਰਾਮ[40] ਨਾਮੁ ਅੰਤਰਿ[41] [42]ਉਰਿਧਾਰਿ[43] ॥	By enshrining[43] the Lord's[40] Name within[41] thy mind[42], embellish[39] both[38] this world[36] and the next one[37].	ਸੁਆਮੀ[40] ਦੇ ਨਾਮ ਨੂੰ ਆਪਣੇ ਹਿਰਦੇ[42] ਅੰਦਰ[41] ਟਿਕਾਉਣ[43] ਦੁਆਰਾ ਤੂੰ ਆਪਣੇ ਇਸ ਲੋਕ[36] ਤੇ ਪ੍ਰਲੋਕ[37] ਦੋਨਾਂ[38] ਦਾ ਸੁਧਾਰ[39] ਕਰ ਲੈ ।
ਪੂਰੇ ਗੁਰ ਕੀ ਪੂਰੀ[44] ਦੀਖਿਆ[45] ॥	Perfect[44] is the instruction[45] of the Perfect Guru.	ਪੂਰਨ ਗੁਰਾਂ ਦਾ ਪੂਰਨ[44] ਉਪਦੇਸ਼[45] ਹੈ ।
ਜਿਸੁ ਮਨਿ ਬਸੈ[46] ਤਿਸੁ ਸਾਚੁ ਪਰੀਖਿਆ[47] ॥	He, in whose heart, it abides[46], he assays[47] the truth.	ਜਿਸ ਦੇ ਦਿਲ ਅੰਦਰ ਇਹ ਵਸਦਾ[46] ਹੈ । ਉਹ ਸੱਚ ਦੀ ਜਾਂਚ-ਪੜਤਾਲ[47] ਕਰ ਲੈਂਦਾ ਹੈ ।
ਮਨਿ ਤਨਿ ਨਾਮੁ ਜਪਹੁ[48] ਲਿਵ ਲਾਇ[49] ॥	With thy mind and body, lovingly[49] repeat[48] God's Name.	ਆਪਣੀ ਆਤਮਾ ਤੇ ਦੇਹਿ ਨਾਲ ਪਿਆਰ-ਸਹਿਤ[49] ਹਰੀ ਦੇ ਨਾਮ ਦਾ ਉਚਾਰਨ[48] ਕਰ ।
ਦੂਖੁ[50] ਦਰਦੁ[51] ਮਨ ਤੇ ਭਉ[52] ਜਾਇ ॥	Thus shall sorrow[50], pain[51] and fear[52] depart from thy mind.	ਐਸ ਤਰ੍ਹਾਂ ਗ਼ਮ[50], ਪੀੜ[51] ਤੇ ਡਰ[52] ਤੇਰੇ ਚਿੱਤ ਤੋਂ ਦੂਰ ਹੋ ਜਾਣਗੇ ।

ਸਚੁ ਵਾਪਾਰੁ[53] ਕਰਹੁ[55] ਵਾਪਾਰੀ[54] ॥	Deal[55] thou in true trade[53], O dealer[54].	ਤੂੰ ਸੱਚਾ ਵਣਜ[53] ਕਰ[55], ਹੇ ਵਣਜਾਰੇ[54] !
ਦਰਗਹ[56] ਨਿਬਹੈ[57] ਖੇਪ[58] ਤੁਮਾਰੀ ॥	Thy merchandise[58] shall safely[57] reach God's court[56].	ਤੇਰਾ ਸੌਦਾ ਸੂਤ[58] ਰੱਬ ਦੇ ਦਰਬਾਰ[56] ਵਿਚ ਸਹੀ-ਸਲਾਮਤ[57] ਪੁੱਜ ਜਾਵੇਗਾ ।
ਏਕਾ[59] ਟੇਕ[60] ਰਖਹੁ[62] ਮਨ ਮਾਹਿ[61] ॥	Put[62] the prop[60] of One Lord[59] within[61] thy mind.	ਇਕ ਪ੍ਰਭੂ[59] ਦਾ ਆਸਰਾ[60] ਆਪਣੇ ਚਿੱਤ ਅੰਦਰ[61] ਰੱਖ[62] ।
ਨਾਨਕ ਬਹੁਰਿ[63] ਨ ਆਵਹਿ ਜਾਹਿ[64] ॥੬॥	Nanak, thou shalt not again[63] come and go[64].	ਨਾਨਕ, ਤੇਰਾ ਮੁੜ[63] ਕੇ ਆਉਣਾ ਤੇ ਜਾਣਾ[64] ਨਹੀਂ ਹੋਵੇਗਾ ।
ਤਿਸ[65] ਤੇ ਦੂਰਿ[66] ਕਹਾ[67] ਕੋ ਜਾਇ[68] ॥	Where[67] can anyone[68] go far[66] from Him[65] ?	ਉਸ[65] ਪਾਸੋਂ ਦੂਰੇਡੇ[66] ਕੋਈ ਜਣਾ[68] ਕਿੱਥੇ[67] ਜਾ ਸਕਦਾ ਹੈ ?
ਉਬਰੈ[69] ਰਾਖਨਹਾਰੁ[70] ਧਿਆਇ[71] ॥	By remembering[71] the Preserver[70] the man is saved[69].	ਰੱਖਣ ਵਾਲੇ[70] ਦਾ ਚਿੰਤਨ[71] ਕਰਨ ਦੁਆਰਾ ਬੰਦਾ ਬੱਚ[69] ਜਾਂਦਾ ਹੈ ।
ਨਿਰਭਉ[72] ਜਪੈ[73] ਸਗਲ ਭਉ ਮਿਟੈ[74] ॥	By meditating[73] on the Fearless[72] Lord, all the fear departs[74].	ਨਿਡੱਰ[72] ਸੁਆਮੀ ਦਾ ਸਿਮਰਨ[73] ਕਰਨ ਦੁਆਰਾ ਸਾਰਾ ਡਰ ਦੂਰ ਹੋ ਜਾਂਦਾ[74] ਹੈ ।
ਪ੍ਰਭ ਕਿਰਪਾ[75] ਤੇ ਪ੍ਰਾਣੀ[76] ਛੁਟੈ[77] ॥	By Lord's grace[75], the mortal[76] is released[77].	ਸੁਆਮੀ ਦੀ ਦਇਆ[75] ਦੁਆਰਾ ਜੀਵ[76] ਬੰਦ-ਖਲਾਸ[77] ਹੋ ਜਾਂਦਾ ਹੈ ।
ਜਿਸੁ ਪ੍ਰਭੁ ਰਾਖੈ ਤਿਸੁ[78] ਨਾਹੀ ਦੂਖ[79] ॥	He[78], whom the Lord preserves get not trouble[79].	ਜਿਸ ਦੀ ਸਾਈਂ ਰਖਿਆ ਕਰਦਾ ਹੈ, ਉਸ[78] ਨੂੰ ਤਕਲੀਫ[79] ਨਹੀਂ ਵਾਪਰਦੀ ।
ਨਾਮੁ ਜਪਤ ਮਨਿ ਹੋਵਤ ਸੂਖ[80] ॥	By remembering the Name, the mind attains peace[80].	ਨਾਮ ਦਾ ਆਰਾਧਨ ਕਰਨ ਦੁਆਰਾ ਚਿੱਤ ਨੂੰ ਠੰਢ ਚੈਨ[80] ਪਰਾਪਤ ਹੋ ਜਾਂਦੀ ਹੈ ।
ਚਿੰਤਾ[81] ਜਾਇ ਮਿਟੈ ਅਹੰਕਾਰੁ[82] ॥	Anxiety[81] departs and ego[82] is annulled.	ਫ਼ਿਕਰ[81] ਦੂਰ ਹੋ ਜਾਂਦਾ ਹੈ ਤੇ ਹੰਗਤਾ[82] ਨਵਿਰਤ ਹੋ ਜਾਂਦੀ ਹੈ ।
ਤਿਸੁ[83] ਜਨ[84] ਕਉ ਕੋਇ ਨ ਪਹੁਚਨਹਾਰੁ[85] ॥	No one can equal[85] that[83] slave[84] of God.	ਉਸ[83] ਰੱਬ ਦੇ ਗੋਲੇ[84] ਦੀ ਕੋਈ ਬਰਾਬਰੀ[85] ਨਹੀਂ ਕਰ ਸਕਦਾ ।
ਸਿਰ[86] ਊਪਰਿ ਠਾਢਾ[87] ਗੁਰੁ ਸੂਰਾ[88]	Over his head[86] stands[87] the brave[88] Guru.	ਉਸ ਦੇ ਸੀਸ[86] ਉਤੇ ਸੂਰਮਾ[88] ਗੁਰੂ ਖਲੋਤਾ[87] ਹੈ ।
ਨਾਨਕ ਤਾਕੇ[89] ਕਾਰਜ[90] ਪੂਰਾ[91] ॥੭॥	His[89] affairs[90] O Nanak, are all adjusted[91].	ਉਸ[89] ਦੇ ਕੰਮ[90] ਹੇ ਨਾਨਕ ! ਸਾਰੇ ਰਾਸ ਹੋ ਜਾਂਦੇ[91] ਹਨ ।
ਮਤਿ[92] ਪੂਰੀ[93] ਅੰਮ੍ਰਿਤੁ[94] ਜਾਕੀ[95] ਦ੍ਰਿਸਟਿ[96] ॥ ਦਰਸਨੁ[97] ਪੇਖਤ[98] ਊਧਰਤ[99] ਸ੍ਰਿਸਟਿ[100] ॥	The world[100] is delivered[99] by beholding[98] the sight[97] of the Guru, whose understanding[92] is perfect[93] and whose[95] glance[96] is ambrosial[94].	ਗੁਰੂ ਜੀ ਜਿਨ੍ਹਾਂ ਦੀ ਸਮਝ[92] ਪੂਰਨ[93] ਹੈ ਅਤੇ ਜਿਨ੍ਹਾਂ[95] ਦੀ ਨਿਗ੍ਹਾ[96] ਆਬਿ-ਹਿਯਾਤ[94] ਦਾ ਦੀਦਾਰ[97] ਦੇਖ ਕੇ[98] ਦੁਨੀਆਂ[100] ਪਾਰ ਉਤਰ ਜਾਂਦੀ[99] ਹੈ ।
ਚਰਨ[2] ਕਮਲ[3] ਜਾਕੇ ਅਨੂਪ[4] ॥	His lotus[3] feet[2] are beautiful beyond description[4].	ਉਨ੍ਹਾਂ ਦੇ ਕੰਵਲ[3] ਰੂਪੀ ਪੈਰ[2] ਕਥਨ-ਰਹਿਤ[4] ਸੁੰਦਰ ਹਨ ।

ਸਫਲ[5] ਦਰਸਨੁ[6] ਸੁੰਦਰ[7] ਹਰਿ[9] ਰੂਪ[8] ॥

Accredited[5] is his sight[6] and God-like[9] fascinating[7] is his form[8].

ਅਮੋਘ[5] ਹੈ ਉਨ੍ਹਾਂ ਦਾ ਦੀਦਾਰ[6] ਅਤੇ ਵਾਹਿਗੁਰੂ-ਵਰਗਾ[9] ਮਨਮੋਹਣਾ[7] ਹੈ ਉਨ੍ਹਾਂ ਦਾ ਸਰੂਪ[8]।

ਧੰਨੁ[10] ਸੇਵਾ[12] ਸੇਵਕੁ[13] ਪਰਵਾਨੁ[14] ॥

Blessed[10] is his service[12] and acceptable[14] his servant[13].

ਮੁਬਾਰਕ[10] ਹੈ ਉਨ੍ਹਾਂ ਦੀ ਚਾਕਰੀ[12] ਤੇ ਮਕਬੂਲ[14] ਉਨ੍ਹਾਂ ਦਾ ਚਾਕਰ[13]।

ਅੰਤਰਜਾਮੀ[15] ਪੁਰਖੁ[16] ਪ੍ਰਧਾਨੁ[17] ॥

The Guru is the knower of hearts[15] and the most exalted[17] person[16].

ਗੁਰੂ ਜੀ ਦਿਲਾਂ ਦੀਆਂ ਜਾਨਣਹਾਰ[15] ਅਤੇ ਪਰਮ ਉਤਕ੍ਰਿਸ਼ਟ[17] ਪੁਰਸ਼[16] ਹਨ।

ਜਿਸੁ ਮਨਿ ਬਸੈ[18] ਸੁ[19] ਹੋਤ ਨਿਹਾਲੁ[20] ॥

He[19], within whose mind, the Guru dwells[18], becomes happy[20]

ਜਿਸ ਦੇ ਚਿੱਤ ਅੰਦਰ ਗੁਰੂ ਜੀ ਨਿਵਾਸ[18] ਰੱਖਦੇ ਹਨ, ਉਹ[19] ਪ੍ਰਸੰਨ[20] ਹੋ ਜਾਂਦਾ ਹੈ।

ਤਾਕੈ[21] ਨਿਕਟਿ[22] ਨ ਆਵਤ[23] ਕਾਲੁ[24] ॥

Death[24] draws[23] not near[22] him[21].

ਮੌਤ[24] ਉਸ[21] ਦੇ ਲਾਗੇ[22] ਨਹੀਂ ਲਗਦੀ[23]।

ਅਮਰ[25] ਭਏ ਅਮਰਾਪਦੁ[26] ਪਾਇਆ ॥ ਸਾਧ[28] ਸੰਗਿ ਨਾਨਕ ਹਰਿ ਧਿਆਇਆ[27] ॥੮॥੨੨॥

Meditating[27] on God in the guild of saints[28] O Nanak, I have become immortal[25] and obtained the immortal rank[26].

ਸਤਿ ਸੰਗਤ[28] ਅੰਦਰ ਵਾਹਿਗੁਰੂ ਦਾ ਸਿਮਰਨ[27] ਕਰਕੇ, ਹੇ ਨਾਨਕ ! ਮੈਂ ਅਬਿਨਾਸੀ[25] ਹੋ ਗਿਆ ਹਾਂ ਅਤੇ ਅਬਿਨਾਸੀ ਮਰਤਬਾ[26] ਪਾ ਲਿਆ ਹੈ।

ਸਲੋਕੁ ॥

Slok.

ਸਲੋਕ।

ਗਿਆਨ[29] ਅੰਜਨੁ[30] ਗੁਰਿ ਦੀਆ ਅਗਿਆਨ[31] ਅੰਧੇਰ[32] ਬਿਨਾਸੁ[33] ॥

The Guru has given me the collyrium[30] of divine knowledge[29], by which the darkness[32] of ignorance[31] is dispelled[33].

ਗੁਰਾਂ ਨੇ ਮੈਨੂੰ ਬ੍ਰਹਿਮ ਬੋਧ[29] ਦਾ ਸੁਰਮਾ[30] ਦਿੱਤਾ ਹੈ, ਜਿਸ ਦੁਆਰਾ ਮੇਰਾ ਬੇਸਮਝੀ[31] ਦਾ ਅਨ੍ਹੇਰਾ[32] ਦੂਰ[33] ਹੋ ਗਿਆ ਹੈ।

ਹਰਿ ਕਿਰਪਾ[34] ਤੇ ਸੰਤ ਭੇਟਿਆ[35] ਨਾਨਕ ਮਨਿ ਪਰਗਾਸੁ[36] ॥੧॥

By God's grace[34], I have met[35] the Saint (Guru) and my mind, O Nanak, is enlightened[36].

ਵਾਹਿਗੁਰੂ ਦੀ ਦਇਆ[34] ਦੇ ਜ਼ਰੀਏ, ਮੈਂ ਸਾਧੂ (ਗੁਰਾਂ) ਨੂੰ ਮਿਲ[35] ਪਿਆ ਹਾਂ ਅਤੇ ਮੇਰਾ ਚਿੱਤ, ਹੇ ਨਾਨਕ ! ਰੋਸ਼ਨ[36] ਹੋ ਗਿਆ ਹੈ।

ਅਸਟਪਦੀ ॥

Ashtpadi.

ਅਸ਼ਟਪਦੀ।

ਸੰਤ ਸੰਗਿ ਅੰਤਰਿ[37] ਪ੍ਰਭੁ ਡੀਠਾ[38] ॥

In the society of saints, I have seen[38] the Lord within[37] me.

ਸਤਿ ਸੰਗਤ ਅੰਦਰ[37] ਮੈਂ ਸੁਆਮੀ ਨੂੰ ਆਪਣੇ ਅੰਦਰ ਵੇਖ ਲਿਆ[38] ਹੈ।

ਨਾਮੁ ਪ੍ਰਭੂ ਕਾ ਲਾਗਾ ਮੀਠਾ[39] ॥

Lord's Name has become sweet[39] unto me.

ਸੁਆਮੀ ਦਾ ਨਾਮ ਮੈਨੂੰ ਮਿੱਠਾ[39] ਲੱਗ ਪਿਆ ਹੈ।

ਸਗਲ[40]ਸਮਿਗ੍ਰੀ[41] ਏਕਸੁ[42] ਘਟ[43] ਮਾਹਿ[44] ॥ ਅਨਿਕ[45] ਰੰਗ[46]ਨਾਨਾ[47]ਦ੍ਰਿਸਟਾਹਿ[48]॥

All[40] the things[41], which appear[48] in[44] many[45] and diverse[47] colours[46] are in the mind[43] of One Lord[42].

ਸਾਰੀਆਂ[40] ਵਸਤੂਆਂ[41] ਜੋ ਘਣੇਰੀਆਂ[45] ਤੇ ਮੁਖਤਲਿਫ[47] ਰੰਗਤਾਂ[46] ਵਿਚ ਦਿਸਦੀਆਂ[48] ਹਨ, ਇਕ ਸੁਆਮੀ[42] ਦੇ ਹੀ ਚਿੱਤ[43] ਅੰਦਰ[44] ਹਨ।

ਨਉ ਨਿਧਿ[49] ਅੰਮ੍ਰਿਤੁ[50] ਪ੍ਰਭ ਕਾ ਨਾਮੁ ॥

The nine treasures[49] and the Nectar[50] are Lord's Name.

ਨੌ ਖ਼ਜ਼ਾਨੇ[49] ਤੇ ਸੁਧਾਰਸ[50] ਸਾਂਈ ਦੇ ਨਾਮ ਵਿਚ ਹਨ।

ਦੇਹੀ[51] ਮਹਿ[52] ਇਸ ਕਾ ਬਿਸ੍ਰਾਮੁ[53] ॥

Within[52] the human body[51] itself is its seat[53].

ਮਨੁੱਖਾ ਸਰੀਰ[51] ਅੰਦਰ[52] ਹੀ ਇਸਦਾ ਟਿਕਾਣਾ[53] ਹੈ।

ਸੁੰਨ ਸਮਾਧਿ[54] ਅਨਹਤ[55] ਤਹ[56] ਨਾਦ[57] ॥	There is deep meditation[54] and melody[57] of celestial music[55] there[56].	ਓਥੇ[56] ਅਫੂਰ ਸਿਮਰਨ[54] ਅਤੇ ਬੈਕੁੰਠੀ ਕੀਰਤਨ[55] ਦੀ ਧੁਨੀ[57] ਸ਼ੋਭਦੀ ਹੈ।
ਕਹਨੁ[58]ਨ ਜਾਈ ਅਚਰਜ[59] ਬਿਸਮਾਦ[60] ॥	The wonder[59] and marvel[60] of it can not be narrated[58].	ਇਸ ਦੀ ਅਦਭੁੱਤਤਾ[59] ਅਤੇ ਅਸਚਰਜਤਾ[60] ਵਰਨਣ[58] ਨਹੀਂ ਕੀਤੀ ਜਾ ਸਕਦੀ।
ਤਿਨਿ[61] ਦੇਖਿਆ[62] ਜਿਸੁ[63] ਆਪਿ[64] ਦਿਖਾਏ ॥	He[61] to whom[63] God Himself[64] shows, beholds[62] it.	ਜਿਸ[63] ਨੂੰ ਵਾਹਿਗੁਰੂ ਖੁਦ[64] ਵਿਖਾਲਦਾ ਹੈ, ਉਹੀ[61] ਇਸ ਨੂੰ ਵੇਖਦਾ[62] ਹੈ।
ਨਾਨਕ ਤਿਸੁ ਜਨ ਸੋਝੀ ਪਾਏ ॥੧॥	Nanak such a man obtains understanding.	ਨਾਨਕ ਐਸਾ ਪੁਰਸ਼ ਗਿਆਤ ਨੂੰ ਪ੍ਰਾਪਤ ਹੋ ਜਾਂਦਾ ਹੈ।
ਸੋ[65] ਅੰਤਰਿ[66] ਸੋ ਬਾਹਰਿ ਅਨੰਤ[67] ॥	The[65] Infinite Lord[67] is both within[66] and without.	ਉਹ[65] ਬੇਅੰਤ ਸੁਆਮੀ[67] ਅੰਦਰ[66] ਵੀ ਹੈ ਤੇ ਬਾਹਰ ਵੀ ਹੈ।
ਘਟਿ ਘਟਿ[68] ਬਿਆਪਿ[69] ਰਹਿਆ ਭਗਵੰਤ[70] ॥	The Auspicious Master[70] is contained[69] in every heart[68].	ਮੁਬਾਰਕ ਮਾਲਕ[70] ਹਰ ਦਿਲ[68] ਅੰਦਰ ਰਮਿਆ[69] ਹੋਇਆ ਹੈ।
ਧਰਨਿ[71]ਮਾਹਿ[72] ਆਕਾਸ[73] ਪਇਆਲ[74] ॥	He is in[72] earth[71], sky[73] and the under-world[74].	ਉਹ ਧਰਤੀ[71], ਅਸਮਾਨ[73] ਅਤੇ ਪਾਤਾਲ[74] ਵਿਚ[72] ਹੈ।
ਸਰਬ[75] ਲੋਕ[76] ਪੂਰਨ[77] ਪ੍ਰਤਿਪਾਲ[78] ॥	Of all[75] the worlds[76], he is the Perfect[77] Cherisher[78].	ਸਾਰਿਆਂ[75] ਜਹਾਨਾਂ[76] ਦਾ ਉਹ ਮੁਕੰਮਲ[77] ਪਾਲਣਹਾਰ[78] ਹੈ।
੨੯੪	294	੨੯੪
ਬਨਿ[79] ਤਿਨਿ[80] ਪਰਬਤਿ[81] ਹੈ ਪਾਰਬ੍ਰਹਮੁ[82] ॥	In forests[79], grass blades[80] and mountains[81], the Supreme Lord[82] is contained.	ਜੰਗਲਾਂ[79], ਘਾਹ ਦੀਆਂ ਤਿੜਾਂ[80] ਅਤੇ ਪਹਾੜਾਂ[81] ਅੰਦਰ ਸ਼੍ਰੋਮਣੀ ਸਾਹਿਬ[82] ਵਿਆਪਕ ਹੈ।
ਜੈਸੀ[83] ਆਗਿਆ[84] ਤੈਸਾ[85] ਕਰਮੁ[86] ॥	As[83] is His will[84] so[85] are His creatures' acts[86].	ਜੇਹੋ ਜਿਹੀ[83] ਉਸ ਦੀ ਰਜ਼ਾ[84] ਹੈ, ਉਹੋ ਜਿਹੇ[85] ਹਨ ਉਸ ਦੇ ਜੀਆਂ ਦੇ ਅਮਲ[86]।
ਪਉਣ[87] ਪਾਣੀ[90]ਬੈਸੰਤਰ[88] ਮਾਹਿ[89] ॥	The Lord is in[89] wind[87], water[90] and fire[88].	ਸੁਆਮੀ ਹਵਾ[87], ਜਲ[90] ਅਤੇ ਅੱਗ[88] ਅੰਦਰ[89] ਹੈ।
ਚਾਰਿ ਕੁੰਟ[91] ਦਹ ਦਿਸੇ[92] ਸਮਾਹਿ[93] ॥	He is permeating[93]the four quarters[91] and the ten directions[92].	ਉਹ ਚਾਰੀ ਪਾਸੀਂ[91] ਅਤੇ ਦਸੀ ਤਰਫੀਂ[92] ਰਮਿਆ[93] ਹੋਇਆ ਹੈ।
ਤਿਸ[94] ਤੇ ਭਿੰਨ[95] ਨਹੀ ਕੋ ਠਾਉ[96] ॥	There is no place[96] without[95] Him[94].	ਉਸ[94] ਦੇ ਬਗ਼ੈਰ[95] ਕੋਈ ਜਗ੍ਹਾ[96] ਨਹੀਂ।
ਗੁਰ ਪ੍ਰਸਾਦਿ[97] ਨਾਨਕ ਸੁਖੁ[98] ਪਾਉ ॥੨॥	By Guru's grace[97], Nanak has obtained peace[98].	ਗੁਰਾਂ ਦੀ ਦਇਆ[97] ਦੁਆਰਾ ਨਾਨਕ ਨੇ ਆਰਾਮ[98] ਪਾ ਲਿਆ ਹੈ।
ਬੇਦ ਪੁਰਾਨ ਸਿੰਮ੍ਰਿਤਿ ਮਹਿ[99] ਦੇਖੁ[100] ॥	Behold[100] Him in[99] Vedas, Puranas and Simirtis.	ਉਸ ਨੂੰ ਵੇਦਾਂ, ਪੁਰਾਣਾਂ ਤੇ ਸਿੰਮ੍ਰਤੀਆਂ ਵਿਚ[99] ਤੱਕ[100]।
ਸਸੀਅਰ[2] ਸੂਰ[3] ਨਖ੍ਯ੍ਰ[4] ਮਹਿ ਏਕੁ[5] ॥	In the moon[2], the sun[3] and the stars[4], He, the One Lord[5] is.	ਚੰਦਰਮੇਂ[2], ਸੂਰਜ[3] ਅਤੇ ਤਾਰਿਆਂ[4] ਅੰਦਰ ਓਹੀ ਇਕ ਸਾਹਿਬ[5] ਹੈ।

ਬਾਣੀ[5]* ਪ੍ਰਭ ਕੀ ਸਭੁ ਕੋ ਬੋਲੈ[6] ॥	Lord's Gurbani,[5]* every one repeats[6].	ਸਾਹਿਬ ਦੀ ਗੁਰਬਾਣੀ[5]* ਨੂੰ ਹਰ ਕੋਈ ਉਚਾਰਨ[6] ਕਰਦਾ ਹੈ।
ਆਪਿ[7] ਅਡੋਲੁ[8] ਨ ਕਬਹੂ[9] ਡੋਲੈ[10] ॥	He[7] is unwavering[8] and wavers[10] not ever[9].	ਉਹ[7] ਅਸਥਿਰ[8] ਹੈ ਅਤੇ ਕਦਾਚਿੱਤ[9] ਡਿਕਡੋਲੇ[10] ਨਹੀਂ ਖਾਂਦਾ।
ਸਰਬ[12] ਕਲਾ[13] ਕਰਿ[14] ਖੇਲੈ ਖੇਲ[15] ॥	With[14] all[12] the skill[13] He plays His plays[15].	ਸਾਰੀ[12] ਕਾਰੀਗਰੀ[13] ਨਾਲ[14] ਉਹ ਆਪਣੀਆਂ ਖੇਡਾਂ[15] ਖੇਡਦਾ ਹੈ।
ਮੋਲਿ[16] ਨ ਪਾਈਐ[17] ਗੁਣਹ[18] ਅਮੋਲ[19] ॥	His worth[16] cannot be appraised[17]. Priceless[19] are His merits[18].	ਉਸ ਦਾ ਮੁੱਲ[16] ਪਾਇਆ[17] ਨਹੀਂ ਜਾ ਸਕਦਾ। ਅਣਮੁੱਲੀਆਂ[19] ਹਨ ਉਸ ਦੀਆਂ ਖੂਬੀਆਂ[18]।
ਸਰਬ ਜੋਤਿ ਮਹਿ ਜਾਕੀ[20] ਜੋਤਿ[21] ॥	Amongst all the light is His[20] Light[21].	ਸਾਰਿਆਂ ਪ੍ਰਕਾਸ਼ਾਂ ਅੰਦਰ ਉਸ[20] ਦਾ ਪ੍ਰਕਾਸ਼[21] ਹੈ।
ਧਾਰਿ ਰਹਿਓ[22] ਸੁਆਮੀ ਓਤਿ[23] ਪੋਤਿ[24] ॥	The Lord is holding[22] the warp[23] and woof[24] of the world.	ਸੰਸਾਰ ਦਾ ਤਾਣਾ[23] ਪੇਟਾ[24] ਪ੍ਰਭੂ ਨੇ ਆਪਣੇ ਵਸ ਵਿਚ ਰਖਿਆ[22] ਹੋਇਆ ਹੈ।
ਗੁਰ ਪਰਸਾਦਿ[25] ਭਰਮ[26] ਕਾ ਨਾਸੁ[27] ॥ ਨਾਨਕ ਤਿਨ[28] ਮਹਿ[29] ਏਹੁ ਬਿਸਾਸੁ[30] ॥੩॥	Whose doubt[26] is dispelled[27] by Guru's grace[25], in[29] them[28], O Nanak, is this firm faith[30].	ਗੁਰਾਂ ਦੀ ਦਇਆ[25] ਦੁਆਰਾ ਜਿਨ੍ਹਾਂ ਦਾ ਸੰਦੇਹ[26] ਮਿਟ[27] ਗਿਆ ਹੈ, ਉਨ੍ਹਾਂ[28] ਅੰਦਰ[29] ਹੇ ਨਾਨਕ! ਇਹ ਪੱਕਾ ਭਰੋਸਾ[30] ਹੈ।
ਸੰਤ ਜਨਾ ਕਾ ਪੇਖਨੁ[31] ਸਭੁ ਬ੍ਰਹਮ ॥	In the sight[31] of the holy man, the Lord is in every-thing.	ਧਰਮਾਤਮਾ ਦੀ ਨਿਗ੍ਹਾ[31] ਅੰਦਰ ਹਰ ਸ਼ੈ ਵਿਚ ਸੁਆਮੀ ਹੈ।
ਸੰਤ ਜਨਾ ਕੈ ਹਿਰਦੈ ਸਭਿ ਧਰਮ[32] ॥	In the mind of the holy man, there is all faith[32].	ਧਰਮਾਤਮਾ ਦੇ ਮਨ ਅੰਦਰ ਸਮੂਹ ਸ਼ਰਧਾ-ਭਾਵਨਾ[32] ਹੁੰਦੀ ਹੈ।
ਸੰਤ ਜਨਾ ਸੁਨਹਿ ਸੁਭ[33] ਬਚਨ ॥	The holy man hears good[33] words.	ਧਰਮਾਤਮਾ ਸਰੇਸ਼ਟ[33] ਬਚਨ ਬਿਲਾਸ ਸੁਣਦਾ ਹੈ।
ਸਰਬ[34] ਬਿਆਪੀ[35] ਰਾਮ[36] ਸੰਗਿ[37] ਰਚਨ[38] ॥	He merges[38] into[37] the All[34]-pervading[35] Lord[36].	ਉਹ ਸਾਰੇ[34] ਰਮੇ[35] ਹੋਏ ਸੁਆਮੀ[36] ਵਿਚ[37] ਲੀਨ[38] ਹੋ ਜਾਂਦਾ ਹੈ।
ਜਿਨਿ[39] ਜਾਤਾ[40] ਤਿਸ[41] ਕੀ ਇਹ ਰਹਤ[42] ॥	This is the way of life[42] of him[41] who[39] knows[40] the Lord.	ਇਹ ਉਸ[41] ਦੀ ਜੀਵਨ ਰਹੁ-ਰੀਤੀ[42] ਹੈ ਜੋ[39] ਪ੍ਰਭੂ ਨੂੰ ਜਾਣਦਾ[40] ਹੈ।
ਸਤਿ[43] ਬਚਨ[44] ਸਾਧੂ ਸਭਿ ਕਹਤ[45] ॥	True[43] are all the words[44] which the saint utters[45].	ਸੱਚੇ[43] ਹੁੰਦੇ ਹਨ ਸਾਰੇ ਸ਼ਬਦ[44] ਜੋ ਸੰਤ ਉਚਾਰਨ ਕਰਦਾ[45] ਹੈ।
ਜੋ ਜੋ[46] ਹੋਇ ਸੋਈ[47] ਸੁਖੁ[48] ਮਾਨੈ[49] ॥	Whatever[46] happens, he takes[49] that[47] for the best[48].	ਜੋ ਕੁਛ ਭੀ[46] ਹੁੰਦਾ ਹੈ ਉਹ ਉਸ[47] ਨੂੰ ਪਰਮ ਚੰਗਾ[48] ਕਰ ਕੇ ਜਾਣਦਾ[49] ਹੈ।
ਕਰਨ[50] ਕਰਾਵਨਹਾਰੁ[51] ਪ੍ਰਭੁ ਜਾਨੈ[52] ॥	He deems[52] that the Lord is the doer[51] of deeds[50].	ਉਹ ਸਮਝਦਾ[52] ਹੈ ਕਿ ਸੁਆਮੀ ਕੰਮਾਂ[50] ਦੇ ਕਰਨ ਵਾਲਾ[51] ਹੈ।
ਅੰਤਰਿ[53] ਬਸੈ[54] ਬਾਹਰਿ ਭੀ ਓਹੀ ॥	He abides[54] within[53] and He is also found without.	ਉਹ ਅੰਦਰ[53] ਵਸਦਾ[54] ਹੈ ਅਤੇ ਬਾਹਰਵਾਰ ਭੀ ਉਹ ਹੀ ਹੈ।

ਨਾਨਕ ਦਰਸਨੁ[55] ਦੇਖਿ ਸਭ[56] ਮੋਹੀ[57] ॥੪॥	Nanak, on beholding His sight,[55] every one[56] is bewitched[57].	ਨਾਨਕ ਉਸ ਦਾ ਦੀਦਾਰ[55] ਤੱਕ ਕੇ ਹਰ ਕੋਈ[56] ਫ਼ਰੇਫ਼ਤਾ[57] ਹੋ ਜਾਂਦਾ ਹੈ ।
ਆਪਿ[58] ਸਤਿ[59] ਕੀਆ ਸਭੁ ਸਤਿ ॥	He Himself[58] is True[59] and True is all that He has made.	ਉਹ ਖ਼ੁਦ[58] ਸੱਚਾ[59] ਹੈ ਅਤੇ ਸੱਚਾ ਹੈ ਸਾਰਾ ਕੁਛ ਜੋ ਉਸ ਨੇ ਸਾਜਿਆ ਹੈ ।
ਤਿਸੁ[60] ਪ੍ਰਭ ਤੇ[61] ਸਗਲੀ[62] ਉਤਪਤਿ[63] ॥	From[61] that[60] Lord has originated the entire[62] creation[63].	ਉਸ[60] ਸੁਆਮੀ ਤੋਂ[61] ਸਮੂਹ[62] ਰਚਨਾ[63] ਉਤਪੰਨ ਹੋਈ ਹੈ ।
ਤਿਸੁ ਭਾਵੈ[63*] ਤਾ[64] ਕਰੇ ਬਿਸਥਾਰੁ[65] ॥	When it pleases[63*] Him, then[64] does He make the expanse[65].	ਜਦ ਉਸ ਨੂੰ ਚੰਗਾ[63*] ਲਗਦਾ ਹੈ, ਤਦ[64] ਉਹ ਖਿਲਾਰਾ[65] ਖਿਲਾਰਦਾ ਹੈ ।
ਤਿਸੁ ਭਾਵੈ ਤਾ ਏਕੰਕਾਰੁ[66]॥	If it pleases Him He becomes One alone[66], then.	ਜੇਕਰ ਉਸ ਨੂੰ ਭਾਵੇ ਤਦ ਉਹ ਕੱਲਮਕੱਲਾ[66] ਹ�و ਜਾਂਦਾ ਹੈ ।
ਅਨਿਕ[67] ਕਲਾ[68] ਲਖੀ[69] ਨਹ ਜਾਇ ॥	Manifold[67] are His powers[68], which cannot be known[69].	ਘਣੇਰੀਆਂ[67] ਹਨ ਉਸ ਦੀਆਂ ਸ਼ਕਤੀਆਂ[68] ਜੋ ਜਾਣੀਆਂ[69] ਨਹੀਂ ਜਾ ਸਕਦੀਆਂ ।
ਜਿਸੁ ਭਾਵੈ[70] ਤਿਸੁ ਲਏ ਮਿਲਾਇ ॥	He unites with Himself whomsoever He pleases[70].	ਜਿਸ ਕਿਸੇ ਨੂੰ ਉਹ ਚਾਹੁੰਦਾ[70] ਹੈ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।
ਕਵਨ ਨਿਕਟਿ[71] ਕਵਨ ਕਹੀਐ[72] ਦੂਰਿ[73] ॥	Who is near[71], and who can be said[72] as distant[73] from Him ?	ਕੌਣ ਨੇੜੇ[71] ਹੈ ਅਤੇ ਕੌਣ ਉਸ ਤੋਂ ਦੂਰੇਡੇ[73] ਆਖਿਆ[72] ਜਾ ਸਕਦਾ ਹੈ ?
ਆਪੇ[74] ਆਪਿ ਆਪ[75] ਭਰਪੂਰਿ[76] ॥	All by Himself[74], He[75] is fully pervading[76] everywhere.	ਆਪਣੇ ਆਪ[74] ਤੋਂ ਹੀ ਉਹ[75] ਹਰ ਥਾਂ ਪਰੀਪੂਰਨ[76] ਹੋ ਰਿਹਾ ਹੈ ।
ਅੰਤਰ ਗਤਿ[77]ਜਿਸੁਆਪਿ[78] ਜਨਾਏ[79] ॥ ਨਾਨਕ ਤਿਸੁ[80] ਜਨ[81] ਆਪਿ[82] ਬੁਝਾਏ[83] ॥੫॥	Nanak, God causes that[80] man[81] to understand[83] Him[82], whom He instructs[79] that He Himself[78] is within[77] him.	ਨਾਨਕ, ਹੰਰੀ ਉਸ[80] ਬੰਦੇ[81] ਨੂੰ ਆਪਣੇ ਆਪ[82] ਨੂੰ ਜਣਾਉਂਦਾ[83] ਹੈ, ਜਿਸ ਨੂੰ ਉਹ ਦਰਸਾਉਂਦਾ[79] ਹੈ ਕਿ ਉਹ ਖ਼ੁਦ[78] ਉਸ ਦੇ ਅੰਦਰ[77] ਹੈ ।
ਸਰਬ ਭੂਤ[83*] ਆਪਿ ਵਰਤਾਰਾ[84] ॥	Amongst all the forms[83*], the Lord Himself is contained[84].	ਸਾਰਿਆਂ ਸਰੂਪ[83*] ਅੰਦਰ ਸੁਆਮੀ ਖ਼ੁਦ ਹੀ ਰਮਿਆ[84] ਹੋਇਆ ਹੈ ।
ਸਰਬ ਨੈਨ[85] ਆਪਿ ਪੇਖਨਹਾਰਾ[86]	Through all the eyes[85], He Himself is the beholder[86].	ਸਾਰੀਆਂ ਅੱਖਾਂ[85] ਰਾਹੀਂ ਉਹ ਆਪੇ ਹੀ ਵੇਖਣ ਵਾਲਾ[86] ਹੈ ।
ਸਗਲ ਸਮਗ੍ਰੀ[87] ਜਾਕਾ ਤਨਾ[88] ॥	The whole creation[87] is His Body[88].	ਸਾਰੀ ਰਚਨਾ[87] ਉਸ ਦੀ ਦੇਹਿ[88] ਹੈ ।
ਆਪਨ ਜਸੁ[89] ਆਪ ਹੀ ਸੁਨਾ ॥	His praises[89] He Himself hears.	ਆਪਣੀ ਕੀਰਤੀ[89] ਉਹ ਆਪੇ ਹੀ ਸੁਣਦਾ ਹੈ ।
ਆਵਨ[90]ਜਾਨੁ ਇਕੁ ਖੇਲੁ[91] ਬਨਾਇਆ ॥	He has made coming and going[90] as a play[91].	ਆਉਣਾ ਤੇ ਜਾਣਾ[90] ਉਸ ਨੇ ਇਕ ਖੇਡ[91] ਬਣਾਈ ਹੈ ।
ਆਗਿਆਕਾਰੀ[92] ਕੀਨੀ ਮਾਇਆ[93] ॥	He has rendered mammon[93] subservient[92] to Him.	ਮੋਹਣੀ[93] ਨੂੰ ਉਸ ਨੇ ਆਪਣੇ ਹੁਕਮ ਤਾਬੇ[92] ਕੀਤਾ ਹੋਇਆ ਹੈ ।

ਸਭ ਕੈ ਮਧਿ[94] ਅਲਿਪਤੋ[95] ਰਹੈ ॥	Though amidst[94] everything He remains unattached[95].	ਸਾਰਿਆਂ ਦੇ ਅੰਦਰ[94] ਹੁੰਦਾ ਹੋਇਆ ਉਹ ਨਿਰਲੇਪ[95] ਵਿਚਰਦਾ ਹੈ।
ਜੋ ਕਿਛੁ[96] ਕਹਣਾ ਸੁ ਆਪੇ ਕਹੈ ॥	Whatever[96] is to be said, He Himself says.	ਜੋ ਕੁਝ[96] ਕਹਿਣਾ ਹੁੰਦਾ ਹੈ, ਉਹ ਆਪ ਹੀ ਕਹਿੰਦਾ ਹੈ।
ਆਗਿਆ[97] ਆਵੈ ਆਗਿਆ ਜਾਇ ॥	By His order[97] man comes and by His order he goes.	ਉਸ ਦੇ ਹੁਕਮ[97] ਤਾਬੇ ਪ੍ਰਾਣੀ ਆਉਂਦਾ ਹੈ ਤੇ ਹੁਕਮ ਤਾਬੇ ਚਲਿਆ ਜਾਂਦਾ ਹੈ।
ਨਾਨਕ ਜਾ[98] ਭਾਵੈ[99]ਤਾ[100] ਲਏ ਸਮਾਇ[2] ॥੬॥	Nanak, when[98] it pleases[99] Him, He blends[2] the mortal with Himself, then[100].	ਨਾਨਕ ਜਦ[98] ਉਸ ਨੂੰ ਚੰਗਾ[99] ਲਗਦਾ ਹੈ, ਤਦ[100] ਉਹ ਪ੍ਰਾਣੀ ਨੂੰ ਆਪਣੇ ਨਾਲ ਅਭੇਦ[2] ਕਰ ਲੈਂਦਾ ਹੈ।
ਇਸ ਤੇ ਹੋਇ[3] ਸੁ ਨਾਹੀ ਬੁਰਾ[4] ॥	Whatever comes from Him, that[3] cannot be bad[4].	ਜੋ ਕੁਛ ਉਸ ਪਾਸੋਂ ਆਉਂਦਾ ਹੈ, ਉਹ[3] ਮਾੜਾ[4] ਨਹੀਂ ਹੋ ਸਕਦਾ।
ਓਰੈ[5] ਕਹਹੁ[6] ਕਿਨੈ ਕਛੁ ਕਰਾ ॥	Without[5] Him, say[6], has any one done anything ?	ਉਸ ਦੇ ਬਿਨਾ[5], ਦਸ[6], ਕਦੇ ਕਿਸੇ ਨੇ ਕੁਝ ਕੀਤਾ ਹੈ ?
ਆਪਿ[7] ਭਲਾ[8] ਕਰਤੂਤਿ[9] ਅਤਿ[10] ਨੀਕੀ[12] ॥	He Himself[7] is good[8] and very[10] good[12] are His acts[9].	ਉਹ ਖੁਦ[7] ਚੰਗਾ[8] ਅਤੇ ਪਰਮ[10] ਚੰਗੇ[12] ਹਨ ਉਸ ਦੇ ਕਰਮ[9]।
ਆਪੇ ਜਾਨੈ ਅਪਨੇ ਜੀ[13] ਕੀ ॥	He alone knows what is in His mind[13].	ਕੇਵਲ ਓਹੀ ਜਾਣਦਾ ਹੈ ਕਿ ਉਸ ਦੇ ਚਿੱਤ[13] ਵਿਚ ਕੀ ਹੈ।
ਆਪਿ ਸਾਚੁ ਧਾਰੀ[14] ਸਭ ਸਾਚੁ ॥	He Himself is True and True is everything which He has stationed[14].	ਉਹ ਖੁਦ ਸੱਚਾ ਹੈ ਅਤੇ ਸੱਚੀ ਹੈ ਹਰ ਵਸਤੂ ਜੋ ਉਸ ਨੇ ਟਿਕਾਈ[14] ਹੋਈ ਹੈ।
ਓਤਿ[15] ਪੋਤਿ[16] ਆਪਨ ਸੰਗਿ[18] ਰਾਚੁ[17] ॥	Like warp[15] and woof[16], He is merged[17] into[18] Himself.	ਤਾਣੇ[15] ਪੇਟੇ[16] ਦੀ ਮਾਨਿੰਦ ਉਹ ਆਪਣੇ ਆਪ ਨਾਲ[18] ਰਮਿਆ[17] ਹੋਇਆ ਹੈ।
ਤਾਕੀ[19] ਗਤਿ[20] ਮਿਤਿ[21] ਕਹੀ[22] ਨ ਜਾਇ ॥	His[19] condition[20] and extent[21] cannot be told[22].	ਉਸ[19] ਦੀ ਦਸ਼ਾ[20] ਤੇ ਵਿਸਥਾਰ[21] ਆਖੇ[22] ਨਹੀਂ ਜਾ ਸਕਦੇ।
ਦੂਸਰ[23] ਹੋਇ ਤ[24] ਸੋਝੀ[25] ਪਾਇ ॥	If there were another[23] like Him, then[24] he could understand[25] Him.	ਜੇਕਰ ਕੋਈ ਹੋਰ[23] ਉਸ ਵਰਗਾ ਹੁੰਦਾ, ਤਦ[24] ਉਹ ਉਸ ਨੂੰ ਸਮਝ[25] ਸਕਦਾ।
ਤਿਸ[29] ਕਾ ਕੀਆ[30] ਸਭੁ ਪਰਵਾਨੁ[26]॥ ਗੁਰ ਪ੍ਰਸਾਦਿ[27] ਨਾਨਕ ਇਹੁ ਜਾਨੁ[28] ॥੭॥	All that He[29] does[30] must be accepted[26]. Through Guru's grace[27], Nanak has come to know[28] this.	ਗੁਰਾਂ ਦੀ ਮਿਹਰ[27] ਸਦਕਾ ਨਾਨਕ ਨੇ ਇਹ ਜਾਣ[28] ਲਿਆ ਹੈ ਕਿ ਸਾਰਾ ਕੁਛ ਜੋ ਉਹ[29] ਕਰਦਾ[30] ਹੈ ਮੰਨਣਾ[26] ਪਏਗਾ।
ਜੋ ਜਾਨੈ ਤਿਸੁ ਸਦਾ[29*] ਸੁਖੁ ਹੋਇ ॥	He, who knows Him, obtains eternal[29*] peace.	ਜੋ ਉਸ ਨੂੰ ਸਮਝਦਾ ਹੈ, ਉਸ ਨੂੰ ਸਦੀਵੀ[29*] ਆਰਾਮ ਹੁੰਦਾ ਹੈ।
ਆਪਿ[30*] ਮਿਲਾਇ[31] ਲਏ ਪ੍ਰਭੁ ਸੋਇ[32] ॥	The Lord[32] blends[31] him with Himself[30*].	ਉਹ[32] ਸਾਹਿਬ ਉਸ ਨੂੰ ਆਪਣੇ[30*] ਨਾਲ ਅਭੇਦ[31] ਕਰ ਲੈਂਦਾ ਹੈ।
ਓਹੁ ਧਨਵੰਤੁ[33] ਕੁਲਵੰਤੁ[34] ਪਤਿਵੰਤੁ[35] ॥ ਜੀਵਨ[36]	He, in whose mind[38] the Illustrious Lord[39] abides is wealthy[33], of high	ਜਿਸ ਦੇ ਅੰਤਰ-ਆਤਮੇ[38] ਪ੍ਰਸਿੱਧ ਪ੍ਰਭੂ[39] ਨਿਵਾਸ ਰਖਦਾ ਹੈ, ਉਹ ਮਾਲਦਾਰ[33], ਖਾਨਦਾਨੀ[34] ਅਤੇ ਇੱਜ਼ਤ ਵਾਲਾ[35]

ਮੁਕਤਿ[37] ਜਿਸ ਰਿਦੈ[38] ਭਗਵੰਤੁ[39] ॥

family[34] and honourable[35] and obtains salvation[37] while alive[36].

ਹੈ ਅਤੇ ਜੀਉਂਦੇ[36] ਜੀ ਮੁਕਤੀ[37] ਪਾ ਲੈਂਦਾ ਹੈ।

੨੯੫

295

੨੯੫

ਧੰਨੁ[40] ਧੰਨੁ ਧੰਨੁ ਜਨੁ[41] ਆਇਆ[42] ॥ ਜਿਸੁ ਪ੍ਰਸਾਦਿ[43] ਸਭੁ ਜਗਤੁ ਤਰਾਇਆ[44] ॥ ਜਨ ਆਵਨ ਕਾ ਇਹੈ[45] ਸੁਆਉ[46] ॥ ਜਨ ਕੈ ਸੰਗਿ[47] ਚਿਤਿ[48] ਆਵੈ ਨਾਉ ॥

Blessed[40], blessed, blessed is the advent[42] of Lord's serf[41] by whose grace[43], the entire world is saved[44]. The object[46] of the advent of Lord's serf is this[45], that in the company[47] of Lord's serf the Name is remembered[48].

ਮੁਬਾਰਕ[40] ! ਮੁਬਾਰਕ ! ਮੁਬਾਰਕ ! ਹੈ ਸਾਈਂ ਦੇ ਗੋਲੇ[41] ਦਾ ਆਗਮਨ[42], ਜਿਸ ਦੀ ਮਿਹਰ[43] ਦੁਆਰਾ ਸਾਰਾ ਸੰਸਾਰ ਤਰ[44] ਜਾਂਦਾ ਹੈ। ਸਾਹਿਬ ਦੇ ਗੋਲੇ ਦੇ ਆਗਮਨ ਦਾ ਪ੍ਰਯੋਜਨ[46] ਇਹ[45] ਹੈ ਕਿ ਸਾਹਿਬ ਦੇ ਗੋਲੇ ਦੀ ਸੰਗਤ[47] ਅੰਦਰ ਨਾਮ ਦਾ ਆਰਾਧਨ[48] ਹੁੰਦਾ ਹੈ।

ਆਪਿ[49] ਮੁਕਤੁ[51] ਮੁਕਤੁ ਕਰੈ ਸੰਸਾਰੁ[50] ॥

He Himself[49] is emancipated[51] and emancipates the world[50].

ਉਹ ਖ਼ੁਦ[49] ਬੰਦ-ਖ਼ਲਾਸ[51] ਹੈ ਅਤੇ ਜਗਤ[50] ਨੂੰ ਬੰਦ-ਖ਼ਲਾਸ ਕਰਾਉਂਦਾ ਹੈ।

ਨਾਨਕ ਤਿਸੁ[52] ਜਨ ਕਉ ਸਦਾ[53] ਨਮਸਕਾਰੁ[54] ॥੮॥ ੨੩ ॥

Unto that[52] slave of the Lord, Nanak ever[53], makes an obeisance[54].

ਸਾਹਿਬ ਦੇ ਉਸ[52] ਨਫ਼ਰ ਨੂੰ, ਨਾਨਕ, ਹਮੇਸ਼ਾ[53] ਹੀ, ਪ੍ਰਣਾਮ[54] ਕਰਦਾ ਹੈ।

ਸਲੋਕੁ ॥

Slok.

ਸਲੋਕ।

ਪੂਰਾ[55] ਪ੍ਰਭੁ ਆਰਾਧਿਆ[56] ਪੂਰਾ ਜਾਕਾ[57] ਨਾਉ ॥ ਨਾਨਕ ਪੂਰਾ[58] ਪਾਇਆ ਪੂਰੇ[59] ਕੇ ਗੁਨ[60] ਗਾਉ[61] ॥੧॥

I have meditated[56] on the Perfect[55] Lord, perfect is whose[57] Name. By singing[61] the praises[60] of the Perfect One[59], Nanak has obtained the Perfect Master[58].

ਮੈਂ ਮੁਕੰਮਲ[55] ਮਾਲਕ ਦਾ ਸਿਮਰਨ[56] ਕੀਤਾ ਹੈ, ਮੁਕੰਮਲ ਹੈ ਜਿਸ[57] ਦਾ ਨਾਮ। ਪੂਰਨ ਪੁਰਖ[59] ਦਾ ਜੱਸ[60] ਗਾਇਨ[61] ਕਰਨ ਦੁਆਰਾ ਨਾਨਕ ਨੇ ਮੁਕੰਮਲ ਮਾਲਕ[58] ਨੂੰ ਪਾ ਲਿਆ ਹੈ।

ਅਸਟਪਦੀ ॥

Ashtpadi.

ਅਸ਼ਟਪਦੀ।

ਪੂਰੇ ਗੁਰ ਕਾ ਸੁਨਿ ਉਪਦੇਸੁ[63] ॥

Listen to the instruction[62] of the Perfect Guru.

ਤੂੰ ਪੂਰਨ ਗੁਰਾਂ ਦੀ ਸਿੱਖਿਆ[62] ਨੂੰ ਸ੍ਰਵਣ ਕਰ।

ਪਾਰਬ੍ਰਹਮੁ[62] ਨਿਕਟਿ[64] ਕਰਿ[66] ਪੇਖੁ[65] ॥

See[65] the Supreme Lord[63] as[66] near[64] thee.

ਸ਼ਰੋਮਣੀ ਸਾਹਿਬ[63] ਨੂੰ ਆਪਣੇ ਨੇੜੇ[64] ਕਰਕੇ[66] ਵੇਖ[65]।

ਸਾਸਿ ਸਾਸਿ[67] ਸਿਮਰਹੁ[68] [69]ਗੋਬਿੰਦ[70] ॥

At every breath[67] meditate[68] upon the World[69]-Lord[70].

ਹਰ ਸੁਆਸ[67] ਨਾਲ ਸ੍ਰਿਸ਼ਟੀ[69] ਦੇ ਸੁਆਮੀ[70] ਦਾ ਆਰਾਧਨ[68] ਕਰ।

ਮਨ[71] ਅੰਤਰ[72]ਕੀ ਉਤਰੈ[73] ਚਿੰਦ[74] ॥

The anxiety[74] of thy mind[71] and heart[72] shall depart[73].

ਤੇਰੇ ਚਿੱਤ[71] ਤੇ ਦਿਲ[72] ਦਾ ਫ਼ਿਕਰ[74] ਦੂਰ[73] ਹੋ ਜਾਵੇਗਾ।

ਆਸ[75] ਅਨਿਤ[76] ਤਿਆਗਹੁ[77] ਤਰੰਗ[78] ॥ ਸੰਤ ਜਨਾ[79] ਕੀ ਧੂਰਿ[80] ਮਨ[81] ਮੰਗ[82] ॥

Abandon[77] the waves[78] of the transient[76] desires[75]. Heartily[81] pray[82] for the dust[80] of saints'[79] feet.

ਅਨ-ਸਥਿਰ[76] ਖ਼ਾਹਿਸ਼ਾਂ[75] ਦੀਆਂ ਲਹਿਰਾਂ[78] ਨੂੰ ਛੱਡ[77] ਦੇ ਅਤੇ ਸਾਧੂਆਂ[79] ਦੇ ਪੈਰਾਂ ਦੀ ਧੂੜ[80] ਦੀ ਦਿਲੋਂ[81] ਯਾਚਨਾ[82] ਕਰ।

ਆਪੁ[83] ਛੋਡਿ[84] ਬੇਨਤੀ[85]

Renounce[84] thy pride[83] and make

ਆਪਣੀ ਹੰਗਤਾ[83] ਨੂੰ ਤਿਆਗ[84] ਕੇ ਪ੍ਰਾਰਥਨਾ ਕਰ।

ਕਰਹੁ ॥ ਸਾਧ ਸੰਗਿ ਅਗਨਿ[86]ਸਾਗਰੁ[87]ਤਰਹੁ[88]॥	supplication[85]. In the saints' society cross[88] the ocean[87] of fire[86].	ਸਤਿ ਸੰਗਤ ਰਾਹੀਂ ਅੱਗ[86] ਦੇ ਸਮੁੰਦਰ[87] ਤੋਂ ਪਾਰ[88] ਹੋ ਜਾ ।
ਹਰਿ ਧਨ[89] ਕੇ ਭਰਿ[90] ਲੇਹੁ ਭੰਡਾਰ[91] ॥	With Gods' wealth[89], fill[90] thine treasures[91].	ਵਾਹਿਗੁਰੂ ਦੀ ਦੌਲਤ[89] ਨਾਲ ਆਪਣੇ ਖ਼ਜ਼ਾਨੇ[91] ਭਰਪੂਰ[90] ਕਰ ਲੈ ।
ਨਾਨਕ ਗੁਰ ਪੂਰੇ[92] ਨਮਸਕਾਰ[93] ॥੧॥	Nanak makes obeisance[93] unto the perfect[92] Guru.	ਨਾਨਕ ਪੂਰਨ[92] ਗੁਰਾਂ ਨੂੰ ਬੰਦਨਾ[93] ਕਰਦਾ ਹੈ ।
ਖੇਮ[94] ਕੁਸਲ[95] ਸਹਜ[96] ਆਨੰਦ[97] ॥ ਸਾਧ ਸੰਗਿ ਭਜੁ[98] [99]ਪਰਮਾਨੰਦ[100] ॥	By meditating[98] on God, the Supreme[99] Joy[100], in the company of saints, thou shalt have salvation[94], happiness[95], calmness[96] and bliss[97].	ਸਤਿ ਸੰਗਤ ਅੰਦਰ ਮਹਾਂ[99] ਅਨੰਦ[100] ਸਰੂਪ ਵਾਹਿਗੁਰੂ ਦਾ ਸਿਮਰਨ[98] ਕਰਨ ਦੁਆਰਾ ਤੂੰ ਮੁਕਤੀ[94], ਖ਼ੁਸ਼ੀ[95], ਸ਼ਾਂਤੀ[96] ਅਤੇ ਪਰਸੰਨਤਾ[97] ਨੂੰ ਪਰਾਪਤ ਹੋ ਜਾਵੇਂਗਾ ।
ਨਰਕ[2] ਨਿਵਾਰਿ[3] ਉਧਾਰਹੁ[4] ਜੀਉ[5] ॥ ਗੁਨ[6] ਗੋਬਿੰਦ ਅੰਮ੍ਰਿਤ[7] ਰਸੁ[8] ਪੀਉ[9] ॥	Quaff[9] the ambrosial[7] essence[8] of Lord's praise[6] and thou shalt avoid[3] hell[2] and save[4] thy soul[5].	ਸੁਆਮੀ ਦੇ ਜੱਸ[6] ਦੇ ਆਬਿ-ਹਿਯਾਤੀ[7] ਅਰਕ[8] ਨੂੰ ਪਾਨ[9] ਕਰ ਅਤੇ ਦੋਜ਼ਕ[2] ਤੋਂ ਬਚ[3] ਜਾਵੇਂਗਾ ਤੇ ਤੇਰੀ ਆਤਮਾ[5] ਪਾਰ[4] ਉਤਰ ਜਾਏਗੀ ।
ਚਿਤਿ[10] ਚਿਤਵਹੁ[12] ਨਾਰਾਇਣ[13] ਏਕ ॥ ਏਕ ਰੂਪ[14] ਜਾਕੇ[15] ਰੰਗ[16] ਅਨੇਕ[17] ॥	In thy mind[10] remember[12] the One Pervading Lord[13], who[15] has one form[14] and many[17] manifestations[16].	ਆਪਣੇ ਮਨ[10] ਅੰਦਰ ਇਕ ਵਿਆਪਕ ਸੁਆਮੀ[13] ਦਾ ਸਿਮਰਨ[12] ਕਰ, ਜਿਸ[15] ਦਾ ਸਰੂਪ[14] ਇਕ ਤੇ ਅਨੇਕਾਂ[17] ਦ੍ਰਿਸ਼[16] ਹਨ ।
ਗੋਪਾਲ[18] [19]ਦਾਮੋਦਰ[20] ਦੀਨ[21] ਦਇਆਲ[22] ॥ ਦੁਖ[23] ਭੰਜਨ[26] ਪੂਰਨ[24] ਕਿਰਪਾਲ[25] ॥	He is the World-Cherisher[18], the Holder of universe[19] in His belly[20], Kind[22] to the poor[21], Destroyer[26] of pain[23] and perfectly[24] Merciful[25].	ਉਹ ਸੰਸਾਰ ਦਾ ਪਾਲਣ-ਪੋਸਣਹਾਰ[18] ਬ੍ਰਹਮੰਡ[19] ਨੂੰ ਉਦਰ[20] ਵਿਚ ਰਖਣਹਾਰ, ਗ਼ਰੀਬਾਂ[21] ਤੇ ਮਿਹਰਬਾਨ[22], ਪੀੜ[23] ਨਾਸ ਕਰਨ ਵਾਲਾ[26] ਅਤੇ ਪੂਰਾ[24] ਦਇਆਲੂ[25] ਹੈ ।
ਸਿਮਰਿ[28] ਸਿਮਰਿ ਨਾਮੁ ਬਾਰੰਬਾਰ[27] ॥	Remember[28], remember the Name over and over again[27].	ਮੁੜ ਮੁੜ ਕੇ[27] ਨਾਮ ਦਾ ਸਿਮਰਨ[28] ਤੇ ਆਰਾਧਨ ਕਰ ।
ਨਾਨਕ ਜੀਅ[29] ਕਾ ਇਹੈ ਅਧਾਰ[30] ॥੨॥	Nanak, it is the only support[30] of the soul[29].	ਨਾਨਕ ਜਿੰਦੜੀ[29] ਦਾ ਇਹੀ ਇਕੋ ਆਸਰਾ[30] ਹੈ ।
ਉਤਮ[31] ਸਲੋਕ[32] ਸਾਧ ਕੇ ਬਚਨ[33] ॥	The saints' words[33] are the sublime[31] hymns[32].	ਸੰਤ ਦੇ ਕਥਨ[33] ਸ਼ਰੇਸ਼ਟ[31] ਸ਼ਬਦ[32] ਹਨ ।
ਅਮੁਲੀਕ[34] ਲਾਲ[35] ਏਹਿ ਰਤਨ[36] ॥	These are invaluable[34] rubies[35] and gems[36].	ਅਮੋਲਕ[34] ਹਨ ਇਹ ਹੀਰੇ[35] ਤੇ ਜਵਾਹਰ[36] ।
ਸੁਨਤ ਕਮਾਵਤ[37] ਹੋਤ ਉਧਾਰ[38] ॥	He who hears them and acts[37] thereon, is saved[38].	ਜੋ ਉਨ੍ਹਾਂ ਨੂੰ ਸੁਣਦਾ ਅਤੇ ਉਨ੍ਹਾਂ ਤੇ ਅਮਲ[37] ਕਰਦਾ ਹੈ, ਉਹ ਬਚ[38] ਜਾਂਦਾ ਹੈ ।
ਆਪਿ[39] ਤਰੈ[40] ਲੋਕਹ[41] ਨਿਸਤਾਰ[42] ॥	He swims[40] himself[39] and makes other people[41] swim across[42].	ਉਹ ਖ਼ੁਦ[39] ਤਰ ਜਾਂਦਾ[40] ਤੇ ਹੋਰਨਾਂ ਲੋਕਾਂ[41] ਨੂੰ ਤਾਰ ਲੈਂਦਾ[42] ਹੈ ।

ਸਫਲ[43] ਜੀਵਨੁ[44] ਸਫਲੁ ਤਾਕਾ ਸੰਗੁ[45] ॥ ਜਾਕੈ ਮਨਿ ਲਾਗਾ[46] ਹਰਿ ਰੰਗੁ[47] ॥	Fruitful[43] is his life[44] and profitable his company[45], whose heart is imbued[46] with God's love[47].	ਫਲਦਾਇਕ[43] ਹੈ ਉਸ ਦੀ ਜ਼ਿੰਦਗੀ[44] ਅਤੇ ਲਾਭਦਾਇਕ ਉਸ ਦੀ ਸੰਗਤ[45], ਜਿਸ ਦਾ ਦਿਲ ਵਾਹਿਗੁਰੂ ਦੇ ਪ੍ਰੇਮ[47] ਨਾਲ ਰੰਗੀਜਿਆ[46] ਹੈ ।
ਜੈ ਜੈ[48] ਸਬਦੁ ਅਨਾਹਦੁ[49] ਵਾਜੈ[51] ॥	Hail[48], hail unto him for whom the celestial music[49] plays[51].	ਸ਼ਾਬਾਸ਼[48], ਸ਼ਾਬਾਸ਼ ਹੈ ਉਸ ਨੂੰ ਜਿਸ ਲਈ ਬੈਕੁੰਠੀ ਕੀਰਤਨ[49] ਹੁੰਦਾ[51] ਹੈ ।
ਸੁਨਿ ਸੁਨਿ[52] ਅਨਦ ਕਰੈ[53] ਪ੍ਰਭੂ ਗਾਜੈ[54] ॥	He continually hears[52] it, makes merry[53] and proclaims[54] Lord's praise.	ਉਹ ਇਸ ਨੂੰ ਇਕ ਰਸ ਸ੍ਰਵਨ[52] ਕਰਦਾ, ਮੌਜਾਂ ਮਾਣਦਾ[53] ਅਤੇ ਸੁਆਮੀ ਦੀ ਕੀਰਤੀ ਦਾ ਹੋਕਾ ਦਿੰਦਾ[54] ਹੈ ।
ਪ੍ਰਗਟੈ[55] ਗੁਪਾਲ ਮਹਾਂਤ[50] ਕੈ ਮਾਥੈ[56] ॥	The Lord manifests[55] Himself on the brow[56] of the pious persons[50].	ਸੁਆਮੀ ਆਪਣੇ ਆਪ ਨੂੰ ਪਵਿੱਤ੍ਰ ਪੁਰਸ਼[50] ਦੇ ਮਸਤਕ[56] ਉਤੇ ਜ਼ਾਹਰ[55] ਕਰਦਾ ਹੈ ।
ਨਾਨਕ ਉਧਰੈ[57] ਤਿਨ ਕੈ[58] ਸਾਥੈ[59] ॥੩॥	Nanak is saved[57] in their[58] company[59].	ਉਨ੍ਹਾਂ[58] ਦੀ ਸੰਗਤ[59] ਅੰਦਰ ਨਾਨਕ ਪਾਰ ਉਤਰ[57] ਜਾਂਦਾ ਹੈ ।
ਸਰਨਿ ਜੋਗੁ[60] ਸੁਨਿ ਸਰਨੀ ਆਏ ॥	Hearing that God is capable of giving shelter[60], I have come to seek His shelter.	ਇਹ ਸੁਣ ਕੇ ਕਿ ਵਾਹਿਗੁਰੂ ਪਨਾਹ-ਦੇਣ ਦੇ ਲਾਇਕ[60] ਹੈ ਮੈਂ ਉਸ ਦੀ ਪਨਾਹ ਲਈ ਹੈ।
ਕਰਿ ਕਿਰਪਾ[61] ਪ੍ਰਭ ਆਪ[62] ਮਿਲਾਏ[63] ॥	Showing His mercy[61], the Lord has united[63] me with Himself[62].	ਆਪਣੀ ਮਿਹਰ[61] ਧਾਰ ਕੇ, ਸੁਆਮੀ ਨੇ ਮੈਨੂੰ ਆਪਣੇ[62] ਨਾਲ ਇਕ-ਮਿਕ[63] ਕਰ ਲਿਆ ਹੈ ।
ਮਿਟਿ ਗਏ ਬੈਰ[64] ਭਏ ਸਭ ਰੇਨ[65] ॥	My enmity[64] is gone and I have become the dust[65] of all.	ਮੇਰੀ ਦੁਸ਼ਮਨੀ[64] ਚਲੀ ਗਈ ਹੈ ਅਤੇ ਮੈਂ ਸਾਰਿਆਂ ਦੀ ਧੂੜ[65] ਹੋ ਗਿਆ ਹਾਂ ।
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ[66] ॥	In the saints company I have obtained[66] the Nectareous Name.	ਸਤਿ ਸੰਗਤ ਅੰਦਰ ਮੈਂ ਅੰਮ੍ਰਿਤਮਈ ਨਾਮ ਪ੍ਰਾਪਤ[66] ਕਰ ਲਿਆ ਹੈ ।
ਸੁਪ੍ਰਸੰਨ[67] ਭਏ ਗੁਰਦੇਵ[68]॥ ਪੂਰਨ[69] ਹੋਈ ਸੇਵਕ ਕੀ ਸੇਵ[70] ॥	The Divine[68] Guru is well-pleased[67] with me and the service[70] of the servant has borne fruit[69].	ਦੀਸ਼ਵਰੀ[68] ਗੁਰੂ ਮੇਰੇ ਤੇ ਪਰਮ ਖ਼ੁਸ਼[67] ਹੋ ਗਏ ਹਨ ਅਤੇ ਟਹਿਲੂਏ ਦੀ ਟਹਿਲ[70] ਸਫਲ[69] ਹੋ ਗਈ ਹੈ ।
ਆਲ ਜੰਜਾਲ[71] ਬਿਕਾਰ[72] ਤੇ ਰਹਤੇ[73] ॥ ਰਾਮ[76] ਨਾਮ ਸੁਨਿ ਰਸਨਾ[74] ਕਹਤੇ[75] ॥	By hearing Lord's[76] Name and repeating[75] it with my tongue[74], I have become freed[73] from worldly entanglements[71] and sins[72].	ਸਾਹਿਬ[76] ਦਾ ਨਾਮ ਸੁਣ ਕੇ ਅਤੇ ਆਪਣੀ ਜੀਭਾ[74] ਨਾਲ ਇਸ ਨੂੰ ਉਚਾਰਣ[75] ਕਰਨ ਦੁਆਰਾ ਮੈਂ ਸੰਸਾਰੀ ਪੁਆੜਿਆਂ[71] ਅਤੇ ਪਾਪਾਂ[72] ਤੋਂ ਬੱਚ[73] ਗਿਆ ਹਾਂ ।
ਕਰਿ[77] ਪ੍ਰਸਾਦੁ[78] ਦਇਆ[79] ਪ੍ਰਭਿ ਧਾਰੀ[80] ॥	By[77] His grace[78], the Lord has shown[80] mercy[79] unto me.	ਆਪ ਦੀ ਦਇਆ[78] ਦੁਆਰਾ[77] ਸਾਈਂ ਨੇ ਮੇਰੇ ਉਤੇ ਮਿਹਰ[79] ਕੀਤੀ[80] ਹੈ ।
ਨਾਨਕ ਨਿਬਹੀ[81] ਖੇਪ[82] ਹਮਾਰੀ ॥੪॥	Nanak, my merchandise[82] has safely arrived[81].	ਨਾਨਕ, ਮੇਰਾ ਵੱਖਰ[82] ਸਹੀ-ਸਲਾਮਤ ਪੁੱਜ ਗਿਆ[81] ਹੈ ।
ਪ੍ਰਭ ਕੀ ਉਸਤਤਿ[83] ਕਰਹੁ ਸੰਤ ਮੀਤ[84] ॥ ਸਾਵਧਾਨ[85] ਏਕਾਗਰ ਚੀਤ[86] ॥	Sing the praise[83] of the Lord, O friendly[84] saints, with alertness[85] and single-mindedness[86].	ਚੇਤੰਨ[85] ਅਤੇ ਇੱਕ ਮਨ[86] ਹੋ ਕੇ ਹੇ ਮਿੱਤ੍ਰ[84] ਸਾਧੂਓ ! ਸਾਹਿਬ ਦੀ ਮਹਿਮਾ[83] ਗਾਇਨ ਕਰੋ ।
ਸੁਖਮਨੀ ਸਹਜ[87] ਗੋਬਿੰਦ[88] ਗੁਨ[89] ਨਾਮ ॥	In the Sukhmani are peace[87], Lord's[88] praise[89] and Name.	ਸੁਖਮਨੀ ਵਿਚ ਆਰਾਮ[87] ਚੈਨ, ਸੁਆਮੀ[88] ਦਾ ਜੱਸ[89] ਅਤੇ ਨਾਮ ਹੈ ।

ਜਿਸੁ ਮਨਿ ਬਸੈ[90] ਸੁ[91] ਹੋਤ ਨਿਧਾਨ[92] ॥

He[91], within whose mind it abides[90] becomes wealthy[92].

ਉਹ[91] ਜਿਸ ਦੇ ਚਿੱਤ ਵਿਚ ਇਹ ਵਸਦੀ[90] ਹੈ, ਧਨਾਢ[92] ਹੋ ਜਾਂਦਾ ਹੈ ।

ਸਰਬ ਇਛਾ[93] ਤਾਕੀ[94] ਪੂਰਨ[95] ਹੋਇ ॥

All his[94] desires[93] are fulfilled[95].

ਉਸ ਦੀਆਂ[94] ਸਾਰੀਆਂ ਖ਼ਾਹਿਸ਼ਾਂ[93] ਪੂਰੀਆਂ[95] ਹੋ ਜਾਂਦੀਆਂ ਹਨ ।

ਪ੍ਰਧਾਨ[96] ਪੁਰਖੁ[97] ਪ੍ਰਗਟੁ[98] ਸਭ[100] ਲੋਇ[99] ॥

He becomes the most[96] distinguished man[97] and gets renowned[98] in the entire[100] world[99].

ਉਹ ਮੁਖੀਆ[96] ਪੁਰਸ਼[97] ਹੋ ਜਾਂਦਾ ਹੈ ਅਤੇ ਸਾਰੇ[100] ਸੰਸਾਰ[99] ਅੰਦਰ ਉੱਘਾ[98] ਹੋ ਜਾਂਦਾ ਹੈ ।

ਸਭ ਤੇ ਊਚ[2] ਪਾਏ ਅਸਥਾਨੁ[3] ॥

He obtains the highest[2] place[3] of all.

ਉਹ ਸਾਰਿਆਂ ਤੋਂ ਉੱਚਾ[2] ਟਿਕਾਣਾ[3] ਪਾ ਲੈਂਦਾ ਹੈ ।

ਬਹੁਰਿ[4] ਨ ਹੋਵੈ ਆਵਨ ਜਾਨੁ[5] ॥

He does not, again[4]. come and go[5].

ਉਹ ਮੁੜ[4] ਕੇ, ਆਉਂਦਾ ਤੇ ਜਾਂਦਾ[5] ਨਹੀਂ ।

ਹਰਿ ਧਨੁ[6] ਖਾਟਿ[7] ਚਲੈ[8] ਜਨੁ[9] ਸੋਇ[10] ॥ ਨਾਨਕ ਜਿਸਹਿ[12] ਪਰਾਪਤਿ[13] ਹੋਇ ॥੫॥

Nanak, the[10] man[9] who[12] obtains[13] (the Sukhmani), departs[8] after earning[7] the wealth[6] of God's Name.

ਨਾਨਕ ਉਹ[10] ਪੁਰਸ਼[9] ਜੋ[12] (ਸੁਖਮਨੀ ਨੂੰ) ਪ੍ਰਾਪਤ[13] ਕਰਦਾ ਹੈ, ਰੱਬ ਦੇ ਨਾਮ ਦੀ ਦੌਲਤ[6] ਕਮਾ[7] ਕੇ ਟੁਰਦਾ[8] ਹੈ ।

ਖੇਮ[14] ਸਾਂਤਿ[15] ਰਿਧਿ[16] ਨਵਨਿਧਿ[17] ॥ ਬੁਧਿ[18] ਗਿਆਨੁ[19] ਸਰਬ[20] ਤਹ[21] ਸਿਧਿ[22] ॥

Repose[14], peace[15], wealth[16], nine treasures[17], understanding[18], divine knowledge[19], all[20] the immediate[21] occult powers[22];

ਆਰਾਮ ਚੈਨ[14], ਸ਼ਾਂਤੀ[15], ਦੌਲਤ[16] ਨੌਖਜ਼ਾਨੇ[17] ਸੋਚ ਸਮਝ[18], ਬ੍ਰਹਿਮ[19] ਵੀਚਾਰ, ਸਮੂਹ[20] ਤਤਪਰ[21] ਕਰਾਮਾਤੀ[22] ਸ਼ਕਤੀਆਂ;

ਬਿਦਿਆ[23] ਤਪੁ[24] ਜੋਗੁ[25] ਪ੍ਰਭ ਧਿਆਨੁ[26] ॥

Learning[23], penance[24], union[25] with and meditation[26] on the Master,

ਇਲਮ[23], ਤਪੱਸਿਆ[24], ਮਾਲਕ ਦਾ ਮਿਲਾਪ[25] ਅਤੇ ਸਿਮਰਨ[26];

296

੨੯੬

ਗਿਆਨੁ[27] ਸ੍ਰੇਸਟ[28] ਊਤਮ[29] ਇਸਨਾਨੁ[30] ॥

The exquisite[28] divine insight[27], the excellent[29] ablutions[30];

ਉਤਕ੍ਰਿਸ਼ਟਤ[28] ਰੱਬੀ ਗਿਆਤ[27], ਸਰੇਸ਼ਟ[29] ਨ੍ਹਾਉਣੇ[30] ਧੋਣੇ;

ਚਾਰਿ ਪਦਾਰਥ[31] ਕਮਲ[32] ਪ੍ਰਗਾਸ[33] ॥

The four cardinal boons[31], the blossoming[33] of the heart lotus[32];

ਚਾਰ ਉੱਤਮ ਦਾਤਾਂ[31], ਦਿਲ[32] ਕੰਵਲ ਦਾ ਖਿੜਨਾ[33];

ਸਭ[37] ਕੈ ਮਧਿ[34] ਸਗਲ[35] ਤੇ ਉਦਾਸ[36] ॥

Detachment[36] from all[35] things though in the midst[34] of them all[37];

ਸਮੂਹ[37] ਅੰਦਰ[34] ਰਹਿੰਦਿਆਂ ਹੋਇਆਂ ਸਮੂਹ[35] ਤੋਂ ਨਿਰਲੇਪਤਾ[36];

ਸੁੰਦਰੁ[38] ਚਤੁਰੁ[39] ਤਤ[40] ਕਾ ਬੇਤਾ[41] ॥

Beautiful[38], shrewd[39] and knower[41] of reality[40];

ਖ਼ੂਬਸੂਰਤ[38], ਪ੍ਰਬੀਨ[39] ਤੇ ਅਸਲੀਅਤ[40] ਦਾ ਜਾਣੂ[41],

ਸਮਦਰਸੀ[42] ਏਕੁ[43] ਦ੍ਰਿਸਟੇਤਾ[44] ॥

Impartial looker[42] and the beholder[44], of one God[43],

ਇਕ ਸਾਰ ਵੇਖਣ ਵਾਲਾ[42] ਅਤੇ ਇਕ ਵਾਹਿਗੁਰੂ[43] ਨੂੰ ਵੇਖਣਹਾਰ[44],

ਇਹ ਫਲ[45] ਤਿਸੁ[46] ਜਨ[47] ਕੈ ਮੁਖਿ[48] ਭਨੇ[49] ॥ ਗੁਰ

These gifts[45] are obtained by the[46] man[47], who with his mouth[48] recites[49]

ਇਹ ਦਾਤਾਂ[45] ਉਸ[46] ਇਨਸਾਨ[47] ਨੂੰ ਮਿਲਦੀਆਂ ਹਨ, ਜੋ ਆਪਣੇ ਮੂੰਹ[48] ਨਾਲ (ਸੁਖਮਨੀ ਦਾ) ਉਚਾਰਣ[49] ਕਰਦਾ

ਨਾਨਕ ਨਾਮ ਬਚਨ[50] ਮਨਿ[51] ਸੁਨੇ[52] ॥੬॥	(the Sukhmani) and heartily[51] bears[52] Guru Nanak's hymns[50] in praise of God's Name.	ਹੈ ਅਤੇ ਗੁਰੂ ਨਾਨਕ ਜੀ ਦੀ ਰੱਬ ਦੇ ਨਾਮ ਦੀ ਮਹਿਮਾ ਦੀ ਬਾਣੀ[50] ਦਿਲ ਲਾ ਕੇ[51] ਸੁਣਦਾ[52] ਹੈ।
ਇਹੁ ਨਿਧਾਨੁ[53] ਜਪੈ[54] ਮਨਿ[55] ਕੋਇ[56] ॥	Let any one[56] meditate[54] heartily[55] on this Name treasure[53].	ਕੋਈ ਜੀਵ[56] ਇਸ ਨਾਮ ਦੇ ਖ਼ਜ਼ਾਨੇ[53] ਦਾ ਦਿਲੋਂ[55] ਸਿਮਰਨ[54] ਕਰੇ।
ਸਭ ਜੁਗ[57] ਮਹਿ[58] ਤਾਕੀ ਗਤਿ[59] ਹੋਇ ॥	In[58] all the ages[57] he shall obtain salvation[59].	ਉਹ ਸਾਰਿਆਂ ਯੁਗਾਂ[57] ਅੰਦਰ[58] ਮੁਕਤੀ[59] ਨੂੰ ਪ੍ਰਾਪਤ ਹੋਵੇਗਾ।
ਗੁਣ[60] [61]ਗੋਬਿੰਦ[62] ਨਾਮ ਧੁਨਿ[63] ਬਾਣੀ[64] ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ[65] ॥	This composition[64] is the praise[60] of the World[61]-Lord[62] and the recitation[63] of the Name about which the Simirtis, Shashtras and Vedas speak[65].	ਇਹ ਰਚਨਾ[64] ਸ੍ਰਿਸ਼ਟੀ[61] ਦੇ ਸੁਆਮੀ[62] ਦਾ ਜੱਸ[60] ਅਤੇ ਨਾਮ ਦਾ ਅਲਾਪ[63] ਹੈ, ਜਿਸ ਬਾਰੇ ਸਿਮ੍ਰਤੀਆਂ, ਸ਼ਾਸਤ੍ਰ ਅਤੇ ਵੇਦ ਜ਼ਿਕਰ[65] ਕਰਦੇ ਹਨ।
ਸਗਲ[66] ਮਤਾਂਤ[67] ਕੇਵਲ[68] ਹਰਿ ਨਾਮ ॥	The essence of all[66] the religions[67] is the God's Name, alone[68].	ਸਾਰਿਆਂ[66] ਮਜ਼ਹਬਾਂ[67] ਦਾ ਸਾਰ-ਤੱਤ, ਸਿਰਫ਼[68] ਵਾਹਿਗੁਰੂ ਦਾ ਨਾਮ ਹੀ ਹੈ।
ਗੋਬਿੰਦ[69] ਭਗਤ[70] ਕੈ ਮਨਿ ਬਿਸ੍ਰਾਮ[71] ॥	It abides[71] in the mind of Lord's[69] devotee[70].	ਇਹ ਸੁਆਮੀ[69] ਦੇ ਸ਼ਰਧਾਲੂ[70] ਦੇ ਚਿੱਤ ਵਿਚ ਨਿਵਾਸ[71] ਰੱਖਦਾ ਹੈ।
ਕੋਟਿ[72] ਅਪ੍ਰਾਧ[73] ਸਾਧ ਸੰਗਿ[75] ਮਿਟੈ[74] ॥	Millions[72] of sins[73] are effaced[74] (pardoned) in the saints guild[75].	ਕ੍ਰੋੜਾਂ[72] ਹੀ ਪਾਪ[73] ਸਤਿਸੰਗਤ[75] ਅੰਦਰ ਨਾਸ[74] (ਮਾਫ਼) ਹੋ ਜਾਂਦੇ ਹਨ।
ਸੰਤ ਕ੍ਰਿਪਾ[76] ਤੇ ਜਮ[77] ਤੇ ਛੂਟੈ[78] ॥	By saint's mercy[76], man escapes[78] the death's courier[77].	ਸਾਧੂ ਦੀ ਦਇਆ[76] ਦੁਆਰਾ ਬੰਦਾ ਮੌਤ ਦੇ ਦੂਤ[77] ਤੋਂ ਬਚ[78] ਜਾਂਦਾ ਹੈ।
ਜਾ ਕੈ ਮਸਤਕਿ[78*] ਕਰਮ[79] ਪ੍ਰਭਿ ਪਾਏ ॥ ਸਾਧ ਸਰਣਿ[80] ਨਾਨਕ ਤੇ ਆਏ ॥੭॥	They, on whose brow[78*], the Lord has recorded such destiny[79], have, O Nanak entered the saints sanctuary[80].	ਜਿਨ੍ਹਾਂ ਦੇ ਮੱਥੇ[78*] ਉਤੇ ਸੁਆਮੀ ਨੇ ਐਸੇ ਭਾਗ[79] ਲਿਖੇ ਹਨ, ਉਹ ਹੇ ਨਾਨਕ! ਸਾਧੂਆਂ ਦੀ ਸ਼ਰਣਾਗਤ[80] ਸੰਭਾਲਦੇ ਹਨ।
ਜਿਸੁ ਮਨਿ[81] ਬਸੈ[82] ਸੁਨੈ ਲਾਇ ਪ੍ਰੀਤਿ[83] ॥ ਤਿਸੁ[84] ਜਨ[85] ਆਵੈ ਹਰਿ ਪ੍ਰਭੁ[86] ਚੀਤਿ[87] ॥	He, within whose mind[81] the Sukhmani abides[82] and who listens to it with love[83], that[84] mortal[85] remembers[87] the Lord Master[86].	ਉਹ ਜਿਸ ਦੇ ਅੰਤਰ ਆਤਮੇ[81] ਸੁਖਮਨੀ ਨਿਵਾਸ[82] ਰੱਖਦੀ ਹੈ ਅਤੇ ਜੋ ਇਸ ਨੂੰ ਪ੍ਰੇਮ[83] ਨਾਲ ਸ੍ਰਵਣ ਕਰਦਾ ਹੈ; ਉਹ[84] ਪ੍ਰਾਣੀ[85] ਸੁਆਮੀ ਮਾਲਕ[86] ਨੂੰ ਚੇਤੇ[87] ਕਰਦਾ ਹੈ।
ਜਨਮ ਮਰਨ ਤਾਕਾ[88] ਦੂਖੁ[89] ਨਿਵਾਰੈ[90] ॥	His[88] pangs[89] of birth and death are destroyed[90].	ਉਸ[88] ਦੇ ਜੰਮਣ ਤੇ ਮਰਨ ਦੇ ਦੁਖੜੇ[89] ਨਾਸ[90] ਹੋ ਜਾਂਦੇ ਹਨ।
ਦੁਲਭ[91] ਦੇਹ[92] ਤਤਕਾਲ[93] ਉਧਾਰੈ[94] ॥	His body[92] (life), so difficult to obtain[91], is forthwith[93] exonerated[94].	ਔਨਾ ਔਖਾ ਹੱਥ ਲੱਗਣ ਵਾਲਾ[91] ਉਸ ਦਾ ਸਰੀਰ[92] (ਜੀਵਨ) ਤੱਤਪਰ[93] ਸੁਰਖ਼ਰੂ[94] ਹੋ ਜਾਂਦਾ ਹੈ।
ਨਿਰਮਲ[95] ਸੋਭਾ[96] ਅੰਮ੍ਰਿਤ[97] ਤਾਕੀ[98] ਬਾਨੀ[99] ॥	Spotless[95] is his repute[96] and sweet[97] is his[98] speech[99].	ਬੇਦਾਗ[95] ਹੈ ਉਸ ਦੀ ਸ਼ੁਹਰਤ[96] ਅਤੇ ਮਿੱਠੜੀ[97] ਉਸ[98] ਦੀ ਬੋਲੀ[99]।
ਏਕੁ[100] ਨਾਮੁ ਮਨ[2] ਮਾਹਿ[3]	The Name alone[100] is contained[4] in[3]	ਕੇਵਲ[100] ਨਾਮ ਹੀ ਉਸ ਦੇ ਅੰਤਰ[3]-ਆਤਮੇ[2] ਰਮਿਆ[4]

ਸਮਾਨੀ[4] ॥ ਦੂਖ[5] ਰੋਗ[6] ਬਿਨਸੇ[7] ਭੈ[8] ਭਰਮ[9] ॥

his mind[2]. Sorrow[5], sickness[6], dread[8], and doubt[9] depart[7] from him.

ਹੋਇਆ ਹੈ। ਗ਼ਮ[5], ਬੀਮਾਰੀ[6], ਡਰ[8] ਤੇ ਸੰਦੇਹ[9] ਉਸ ਕੋਲੋਂ ਦੂਰ[7] ਹੋ ਜਾਂਦੇ ਹਨ।

ਸਾਧ ਨਾਮ ਨਿਰਮਲ[12] ਤਾਕੇ[13] ਕਰਮ[14] ॥

He goes by the Name of a saint and His[13] acts[14] are pure[12].

ਸੰਤ ਉਸ ਦਾ ਨਾਮ ਪੈ ਜਾਂਦਾ ਹੈ ਅਤੇ ਉਸ[13] ਦੇ ਅਮਲ[14] ਪਵਿੱਤ੍ਰ[12] ਹੁੰਦੇ ਹਨ।

ਸਭ ਤੇ ਊਚ[10] ਤਾਕੀ ਸੋਭਾ[15] ਬਨੀ[16] ॥

The highest[10] of all becomes[16] his glory[15].

ਸਾਰਿਆਂ ਤੋਂ ਉੱਚੀ[10] ਹੋ ਜਾਂਦੀ[16] ਹੈ ਉਸ ਦੀ ਮਾਨ ਪ੍ਰਤਿਸ਼ਟਾ[15]।

ਨਾਨਕ ਇਹ ਗੁਣਿ[17] ਨਾਮੁ[18] ਸੁਖਮਨੀ[19] ॥੮॥੨੪॥

Because of these virtues[17], O Nanak, this is called[18] the Hymn of Peace[19].

ਇਨ੍ਹਾਂ ਨੇਕੀਆਂ[17] ਦੇ ਸਬੱਬ ਹੇ ਨਾਨਕ! ਇਹ ਆਰਾਮ ਚੈਨ ਦੇਣ ਵਾਲੀ ਬਾਣੀ[19] ਆਖੀ[18] ਜਾਂਦੀ ਹੈ।

ਥਿਤੀ[20] ਗਉੜੀ ਮਹਲਾ ੫ ॥ ਸਲੋਕੁ ॥

Gauri, Lunar days[20]
5th Guru. Slok.

ਗਉੜੀ, ਤਿੱਥਾਂ[20]
ਪੰਜਵੀਂ ਪਾਤਸ਼ਾਹੀ। ਸਲੋਕ।

੧ ੴ ਸਤਿਗੁਰ ਪ੍ਰਸਾਦਿ ॥

There is but one God. By the True Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਜਲਿ[20*] ਥਲਿ[21] ਮਹੀਅਲਿ[22] ਪੂਰਿਆ[23] ਸੁਆਮੀ ਸਿਰਜਨਹਾਰੁ[24] ॥

Lord, the Creator[24] is contained[23] in water[20*], the land[21] and the sky[22].

ਪ੍ਰਭੂ ਕਰਤਾਰ[24], ਪਾਣੀ[20*], ਧਰਤੀ[21] ਅਤੇ ਅਸਮਾਨ[22] ਵਿਚ ਰਮਿਆ[23] ਹੋਇਆ ਹੈ।

ਅਨਿਕ[25] ਭਾਂਤਿ[26] ਹੋਇ ਪਸਰਿਆ[27] ਨਾਨਕ ਏਕੰਕਾਰੁ[28] ॥੧॥

In manifold[25] ways[26], the one Lord[28] has diffused[27] Himself, O Nanak,

ਹੇ ਨਾਨਕ! ਅਨੇਕਾਂ[25] ਤਰੀਕਿਆਂ[26] ਨਾਲ ਇਕ ਸੁਆਮੀ[28] ਨੇ ਆਪਣੇ ਆਪ ਨੂੰ ਖਿਲਾਰਿਆ[27] ਹੋਇਆ ਹੈ।

ਪਉੜੀ ॥

Pauri

ਪਉੜੀ।

ਏਕਮ[29] ਏਕੰਕਾਰੁ ਪ੍ਰਭੁ[30] ਕਰਉ ਬੰਦਨਾ[31] ਧਿਆਇ[32] ॥

The First Lunar[29] day : Make obeisance[31] unto and meditate[32] upon the Unique Master[30].

ਪਹਿਲੀ ਤਿੱਥ[29]-ਅਦੁੱਤੀ ਸਾਹਿਬ[30] ਨੂੰ ਨਿਮਸਕਾਰ[31] ਕਰ ਅਤੇ ਉਸੇ ਨੂੰ ਹੀ ਆਰਾਧ[32]।

ਗੁਣ[33] [34]ਗੋਬਿੰਦ[35] [36]ਗੁਪਾਲ[37] ਪ੍ਰਭ ਸਰਨਿ[38] ਪਰਉ[39] ਹਰਿ ਰਾਇ[40] ॥

Sing the praise[33] of Lord, the World[34] Sustainer[35] and the Cherisher[37] of Universe[36] and seek[39] the shelter[38] of God, the King[40].

ਸ੍ਰਿਸ਼ਟੀ[34] ਨੂੰ ਥੰਮਣਹਾਰ[35] ਅਤੇ ਆਲਮ[36] ਦੇ ਪਾਲਣ ਵਾਲੇ[37] ਸੁਆਮੀ ਦਾ ਜੱਸ[33] ਗਾਇਨ ਕਰ ਅਤੇ ਵਾਹਿਗੁਰੂ ਪਾਤਸ਼ਾਹ[40] ਦੀ ਸ਼ਰਣਾਗਤ[38] ਸੰਭਾਲ[39]।

ਤਾਕੀ ਆਸ[41] ਕਲਿਆਣ[42] ਸੁਖ[43] ਜਾਤੇ[44] ਸਭੁ ਕਛੁ[45] ਹੋਇ[46] ॥

Rest thy hope[41] in Him, to obtain salvation[42] and solace[43] from whom[44] everything[45] emanates[46].

ਮੋਖ਼ਸ਼[42] ਤੇ ਆਰਾਮ[43] ਪਾਉਣ ਲਈ ਉਸ ਵਿਚ ਆਪਣੀ ਉਮੀਦ[41] ਬੰਨ੍ਹ ਜਿਸ[44] ਤੋਂ ਹਰ ਸ਼ੈ[45] ਉਤਪੰਨ[46] ਹੁੰਦੀ ਹੈ।

ਚਾਰਿ ਕੁੰਟ[47] ਦਹਦਿਸਿ[48] ਭ੍ਰਮਿਓ[49] ਤਿਸੁ[50] ਬਿਨੁ ਅਵਰੁ ਨ ਕੋਇ ॥

I have wandered[49] about in four directions[47] and ten sides[48] and seen nothing but Him[50].

ਮੈਂ ਚਾਰੇ ਪਾਸੇ[47] ਅਤੇ ਦਸੀਂ ਤਰਫ਼ੀਂ[48] ਭਟਕਿਆ[49] ਹਾਂ ਅਤੇ ਮੈਨੂੰ ਉਸ[50] ਦੇ ਬਾਝੋਂ ਹੋਰ ਨਿਗ੍ਹਾ ਨਹੀਂ ਪਿਆ।

ਬੇਦ ਪੁਰਾਨ ਸਿਮ੍ਰਿਤਿ ਸੁਨੇ[54]

I have listen[54] to Vedas, the

ਵੇਦਾਂ, ਪੁਰਾਣਾਂ ਅਤੇ ਸਿੰਮ੍ਰਤੀਆਂ ਨੂੰ ਸੁਣ[54] ਕੇ ਮੈਂ ਉਨ੍ਹਾਂ

ਬਹੁ[51] ਬਿਧਿ[52] ਕਰਉ ਬੀਚਾਰੁ[53] ॥

Puranas and the Simirtis, and have pondered[53] over them in many[51] ways[52].

ਉਤੇ ਘਣੇਰਿਆਂ[51] ਤਰੀਕਿਆਂ[52] ਨਾਲ ਸੋਚ ਵੀਚਾਰ[53] ਕੀਤੀ ਹੈ।

ਪਤਿਤ[54] ਉਧਾਰਨ[55] ਭੈ[56] ਹਰਨ[57] ਸੁਖ[58] ਸਾਗਰ[59] ਨਿਰੰਕਾਰ[60] ॥

The Formless Lord[60] alone is the Saviour[55] of sinners[54], Destroyer[57] of dread[56] and an Ocean[59] of peace[58].

ਕੇਵਲ ਸਰੂਪ-ਰਹਿਤ[60] ਸੁਆਮੀ ਹੀ ਪਾਪੀਆਂ[54] ਨੂੰ ਤਾਰਣ ਵਾਲਾ[55], ਡਰ[56] ਨਾਸ ਕਰਨਹਾਰ[57] ਅਤੇ ਆਰਾਮ[58] ਦਾ ਸਮੁੰਦਰ[59] ਹੈ।

ਦਾਤਾ[61] ਭੁਗਤਾ[62] ਦੇਨਹਾਰੁ[63] ਤਿਸੁ[64] ਬਿਨੁ ਅਵਰੁ ਨ ਜਾਇ[65] ॥

He is the Bestower[61], the Enjoyer[62] and the Giver[63]. There is no place[65] without Him[64].

ਉਹ ਬਖ਼ਸ਼ਸ਼ ਕਰਨ ਵਾਲਾ[61], ਭੋਗਣਹਾਰ[62] ਤੇ ਦੇਣ ਵਾਲਾ[63] ਹੈ। ਉਸ[64] ਦੇ ਬਗੈਰ ਹੋਰ ਕੋਈ ਥਾਂ[65] ਨਹੀਂ।

ਜੋ[70] ਚਾਹਹਿ[66] ਸੋਈ ਮਿਲੈ[67] ਨਾਨਕ ਹਰਿ ਗੁਨ[68] ਗਾਇ[69] ॥੧॥

Nanak, by singing[69] God's praises[68], man obtains[67] all[70] that he desires[66].

ਨਾਨਕ ਵਾਹਿਗੁਰੂ ਦੀ ਸਿਫ਼ਤ[68] ਸ਼ਲਾਘਾ ਗਾਇਨ[69] ਕਰਨ ਦੁਆਰਾ ਸਾਰਾ[70] ਕੁਛ, ਜੋ ਬੰਦਾ ਚਾਹੁੰਦਾ[66] ਹੈ, ਪਾ ਲੈਂਦਾ[67] ਹੈ।

[71]ਗੋਬਿੰਦ[72] ਜਸੁ[73] ਗਾਈਐ[75] ਹਰਿ ਨੀਤ[74] ॥

Daily[74] celebrate[75] the excellences[73] of God, the Preserver[72] of the earth[71].

ਨਿਤਾ[74] ਪ੍ਰਤੀ, ਸ੍ਰਿਸ਼ਟੀ[71] ਦੇ ਰਖਿਅਕ[72] ਵਾਹਿਗੁਰੂ ਦੀਆਂ ਸਰੇਸ਼ਟਤਾਈਆਂ[73] ਗਾਇਨ[75] ਕਰ।

ਮਿਲਿ[76] ਭਜੀਐ[77] ਸਾਧ ਸੰਗਿ ਮੇਰੇ ਮੀਤ[78] ॥੧॥ਰਹਾਉ॥

Meeting[76] the society of saint, meditate[77] thou on the Lord, O my friend[78]. Pause.

ਸਤਿ ਸੰਗਤ ਨਾਲ ਜੁੜ[76] ਕੇ ਤੂੰ ਸੁਆਮੀ ਦਾ ਸਿਮਰਨ[77] ਕਰ, ਹੇ ਮੇਰੇ ਮਿੱਤ੍ਰ[78]! ਠਹਿਰਾਉ।

ਸਲੋਕੁ ॥

Slok.

ਸਲੋਕ।

ਕਰਉ ਬੰਦਨਾ[81] ਅਨਿਕ ਵਾਰ ਸਰਨਿ[79] ਪਰਉ ਹਰਿ ਰਾਇ[80] ॥

Make obeisance[81] unto the Lord many times and enter the sanctuary[79] of God, the King[80].

ਪ੍ਰਭੂ ਨੂੰ ਅਨੇਕਾਂ ਵਾਰੀ ਪ੍ਰਣਾਮ[81] ਕਰ ਅਤੇ ਵਾਹਿਗੁਰੂ ਪਾਤਸ਼ਾਹ[80] ਦੀ ਪਨਾਹ[79] ਲੈ।

ਭ੍ਰਮੁ[82] ਕਟੀਐ[85] ਨਾਨਕ ਸਾਧ ਸੰਗਿ ਦੁਤੀਆ[83] ਭਾਉ[84] ਮਿਟਾਇ[86] ॥੨॥

In the society of saints, O Nanak, doubt[82] is stilled[85] and love[84] of another[83] is shed[86].

ਹੇ ਨਾਨਕ! ਸਤਿ ਸੰਗਤ ਅੰਦਰ ਸੰਦੇਹ[82] ਮਿਟ[85] ਜਾਂਦਾ ਹੈ ਅਤੇ ਹੋਰਸ[83] ਦੀ ਪ੍ਰੀਤ[84] ਦੂਰ[86] ਹੋ ਜਾਂਦੀ

ਪਉੜੀ ॥

Pauri.

ਪਉੜੀ।

ਦੁਤੀਆ[87] [88]ਦੁਰਮਤਿ[89] ਦੂਰਿ ਕਰਿ[91] ਗੁਰ ਸੇਵਾ ਕਰਿ ਨੀਤ[90] ॥

The Second Lunar day[87] : Give-up[91] the evil[88] intellect[89] and ever[90] perform the Guru's service.

ਦੂਜੀ ਤਿੱਥ[87]—ਆਪਣੀ ਮੰਦੀ[88] ਅਕਲ[89] ਨੂੰ ਛੱਡ[91] ਦੇ ਅਤੇ ਸਦਾ[90] ਹੀ ਗੁਰਾਂ ਦੀ ਟਹਿਲ ਸੇਵਾ ਕਰ।

ਰਾਮ[92] ਰਤਨੁ[93] ਮਨਿ[99] ਤਨਿ[100] ਬਸੈ[98] ਤਜਿ[94] ਕਾਮੁ[95] ਕ੍ਰੋਧੁ[96] ਲੋਭੁ[97] ਮੀਤ॥

By shedding[94] lust[95], wrath[96] and avarice[97], the jewel[93] of Lord's[92] Name shall abide[98] within the mind[99] and body[100], O friend.

ਮਿਥਨ ਹੁਲਾਸ[95], ਗੁੱਸੇ[96] ਅਤੇ ਲਾਲਚ[97] ਨੂੰ ਤਿਆਗਣ[94] ਦੁਆਰਾ, ਸੁਆਮੀ[92] ਦੇ ਨਾਮ ਦਾ ਜਵੇਹਰ[93], ਤੇਰੀ ਆਤਮਾ[99] ਤੇ ਦੇਹਿ[100] ਵਿਚ ਆ ਟਿਕੇਗਾ[98], ਹੇ ਮਿੱਤ੍ਰ!

ਮਰਣੁ[2] ਮਿਟੈ[3] ਜੀਵਨੁ[4] ਮਿਲੈ ਬਿਨਸਹਿ[5] ਸਗਲ[7] ਕਲੇਸ[6] ॥

Thou shall overcome[3] death[2], obtain eternal life[4], and all[7] thine griefs[6] shall depart[5].

ਤੂੰ ਮੌਤ[2] ਤੇ ਜਿੱਤ ਪਾ ਲਵੇਂਗਾ[3], ਅਮਰ[4] ਜੀਵਨ ਤੈਨੂੰ ਪ੍ਰਾਪਤ ਹੋ ਜਾਵੇਗਾ ਤੇ ਤੇਰੇ ਸਾਰੇ[7] ਦੁਖ[6] ਦੂਰ[5] ਹੋ ਜਾਣਗੇ।

੨੯੭	297	੨੯੭
ਆਪੁ[8] ਤਜਹੁ[9] ਗੋਬਿੰਦ ਭਜਹੁ[10] ਭਾਉ ਭਗਤਿ[12] ਪਰਵੇਸ[13] ॥	Abandon[9] thy self-conceit[8], remember[10] the Lord and Lord's devotional service[12] shall enter[13] thy mind.	ਆਪਣੀ ਸਵੈ-ਹੰਗਤਾ[8] ਨੂੰ ਛੱਡ[9] ਦੇ, ਸਾਹਿਬ ਦਾ ਸਿਮਰਨ[10] ਕਰ ਅਤੇ ਪ੍ਰਭੂ ਦੀ ਪ੍ਰੇਮ-ਮਈ ਸੇਵਾ[12] ਤੇਰੇ ਮਨ ਅੰਦਰ ਦਾਖ਼ਲ[13] ਹੋ ਜਾਵੇਗੀ ।
ਲਾਭੁ[14] ਮਿਲੈ ਤੋਟਾ[15] ਹਿਰੈ ਹਰਿ ਦਰਗਹ[16] ਪਤਿਵੰਤ[17] ॥	Thou shalt earn profit[14] suffer no loss[15] and be honoured[17] in God's court[16].	ਤੂੰ ਨਫ਼ਾ[14] ਖਟ ਲਵੇਂਗਾ, ਤੈਨੂੰ ਕੋਈ ਖਸਾਰਾ[15] ਨਹੀਂ ਪੈਣਾ ਅਤੇ ਰੱਬ ਦੇ ਦਰਬਾਰ[16] ਅੰਦਰ ਤੂੰ ਇੱਜ਼ਤ[17] ਪਾਵੇਂਗਾ ।
ਰਾਮ[18] ਨਾਮ ਧਨੁ[19] ਸੰਚਵੈ[20] ਸਾਚ ਸਾਹ[21] ਭਗਵੰਤ[22] ॥	Fortunate[22] and truly wealthy[21] is he, who amasses[20] the riches[19] of Pervading God's[18] Name.	ਭਾਗਾ[22] ਵਾਲਾ ਤੇ ਸੱਚਾ ਅਮੀਰ[21] ਉਹ ਹੈ ਜੋ ਵਿਆਪਕ ਵਾਹਿਗੁਰੂ[18] ਦੇ ਨਾਮ ਦੀ ਦੌਲਤ[19] ਇਕੱਤ੍ਰ[20] ਕਰਦਾ ਹੈ ।
ਊਠਤ[23] ਬੈਠਤ[24] ਹਰਿ ਭਜਹੁ[25] ਸਾਧੂ ਸੰਗਿ ਪਰੀਤਿ[26] ॥	Standing[23] up and sitting[24] down, meditate[25] thou on God and enshrine affection[26] for the saints' society.	ਖਲੋਂਦਿਆਂ[23] ਤੇ ਬਹਿੰਦਿਆਂ[24] ਤੂੰ ਵਾਹਿਗੁਰੂ ਨੂੰ ਸਿਮਰ[25] ਅਤੇ ਸਤਿ ਸੰਗਤ ਨਾਲ ਪਿਆਰ[26] ਪਾ ।
ਨਾਨਕ [27] ਦੁਰਮਤਿ[28] ਛੁਟਿ[29] ਗਈ ਪਾਰਬ੍ਰਹਮ[30] ਬਸੇ[31] ਚੀਤਿ[32] ॥੨॥	Nanak, when the Supreme Lord[30], abides[31] in man's mind[32], his evil[27]-intellect[28] is annulled[29].	ਨਾਨਕ ਜਦ ਪਰਮ ਪ੍ਰਭੂ[30] ਬੰਦੇ ਦੇ ਮਨ[32] ਅੰਦਰ ਟਿਕ[31] ਜਾਂਦਾ ਹੈ, ਉਸ ਦੀ ਖੋਟੀ[27] ਅਕਲ[28] ਨਾਸ[29] ਹੋ ਜਾਂਦੀ ਹੈ ।
ਸਲੋਕੁ ॥	Slok.	ਸਲੋਕ ।
ਤੀਨਿ ਬਿਆਪਹਿ[33] ਜਗਤ ਕਉ ਤੁਰੀਆ[34] ਪਾਵੈ ਕੋਇ[35] ॥	The three qualities are harassing[33] the world and some rare one[35] attains the fourth state[34] of bliss.	ਤਿੰਨ ਲੱਛਣ ਦੁਨੀਆਂ ਨੂੰ ਦੁਖੀ[33] ਕਰ ਰਹੇ ਹਨ, ਕੋਈ ਵਿਰਲਾ[35] ਹੀ ਪਰਸੰਨਤਾ ਦੀ ਚੌਥੀ ਦਸ਼ਾ[34] ਨੂੰ ਪਾਉਂਦਾ ਹੈ ।
ਨਾਨਕ ਸੰਤ ਨਿਰਮਲ[36] ਭਏ[39] ਜਿਨ ਮਨਿ ਵਸਿਆ[37] ਸੋਇ[38] ॥੩॥	Nanak, the saints, within whose mind, that[38] Lord abides[37], become[39] pure[36].	ਨਾਨਕ, ਉਹ ਸਾਧੂ, ਜਿਨ੍ਹਾਂ ਦੇ ਚਿੱਤ ਅੰਦਰ ਉਹ[38] ਸੁਆਮੀ ਨਿਵਾਸ[37] ਕਰਦਾ ਹੈ, ਪਵਿੱਤ੍ਰ[36] ਹੋ ਜਾਂਦੇ[39] ਹਨ ।
ਪਉੜੀ ॥	Pauri	ਪਉੜੀ ।
ਤ੍ਰਿਤੀਆ[40] ਤ੍ਰੈ ਗੁਣ[41] ਬਿਖੈ[42] ਫਲ[43] ਕਬ[44] ਉਤਮ[45] ਕਬ ਨੀਚੁ[46] ॥	The Third Lunar day[40]: The men of three dispositions[41], gather poison[42] as their fruit[43]. They are just now[44] good[45] and just now bad[46].	ਤੀਜੀ ਤਿਥ[40]–ਤਿੰਨਾਂ ਸੁਭਾਵਾਂ[41] ਵਾਲੇ ਬੰਦੇ ਜ਼ਹਿਰ[42] ਨੂੰ ਆਪਣੇ ਮੇਵੇ[43] ਵਜੋਂ ਇਕੱਠਾ ਕਰਦੇ ਹਨ । ਹੁਣੇ[44] ਉਹ ਚੰਗੇ[45] ਹਨ ਤੇ ਹੁਣੇ ਹੀ ਮੰਦੇ[46] ।
ਨਰਕ[47] ਸੁਰਗ[48] ਭ੍ਰਮਤਉ[49] ਘਣੋ[50] ਸਦਾ[51] ਸੰਘਾਰੈ[52] ਮੀਚੁ[53] ॥	They greatly[50] wander[49] in hell[47] and heaven[48], and death[53] ever[51] annihilates[52] them.	ਉਹ ਦੋਜ਼ਕ[47] ਅਤੇ ਬਹਿਸ਼ਤ[48] ਅੰਦਰ ਬਹੁਤ[50] ਭਟਕਦੇ[49] ਹਨ ਅਤੇ ਮੌਤ[53] ਹਮੇਸ਼ਾ[51] ਹੀ ਉਨ੍ਹਾਂ ਦਾ ਸਤਿਆਨਾਸ[52] ਕਰਦੀ ਹੈ ।
ਹਰਖ[54] ਸੋਗ[55] ਸਹਸਾ[56] ਸੰਸਾਰੁ[57] ਹਉ[58] ਹਉ ਕਰਤ ਬਿਹਾਇ[59] ॥	Gripped by weal[54], woe[55] and doubt[56] of the world[57], they pass[59] their life in taking pride[58].	ਜਗਤ[57] ਦੀ ਖ਼ੁਸ਼ੀ[54], ਗ਼ਮੀ[55] ਅਤੇ ਵਹਿਮ[56] ਦੇ ਪਕੜੇ ਹੋਏ ਉਹ ਆਪਣਾ ਜੀਵਨ ਹੰਕਾਰ[58] ਕਰਦੇ ਹੋਏ ਗੁਜ਼ਾਰਦੇ[59] ਹਨ ।

ਜਿਨਿ ਕੀਏ[60] ਤਿਸਹਿ ਨ ਜਾਣਨੀ ਚਿਤਵਹਿ[61] ਅਨਿਕ[62] ਉਪਾਇ[63] ॥

They know not Him, who did create[60] them and think[61] of various[62] others plans[63].

ਉਹ ਉਸ ਨੂੰ ਨਹੀਂ ਜਾਣਦੇ, ਜਿਸ ਨੇ ਉਨ੍ਹਾਂ ਨੂੰ ਰਚਿਆ[60] ਹੈ ਅਤੇ ਹੋਰ ਅਨੇਕਾਂ[62] ਤਦਬੀਰਾਂ[63] ਸੋਚਦੇ[61] ਹਨ।

ਆਧਿ[64] ਬਿਆਧਿ[65] ਉਪਾਧਿ[66] ਰਸ[67] ਕਬਹੁ ਨ ਤੂਟੈ[68] ਤਾਪ[69] ॥

They remain merged in pains[66] and pleasures[67] of the mind[64] and body[65] and their fever[69] (worry) never departs[68].

ਉਹ ਮਨ[64] ਤੇ ਦੇਹਿ[65] ਦੀਆਂ ਪੀੜਾਂ[66] ਅਤੇ ਖੁਸ਼ੀਆਂ[67] ਅੰਦਰ ਗ਼ਰਕ ਰਹਿੰਦੇ ਹਨ ਅਤੇ ਉਨ੍ਹਾਂ ਦਾ (ਚਿੰਤਾ ਦਾ) ਬੁਖ਼ਾਰ[69] ਕਦਾਚਿੱਤ ਦੂਰ[68] ਨਹੀਂ ਹੁੰਦਾ।

ਪਾਰਬ੍ਰਹਮ[70] ਪੂਰਨ[71] ਧਨੀ[72] ਨਹ ਬੂਝੈ[73] ਪਰਤਾਪ[74] ॥

They realise[73] not the effulgence[74] of the Transcendent Lord[70], the Perfect[71] Master[72].

ਉਹ ਪਰਮ ਪ੍ਰਭੂ[70], ਮੁਕੰਮਲ[71] ਮਾਲਕ[72] ਦੇ ਤਪ ਤੇਜ[74] ਨੂੰ ਅਨੁਭਵ[73] ਨਹੀਂ ਕਰਦੇ।

ਮੋਹ[75] ਭਰਮ[76] ਬੂਡਤ[77] ਘਣੋ[78] ਮਹਾ[79] ਨਰਕ[80] ਮਹਿ[81] ਵਾਸ[82] ॥

In secular love[75] and superstition[76] many[78] are drowned[77] and in[81] the arch[79] hell[80] do they abide[82].

ਸੰਸਾਰੀ ਮਮਤਾ[75] ਤੇ ਸੰਦੇਹ[76] ਅੰਦਰ ਬਹੁਤੇ[78] ਡੂਬ[77] ਗਏ ਹਨ ਅਤੇ ਕੁੰਭੀ[79] ਦੋਜ਼ਕ[80] ਅੰਦਰ[81] ਉਹ ਵਸੇਬਾ[82] ਪਾਉਂਦੇ ਹਨ।

ਕਰਿ ਕਿਰਪਾ[83] ਪ੍ਰਭ ਰਾਖਿ[84] ਲੇਹੁ ਨਾਨਕ ਤੇਰੀ ਆਸ[85] ॥੩॥

Show mercy[83] O Lord and save[84] me Nanak's hope[85] rests in Thee.

ਮਿਹਰ[83] ਧਾਰ ਅਤੇ ਮੇਰੀ ਰੱਖਿਆ[84] ਕਰ, ਹੇ ਸੁਆਮੀ! ਨਾਨਕ ਦੀ ਉਮੀਦ[85] ਤੇਰੇ ਵਿਚ ਹੈ।

ਸਲੋਕੁ ॥

Slok.

ਸਲੋਕ।

ਚਤੁਰ[86] ਸਿਆਣਾ[87] ਸੁਘੜੁ[88] ਸੋਇ[89] ਜਿਨਿ ਤਜਿਆ[90] ਅਭਿਮਾਨੁ[91] ॥

He[89], who eschews[90] his ego[91], is intelligent[86], wise[87] and accomplished[88].

ਜੋ ਆਪਣੇ ਹੰਕਾਰ[91] ਨੂੰ ਛੱਡਦਾ[90] ਹੈ, ਉਹ[89] ਅਕਲਮੰਦ[86], ਦਾਨਾ[87] ਅਤੇ ਕਾਮਲ[88] ਹੈ।

ਚਾਰਿ ਪਦਾਰਥ[92] ਅਸਟ[93] ਸਿਧਿ[94] ਭਜੁ[95] ਨਾਨਕ ਹਰਿ ਨਾਮੁ ॥੪॥

Nanak, by meditating[95] on the Name of God, the four cardinal boons[92] and eight[93] occult powers[94] are attained.

ਨਾਨਕ, ਵਾਹਿਗੁਰੂ ਦੇ ਨਾਮ ਦਾ ਸਿਮਰਨ[95] ਕਰਨ ਦੁਆਰਾ ਚਾਰ ਉੱਤਮ ਦਾਤਾਂ[92] ਤੇ ਅੱਠ[93] ਕਰਾਮਾਤੀ ਸ਼ਕਤੀਆਂ[94] ਮਿਲ ਜਾਂਦੀਆਂ ਹਨ।

ਪਉੜੀ ॥

Pauri.

ਪਉੜੀ।

ਚਤੁਰਥਿ[96] ਚਾਰੇ ਬੇਦ ਸੁਣਿ ਸੋਧਿਓ[97] ਤਤੁ[98] ਬੀਚਾਰੁ[99] ॥ ਸਰਬ[100] ਖੇਮ[2] ਕਲਿਆਣ[3] ਨਿਧਿ[4] ਰਾਮ[5] ਨਾਮੁ ਜਪਿ[6] ਸਾਰੁ[7] ॥

The Forth Lunar day[96] : Hearing the Vedas and pondering[97] over their reality[98], I have ascertained[99], that the sublime[7] meditation[6] of Lords'[5] Name, is the treasure[4] of all[100] the joys[2] and comforts[3].

ਚੌਥੀ ਤਿੱਥ[96]—ਚਾਰੇ ਵੇਦ ਸ੍ਰਵਣ ਕਰ ਕੇ ਅਤੇ ਉਨ੍ਹਾਂ ਦੀ ਅਸਲੀਅਤ[98] ਨੂੰ ਸੋਚ ਸਮਝ[97] ਕੇ ਮੈਂ ਨਿਰਣਾ[99] ਕੀਤਾ ਹੈ ਕਿ ਸੁਆਮੀ[5] ਦੇ ਨਾਮ ਦਾ ਸਰੇਸ਼ਟ[7] ਸਿਮਰਨ[6], ਸਾਰੀਆਂ[100] ਖੁਸ਼ੀਆਂ[2] ਅਤੇ ਸੁਖਾਂ[3] ਦਾ ਖ਼ਜ਼ਾਨਾ[4] ਹੈ।

ਨਰਕ[8] ਨਿਵਾਰੈ[9] ਦੁਖ[10] ਹਰੈ[12] ਤੂਟਹਿ[13] ਅਨਿਕ[14] ਕਲੇਸ[15] ॥ ਮੀਚੁ[16] ਹੁਟੈ[17] ਜਮ[18] ਤੇ

By being absorbed[21] in God's praises[20], hell[8] is warded off[9], suffering[10] is removed[12], many[14] an affliction[15] depart[13],

ਵਾਹਿਗੁਰੂ ਦੀ ਕੀਰਤੀ[20] ਅੰਦਰ ਲੀਨ[21] ਹੋਣ ਦੁਆਰਾ ਦੋਜ਼ਕ[8] ਨਵਿਰਤ[9] ਹੋ ਜਾਂਦਾ ਹੈ। ਤਕਲੀਫ਼[10] ਮਿਟ[12] ਜਾਂਦੀ ਹੈ, ਘਨੇਰੇ[14] ਦੁਖੜੇ[15] ਦੂਰ[13] ਹੋ ਜਾਂਦੇ ਹਨ, ਮੌਤ[16]

ਛੁਟੈ[19] ਹਰਿ ਕੀਰਤਨੁ[20] ਪਰਵੇਸ[21] ॥

ਭਉ[22] ਬਿਨਸੈ[23] ਅੰਮ੍ਰਿਤੁ[24] ਰਸੈ[25] ਰੰਗਿ[26] ਰਤੇ[27] ਨਿਰੰਕਾਰ[28] ॥

ਦੁਖ[29] ਦਾਰਿਦ[30] ਅਪਵਿਤ੍ਰਤਾ[31] ਨਾਸਹਿ[32] ਨਾਮ ਅਧਾਰ[33] ॥

ਸੁਰਿ[34] ਨਰ[35] ਮੁਨਿ ਜਨ[36] ਖੋਜਤੇ[37] ਸੁਖ ਸਾਗਰ[38] ਗੋਪਾਲ[39] ॥

ਮਨੁ[45] ਨਿਰਮਲੁ[40] ਮੁਖੁ[41] ਊਜਲਾ[42] ਹੋਇ[43] ਨਾਨਕ ਸਾਧ ਰਵਾਲ[44] ॥੪॥

ਸਲੋਕੁ ॥

ਪੰਚ ਬਿਕਾਰ[46] ਮਨ ਮਹਿ ਬਸੇ[47] ਰਾਚੇ[48] ਮਾਇਆ[49] ਸੰਗਿ ॥

ਸਾਧ ਸੰਗਿ ਹੋਇ ਨਿਰਮਲਾ[50] ਨਾਨਕ ਪ੍ਰਭ ਕੈ ਰੰਗਿ[51]॥੫॥

ਪਉੜੀ ॥

ਪੰਚਮਿ[52] ਪੰਚ[53] ਪ੍ਰਧਾਨ[54] ਤੇ[55] ਜਿਹ ਜਾਨਿਓ[56] ਪਰਪੰਚੁ[57] ॥

ਕੁਸਮ[58] ਬਾਸ[59] ਬਹੁ[60] ਰੰਗੁ[61] ਘਣੋ[62] ਸਭ[63] ਮਿਥਿਆ[64] ਬਲਬੰਚੁ[65] ॥

ਨਹ ਜਾਪੈ[66] ਨਹ ਬੂਝੀਐ[67] ਨਹ ਕਛੁ[68] ਕਰਤ ਬੀਚਾਰੁ[69] ॥

ਸੁਆਦ[70] ਮੋਹ[71] ਰਸ[72]

death[16] is overcome[17] as the mortal escapes[19] the death's couriers[18].

Tinged[27] with the love[26] of the Formless[28] Lord man's fear[22] departs[23] and he enjoys[25] the Nectar[24].

With the mainstay[33] of God's Name, pain[29], poverty[30] and impiety[31] are removed[32].

The gods[34], men[35] and the silent sages[36], search[37] for the Lord[39], the Ocean[38] of peace.

By becoming[43] the dust[44] of the saints feet, O Nanak, the mind[45] is rendered pure[40] and the face[41] bright[42].

Slok.

The mortal is engrossed[48] in worldly valuables[49] and the five evil passions[46] abide[47] in his mind.

Tinctured[51] with Lord's love in the saints guild, O Nanak, he becomes pure[50].

Pauri.

The fifth Lunar day[52] : They[55] are the elect[53] and the most distinguished[54], who understand[56] the purport of the world[57].

Like the great[60] scent[59] and many[62] colours[61] of flowers[58], all[63] the frauds[65] are false[64].

Man sees[66] not, he understands[67] not the reality, nor does he deliberate[69] even a little[68].

The world[76] is pierced[73] through with

ਜਿੱਤੀ ਜਾਂਦੀ[17] ਹੈ ਕਿਉਂ ਜੁ ਪ੍ਰਾਣੀ ਮੌਤ ਦੇ ਦੂਤਾਂ[18] ਕੋਲੋਂ ਬੱਚ[19] ਜਾਂਦਾ ਹੈ ।

ਸਰੂਪ-ਰਹਿਤ[28] ਸੁਆਮੀ ਦੇ ਪ੍ਰੇਮ[26] ਨਾਲ ਰੰਗੀਜਣ[27] ਦੁਆਰਾ, ਬੰਦੇ ਦਾ ਡਰ[22] ਦੂਰ[23] ਹੋ ਜਾਂਦਾ ਹੈ ਅਤੇ ਉਹ ਆਬਿ-ਹਿਯਾਤ[24] ਨੂੰ ਮਾਣਦਾ[25] ਹੈ ।

ਰੱਬ ਦੇ ਨਾਮ ਦੇ ਆਸਰੇ[33] ਨਾਲ ਦਰਦ[29], ਗਰੀਬੀ[30] ਅਤੇ ਪਲੀਤੀ[31] ਨਸ਼ਟ[32] ਹੋ ਜਾਂਦੇ ਹਨ ।

ਦੇਵਤੇ[34], ਇਨਸਾਨ[35] ਅਤੇ ਚੁਪ ਕੀਤੇ ਰਿਸ਼ੀ[36] ਸ਼ਾਂਤੀ ਦੇ ਸਮੁੰਦਰ[38], ਸੁਆਮੀ[39] ਦੀ ਭਾਲ[37] ਕਰਦੇ ਹਨ ।

ਹੇ ਨਾਨਕ ! ਸੰਤਾਂ ਦੇ ਚਰਨਾਂ ਦੀ ਧੂੜ[44] ਹੋਣ ਦੁਆਰਾ[43] ਹਿਰਦਾ[45] ਪਵਿੱਤ੍ਰ[40] ਅਤੇ ਚਿਹਰਾ[41] ਰੋਸ਼ਨ[42] ਹੋ ਜਾਂਦਾ ਹੈ ।

ਸਲੋਕ ।

ਜੀਵ ਸੰਸਾਰੀ ਪਦਾਰਥਾਂ[49] ਅੰਦਰ ਖਚਤ[48] ਹੋਇਆ ਹੋਇਆ ਹੈ ਅਤੇ ਪੰਜ ਮੰਦ-ਵਿਸ਼ੇ[46] ਉਸ ਦੇ ਚਿਤ ਵਿਚ ਰਹਿੰਦੇ[47] ਹਨ ।

ਸਤਿ ਸੰਗਤ ਅੰਦਰ ਪ੍ਰਭੂ ਦੀ ਪ੍ਰੀਤ[51] ਨਾਲ ਰੰਗੀਜਣ ਦੁਆਰਾ, ਹੇ ਨਾਨਕ ! ਉਹ ਪਵਿੱਤਰ[50] ਹੋ ਜਾਂਦਾ ਹੈ ।

ਪਉੜੀ ।

ਪੰਜਵੀਂ ਥਿੱਤ[52]—ਓਹੀ[55] ਚੁਣੇ ਹੋਏ[53] ਅਤੇ ਸਾਰਿਆਂ ਦੇ ਮੁਖੀਏ[54] ਹਨ ਜੋ ਸੰਸਾਰ[57] ਦੇ ਮਨੋਰਥ ਨੂੰ ਸਮਝਦੇ[56] ਹਨ ।

ਫੁੱਲਾਂ[58] ਦੀ ਬਹੁਤੀ[60] ਮਹਿਕ[59] ਅਤੇ ਅਨੇਕਾਂ[62] ਰੰਗਾਂ[61] ਦੀ ਤਰ੍ਹਾਂ ਸਮੂਹ[63] ਵਲਛਲ[65] ਕੂੜੇ[64] ਹਨ ।

ਆਦਮੀ ਵੇਖਦਾ[66] ਨਹੀਂ, ਉਹ ਅਸਲੀਅਤ ਨੂੰ ਸਮਝਦਾ[67] ਨਹੀਂ, ਨਾ ਹੀ ਉਹ ਥੋੜਾ[68] ਜਿੰਨਾ ਭੀ ਸੋਚਦਾ[69] ਵੀਚਾਰਦਾ ਹੈ ।

ਦੁਨੀਆਂ[76] ਸੁਆਦਾਂ[70], ਸੰਸਾਰੀ ਮਮਤਾ[71] ਅਤੇ

ਬੇਧਿਓ[73] ਅਗਿਆਨਿ[74] ਰਚਿਓ[75] ਸੰਸਾਰੁ[76] ॥	relishes[70], temporal love[71] and revelments[72] and is engrossed[75] in ignorance[74].	ਰੰਗ-ਰਲੀਆਂ[72] ਨਾਲ ਵਿੰਨ੍ਹੀ ਹੋਈ ਹੈ ਅਤੇ ਬੇਸਮਝੀ[74] ਅੰਦਰ ਗ਼ਲਤਾਨ[75] ਹੈ।
ਜਨਮ[77] ਮਰਣ ਬਹੁ[78] ਜੋਨਿ[79] ਭ੍ਰਮਣ[80] ਕੀਨੇ ਕਰਮ[81] ਅਨੇਕ[82] ॥ ਰਚਨ-ਹਾਰੁ[83]ਨਹ ਸਿਮਰਿਓ[84]ਮਨਿ ਨ ਬੀਚਾਰਿ[85] ਬਿਬੇਕ ॥	They who perform many[82] religious rites[81], but meditate[84] not on the Creator[83] and in their mind have no Divine discrimination[85], suffer transmigration[77] and wander[80] in many[78] existences[79].	ਜੋ ਘਣੇਰੇ[82] ਧਾਰਮਕ ਸੰਸਕਾਰ[81] ਕਰਦੇ ਹਨ, ਪ੍ਰੰਤੂ ਸਿਰਜਣਹਾਰ[83] ਦਾ ਆਰਾਧਨ[84] ਨਹੀਂ ਕਰਦੇ ਅਤੇ ਜਿਨ੍ਹਾਂ ਦੇ ਚਿੱਤ ਅੰਦਰ ਈਸ਼ਵਰੀ ਪਰਬੀਨਤਾ[85] ਨਹੀਂ ਉਹ ਆਵਾਗਉਣ[77] ਵਿਚ ਪੈਂਦੇ ਹਨ ਅਤੇ ਬਹੁਤੀਆਂ[78] ਜੂਨੀਆਂ[79] ਅੰਦਰ ਭਟਕਦੇ[80] ਹਨ।
ਭਾਉ[86]ਭਗਤਿ[87]ਭਗਵਾਨ[88] ਸੰਗਿ[89]ਮਾਇਆ[90] ਲਿਪਤ[91] ਨ ਰੰਚ[92] ॥	By virtue of Lord's[88] love[86], devotion[87] and association[89], mortal is not in the least[92] contaminated[91] by mammon[90].	ਸੁਆਮੀ[88] ਦੀ ਪ੍ਰੀਤ[86] ਅਨੁਰਾਗ[87] ਅਤੇ ਸੰਗਤ[89] ਦੀ ਬਰਕਤ, ਧਨ-ਦੌਲਤ[90] ਨਾਲ ਪ੍ਰਾਣੀ ਭੋਰਾ ਭਰ[92] ਭੀ ਪਲੀਤ[91] ਨਹੀਂ ਹੁੰਦਾ।
ਨਾਨਕ ਬਿਰਲੇ[93] ਪਾਈਅਹਿ[94] ਜੋ ਨ ਰਚਹਿ[95] ਪਰਪੰਚ[96] ॥੫॥	Nanak, scarcely[93] are found[94] such persons, who get not engrossed[95] in the world[96].	ਨਾਨਕ ਬਹੁਤ ਹੀ ਥੋੜੇ[93] ਐਸੇ ਪੁਰਸ਼ ਮਿਲਦੇ[94] ਹਨ, ਜੋ ਸੰਸਾਰ[96] ਅੰਦਰ ਖਚਤ[95] ਨਹੀਂ ਹੁੰਦੇ।
ਸਲੋਕੁ ॥	Slok.	ਸਲੋਕ !
ਖਟ[97]ਸਾਸਤ੍ਰ ਊਚੋ ਕਹਹਿ[98] ਅੰਤੁ[99] ਨ ਪਾਰਾਵਾਰ[100] ॥	The six[97] schools of philosophy proclaim[98] Him Great and that there is no limit[99] to this and yonder[100] shore of the Lord.	ਫ਼ਲਸਫ਼ੇ ਦੇ ਛੇ[97] ਗ੍ਰੰਥ ਪੁਕਾਰਦੇ[98] ਹਨ ਕਿ ਸਾਹਿਬ ਉੱਚਾ ਹੈ ਅਤੇ ਉਸ ਦੇ ਉਰਲੇ ਤੇ ਪਾਰਲੇ[100] ਕਿਨਾਰੇ ਦਾ ਕੋਈ ਓੜਕ[99] ਨਹੀਂ।
ਭਗਤ[2] ਸੋਹਹਿ[3] ਗੁਣ[4] ਗਾਵਤੇ[5] ਨਾਨਕ ਪ੍ਰਭ ਕੈ ਦੁਆਰ[6] ॥੬॥	Nanak, the saints[2] look beauteous[3], when they sing[5] Lord's praises[4] at His door[6].	ਨਾਨਕ, ਸੁਆਮੀ ਦੇ ਬੂਹੇ[6] ਉਤੇ ਉਸ ਦਾ ਜੱਸ[4]ਆਲਾਪਦੇ[5] ਹੋਏ, ਸੰਤ[2] ਸੁੰਦਰ[3] ਲੱਗਦੇ ਹਨ।
੨੯੮	298	੨੯੮
ਪਉੜੀ ॥	Pauri.	ਪਉੜੀ।
ਖਸਟਮਿ[7] ਖਟ[12] ਸਾਸਤ੍ਰ ਕਹਹਿ[8] ਸਿੰਮ੍ਰਿਤਿ ਕਥਹਿ[9] ਅਨੇਕ[10] ॥ ਊਤਮੁ[13] ਊਚੋ[14] ਪਾਰਬ੍ਰਹਮੁ[15] ਗੁਣ[16] ਅੰਤੁ[17] ਨ ਜਾਣਹਿ ਸੇਖ[18] ॥	The sixth Lunar[7] day : Say[8] the six[12] Shashtras and assert[9] the many[10] Simirtis, that sublime[13] and lofty[14] is the Trancendent Lord[15], whose virtues[16] and limit[17] even the thousand-mouthed serpent[18] does not know.	ਛੇਵੀਂ ਥਿਤ[7]—ਆਖਦੇ[8] ਹਨ ਛੇ[12]ਸ਼ਾਸਤ੍ਰ ਅਤੇ ਦਸਦੀਆਂ[9] ਹਨ ਅਨੇਕਾਂ[10] ਸਿੰਮ੍ਰਤੀਆਂ ਕਿ ਸਰੇਸ਼ਟ[13] ਅਤੇ ਬੁਲੰਦ[14] ਹੈ ਪਰਮ ਪ੍ਰਭੂ[15], ਜਿਸ ਦੀਆਂ ਨੇਕੀਆਂ[16] ਅਤੇ ਓੜਕ[17] ਹਜ਼ਾਰਾਂ ਮੂੰਹਾਂ ਵਾਲਾ ਸ਼ੇਸ਼ਨਾਗ[18] ਭੀ ਨਹੀਂ ਜਾਣਦਾ।
ਨਾਰਦ ਮੁਨਿ ਜਨ[19] ਸੁਕ ਬਿਆਸ ਜਸੁ ਗਾਵਤ [20]ਗੋਬਿੰਦ[21] ॥	Narad, the pious persons[19], Suk and Vyasa, sing the praise of Lord, the Preserver[21] of earth[20].	ਨਾਰਦ, ਪਵਿੱਤ੍ਰ ਪੁਰਸ਼[19], ਸੁਕ ਅਤੇ ਵਿਆਸ, ਧਰਤੀ[20] ਦੇ ਰਖਿਅਕ[21] ਸੁਆਮੀ ਦੀ ਕੀਰਤੀ ਗਾਇਨ ਕਰਦੇ ਹਨ।

ਰਸ[22] ਗੀਧੇ[23] ਹਰਿ ਸਿਉ[24] ਬੀਧੇ[25] ਭਗਤ[26] ਰਚੇ[27] ਭਗਵੰਤ[28] ॥

They are domesticated[23] with the Name Nectar[22], are united[25] with[24] God and are absorbed[27] in the Lord's[28] meditation[26].

ਉਹ ਨਾਮ ਅੰਮ੍ਰਿਤ[22] ਨਾਲ ਰਚੇ ਹੋਏ[23] ਹਨ, ਵਾਹਿਗੁਰੂ ਨਾਲ[24] ਮਿਲੇ ਹੋਏ[25] ਹਨ ਅਤੇ ਸਾਹਿਬ[28] ਦੇ ਸਿਮਰਨ[26] ਅੰਦਰ ਲੀਨ[27] ਹਨ ।

ਮੋਹ[29] ਮਾਨ[30] ਭ੍ਰਮੁ[31] ਬਿਨਸਿਓ[32] ਪਾਈ[33] ਸਰਨਿ[34] ਦਇਆਲ[35] ॥

By seeking[33] the shelter[34] of the Merciful Master[35], temporal attachment[29], ego[30] and doubt[31] are effaced[32].

ਮਿਹਰਬਾਨ ਮਾਲਕ[35] ਦੀ ਪਨਾਹ[34] ਲੈਣ[33] ਦੁਆਰਾ, ਸੰਸਾਰੀ ਲਗਨ[29], ਹੰਕਾਰ[30] ਤੇ ਸੰਦੇਹ[31] ਨਾਸ[32] ਹੋ ਜਾਂਦੇ ਹਨ ।

ਚਰਨ[36] ਕਮਲ[37] ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ[38] ॥

Lord's lotus[37] feet[36] abide within my mind and body and I am delighted[38] by beholding His sight.

ਸਾਹਿਬ ਦੇ ਚਰਨ[36] ਕੰਵਲ[37] ਮੇਰੀ ਆਤਮਾ ਤੇ ਦੇਹਿ ਅੰਦਰ ਵਸਦੇ ਹਨ ਅਤੇ ਮੈਂ ਉਸ ਦਾ ਦੀਦਾਰ ਤੱਕ ਕੇ ਪ੍ਰਸੰਨ[38] ਹੋ ਗਿਆ ਹਾਂ ।

ਲਾਭੁ[39] ਮਿਲੈ[40] ਤੋਟਾ[41] ਹਿਰੈ[42] ਸਾਧਸੰਗਿ ਲਿਵ[43] ਲਾਇ[44] ॥

By embracing[44] love[43] for God in the society of saints, man reaps[40] profit[39] and suffers[42] no loss[41].

ਸਤਿ ਸੰਗਤ ਅੰਦਰ ਵਾਹਿਗੁਰੂ ਨਾਲ ਪਿਰਹੜੀ[43] ਪਾਉਣ[44] ਦੁਆਰਾ ਬੰਦਾ ਨਫ਼ਾ[39] ਖੱਟਦਾ[40] ਹੈ ਅਤੇ ਨੁਕਸਾਨ[41] ਨਹੀਂ ਉਠਾਉਂਦਾ[42] ।

ਖਾਟਿ[45] ਖਜਾਨਾ[46] ਗੁਣ[47] ਨਿਧਿ[48] ਹਰੇ ਨਾਨਕ ਨਾਮੁ ਧਿਆਇ[49] ॥੬॥

Nanak, by remembering[49] the Name, the mortal attains[45] to the Treasure[46] of God, an ocean[48] of excellences[47].

ਨਾਨਕ ਨਾਮ ਦਾ ਆਰਾਧਨ[49] ਕਰਨ ਦੁਆਰਾ, ਪ੍ਰਾਣੀ ਚੰਗਿਆਈਆਂ[47] ਦੇ ਸਮੁੰਦਰ[48] ਵਾਹਿਗੁਰੂ ਦੇ ਖ਼ਜ਼ਾਨੇ[46] ਨੂੰ ਪ੍ਰਾਪਤ[45] ਕਰ ਲੈਂਦਾ ਹੈ ।

ਸਲੋਕੁ ॥

Slok.

ਸਲੋਕ ।

ਸੰਤ ਮੰਡਲ[50] ਹਰਿ ਜਸੁ[54] ਕਥਹਿ[51] ਬੋਲਹਿ ਸਤਿ[52] ਸੁਭਾਇ[53] ॥

The saints assembly[50] narrates[51] God's eulogies[54] and tell us the truth[52] with love[53].

ਸਾਧੂਆਂ ਦੀ ਮਜਲਸ[50] ਵਾਹਿਗੁਰੂ ਦੇ ਗੁਣਾਵਾਦ[54] ਵਰਨਣ[51] ਕਰਦੀ ਹੈ ਅਤੇ ਪਿਆਰ ਨਾਲ[53] ਸੱਚ[52] ਬੋਲਦੀ ਹੈ ।

ਨਾਨਕ ਮਨੁ[55] ਸੰਤੋਖੀਐ[56] ਏਕਸੁ[57] ਸਿਉ ਲਿਵ[58] ਲਾਇ[59] ॥੭॥

Nanak, by enshrining[59] affection[58] for the One[57] Lord, the soul[55] gets contented[56].

ਨਾਨਕ ਇਕ[57] ਪ੍ਰਭੂ ਨਾਲ ਪ੍ਰੀਤੀ[58] ਪਾਉਣ[59] ਦੁਆਰਾ, ਆਤਮਾ[55] ਸੰਤੁਸ਼ਟ[56] ਹੋ ਜਾਂਦੀ ਹੈ ।

ਪਉੜੀ ॥

Pauri.

ਪਉੜੀ ।

ਸਪਤਮਿ[60] ਸੰਚਹੁ[61] ਨਾਮ ਧਨੁ[62] ਟੂਟਿ[63] ਨ ਜਾਹਿ ਭੰਡਾਰ[64] ॥

The seventh[60] Lunar day: Amass[61] the wealth[62] of the Name. This treasure[64] runs not short[63].

ਸੱਤਵੀਂ[60] ਚਿੱਤ-ਨਾਮ ਦੀ ਦੌਲਤ[62] ਜਮ੍ਹਾਂ[61] ਕਰ । ਇਹ ਖ਼ਜ਼ਾਨਾ[64] ਮੁੱਕਦਾ[63] ਨਹੀਂ ।

ਸੰਤ ਸੰਗਤਿ[68] ਮਹਿ[65] ਪਾਈਐ ਅੰਤੁ[66] ਨ ਪਾਰਾਵਾਰ[67] ॥

In[65] the society of saints[68] is obtained the Lord, who has no limit[66] and bounds[67].

ਸੁਆਮੀ, ਜਿਸ ਦਾ ਕੋਈ ਓੜਕ[66] ਜਾਂ ਹੱਦਬੰਨਾ[67] ਨਹੀਂ, ਸਾਧ ਸਮੇਲਨ[68] ਅੰਦਰ[65] ਪ੍ਰਾਪਤ ਹੁੰਦਾ ਹੈ ।

ਆਪੁ[69] ਤਜਹੁ[70] ਗੋਬਿੰਦ[71] ਭਜਹੁ[72] ਸਰਨਿ[73] ਪਰਹੁ[74] ਹਰਿ ਰਾਇ[75] ॥

Relinquish[70] thy self-conceit[69], remember[72] the Lord[71] and enter[74] the sanctuary[73] of God, the King[75].

ਆਪਣੀ ਸਵੈ-ਹੰਗਤਾ[69] ਛੱਡ ਦੇ[70], ਸਾਹਿਬ[71] ਦਾ ਸਿਮਰਨ[72] ਕਰ ਅਤੇ ਵਾਹਿਗੁਰੂ ਪਾਤਸ਼ਾਹ[75] ਦੀ ਸ਼ਰਣਾਗਤ[73] ਸੰਭਾਲ[74] ।

ਦੂਖ[76] ਹਰੈ[77] [78]ਭਵਜਲੁ[79] ਤਰੈ[80] ਮਨ[81] ਚਿੰਦਿਆ[82] ਫਲੁ[83] ਪਾਇ ॥

Thy pain[76] shall depart[77], thou shalt swim across[80] the terrible[78] world-ocean[79] and obtain the heart[81] desired[82] fruit[83].

ਤੇਰਾ ਦੁਖੜਾ[76] ਦੂਰ[77] ਹੋ ਜਾਏਗਾ, ਤੂੰ ਭਿਆਨਕ[78] ਸੰਸਾਰ ਸਮੁੰਦਰ[79] ਤੋਂ ਪਾਰ ਉਤਰ[80] ਜਾਵੇਂਗਾ ਅਤੇ ਦਿਲ[81] ਚਾਹੁੰਦਾ[82] ਮੇਵਾ[83] ਪਾ ਲਵੇਂਗਾ।

ਆਠ ਪਹਰ[84] ਮਨਿ[85] ਹਰਿ ਜਪੈ[86] ਸਫਲੁ[87] ਜਨਮ[88] ਪਰਵਾਣੁ[89] ॥

Profitable[87] and approved[89] is the advent[88] of him, who the whole day long[84] heartily[85] remembers[86] God.

ਲਾਭਦਾਇਕ[87] ਤੇ ਪ੍ਰਮਾਣੀਕ[89] ਹੈ ਉਸ ਦਾ ਆਗਮਨ[88], ਜੋ ਦਿਨ ਰਾਤ[84] ਹੀ ਦਿਲੋਂ[85] ਵਾਹਿਗੁਰੂ ਦਾ ਆਰਾਧਨ[86] ਕਰਦਾ ਹੈ।

ਅੰਤਰਿ[90] ਬਾਹਰਿ ਸਦਾ[91] ਸੰਗਿ[92] ਕਰਨੈਹਾਰੁ[93] ਪਛਾਣੁ[94] ॥

Within[90] and without, ever[91] realise[94] the Creator[93] to be with[92] thee.

ਅੰਦਰ[90] ਤੇ ਬਾਹਰ, ਸਦੀਵ[91] ਹੀ, ਸਿਰਜਣਹਾਰ[93] ਨੂੰ ਆਪਣੇ ਨਾਲ[92] ਅਨੁਭਵ[94] ਕਰ।

ਸੋ[95] ਸਾਜਨੁ[96] ਸੋ ਸਖਾ[97] ਮੀਤੁ[98] ਜੋ ਹਰਿ[99] ਕੀ ਮਤਿ[100] ਦੇਇ[2] ॥

He[95], is the friend[96], he the comrade[97] and an intimate[98], who imparts[2] unto me the Divine[99] instruction[100].

ਉਹੀ[95] ਦੋਸਤ[96], ਓਹੀ ਸਾਥੀ[97] ਤੇ ਮਿੱਤ੍ਰ[98] ਹੈ ਜਿਹੜਾ ਮੈਨੂੰ ਈਸ਼ਵਰੀ[99] ਉਪਦੇਸ਼[100] ਦਿੰਦਾ[2] ਹੈ।

ਨਾਨਕ ਤਿਸੁ[3] ਬਲਿਹਾਰਣੈ[4] ਹਰਿ ਹਰਿ ਨਾਮੁ ਜਪੇਇ[5] ॥ ੭ ॥

Nanak is devoted[4] unto him[3] who repeats[5] the Name of the Lord God.

ਨਾਨਕ ਉਸ[3] ਉਤੋਂ ਸਦਕੇ[4] ਜਾਂਦਾ ਹੈ, ਜੋ ਵਾਹਿਗੁਰੂ ਸੁਆਮੀ ਦੇ ਨਾਮ ਦਾ ਉਚਾਰਨ[5] ਕਰਦਾ ਹੈ।

ਸਲੋਕੁ ॥

Slok.

ਸਲੋਕ।

ਆਠ ਪਹਰ ਗੁਨ[6] ਗਾਈਅਹਿ ਤਜੀਅਹਿ[7] ਅਵਰਿ[8] ਜੰਜਾਲ[9] ॥

Lay aside[7] other[8] entanglements[9] and sing God's praises[6] throughout the eight watches of the day.

ਹੋਰ[8] ਪੁਆੜੇ[9] ਛੱਡ[7] ਦੇ ਅਤੇ ਦਿਨ ਦੇ ਅੱਠੇ ਪਹਿਰ ਹੀ ਵਾਹਿਗੁਰੂ ਦੀ ਕੀਰਤੀ[6] ਗਾਇਨ ਕਰ।

ਜਮ[10] ਕੰਕਰੁ[12] ਜੋਹਿ[13] ਨ ਸਕਈ ਨਾਨਕ ਪ੍ਰਭੂ ਦਇਆਲ[14] ॥੮॥

Death's[10] Minister[12] cannot eye[13] the man, unto whom the Lord is merciful[14], O Nanak.

ਜਿਸ ਇਨਸਾਨ ਤੇ ਮਾਲਕ ਮਿਹਰਬਾਨ[14] ਹੈ, ਹੇ ਨਾਨਕ! ਮੌਤ[10] ਦਾ ਦੂਤ[12] ਉਸ ਨੂੰ ਤੱਕ[13] ਨਹੀਂ ਸਕਦਾ।

ਪਉੜੀ ॥

Pauri.

ਪਉੜੀ।

ਅਸਟਮੀ[15] ਅਸਟ[16]ਸਿਧਿ[17] ਨਵਨਿਧਿ[18] ॥ ਸਗਲ ਪਦਾਰਥ[19] ਪੂਰਨ[20]ਬੁਧਿ[21]॥ ਕਵਲ[22] ਪ੍ਰਗਾਸ[23] ਸਦਾ[24] ਆਨੰਦ[25] ॥ ਨਿਰਮਲ[26] ਰੀਤਿ[27] ਨਿਰੋਧਰ[28] ਮੰਤ[29]॥ ਸਗਲ[30] ਧਰਮ[31] ਪਵਿਤ੍ਰ[32] ਇਸਨਾਨੁ[33] ॥ ਸਭ ਮਹਿ ਊਚ[34]ਬਿਸੇਖ[35]ਗਿਆਨੁ[36]॥

The eighth Lunar day[15]: The eight[16] occult powers[17], the nine treasures[18], all the precious[19] things, perfect[20] intellect[21], the blossoming[23] of heart lotus[22], eternal[24] bliss[25], pure[26] way of life[27], infallible[28] instruction[29], all[30] the virtues[31], sacred[32] ablutions[33] and the most lofty[34] and sublime[35] Divine knowledge[36], are obtained by

ਅੱਠਵੀਂ ਤਿੱਥ[15]—ਅੱਠ[16] ਕਰਾਮਾਤੀ ਸ਼ਕਤੀਆਂ[17], ਨੌ ਖ਼ਜ਼ਾਨੇ[18], ਸਮੂਹ ਵਡਮੁੱਲੀਆਂ[19] ਵਸਤੂਆਂ, ਮੁਕੰਮਲ[20] ਅਕਲ[21], ਦਿਲ ਕਮਲ[22] ਦਾ ਖਿੜਾਓ[23], ਸਦੀਵੀ[24] ਪਰਸੰਨਤਾ[25], ਪਵਿੱਤ੍ਰ[26] ਜੀਵਨ ਰਹੁਰੀਤੀ[27], ਅਚੂਕ[28] ਉਪਦੇਸ਼[29], ਸਾਰੀਆਂ[30] ਨੇਕੀਆਂ[31], ਨਿਰਮਲ[32] ਨ੍ਹਾਉਣੇ[33] ਅਤੇ ਸਭ ਤੋਂ ਉੱਚਾ[34] ਅਤੇ ਸਰੇਸ਼ਟ[35] ਬ੍ਰਹਿਮ-ਬੋਧ[36], ਮੁਕੰਮਲ[36] ਗੁਰਾਂ ਦੀ ਸੰਗਤ[40] ਵਿਚ ਵਾਹਿਗੁਰੂ ਸੁਆਮੀ[37]

ਹਰਿ ਹਰਿ[37] ਭਜਨੁ[38] ਪੂਰੇ[39] ਗੁਰ ਸੰਗਿ[40] ॥
ਜਪਿ[41] ਤਰੀਐ[42] ਨਾਨਕ ਨਾਮ ਹਰਿ ਰੰਗਿ[43] ॥੮॥

Lord God's[37] meditation[38], in the company[40] of the Perfect[39] Guru.
Man is saved[42], O Nanak, by affectionately[43] meditating[41] on God's Name.

ਦੇ ਸਿਮਰਨ[38] ਦੁਆਰਾ ਪਰਾਪਤ ਹੋ ਜਾਂਦੇ ਹਨ ।
ਪਿਆਰ ਨਾਲ[43] ਵਾਹਿਗੁਰੂ ਦੇ ਨਾਮ ਦਾ ਸਿਮਰਨ[41] ਕਰਨ ਦੁਆਰਾ, ਹੇ ਨਾਨਕ ! ਬੰਦਾ ਪਾਰ ਉਤਰ[42] ਜਾਂਦਾ ਹੈ ।

ਸਲੋਕੁ ॥

ਨਾਰਾਇਣੁ[44] ਨਹ ਸਿਮਰਿਓ[45] ਮੋਹਿਓ[46] ਸੁਆਦ[47] ਬਿਕਾਰ[48] ॥
ਨਾਨਕ ਨਾਮਿ ਬਿਸਾਰਿਐ[49] ਨਰਕ[50] ਸੁਰਗ[51] ਅਵਤਾਰ[52] ॥੯॥

Slok.

The mortal contemplates[45] not over the Pervading God[44] and is fascinated[46] by the pleasures[47] of sin[48].
By forgetting[49] the Name, he lands[52] in hell[50] and heaven[51]. O Nanak.

ਸਲੋਕ ।

ਪ੍ਰਾਣੀ ਵਿਆਪਕ ਵਾਹਿਗੁਰੂ[44] ਦਾ ਚਿੰਤਨ[45] ਨਹੀਂ ਕਰਦਾ ਅਤੇ ਉਸ ਨੂੰ ਪਾਪਾਂ[48] ਦਿਆਂ ਰਸਾਂ[47] ਨੇ ਫ਼ਰੇਫ਼ਤਾ[46] ਕਰ ਲਿਆ ਹੈ ।
ਨਾਮ ਨੂੰ ਭੁਲਾ[49] ਕੇ ਉਹ ਦੋਜ਼ਕ[50] ਅਤੇ ਬਹਿਸ਼ਤ[51] ਵਿਚ ਪੈਂਦਾ[52] ਹੈ, ਹੇ ਨਾਨਕ !

ਪਉੜੀ ॥

ਨਉਮੀ[53] ਨਵੇ ਛਿਦ੍ਰ[54] ਅਪਵੀਤ[55] ॥
ਹਰਿ ਨਾਮੁ ਨ ਜਪਹਿ[56] ਕਰਤ[58] ਬਿਪਰੀਤਿ[57] ॥
ਪਰ[59] ਤ੍ਰਿਅ[60] ਰਮਹਿ[61] ਬਕਹਿ[62] ਸਾਧ ਨਿੰਦ[63] ॥
ਕਰਨ[64] ਨ ਸੁਨਹੀ ਹਰਿ ਜਸੁ[65] ਬਿੰਦ[66] ॥
ਹਿਰਹਿ[67] ਪਰ ਦਰਬੁ[68] ਉਦਰ[69] ਕੈ ਤਾਈ[70] ॥
ਅਗਨਿ[71] ਨ ਨਿਵਰੈ[72] ਤ੍ਰਿਸਨਾ[73] ਨ ਬੁਝਾਈ[74] ॥
ਹਰਿ ਸੇਵਾ[75] ਬਿਨੁ ਏਹ[76] ਫਲ[77] ਲਾਗੇ[78] ॥
ਨਾਨਕ ਪ੍ਰਭ ਬਿਸਰਤ[79] ਮਰਿ ਜਮਹਿ[80] ਅਭਾਗੇ[81] ॥ ੯ ॥

Pauri.

The nineth Lunar day[53] : Defiled[55] are the nine body apertures[54].
The mortals utter[56] not God's Name and take[58] to evil ways[57].
They enjoy[61] anothers[59] women[60], speak[62] ill[63] of the saints, and with their ears[64], hear not even an iota[66] of God praise[65].
For the sake of[70] their belly[69], they snatch[67] other's wealth[68], their fire[71] is quenched[72] not, nor is their desire[73] stilled[74].
Without God's service[75] such[76] are[78] the man's deserts[77].
Nanak, by forgetting[79] the Lord, the unfortunate ones[81] suffer transmigration[80].

ਪਉੜੀ ।

ਨੌਵੀਂ ਤਿੱਥ[53]—ਗੰਦੀਆਂ[55] ਹਨ ਸਰੀਰ ਦੀਆਂ ਨੌਂ ਹੀ ਗੋਲਕਾਂ[54] ।
ਜੀਵ ਵਾਹਿਗੁਰੂ ਦੇ ਨਾਮ ਦਾ ਉਚਾਰਨ[56] ਨਹੀਂ ਕਰਦੇ ਅਤੇ ਖੋਟੇ ਰਾਹੀਂ[57] ਪੈਂਦੇ[58] ਹਨ ।
ਉਹ ਹੋਰਨਾਂ[59] ਦੀਆਂ ਇਸਤਰੀਆਂ[60] ਨੂੰ ਭੋਗਦੇ[61] ਹਨ, ਸੰਤਾਂ ਦੀ ਬਦਖੋਈ[63] ਬਕਦੇ[62] ਹਨ ਅਤੇ ਆਪਣੇ ਕੰਨਾਂ[64] ਨਾਲ ਵਾਹਿਗੁਰੂ ਦੀ ਭੋਰਾ ਭਰ[66] ਭੀ ਕੀਰਤੀ[65] ਨਹੀਂ ਸੁਣਦੇ ।
ਆਪਣੇ ਪੇਟ[69] ਦੀ ਖ਼ਾਤਰ[70] ਉਹ ਹੋਰਨਾਂ ਦੀ ਦੌਲਤ[68] ਨੂੰ ਖੱਸਦੇ[67] ਹਨ, ਉਨ੍ਹਾਂ ਦੀ ਅੱਗ[71] ਨਹੀਂ ਬੁਝਦੀ[72], ਨਾ ਹੀ ਉਨ੍ਹਾਂ ਦੀ ਖ਼ਾਹਿਸ਼[73] ਦੂਰ[74] ਹੁੰਦੀ ਹੈ ।
ਰੱਬ ਦੀ ਟਹਿਲ ਸੇਵਾ[75] ਦੇ ਬਾਝੋਂ ਬੰਦੇ ਨੂੰ ਐਸੇ[76] ਇਵਜ਼ਾਨੇ[77] ਮਿਲਦੇ[78] ਹਨ ।
ਨਾਨਕ, ਸੁਆਮੀ ਨੂੰ ਭੁਲਾ[79] ਕੇ, ਨਿਕਰਮਣ ਬੰਦੇ[81] ਆਵਾਗਉਣ[80] ਵਿਚ ਪੈਂਦੇ ਹਨ ।

ਸਲੋਕੁ ॥

ਦਸ ਦਿਸ[82] ਖੋਜਤ[83] ਮੈ ਫਿਰਿਓ ਜਤ[84] ਦੇਖਉ ਤਤ[85] ਸੋਇ[86] ॥

Slok.

I have wandered searching[83] in ten directions[82], wherever[84] I see, I find that[86] Lord there[85].

ਸਲੋਕ ।

ਮੈਂ ਦਸੀਂ ਪਾਸੀਂ[82] ਹੀ ਲੱਭਦਾ[83] ਫਿਰਿਆ ਹਾਂ ।
ਜਿਥੇ ਕਿਤੇ[84] ਭੀ ਮੈਂ ਵੇਖਦਾ ਹਾਂ, ਉਥੇ[85] ਮੈਂ ਉਹ[86] ਸੁਆਮੀ ਨੂੰ ਪਾਉਂਦਾ ਹਾਂ ।

ਮਨੁ ਬਸਿ[86] ਆਵੈ ਨਾਨਕਾ ਜੇ[87] ਪੂਰਨ[88] ਕਿਰਪਾ[89] ਹੋਇ[90] ॥੧੦॥

Nanak, man's mind is controlled[86], if[87] the Lord shows[90] His perfect[88] mercy[89] unto him.

ਨਾਨਕ, ਬੰਦੇ ਦਾ ਮਨੂਆ ਤਾਂ ਕਾਬੂ[86] ਵਿਚ ਆਉਂਦਾ ਹੈ, ਜੇਕਰ[87] ਸਾਂਈ ਉਸ ਉਤੇ ਆਪਣੀ ਮੁਕੰਮਲ[88] ਮਿਹਰ[89] ਧਾਰੇ[90] ।

ਪਉੜੀ ॥

Pauri.

ਪਉੜੀ ।

ਦਸਮੀ[91] ਦਸ[92] ਦੁਆਰ[97] ਬਸਿ ਕੀਨੇ[93] ॥ ਮਨਿ[94] ਸੰਤੋਖੁ[95] ਨਾਮ ਜਪਿ[96] ਲੀਨੇ ॥

The tenth Lunar day[91] : He who overpowers[93] his ten[92] doors[97] (five sensory and five motor organs) is mentally[94] content[95] and repeats[96] the Name.

ਦੱਸਵੀਂ ਤਿੱਥ[91]—ਜੋ ਆਪਣੇ ਦਸਾਂ[92] ਦਰਵਾਜ਼ਿਆਂ[97] (ਪੰਜ ਗਿਆਨ ਤੇ ਪੰਜ ਕਰਮ ਇੰਦ੍ਰਿਆਂ) ਨੂੰ ਕਾਬੂ[93] ਕਰ ਲੈਂਦਾ ਹੈ, ਉਹ ਦਿਲੋਂ[94] ਸੰਤੁਸ਼ਟ[95] ਹੁੰਦਾ ਹੈ ਅਤੇ ਨਾਮ ਨੂੰ ਉਚਾਰਦਾ[96] ਹੈ ।

ਕਰਨੀ[98] ਸੁਨੀਐ ਜਸੁ[99] ਗੋਪਾਲ[100] ॥ ਨੈਨੀ[2] ਪੇਖਤ[3] ਸਾਧ ਦਇਆਲ[4] ॥

With thine ears[98] hear thou the Lord's[100] praise[99] with thine, eyes[2], see[3] the kind[4] saints.

ਆਪਣੇ ਕੰਨਾਂ[98] ਨਾਲ ਤੂੰ ਸੁਆਮੀ[100] ਦੀ ਸਿਫ਼ਤ ਸਨਾ[99] ਸ੍ਰਵਣ ਕਰ । ਆਪਣੀਆਂ ਅੱਖਾਂ[2] ਨਾਲ ਕ੍ਰਿਪਾਲੂ[4] ਸੰਤਾਂ ਨੂੰ ਦੇਖ[3] ।

ਰਸਨਾ[5] ਗੁਨ[6] ਗਾਵੈ ਬੇਅੰਤ[7] ॥

With thy tongue[5], sing the excellences[6] of the Infinite Lord[7].

ਆਪਣੀ ਜੀਭ[5] ਨਾਲ ਅਨੰਤ ਸੁਆਮੀ[7] ਦੀਆਂ ਵਡਿਆਈਆਂ[6] ਗਾਇਨ ਕਰ ।

੨੯੯

299

੨੯੯

ਮਨ ਮਹਿ[8] ਚਿਤਵੈ[9] ਪੂਰਨ[10] ਭਗਵੰਤ[12] ॥

In[8] thy mind think[9] of the Perfect[10] Lord[12].

ਆਪਣੇ ਚਿੱਤ ਅੰਦਰ[8] ਮੁਕੰਮਲ[10] ਮਾਲਕ[12] ਦਾ ਖ਼ਿਆਲ[9] ਕਰ ।

ਹਸਤ[13] ਚਰਨ[14] ਸੰਤ ਟਹਲ[15] ਕਮਾਈਐ[16] ॥

With thine hands[13] and feet[14] perform[16] thou saints' service[15].

ਆਪਣੇ ਹੱਥਾਂ[13] ਤੇ ਪੈਰਾਂ[14] ਨਾਲ ਤੂੰ ਸਾਧੂਆਂ ਦੀ ਸੇਵਾ[15] ਕਰ[16] ।

ਨਾਨਕ ਇਹੁ ਸੰਜਮੁ[17] ਪ੍ਰਭ ਕਿਰਪਾ[18] ਪਾਈਐ ॥੧੦॥

Nanak, this mode of life[17] is obtained by Lord's grace[18].

ਨਾਨਕ ਇਹ ਜੀਵਨ ਰਹੁ ਰੀਤੀ[17] ਸਾਹਿਬ ਦੀ ਦਇਆ[18] ਦੁਆਰਾ ਪਰਾਪਤ ਹੁੰਦੀ ਹੈ ।

ਸਲੋਕੁ ॥

Slok.

ਸਲੋਕ ।

ਏਕੋ ਏਕੁ[19] ਬਖਾਨੀਐ[20] ਬਿਰਲਾ[21] ਜਾਣੈ ਸ੍ਵਾਦੁ[22] ॥ ਗੁਣ[23]ਗੋਬਿੰਦ[24] ਨ ਜਾਣੀਐ ਨਾਨਕ ਸਭ ਬਿਸਮਾਦੁ[25] ॥੧੧॥

Describe[20] the Lord as but One[19]. Some rare person[21] knows His relish[22]. The merits[23] of the World-Lord[24] cannot be known. Nanak, He is All-wonder[25].

ਸੁਆਮੀ ਨੂੰ ਕੇਵਲ ਇੱਕ[19] ਕਰਕੇ ਬਿਆਨ[20] ਕਰ । ਕੋਈ ਟਾਵਾਂ ਪੁਰਸ਼[21] ਹੀ ਉਸ ਦੇ ਸੁਆਦ[22] ਨੂੰ ਜਾਣਦਾ ਹੈ । ਸ੍ਰਿਸ਼ਟੀ ਦੇ ਸੁਆਮੀ[24] ਦੀਆਂ ਖ਼ੂਬੀਆਂ[23] ਜਾਣੀਆਂ ਨਹੀਂ ਜਾ ਸਕਦੀਆਂ । ਨਾਨਕ, ਉਹ ਮੁਕੰਮਲ-ਅਸਚਰਜਤਾ[25] ਹੈ ।

ਪਉੜੀ ॥

Pauri.

ਪਉੜੀ ।

ਏਕਾਦਸੀ[26] ਨਿਕਟਿ[27] ਪੇਖਹੁ[28] ਹਰਿ ਰਾਮੁ[29] ॥

The eleventh Lunar day[26] : Behold[28] thou the pervading Lord[29] just near[27] at hand.

ਗਿਆਰ੍ਹਵੀਂ ਥਿੱਤ[26]—ਤੂੰ ਵਿਆਪਕ ਪ੍ਰਭੂ[29] ਨੂੰ ਐਨ ਲਾਗੇ[27] ਵੇਖ[28] ।

ਇੰਦ੍ਰੀ[30] ਬਸਿ ਕਰਿ[31] ਸੁਣਹੁ ਹਰਿ ਨਾਮੁ ॥

Subdue[31] thy sexual organ[30], and hear God's Name.

ਆਪਣੇ ਭੋਗ ਵਿਸ਼ੇ ਦੇ ਅੰਗ[30] ਨੂੰ ਕਾਬੂ[31] ਕਰਕੇ ਰੱਬ ਦਾ ਨਾਮ ਸ੍ਰਵਣ ਕਰ ।

ਮਨਿ[32] ਸੰਤੋਖੁ[34] ਸਰਬ[33]

Be thou mentally[32] content[34] and

ਤੂੰ ਦਿਲੋਂ[32] ਸੰਤੁਸ਼ਟ[34] ਅਤੇ ਸਾਰੇ[33] ਜੀਵਾਂ[35] ਉਤੇ

ਜੀਅ[35] ਦਇਆ[36] ॥	show kindness[36] to all[33] living beings[35].	ਮਿਹਰਬਾਨੀ[36] ਕਰ ।
ਇਨ ਬਿਧਿ[37] ਬਰਤੁ[38] ਸੰਪੂਰਨ[39] ਭਇਆ ॥	In this way[37] thy fast[38] shall be complete[39].	ਇਸ ਤਰੀਕੇ[37] ਨਾਲ ਤੇਰਾ ਉਪਹਾਸ[38] ਪੂਰਨ[39] ਹੋ ਜਾਏਗਾ ।
ਧਾਵਤ[40] ਮਨੁ[41] ਰਾਖੈ[42] ਇਕ ਠਾਇ[43] ॥	Keep[42] thy wandering[40] mind[41] at one place[43].	ਆਪਣੇ ਭਟਕਦੇ[40] ਹੋਏ ਮਨੂਏ[41] ਨੂੰ ਇਕ ਥਾਂ[43] ਤੇ ਰੱਖ[42] ।
ਮਨੁ[44] ਤਨੁ[45] ਸੁਧੁ[46] ਜਪਤ[47] ਹਰਿ ਨਾਇ[48] ॥	The soul[44] and body[45] become pure[46] by uttering[47] God's Name[48].	ਰੱਬ ਦਾ ਨਾਮ[48] ਉਚਾਰਨ[47] ਕਰਨ ਨਾਲ ਆਤਮਾ[44] ਤੇ ਦੇਹਿ[45] ਪਵਿੱਤ੍ਰ[46] ਹੋ ਜਾਂਦੇ ਹਨ ।
ਸਭ ਮਹਿ ਪੂਰਿ[49] ਰਹੇ ਪਾਰਬ੍ਰਹਮ[50] ॥	The Supreme One[50] is fully contained[49] amongst all.	ਪਰਮ ਪੁਰਖ[50] ਸਾਰਿਆਂ ਅੰਦਰ ਪੂਰੀ ਤਰ੍ਹਾਂ ਵਿਆਪਕ[49] ਹੈ ।
ਨਾਨਕ ਹਰਿ ਕੀਰਤਨੁ[53] ਕਰਿ ਅਟਲ[51] ਏਹੁ ਧਰਮ[52] ॥੧੧॥	Sing God's praises[53]. This alone is the eternal[51] faith[52], O Nanak.	ਰੱਬ ਦੀ ਮਹਿਮਾ[53] ਗਾਇਨ ਕਰ । ਕੇਵਲ ਏਹੀ ਅਮਰ[51] ਈਮਾਨ[52] ਹੈ, ਹੇ ਨਾਨਕ !
ਸਲੋਕੁ ॥	Slok.	ਸਲੋਕ ।
[54]ਦੁਰਮਤਿ[55] ਹਰੀ[56] ਸੇਵਾ ਕਰੀ[57] ਭੇਟੇ[58] ਸਾਧ ਕ੍ਰਿਪਾਲ[59] ॥	Evil[54]-intellect[55] is effaced[56] by meeting[58] and serving[57] the compassionate[59] saints.	ਦਿਆਲੂ[59] ਸੰਤਾਂ ਨੂੰ ਮਿਲਣ[58] ਅਤੇ ਉਨ੍ਹਾ ਦੀ ਘਾਲ[57] ਕਮਾਉਣ ਦੁਆਰਾ ਮੰਦੀ[54]-ਅਕਲ[55] ਮਿਟ[56] ਜਾਂਦੀ ਹੈ ।
ਨਾਨਕ ਪ੍ਰਭ ਸਿਉ ਮਿਲਿ[60] ਰਹੇ ਬਿਨਸੇ[61] ਸਗਲ[62] ਜੰਜਾਲ[63] ॥੧੨॥	Nanak is blended[60] with the Lord and all[62] his entanglements[63] are ended[61].	ਨਾਨਕ, ਸੁਆਮੀ ਨਾਲ ਅਭੇਦ[60] ਹੋ ਗਿਆ ਹੈ, ਅਤੇ ਉਸ ਦੇ ਸਾਰੇ[62] ਅਲਝੇਟੇ[63] ਮੁੱਕ[61] ਗਏ ਹਨ ।
ਪਉੜੀ ॥	Pauri.	ਪਉੜੀ ।
ਦੁਆਦਸੀ[64] ਦਾਨੁ[65] ਨਾਮੁ[66] ਇਸਨਾਨੁ[68] ॥	The twelfth Lunar day[64] : Dedicate thyself to alms-giving[65], the Name's meditation[66] and mind's cleansing[68].	ਬਾਰ੍ਹਵੀਂ ਤਿੱਥ[64]—ਆਪਣੇ ਆਪ ਨੂੰ ਦਾਨ ਪੁੰਨ[65] ਦੇਣ, ਨਾਮ ਸਿਮਰਨ[66] ਅਤੇ ਆਤਮਾ ਨੂੰ ਸ਼ੁੱਧ[68] ਕਰਨ ਦੇ ਸਮਰਪਣ ਕਰ ਦੇ ।
ਹਰਿ ਕੀ ਭਗਤਿ[69] ਕਰਹੁ ਤਜਿ[70] ਮਾਨੁ[71] ॥	Shed[70] thy ego[71] and embrace God's devotional service[69].	ਆਪਣੀ ਹੰਗਤਾ[71] ਛੱਡ[70] ਦੇ ਅਤੇ ਹਰੀ ਦੀ ਪ੍ਰੇਮ-ਮਈ ਸੇਵਾ[69] ਕਰ ।
ਹਰਿ ਅੰਮ੍ਰਿਤ[72] ਪਾਨ[73] ਕਰਹੁ ਸਾਧ ਸੰਗਿ ॥	Drink[73] God's Name Nectar[72] in the guild of saints.	ਸਤਿ ਸੰਗਤ ਅੰਦਰ ਵਾਹਿਗੁਰੂ ਦੇ ਨਾਮ ਦੇ ਸੁਧਾਰਸ[72] ਨੂੰ ਛੱਕ[73] ।
ਮਨ[74] ਤ੍ਰਿਪਤਾਸੈ[75] ਕੀਰਤਨ[76] ਪ੍ਰਭ ਰੰਗਿ[77] ॥	The soul[74] is sated[75] by lovingly[77] singing Lord's praises[76].	ਪਿਆਰ ਨਾਲ[77] ਸਾਈਂ ਦਾ ਜੱਸ[76] ਗਾਉਣ ਦੁਆਰਾ ਆਤਮਾ[74] ਰੱਜ ਜਾਂਦੀ[75] ਹੈ ।
ਕੋਮਲ[78] ਬਾਣੀ[79] ਸਭੁ[80] ਕਉ ਸੰਤੋਖੈ[81] ॥	The sweet[78] speech[79] soothes[81] every one[80]	ਮਿੱਠੜੇ[78] ਬਚਨ[79] ਹਰ ਕਿਸੇ[80] ਨੂੰ ਮੁਲਾਇਮ[81] ਕਰ ਲੈਂਦੇ ਹਨ ।
ਪੰਚ[82] ਭੂ[83] ਆਤਮਾ[84] ਹਰਿ ਨਾਮ ਰਸਿ[85] ਪੋਖੈ[86] ॥	The soul[84], subtle[83] essence of the five[82] elements, is cherished[86] with God's Name Nectar[85].	ਵਾਹਿਗੁਰੂ ਦੇ ਨਾਮ ਅੰਮ੍ਰਿਤ[85] ਨਾਲ ਰੂਹ[84], ਪੰਜਾਂ[82] ਤੱਤਾਂ ਦੇ ਸੂਖਮ[83] ਅੰਸ਼ ਦੀ ਪਾਲਣਾ-ਪੋਸਣਾ[86] ਹੁੰਦੀ ਹੈ ।

ਗੁਰ ਪੂਰੇ[87] ਤੇ[89] ਏਹ ਨਿਹਚਉ[88] ਪਾਈਐ[90] ॥	From[89] the perfect[87] Guru, this faith[88] is obtained[90].	ਪੂਰਨ[87] ਗੁਰਾਂ ਪਾਸੋਂ[89] ਇਹ ਭਰੋਸਾ[88] ਪਰਾਪਤ[90] ਹੁੰਦਾ ਹੈ ।
ਨਾਨਕ ਰਾਮ[91] ਰਮਤ[92] ਫਿਰਿ[95] ਜੋਨਿ[93] ਨ ਆਈਐ ॥੧੨॥	Nanak, by remembering[92] the pervading Lord[91], the mortal enters not the womb[93] again[95].	ਨਾਨਕ, ਵਿਆਪਕ ਸੁਆਮੀ[91] ਦਾ ਸਿਮਰਨ[92] ਕਰਨ ਨਾਲ ਪ੍ਰਾਣੀ ਮੁੜ[95] ਕੇ ਗਰਭ[93] ਵਿਚ ਨਹੀਂ ਪੈਂਦਾ !
ਸਲੋਕੁ ॥	Slok.	ਸਲੋਕ ।
ਤੀਨਿ ਗੁਣਾ[94] ਮਹਿ ਬਿਆਪਿਆ[95]*ਪੂਰਨ[96]ਹੋਤ ਨ ਕਾਮ ॥	In three modes[94], the man is engrossed[95]* and his works succeed[96] not.	ਤਿੰਨਾਂ ਹਾਲਤਾਂ[94] ਅੰਦਰ ਆਦਮੀ ਗ਼ਲਤਾਨ[95]* ਹੈ ਅਤੇ ਉਸ ਦੇ ਕੰਮ ਨੇਪਰੇ[96] ਨਹੀਂ ਚੜ੍ਹਦੇ ।
ਪਤਿਤ[97] ਉਧਾਰਣੁ[98] ਮਨਿ ਬਸੈ[99] ਨਾਨਕ ਛੂਟੈ[100] ਨਾਮ ॥੧੩॥	Nanak, He is saved[100] only when the Name of Lord, the saviour[98] of sinner[97], abides[99] in his mind.	ਨਾਨਕ, ਉਸ ਦਾ ਉਦੋਂ ਪਾਰ[100] ਉਤਾਰਾ ਹੁੰਦਾ ਹੈ, ਜਦ ਪਾਪੀਆਂ[97] ਨੂੰ ਤਾਰਨ ਵਾਲੇ[98] ਪ੍ਰਭੂ ਦੇ ਨਾਮ ਦਾ ਉਸ ਚਿੱਤ ਵਿਚ ਵਾਸਾ[99] ਹੁੰਦਾ ਹੈ ।
ਪਉੜੀ ॥	Pauri.	ਪਉੜੀ ।
ਤ੍ਰਉਦਸੀ[2] ਤੀਨਿ ਤਾਪ[3] ਸੰਸਾਰ[4] ॥	The thirteenth Lunar day[2] : The world[4] is afflicted with the fevers[3] of three qualities.	ਤੇਰ੍ਹਵੀਂ ਤਿੱਥ[2]—ਜਹਾਨ[4] ਤਿੰਨਾਂ ਗੁਣਾਂ ਦੇ ਬੁਖ਼ਾਰਾਂ[3] ਨਾਲ ਦੁਖਾਂਤ੍ਰ ਹੋਇਆ ਹੋਇਆ ਹੈ ।
ਆਵਤ[5] ਜਾਤ[6] ਨਰਕ[7] ਅਵਤਾਰ[8] ॥	It comes[5], goes[6] and falls[8] into hell[7].	ਇਹ ਆਉਂਦਾ[5] ਜਾਂਦਾ[6] ਅਤੇ ਦੋਜ਼ਕ[7] ਵਿਚ ਪੈਂਦਾ[8] ਹੈ ।
ਹਰਿ ਹਰਿ ਭਜਨੁ[9] ਨ ਮਨ ਮਹਿ ਆਇਓ[10] ॥	Lord God's meditation[9] enters[10] not its mind.	ਵਾਹਿਗੁਰੂ ਸੁਆਮੀ ਦਾ ਸਿਮਰਨ[9] ਇਸ ਦੇ ਚਿੱਤ ਵਿਚ ਪ੍ਰਵੇਸ਼[10] ਨਹੀਂ ਕਰਦਾ ।
ਸੁਖ[12] ਸਾਗਰ[13] ਪ੍ਰਭੁ ਨਿਮਖ[14] ਨ ਗਾਇਓ[15] ॥	It sings[15] not even for an instant[14] the praise of Lord, the Ocean[13] of peace[12].	ਆਰਾਮ[12] ਦੇ ਸਮੁੰਦਰ[13] ਸੁਆਮੀ ਦੀ ਉਸਤਤੀ, ਉਹ ਇਕ ਮੁਹਤ[14] ਲਈ ਭੀ ਗਾਇਨ[15] ਨਹੀਂ ਕਰਦਾ ।
ਹਰਖ[16] ਸੋਗ[17] ਕਾ ਦੇਹ[18] ਕਰਿ ਬਾਧਿਓ[19] ॥	Of weal[16] and woe[17] this body[18] is the embodiment[19].	ਖ਼ੁਸ਼ੀ[16] ਤੇ ਗ਼ਮੀ[17] ਦਾ ਇਹ ਸਰੀਰ[18] ਪੁਤਲਾ[19] ਹੈ ।
ਦੀਰਘ[20] ਰੋਗੁ[21] ਮਾਇਆ[22] ਆਸਾਧਿਓ[23] ॥	It is afflicted with the chronic[20] and incurable[23]disease[21]of mammon[22].	ਇਸ ਨੂੰ ਲੰਮੀ[20] ਅਤੇ ਲਾਇਲਾਜ[23] ਮੋਹਨੀ[22] ਦੀ ਬੀਮਾਰੀ[21] ਲੱਗੀ ਹੋਈ ਹੈ ।
ਦਿਨਹਿ[24]ਬਿਕਾਰ[25]ਕਰਤ[26] ਸ੍ਰਮੁ[27] ਪਾਇਓ ॥	He practises[26] evil[25] day[24] and night, and gets tired[27] out.	ਉਹ ਦਿਹੁੰ[24] ਰੈਣ ਬਦੀ[25] ਕਮਾਉਂਦਾ[26] ਹੈ ਅਤੇ ਹਾਰ ਹੱਟ ਜਾਂਦਾ[27] ਹੈ ।
ਨੈਨੀ[28] ਨੀਦ[29] ਸੁਪਨ[30] ਬਰੜਾਇਓ[31] ॥	With drowsiness[29] in his eyes[28], he mutters[31] in dream[30].	ਅੱਖਾਂ[28] ਵਿਚ ਨੀਂਦ੍ਰ[29] ਨਾਲ ਉਹ ਸੁਪਨੇ[30] ਵਿਚ ਬਰੜਾਉਂਦਾ[31] ਹੈ ।
ਹਰਿ ਬਿਸਰਤ[32] ਹੋਵਤ ਏਹ ਹਾਲ[33] ॥	By forgetting[32] God, this becomes his condition[33].	ਰੱਬ ਨੂੰ ਭੁਲਾ[32] ਕੇ ਉਸ ਦੀ ਇਹ ਦਸ਼ਾ[33] ਹੋ ਜਾਂਦੀ ਹੈ ।
ਸਰਨਿ[34] ਨਾਨਕ ਪ੍ਰਭ ਪੁਰਖ[36] ਦਇਆਲ[35]॥੧੩॥	Nanak has sought the shelter[34] of the Kind[36], Omnipotent Lord[35].	ਨਾਨਕ ਨੇ ਮਿਹਰਬਾਨ[36], ਸਮਰਥ ਸੁਆਮੀ[35] ਦੀ ਓਟ[34] ਲਈ ਹੈ ।

ਸਲੋਕੁ ॥	Slok.	ਸਲੋਕ ।
ਚਾਰਿ ਕੁੰਟ[37] ਚਉਦਹ ਭਵਨ[38] ਸਗਲ[39] ਬਿਆਪਤ[40] ਰਾਮ[41] ॥	The Lord[41] is pervading[40] all[39] the four directions[37] and the fourteen worlds[38].	ਸੁਆਮੀ[41] ਚਾਰੀਂ ਪਾਸੀਂ[37] ਅਤੇ ਚੌਦਾਂ ਜਹਾਨਾਂ[38] ਅੰਦਰ ਸਾਰੇ[39] ਵਿਆਪਕ[40] ਹੋ ਰਿਹਾ ਹੈ ।
ਨਾਨਕ ਊਨ[42] ਨ ਦੇਖੀਐ ਪੂਰਨ[43] ਤਾਕੇ[44] ਕਾਮ ॥੧੪॥	Nanak, He is not seen wanting[42] any where and complete[43] are His[44] works.	ਨਾਨਕ, ਉਹ ਕਿਤੇ ਭੀ ਅਸੰਪੂਰਨ[42] ਵੇਖਿਆ ਨਹੀਂ ਜਾਂਦਾ ਅਤੇ ਮੁਕੰਮਲ[43] ਹਨ ਉਸ[44] ਦੇ ਕੰਮ ।
ਪਉੜੀ ॥	Pauri.	ਪਉੜੀ ।
ਚਉਦਹਿ[45] ਚਾਰਿ ਕੁੰਟ[46] ਪ੍ਰਭ ਆਪ[47] ॥	The fourteenth Lunar day[45] : In the four sides[46] the Lord Himself[47] is contained.	ਚੌਦ੍ਹਵੀਂ ਥਿੱਤ[45]–ਚੌਹਾਂ ਤਰਫਾਂ[46] ਅੰਦਰ ਸੁਆਮੀ ਆਪੇ[47] ਹੀ ਰਮਿਆ ਹੋਇਆ ਹੈ ।
ਸਗਲ ਭਵਨ ਪੂਰਨ ਪਰਤਾਪ[48] ॥	In all the worlds, perfect is His effulgence[48],	ਸਾਰਿਆਂ ਜਹਾਨਾਂ ਅੰਦਰ ਮੁਕੰਮਲ ਹੈ ਉਸ ਦਾ ਤਪ ਤੇਜ[48] ।
ਦਸੇ ਦਿਸਾ ਰਵਿਆ[50] ਪ੍ਰਭੁ ਏਕੁ[49] ॥	The Unique[49] Lord is diffused[50] in ten directions.	ਅਦੁੱਤੀ[49] ਸਾਹਿਬ ਦਸੀਂ ਪਾਸੀਂ ਰਮ ਰਿਹਾ[50] ਹੈ ।
ਧਰਨਿ[51] ਅਕਾਸ[52] ਸਭ[53] ਮਹਿ[54] ਪ੍ਰਭ ਪੇਖੁ[55] ॥	In[54] earth[51] and sky[52] see[55] thou thy Lord everywhere[53].	ਧਰਤੀ[51] ਤੇ ਅਸਮਾਨ[52] ਹਰ ਥਾਂ[53] ਵਿਚ[54] ਤੂੰ ਆਪਣੇ ਸਾਈਂ ਨੂੰ ਵੇਖ[55] ।
ਜਲ[56] ਥਲ[57] ਬਨ[58] ਪਰਬਤ[59] ਪਾਤਾਲ[60] ॥	The ocean[56], land[57], forest[58] mountain[59] and the under-world[60],	ਸਮੁੰਦਰ[56], ਜ਼ਮੀਨ[57], ਜੰਗਲ[58] ਪਹਾੜ[59] ਅਤੇ ਹੇਠਲੀ ਦੁਨੀਆਂ[60],
ਪਰਮੇਸੁਰ[61] ਤਹ[62] ਬਸਹਿ[63] ਦਇਆਲ[64] ॥	the merciful[64] Transcendent Lord[61] abides[63] there[62].	ਮਿਹਰਬਾਨ[64] ਉਤਕ੍ਰਿਸ਼ਟ ਪ੍ਰਭੂ[61] ਉਥੇ[62] ਵਸਦਾ[63] ਹੈ ।
ਸੂਖਮ[65] ਅਸਥੂਲ[66] ਸਗਲ[67] ਭਗਵਾਨ[68] ॥	In mind[65] and matter[66], the Auspicious Master[68] is everywhere[67] contained.	ਮਨ[65] ਅਤੇ ਮਾਦੇ[66] ਅੰਦਰ, ਹਰ ਥਾਂ[67] ਮੁਬਾਰਕ ਮਾਲਕ[68] ਰਮਿਆ ਹੋਇਆ ਹੈ ।
ਨਾਨਕ ਗੁਰਮੁਖਿ[69] ਬ੍ਰਹਮ[70] ਪਛਾਨ[71] ॥੧੪॥	Nanak, through the Guru[69], thus realise[71] thou the pervading Lord[70].	ਨਾਨਕ, ਗੁਰਾਂ ਦੇ ਰਾਹੀਂ[69], ਤੂੰ ਐਸ ਤਰ੍ਹਾਂ ਵਿਆਪਕ ਪ੍ਰਭੂ[70] ਨੂੰ ਅਨੁਭਵ[71] ਕਰ ।
ਸਲੋਕੁ ॥	Slok.	ਸਲੋਕ ।
ਆਤਮੁ[72] ਜੀਤਾ[73] ਗੁਰਮਤੀ[74] ਗੁਣ[75] ਗਾਏ ਗੋਬਿੰਦ ॥	The mind[72] is conquered[73] by singing Lord's praise[75], under Guru's instruction[74].	ਗੁਰਾਂ ਦੇ ਉਪਦੇਸ਼[74] ਤਾਬੇ, ਸਾਹਿਬ ਦਾ ਜੱਸ[75] ਗਾਇਨ ਕਰਨ ਦੁਆਰਾ ਮਨੂਆ[72] ਸਰ ਕੀਤਾ ਜਾਂਦਾ[73] ਹੈ ।
ਸੰਤ ਪ੍ਰਸਾਦੀ[76] ਭੈ[77] ਮਿਟੇ[76*] ਨਾਨਕ ਬਿਨਸੀ[77*] ਚਿੰਦ[78] ॥੧੫॥	By saints favour[76] O Nanak, the fear[77] is dispelled[76*] and anxiety[78] is ended[77*].	ਸਾਧੂਆਂ ਦੀ ਦਇਆ[76] ਦੁਆਰਾ ਹੇ ਨਾਨਕ ! ਡਰ[77] ਦੂਰ[76*] ਹੋ ਜਾਂਦਾ ਹੈ ਅਤੇ ਅੰਦੇਸ਼ਾ[78] ਨਵਿਰਤ[77*] ਹੋ ਜਾਂਦਾ ਹੈ ।
ਪਉੜੀ ॥	Pauri.	ਪਉੜੀ ।
ਅਮਾਵਸ[79] ਆਤਮ ਸੁਖੀ[80]	The day of no moon[79] : the Divine[83]	ਮੱਸਿਆ[79]–ਈਸ਼ਵਰੀ[83] ਗੁਰਾਂ ਨੇ ਮੈਨੂੰ ਸਬਰ-ਸਿਦਕ[81]

ਭਏ[84] ਸੰਤੋਖੁ[81] ਦੀਆ[82] ਗੁਰਦੇਵ[83] ॥

Guru has conferred[82] contentment[81] on me, and my soul is rendered[84] comfortable[80].

ਪਰਦਾਨ[82] ਕੀਤਾ ਹੈ ਅਤੇ ਮੇਰੀ ਆਤਮਾ ਸੁਖਾਲੀ[80] ਹੋ ਗਈ[84] ਹੈ ।

੩੦੦

ਮਨੁ ਤਨੁ[85] ਸੀਤਲੁ[86] ਸਾਂਤਿ[87] ਸਹਜ[88] ਲਾਗਾ[89] ਪ੍ਰਭ ਕੀ ਸੇਵ[90] ॥

ਟੂਟੇ[91] ਬੰਧਨ[92] ਬਹੁ[93] ਬਿਕਾਰ[94] ਸਫਲ[95] ਪੂਰਨ[96] ਤਾਕੇ[97] ਕਾਮ[98]॥

[99]ਦੁਰਮਤਿ[100] ਮਿਟੀ[2] ਹਉਮੈ[3] ਛੁਟੀ[4] ਸਿਮਰਤ[5] ਹਰਿ ਕੋ ਨਾਮੁ ॥

ਸਰਨਿ[6] ਗਹੀ[7] ਪਾਰਬ੍ਰਹਮ[8] ਕੀ ਮਿਟਿਆ[9] ਆਵਾ[10] ਗਵਨ[12] ॥

ਆਪਿ[13]ਤਰਿਆ[14] ਕੁਟੰਬ[15] ਸਿਉ[19] ਗੁਣ[16] ਗੋਬਿੰਦ[17] ਪ੍ਰਭ ਰਵਨ[18] ॥

ਹਰਿ ਕੀ ਟਹਲ[21] ਕਮਾਵਣੀ[22] ਜਪੀਐ[23] ਪ੍ਰਭ ਕਾ ਨਾਮੁ ॥

ਗੁਰ ਪੂਰੇ[24] ਤੇ[25] ਪਾਇਆ ਨਾਨਕ ਸੁਖ[26] ਬਿਸ੍ਰਾਮੁ[27] ॥੧੫॥

300

My mind and body[85] are cooled[86], are in peace[87] and equipoise[88], and I have applied[89] myself to Lord's service[90].

He, who remembers[5] God's Name, his manifold[93] sins[94] are erased, his bonds[92] are broken[91], his[97] affairs[98] are arranged[95] and accomplished[96], his mal[99]-intellect[100] disappears[2] and his ego[3] is stilled[4].

By grasping[7] the protection[6] of the Superme Lord[8] man's coming[10] and going[12] has ended[9].

By uttering[18] the praise[16] of the Lord Master[17], he saves[14] himself[13] along[19] with his family[15].

I perform[22] the service[21] of God alone and utter[23] the Name of the Lord.

From[25] the Perfect[24] Guru, Nanak has obtained peace[26] and pleasure[27].

੩੦੦

ਮੇਰੀ ਆਤਮਾ ਤੇ ਦੇਹਿ[85] ਠੰਢੇਠਾਰ[86] ਅਤੇ ਆਰਾਮ[87] ਚੈਨ ਤੇ ਅਡੋਲਤਾ[88]ਅੰਦਰ ਹੋ ਗਏ ਹਨ ਅਤੇ ਮੈਂ ਆਪਣੇ ਆਪ ਨੂੰ ਸੁਆਮੀ ਦੀ ਚਾਕਰੀ[90] ਵਿਚ ਜੋੜ ਲਿਆ[89] ਹੈ ।

ਜੋ ਵਾਹਿਗੁਰੂ ਦੇ ਨਾਮ ਦਾ ਸਿਮਰਨ[5] ਕਰਦਾ ਹੈ, ਉਸ ਦੇ ਘਣੇਰੇ[93] ਪਾਪ[94] ਨਾਸ ਹੋ ਜਾਂਦੇ ਹਨ, ਉਸ ਦੇ ਜੂੜ[92] ਵੱਢੇ ਜਾਂਦੇ[91] ਹਨ, ਉਸ[97] ਦੇ ਕੰਮ[98] ਰਾਸ[95] ਅਤੇ ਸੰਪੂਰਨ[96] ਹੋ ਜਾਂਦੇ ਹਨ, ਉਸ ਦੀ ਮੰਦੀ[99] ਅਕਲ[100] ਨਾਸ[2] ਹੋ ਜਾਂਦੀ ਹੈ ਅਤੇ ਉਸ ਦਾ ਹੰਕਾਰ[3] ਨਵਿਰਤ[4] ਹੋ ਜਾਂਦਾ ਹੈ ।

ਸ਼ਰੋਮਣੀ ਸਾਹਿਬ[8] ਦੀ ਪਨਾਹ[6] ਪਕੜਨ[7] ਦੁਆਰਾ, ਆਦਮੀ ਦਾ ਆਉਣਾ[10] ਤੇ ਜਾਣਾ[12] ਮੁਕ[9] ਗਿਆ ਹੈ ।

ਸੁਆਮੀ ਮਾਲਕ[17] ਦਾ ਜੱਸ[16] ਉਚਾਰਨ[18] ਕਰਨ ਦੁਆਰਾ ਉਹ ਆਪਣੇ ਆਪ[13] ਨੂੰ ਆਪਣੇ ਪਰਵਾਰ[15] ਸਣੇ[19] ਬਚਾ[14] ਲੈਂਦਾ ਹੈ ।

ਮੈਂ ਕੇਵਲ ਵਾਹਿਗੁਰੂ ਦੀ ਚਾਕਰੀ[21] ਵਜਾਉਂਦਾ[22] ਹਾਂ ਅਤੇ ਸੁਆਮੀ ਦੇ ਨਾਂਮ ਦਾ ਉਚਾਰਨ[23] ਕਰਦਾ ਹਾਂ ।

ਪੂਰਨ[24] ਗੁਰਾਂ ਪਾਸੋਂ[25], ਨਾਨਕ ਨੇ ਆਰਾਮ[26] ਅਤੇ ਆਨੰਦ[27] ਪ੍ਰਾਪਤ ਕੀਤਾ ਹੈ ।

ਸਲੋਕੁ ॥

ਪੂਰਨੁ[28] ਕਬਹੁ ਨ ਡੋਲਤਾ[29] ਪੂਰਾ ਕੀਆ ਪ੍ਰਭ ਆਪਿ[30] ॥

ਦਿਨੁ ਦਿਨੁ[31] ਚੜੈ ਸਵਾਇਆ[32] ਨਾਨਕ ਹੋਤ ਨ ਘਾਟਿ[33] ॥੧੬॥

Slok.

The perfect man[28], whom the Lord Himself[30] has made perfect, never wavers[29].

Day by day[31] he prospers[32] and fails[33] not, O Nanak.

ਸਲੋਕ ।

ਮੁਕੰਮਲ ਇਨਸਾਨ[28] ਜਿਸ ਨੂੰ ਸੁਆਮੀ ਨੇ ਖੁਦ[30] ਮੁਕੰਮਲ ਕੀਤਾ ਹੈ, ਕਦਾਚਿੱਤ ਡਿਕਡੋਲੇ[29] ਨਹੀਂ ਖਾਂਦਾ ।

ਰੋਜ਼-ਬਰੋਜ਼[31] ਉਹ ਤਰੱਕੀ[32] ਕਰਦਾ ਜਾਂਦਾ ਹੈ ਅਤੇ ਨਾਕਾਮਯਾਬ[33] ਨਹੀਂ ਹੁੰਦਾ, ਹੇ ਨਾਨਕ !

ਪਉੜੀ ॥

ਪੂਰਨਮਾ[34] ਪੂਰਨ[35] ਪ੍ਰਭ ਏਕੁ[36] ਕਰਣ ਕਾਰਣ[37] ਸਮਰਥੁ[38] ॥

Pauri.

The day of full moon[34] : The Omnipotent[38] Lord, alone[36] is perfect[35] and the cause of causes[37].

ਪਉੜੀ ।

ਪੂਰਨਮਾਸ਼ੀ[34]—ਕੇਵਲ[36] ਸਰਬ-ਸ਼ਕਤੀਵਾਨ[38] ਸਾਹਿਬ ਹੀ ਮੁਕੰਮਲ[35] ਹੈ । ਉਹ ਸਬੱਬਾਂ ਦਾ ਸਬੱਬ[37] ਹੈ ।

ਜੀਅ[39] ਜੰਤ ਦਇਆਲ[40] ਪੁਰਖੁ[41] ਸਭ ਊਪਰਿ ਜਾਕਾ[42] ਹਥੁ[43] ॥

The Lord[41], whose[42] protecting hand[43] is over all, is merciful[40] to the mortals and other beings[39].

ਸੁਆਮੀ[41] ਜਿਸ ਦਾ[42] ਰਖਿਆ ਕਰਨ ਵਾਲਾ ਹੱਥ[43] ਸਾਰਿਆਂ ਦੇ ਉੱਤੇ ਹੈ, ਪ੍ਰਾਣੀਆਂ ਤੇ ਹੋਰ ਜੀਵਾਂ[39] ਉਪਰ ਮਿਹਰਬਾਨ[40] ਹੈ।

ਗੁਣ[44] ਨਿਧਾਨ[45] [46]ਗੋਬਿੰਦ[47] ਗੁਰ ਕੀਆ ਜਾਕਾ[48] ਹੋਇ ॥

The great[47] Lord[46], at whose[48] instance everything is done, is the treasure[45] of excellences[44].

ਵਿਸ਼ਾਲ[47] ਪ੍ਰਭੂ[46] ਜਿਸ[48] ਦੀ ਰਜ਼ਾ ਦੁਆਰਾ ਸਾਰਾ ਕੁਛ ਹੁੰਦਾ ਹੈ, ਸਰੇਸ਼ਟਤਾਈਆਂ[44] ਦਾ ਖ਼ਜ਼ਾਨਾ[45] ਹੈ।

ਅੰਤਰਜਾਮੀ[49]ਪ੍ਰਭੁ ਸੁਜਾਨੁ[50] ਅਲਖ[51] ਨਿਰੰਜਨ[52] ਸੋਇ[53] ॥ ਪਾਰਬ੍ਰਹਮੁ[54] ਪਰਮੇਸਰੋ[55] ਸਭ ਬਿਧਿ[56] ਜਾਨਣਹਾਰ[57] ॥

He[53], the wise[50], unseen[51] and pure[52] Lord, is the Knower of hearts[49]. Transcendent Lord[54], the Lofty[55] Master is the Knower[57] of all the devices[56]

ਉਹ[53] ਸਿਆਣਾ[50], ਅਦ੍ਰਿਸ਼ਟ[51] ਅਤੇ ਪਵਿੱਤ੍ਰ[52] ਪ੍ਰਭੂ ਦਿਲਾਂ ਦੀਆਂ ਜਾਨਣਹਾਰ[49] ਹੈ। ਪਰਮ ਪ੍ਰਭੂ[54], ਬੁਲੰਦ[55] ਮਾਲਕ ਸਾਰਿਆਂ ਢੰਗਾਂ[56] ਨੂੰ ਜਾਨਣ ਵਾਲਾ[57] ਹੈ।

ਸੰਤ ਸਹਾਈ[58] ਸਰਨਿ[59] ਜੋਗੁ[60] ਆਠ ਪਹਰ[61] ਨਮਸਕਾਰ[62] ॥

He is the helper[58] of the saints and potent[60] to give shelter[59]. I ever[61] make obeisance[62] to Him.

ਉਹ ਸਾਧੂਆਂ ਦਾ ਸਹਾਇਕ[58] ਅਤੇ ਪਨਾਹ[59] ਦੇਣ ਨੂੰ ਸਮਰੱਥ[60] ਹੈ। ਮੈਂ ਹਮੇਸ਼ਾ[61] ਉਸ ਨੂੰ ਪ੍ਰਣਾਮ[62] ਕਰਦਾ ਹਾਂ।

ਅਕਥ[63] ਕਥਾ[64] ਨਹ ਬੂਝੀਐ[65] ਸਿਮਰਹੁ[66] ਹਰਿ ਕੇ ਚਰਨ[67] ॥

I meditate[66] on the feet[67] of God, whose ineffable[63] discourse[64] cannot be known[65].

ਮੈਂ ਵਾਹਿਗੁਰੂ ਦੇ ਚਰਨਾਂ[67] ਦਾ ਆਰਾਧਨ[66] ਕਰਦਾ ਹਾਂ, ਜਿਸ ਦੀ ਅਕਹਿ[63] ਵਾਰਤਾ[64] ਜਾਣੀ[65] ਨਹੀਂ ਜਾ ਸਕਦੀ।

ਪਤਿਤ[68] ਉਧਾਰਨ[69] ਅਨਾਥ ਨਾਥ[70] ਨਾਨਕ ਪ੍ਰਭ ਕੀ ਸਰਨ[71] ॥੧੬॥

Nanak has entered the sanctuary[71] of the Lord, who is the saviour[69] of sinners[68] and the Master[70] of the masterless.

ਨਾਨਕ ਨੇ ਸਾਹਿਬ ਦੀ ਪਨਾਹ[71] ਲਈ ਹੈ,ਜੋ ਪਾਪੀਆਂ[68] ਨੂੰ ਤਾਰਨ ਵਾਲਾ[69] ਤੇ ਨਿਖਸਮਿਆਂ ਦਾ ਖਸਮ[70] ਹੈ।

ਸਲੋਕੁ ॥

Slok.

ਸਲੋਕ।

ਦੁਖ[72] ਬਿਨਸੇ[73] ਸਹਸਾ[74] ਗਇਓ[75] ਸਰਨਿ[76] ਗਹੀ[77] ਹਰਿ ਰਾਇ[78] ॥

My pain[72] has fled[73] and my doubt[74] has departed[75], since I have grasped[77] the shelter[76] of God the King[78].

ਜਦੋਂ ਦੀ ਮੈਂ ਵਾਹਿਗੁਰੂ ਪਾਤਸ਼ਾਹ[78] ਦੀ ਪਨਾਹ[76] ਪਕੜੀ[77] ਹੈ, ਮੇਰਾ ਗ਼ਮ[72] ਨਾਸ[73] ਹੋ ਗਿਆ ਹੈ ਤੇ ਸੰਦੇਹ[74] ਦੌੜ ਗਿਆ[75] ਹੈ।

ਮਨਿ ਚਿੰਦੇ[79] ਫਲ[80] ਪਾਇਆ ਨਾਨਕ ਹਰਿ ਗੁਨ[81] ਗਾਇ ॥੧੭॥

By singing the praises[81] of God, Nanak has obtained his heart-desired[79] fruits[80].

ਵਾਹਿਗੁਰੂ ਦਾ ਜੱਸ[81] ਗਾਇਨ ਕਰਨ ਦੁਆਰਾ, ਨਾਨਕ ਨੇ ਆਪਣੇ ਚਿੱਤ-ਚਾਹੁੰਦੇ[79] ਮੇਵੇ[80] ਪਾ ਲਏ ਹਨ।

ਪਉੜੀ ॥

Pauri.

ਪਉੜੀ!

ਕੋਈ[82] ਗਾਵੈ[83] ਕੋ ਸੁਣੈ ਕੋਈ ਕਰੈ ਬੀਚਾਰੁ[84] ॥ ਕੋ ਉਪਦੇਸੈ[85]ਕੋ ਦ੍ਰਿੜੈ[86]ਤਿਸ[87] ਕਾ ਹੋਇ ਉਧਾਰੁ[88] ॥

Let some one[82] sing[83], some one hear, some one reflect[84] on, some one preach[85] the Name of God and some one fix[86] it in his mind, he[87] shall forthwith be saved[88].

ਕੋਈ ਜਣਾ[82] ਹਰੀ ਦੇ ਨਾਮ ਨੂੰ ਗਾਇਨ[83] ਕਰੇ, ਕੋਈ ਜਣਾ ਸੁਣੇ, ਕੋਈ ਜਣਾ ਸੋਚੇ ਸਮਝੇ[84], ਕੋਈ ਜਣਾ ਪਰਚਾਰੇ[85] ਅਤੇ ਕੋਈ ਜਣਾ ਇਸ ਨੂੰ ਆਪਣੇ ਮਨ ਅੰਦਰ ਪੱਕਾ[86] ਕਰੇ, ਉਸ[87] ਦਾ ਤੱਤਪਰ ਪਾਰ ਉਤਾਰਾ[88] ਹੋ ਜਾਵੇਗਾ।

ਕਿਲਬਿਖ[89] ਕਾਟੈ[90] ਹੋਇ ਨਿਰਮਲਾ[91] ਜਨਮ ਜਨਮ[92] ਮਲੁ[93] ਜਾਇ[94] ॥

His sins[89] shall be effaced[90], he shall become pure[91] and his filth[93] of many[92] births shall be washed[94] off.

ਉਸ ਦੇ ਪਾਪ[89] ਮਿਟ[90] ਜਾਣਗੇ ਉਹ ਸਾਫ਼ ਸੁਥਰਾ[91] ਹੋ ਜਾਵੇਗਾ ਅਤੇ ਉਸ ਦੇ ਅਨੇਕਾਂ[92] ਜਨਮਾਂ ਦੀ ਮੈਲ[93] ਧੋਤੀ[94] ਜਾਏਗੀ ।

ਹਲਤਿ[95] ਪਲਤਿ[96] ਮੁਖੁ[97] ਉਜਲਾ[98] ਨਹ ਪੋਹੈ[99] ਤਿਸੁ[100] ਮਾਇ[2] ॥

In this world[95] and the next world[96], his countenance[97] shall be bright[98], and mammon[2] shall not affect[99] him[100].

ਇਸ ਜਹਾਨ[95] ਤੇ ਪ੍ਰਲੋਕ[96] ਵਿਚ ਉਸ ਦਾ ਚਿਹਰਾ[97] ਰੌਸ਼ਨ[98] ਹੋਵੇਗਾ ਅਤੇ ਮਾਇਆ[2] ਉਸ[100] ਉਤੇ ਅਸਰ[99] ਨਹੀਂ[1] ਕਰੇਗੀ ।

ਸੋ[3] ਸੁਰਤਾ[4] ਸੋ ਬੈਸਨੋ[5] ਸੋ ਗਿਆਨੀ[6] ਧਨਵੰਤੁ[7] ॥

He[3] is the man of wisdom[4], he the vegetarian[5], he the divine[6] and the man of wealth[7];

ਉਹ[3] ਸਿਆਣਾ ਬੰਦਾ[4] ਹੈ, ਉਹ ਹੀ ਮਾਸ-ਤਿਆਗੀ[5], ਉਹ ਹੀ ਗਿਆਨਵਾਨ[6] ਤੇ ਧਨਾਢ[7];

ਸੋ ਸੂਰਾ[8] ਕੁਲਵੰਤ[9] ਸੋਇ ਜਿਨਿ ਭਜਿਆ[10] ਭਗਵੰਤੁ[12] ॥

He is the hero[8], and he is of high family[9], who has maditated[10] on the Fortunate Lord[12].

ਓਹੀ ਸੂਰਮਾ[8] ਅਤੇ ਓਹੀ ਉਚੇ ਖ਼ਾਨਦਾਨ[9] ਦਾ ਹੈ, ਜਿਸ ਨੇ ਭਾਗਾਂ ਵਾਲੇ ਸੁਆਮੀ[12] ਦਾ ਸਿਮਰਨ[10] ਕੀਤਾ ਹੈ ।

ਖਤ੍ਰੀ[13] ਬ੍ਰਾਹਮਣੁ[14] ਸੂਦੁ[15] ਬੈਸੁ[16] ਉਧਰੈ[17] ਸਿਮਰਿ[18] ਚੰਡਾਲ[19] ॥

The warriors[13], priests[14], menials[15], the farmers[16] and pariahs[19] are saved[17] by remembering[18] the Lord.

ਸਿਪਾਹੀ[13], ਪ੍ਰਚਾਰਕ[14], ਕਮੀਣ[15], ਜ਼ਿਮੀਂਦਾਰ[16] ਅਤੇ ਨਿਖਿਧ[19] ਜਾਤਾਂ ਵਾਲੇ ਸੁਆਮੀ ਦਾ ਆਰਾਧਨ[18] ਕਰਨ ਦੁਆਰਾ ਤਰ ਜਾਂਦੇ[17] ਹਨ ।

ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ[20] ਰਵਾਲ[21] ॥੧੭॥

Nanak, is the dust[21] of his[20] feet, who knows his Lord.

ਨਾਨਕ, ਉਸ[20] ਦੇ ਪੈਰਾਂ ਦੀ ਧੂੜ[21] ਹੈ, ਜੋ ਆਪਣੇ ਸੁਆਮੀ ਨੂੰ ਜਾਣਦਾ ਹੈ ।

ਗਉੜੀ ਕੀ ਵਾਰ[22]
ਮਹਲਾ ੪ ॥

Eulogy[22] of Gauri,
4th Guru.

ਗਉੜੀ ਦੀ ਵਾਰ[22]
ਚੌਥੀ ਪਾਤਸ਼ਾਹੀ ।

ੴ ਸਤਿਗੁਰ ਪ੍ਰਸਾਦਿ ॥

There is but one God.
By the True Guru's grace He is obtained.

ਵਾਹਿਗੁਰੂ ਕੇਵਲ ਇਕ ਹੈ ।
ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਮਿਲਦਾ ਹੈ ।

ਸਲੋਕ ਮ: ੪ ॥

Slok 4th Guru,

ਸਲੋਕ ਚੌਥੀ ਪਾਤਸ਼ਾਹੀ ।

ਸਤਿਗੁਰੁ ਪੁਰਖੁ[23] ਦਇਆਲੁ[24] ਹੈ ਜਿਸ[25] ਨੋ ਸਮਤੁ[26] ਸਭੁ ਕੋਇ[27] ॥

Compassionate[24] is the Great[23] True Guru, for whom[25] all[27] are alike[26].

ਮਿਹਰਬਾਨ[24] ਹੈ, ਵੱਡਾ[23] ਸੱਚਾ ਗੁਰੂ, ਜਿਸ ਲਈ[25] ਸਾਰੇ[27] ਇਕੋ ਜੇਹੇ[26] ਹਨ ।

ਏਕ ਦ੍ਰਿਸਟਿ[28] ਕਰ ਦੇਖਦਾ ਮਨ ਭਾਵਨੀ[29] ਤੇ ਸਿਧਿ ਹੋਇ[30] ॥

He beholds all with the same eye[28], but with mind's faith[29] he is obtained[30].

ਉਹ ਸਾਰਿਆ ਨੂੰ ਇਕ ਨਜ਼ਰ[28] ਨਾਲ ਵੇਖਦਾ ਹੈ, ਪ੍ਰੰਤੂ ਚਿੱਤ ਦੀ ਸ਼ਰਧਾ[29] ਨਾਲ ਉਹ ਪਾਇਆ[30] ਜਾਂਦਾ ਹੈ ।

ਸਤਿਗੁਰ ਵਿਚਿ[31] ਅੰਮ੍ਰਿਤੁ[36] ਹੈ ਹਰਿ ਉਤਮੁ[32] ਹਰਿ[33] ਪਦੁ[34] ਸੋਇ[35] ॥

In[31] theTrue Guru abides the Name Nectar[36]. He[35] is sublime[32] like God and holds Divine[33] rank[34].

ਸੱਚੇ ਗੁਰੂ ਅੰਦਰ[31] ਨਾਮ ਦਾ ਆਬ-ਹਿਯਾਤ[36] ਵਸਦਾ ਹੈ । ਉਹ[35] ਰੱਬ ਦੀ ਤਰ੍ਹਾਂ ਸਰੇਸ਼ਟ[32] ਹੈ ਅਤੇ ਈਸ਼ਵਰੀ[33] ਮਰਤਬਾ[34] ਰੱਖਦਾ ਹੈ ।

ਨਾਨਕ ਕਿਰਪਾ[37] ਤੇ ਹਰਿ

Nanak, by Guru's grace[37], God is

ਨਾਨਕ ਗੁਰੂ ਦੀ ਦਇਆ ਦੁਆਰਾ[37] ਵਾਹਿਗੁਰੂ

ਧਿਆਈਐ[38] ਗੁਰਮੁਖਿ[39] ਪਾਵੈ[41] ਕੋਇ[40] ॥੧॥

remembered[38]. A few[40] Guru-wards[39] obtain[41] the Lord.

ਸਿਮਰਿਆ[38] ਜਾਂਦਾ ਹੈ, ਵਿਰਲੇ[40] ਗੁਰੂ-ਸਵਾਰੇ[39] ਹੀ ਸਾਹਿਬ ਨੂੰ ਪ੍ਰਾਪਤ[41] ਹੁੰਦੇ ਹਨ ।

ਮ: ੪ ॥

4th Guru,

ਚੌਥੀ ਪਾਤਸ਼ਾਹੀ ।

ਹਉਮੈ[42] ਮਾਇਆ[43] ਸਭ ਬਿਖੁ[44] ਹੈ ਨਿਤ[45] ਜਗਿ[46] ਤੋਟਾ[47] ਸੰਸਾਰਿ[48] ॥

Self-conceit[42] and wealth[43] are all poison[44]. Attached therewith, man[46] ever[45] suffers loss[47] in this world[48].

ਸਵੈ-ਹੰਗਤਾ[42] ਤੇ ਧਨ-ਦੌਲਤ[43] ਸਮੂਹ ਜ਼ਹਿਰ[44] ਹਨ । ਉਨ੍ਹਾਂ ਨਾਲ ਜੁੜ ਕੇ, ਬੰਦਾ[46] ਇਸ ਜਹਾਨ[48] ਅੰਦਰ, ਹਮੇਸ਼ਾ[45] ਨੁਕਸਾਨ[47] ਉਠਾਉਂਦਾ ਹੈ ।

ਲਾਹਾ[49] ਹਰਿ ਧਨੁ[50] ਖਟਿਆ[51] ਗੁਰਮੁਖਿ[52] ਸਬਦੂ[53] ਵੀਚਾਰਿ[54] ॥

By pondering[54] on the Name[53], the Guru-ward[52] earns[51] the profit[49] of God's wealth[50].

ਨਾਮ[53] ਦਾ ਚਿੰਤਨ[54] ਕਰਨ ਦੁਆਰਾ ਗੁਰੂ-ਸਮਰਪਣ[52] ਵਾਹਿਗੁਰੂ ਦੀ ਦੌਲਤ[50] ਦਾ ਨਫ਼ਾ[49] ਕਮਾ[51] ਲੈਂਦਾ ਹੈ ।

ਹਉਮੈ[55] ਮੈਲੁ[56] ਬਿਖੁ[57] ਉਤਰੈ[58] ਹਰਿ ਅੰਮ੍ਰਿਤੁ[59] ਹਰਿ [60]ਉਰਧਾਰਿ[61] ॥

By placing[61] God and God's elixir[59] in the mind[60], the poison[57] of the filth[56] of ego[55] is removed[58].

ਰੱਬ ਅਤੇ ਰੱਬ ਦੇ ਸੁਧਾਰਸ[59] ਨੂੰ ਹਿਰਦੇ[60] ਅੰਦਰ ਟਿਕਾਉਣ[61] ਦੁਆਰਾ ਹੰਕਾਰ[55] ਦੀ ਗੰਦਗੀ[56] ਦੀ ਜ਼ਹਿਰ[57] ਲਹਿ ਜਾਂਦੀ[58] ਹੈ ।

੩੦੧

301

੩੦੧

ਸਭਿ ਕਾਰਜ[62] ਤਿਨ[63] ਕੇ ਸਿਧਿ[64] ਹਹਿ ਜਿਨ[65] ਗੁਰਮੁਖਿ[66] ਕਿਰਪਾ[67] ਧਾਰਿ[68] ॥

Unto whom[65] the Exalted Guru[66] shows[68] mercy[67], all their[63] affairs[62] are adjusted[64].

ਜਿਨ੍ਹਾਂ ਉਤੇ[65] ਮੁਖੀ ਗੁਰੂ[66] ਜੀ ਮਿਹਰ[67] ਕਰਦੇ[68] ਹਨ, ਉਨ੍ਹਾਂ[63] ਦੇ ਸਾਰੇ ਕੰਮ[62] ਰਾਸ ਹੋ ਜਾਂਦੇ[64] ਹਨ ।

ਨਾਨਕ ਜੋ[74]ਧੁਰਿ[69] ਮਿਲੇ[70] ਸੇ[75] ਮਿਲਿ[71] ਰਹੇ ਹਰਿ ਮੇਲੇ[72] ਸਿਰਜਣਹਾਰਿ[73] ॥੨॥

Nanak, they[75], whom[74] God the Creator[73] unites[72], meet[70] the Primal Lord[69] and remain blended[71] with Him.

ਨਾਨਕ, ਜਿਨ੍ਹਾਂ[74] ਨੂੰ ਵਾਹਿਗੁਰੂ ਕਰਤਾਰ[73] ਜੋੜਦਾ[72] ਹੈ, ਉਹ[75] ਆਦਿ ਸਾਹਿਬ[69] ਨੂੰ ਮਿਲ ਪੈਂਦੇ[70] ਹਨ ਅਤੇ ਉਸ ਨਾਲ ਅਭੇਦ[71] ਹੋਏ ਰਹਿੰਦੇ ਹਨ ।

ਪਉੜੀ ॥

Pauri.

ਪਉੜੀ ।

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ[79] [78]ਗੋਸਾਈ[76] ॥

Thou O True Lord, art True. The Truest[79] of the True Thou art, O World[78] Lord[76].

ਤੂੰ ਹੇ ਸੱਚੇ ਸੁਆਮੀ ! ਸੱਚਾ ਹੈਂ । ਸਚਿਆਰਾਂ ਦਾ ਪਰਮ ਸਚਿਆਰ[79] ਤੂੰ ਹੈਂ, ਹੇ ਸ੍ਰਿਸ਼ਟੀ[78] ਦੇ ਸੁਆਮੀ[76] !

ਤੁਧੁ ਨੋ ਸਭ ਧਿਆਇਦੀ[77] ਸਭ ਲਗੈ[80] ਤੇਰੀ ਪਾਈ[81]॥

Everyone remembers[77] Thee, All fall[80] at Thine feet[81].

ਹਰ ਕੋਈ ਤੈਨੂੰ ਆਰਾਧਦਾ[77] ਹੈ । ਸਾਰੇ ਤੇਰੇ ਪੈਰੀਂ[81] ਪੈਂਦੇ[80] ਹਨ ।

ਤੇਰੀ ਸਿਫਤਿ[82] [83]ਸੁਆਲਿਉ[84] ਸਰੂਪ[85] ਹੈ ਜਿਨਿ[89] ਕੀਤੀ[86] ਤਿਸੁ[87] ਪਾਰਿ ਲਘਾਈ[88] ॥

Graceful[83], and home[84] of beauty[85], is Thy praise[82]. Thou savest[88] him[87] who[89] celebrates[86] it.

ਤੇਰੀ ਕੀਰਤੀ[82] ਸੁਹਣੀ[85] ਅਤੇ ਸੁੰਦਰਤਾ[83] ਦਾ ਘਰ[84] ਹੈ । ਜੋ[89] ਇਸ ਨੂੰ ਕਰਦਾ[86] ਹੈ, ਉਸ ਨੂੰ[87] ਤੂੰ ਤਾਰ ਦਿੰਦਾ[88] ਹੈਂ ।

ਗੁਰਮੁਖਾ[90] ਨੋ ਫਲੁ[91] ਪਾਈਦਾ[92] ਸਚਿ[93] ਨਾਮਿ ਸਮਾਈ[94] ॥

Thou givest[92] reward[91] to the holy[90], and they get absorbed[94] in the True Name[93].

ਧਰਮਾਤਮਾ ਪੁਰਸ਼ਾਂ[90] ਨੂੰ ਤੂੰ ਸਿਲਾ[91] ਬਖਸ਼ਦਾ[92] ਹੈਂ ਅਤੇ ਉਹ ਸਤਿਨਾਮ[93] ਅੰਦਰ ਲੀਨ[94] ਹੋ ਜਾਂਦੇ ਹਨ ।

ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ[95] ॥੧॥

O my great Lord, great is Thine greatness[95].

ਹੇ ਮੇਰੇ ਮਹਾਨ ਮਾਲਕ ! ਮਹਾਨ ਹੈ ਤੇਰੀ ਮਹਾਨਤਾ[95] ।

ਸਲੋਕ ਮ: ੪ ॥

Slok 4th Guru.

ਸਲੋਕ ਪਾਤਸ਼ਾਹੀ ਚੌਥੀ ।

ਵਿਣੁ ਨਾਵੈ ਹੋਰੁ ਸਲਾਹਣਾ[96] ਸਭੁ ਬੋਲਣੁ[97] ਫਿਕਾ[98] ਸਾਦੂ[99] ॥

The taste[99] of praising[96] anything but the Name and all other talk[97] is insipid[98].

ਨਾਮ ਬਿਨਾ ਕਿਸੇ ਹੋਰਸ ਦੀ ਪਰਸੰਸਾ[96] ਕਰਨਾ ਅਤੇ ਹੋਰ ਸਾਰੀ ਗੱਲ ਬਾਤ[97] ਦਾ ਸੁਆਦ[99] ਫਿੱਕਾ[98] ਹੈ ।

ਮਨਮੁਖ[100] ਅਹੰਕਾਰੁ[2] ਸਲਾਹਦੇ[3] ਹਉਮੈ[4] ਮਮਤਾ[5] ਵਾਦੂ[6] ॥

The perverse[100] praise[3] their pride[2], but in vain[6] is the love[5] of self-conceit[4].

ਆਪ-ਹੁਦਰੇ[100] ਆਪਣੇ ਗ਼ਰੂਰ[2] ਨੂੰ ਵਡਿਆਉਂਦੇ[3] ਹਨ, ਪ੍ਰੰਤੂ ਫ਼ਜ਼ੂਲ[6] ਹੈ ਸਵੈ-ਹੰਗਤਾ[4] ਦਾ ਮੋਹ[5] ।

ਜਿਨ ਸਾਲਾਹਨਿ ਸੇ[7] ਮਰਹਿ ਖਪਿ[8] ਜਾਵੈ ਸਭੁ ਅਪਵਾਦੂ[9] ॥

They[7], whom they praise, die away. All of them pine away[8] in wranglings[9].

ਜਿਨ੍ਹਾਂ ਦੀ ਉਹ ਤਾਰੀਫ਼ ਕਰਦੇ ਹਨ, ਉਹ[7] ਮਰ ਜਾਂਦੇ ਹਨ । ਉਹ ਸਾਰੇ ਬਖੇੜਿਆਂ[9] ਅੰਦਰ ਖੁਰ ਜਾਂਦੇ[8] ਹਨ ।

ਜਨ[10] ਨਾਨਕ ਗੁਰਮੁਖਿ[12] ਉਬਰੇ[13] ਜਪਿ[14] ਹਰਿ ਹਰਿ[15] [16]ਪਰਮਾਨਾਦੂ[17] ॥੧॥

O serf[10] Nanak, the holy[12] are saved[13] by pondering[14] on Lord God[15], the Embodiment of Supreme[16] Bliss[17].

ਹੇ ਨਫ਼ਰ[10] ਨਾਨਕ, ਪਰਮ[16] ਪਰਸੰਨਤਾ[17] ਸਰੂਪ ਵਾਹਿਗੁਰੂ ਸੁਆਮੀ[15] ਦਾ ਸਿਮਰਨ[14] ਕਰਕੇ ਧਰਮਾਤਮਾ[12] ਬਚ[13] ਗਏ ਹਨ ।

ਮ: ੪ ॥

4th Guru,

ਪਾਤਸ਼ਾਹੀ ਚੌਥੀ ।

ਸਤਿਗੁਰ ਹਰਿ[18] ਪ੍ਰਭੁ ਦਸਿ[19] ਨਾਮੁ ਧਿਆਈ[20] ਮਨਿ ਹਰੀ ॥

My True Guru, tell[19] me of the Lord Master[18], that, in my mind, I may meditate[20] upon His Name.

ਮੇਰੇ ਸੱਚੇ ਗੁਰੂ ਜੀ, ਮੈਨੂੰ ਸੁਆਮੀ ਮਾਲਕ[18] ਦਾ ਪਤਾ ਦੇ[19], ਤਾਂ ਜੋ ਆਪਣੇ ਚਿੱਤ ਅੰਦਰ ਮੈਂ ਉਸ ਦੇ ਨਾਮ ਦਾ ਆਰਾਧਨ[20] ਕਰਾਂ ।

ਨਾਨਕ ਨਾਮੁ ਪਵਿਤੁ[21] ਹਰਿ ਮੁਖਿ[22] ਬੋਲੀ[23] ਸਭਿ ਦੁਖ[24] ਪਰਹਰੀ[25] ॥੨॥

By repeating[23] with my mouth[22], the sacred[21] Name of God, O Nanak, I may shake off[25] all my agonies[24].

ਆਪਣੇ ਮੂੰਹ[22] ਨਾਲ ਵਾਹਿਗੁਰੂ ਦੇ ਪਵਿੱਤ੍ਰ[21] ਨਾਮ ਦਾ ਉਚਾਰਨ[23] ਕਰਕੇ ਹੇ ਨਾਨਕ ! ਮੈਂ ਆਪਣੇ ਸਾਰੇ ਦੁਖੜੇ[24] ਨਾਸ[25] ਕਰਾਂ ।

ਪਉੜੀ ॥

Pauri.

ਪਉੜੀ ।

ਤੂ ਆਪੇਆਪਿ[26] ਨਿਰੰਕਾਰੁ[27] ਹੈ ਨਿਰੰਜਨ[28] ਹਰਿ ਰਾਇਆ[29] ॥

O my formless[27], Immaculate[28] God, the King[29]. Thou art all by Thy ownself[26].

ਹੇ ਮੇਰੇ ਨਿਰ-ਸਰੂਪ[27] ! ਪਵਿੱਤ੍ਰ[28] ਵਾਹਿਗੁਰੂ ਪਾਤਸ਼ਾਹ[29] ਤੂੰ ਸਾਰਾ ਕੁਛ ਆਪਣੇ ਆਪ[26] ਤੋਂ ਹੀ ਹੈਂ ।

ਜਿਨੀ ਤੂ ਇਕ ਮਨਿ[30] ਸਚੁ[31] ਧਿਆਇਆ[32] ਤਿਨ[32*] ਕਾ ਸਭੁ ਦੁਖੁ[33] ਗਵਾਇਆ[34] ॥

They who remember[32] Thee with single mind[30], O True Lord[31]—them[32*] Thou riddest[34] of all anguishes[33].

ਜੋ ਇੱਕ ਚਿੱਤ[30] ਨਾਲ ਤੇਰਾ ਸਿਮਰਨ[32] ਕਰਦੇ ਹਨ ਹੇ ਸੱਚੇ ਸੁਆਮੀ[31] ! ਉਨ੍ਹਾਂ[32*] ਦੇ ਤੂੰ ਸਾਰੇ ਦੁਖੜੇ[33] ਦੂਰ[34] ਕਰ ਦਿੰਦਾ ਹੈਂ ।

ਤੇਰਾ ਸਰੀਕੁ[35] ਕੋ ਨਾਹੀ ਜਿਸ ਨੋ ਲਵੈ[36] ਲਾਇ ਸੁਣਾਇਆ[37] ॥

Thou hast no equal[35], seating whom close by[36] I may speak[37] of Thee.

ਤੇਰੇ ਬਰਾਬਰ ਦੇ ਰੁਤਬੇ ਵਾਲਾ[35], ਕੋਈ ਨਹੀਂ । ਜਿਸ ਨੂੰ ਕੋਲ[36] ਬਹਾ ਕੇ ਮੈਂ ਤੇਰਾ ਜ਼ਿਕਰ[37] ਕਰਾਂ ।

ਤੁਧੁ ਜੇਵਡੁ[38] ਦਾਤਾ[39] ਤੂ

O Pure Lord[40], Thou alone art as

ਹੇ ਪਵਿੱਤ੍ਰ ਪ੍ਰਭੂ[40] ! ਤੇਰੇ ਜਿੱਡਾ ਵੱਡਾ[38] ਦਾਤਾਰ[39] ਤੂੰ ਹੀ

ਹੈ ਨਿਰੰਜਨਾ[40] ਤੂਹੈ ਸਚੁ[41] ਮੇਰੈ ਮਨਿ ਭਾਇਆ[42] ॥

great[38] a Donor[39], as Thyself. Thou O True One[41], art pleasing[42] to my mind.

ਹੈ ਨਿਰੰਜਨਾ[40] ਤੂ ਹੈ ਸਤਿਪੁਰਖ[41] ਮੇਰੇ ਚਿੱਤ ਨੂੰ ਚੰਗਾ[42] ਲਗਦਾ ਹੈਂ ।

ਸਚੇ ਮੇਰੇ ਸਾਹਿਬਾ ਸਚੇ ਸਚੁ[43] ਨਾਇਆ[44] ॥੨॥

O my True Lord, Truest of the True[43] is Thine Name[44].

ਹੇ ਮੇਰੇ ਸੱਚੇ ਸੁਆਮੀ ! ਸੱਚਿਆ ਦਾ ਸ਼ਰੋਮਣੀ ਸੱਚਾ[43] ਹੈ ਤੇਰਾ ਨਾਮ[44] ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਸ਼ਾਹੀ ।

ਮਨ[45] ਅੰਤਰਿ[46] ਹਉਮੈ[47] ਰੋਗੁ[48] ਹੈ ਭ੍ਰਮਿ[49] ਭੂਲੇ[50] ਮਨਮੁਖ[51] [52]ਦੂਰਜਨਾ[53] ॥ ਨਾਨਕ ਰੋਗੁ ਗਵਾਇ[54] ਮਿਲਿ[55] ਸਤਿਗੁਰ ਸਾਧੂ[56] ਸਜਨਾ[57] ॥੧॥

In[46] the mind[45] of the evil[52] perverse[51] persons[53] is the disease[48] of pride[47], and they are gone astray[50] in doubt[49]. Nanak, by meeting[55] the saintly[56] Satguru, the friend[57], they get the disease eradicated[54].

ਮੰਦੇ[52] ਪ੍ਰਤੀਕੂਲ[51] ਪੁਰਸ਼ਾਂ[53] ਦੇ ਹਿਰਦੇ[45] ਅੰਦਰ[46] ਹੰਕਾਰ[47] ਦੀ ਬੀਮਾਰੀ[48] ਹੈ ਅਤੇ ਉਹ ਵਹਿਮ[49] ਅੰਦਰ ਕੁਰਾਹੇ ਪਏ[50] ਹੋਏ ਹਨ ।
ਨਾਨਕ, ਸੰਤ ਸਰੂਪ[56] ਸੱਚੇ ਗੁਰੂ, ਮਿਤ੍ਰ[57] ਨੂੰ ਭੇਟਣ[55] ਦੁਆਰਾ ਉਹ ਬੀਮਾਰੀ ਜੜ੍ਹੋਂ ਮੁਕਾ[54] ਲੈਂਦੇ ਹਨ ।

ਮ: ੪ ॥

4th Guru.

ਚੌਥੀ ਪਾਤਸ਼ਾਹੀ ।

ਮਨੁ[58] ਤਨੁ[59] ਰਤਾ[60] ਰੰਗ[61] ਸਿਉ[62] ਗੁਰਮੁਖਿ[63] ਹਰਿ ਗੁਣ[64] ਤਾਸੁ[65] ॥ ਜਨ[66] ਨਾਨਕ ਹਰਿ ਸਰਣਾਗਤੀ[67] ਹਰਿ ਮੇਲੇ[68] ਗੁਰ ਸਾਬਾਸਿ[69] ॥੨॥

The mind[58] and body[59] of the pious person[63] are dyed[60], with[62] the love[61] of God, the treasure[65] of virtues[64]. Servant[66] Nanak has sought God's shelter[67]. Hail[69], unto the Guru who has united[68] him with God.

ਪਵਿੱਤ੍ਰ ਪੁਰਸ਼[63] ਦੀ ਆਤਮਾ[58] ਤੇ ਦੇਹਿ[59] ਨੇਕੀਆਂ[64] ਦੇ ਖ਼ਜ਼ਾਨੇ[65] ਵਾਹਿਗੁਰੂ ਦੀ ਪ੍ਰੀਤ[61] ਨਾਲ[62] ਰੰਗੀਜੇ[60] ਹੋਏ ਹਨ ।
ਨੌਕਰ[66] ਨਾਨਕ ਨੇ ਵਾਹਿਗੁਰੂ ਦੀ ਪਨਾਹ[67] ਲਈ ਹੈ । ਸੁਬਹਾਨ[69] ਹਨ ਗੁਰੂ ਜੀ, ਜਿਨ੍ਹਾਂ ਨੇ ਉਸ ਨੂੰ ਵਾਹਿਗੁਰੂ ਨਾਲ ਮਿਲਾ[68] ਦਿਤਾ ਹੈ ।

ਪਉੜੀ ॥

Pauri.

ਪਉੜੀ ।

ਤੂ ਕਰਤਾ[70] ਪੁਰਖੁ[71] ਅਗੰਮੁ[72] ਹੈ ਕਿਸੁ ਨਾਲਿ ਤੂ ਵੜੀਐ[73] ॥ ਤੁਧੁ ਜੇਵਡੁ[74] ਹੋਇ ਸੁ[75] ਆਖੀਐ[76] ਤੁਧੁ ਜੇਹਾ[77] ਤੂ-ਹੈ ਪੜੀਐ[78] ॥ ਤੂ ਘਟਿ ਘਟਿ[79] ਇਕੁ[80] ਵਰਤਦਾ[82] ਗੁਰਮੁਖਿ[81] ਪਰਗੜੀਐ[83] ॥ ਤੂ ਸਚਾ ਸਭਸ[84] ਦਾ ਖਸਮੁ[85] ਹੈ ਸਭਦੂ ਤੂ ਚੜੀਐ[86] ॥ ਤੂ ਕਰਹਿ ਸੁ[87] ਸਚੇ[88] ਹੋਇਸੀ[89] ਤਾ[90] ਕਾਇਤੁ[91] ਕੜੀਐ[92] ॥ ੩ ॥

Thou art the Omnipotent[71] and inaccessible[72] Creator[70], with whom should I compare[73] Thee ?
Were there anyone as great as[74] Thee, I may Name[76] him[75]. Thou alone art said[78] to be like[77] Thee.
In every heart[79], Thou art contained[82] alike[80]. Through the Guru[81], Thou becomest manifest[83].
Thou art the True Lord[85] of all[84]. Thou art the highest[86] of all as well.
When, what Thou doest, O True Lord[88], that[87] alone happens[89], then[90], why[91] should we grieve[92] ?

ਤੂੰ ਸਰਬ-ਸ਼ਕਤੀਵਾਨ[71] ਅਤੇ ਪਹੁੰਚ ਤੋਂ ਪਰੇ[72] ਸਿਰਜਣਹਾਰ[70] ਹੈਂ । ਮੈਂ ਤੇਰੀ ਕੀਹਦੇ ਨਾਲ ਤੁਲਨਾ[73] ਦੇਵਾਂ ?
ਜੇਕਰ ਕੋਈ ਤੇਰੇ ਜਿੱਡਾ[74] ਵੱਡਾ ਹੋਵੇ, ਤਾਂ ਮੈਂ ਉਸ[75] ਦਾ ਨਾਮ[76] ਲਵਾਂ । ਤੇਰੇ ਵਰਗਾ[77] ਕੇਵਲ ਤੂੰ ਹੀ ਆਖਿਆ[78] ਜਾਂਦਾ ਹੈਂ ।
ਹਰ ਦਿਲ[79] ਅੰਦਰ ਤੂੰ ਇਕਸਾਰ[80] ਰਮ ਰਿਹਾ[82] ਹੈਂ । ਗੁਰਾਂ ਦੇ ਰਾਹੀਂ[81] ਤੂੰ ਪਰਗਟ[83] ਹੁੰਦਾ ਹੈਂ !
ਤੂੰ ਸਾਰਿਆਂ[84] ਦਾ ਸੱਚਾ ਸੁਆਮੀ[85] ਹੈਂ । ਸਮੂਹ ਨਾਲੋਂ ਉੱਚਾ[86] ਤੂੰ ਹੀ ਹੈਂ ।
ਜਦ ਜੋ ਤੂੰ ਕਰਦਾ ਹੈਂ, ਹੇ ਸੱਚੇ ਸੁਆਮੀ[88] ਕੇਵਲ ਓਹੀ[87] ਹੁੰਦਾ[89] ਹੈ, ਤਦ[90] ਅਸੀਂ ਕਿਉਂ[91] ਅਫ਼ਸੋਸ[92] ਕਰੀਏ ?

ਸਲੋਕ ਮ: ੪ ॥
ਮੈ ਮਨਿ[93] ਤਨਿ[94] ਪ੍ਰੇਮੁ[95] ਪਿਰੰਮ[96] ਕਾ ਅਠੇ ਪਹਰ[97] ਲਗੰਨਿ[98] ॥
ਜਨ[99] ਨਾਨਕ ਕਿਰਪਾ[100] ਧਾਰਿ[2] ਪ੍ਰਭ ਸਤਿਗੁਰਿ ਸੁਖਿ[3] ਵਸੰਨਿ[4] ॥੧॥

ਮ: ੪ ॥
ਜਿਨ ਅੰਦਰਿ[5] ਪ੍ਰੀਤਿ ਪਿਰੰਮ ਕੀ ਜਿਉ[6] ਬੋਲਨਿ[7] ਤਿਵੈ[8] ਸੋਹੰਨਿ[9] ॥

ਨਾਨਕ ਹਰਿ ਆਪੇ[10] ਜਾਣਦਾ ਜਿਨਿ ਲਾਈ[12] ਪ੍ਰੀਤਿ[13] ਪਿਰੰਨਿ[14] ॥ ੨ ॥

ਪਉੜੀ ॥
ਤੂ ਕਰਤਾ ਆਪਿ[15]ਅਭੁਲੁ[16] ਹੈ ਭੁਲਣ[17] ਵਿਚਿ ਨਾਹੀ ॥

ਤੂ ਕਰਹਿ ਸੁ[18] ਸਚੇ[19] ਭਲਾ[20] ਹੈ ਗੁਰ ਸਬਦਿ[21] ਬੁਝਾਹੀ[22] ॥
ਤੂ ਕਰਣ[23] ਕਾਰਣ[24] ਸਮਰਥੁ[25] ਹੈ ਦੂਜਾ[26] ਕੋ ਨਾਹੀ ॥
ਤੂ ਸਾਹਿਬੁ[27] ਅਗਮੁ[28] ਦਇਆਲੁ[29] ਹੈ ਸਭ ਤੁਧੁ ਧਿਆਹੀ[30] ॥

੩੦੨
ਸਭਿ ਜੀਅ ਤੇਰੇ ਤੂ ਸਭਸ[31] ਦਾ ਤੂ ਸਭ ਛਡਾਹੀ[32] ॥ ॥੪॥

ਸਲੋਕ ਮ: ੪ ॥
ਸੁਣਿ ਸਾਜਨ ਪ੍ਰੇਮ[33]ਸੰਦੇਸਰਾ[34]

Slok 4th Guru.
The whole day[97] long, my soul[93] and body[94] remain imbued[98] with the love[95] of my Beloved[96].
Show[2] mercy[100] unto slave[99] Nanak, O Lord, that he may abide[4] in peace[3] by meeting the Satguru.

4th Guru.
Within whose heart[5] is the love of the Darling, they look beauteous[9] then[8], when[6] they repeat[7] Lord's praise.

Nanak, God the Beloved[14], who has infused[12] His affection[13] in them, Himself[10], knows all this.

Pauri.
Thou Thyself[15], O Creator, art infallible[16]. Thou canst be in any wrong[17].

O True One[19], whatever Thou doest that[18] is good[20]. By Guru's instruction[21] this understanding[22] is obtained.
Thou art competent[25] to do[23] all the works[24]. There is no other[26] than Thee.
Thou, my Lord[27] art inaccessible[28] and Merciful[29]. Everyone thinks[30] of Thee.

302
All the beings are Thine and Thou belongest to all[31]. Thou deliverest[32] one and all.

Slok 4th Guru.
Hear, O my Friend, the message[34]

ਸਲੋਕ ਚੌਥੀ ਪਾਤਸ਼ਾਹੀ ।
ਸਮੂਹ ਦਿਹਾੜਾ[97], ਮੇਰੀ ਆਤਮਾ[93] ਤੇ ਦੇਹਿ[94] ਮੇਰੇ ਪ੍ਰੀਤਮ[96] ਦੇ ਪਿਆਰ[95] ਨਾਲ ਰੰਗੇ[98] ਰਹਿੰਦੇ ਹਨ ।

ਗੋਲੇ[99] ਨਾਨਕ ਉਤੇ ਮਿਹਰ[100] ਕਰ[2], ਹੇ ਸੁਆਮੀ ! ਤਾਂ ਜੋ ਉਹ ਸਤਿਗੁਰਾਂ ਨੂੰ ਮਿਲ ਕੇ ਆਰਾਮ[3] ਵਿਚ ਵੱਸੇ[4] ।

ਚੌਥੀ ਪਾਤਸ਼ਾਹੀ
ਜਿਨ੍ਹਾਂ ਦੇ ਦਿਲ[5] ਅੰਦਰ ਪਿਆਰ ਦੀ ਪਿਰਹੜੀ ਹੈ, ਜਦੋਂ[6] ਉਹ ਸਾਹਿਬ ਦਾ ਜੱਸ ਉਚਾਰਣ[7] ਕਰਦੇ ਹਨ, ਤਦੋਂ[8] ਉਹ ਸੁੰਦਰ[9] ਜਾਪਦੇ ਹਨ ।

ਨਾਨਕ ਪ੍ਰੀਤਮ[14] ਵਾਹਿਗੁਰੂ, ਜਿਸ ਨੇ ਇਹ ਮੁਹੱਬਤ[13] ਉਨ੍ਹਾਂ ਅੰਦਰ ਫੂਕੀ[12] ਹੈ, ਇਹ ਸਾਰਾ ਕੁਛ ਆਪ[10] ਹੀ ਜਾਣਦਾ ਹੈ ।

ਪਉੜੀ ।
ਤੂੰ ਖੁਦ[15], ਹੇ ਸਿਰਜਣਹਾਰ ਅਚੂਕ[16] ਹੈਂ ! ਤੂੰ ਗਲਤੀ[17] ਵਿਚ ਨਹੀਂ ਹੋ ਸਕਦਾ ।

ਹੇ ਸਤਿਪੁਰਖ[19], ਜੋ ਕੁਛ ਤੂੰ ਕਰਦਾ ਹੈਂ, ਉਹ[18] ਚੰਗਾ[20] ਹੈ । ਗੁਰਾਂ ਦੇ ਉਪਦੇਸ਼[21] ਦੁਆਰਾ ਇਹ ਸਮਝ[22] ਆਉਂਦੀ ਹੈ ।
ਤੂੰ ਸਾਰੇ ਕੰਮ[24] ਕਰਨ[23] ਦੇ ਜੋਗ[25] ਹੈਂ । ਤੇਰੇ ਬਗੈਰ ਹੋਰ[26] ਕੋਈ ਨਹੀਂ ।

ਤੂੰ ਮੇਰੇ ਸੁਆਮੀ[27] ਪਹੁੰਚ ਤੋਂ ਪਰੇ[28] ਅਤੇ ਮਿਹਰਬਾਨ[29] ਹੈਂ । ਹਰ ਕੋਈ ਤੈਨੂੰ ਯਾਦ ਕਰਦਾ[30] ਹੈ ।

੩੦੨
ਸਾਰੇ ਜੀਵ ਤੇਰੇ ਹਨ ਅਤੇ ਤੂੰ ਸਾਰਿਆਂ ਦਾ ਹੈਂ[31] । ਤੂੰ ਸਾਰਿਆਂ ਦੀ ਬੰਦ-ਖਲਾਸ[32] ਕਰਦਾ ਹੈਂ ।

ਸਲੋਕ ਚੌਥੀ ਪਾਤਸ਼ਾਹੀ ।
ਸ੍ਰਵਣ ਕਰ, ਹੇ ਮਿੱਤ੍ਰ ! ਪਿਆਰ[33] ਦਾ ਸੁਨੇਹਾ[34]।

ਅਖੀ[35] ਤਾਰ ਲਗੰਨਿ[36] ॥	of love[33]. My eyes'[35] glance is fixed[36] on Thee.	ਮੇਰੇ ਨੈਣਾਂ[35] ਦੀ ਨੀਝ ਤੇਰੇ ਤੇ ਬੱਝੀ ਹੋਈ[36] ਹੈ।
ਗੁਰਿ ਤੁਠੈ[37] ਸਜਣੁ[38] ਮੇਲਿਆ[42] ਜਨ[39] ਨਾਨਕ ਸੁਖਿ[40] ਸਵੰਨਿ[41] ॥੧॥	Being pleased[37], the Guru has united[42] serf[39] Nanak with the Friend,[38] and he now sleeps[41] in peace[40].	ਪ੍ਰਸੰਨ[37] ਹੋ ਕੇ ਗੁਰਾਂ ਨੇ ਨਫ਼ਰ[39] ਨਾਨਕ ਨੂੰ ਮਿਤ੍ਰ[38] ਨਾਲ ਮਿਲਾ ਦਿੱਤਾ[42] ਹੈ ਅਤੇ ਉਹ ਹੁਣ ਆਰਾਮ[40] ਅੰਦਰ ਸੌਂਦਾ[41] ਹੈ।
ਮ: ੪ ॥	4th Guru.	ਚੌਥੀ ਪਾਤਸ਼ਾਹੀ।
ਸਤਿਗੁਰੁ ਦਾਤਾ[43] ਦਇਆਲੁ[44] ਹੈ ਜਿਸ ਨੋ ਦਇਆ[45] ਸਦਾ[46] ਹੋਇ ॥	The generous[43] True Guru is merciful[44]. He ever[46], feels compassion[45].	ਦਾਤਾਰ[43] ਸਤਿਗੁਰੂ ਜੀ ਕਿਰਪਾਲੂ[44] ਹਨ। ਉਹ ਸਦੀਵ[46], ਮਿਹਰ[45] ਦੇ ਘਰ ਵਸਦੇ ਹਨ।
ਸਤਿਗੁਰੁ ਅੰਦਰਹੁ ਨਿਰਵੈਰੁ[47] ਹੈ ਸਭੁ[48] ਦੇਖੈ ਬ੍ਰਹਮੁ[49] ਇਕੁ[50] ਸੋਇ[51] ॥	The True Guru is Uninimical[47] from within, and beholds that[51] Unique[50] Lord[49] everywhere[48].	ਸੱਚੇ ਗੁਰੂ ਜੀ ਅੰਦਰ-ਵਾਰੋਂ ਦੁਸ਼ਮਨੀ-ਰਹਿਤ[47] ਹਨ ਅਤੇ ਉਸ[51] ਅਦੁੱਤੀ[50] ਸਾਹਿਬ[49] ਨੂੰ ਹਰ ਥਾਂ[48] ਵੇਖਦੇ ਹਨ।
ਨਿਰਵੈਰਾ[55] ਨਾਲਿ ਜਿ ਵੈਰੁ[52] ਚਲਾਇਦੇ[53] ਤਿਨ ਵਿਚਹੁ ਤਿਸਟਿਆ[54] ਨ ਕੋਇ ॥	None of those, who bear[53] enmity[52] to the Uninimical[55], gets satiated[54].	ਜੋ ਵੈਰ-ਵਿਰੋਧ ਰਹਿਤਾਂ[55]ਨਾਲ ਦੁਸ਼ਮਨੀ[52]ਕਰਦੇ[53] ਹਨ, ਉਨ੍ਹਾਂ ਵਿਚੋਂ ਕੋਈ ਭੀ ਸੰਤੁਸ਼ਟ[54] ਨਹੀਂ ਹੁੰਦਾ।
ਸਤਿਗੁਰੁ ਸਭਨਾ ਦਾ ਭਲਾ[56] ਮਨਾਇਦਾ[57] ਤਿਸ ਦਾ ਬੁਰਾ[58] ਕਿਉ[59] ਹੋਇ ॥	The True Guru wishes[57] well[56] of everyone. How[59] can evil[58] befall him ?	ਸੱਚੇ ਗੁਰੂ ਜੀ ਸਾਰਿਆਂ ਦੀ ਸੁਖ[56] ਮੰਗਦੇ[57] ਹਨ। ਉਨ੍ਹਾਂ ਦਾ ਮੰਦਾ[58] ਕਿਸ ਤਰ੍ਹਾਂ[59] ਹੋ ਸਕਦਾ ਹੈ ?
ਸਤਿਗੁਰ ਨੋ ਜੇਹਾ[60] ਕੋ ਇਛਦਾ[61] ਤੇਹਾ[62] ਫਲੁ[63] ਪਾਏ[64] ਕੋਇ ॥	As[60] anyone feels[61] toward the True Guru, so[62] is the fruit[63] he gets[64].	ਸੱਚੇ ਗੁਰਾਂ ਵੱਲ ਜੇਹੋ ਜੇਹੀ[60] ਕੋਈ ਭਾਵਨਾ[61] ਰਖਦਾ ਉਹੋ ਜੇਹਾ[62] ਹੀ ਉਹ ਮੇਵਾ[63] ਪਾ ਲੈਂਦਾ[64] ਹੈ।
ਨਾਨਕ ਕਰਤਾ[65] ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ[66] ਨ ਹੋਇ ॥੨॥	Nanak, the Creator[65], from whom nothing can remain hidden[66], knows everything.	ਨਾਨਕ, ਸਿਰਜਣਹਾਰ[65] ਜਿਸ ਪਾਸੋਂ ਕੁਝ ਭੀ ਲੁਕਿਆ ਛਿਪਿਆ[66] ਨਹੀਂ ਰਹਿ ਸਕਦਾ, ਸਾਰਾ ਕੁਝ ਜਾਣਦਾ ਹੈ।
ਪਉੜੀ ॥	Pauri.	ਪਉੜੀ।
ਜਿਸ ਨੋ ਸਾਹਿਬੁ ਵਡਾ ਕਰੇ ਸੋਈ[66*] ਵਡ[67] ਜਾਣੀ[68] ॥	Know[68] him alone[66*] to be great[67], whom the Lord makes great.	ਕੇਵਲ[66*] ਉਸੇ ਨੂੰ ਵਿਸ਼ਾਲ[67] ਸਮਝ[68] ਜਿਸ ਨੂੰ ਸੁਆਮੀ ਵਿਸ਼ਾਲ ਕਰਦਾ ਹੈ।
ਜਿਸੁ ਸਾਹਿਬ[69] ਭਾਵੈ ਤਿਸੁ ਬਖਸਿ[70] ਲਏ ਸੋ ਸਾਹਿਬ ਮਨਿ ਭਾਣੀ[71] ॥	The Lord pardons[70] him whom He wishes[69], and he becomes pleasing[71] to Lord's mind	ਸੁਆਮੀ ਉਸ ਨੂੰ ਮਾਫ਼[70] ਕਰ ਦਿੰਦਾ ਹੈ, ਜਿਹੜਾ ਉਸ ਨੂੰ ਚੰਗਾ[69] ਲੱਗਦਾ ਹੈ ਅਤੇ ਉਹ ਸੁਆਮੀ ਦੇ ਚਿੱਤ ਨੂੰ ਚੰਗਾ ਲੱਗਦਾ[71] ਹੈ।
ਜੇ ਕੋ ਓਸ ਦੀ ਰੀਸ[72] ਕਰੇ ਸੋ ਮੂੜ[73] ਅਜਾਣੀ[74] ॥	He, who rivals[72] him, is an insensate[74] fool[73].	ਜੋ ਕੋਈ ਉਸ ਦੀ ਤੁਲਨਾ[72] ਕਰਦਾ ਹੈ ਉਹ ਬੇਸਮਝ[74]-ਬੇਵਕੂਫ਼[73] ਹੈ।
ਜਿਸ ਨੋ ਸਤਿਗੁਰੁ ਮੇਲੇ[75]	He, whom the Satguru unites[75]	ਜਿਸ ਨੂੰ ਸਤਿਗੁਰੂ ਜੀ ਸਾਹਿਬ ਨਾਲ ਜੋੜਦੇ[75] ਹਨ,

ਸੁ ਗੁਣ[76] ਰਵੈ[77] ਗੁਣ[78] ਆਖਿ ਵਖਾਣੀ[79] ॥	with the Lord, sings[77] His praises[76] and utters and narrates[79] His excellences[78].	ਉਹ ਉਸ ਦਾ ਜੱਸ[76] ਗਾਇਨ[77] ਕਰਦਾ ਹੈ ਅਤੇ ਉਸ ਦੀਆਂ ਸਰੇਸ਼ਟਤਾਈਆਂ[78] ਨੂੰ ਕਹਿੰਦਾ ਤੇ ਵਰਨਣ ਕਰਦਾ[79] ਹੈ।
ਨਾਨਕ ਸਚਾ[80] ਸਚੁ ਹੈ ਬੁਝਿ[81] ਸਚਿ[82] ਸਮਾਣੀ[83] ॥੫॥	Nanak, the True One[80] alone is True. He who understands[81] Him is absorbed[83] in Truth[82].	ਨਾਨਕ, ਕੇਵਲ ਸਤਿਪੁਰਖ[80] ਹੀ ਸੱਚਾ ਹੈ। ਜੋ ਕੋਈ ਉਸ ਨੂੰ ਸਮਝਦਾ[81] ਹੈ, ਉਹ ਸੱਚ[82] ਅੰਦਰ ਲੀਨ[83] ਹੋ ਜਾਂਦਾ ਹੈ।
ਸਲੋਕ ਮ: ੪ ॥	Slok, 4th Guru.	ਸਲੋਕ ਚੌਥੀ ਪਾਤਸ਼ਾਹੀ।
ਹਰਿ ਸਤਿ[84] ਨਿਰੰਜਨ[85] ਅਮਰੁ[86] ਹੈ ਨਿਰਭਉ[87] ਨਿਰਵੈਰੁ[88] ਨਿਰੰਕਾਰੁ[89] ॥	God is True [84], Immaculate[85], Eternal[86], Fearless[87], without enmity[88] and Formless[89].	ਵਾਹਿਗੁਰੂ ਸੱਚਾ[84], ਸ਼ੁੱਧ[85], ਅਬਿਨਾਸੀ[86], ਨਿਡੱਰ[87], ਵੈਰ ਵਿਰੋਧ-ਰਹਿਤ[88] ਅਤੇ ਨਿਰ-ਸਰੂਪ[89] ਹੈ।
ਜਿਨ ਜਪਿਆ[90] ਇਕ ਮਨਿ ਇਕ ਚਿਤਿ ਤਿਨ ਲਥਾ[91] ਹਉਮੈ[92] ਭਾਰੁ[93] ॥	They, who contemplate[90] over Him with single mind and single heart, get rid of[91] the load[93] of pride[92].	ਜੋ ਉਸ ਦਾ ਇੱਕ ਹਿਰਦੇ ਤੇ ਦਿਲ ਨਾਲ ਸਿਮਰਨ[90] ਕਰਦੇ ਹਨ, ਉਹ ਹੰਕਾਰ[92] ਦੇ ਬੋਝ[93] ਤੋਂ ਖਲਾਸੀ ਪਾ ਜਾਂਦੇ[91] ਹਨ।
ਜਿਨ ਗੁਰਮੁਖਿ[94] ਹਰਿ ਆਰਾਧਿਆ[95] ਤਿਨ ਸੰਤ ਜਨਾ[96] ਜੈਕਾਰੁ[97] ॥	Hail[97], unto the sainty persons[96], who, through the Guru[94], have meditated[95] on God.	ਸ਼ਾਬਾਸ਼[97] ਹੈ ਉਨ੍ਹਾਂ ਸਾਧ ਸਰੂਪ[96] ਪੁਰਸ਼ਾਂ ਦੇ, ਜਿਨ੍ਹਾਂ ਨੇ ਗੁਰਾਂ ਦੁਆਰਾ[94], ਵਾਹਿਗੁਰੂ ਦਾ ਸਿਮਰਨ[95]ਕੀਤਾ ਹੈ।
ਕੋਈ[2] ਨਿੰਦਾ[98] ਕਰੇ ਪੂਰੇ[3] ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ[99] ਕਹੈ ਸਭੁ ਸੰਸਾਰੁ[100] ॥	If someone[2] slanders[98] the Perfect[3] Satguru, him the whole world[100] rebukes and reproaches[99].	ਜੇਕਰ ਕੋਈ[2] ਪੂਰਨ[3] ਸਤਿਗੁਰਾਂ ਦੀ ਬਦਖੋਈ[98] ਕਰਦਾ ਹੈ, ਉਸ ਨੂੰ ਸਾਰਾ ਜਹਾਨ[100] ਲਾਨ੍ਹਤ ਤੇ ਫਿਟਕਾਰ ਪਾਉਂਦਾ[99] ਹੈ।
ਸਤਿਗੁਰ ਵਿਚਿ ਆਪਿ ਵਰਤਦਾ[4] ਹਰਿ ਆਪੇ ਰਖਣਹਾਰੁ[5] ॥	Within the Satguru, God Himself abides[4], and Himself is his protector[5].	ਸਤਿਗੁਰਾਂ ਅੰਦਰ ਨਾਰਾਇਣ ਖ਼ੁਦ ਵਸਦਾ[4] ਹੈ ਅਤੇ ਹੀ ਉਨ੍ਹਾਂ ਦਾ ਰਖਵਾਲਾ[5] ਹੈ।
ਧਨੁ[6] ਧੰਨੁ ਗੁਰੂ ਗੁਣ[7] ਗਾਵਦਾ ਤਿਸ ਨੋ[8] ਸਦਾ ਸਦਾ[9] ਨਮਸਕਾਰੁ[10] ॥	Blest[6] ! blest ! is the Guru, who sings Lord's praises[7]. Unto[8] him, ever and ever[9], I make an obeisance[10].	ਮੁਬਾਰਕ[6] ! ਮੁਬਾਰਕ ! ਹੈ, ਗੁਰੂ ਜੋ ਪ੍ਰਭੂ ਦਾ ਜੱਸ[7] ਗਾਇਨ ਕਰਦਾ ਹੈ। ਉਸ ਨੂੰ[8] ਮੈਂ ਸਦੀਵ ਤੇ ਹਮੇਸ਼ਾ[9] ਬੰਦਨਾ[10] ਕਰਦਾ ਹਾਂ।
ਜਨ[12] ਨਾਨਕ ਤਿਨ ਕਉ ਵਾਰਿਆ[13] ਜਿਨ ਜਪਿਆ[14] ਸਿਰਜਣਹਾਰੁ[15] ॥੧॥	Slave[12] Nanak is a sacrifice[13] unto those, who have contemplated[14] over their Creator[15].	ਗੋਲਾ[12] ਨਾਨਕ ਉਨ੍ਹਾਂ ਉਤੋਂ ਬਲਿਹਾਰਨੇ[13] ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਕਰਤਾਰ[15] ਦਾ ਆਰਾਧਨ[14] ਕੀਤਾ ਹੈ।
ਮ: ੪ ॥	4th Guru.	ਚੌਥੀ ਪਾਤਸ਼ਾਹੀ।
ਆਪੇ[16]ਧਰਤੀ[17]ਸਾਜੀਅਨੁ[18] ਆਪੇ ਆਕਾਸੁ[19] ॥	God Himself[16] has made[18] the earth[17] and Himself the sky[19].	ਵਾਹਿਗੁਰੂ ਨੇ ਖ਼ੁਦ[16] ਜ਼ਮੀਨ[17] ਰਚੀ[18] ਹੈ ਅਤੇ ਖ਼ੁਦ ਹੀ ਅਸਮਾਨ[19]।
ਵਿਚਿ ਆਪੇ ਜੰਤ[20]	He of Himself created[21] the beings[20]	ਉਨ੍ਹਾਂ ਵਿਚ ਉਸ ਨੇ ਆਪ ਹੀ ਜੀਵ[20] ਪੈਦਾ[21] ਕੀਤੇ

ਉਪਾਇਅਨੁ[21] ਮੁਖਿ[22]ਆਪੇ ਦੇਇ[23] ਗਿਰਾਸੁ[24] ॥

therein, and of Himself puts[23] morsels[24] (food) in their mouths[22].

ਹਨ ਅਤ ਆਪ ਹੀ ਉਨ੍ਹਾਂ ਦੇ ਮੂੰਹਾਂ[22] ਵਿਚ ਬੁਰਕੀਆਂ[24] (ਭੋਜਨ) ਪਾਉਂਦਾ[23] ਹੈ ।

ਸਭ[25] ਆਪੇ ਆਪਿ[26] ਵਰਤਦਾ[27] ਆਪੇ ਹੀ ਗੁਣ[28] ਤਾਸੁ[29] ॥

All by Himself[26] He pervades[27] everywhere[25] and Himself is the treasure[29] of excellences[28].

ਆਪਣੇ ਆਪ[26] ਹੀ ਉਹ ਹਰ ਥਾਂ[25] ਵਿਆਪਕ[27] ਹੋ ਹੈ ਅਤੇ ਆਪ ਹੀ ਉਤਕ੍ਰਿਸ਼ਟਤਾਈਆਂ[28] ਦਾ ਖ਼ਜ਼ਾਨਾ[29] ਹੈ ।

ਜਨ[30] ਨਾਨਕ ਨਾਮੁ ਧਿਆਇ[31] ਤੂ ਸਭਿ ਕਿਲਵਿਖ[32] ਕਟੇ[33] ਤਾਸੁ[34] ॥੨॥

Remember[31] Thou God's Name, O slave[30] Nanak, and He shall efface[33] all thine[34] sins[32].

ਤੂੰ ਰੱਬ ਦੇ ਨਾਮ ਦਾ ਸਿਮਰਨ[31] ਕਰ ਹੇ ਗੋਲੇ[30]ਨਾਨਕ ! ਅਤੇ ਉਹ ਤੇਰੇ[34] ਸਾਰੇ ਪਾਪ[32] ਨਾਸ[33] ਕਰ ਦਏਗਾ ।

ਪਉੜੀ ॥

Pauri.

ਪਉੜੀ ।

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ[35] ॥

Thou, O True Lord, art True. The truth is pleasing[35] to the True One.

ਤੂੰ ਹੇ ਸੱਚੇ ਸੁਆਮੀ ! ਸੱਚਾ ਹੈਂ । ਸੱਚ ਸਤਿਪੁਰਖ ਨੂੰ ਚੰਗਾ[35] ਲੱਗਦਾ ਹੈ ।

ਜੋ ਤੁਧੁ ਸਚੁ ਸਲਾਹਦੇ[36] ਤਿਨ ਜਮ[37] ਕੰਕਰੁ[38] ਨੇੜਿ[39] ਨ ਆਵੈ ॥

Death's[37] myrmidon[38] draws not near[39] them, who praise[36] Thee, O True Lord.

ਮੌਤ[37] ਦਾ ਦੂਤ[38] ਉਨ੍ਹਾਂ ਦੇ ਲਾਗੇ[39] ਨਹੀਂ ਲੱਗਦਾ, ਜੋ ਤੇਰੀ, ਹੇ ਸੱਚੇ ਸੁਆਮੀ ! ਪ੍ਰਸ਼ੰਸਾ[36] ਕਰਦੇ ਹਨ ।

ਤਿਨ ਕੇ ਮੁਖ[40] ਦਰਿ[41] ਉਜਲੇ[42] ਜਿਨ ਹਰਿ ਹਿਰਦੈ[44] ਸਚਾ ਭਾਵੈ[43] ॥

The faces[40] of those to whose mind[44] the True Lord is pleasing[43], sparkle[42] in His court[41].

ਜਿਨ੍ਹਾਂ ਦੇ ਚਿੱਤ[44] ਨੂੰ ਸੱਚਾ ਸੁਆਮੀ ਚੰਗਾ ਲੱਗਦਾ[43] ਹੈ, ਉਨ੍ਹਾਂ ਦੇ ਚਿਹਰੇ[40] ਉਸ ਦੇ ਦਰਬਾਰ[41] ਵਿਚ ਰੋਸ਼ਨ[42] ਹੁੰਦੇ ਹਨ ।

ਕੂੜਿਆਰ[45] ਪਿਛਾਹਾ ਸਟੀਅਨਿ[46] ਕੂੜੁ[47] ਹਿਰਦੈ ਕਪਟੁ[48] ਮਹਾ[49] ਦੁਖੁ ਪਾਵੈ[50] ॥

The false[45] are pushed[46] behind, because of falsehood[47] and deceit[48] in their mind they suffer[50] great[49] pain.

ਝੂਠੇ[45] ਪਿੱਛੇ ਧੱਕੇ[46] ਜਾਂਦੇ ਹਨ, ਚਿੱਤ ਵਿਚ ਝੂਠ[47] ਤੇ ਛਲ[48] ਹੋਣ ਦੇ ਕਾਰਨ, ਉਹ ਘਣਾ[49] ਕਸ਼ਟ ਉਠਾਉਂਦੇ[50] ਹਨ ।

ਮੁਹ ਕਾਲੇ[51] ਕੂੜਿਆਰੀਆ ਕੂੜਿਆਰ ਕੂੜੇ ਹੋਇ[52] ਜਾਵੈ ॥੬॥

Black[51] are the faces of the liars. The false remain[52] but false.

ਸਿਆਹ[51] ਹਨ ਚਿਹਰੇ ਝੂਠਿਆਂ ਦੇ । ਝੂਠੇ ਨਿਰੋਲ ਝੂਠੇ ਹੀ ਰਹਿੰਦੇ[52] ਹਨ ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਸ਼ਾਹੀ ।

ਸਤਿਗੁਰੁ ਧਰਤੀ[53] ਧਰਮ[54] ਹੈ ਤਿਸੁ ਵਿਚ[59] ਜੇਹਾ[55] ਕੋ ਬੀਜੇ ਤੇਹਾ[56]ਫਲੁ[57]ਪਾਏ[58]॥

The True Guru is the field[53] of faith[54]. As[55] a man sows there-in, so[56] does he gather[58] the fruit[57].

ਸੱਚਾ ਗੁਰੂ ਸ਼ਰਧਾ[54] ਈਮਾਨ ਦੀ ਜ਼ਮੀਨ[53] ਹੈ । ਉਸ[59] ਵਿਚ ਜਿਹੋ ਜੇਹਾ[55] ਕੋਈ ਬੀਜਦਾ ਹੈ ਉਹੋ ਜਿਹਾ[56] ਹੀ ਮੇਵਾ[57] ਪਾਉਂਦਾ[58] ਹੈ ।

ਗੁਰਸਿਖੀ ਅੰਮ੍ਰਿਤੁ[60] ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥

The Guru's Sikhs sow Nectar[60] and obtain God as their Nectarean fruit.

ਗੁਰੂ ਦੇ ਸਿੱਖ ਆਬਿ-ਹਿਯਾਤ[60] ਬੀਜਦੇ ਹਨ ਅਤੇ ਵਾਹਿਗੁਰੂ ਨੂੰ ਆਪਣੇ ਆਬਿ-ਹਿਯਾਤੀ ਮੇਵੇ ਵਜੋਂ ਪਾਉਂਦੇ ਹਨ ।

ਓਨਾ ਹਲਤਿ[61] ਪਲਤਿ[62] ਮੁਖ ਉਜਲੇ[65] ਓਇ ਹਰਿ

Their faces are bright[65] in this world[61] and the next one[62]. In God's true

ਇਸ ਲੋਕ[61] ਅਤੇ ਪ੍ਰਲੋਕ[62] ਵਿਚ ਉਨ੍ਹਾਂ ਦੇ ਚਿਹਰੇ ਰੋਸ਼ਨ[65] ਹਨ । ਰੱਬ ਦੇ ਸੱਚੇ ਦਰਬਾਰ[63] ਅੰਦਰ ਉਨ੍ਹਾਂ ਨੂੰ

ਦਰਗਹ[63] ਸਚੀ ਪੈਨਾਏ[64] ॥

court[63] they are clothed with robe[64] of honour.

ਇੱਜ਼ਤ ਦੀ ਪੁਸ਼ਾਕ[64] ਪਾਈ ਜਾਂਦੀ ਹੈ ।

੩੦੩

ਇਕਨਾ ਅੰਦਰਿ[66] ਖੋਟੁ[67] ਨਿਤ[68] ਖੋਟੁ ਕਮਾਵਹਿ ਓਹੁ ਜੇਹਾ[69] ਬੀਜੇ ਤੇਹਾ[70] ਫਲੁ ਖਾਏ ॥

ਜਾ ਸਤਿਗੁਰੁ ਸਰਾਫੁ[71] ਨਦਰਿ[72] ਕਰਿ ਦੇਖੈ[73] ਸੁਆਵਗੀਰ[74] ਸਭਿ ਉਘੜਿ[75] ਆਏ ॥

ਓਇ ਜੇਹਾ ਚਿਤਵਹਿ[76] ਨਿਤ[77] ਤੇਹਾ ਪਾਇਨਿ ਓਇ ਤੇਹੋ ਜੇਹੇ ਦਸਿ[78]ਵਜਾਏ[79]॥

ਨਾਨਕ ਦੁਹੀ ਸਿਰੀ[78]* ਖਸਮੁ[79]* ਆਪੇ ਵਰਤੈ[80] ਨਿਤ ਕਰਿ ਕਰਿ[81] ਦੇਖੈ[84] ਚਲਤ[82] ਸਬਾਏ[83] ॥੧॥

ਮ: ੪ ॥

ਇਕੁ ਮਨੁ[84]* ਇਕੁ[86] ਵਰਤਦਾ[85] ਜਿਤੁ[87] ਲਗੈ[88] ਸੋ[89] ਥਾਇ ਪਾਇ[90] ॥

ਕੋਈ[91] ਗਲਾਂ ਕਰੇ[92] ਘਨੇਰੀਆ[93] ਜਿ ਘਰਿ[94] ਵਥੁ[95] ਹੋਵੈ ਸਾਈ ਖਾਇ ॥

ਬਿਨੁ ਸਤਿਗੁਰ ਸੋਝੀ[96] ਨਾ ਪਵੈ ਅਹੰਕਾਰੁ[97]ਨ ਵਿਚਹੁ[98] ਜਾਇ[99] ॥ ਅਹੰਕਾਰੀਆ[100] ਨੋ ਦੁਖ[2] ਭੁਖ[3] ਹੈ ਹਥੁ[4] ਤਡਹਿ[5] ਘਰਿ[6] ਘਰਿ ਮੰਗਾਇ[7] ॥

ਕੂੜੁ[8] ਠਗੀ[9] ਗੁਝੀ[10] ਨਾ ਰਹੈ ਮੁਲੰਮਾ[12] ਪਾਜੁ[13] ਲਹਿ ਜਾਇ[14] ॥

303

Some have malice[67] in their heart[66], they ever[68] act maliciously. As[69] they plant, so[70] is the fruit they eat.

All the self-servers[74] are laid bare[75], when Satguru, the tester[71], sees[73] with the searching glance[72].

As they meditate[76], so do they, ever[77], obtain, and so God[78] makes them known[79].

Nanak, the Lord[79]* Himself pervades[80] both (the good and bad) ends[78]*. He, ever, enacts[81] and beholds[84] various[83] plays[82].

4th Guru.

The One Lord[86] is contained[85] in every man[84]*. Whatever[87] he attaches[88] with, in that[89] he succeeds[90].

The mortal[91] may talk[92] much[93], yet he eats only the article[95] which is in his home[94].

Without the True Guru, understanding[96] is not obtained, nor does pride[97] depart[99] from within[98]. Anguish[2] and hunger[3] cling to the proud[100]. They put[5] out their hand[4] and beg[7] from house[6] to house.

Falsehood[8] and fraud[9] remain not concealed[10]. Gilding[12] and adulteration[13] do finally fail[14].

੩੦੩

ਕਈਆਂ ਦੇ ਦਿਲ[66] ਅੰਦਰ ਕਪਟ[67] ਹੈ ਅਤੇ ਉਹ ਸਦੀਵ[68] ਕਪਟ ਹੀ ਕਮਾਉਂਦੇ ਹਨ, ਜਿਸ ਤਰ੍ਹਾਂ[69] ਦਾ ਉਹ ਬੀਜਦੇ ਹਨ, ਓਸੇ ਤਰ੍ਹਾਂ[70] ਦਾ ਹੀ ਫਲ ਖਾਂਦੇ ਹਨ।

ਜਦ ਪਾਰਖੂ[71], ਸਤਿਗੁਰੂ ਗਹੁ ਦੀ ਨਜ਼ਰ[72] ਨਾਲ ਤੱਕਦਾ[73] ਹੈ, ਤਾਂ ਸਾਰੇ ਮਤਲਬ-ਪ੍ਰਸਤ[74] ਨੰਗੇ ਹੋ ਜਾਂਦੇ[75] ਹਨ ।

ਜੇਹੋ ਜੇਹਾ ਉਹ ਆਰਾਧਦੇ[76] ਹਨ, ਸਦੀਵ[77] ਉਹ ਓਹੋ ਜਿਹਾ ਪਾਉਂਦੇ ਹਨ ਅਤੇ ਵਾਹਿਗੁਰੂ[78] ਉਨ੍ਹਾਂ ਨੂੰ ਉਹੋ ਜਿਹਾ ਹੀ ਉਘਾ[79] ਕਰ ਦਿੰਦਾ ਹੈ ।

ਨਾਨਕ, ਸੁਆਮੀ[79]* ਖੁਦ ਦੋਨਾਂ (ਨੇਕ ਤੇ ਬਦ) ਸਿਰਿਆਂ[78]* ਅੰਦਰ ਵਿਆਪਕ[80] ਹੋ ਰਿਹਾ ਹੈ । ਸਦੀਵ ਹੀ ਉਹ ਅਨੇਕਾਂ[83] ਕਉਤਕ[82] ਰਚਦਾ[81] ਤੇ ਦੇਖਦਾ[84] ਹੈ ।

ਚੌਥੀ ਪਾਤਸ਼ਾਹੀ ।

ਹਰ ਇਕਸ ਇਨਸਾਨ[84]* ਅੰਦਰ ਇਕ ਪ੍ਰਭੂ[86] ਰਮ[85] ਰਿਹਾ ਹੈ । ਜਿਸ ਕਿਸੇ[87] ਨਾਲ ਉਹ ਜੁੜਦਾ[88] ਹੈ, ਉਸ[89] ਵਿਚ ਉਹ ਕਾਮਯਾਬ[90] ਹੋ ਜਾਂਦਾ ਹੈ।

ਪ੍ਰਾਣੀ[91] ਭਾਵੇਂ ਬਹੁਤੀਆਂ[93] ਗੱਲਾਂ-ਬਾਤਾਂ[92] ਕਰੇ, ਪਰ ਉਹ ਓਹੀ ਚੀਜ਼[95] ਖਾਂਦਾ ਹੈ, ਜਿਹੜੀ ਉਸ ਦੇ ਝੁੱਗੇ[94] ਵਿਚ ਹੈ ।

ਸੱਚੇ ਗੁਰਾਂ ਦੇ ਬਾਝੋਂ ਸਮਝ[96] ਪਰਾਪਤ ਨਹੀਂ ਹੁੰਦੀ, ਨਾ ਹੀ ਹੰਕਾਰ[97] ਅੰਦਰੋਂ[98] ਜਾਂਦਾ[99] ਹੈ । ਪੀੜ[2] ਅਤੇ ਭੂਖ[3] ਮਗਰੂਰਾਂ[100] ਨੂੰ ਚਿਮਤਦੀਆਂ ਹਨ । ਉਹ ਆਪਣਾ ਹੱਥ[4] ਟੱਡਦੇ[5] ਹਨ ਤੇ ਦੁਆਰੇ[6] ਦੁਆਰੇ ਮੰਗਦੇ[7] ਫਿਰਦੇ ਹਨ ।

ਝੂਠ[8] ਅਤੇ ਛਲ[9] ਲੁਕੇ[10] ਨਹੀਂ ਰਹਿੰਦੇ । ਝਾਲ[12] ਤੇ ਗਿਲਟ-ਸਾਜ਼ੀ[13] ਓੜਕ ਨੂੰ ਨਿਸਫਲ ਹੋ ਜਾਂਦੇ ਹਨ ।

ਜਿਸੁ ਹੋਵੈ ਪੂਰਬਿ[15] ਲਿਖਿਆ[16] ਤਿਸੁ[17] ਸਤਿਗੁਰੁ ਮਿਲੈ ਪ੍ਰਭੁ[18] ਆਇ ॥

The Lord Incarnate[18] Satguru comes and meets him[17] who is so fated[16] from the beginning[15].

ਸੁਆਮੀ-ਸਰੂਪ[18] ਸਤਿਗੁਰੂ ਜੀ ਉਸ[17] ਨੂੰ ਆ ਕੇ ਮਿਲ ਪੈਂਦੇ ਹਨ, ਜਿਸ ਲਈ ਇਹੋ ਜਿਹੀ ਲਿਖਤਾਕਾਰ[16] ਧੁਰ ਮੁੱਢ[15] ਤੋਂ ਹੈ ।

ਜਿਉ[19] ਲੋਹਾ ਪਾਰਸਿ[20] ਭੇਟੀਐ[21] ਮਿਲਿ[24] ਸੰਗਤਿ[22] ਸੁਵਰਨੁ[23] ਹੋਇ ਜਾਇ ॥

As[19] iron becomes gold[23] by touching[21] the philosopher's stone[20], so does man become invaluable by meeting[24] Guru's congregation[22].

ਜਿਸ ਤਰ੍ਹਾਂ[19] ਪਾਰਸ[20] ਨਾਲ ਲੱਗ[21] ਕੇ, ਲੋਹਾ ਸੋਨਾ[23] ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰਾਂ ਦੀ ਸੰਗਤ[22] ਨਾਲ ਮਿਲ[24] ਕੇ ਇਨਸਾਨ ਨਿਰਮੋਲਕ ਬਣ ਜਾਂਦਾ ਹੈ ।

ਜਨ[25] ਨਾਨਕ ਕੇ ਪ੍ਰਭ ਤੂ ਧਣੀ[26] ਜਿਉ[27] ਭਾਵੈ[28] ਤਿਵੈ[29] ਚਲਾਇ[30] ॥੨॥

O Lord, Thou art the Master[26] of slave[25] Nanak. As[27] Thou willest[28], so[29] doest Thou lead[30] him.

ਹੇ ਸੁਆਮੀ ! ਤੂੰ ਗੋਲੇ[25] ਨਾਨਕ ਦਾ ਮਾਲਕ[26] ਹੈਂ । ਜਿਸ ਤਰ੍ਹਾਂ[27] ਤੈਨੂੰ ਚੰਗਾ ਲਗਦਾ[28] ਹੈ ਓਸੇ ਤਰ੍ਹਾਂ[29] ਤੂੰ ਉਸ ਨੂੰ ਟੋਰ[30] ।

ਪਉੜੀ ॥

Pauri.

ਪਉੜੀ ।

ਜਿਨ ਹਰਿ ਹਿਰਦੈ[31] ਸੇਵਿਆ ਤਿਨ ਹਰਿ ਆਪਿ[32] ਮਿਲਾਏ ॥

Who heartily[31] serves Lord, him the Lord unites with Himself[32].

ਜੋ ਦਿਲੋਂ[31] ਸੁਆਮੀ ਦੀ ਸੇਵਾ ਕਮਾਉਂਦਾ ਹੈ, ਉਸ ਨੂੰ ਸੁਆਮੀ ਆਪਣੇ[32] ਨਾਲ ਮਿਲਾ ਲੈਂਦਾ ਹੈ ।

ਗੁਣ[33] ਕੀ ਸਾਝ[34] ਤਿਨ ਸਿਉ ਕਰੀ ਸਭਿ ਅਵਗਣ[35] ਸਬਦਿ[36] ਜਲਾਏ[37] ॥

I enter into partnership[34] of merits[33] with them and burn[37] all the demerits[35] with the fire of God's Name[36].

ਮੈਂ ਉਨ੍ਹਾਂ ਨਾਲ ਨੇਕੀਆਂ[33] ਦੀ ਭਾਈਵਾਲੀ[34] ਕਰਦਾ ਹਾਂ ਅਤੇ ਰੱਬ ਦੇ ਨਾਮ[36] ਦੀ ਅੱਗ ਨਾਲ ਬਦੀਆਂ[35] ਨੂੰ ਸਾੜਦਾ[37] ਹਾਂ ।

ਅਉਗਣ[43] ਵਿਕਣਿ[38] ਪਲਰੀ[39] ਜਿਸੁ ਦੇਹਿ[40] ਸੁ ਸਚੇ[41] ਪਾਏ[42] ॥

The sins[43] are bought[38] cheap like straw[39]. He alone obtains[42] the virtues, whom the[40] True Lord[41] gives.

ਘਾਸ ਫੂਸ[39] ਦੀ ਤਰ੍ਹਾਂ ਪਾਪ[43] ਸਸਤੇ ਖ਼ਰੀਦੇ[38] ਜਾਂਦੇ ਹਨ । ਕੇਵਲ ਓਹੀ ਨੇਕੀਆਂ ਹਾਸਲ[42] ਕਰਦਾ ਹੈ, ਜਿਸ ਨੂੰ ਉਹ[40] ਸੱਚਾ ਸੁਆਮੀ[41] ਦਿੰਦਾ ਹੈ ।

ਬਲਿਹਾਰੀ[43*] ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ[44] ॥

Devoted[43*] am I unto my Guru, who effacing sins has manifested[44] virtues unto me.

ਸਦਕੇ[43*] ਜਾਂਦਾ ਹਾਂ ਮੈਂ ਆਪਣੇ ਗੁਰਾਂ ਉਤੋਂ ਜਿਨ੍ਹਾਂ ਨੇ ਪਾਪ ਮੇਸਕੇ, ਮੇਰੇ ਵਿਚ ਨੇਕੀਆਂ ਪ੍ਰਕਾਸ਼[44] ਕਰ ਦਿੱਤੀਆਂ ਹਨ ।

ਵਡੀ[45] ਵਡਿਆਈ[46] ਵਡੇ[47] ਕੀ ਗੁਰਮੁਖਿ[48] ਆਲਾਏ[49] ॥੭॥

The Guru-ward[48] utters[49] the great[45] glory[46] of the great[47] Lord.

ਗੁਰੂ-ਸਮਰਪਣ[48] ਵਿਸ਼ਾਲ[47] ਪ੍ਰਭੂ ਦੀ ਵਿਸ਼ਾਲ[45] ਪ੍ਰਭੁਤਾ[46] ਉਚਾਰਨ[49] ਕਰਦਾ ਹੈ ।

ਸਲੋਕ ਮ: ੪ ॥

Slok, 4th Guru.

ਸਲੋਕ ਚੌਥੀ ਪਾਤਸ਼ਾਹੀ ।

ਸਤਿਗੁਰ ਵਿਚਿ ਵਡੀ ਵਡਿਆਈ[50] ਜੋ ਅਨ[51] ਦਿਨੁ ਹਰਿ ਹਰਿ ਨਾਮੁ ਧਿਆਵੈ[52] ॥

Great is the greatness[50] in the True Guru, who night[51] and day ponders[52] on the Name of Lord God.

ਵਿਸ਼ਾਲ ਹੈ ਵਿਸ਼ਾਲਤਾ[50] ਸੱਚੇ ਗੁਰਾਂ ਦੀ, ਜੋ ਦਿਨ ਰਾਤ[51] ਵਾਹਿਗੁਰੂ ਸੁਆਮੀ ਦੇ ਨਾਮ ਦਾ ਆਰਾਧਨ[52] ਕਰਦੇ ਹਨ ।

ਹਰਿ ਹਰਿ ਨਾਮੁ ਰਮਤ[53] ਸੁਚ[54] ਸੰਜਮੁ[55] ਹਰਿ ਨਾਮੇ ਹੀ ਤ੍ਰਿਪਤਾਵੈ[56] ॥

The repetition[53] of Lord Master's Name alone is his purity[54] and self-restraint[55]. With God's Name he is sated[56].

ਸੁਆਮੀ ਮਾਲਕ ਦੇ ਨਾਮ ਦਾ ਉਚਾਰਨ[53] ਹੀ ਉਸ ਦੀ ਪਵਿੱਤ੍ਰਤਾ[54] ਤੇ ਸਵੈ-ਰੋਕ ਥਾਮ[55] ਹੈ । ਰੱਬ ਦੇ ਨਾਮ ਨਾਲ ਹੀ ਉਸ ਨੂੰ ਰੱਜ[56] ਆਉਂਦਾ ਹੈ ।

ਹਰਿ ਨਾਮੁ ਤਾਣੁ[57] ਹਰਿ ਨਾਮੁ ਦੀਬਾਣੁ[58] ਹਰਿ ਨਾਮੋ ਰਖ[59] ਕਰਾਵੈ ॥

God's Name is his power[57] and God's Name his prop[58]. God's Name alone protects[59] him,

ਵਾਹਿਗੁਰੂ ਦਾ ਨਾਮ ਉਨ੍ਹਾਂ ਦਾ ਬਲ[57] ਹੈ ਤੇ ਵਾਹਿਗੁਰੂ ਦਾ ਨਾਮ ਹੀ ਆਸਰਾ[58]। ਕੇਵਲ ਵਾਹਿਗੁਰੂ ਦਾ ਨਾਮ ਹੀ ਉਨ੍ਹਾਂ ਦੀ ਰਖਿਆ[59] ਕਰਦਾ ਹੈ।

ਜੋ ਚਿਤੁ ਲਾਇ[60] ਪੂਜੈ[61] ਗੁਰ ਮੂਰਤਿ[62] ਸੋ ਮਨ[65] ਇਛੇ[63] ਫਲ[64] ਪਾਵੈ ॥

He, who heartily[60] adores[61] Guru's being[62], obtains the boons[64] his heart[65] desires[63].

ਜੋ ਦਿਲ ਲਾ ਕੇ[60] ਗੁਰਾਂ ਦੀ ਵਿਅਕਤੀ[62] ਦੀ ਉਪਾਸ਼ਨਾ[61] ਕਰਦਾ ਹੈ, ਉਹ ਆਪਣੇ ਚਿੱਤ[65] ਚਾਹੁੰਦੀਆਂ[63] ਮੁਰਾਦਾਂ[64] ਪਾ ਲੈਂਦਾ ਹੈ।

ਜੋ ਨਿੰਦਾ ਕਰੇ[66] ਸਤਿਗੁਰ ਪੂਰੇ[67] ਕੀ ਤਿਸੁ[68] ਕਰਤਾ[69] ਮਾਰ ਦਿਵਾਵੈ[70] ॥

Who slanders[66] the perfect[67] True Guru, him[68], the Creator[69] destroys[70].

ਜੋ ਪੂਰਨ[67] ਸੱਚੇ ਗੁਰਾਂ ਦੀ ਬਦਖੋਈ[66] ਕਰਦਾ ਹੈ, ਉਸ[68] ਨੂੰ ਸਿਰਜਣਹਾਰ[69] ਨਾਸ[70] ਕਰ ਦਿੰਦਾ ਹੈ।

ਫੇਰਿ[71] ਓਹ ਵੇਲਾ[72] ਓਸੁ ਹਥਿ ਨ ਆਵੈ ਓਹੁ ਆਪਣਾ[73] ਬੀਜਿਆ ਆਪੇ[74] ਖਾਵੈ ॥

That opportunity[72] comes not to his hand, again[71]. He Himself[74] eats what he himself[73] has sown.

ਉਹ ਅਉਸਰ[72] ਉਸ ਨੂੰ ਮੁੜ[71] ਕੇ ਹੱਥ ਨਹੀਂ ਲਗਦਾ। ਜੋ ਕੁਛ ਉਸ ਨੇ ਖ਼ੁਦ[73] ਬੀਜਿਆ ਹੈ, ਉਹ ਆਪ[74] ਹੀ ਖਾਂਦਾ ਹੈ।

ਨਰਕਿ[75] ਘੋਰਿ[76] ਮੁਹਿ[77] ਕਾਲੈ[78] ਖੜਿਆ[79] ਜਿਉ[80] ਤਸਕਰੁ[81] ਪਾਇ[82] ਗਲਾਵੈ[83] ॥

Putting[82] a halter round his neck[83], he shall be taken[79] to the terrible[76] hell[75] with blackened[78] face[77], like[80] a thief[81].

ਉਸ ਦੀ ਗਰਦਨ[83] ਦੁਆਲੇ ਰੱਸਾ ਪਾ ਕੇ[82] ਉਹ ਸਿਆਹ[78] ਮੂੰਹ[77] ਨਾਲ ਭਿਆਨਕ[76] ਦੋਜ਼ਕ[75] ਵਿਚ, ਚੋਰ[81] ਦੀ ਤਰ੍ਹਾਂ[80] ਲਿਆਂਦਾ[79] ਜਾਏਗਾ।

ਫਿਰਿ[84] ਸਤਿਗੁਰ ਕੀ ਸਰਣੀ[85] ਪਵੈ[86] ਤਾ[87] ਉਬਰੈ[88] ਜਾ[89] ਹਰਿ ਹਰਿ[90] ਨਾਮੁ ਧਿਆਵੈ[91] ॥

When[89] he, again[84] seeks[86] Satguru's protection[85] and remembers[91] Lord[90] God's Name, then[87], is he saved[88].

ਜਦ[89] ਉਹ, ਮੁੜ ਕੇ[84], ਸੱਚੇ ਗੁਰਾਂ ਦੀ ਪਨਾਹ[85] ਲੈ ਲੈਂਦਾ[86] ਹੈ, ਅਤੇ ਵਾਹਿਗੁਰੂ ਸੁਆਮੀ[90] ਦੇ ਨਾਮ ਦਾ ਆਰਾਧਨ[91] ਕਰਦਾ ਹੈ, ਤਦ[87] ਉਹ ਪਾਰ ਉਤਰ[88] ਜਾਂਦਾ ਹੈ।

ਹਰਿ[92] ਬਾਤਾ[93] ਆਖਿ ਸੁਣਾਏ[94] ਨਾਨਕੁ ਹਰਿ ਕਰਤੇ[96]ਏਵੈ[97] ਭਾਵੈ[98]॥੧॥

Nanak utters and announces[94] the proceedings[93] of God's court[92]. So[97] it pleases[98] God, the Creator[96].

ਨਾਨਕ ਰੱਬ ਦੇ ਦਰਬਾਰ[92] ਦੀ ਕਾਰਵਾਈ[93] ਕਹਿ ਕੇ ਸੁਣਾਉਂਦਾ[94] ਹੈ। ਵਾਹਿਗੁਰੂ ਸਿਰਜਣਹਾਰ[96] ਨੂੰ ਇਸ ਤਰ੍ਹਾਂ[97] ਹੀ ਚੰਗਾ ਲੱਗਦਾ[98] ਹੈ।

ਮ: ੪ ॥

4th Guru

ਚੌਥੀ ਪਾਤਸ਼ਾਹੀ।

ਪੂਰੇ[99] ਗੁਰ ਕਾ ਹੁਕਮੁ[100] ਨ ਮੰਨੈ[2] ਓਹੁ ਮਨਮੁਖੁ[3] ਅਗਿਆਨੁ[4] ਮੁਠਾ[5] ਬਿਖੁ[6] ਮਾਇਆ[7] ॥

He, who obeys[2] not the Perfect[99] Guru's order[100], is perverse[3] and robbed[5] by ignorance[4] and poisonous[6] mammon[7].

ਜੋ ਪੂਰਨ[99] ਗੁਰਾਂ ਦੇ ਫ਼ੁਰਮਾਨ[100] ਦੀ ਪਾਲਣਾ[2] ਨਹੀਂ ਕਰਦਾ, ਉਹ ਆਪ-ਹੁਦਰਾ[3] ਹੈ ਤੇ ਉਸ ਨੂੰ ਬੇਸਮਝੀ[4] ਤੇ ਜ਼ਹਿਰੀਲੀ[6] ਮੋਹਨੀ[7] ਨੇ ਠੱਗ ਲਿਆ[5] ਹੈ।

ਓਸੁ ਅੰਦਰਿ[8] ਕੂੜੁ ਕੂੜੋ[9] ਕਰਿ[17] ਬੁਝੈ[10] ਅਣਹੋਦੇ[12] ਝਗੜੇ[13] ਦਯਿ[14] ਓਸ ਦੈ ਗਲਿ[15] ਪਾਇਆ[16] ॥

In his mind[8] is falsehood and he deems[10] everyone as[17] false[9]. The Lord[14] has fastened[16] superfluous[12] strifes[13] round his neck[15].

ਉਸ ਦੇ ਚਿੱਤ[8] ਅੰਦਰ ਝੂਠ ਹੈ ਅਤੇ ਉਹ ਹਰ ਇਕ ਨੂੰ ਝੂਠਾ[9] ਕਰਕੇ[17] ਜਾਣਦਾ[10] ਹੈ। ਪ੍ਰਭੂ[14] ਨੇ ਫ਼ਜ਼ੂਲ[12] ਟੰਟੇ ਪੁਆੜੇ[13] ਉਸ ਦੇ ਗੱਲ[15] ਮੜ੍ਹ[16] ਛੱਡੇ ਹਨ।

ਓਹੁ ਗਲ ਫਰੋਸੀ[18] ਕਰੇ

He prattles[18] a good deal[19], but what

ਉਹ ਬੜੀ[19] ਬਕਬਾਦ[18] ਕਰਦਾ ਹੈ, ਪਰ ਜੋ ਕੁਛ ਉਹ

ਬਹੁਤੇਰੀ[19] ਓਸ ਦਾ ਬੋਲਿਆ ਕਿਸੈ ਨ ਭਾਇਆ[20] ॥

he says pleases[20] no one.

ਕਹਿੰਦਾ ਹੈ, ਉਹ ਕਿਸੇ ਨੂੰ ਭੀ ਚੰਗਾ[20] ਨਹੀਂ ਲੱਗਦਾ ।

ਓਹੁ ਘਰਿ ਘਰਿ[21] ਹੰਢੈ[22] ਜਿਉ ਰੰਨ[23] ਦੋਹਾਗਣਿ[24] ਓਸੁ ਨਾਲਿ ਮੁਹੁ ਜੋੜੈ[25] ਓਸੁ ਭੀ ਲਛਣੁ[26] ਲਾਇਆ॥

He wanders[22] from house to house[21] like an abandoned[24] woman[23], whosoever associates[25] with him, he too comes to bear evil mark[26].

ਉਹ ਛੁਟੜ[24] ਤੀਵੀਂ[23] ਵਾਂਙੂ ਦੁਆਰੇ ਦੁਆਰੇ[21] ਟੱਕਰਾਂ ਮਾਰਦਾ[22] ਫਿਰਦਾ ਹੈ ! ਜੋ ਕੋਈ ਭੀ ਉਸ ਨਾਲ ਮੇਲ-ਮਿਲਾਪ[25] ਕਰਦਾ ਹੈ, ਉਸ ਨੂੰ ਭੀ ਬਦੀ ਦਾ ਟਿੱਕਾ[26] ਲੱਗ ਜਾਂਦਾ ਹੈ ।

ਗੁਰਮੁਖਿ[27] ਹੋਇ[28] ਸੁ[29] ਅਲਿਪਤੋ[30] ਵਰਤੈ[31] ਓਸ ਦਾ ਪਾਸੁ[32] ਛਡਿ[35] ਗੁਰ ਪਾਸਿ[33] ਬਹਿ[34] ਜਾਇਆ ॥

Those[29] turned[28] Guru-wards[27], keep[31] aloof[30] from him. They leave[35] his association[32] and sit[34] near[33] the Guru.

ਜੋ ਗੁਰੂ-ਅਨੁਸਾਰੀ[27] ਹੋਏ[28] ਹਨ, ਉਹ[29] ਉਸ ਤੋਂ ਨਿਵੇਕਲੇ[30] ਰਹਿੰਦੇ[31] ਹਨ, ਉਹ ਉਸ ਦੀ ਉਠਕ ਬੈਠਕ[32] ਤਿਆਗ[35] ਕੇ ਗੁਰੂ ਜੀ ਕੋਲ[33] ਆ ਬੈਠਦੇ[34] ਹਨ ।

੩੦੪

ਜੋ ਗੁਰੁ ਗੋਪੈ[36] ਆਪਣਾ ਸੁ ਭਲਾ[37] ਨਾਹੀ ਪੰਚਹੁ[38] ਓਨਿ ਲਾਹਾ[39] ਮੂਲੁ[40] ਸਭੁ ਗਵਾਇਆ[41] ॥

304

He, who avows[36] not publicly his Guru, is not a good[37] person. He loses[41] all his capital[40] and profit[39], O saints[38].

੩੦੪

ਜੋ ਆਪਣੇ ਗੁਰੂ ਨੂੰ ਜ਼ਾਹਰਾ ਤੌਰ ਤੇ ਨਹੀਂ ਅਪਣਾਉਂਦਾ[36], ਉਹ ਚੰਗਾ[37] ਪੁਰਸ਼ ਨਹੀਂ । ਉਹ ਆਪਣਾ ਅਸਲ[40] ਜ਼ਰ ਤੇ ਨਫ਼ਾ[39] ਸਾਰਾ ਗੁਆ[41] ਲੈਂਦਾ ਹੈ, ਹੇ ਸਾਧੂਓ[38] !

ਪਹਿਲਾ[42] ਆਗਮੁ[43] ਨਿਗਮੁ[44] ਨਾਨਕ ਆਖਿ[45] ਸੁਣਾਏ[46] ਪੂਰੇ[47] ਗੁਰ ਕਾ ਬਚਨੁ[48] ਉਪਰਿ[49] ਆਇਆ[50] ॥

Nanak, previously[42] the mortals recited[45] and preached[46] the Shastras[43] and Vedas[44], but the Gurbani[48] of the Perfect[47] Guru has descended[50] as the most exalted[49] of all.

ਨਾਨਕ, ਪਹਿਲੋਂ[42] ਲੋਕ ਸ਼ਾਸਤਰਾਂ[43], ਅਤੇ ਵੇਦਾਂ[44] ਨੂੰ ਪੜ੍ਹਦੇ[45] ਤੇ ਪਰਚਾਰਦੇ[46] ਸਨ, ਪਰ ਪੂਰਨ[47] ਗੁਰਾਂ ਦੀ ਗੁਰਬਾਣੀ[48] ਉਨ੍ਹਾਂ ਸਾਰਿਆਂ ਨਾਲੋਂ ਪਰਮ ਉਚੀ[49] ਉਤਰੀ[50] ਹੈ ।

ਗੁਰਸਿਖਾ ਵਡਿਆਈ[51] ਭਾਵੈ[52] ਗੁਰ ਪੂਰੇ[53] ਕੀ ਮਨਮੁਖਾ[54] ਓਹ ਵੇਲਾ[55] ਹਥਿ ਨ ਆਇਆ[56] ॥੨॥

The eulogy[51] of the perfect[53] Guru, is pleasing[52] to the Sikhs of the Guru. The perverse[54] have[56] not that opportunity[55].

ਗੁਰੂ ਦੇ ਸਿੱਖਾਂ ਨੂੰ ਪੂਰਨ[53] ਗੁਰਾਂ ਦੀ ਪ੍ਰਭੁਤਾ[51] ਚੰਗੀ[52] ਲੱਗਦੀ ਹੈ । ਆਪੂ-ਹੁਦਰਿਆਂ[54] ਨੂੰ ਉਹ ਅਉਸਰ[55] ਪਰਾਪਤ[56] ਨਹੀਂ ਹੁੰਦਾ ।

ਪਉੜੀ ॥

Pauri.

ਪਉੜੀ ।

ਸਚੁ[57] ਸਚਾ[58] ਸਭ ਦੂ ਵਡਾ[59] ਹੈ ਸੋ ਲਏ[60] ਜਿਸੁ ਸਤਿਗੁਰੁ ਟਿਕੇ[61] ॥

Verily[57], the True Lord[58] is the most exalted[59]. He alone obtains[60] Him whom the True Guru nominates[61].

ਨਿਸਚਿਤ[57] ਹੀ ਸੱਚਾ ਸੁਆਮੀ[58] ਪਰਮ ਉਤਮ[59] ਹੈ । ਕੇਵਲ ਓਹੀ ਉਸ ਨੂੰ ਪਰਾਪਤ[60] ਕਰਦਾ ਹੈ, ਜਿਸ ਨੂੰ ਸੱਚੇ ਗੁਰੂ ਜੀ ਟਿਕਦੇ[61] ਹਨ ।

ਸੋ[62] ਸਤਿਗੁਰੁ ਜਿ ਸਚੁ ਧਿਆਇਦਾ[63] ਸਚੁ[64] ਸਚਾ[65] ਸਤਿਗੁਰੁ[67] ਇਕੋ[66] ॥

He[62] is the Satguru, who remembers[63] the True Lord. True[64] it is, that the True Lord[65] and the True Guru[67] are one[66].

ਉਹ[62] ਸਤਿਗੁਰੂ ਹੈ ਜੋ ਸੱਚੇ ਸੁਆਮੀ ਦਾ ਸਿਮਰਨ[63] ਕਰਦਾ ਹੈ । ਇਹ ਸੱਚ[64] ਹੈ ਕਿ ਸੱਚਾ ਸੁਆਮੀ[65] ਤੇ ਸੱਚਾ ਗੁਰੂ[67] ਇਕ[66] ਹੀ ਹਨ ।

ਸੋਈ ਸਤਿਗੁਰੁ ਪੁਰਖੁ[68] ਹੈ ਜਿਨਿ ਪੰਜੇ ਦੂਤ[69] ਕੀਤੇ ਵਸਿ[70] ਛਿਕੇ[71] ॥

He is the Omnipotent[68] Satguru, who has resolutely[71] subdued[70] his five evil passions[69].

ਨਾਨਕ ਉਹ ਧੁਰ[83] ਦੀ ਲਿਖੀ ਲਿਖਤ[84] ਅਨੁਸਾਰ ਕਰਮ[85] ਕਰਦਾ ਹੈ।

ਪਉੜੀ ॥

Pauri.

ਪਉੜੀ।

ਜਿਨ ਕੇ ਚਿਤ[86] ਕਠੋਰ[90] ਹਹਿ[87] ਸੇ[88] ਬਹਹਿ ਨ ਸਤਿਗੁਰ ਪਾਸਿ[89] ॥

They[88] whose hearts[86] are[87] hard[90], sit not near[89] the True Guru.

ਜਿਨ੍ਹਾਂ ਦੇ ਦਿਲ[86] ਸਖਤ[90] ਹਨ[87], ਉਹ[88] ਸੱਚੇ ਗੁਰਾਂ ਕੋਲ[89] ਨਹੀਂ ਬਹਿੰਦੇ।

ਓਥੈ[90]* ਸਚੁ ਵਰਤਦਾ[91]

Truth prevails[91] there[90]*, and the

ਉਥੇ[90]*ਸੱਚ ਪਰਵਿਰਤ[91] ਹੋ ਰਿਹਾ ਹੈ ਅਤੇ ਝੂਠੇ[92] ਮਾਨਸਕ[93]

ਕੂੜਿਆਰਾ[92] ਚਿਤ[93] ਉਦਾਸਿ[94] ॥

liars[92] feel mentally[93] depressed[94].

ਤੌਰ ਤੇ ਨਿੰਮੋਝੂਣੇ[94] ਰਹਿੰਦੇ ਹਨ।

ਓਇ ਵਲੁ ਛਲੁ[95] ਕਰਿ ਝਤਿ[96] ਕਢਦੇ[97] ਫਿਰਿ[98] ਜਾਇ ਬਹਹਿ ਕੂੜਿਆਰਾ[99] ਪਾਸਿ[100] ॥

By hook and crook[95], they pass[97] their time[96], and again[98], go and sit with[100] the false ones[99].

ਉਹ ਹੇਰਾਫੇਰੀ[95] ਕਰਕੇ ਵਕਤ[96] ਗੁਜ਼ਾਰਦੇ[97] ਹਨ ਅਤੇ ਮੁੜ[98] ਕੇ ਜਾ ਕੇ ਝੂਠਿਆਂ[99] ਦੇ ਕੌਲ[100] ਬੈਠ ਜਾਂਦੇ ਹਨ।

ਵਿਚਿ[2] ਸਚੇ[8] ਕੂੜੁ[3] ਨ ਗਡਈ[4] ਮਨਿ[5] ਵੇਖਹੁ[6] ਕੋ ਨਿਰਜਾਸਿ[7] ॥

In[2] truth[8], falsehood[3] mixes[4] not, O my soul[5], see[6] this through verification[7].

ਸੱਚ[8] ਅੰਦਰ[2] ਝੂਠ[3] ਨਹੀਂ[4] ਮਿਲਦਾ, ਹੇ ਮੇਰੀ ਜਿੰਦੇ[5] ! ਤੂੰ ਨਿਰਣਯ[7] ਕਰਕੇ ਦੇਖ[6] ਲੈ।

ਕੂੜਿਆਰ ਕੂੜਿਆਰੀ ਜਾਇ[9] ਰਲੇ[8*] ਸਚਿਆਰ ਸਿਖ ਬੈਠੇ ਸਤਿਗੁਰ ਪਾਸਿ[10] ॥੨੬॥

The false ones go[9] and mix[8*] with the false ones. The true Sikhs sit by the side[10] of the True Guru.

ਝੂਠੇ ਜਾ[9] ਕੇ ਝੂਠਿਆਂ ਨਾਲ ਮਿਲ[8*] ਜਾਂਦੇ ਹਨ। ਸੱਚੇ ਸਿੱਖ, ਸੱਚੇ ਗੁਰੂ ਮਹਾਰਾਜ ਜੀ ਦੇ ਕੌਲ[10] ਬਹਿੰਦੇ ਹਨ।

੩੧੫

ਸਲੋਕ ਮ: ੫ ॥

ਰਹਦੇ ਖੁਹਦੇ[12] ਨਿੰਦਕ[13] ਮਾਰਿਅਨੁ[14] ਕਰਿ ਆਪੇ[15] ਆਹਰੁ[16] ॥

ਸੰਤ ਸਹਾਈ[17] ਨਾਨਕਾ ਵਰਤੈ[18] ਸਭ[19] ਜਾਹਰੁ[20] ॥੧॥

315

Slok 5th Guru.

By making effort[16], the Lord has Himself[15] destroyed[14] the remnants[12] of slanderers[13].

O Nanak, Lord the succourer[17] of saints is manifestly[20] pervading[18] every-where[19].

੩੧੫

ਸਲੋਕ ਪੰਜਵੀਂ ਪਾਤਸ਼ਾਹੀ।

ਉਪਰਾਲਾ[16] ਕਰਕੇ ਸੁਆਮੀ ਨੇ ਆਪ[15] ਹੀ ਬਚਦੇ-ਖੁਚਦੇ[12] ਬਦਖੋਈ ਕਰਨ ਵਾਲੇ[13] ਮਾਰ[14] ਸੁੱਟੇ ਹਨ।

ਨਾਨਕ ! ਸਾਧੂਆਂ ਦਾ ਸਹਾਇਕ[17] ਸੁਆਮੀ ਹਰ ਥਾਂ[19] ਤੇ ਪਰਗਟ[20] ਹੀ ਵਿਆਪਕ[18] ਹੋ ਰਿਹਾ ਹੈ।

ਮ: ੫ ॥

ਮੁੰਢਹੁ[25] ਭੁਲੇ[21] ਮੁੰਢ[22] ਤੇ ਕਿਥੈ[23] ਪਾਇਨਿ[24] ਹਥੁ ॥

5th Guru.

They, who go astray[21] from the Primal Being[25] from the very beginning[22], where[23] can they find[24] refuge ?

ਪੰਜਵੀਂ ਪਾਤਸ਼ਾਹੀ।

ਜੋ ਆਰੰਭ[22] ਤੋਂ ਹੀ ਆਦਿ ਪੁਰਖ[25] ਪਾਸੋਂ ਖੁੰਝ[21] ਗਏ ਹਨ, ਉਹ ਕਿਥੇ[23] ਪਨਾਹ ਹਾਸਲ[24] ਕਰ ਸਕਦੇ ਹਨ ?

ਤਿੰਨੈ[25*] ਮਾਰੇ[26] ਨਾਨਕਾ ਜਿ[27] ਕਰਣਹਾਰ[28] ਕਾਰਣ[29] ਸਮਰਥੁ[30] ॥੨॥

Nanak, they[25*] are smitten[26] by Him, who[27] is Omnipotent[30] to do[28] all works[29].

ਨਾਨਕ, ਤਿੰਨਾਂ[25*] ਨੂੰ ਉਸ ਨੇ ਮਾਰਿਆ[26] ਹੈ ਜੋ[27] ਸਾਰੇ ਕੰਮਾਂ[29] ਦੇ ਕਰਨ[28] ਨੂੰ ਸਰਬ-ਸ਼ਕਤੀਵਾਨ[30] ਹੈ।

ਪਉੜੀ ੫[31] ॥

ਲੈ[32] ਫਾਹੇ[33] ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ[34] ॥

Pauri 5th Guru[31].

Taking[32] halters[33], men go out at night to strangle others, but the Lord knows all, O mortal[34].

ਪਉੜੀ ਪੰਜਵੀਂ ਪਾਤਸ਼ਾਹੀ[31]।

ਕਮੰਦਾ[33] ਲੈ ਕੇ[32] ਬੰਦੇ ਰਾਤ ਨੂੰ ਹੋਰਨਾਂ ਨੂੰ ਫਾਹੇ ਲਾਉਣ ਲਈ ਤੁਰਦੇ ਹਨ ਪਰ ਸੁਆਮੀ ਸਾਰਾ ਕੁਛ ਜਾਣਦਾ ਹੈ, ਹੇ ਜੀਵ[34] !

ਤਕਹਿ[35] ਨਾਰਿ[36]

Concealed[38] in places[39] they look[35]

ਥਾਵਾਂ[39] ਅੰਦਰ ਛੁਪ[38] ਕੇ, ਉਹ ਹੋਰਨਾਂ[37] ਦੀਆਂ

ਪਰਾਈਆ[37] ਲੁਕਿ[38] ਅੰਦਰਿ ਠਾਣੀ[39] ॥

at others'[37] women[38].

ਤੀਵੀਆਂ[38] ਨੂੰ ਵੇਖਦੇ[38] ਹਨ !

ਸੰਨ੍ਹੀ ਦੇਨ੍ਹਿ[40] ਵਿਖੰਮ[41] ਥਾਇ[42] ਮਿਠਾ[43] ਮਦੁ[44] ਮਾਣੀ[45] ॥

They break[40] into places[42], difficult[41] of access, and enjoy[45] wine[44] deeming it sweet[43].

ਉਹ ਪਹੁੰਚਣ ਨੂੰ ਔਖੀਆਂ[41] ਥਾਵਾਂ[42] ਤੇ ਪਾੜ[40] ਲਾਉਂਦੇ ਹਨ ਅਤੇ ਸ਼ਰਾਬ[44] ਨੂੰ ਮਿੱਠੀ[43] ਜਾਣ ਮਾਣਦੇ[45] ਹਨ ।

ਕਰਮੀ[46] ਆਪੋ ਆਪਣੀ[47] ਆਪੇ[48] ਪਛੁਤਾਣੀ[49] ॥

Over their respective[47] misdeeds[46], they shall themselves[48] afterwards, regret[49].

ਆਪੋ ਆਪਣੇ[47] ਮੰਦੇ ਅਮਲਾਂ[46] ਦੀ ਖ਼ਾਤਰ ਉਹ ਮਗਰੋਂ ਆਪ[48] ਹੀ ਪਸਚਾਤਾਪ[49] ਕਰਨਗੇ ।

ਅਜਰਾਈਲੁ ਫਰੇਸਤਾ[50] ਤਿਲ[51] ਪੀੜੇ[52] ਘਾਣੀ[53] ॥੨੭॥

Azrail, the courier of death[50], shall crush[52] them like the mill full[53] of sesame[51].

ਅਜਰਾਈਲ, ਮੌਤ ਦਾ ਫ਼ਰੇਸ਼ਤਾ[50], ਉਨ੍ਹਾਂ ਨੂੰ ਕੁੰਜਦਾ[51] ਦੇ ਪਰਾਗੇ[53] ਦੇ ਵਾਂਙੂ ਪੀੜ[52] ਸੁਟੇਗਾ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਸੇਵਕ[54] ਸਚੇ ਸਾਹ[55] ਕੇ ਸੇਈ[56] ਪਰਵਾਣੁ[57] ॥

They[56], who are the servants[54] of the True king[55] become acceptable[57].

ਜੋ ਸੱਚੇ ਪਾਤਸ਼ਾਹ[55] ਦੇ ਨੌਕਰ[54] ਹਨ, ਉਹ[56] ਕਬੂਲ[57] ਪੈ ਜਾਂਦੇ ਹਨ ।

ਦੂਜਾ[58] ਸੇਵਨਿ[59] ਨਾਨਕਾ ਸੇ[60] ਪਚਿ ਪਚਿ[61] ਮੁਏ ਅਜਾਣ[62] ॥੧॥

Nanak, the ignorant[62], who serve[59] others[58], they[60] rot, putrefy[61] and die.

ਨਾਨਕ ਅਣਜਾਣ[62] ਬੰਦੇ ਜੋ ਹੋਰਨਾਂ[58] ਦੀ ਟਹਿਲ[59] ਕਰਦੇ ਹਨ, ਉਹ[60] ਗਲ ਸੜ[61] ਕੇ ਮਰ ਜਾਂਦੇ ਹਨ ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ ।

ਜੋ ਧੁਰਿ[63] ਲਿਖਿਆ ਲੇਖੁ[64] ਪ੍ਰਭ ਮੇਟਣਾ[65] ਨ ਜਾਇ ॥

The destiny[64], which the Lord wrote in the beginning[63] cannot be erased[65].

ਜਿਹੜੀ ਲਿਖਤਾਕਾਰ[64] ਸੁਆਮੀ ਨੇ ਮੁੱਢ[63] ਤੋਂ ਲਿਖ ਛੱਡੀ ਹੈ, ਉਹ ਮੇਸੀ[65] ਨਹੀਂ ਜਾ ਸਕਦੀ ।

ਰਾਮਨਾਮੁ[66] ਧਨੁ[67] ਵਖਰੋ[68] ਨਾਨਕ ਸਦਾ[69] ਧਿਆਇ[70] ॥੨॥

The wealth[67] of Pervading[66] God's Name is Nanak's capital[68] and he ever[69] meditates[70] on it.

ਵਿਆਪਕ[66] ਵਾਹਿਗੁਰੂ ਦੇ ਨਾਮ ਦੀ ਦੌਲਤ[67] ਨਾਨਕ ਦੀ ਪੂੰਜੀ[68] ਹੈ ਅਤੇ ਉਹ ਸਦੀਵ[69] ਹੀ ਇਸ ਦਾ ਸਿਮਰਨ[70] ਕਰਦਾ ਹੈ ।

ਪਉੜੀ ੫ ॥

Pauri 5th Guru.

ਪਉੜੀ ਪੰਜਵੀਂ ਪਾਤਸ਼ਾਹੀ ।

ਨਾਰਾਇਣਿ[71] ਲਇਆ[72] ਨਾਠੁੰਗੜਾ[73] ਪੈਰ[75] ਕਿਥੈ ਰਖੈ[74] ॥

Where can he place[74] his foot[75], who has received[72] a kick[73] from the Lord[71] ?

ਜਿਸ ਨੂੰ ਪਰਮੇਸ਼ਰ[71] ਨੇ ਠੁੱਡਾ[73] ਮਾਰਿਆ[72] ਹੈ, ਉਹ ਕਿਸ ਥਾਂ ਤੇ ਪੈਰ[75] ਟਿੱਕਾ[74] ਸਕਦਾ ਹੈ ?

ਕਰਦਾ ਪਾਪ[76]ਅਮਿਤਿਆ[77] ਨਿਤ[78] ਵਿਸੋ[79] ਚਖੈ[80] ॥

He commits numberless[77] sins[76] and ever[78], eats[80] poison[79].

ਉਹ ਅਣਗਿਣਤ[77] ਗੁਨਾਹ[76] ਕਰਦਾ ਹੈ ਅਤੇ ਸਦਾ[78] ਜ਼ਹਿਰ[79] ਖਾਂਦਾ[80] ਹੈ ।

ਨਿੰਦਾ ਕਰਦਾ[85] ਪਚਿ[81] ਮੁਆ[86] ਵਿਚਿ[82] ਦੇਹੀ[83] ਭਖੈ[84] ॥ ਸਚੈ ਸਾਹਿਬ ਮਾਰਿਆ[87] ਕਉਣੁ ਤਿਸ[88] ਨੋ ਰਖੈ[89] ॥

Slandering[85] others, he pines away[81] to death[86]. Within[82] his body[83] he continues burning[84]. Who can save[89] him[88], whom the True Lord has smitten[87] ?

ਹੋਰਨਾਂ ਦੀ ਬਦਖੋਈ[85] ਕਰਦਾ ਹੋਇਆ ਉਹ ਗਲ[81] ਕੇ ਮਰ[86] ਜਾਂਦਾ ਹੈ । ਆਪਣੇ ਸਰੀਰ[83] ਅੰਦਰ[82] ਉਹ ਸੜਦਾ[84] ਰਹਿੰਦਾ ਹੈ । ਉਸ[88] ਨੂੰ ਕੌਣ ਬਚਾ[89] ਸਕਦਾ ਹੈ, ਜਿਸ ਨੂੰ ਸੱਚੇ ਸੁਆਮੀ ਨੇ ਮਲੀਆਮੇਟ[87] ਕੀਤਾ ਹੈ ।

ਨਾਨਕ ਤਿਸੁ[90]ਸਰਣਾਗਤੀ[91]
ਜੋ ਪੁਰਖੁ[92]ਅਲਖੈ[93] ॥੨੮॥

Nanak has entered His[90] asylum[91] who is the Unseen[93] Lord[92].

ਨਾਨਕ ਨੇ ਉਸ[90] ਦੀ ਸ਼ਰਣ[91] ਸੰਭਾਲੀ ਹੈ ਜਿਹੜਾ ਅਦ੍ਰਿਸ਼ਟ[93] ਸੁਆਮੀ[92] ਹੈ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਨਰਕ[94] ਘੋਰ[95] ਬਹੁ[96] ਦੁਖ[97] ਘਣੇ[98] ਅਕਿਰਤ[99]-ਘਣਾ ਕਾ ਥਾਨੁ[100] ॥

In the terrible[95] hell[94] there is very[96] much[98] suffering[97]. It is an abode[100] of the ungrateful[99].

ਭਿਆਨਕ[95] ਦੋਜ਼ਕ[94] ਵਿਚ ਅਤੀ[96] ਬਹੁਤੀ[98] ਤਕਲੀਫ਼[97] ਹੈ । ਇਹ ਨਾਸ਼ੁਕਰਿਆਂ[99] ਦੇ ਰਹਿਣ ਦੀ ਥਾਂ[100] ਹੈ ।

ਤਿਨਿ[2] ਪ੍ਰਭਿ ਮਾਰੇ[3] ਨਾਨਕਾ ਹੋਇ ਹੋਇ ਮੁਏ ਹਰਾਮੁ[4] ॥੧॥

They are smitten[3] by that[2] Lord and they die a miserable death[4], O Nanak.

ਉਸ[2] ਸਾਹਿਬ ਨੇ ਉਨ੍ਹਾਂ ਨੂੰ ਮਾਰਿਆ[3] ਹੈ ਅਤੇ ਉਹ ਕੁਮੌਤੇ ਮਰਦੇ[4] ਹਨ, ਹੇ ਨਾਨਕ !

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ ।

ਅਵਖਧ[5] ਸਭੇ[9] ਕੀਤਿਅਨੁ[6] ਨਿੰਦਕ[7] ਕਾ ਦਾਰੂ[8] ਨਾਹਿ ॥

Many[9] sorts of medicines[5] are prepared[6], but there is no cure[8] for the slanderer[7].

ਸਾਰੀਆਂ[9] ਕਿਸਮਾਂ ਦੀਆਂ ਦਵਾਈਆਂ[5] ਕੀਤੀਆਂ[6] ਜਾਂਦੀਆਂ ਹਨ ਪਰ ਕਲੰਕ ਲਾਉਣ ਵਾਲੇ[7] ਦਾ ਕੋਈ ਇਲਾਜ[8] ਨਹੀਂ ।

ਆਪਿ[10] ਭੁਲਾਏ[12] ਨਾਨਕਾ ਪਚਿ ਪਚਿ[13] ਜੋਨੀ[14] ਪਾਹਿ ॥੨॥

They, whom the Lord Himself[10] misleads[12], rot and putrefy[13] in existences[14], O Nanak.

ਜਿਨ੍ਹਾਂ ਨੂੰ ਸੁਆਮੀ ਖ਼ੁਦ[10] ਕੁਰਾਹੇ[12] ਪਾਉਂਦਾ ਹੈ, ਉਹ ਜੂਨੀਆਂ[14] ਅੰਦਰ ਗਲਦੇ ਸੜਦੇ[13] ਹਨ, ਹੇ ਨਾਨਕ !

ਪਉੜੀ ੫ ॥

Pauri 5th Guru.

ਪਉੜੀ ਪੰਜਵੀਂ ਪਾਤਸ਼ਾਹੀ ।

ਤੁਸਿ[15] ਦਿਤਾ[16] ਪੂਰੈ[17] ਸਤਿਗੁਰੂ ਹਰਿ ਧਨੁ[18] ਸਚੁ ਅਖੁਟੁ[19] ॥

The Perfect[17] Satguru has in his mercy[15], blessed[16] me with the inexhaustible[19] wealth[18] of the Name of true God.

ਆਪਣੀ ਕਿਰਪਾ[15] ਦੁਆਰਾ ਪੂਰਨ[17] ਸਤਿਗੁਰਾਂ ਨੇ ਮੈਨੂੰ ਸੱਚੇ ਵਾਹਿਗੁਰੂ ਦੇ ਨਾਮ ਦੀ ਅਤੁਟ[19] ਦੌਲਤ[18] ਬਖ਼ਸ਼ੀ[16] ਹੈ ।

ਸਭਿ ਅੰਦੇਸੇ[20] ਮਿਟਿ[21] ਗਏ ਜਮ[22] ਕਾ ਭਉ[23] ਛੁਟੁ[24] ॥

All my anxieties[20] have ceased[21] and I am rid[24] of the fear[23] of death[22].

ਮੇਰੇ ਸਾਰੇ ਫ਼ਿਕਰ[20] ਦੂਰ[21] ਹੋ ਗਏ ਹਨ ਅਤੇ ਮੈਂ ਮੌਤ[22] ਦੇ ਡਰ[23] ਤੋਂ ਖਲਾਸੀ[24] ਪਾ ਲਈ ਹੈ ।

ਕਾਮ[25]ਕ੍ਰੋਧ ਬੁਰਿਆਈਆਂ[27] ਸੰਗਿ ਸਾਧੂ ਤੁਟੁ[28] ॥

The lust[25], wrath and other evils[27] are stilled[28] in the saints' guild.

ਵਿਸ਼ੇ ਭੋਗ[25], ਗੁੱਸੇ ਅਤੇ ਹੋਰ ਬਦੀਆਂ[27], ਸਤਿ-ਸੰਗਤਿ ਅੰਦਰ ਮਿਟ ਜਾਂਦੀਆਂ[28] ਹਨ ।

ਵਿਣੁ[32] ਸਚੇ ਦੂਜਾ[29] ਸੇਵਦੇ ਹੁਇ ਮਰਸਨਿ[30] ਬੁਟੁ[31] ॥

Sans[32] the True Lord, those who serve another[29], die[30] like a larva[31].

ਸੱਚੇ ਸੁਆਮੀ ਦੇ ਬਗ਼ੈਰ[32] ਜੋ ਹੋਰਸ[29] ਦੀ ਸੇਵਾ ਕਰਦੇ ਹਨ, ਉਹ ਬੋਟ[31] ਦੀ ਤਰ੍ਹਾਂ ਮਰ[30] ਜਾਂਦੇ ਹਨ ।

ਨਾਨਕ ਕਉ ਗੁਰਿ ਬਖਸਿਆ[33] ਨਾਮੈ ਸੰਗਿ[34] ਜੁਟੁ[35] ॥੨੯॥

The Guru has pardoned[33] Nanak and he is united[35] with[34] God's Name.

ਗੁਰੂ ਨੇ ਨਾਨਕ ਨੂੰ ਮਾਫ਼ੀ[33] ਦੇ ਦਿੱਤੀ ਹੈ ਅਤੇ ਉਹ ਵਾਹਿਗੁਰੂ ਦੇ ਨਾਮ ਨਾਲ[34] ਜੁੜ[35] ਗਿਆ ਹੈ ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਸ਼ਾਹੀ ।

ਤਪਾ[36]ਨ ਹੋਵੈ ਅੰਦ੍ਰਹੁ[37] ਲੋਭੀ[38] ਨਿਤ[39] ਮਾਇਆ[40] ਨੋ ਫਿਰੈ[41] ਜਜਮਾਲਿਆ[42]॥

He is not a penitent[36], whose heart[37] is greedy[38] and who, ever[39] hankers[41] after wealth[40] like a leper[42].

ਉਹ ਤਪੱਸਵੀ[36] ਨਹੀਂ ਜਿਸ ਦਾ ਦਿਲ[37] ਲਾਲਚੀ[38] ਹੈ, ਅਤੇ ਜਿਹੜਾ ਕੋੜ੍ਹੀ[42] ਦੀ ਤਰ੍ਹਾਂ ਸਦਾ[39] ਦੌਲਤ[40] ਮਗਰ ਭਟਕਦਾ[41] ਫਿਰਦਾ ਹੈ ।

ਅਗੋਦੇ ਸਦਿਆ ਸਤੋ[43] ਦੀ ਭਿਖਿਆ[44] ਲਏ ਨਾਹੀ ਪਿਛੋਦੇ ਪਛੁਤਾਇ[46] ਕੈ ਆਣਿ[45] ਤਪੈ ਪੁਤੁ ਵਿਚਿ ਬਹਾਲਿਆ ॥

When he was first called, he declined to accept the esteemed[43] alms[44], but repenting[46] afterwards, he brought[45] his son and seated him amongst the assemblage.

ਜਦੋਂ ਉਸ ਨੂੰ ਪਹਿਲਾਂ ਬੁਲਾਇਆ ਗਿਆ ਉਸ ਨੇ ਆਦਰ[43] ਦਾ ਦਾਨ[44] ਲੈਣ ਤੋਂ ਨਾਹ ਕਰ ਦਿਤੀ, ਪਰ ਮਗਰੋਂ ਪਸਚਾਤਾਪ[46] ਕਰਕੇ ਉਸ ਨੇ ਆਪਣੇ ਲੜਕੇ ਨੂੰ ਲਿਆ[45] ਕੇ ਸੰਗਤ ਵਿਚ ਬਿਠਾਲ ਦਿੱਤਾ ।

ਪੰਚ ਲੋਗ[47] ਸਭਿ ਹਸਣ ਲਗੇ ਤਪਾ ਲੋਭਿ[50]ਲਹਰਿ[48] ਹੈ ਗਾਲਿਆ[49] ॥

The village elders[47] all began to laugh, saying, that the wave[48] of avarice[50] has destroyed[49] the penitent.

ਪਿੰਡ ਦੇ ਸਿਆਣੇ[47] ਇਹ ਕਹਿ ਕੇ ਹੱਸਣ ਲੱਗ ਪਏ ਕਿ ਲਾਲਚ[50] ਦੀ ਤ੍ਰੰਗ[48] ਨੇ ਤਪੱਸਵੀ ਨੂੰ ਤਬਾਹ[49] ਕਰ ਦਿੱਤਾ ਹੈ ।

ਜਿਥੈ ਥੋੜਾ[51] ਧਨੁ ਵੇਖੈ ਤਿਥੈ[52] ਤਪਾ ਭਿਟੈ[53] ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ[54] ਹਾਰਿਆ[55] ॥

The penitent draws not near[53] that place[52], where he sees little[51] wealth. Beholding much wealth, the penitent forfeits[55] his faith[54].

ਜਿਥੇ ਤਪੀਸਰ ਘੱਟ[51] ਪਦਾਰਥ ਦੇਖਦਾ ਹੈ, ਉਸ ਥਾਂ[52] ਦੇ ਉਹ ਨੇੜੇ[53] ਨਹੀਂ ਜਾਂਦਾ । ਬਹੁਤੀ ਦੌਲਤ ਤੱਕ ਕੇ ਤਪੀਆ ਆਪਣਾ ਈਮਾਨ[54] ਹਾਰ[55] ਦਿੰਦਾ ਹੈ ।

ਭਾਈ ਏਹੁ ਤਪਾ ਨ ਹੋਵੀ ਬਗੁਲਾ[56] ਹੈ ਬਹਿ[58] ਸਾਧ ਜਨਾ[57] ਵੀਚਾਰਿਆ[59] ॥

O brother, he is not a penitent, but a heron[56]. Sitting together[58] the saintly persons[57] have so decided[59].

ਹੇ ਭਰਾ ! ਉਹ ਤਪੀਸਰ ਨਹੀਂ ਪ੍ਰੰਤੂ ਇਕ ਬਗੂ[56] ਹੈ । ਸੰਤ ਸਰੂਪ ਪਰਸ਼ਾਂ[57] ਨੇ ਇਕੱਠੇ ਬੈਠ ਕੇ[58] ਇਹ ਫ਼ੈਸਲਾ[59] ਕੀਤਾ ਹੈ ।

ਸਤ[60] ਪੁਰਖ[61] ਕੀ ਤਪਾ ਨਿੰਦਾ[62] ਕਰੈ ਸੰਸਾਰੈ ਕੀ ਉਸਤਤੀ[63] ਵਿਚਿ ਹੋਵੈ ਏਤੁ[64] ਦੋਖੈ[65] ਤਪਾ ਦਸਿ[66] ਮਾਰਿਆ[67] ॥

The penitent calumniates[62] the True[60] person[61] and sings the praise[63] of the world. For this[64] sin[65] the Lord[66] has accursed[67] him.

ਤਪੀਆ ਸੱਚੇ[60] ਪੁਰਸ਼[61] ਦੀ ਬਦਖੋਈ[62] ਕਰਦਾ ਹੈ, ਅਤੇ ਜਗਤ ਦਾ ਜੱਸ[63] ਗਾਉਂਦਾ ਹੈ । ਇਸ[64] ਪਾਪ[65] ਕਾਰਨ ਪ੍ਰਭੂ[66] ਨੇ ਉਸ ਨੂੰ ਦੁਰਕਾਰ[67] ਛੱਡਿਆ ਹੈ ।

ਮਹਾ ਪੁਰਖਾਂ[68] ਕੀ ਨਿੰਦਾ ਕਾ ਵੇਖੁ[69] ਜਿ ਤਪੈ ਨੋ ਫਲੁ[70] ਲਗਾ[71] ਸਭੁ ਗਇਆ[73] ਤਪੈ ਕਾ ਘਾਲਿਆ[72] ॥

Behold[69] the fruit[70], the penitent gathers[71], for slandering the great persons[68]. All his labours[72] have gone in vain[73].

ਵਿਸ਼ਾਲ ਪੁਰਸ਼ਾਂ[68] ਦੀ ਬਦਖੋਈ ਕਰਨ ਦਾ ਮੇਵਾ[70] ਜੋ ਤਪੀਏ ਨੂੰ ਪਰਾਪਤ[71] ਹੋਇਆ ਹੈ, ਉਸ ਨੂੰ ਤੱਕੋ[69] । ਤਪੇ ਦੀ ਸਾਰੀ ਸੇਵਾ[72] ਨਿਸਫਲ ਚਲੀ ਗਈ[73] ਹੈ ।

ਬਾਹਰਿ[73*] ਬਹੈ ਪੰਚਾ[74] ਵਿਚਿ ਤਪਾ ਸਦਾਏ[75] ॥

When he sits outside[73*] among the elect[74], he is called[75] a penitent.

ਜਦ ਉਹ ਬਾਹਰਵਾਰ[73*] ਮੁਖੀਆਂ[74] ਨਾਲ ਬੈਠਦਾ ਹੈ, ਉਹ ਤਪੀਸਰ ਅਖਵਾਉਂਦਾ[75] ਹੈ ।

ਅੰਦਰਿ[76] ਬਹੈ[79] ਤਪਾ ਪਾਪ[77] ਕਮਾਏ[78] ॥

When he sits[79] within[76], the penitent commits[78] sin[77].

ਜਦ ਉਹ ਅੰਦਰਵਾਰ[76] ਬੈਠਦਾ[79] ਹੈ, ਤਪੀਆ ਗੁਨਾਹ[77] ਕਰਦਾ[78] ਹੈ ।

੩੧੬ **316** **੩੧੬**

ਹਰਿ ਅੰਦਰਲਾ[80] ਪਾਪੁ ਪੰਚਾ ਨੋ ਉਘਾ[81] ਕਰਿ ਵੇਖਾਲਿਆ[82] ॥

God has laid bare[81] and shown[82] his secret[80] sin to the elect.

ਵਾਹਿਗੁਰੂ ਨੇ ਉਸ ਦਾ ਗੁਝਾ[80] ਗੁਨਾਹ ਮੁਖੀਆਂ ਨੂੰ ਨੰਗਾ[81] ਕਰਕੇ ਦਿਖਾਲ[82] ਦਿਤਾ ਹੈ ।

ਧਰਮ ਰਾਇ [83]ਜਮਕੰਕਰਾ[84]

The Righteous judge said to the

ਧਰਮ ਰਾਜੇ ਨੇ ਮੌਤ[83] ਦੇ ਦੂਤਾਂ[84] ਨੂੰ ਆਖਿਆ, "ਇਸ

ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ[85] ਪਾਇਹੁ[88] ਜਿਥੈ ਮਹਾ[86] ਮਹਾਂ ਹਤਿਆਰਿਆ[87] ॥

death[83] couriers[84], "Take[85] this penitent and place[88] (keep) him, where the greatest[86] of the great murderers[87] are".

ਤਪੱਸਵੀ ਨੂੰ ਲੈ[85] ਜਾ ਕੇ ਓਥੇ ਪਾਉਣਾ[88] (ਰਖਣਾ) ਜਿਥੇ ਪਰਮ[86] ਵਡੇ ਤੋਂ ਵੀ ਵੱਡੇ ਕਾਤਲ[87] ਹਨ"।

ਫਿਰਿ ਏਸੁ ਤਪੇ ਦੈ ਮੁਹਿ[89] ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ[90] ॥

Let no one look at the face[89] of this penitent, again. He is accursed[90] of the True Guru.

ਮੁੜ ਇਸ ਤਪੀਏ ਦਾ ਚਿਹਰਾ[89] ਕੋਈ ਨਾ ਦੇਖੇ। ਇਹ ਸੱਚੇ ਗੁਰਾਂ ਦਾ ਧਿਰਕਾਰਿਆ[90] ਹੋਇਆ ਹੈ।

ਹਰਿ ਕੈ ਦਰਿ[91]ਵਰਤਿਆ[92] ਸੁ[93] ਨਾਨਕ ਆਖਿ ਸੁਣਾਇਆ[94] ॥

Nanak tells and preaches[94], that[93] what has taken place[92] in God's court[91].

ਜੋ ਕੁਛ ਰੱਬ ਦੇ ਦਰਬਾਰ[91] ਵਿਚ ਹੋਇਆ[92] ਹੈ, ਉਸ[93] ਨੂੰ ਨਾਨਕ ਆਖ ਕੇ ਸੁਣਾਉਂਦਾ[94] ਹੈ।

ਸੋ[95] ਬੂਝੈ[96] ਜੁ[97] ਦਯਿ[98] ਸਵਾਰਿਆ[99] ॥੧॥

He[95] alone, whom[97] God[98] has regenerated[99], understands[96] it.

ਜੋ[95] ਇਸ ਨੂੰ ਸਮਝਦਾ[96] ਹੈ, ਜਿਸ[97] ਨੂੰ ਰੱਬ[98] ਨੇ ਸੁਧਾਰਿਆ[99] ਹੈ।

ਮ: ੪ ॥

4th Guru.

ਚੌਥੀ ਪਾਤਸ਼ਾਹੀ।

ਹਰਿ ਭਗਤਾਂ[100] ਹਰਿ ਆਰਾਧਿਆ[2] ਹਰਿ ਕੀ ਵਡਿਆਈ[3] ॥

God's saints[100] meditate[2] on God and sing God's praise[3].

ਵਾਹਿਗੁਰੂ ਦੇ ਸਾਧੂ[100] ਵਾਹਿਗੁਰੂ ਦਾ ਸਿਮਰਨ[2] ਕਰਦੇ ਹਨ, ਅਤੇ ਵਾਹਿਗੁਰੂ ਦਾ ਜੱਸ[3] ਗਾਉਂਦੇ ਹਨ।

ਹਰਿ ਕੀਰਤਨੁ[4] ਭਗਤ[5] ਨਿਤ ਗਾਂਵਦੇ ਹਰਿ ਨਾਮੁ ਸੁਖਦਾਈ[6] ॥

The devotees[5] ever sing God's praise[4]. God's Name is the giver of peace[6].

ਅਨੁਰਾਗੀ[5] ਹਮੇਸ਼ਾ ਵਾਹਿਗੁਰੂ ਦਾ ਜੱਸ[4] ਗਾਇਨ ਕਰਦੇ ਹਨ। ਵਾਹਿਗੁਰੂ ਦਾ ਨਾਮ ਆਰਾਮ ਬਖਸ਼ਣਹਾਰ[6] ਹੈ।

ਹਰਿ ਭਗਤਾਂ ਨੋ ਨਿਤ[7] ਨਾਵੈ ਦੀ ਵਡਿਆਈ[12] ਬਖਸੀਅਨੁ[8] ਨਿਤ[9] ਚੜੈ ਸਵਾਈ[10] ॥

God ever[7] bestows[8] on His saints the glory[12] of the Name, which increases[10] day by day[9].

ਆਪਣੇ ਸੰਤਾਂ ਨੂੰ ਵਾਹਿਗੁਰੂ ਹਮੇਸ਼ਾ[7], ਨਾਮ ਦੀ ਬਜ਼ੁਰਗੀ[12] ਪਰਦਾਨ[8] ਕਰਦਾ ਹੈ, ਜੋ ਦਿਨ-ਬ-ਦਿਨ[9] ਵਧਦੀ[10] ਜਾਂਦੀ ਹੈ।

ਹਰਿ ਭਗਤਾਂ ਨੋ ਥਿਰੁ[13] ਘਰੀ[16] ਬਹਾਲਿਅਨੁ ਅਪਣੀ ਪੈਜ[14] ਰਖਾਈ[15] ॥

God firmly[13] seats His saints in their house[16] and protects[15] His own honour[14].

ਵਾਹਿਗੁਰੂ ਆਪਣੇ ਸੰਤਾਂ ਨੂੰ ਅਡੋਲ[13] ਆਪਣੇ ਧਾਮ[16] ਵਿਚ ਬਿਠਾਉਂਦਾ ਹੈ ਅਤੇ ਆਪਣੀ ਇੱਜ਼ਤ[14] ਰੱਖਦਾ[15] ਹੈ।

ਨਿੰਦਕਾਂ ਪਾਸਹੁ ਹਰਿ ਲੇਖਾ[17] ਮੰਗਸੀ[18] ਬਹੁ[19] ਦੇਇ ਸਜਾਈ[20] ॥

The slanderers, the Lord shall call[18] to account[17] and will severely[19] punish[20] them.

ਬਦਖੋਈ ਕਰਨ ਵਾਲਿਆਂ ਕੋਲੋਂ ਪ੍ਰਭੂ ਹਿਸਾਬ ਕਿਤਾਬ[17] ਪੁਛੇਗਾ[18] ਅਤੇ ਉਨ੍ਹਾਂ ਨੂੰ ਸਖ਼ਤ[19] ਡੰਡ[20] ਦੇਵੇਗਾ।

ਜੇਹਾ[21] ਨਿੰਦਕ ਅਪਣੈ ਜੀਇ[22] ਕਮਾਵਦੇ ਤੇਹੋ[23] ਫਲੁ[24] ਪਾਈ ॥

As[21] the calumniators, mentally[22] act, so[23] is the fruit[24] they obtain.

ਜਿਹੋ ਜਿਹਾ[21] ਕਲੰਕ ਲਾਉਣ ਵਾਲੇ ਆਪਣੇ ਚਿਤੋਂ[22] ਕਰਦੇ ਹਨ, ਉਹੋ ਜਿਹਾ[23] ਹੀ ਉਹ ਇਵਜ਼ਾਨਾ[24] ਪਾਉਂਦੇ ਹਨ।

ਅੰਦਰਿ[25] ਕਮਾਣਾ[26]

The deed done[26] in secrecy[25],

ਪੜਦੇ[25] ਅੰਦਰ ਕੀਤਾ ਹੋਇਆ[26] ਕੰਮ ਨਿਸਚਿਤ[27] ਹੀ

ਸਰਪਰ[27] ਉਘੜੈ[28] ਭਾਵੈ[29] ਕੋਈ ਬਹਿ ਧਰਤੀ ਵਿਚਿ[30] ਕਮਾਈ ॥

assuredly[27], comes to light[28], even[29] though one were to do it underground[30].

ਜ਼ਾਹਰ[28] ਹੋ ਜਾਂਦਾ ਹੈ, ਭਾਵੇਂ[29] ਕੋਈ ਇਸ ਨੂੰ ਜ਼ਿਮੀ ਹੇਠਾਂ[30] ਪਿਆ ਕਰੇ ।

ਜਨ ਨਾਨਕੁ ਦੇਖਿ ਵਿਗਸਿਆ[31] ਹਰਿ ਕੀ ਵਡਿਆਈ[32] ॥੨॥

Serf Nanak has become jubilant[31] on beholding the magnificence[32] of God.

ਭਗਵਾਨ ਦੀ ਸ਼ਾਨੋ-ਸ਼ੌਕਤ[32] ਤੱਕ ਕੇ ਨਫ਼ਰ ਨਾਨਕ ਗਦਗਦ[31] ਹੋ ਗਿਆ ਹੈ ।

ਪਉੜੀ ਮ: ੫ ॥

Pauri 5th Guru.

ਪਉੜੀ ਪੰਜਵੀਂ ਪਾਤਸ਼ਾਹੀ ।

ਭਗਤ[33] ਜਨਾਂ ਕਾ ਰਾਖਾ[34] ਹਰਿ ਆਪਿ ਹੈ ਕਿਆ ਪਾਪੀ[35] ਕਰੀਐ ॥

God Himself is the Protector[34] of His saintly persons[33]. What can a sinner[35] do ?

ਆਪਣੇ ਸਾਧ ਸਰੂਪ ਪੁਰਸ਼ਾਂ[33] ਦਾ ਰਖਵਾਲਾ[34] ਵਾਹਿਗੁਰੂ ਆਪ ਹੀ ਹੈ । ਗੁਨਾਹਗਾਰ[35] ਕੀ ਕਰ ਸਕਦਾ ਹੈ ?

ਗੁਮਾਨੁ[36] ਕਰਹਿ ਮੂੜ[37] ਗੁਮਾਨੀਆ[38] ਵਿਸੁ[39] ਖਾਧੀ ਮਰੀਐ ॥

The proud[38] fool[37] practises pride[36] and dies by eating poison[39].

ਮਗ਼ਰੂਰ[38] ਮੂਰਖ[37] ਹੰਕਾਰ[36] ਕਰਦਾ ਹੈ ਅਤੇ ਜ਼ਹਿਰ[39] ਖਾ ਕੇ ਮਰ ਜਾਂਦਾ ਹੈ।

ਆਇ ਲਗੇ[40] ਨੀ ਦਿਹ ਥੋੜੜੇ[41] ਜਿਉ[42] ਪਕਾ ਖੇਤੁ[43] ਲੁਣੀਐ[44] ॥

The few[41] days, he had to live are at an end[40] and he shall be cut down[44] like[42] a ripe crop[43].

ਜੀਵਨ ਦੇ ਥੋੜੇ[41] ਦਿਹਾੜੇ ਜੋ ਉਸ ਨੇ ਬਤੀਤ ਕਰਨੇ ਸਨ, ਮੁੱਕ ਗਏ[40] ਹਨ ਅਤੇ ਉਹ ਪੱਕੀ ਪੈਲੀ[43] ਵਾਂਗ[42] ਵੱਢ[44] ਲਿਆ ਜਾਏਗਾ ।

ਜੇਹੇ[45] ਕਰਮ[46] ਕਮਾਵਦੇ ਤੇਵੇਹੋ[47] ਭਣੀਐ[48] ॥

As[46] are the actions[46], the man commits, so[47] is he spoken of[48].

ਜਿਹੋ ਜਿਹੇ[45] ਅਮਲ[46] ਬੰਦਾ ਕਮਾਉਂਦਾ ਹੈ, ਉਹੋ ਜਿਹਾ[47] ਹੀ ਉਹ ਆਖਿਆ[48] ਜਾਂਦਾ ਹੈ ।

ਜਨ[49] ਨਾਨਕ ਕਾ ਖਸਮੁ[50] ਵਡਾ[52] ਹੈ ਸਭਨਾ ਦਾ ਧਣੀਐ[51] ॥੩੦॥

Great[52] is the Spouse[50] of servant[49] Nanak. He is the Master[51] of all.

ਮਹਾਨ[52] ਹੈ ਨੌਕਰ[49] ਨਾਨਕ ਦਾ ਕੰਤ[50]। ਉਹ ਸਾਰਿਆਂ ਦਾ ਮਾਲਕ[51] ਹੈ ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਸ਼ਾਹੀ ।

ਮਨਮੁਖ ਮੂਲਹੁ[54]ਭੁਲਿਆ[55] ਵਿਚਿ[56] ਲਬੁ[57] ਲੋਭੁ[58] ਅਹੰਕਾਰੁ[59] ॥

In[56] greed[57], avarice[58] and pride[59], the self-willed forget[55] the Primal Lord[54].

ਤਮ੍ਹਾਂ[57], ਲਾਲਚ[58] ਅਤੇ ਹੰਗਤਾ[59] ਅੰਦਰ[56] ਆਪ-ਹੁਦਰੇ ਆਦੀ ਸਾਹਿਬ[54] ਨੂੰ ਵਿਸਾਰ[55] ਦਿੰਦੇ ਹਨ ।

ਝਗੜਾ[60] ਕਰਦਿਆ ਅਨਦਿਨੁ[61] ਗੁਦਰੈ[62] ਸਬਦਿ[63] ਨ ਕਰਹਿ ਵੀਚਾਰੁ[64] ॥

In wrangling[60] they pass[62] their night[61] and day and deliberate[64] not over the Name[63].

ਬਖੇੜਾ[60] ਕਰਦਿਆਂ, ਉਨ੍ਹਾਂ ਦੇ ਰਾਤ[61] ਦੇ ਦਿਨ ਬੀਤ[62] ਜਾਂਦੇ ਹਨ ਅਤੇ ਉਹ ਨਾਮ[63] ਦਾ ਚਿੰਤਨ[64] ਨਹੀਂ ਕਰਦੇ ।

ਸੁਧਿ[65] ਮਤਿ[66]ਕਰਤੈ[67] ਸਭ ਹਿਰਿ[68] ਲਈ ਬੋਲਨਿ ਸਭੁ[69] ਵਿਕਾਰੁ[70] ॥

The Creator[67] has taken away[68] all their pure[65] understanding[66] and they talk all[69] evil[70].

ਸਿਰਜਣਹਾਰ[67] ਨੇ ਉਨ੍ਹਾਂ ਦੀ ਸਾਰੀ ਪਵਿੱਤ੍ਰ[65] ਸਮਝ[66] ਖੋਹ ਲਈ[68] ਹੈ ਅਤੇ ਉਹ ਸਮੂਹ[69] ਮੰਦਾ[70] ਹੀ ਬੋਲਦੇ ਹਨ ।

ਦਿਤੈ[71] ਕਿਤੈ[72] ਨ ਸੰਤੋਖੀਅਹਿ[73] ਅੰਤਰਿ[74]

With no gift[71] whatever[72], they feel contented[73]. In their heart[74] are

ਕਿਸੇ ਭੀ[72] ਦਾਤ[71] ਨਾਲ ਉਹ ਸੰਤੁਸ਼ਟ[73] ਨਹੀਂ ਹੁੰਦੇ । ਉਨ੍ਹਾਂ ਦੇ ਦਿਲ[74] ਵਿਚ ਅਤਿਅੰਤ[76] ਖ਼ਾਹਿਸ਼[75]ਬੇਸਮਝੀ[77]

ਤਿਸਨਾ[75] ਬਹੁ[76] ਅਗਿਆਨੁ[77] ਅੰਧਾਰੁ[78] ॥
ਨਾਨਕ ਮਨਮੁਖਾਂ ਨਾਲੋ ਤੁਟੀ[79] ਭਲੀ[80] ਜਿਨ ਮਾਇਆ[81] ਮੋਹ[82]ਪਿਆਰੁ[83] ॥੧॥

inordinate[76] desire[75], ignorance[77] and darkness[78].
Nanak, it is good[80] to break away[79] from the perverse, who bear love[82] and attachment[83] to mammon[81].

ਅਤੇ ਅਨ੍ਹੇਰਾ[78] ਹੈ ।
ਨਾਨਕ ਆਪ-ਹੁਦਰੇ ਪੁਰਸ਼ਾਂ ਨਾਲ ਤੋੜ ਵਿਛੋੜੀ[79] ਹੀ ਚੰਗੀ[80] ਹੈ, ਜਿਨ੍ਹਾਂ ਦੀ ਧਨ-ਦੌਲਤ[81] ਨਾਲ ਪ੍ਰੀਤ[82] ਤੇ ਲਗਨ[83] ਹੈ ।

ਮ: ੪ ॥

4th Guru.

ਚੌਥੀ ਪਾਤਸ਼ਾਹੀ ।

ਜਿਨਾ ਅੰਦਰਿ[84] ਦੂਜਾ[85] ਭਾਉ ਹੈ ਤਿਨ੍ਹਾ[86]ਗੁਰਮੁਖਿ[87] ਪ੍ਰੀਤਿ[88] ਨ ਹੋਇ ॥
ਓਹੁ ਆਵੈ ਜਾਇ[89] ਭਵਾਈਐ[90] ਸੁਪਨੈ[91] ਸੁਖੁ[92] ਨ ਕੋਇ ॥
ਕੂੜੁ[93] ਕਮਾਵੈ[94] ਕੂੜੁ ਉਚਰੈ[95] ਕੂੜਿ ਲਗਿਆ[96] ਕੂੜੁ[97] ਹੋਇ ॥
ਮਾਇਆ[98] ਮੋਹੁ[99] ਸਭੁ ਦੁਖੁ[3] ਹੈ ਦੁਖਿ ਬਿਨਸੈ[100] ਦੁਖੁ ਰੋਇ[2] ॥
ਨਾਨਕ ਧਾਤੁ[4] ਲਿਵੈ[5] ਜੋੜੁ[6] ਨ ਆਵਈ ਜੇ ਲੋਚੈ[7] ਸਭੁ[8] ਕੋਇ ॥
ਜਿਨ ਕਉ ਪੋਤੈ[9] ਪੁੰਨੁ[10] ਪਇਆ ਤਿਨਾ[12] ਗੁਰ ਸਬਦੀ[13]ਸੁਖੁ[14]ਹੋਇ[15]॥੨॥

They[86], within[84] whom duality[85] abides, love[88] not the pious persons[87].
They come and go[89] and wander[90] in transmigration and have no peace[92] even in dream[91].
They practise[94] falsehood[93], they utter[95] falsehood, and attached[96] with falsehood, they become false[97].
The love[99] of wealth[98] is all trouble[3].
In trouble man perishes[100] and through trouble he bewails[2].
Nanak, there is no union[6] between worldliness[4] and love[5] of God, however all[8] may desire[7] it.
They[12], whose treasure[9] contains meritorious acts[10], obtain[15] peace[14] through Guru's instruction[13].

ਜਿਨ੍ਹਾਂ ਦੇ ਅੰਦਰ[84] ਹੋਰਨਾਂ[85] ਦੀ ਮੁਹੱਬਤ ਹੈ, ਉਹ[86] ਪਵਿਤ੍ਰ ਪੁਰਸ਼ਾਂ[87] ਨੂੰ ਪਿਆਰ[88] ਨਹੀਂ ਕਰਦੇ ।
ਉਹ ਆਉਂਦੇ ਤੇ ਜਾਂਦੇ[89] ਅਤੇ ਆਵਾਗਉਣ ਵਿਚ ਭਟਕਦੇ[90] ਹਨ ਅਤੇ ਸੁਪਨੇ[91] ਵਿਚ ਭੀ ਉਨ੍ਹਾਂ ਨੂੰ ਆਰਾਮ[92] ਨਹੀਂ ਮਿਲਦਾ ।
ਉਹ ਝੂਠ[93] ਕਮਾਉਂਦੇ[94] ਹਨ, ਉਹ ਝੂਠ ਬੋਲਦੇ[95] ਹਨ ਅਤੇ ਝੂਠ ਨਾਲ ਜੁੜ ਕੇ[96] ਉਹ ਝੂਠੇ[97] ਹੋ ਜਾਂਦੇ ਹਨ ।
ਧਨ-ਦੌਲਤ[98] ਦੀ ਲਗਨ[99] ਸਮੂਹ ਤਕਲੀਫ਼[3] ਹੀ ਹੈ । ਤਕਲੀਫ਼ ਰਾਹੀਂ ਇਨਸਾਨ ਮਰਦਾ[100] ਹੈ ਅਤੇ ਤਕਲੀਫ਼ ਰਾਹੀਂ ਹੀ ਉਹ ਵਿਰਲਾਪ[2] ਕਰਦਾ ਹੈ ।
ਨਾਨਕ ਦੁਨੀਆਦਾਰੀ[4] ਅਤੇ ਵਾਹਿਗੁਰੂ ਦੇ ਪ੍ਰੇਮ[5] ਵਿਚਕਾਰ ਕੋਈ ਮੇਲ[6] ਨਹੀਂ, ਭਾਵੇਂ ਸਾਰੇ[8] ਜਣੇ ਚਾਹੁੰਦੇ[7] ਹੋਣ ।
ਜਿਨ੍ਹਾਂ ਦੇ ਖ਼ਜ਼ਾਨੇ[9] ਵਿਚ ਨੇਕ ਅਮਲ[10] ਹਨ, ਉਹ[12] ਗੁਰਾਂ ਦੀ ਸਿਖਿਆ[13] ਰਾਹੀਂ ਆਰਾਮ[14] ਚੈਨ ਪਾਉਂਦੇ[15] ਹਨ ।

ਪਉੜੀ ਮ: ੫ ॥

Pauri 5th Guru.

ਪਉੜੀ ਪੰਜਵੀਂ ਪਾਤਸ਼ਾਹੀ ।

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥ ਭਗਤ ਮੁਖੇ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥

Nanak, the saints and the silent sages think and the four Vedas tell, that the words, which the devotees utter with their mouth, come to pass.
In His workshop, He appears manifest. All people hear of it.
The pig-headed persons, who tussle with the saints, obtain not peace.

ਨਾਨਕ, ਸਾਧੂ ਤੇ ਖ਼ਾਮੋਸ਼ ਰਿਸ਼ੀ ਖ਼ਿਆਲ ਕਰਦੇ ਹਨ ਅਤੇ ਚਾਰੇ ਵੇਦ ਆਖਦੇ ਹਨ ਕਿ ਜਿਹੜੇ ਸ਼ਬਦ ਸੰਤ ਮੂੰਹੋਂ ਉਚਾਰਦੇ ਹਨ, ਉਹ ਪੂਰੇ ਹੋ ਜਾਂਦੇ ਹਨ ।
ਆਪਣੇ ਕਾਰਖ਼ਾਨੇ ਅੰਦਰ ਉਹ ਜ਼ਾਹਰਾ ਦਿੱਸਦਾ ਹੈ । ਸਾਰੇ ਲੋਕੀਂ ਇਹ ਸੁਣਦੇ ਹਨ ।
ਬੁਧੂ ਬੰਦੇ ਜੋ ਸਾਧੂਆਂ ਨਾਲ ਟੱਕਰ ਲੈਂਦੇ ਹਨ, ਆਰਾਮ ਨਹੀਂ ਪਾਉਂਦੇ ।

ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ॥

They (the saints) desire virtue for them, but they burn with self-conceit.

ਉਹ (ਸੰਤ) ਉਨ੍ਹਾਂ ਲਈ ਭਲਿਆਈ ਲੋਚਦੇ ਹਨ ਅਤੇ ਉਹ ਸਵੈ-ਹੰਗਤਾ ਨਾਲ ਸੜਦੇ ਹਨ ।

੩੧੭

ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ ॥

What can those wretches do, since from the very beginning their fate is evil ?

ਉਹ ਨਿਕਰਮਣ ਕੀ ਕਰ ਸਕਦੇ ਹਨ, ਕੁੰਕਿ ਮੂੰਹ ਤੋਂ ਹੀ ਉਨ੍ਹਾਂ ਦੀ ਕਿਸਮਤ ਮਾੜੀ ਹੈ ?

ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥

They, who are smitten by the Supreme Lord, are no one's property.

ਜਿਨ੍ਹਾਂ ਨੂੰ ਉਸ ਸ਼ਰੋਮਣੀ ਸਾਹਿਬ ਨੇ ਨਾਸ ਕੀਤਾ ਹੈ, ਉਹ ਕਿਸੇ ਦੇ ਭੀ ਨਹੀਂ ਹਨ ।

ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ ॥

It is real justice, that they, who bear enmity with the Uninimical, should perish.

ਇਹ ਅਸਲ ਇਨਸਾਫ ਹੈ ਕਿ ਜੋ ਦੁਸ਼ਮਨੀ-ਰਹਿਤ ਨਾਲ ਦੁਸ਼ਮਨੀ ਕਰਦੇ ਹਨ, ਉਹ ਤਬਾਹ ਹੋ ਜਾਣ ।

ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥

They, whom the saints have cursed, continue wandering about.

ਜਿਨ੍ਹਾਂ ਨੂੰ ਸਾਧੂਆਂ ਨੇ ਫਿਟਕਾਰਿਆ ਹੈ, ਉਹ ਭਟਕਦੇ ਫਿਰਦੇ ਹਨ ।

ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥੩੧॥

When the tree is cut at the roots, its branches wither off.

ਜਦ ਬ੍ਰਿਛ ਜੜ੍ਹਾਂ ਤੋਂ ਵੱਢ ਦਿੱਤਾ ਜਾਂਦਾ ਹੈ ਤਾਂ ਇਸ ਦੀਆਂ ਟਹਿਣੀਆਂ ਸੁੱਕ ਜਾਂਦੀਆਂ ਹਨ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ[16] ਭੰਨਣ[17] ਘੜਣ[18] ਸਮਰਥੁ[19] ॥

Within me, Guru Nanak has fixed[16] the Name of God, who is potent[19] to create[18] and destroy[17].

ਮੇਰੇ ਅੰਦਰ ਗੁਰੂ ਨਾਨਕ ਨੇ ਵਾਹਿਗੁਰੂ ਦਾ ਨਾਮ ਪੱਕਾ[16] ਕੀਤਾ ਹੈ, ਜੋ ਉਸਾਰਨ[18] ਅਤੇ ਢਾਹੁਣ[17] ਦੇ ਯੋਗ[19] ਹੈ।

ਪ੍ਰਭੁ ਸਦਾ[20] ਸਮਾਲਹਿ[21] ਮਿਤ੍ਰ[22] ਤੂ ਦੂਖੁ ਸਬਾਇਆ[23] ਲਥੁ[24] ॥੧॥

My friend[22], if thou, ever[20], remember[21] the Lord, all[23] thine troubles would come to an end[24].

ਮੇਰੇ ਸੱਜਣਾ[22], ਜੇਕਰ ਤੂੰ ਸਦਾ[20] ਹੀ ਸੁਆਮੀ ਦਾ ਸਿਮਰਨ[21] ਕਰੇਂ ਤਾਂ ਤੇਰੇ ਸਾਰੇ ਦੁਖੜੇ[23]ਦੂਰ ਹੋ ਜਾਣ[24]।

ਮ: ੫ ॥

5th Guru.

ਪਾਤਸ਼ਾਹੀ ਪੰਜਵੀਂ ।

ਖੁਧਿਆਵੰਤੁ[25] ਨ ਜਾਣਈ[26] ਲਾਜ[27]ਕੁਲਾਜ[28] ਕੁਬੋਲੁ[30]॥

The hungry[25] man minds[26] not honour[27], dishonour[28] and obscene words[30].

ਭੂਖਾ[25] ਆਦਮੀ ਇਜ਼ਤ[27], ਬੇਇਜ਼ਤੀ[28] ਅਤੇ ਮੰਦੇ ਬਚਨਾਂ[30] ਦੀ ਪਰਵਾਹ[26] ਨਹੀਂ ਕਰਦਾ ।

ਨਾਨਕੁ ਮਾਂਗੈ[29] ਨਾਮੁ ਹਰਿ ਕਰਿ[31] ਕਿਰਪਾ[32] ਸੰਜੋਗੁ[33] ॥੨॥

Nanak prays[29] for Thy Name, O God, show[31] Thine mercy[32] and unite[33] me with Thyself.

ਨਾਨਕ ਤੇਰੇ ਨਾਮ ਦੀ ਯਾਚਨਾ[29] ਕਰਦਾ ਹੈ, ਹੇ ਵਾਹਿਗੁਰੂ ! ਆਪਣੀ ਰਹਿਮਤ[32] ਧਾਰ[31] ਅਤੇ ਮੈਨੂੰ ਆਪਣੇ ਨਾਲ ਮਿਲਾ[33] ਲੈ ।

ਪਉੜੀ ॥

Pauri.

ਪਉੜੀ ।

ਜੇਵੇਹੇ[34] ਕਰਮ[35] ਕਮਾਵਦਾ ਤੇਵੇਹੇ[36] ਫਲਤੇ[37] ॥

As[34] are the deeds[35],the man commits, so[36] are the fruits[37] which he gathers.

ਜਿਹੋ ਜਿਹੇ[34] ਅਮਲ[35] ਬੰਦਾ ਕਰਦਾ ਹੈ, ਉਹੋ ਜਿਹੇ[36] ਹੀ ਫਲ[37] ਉਹ ਪਰਾਪਤ ਕਰਦਾ ਹੈ ।

ਚਬੇ ਤਤਾ[38] ਲੋਹ[39] ਸਾਰੁ[40] ਵਿਚਿ[41] ਸੰਘੇ[42] ਪਲਤੇ[43] ॥

If one chews the hot[38] steel[40] iron[39], it causes roasting[43] in[41] the throat[42].

ਜੇਕਰ ਬੰਦਾ ਗਰਮ[38] ਫੌਲਾਦੀ[40] ਲੋਹਾ[39] ਚੱਬੇ ਤਾਂ ਇਹ ਗਲੇ[42] ਨੂੰ ਅੰਦਰੋਂ[41] ਸਾੜ[43] ਸੁੱਟਦਾ ਹੈ ।

ਘਤਿ ਗਲਾਵਾ[44*] ਚਾਲਿਆ[45] ਤਿਨਿ[46] ਦੂਤਿ[47] [48]ਅਮਲ ਤੇ[49] ॥	On account[49] of his evil deeds[48], putting halter[44*] around his neck, death's courier[47] goads[45] him[46] on.	ਉਸ ਦੇ ਮੰਦੇ ਕਰਮਾਂ[48] ਦੇ ਸਬੱਬ[49], ਉਸ ਦੇ ਗੱਲ ਦੁਆਲੇ[44*] ਰੱਸਾ ਪਾ ਕੇ ਮੌਤ ਦਾ ਫ਼ਰਿਸ਼ਤਾ[47] ਉਸ[46] ਨੂੰ ਅੱਗੇ ਨੂੰ ਧੱਕ[45] ਦਿੰਦਾ ਹੈ।
ਕਾਈ ਆਸ ਨ ਪੁੰਨੀਆ[50] ਨਿਤ[51] [52]ਪਰਮਲੁ[53] ਹਿਰਤੇ[54] ॥	No desire of his is fulfilled[50]. He ever[51] steals[54] other's[52] filth[53] (slander other).	ਉਸ ਦੀ ਕੋਈ ਭੀ ਉਮੀਦ ਪੂਰੀ[50] ਨਹੀਂ ਹੁੰਦੀ ਉਹ ਹਮੇਸ਼ਾ[51] ਹੋਰਨਾਂ[52] ਦੀ ਗੰਦਗੀ[53] ਚੋਰੀ[54] ਕਰਦਾ ਹੈ।
ਕੀਆ[55] ਨ ਜਾਣੈ[56] ਅਕਿਰਤਘਣ[57] ਵਿਚਿ[58] ਜੋਨੀ[59] ਫਿਰਤੇ[60] ॥	The ungrateful one[57] feels not indebted[56] for the favours shown[55] and wanders[60] in[58] existences[59].	ਨਸ਼ੁਕਰਾ ਬੰਦਾ[57] ਕੀਤੀਆਂ[55] ਹੋਈਆਂ ਨੇਕੀਆਂ ਲਈ ਅਹਿਸਾਨਮੰਦ[56] ਨਹੀਂ ਹੁੰਦਾ ਅਤੇ ਜੂਨੀਆਂ[59] ਅੰਦਰ[58] ਭਟਕਦਾ[60] ਹੈ।
ਸਭੇ ਧਿਰਾਂ[61] ਨਿਖੁਟੀਅਸੁ[62] ਹਿਰਿ ਲਈਅਸੁ[63] [64]ਧਰਤੇ[65] ॥	He loses[62] all the props[61], when the prop[64] of one Lord is snatched[63] away from him[65].	ਜਦ ਇਸ ਸੁਆਮੀ ਦਾ ਆਸਰਾ[64] ਉਸ[65] ਪਾਸੋਂ ਖੋਹ[63] ਲਿਆ ਜਾਂਦਾ ਹੈ ਉਸ ਦੇ ਸਾਰੇ ਆਸਰੇ[61] ਖੁਸ ਜਾਂਦੇ[62] ਹਨ।
ਵਿਝਣ[66] ਕਲਹ[67] ਨ ਦੇਵਦਾ ਤਾਂ[68] ਲਇਆ[69] ਕਰਤੇ[70] ॥	He did not let the ember of strife[67] die[66], therefore[68] the Creator[70] has smitten[69] him.	ਉਹ ਲੜਾਈ[67] ਦੀ ਅੱਗ ਨੂੰ ਬੁਝਣ[66] ਨਹੀਂ ਸੀ ਦਿੰਦਾ, ਇਸ ਲਈ[68] ਸਿਰਜਣਹਾਰ[70] ਨੇ ਉਸ ਨੂੰ ਸਮੇਟ[69] ਲਿਆ ਹੈ।
ਜੋ ਜੋ ਕਰਤੇ ਅਹੰਮੇਉ[71] ਝੜਿ[72] ਧਰਤੀ[73] ਪੜਤੇ[74] ॥੩੨॥	They, who indulge in ego[71], crumble[72] and fall[74] to the ground[73].	ਜਿਹੜੇ ਭੀ ਹੰਕਾਰ[71] ਕਰਦੇ ਹਨ, ਉਹ ਭੁਰ ਕੇ[72] ਜ਼ਿਮੀ[73] ਤੇ ਡਿੱਗ[74] ਪੈਂਦੇ ਹਨ।
ਸਲੋਕ ਮ: ੩ ॥	Slok 3rd Guru.	ਸਲੋਕ ਤੀਜੀ ਪਾਤਸ਼ਾਹੀ।
ਗੁਰਮੁਖਿ[75] ਗਿਆਨੁ[76] ਬਿਬੇਕ[77] ਬੁਧਿ[78] ਹੋਇ ॥	The Guru-ward[75] is blessed with Divine Knowledge[76] and discriminating[77] intellect[78].	ਗੁਰੂ-ਸਮਰਪਣ[75] ਨੂੰ ਬ੍ਰਹਿਮ ਬੀਚਾਰ[76] ਅਤੇ ਪ੍ਰਬੀਨ[77] ਅਕਲ[78] ਦੀ ਦਾਤ ਮਿਲੀ ਹੋਈ ਹੈ।
ਹਰਿਗੁਣ[79] ਗਾਵੈ ਹਿਰਦੈ[80] ਹਾਰੁ[81] ਪਰੋਇ[82] ॥	He sings God's praises[79] and strings[82] their garland[81] in his heart[80].	ਉਹ ਵਾਹਿਗੁਰੂ ਦੀਆਂ ਕੀਰਤੀਆਂ[79] ਗਾਇਨ ਕਰਦਾ ਹੈ ਅਤੇ ਆਪਣੇ ਰਿਦੇ[80]ਵਿਚ ਉਨ੍ਹਾਂ ਦੀ ਮਾਲਾ[81]ਪ੍ਰੋਂਦਾ[82]ਹੈ।
ਪਵਿਤੁ[83] ਪਾਵਨੁ ਪਰਮ[84] ਬੀਚਾਰੀ[85] ॥	He becomes purest of the pure[83] and a man of the highest[84] wisdom[85].	ਉਹ ਪਵਿੱਤ੍ਰਾਂ ਦਾ ਮਹਾਂ ਪਵਿੱਤ੍ਰ[83] ਅਤੇ ਮਹਾਨ ਉਚੀ[84] ਸਮਝ[85] ਵਾਲਾ ਹੋ ਜਾਂਦਾ ਹੈ।
ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ[85*] ॥	He saves[85*] him, who meets Him.	ਜੋ ਉਸ ਨੂੰ ਮਿਲਦਾ ਹੈ, ਉਸ ਨੂੰ ਉਹ ਤਾਰ[85*] ਦਿੰਦਾ ਹੈ।
ਅੰਤਰਿ[86] ਹਰਿਨਾਮੁ ਬਾਸਨਾ[87] ਸਮਾਣੀ[88] ॥	Within his heart[86] is contained[88] the perfume[87] of God's Name.	ਉਸ ਦੇ ਦਿਲ[86] ਅੰਦਰ ਰੱਬ ਦੇ ਨਾਮ ਦੀ ਖ਼ੁਸ਼ਬੋਈ[87] ਰਮੀ[88] ਹੋਈ ਹੈ।
ਹਰਿ ਦਰਿ[89] ਸੋਭਾ[90] ਮਹਾ[91] ਉਤਮ[92] ਬਾਣੀ[93] ॥	He attains honour[90] in God's court[89] and has supremely[91] sublime[92] speech[93].	ਉਹ ਵਾਹਿਗੁਰੂ ਦੇ ਦਰਬਾਰ[89] ਅੰਦਰ ਪੱਤ ਆਬਰੂ[90] ਪਾਉਂਦਾ ਹੈ ਅਤੇ ਪ੍ਰਮ[91]ਸ੍ਰੇਸ਼ਟ[92]ਹੈ ਉਸ ਦੀ ਬੋਲਚਾਲ[93]।
ਜਿ ਪੁਰਖੁ[94] ਸੁਣੈ ਸੁ[95] ਹੋਇ ਨਿਹਾਲੁ[96] ॥	The person[94], who hears him, he[95] is exceedingly delighted[96].	ਜੋ ਪੁਰਸ਼[94] ਉਸ ਨੂੰ ਸੁਣਦਾ ਹੈ ਉਹ[95] ਪਰਮ[96] ਪਰਸੰਨ ਹੋ ਜਾਂਦਾ ਹੈ।

ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ[98] ਮਾਲੁ[97] ॥੧॥

On meeting the True Guru, Nanak has obtained the wealth[98] and property[97] of God's Name.

ਸੱਚੇ ਗੁਰਾਂ ਨੂੰ ਮਿਲਣ ਦੁਆਰਾ ਨਾਨਕ ਨੇ ਰੱਬ ਦੇ ਨਾਮ ਦੀ ਦੌਲਤ[98] ਅਤੇ ਜਾਇਦਾਦ[97] ਪਰਾਪਤ ਕੀਤੀ ਹੈ।

ਮ: ੪ ॥

4th Guru.

ਚੌਥੀ ਪਾਤਸ਼ਾਹੀ।

ਸਤਿਗੁਰ ਕੇ ਜੀਅ[99] ਕੀ ਸਾਰ[100] ਨ ਜਾਪੈ[2] ਕਿ ਪੂਰੈ[3] ਸਤਿਗੁਰ ਭਾਵੈ[4] ॥

The condition[100] of the Perfect[3] True Guru's mind[99] and what does please[4] him no one knows[2].

ਕੋਈ ਜਣਾ ਭੀ ਪੂਰਨ[3] ਸਚੇ ਗੁਰਾਂ ਦੇ ਮਨ[99] ਦੀ ਦਸ਼ਾ[100] ਅਤੇ ਕੀ ਉਨ੍ਹਾਂ ਨੂੰ ਚੰਗਾ[4] ਲੱਗਦਾ ਹੈ, ਨੂੰ ਨਹੀਂ ਜਾਣਦਾ[2]।

ਗੁਰਸਿਖਾਂ ਅੰਦਰਿ[5] ਸਤਿਗੁਰੁ ਵਰਤੈ[6] ਜੋ ਸਿਖਾਂ ਨੋ ਲੋਚੈ[7] ਸੋ ਗੁਰ ਖੁਸੀ[8] ਆਵੈ ॥

The true Guru is pervading[6] the hearts[5] of the Guru's Sikhs. The Guru is pleased[8] with him, who longs[7] for the Sikhs.

ਸੱਚੇ ਗੁਰੂ, ਗੁਰੂ ਦੇ ਸਿੱਖਾਂ ਦੇ ਦਿਲਾਂ[5] ਅੰਦਰ ਰਮ ਰਹੇ[6] ਹਨ। ਗੁਰੂ ਜੀ ਉਸ ਉਤੇ ਖੁਸ਼[8] ਹੁੰਦੇ ਹਨ, ਜੋ ਸਿੱਖਾਂ ਨੂੰ ਚਾਹੁੰਦਾ[7] ਹੈ।

ਸਤਿਗੁਰੁ ਆਖੈ[9] ਸੁ[10] ਕਾਰ[12] ਕਮਾਵਨਿ[13] ਸੁ ਜਪੁ[14] ਕਮਾਵਹਿ ਗੁਰਸਿਖਾਂ ਕੀ ਘਾਲ[15] ਸਚਾ[16] ਥਾਇ ਪਾਵੈ[17] ॥

They perform[13] the[10] service[12] and say the prayers[14] as the True Guru enjoins[9] them. The True Lord[16] accepts[17] the service[15] of the Sikhs of the Guru.

ਉਹ ਉਹ[10] ਸੇਵਾ[12] ਕਰਦੇ[13] ਹਨ ਅਤੇ ਉਹ ਰਹਿਰਾਸ[14] ਉਚਾਰਦੇ ਹਨ ਜੋ ਸੱਚਾ ਗੁਰੂ ਆਗਿਆ[9] ਕਰਦਾ ਹੈ। ਸੱਚਾ ਸੁਆਮੀ[16] ਉਹ ਉਨ੍ਹਾਂ ਦੀ ਚਾਕੀਰ[15] ਨੂੰ ਪਰਵਾਨ[17] ਕਰ ਲੈਂਦਾ ਹੈ।

ਵਿਣੁ[23] ਸਤਿਗੁਰ ਕੇ ਹੁਕਮੈ[18] ਜਿ ਗੁਰਸਿਖਾਂ ਪਾਸਹੁ ਕੰਮੁ[19] ਕਰਾਇਆ ਲੋੜੈ[20] ਤਿਸੁ ਗੁਰ ਸਿਖੁ ਫਿਰਿ[21] ਨੇੜਿ[22] ਨ ਆਵੈ ॥

The Guru's disciple, shall not, again[21] draw near[22] him, who desires[20] to have some work[19] done by the Sikhs of the Guru, without[23] the True Guru's order[18].

ਗੁਰਾਂ ਦਾ ਮੁਰੀਦ, ਮੁੜ[21] ਕੇ ਉਸ ਦੇ ਲਾਗੇ[22] ਨਹੀਂ ਲੱਗਦਾ, ਜੋ ਸੱਚੇ ਗੁਰਾਂ ਦੇ ਫੁਰਮਾਨ[18] ਦੇ ਬਗੈਰ[23] ਗੁਰੂ ਦੇ ਸਿੱਖਾਂ ਕੋਲੋਂ ਕੋਈ ਕਾਰਜ[19] ਕਰਾਉਣਾ ਚਾਹੁੰਦਾ[20] ਹੈ।

ਗੁਰ[28] ਸਤਿਗੁਰ ਅਗੈ ਕੋ ਜੀਉ ਲਾਇ[24] ਘਾਲੈ[25] ਤਿਸੁ ਅਗੈ ਗੁਰਸਿਖੁ ਕਾਰ[26] ਕਮਾਵੈ[27] ॥

The Sikh of the Guru, renders[27] service[26], unto the person, who heartily[24] works[25] for the great[28] True Guru.

ਜੋ ਪੁਰਸ਼ ਸੱਚੇ ਦਿਲੋਂ[24] ਵਿਸ਼ਾਲ[28] ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[25] ਹੈ, ਗੁਰਾਂ ਦਾ ਸਿੱਖ ਉਸ ਦੀ ਚਾਕਰੀ[26] ਵਜਾਉਂਦਾ[27] ਹੈ।

ਜਿ ਠਗੀ[29] ਆਵੈ ਠਗੀ ਉਠਿ[30] ਜਾਇ ਤਿਸੁ[34] ਨੇੜੈ[31] ਗੁਰਸਿਖੁ ਮੂਲਿ[32] ਨ ਆਵੈ[33] ॥

He who comes for deception[29] and who arises[30] and goes for deception; near[31] him[34] the disciple of the Guru draws[33] not ever[32].

ਜੋ ਵਲ ਛਲ[29] ਲਈ ਆਉਂਦਾ ਹੈ ਅਤੇ ਵਲ ਛਲ ਲਈ ਹੀ ਖੜਾ[30] ਹੋ ਟੁਰ ਜਾਂਦਾ ਹੈ, ਉਸ[34] ਦੇ ਲਾਗੇ[31] ਗੁਰਾਂ ਦਾ ਮੁਰੀਦ ਕਦਾਚਿੱਤ[32] ਨਹੀਂ ਲੱਗਦਾ[33]।

ਬ੍ਰਹਮੁ[35] ਬੀਚਾਰੁ[36] ਨਾਨਕੁ ਆਖਿ[37] ਸੁਣਾਵੈ[38] ॥

Lord's[35] discourse[36] Nanak proclaims[37] and preaches[38].

ਪ੍ਰਭੂ[35] ਦੀ ਵਾਰਤਾ[36] ਨਾਨਕ ਪੁਕਾਰਦਾ[37] ਅਤੇ ਪਰਚਾਰਦਾ[38] ਹੈ।

ਜਿ ਵਿਣੁ ਸਤਿਗੁਰ ਕੇ ਮਨੁ[39] ਮੰਨੇ[40] ਕੰਮੁ ਕਰਾਏ ਸੋ[41] ਜੰਤੁ[42] ਮਹਾ[43] ਦੁਖੁ[44] ਪਾਵੈ[45] ॥੨॥

He who without propitiating[40] the True Guru's mind[39], does some deed, that[41] person[42] suffers[45] great[43] misery[44].

ਜੋ ਬਿਨਾ ਸੱਚੇ ਗੁਰਾਂ ਦੇ ਚਿੱਤ[39] ਨੂੰ ਰੀਝਾਉਣ[40] ਦੇ ਕੋਈ ਕਾਰਜ ਕਰਦਾ ਹੈ, ਉਹ[41] ਜੀਵ[42] ਘਣਾ[43] ਕਸ਼ਟ[44] ਉਠਾਉਂਦਾ[45] ਹੈ।

ਪਉੜੀ ॥
ਤੂੰ ਸਚਾ ਸਾਹਿਬੁ ਅਤਿ[46] ਵਡਾ[47] ਤੁਹਿ ਜੇਵਡੁ[48] ਤੂੰ ਵਡ ਵਡੇ[49] ॥
ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ[50] ਬਖਸਿ ਲੈਹਿ[51] ਲੇਖਾ[52] ਛਡੇ[53] ॥
ਜਿਸ ਨੋ ਤੂੰ ਆਪਿ[55] ਮਿਲਾਇਦਾ[54] ਸੋ[56] ਸਤਿਗੁਰੁ ਸੇਵੇ[57] ਮਨੁ ਗਡਗਡੇ[58] ॥
ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ[59] ਪਿੰਡੁ[60] ਚੰਮੁ[61] ਤੇਰਾ[62] ਹਡੇ[63] ॥

Pauri.
Thou, O True Lord, art very[46] great[47].
As great[48] as Thee, Thou alone art.
Thou art the greatest of the great[49].
He whom Thou unitest, unites with Thee Thou Thyself[50] forgivest[51] him and ignorest[53] his account[52].
Whom Thou unitest[54] with Thy self[55], he[56] whole-heartedly[58] serves[57] the True Guru.
Thou art True, Thou art the True Lord. My soul[59], body[60], skin[61] and bones[63] are all Thine[62].

ਪਉੜੀ ।
ਤੂੰ ਹੇ ਸੱਚੇ ਸੁਆਮੀ ! ਮਹਾਨ[46] ਵਿਸ਼ਾਲ[47] ਹੈਂ । ਤੇਰੇ ਜਿੱਡਾ ਵਿਸ਼ਾਲ[48] ਕੇਵਲ ਤੂੰ ਹੀ ਹੈਂ । ਤੂੰ ਪਰਧਾਨਾਂ ਦਾ ਪਰਮ ਪਰਧਾਨ[49] ਹੈਂ ।
ਜਿਸ ਨੂੰ ਤੂੰ ਆਪਣੇ ਨਾਲ ਮਿਲਾਉਂਦਾ ਹੈਂ, ਉਹ ਤੇਰੇ ਨਾਲ ਮਿਲਦਾ ਹੈ । ਤੂੰ ਖੁਦ[50] ਉਸ ਨੂੰ ਮਾਫ਼ੀ[51] ਦੇ ਦਿੰਦਾ ਹੈਂ ਅਤੇ ਉਸ ਦਾ ਹਿਸਾਬ ਕਿਤਾਬ[52] ਨਹੀਂ ਦੇਖਦਾ[53] ।
ਜਿਸ ਨੂੰ ਤੂੰ ਆਪਣੇ[55] ਨਾਲ ਜੋੜਦਾ[54] ਹੈਂ, ਉਹ[56]ਦਿਲ ਖੁਭੋ ਕੇ[58] ਸੱਚੇ ਗੁਰਾਂ ਦੀ ਘਾਲ ਕਮਾਉਂਦਾ[57] ਹੈ ।
ਤੂੰ ਸਤਿ ਹੈਂ । ਤੂੰ ਸੱਚਾ ਸੁਆਮੀ ਹੈਂ । ਮੇਰੀ ਆਤਮਾ[59], ਦੇਹਿ[60], ਖਲੜੀ[61] ਅਤੇ ਹੱਡੀਆਂ[63]ਸਮੂਹ ਤੇਰੀਆਂ[62]ਹਨ ।

੩੧੮
ਜਿਉ[70] ਭਾਵੈ[64] ਤਿਉ[71] ਰਖੁ[65] ਤੂੰ ਸਚਿਆ[66] ਨਾਨਕ ਮਨਿ[67] ਆਸ[68] ਤੇਰੀ ਵਡ ਵਡੇ[69] ॥੩੩॥
॥੧॥ ਸੁਧੁ ॥

318
As[70] it pleases[64] Thee, so[71] do thou save[65] me, O my True Lord[66]. O the highest of the high[69], Thine hope[68] alone, Nanak cherishes within his mind[67].

੩੧੮
ਜਿਸ ਤਰ੍ਹਾਂ[70] ਤੈਨੂੰ ਚੰਗਾ[64] ਲੱਗਦਾ ਹੈ, ਉਸੇ[71] ਤਰ੍ਹਾਂ ਮੇਰੀ ਰਖਿਆ[65] ਕਰ ਹੇ ਮੇਰੇ ਸੱਚੇ ਸੁਆਮੀ[66] ! ਹੇ ਉੱਚਿਆਂ ਦੇ ਮਹਾਨ[69] ਉਚੇ, ਨਾਨਕ ਦੇ ਚਿੱਤ[67] ਅੰਦਰ ਕੇਵਲ ਤੇਰੀ ਹੀ ਉਮੀਦ[68] ਹੈ ।

ਗਉੜੀ ਕੀ ਵਾਰ
ਮਹਲਾ ੫
ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

Gauri Ki War
5th Guru.
To be sung on the tune of the Var of Rai Kamal Maujdi

ਗਉੜੀ ਕੀ ਵਾਰ ।
ਪੰਜਵੀਂ ਪਾਤਸ਼ਾਹੀ ।
ਰਾਇ ਕਮਾਲ ਮੋਜਦੀ ਦੀ ਵਾਰ ਦੀ ਸੁਰਿ ਉਤੇ ਗਾਇਨ ਕਰਨੀ

ੴ ਸਤਿਗੁਰ ਪ੍ਰਸਾਦਿ ॥

There is but one God By the True Guru's grace He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਸਲੋਕ ਮ: ੫ ॥
ਹਰਿ ਹਰਿ ਨਾਮੁ ਜੋ[72]ਜਨੁ[73] ਜਪੈ[74] ਸੋ ਆਇਆ[75] ਪਰਵਾਣੁ[76] ॥
ਤਿਸੁ ਜਨ ਕੈ ਬਲਿਹਾਰਣੈ[77] ਜਿਨਿ ਭਜਿਆ[78] ਪ੍ਰਭੁ ਨਿਰਬਾਣੁ[79] ॥

Slok 5th Guru.
Acceptable[76] is the advent[75] of the[72] man[73], who remembers[74] the Name of the Lord God.
I am a sacrifice[77] unto that person, who meditates[78] on the Unattached[79] Lord.

ਸਲੋਕ ਪੰਜਵੀਂ ਪਾਤਸ਼ਾਹੀ ।
ਕਬੂਲ[76] ਹੈ ਉਸ[72] ਬੰਦੇ[73] ਦਾ ਆਗਮਨ[75], ਜੋ ਵਾਹਿਗੁਰੂ ਸੁਆਮੀ ਦੇ ਨਾਮ ਦਾ ਆਰਾਧਨ[74] ਕਰਦਾ ਹੈ ।
ਮੈਂ ਉਸ ਪੁਰਸ਼ ਉਤੋਂ ਕੁਰਬਾਨ[77] ਜਾਂਦਾ ਹਾਂ ਜੋ ਨਿਰਲੇਪ[79] ਸੁਆਮੀ ਦਾ ਆਰਾਧਨ[78] ਕਰਦਾ ਹੈ ।

ਜਨਮ ਮਰਨ ਦੂਖੁ ਕਟਿਆ[80] ਹਰਿ ਭੇਟਿਆ[81] ਪੁਰਖੁ[82] ਸੁਜਾਣੁ[83] ॥
ਸੰਤ ਸੰਗਿ ਸਾਗਰੁ[84] ਤਰੇ[85] ਜਨ[86] ਨਾਨਕ ਸਚਾ ਤਾਣੁ[87] ॥੧॥

For him, the agony of dirth and death is annulled[80] and he meets[81] God, the-Omniscient[83] Lord[82].
By associating with the society of saints, he crosses[85] the world-ocean[84], and O slave[86] Nanak, he has the true prop[87] of the one God.

ਉਸ ਦੀ ਪੈਦਾਇਸ਼ ਤੇ ਮੌਤ ਦਾ ਕਸ਼ਟ ਨਵਿਰਤ[80] ਹੋ ਜਾਂਦਾ ਹੈ ਅਤੇ ਵਾਹਿਗੁਰੂ, ਸਰਬੱਗ[83]-ਸੁਆਮੀ[82] ਨੂੰ ਮਿਲ[81] ਪੈਂਦਾ ਹੈ।
ਸਾਧ ਸੰਗਤ ਨਾਲ ਜੁੜਨ ਦੁਆਰਾ ਉਹ ਸੰਸਾਰ ਸਮੁੰਦਰ[84] ਤੋਂ ਪਾਰ[85] ਉਤਰ ਜਾਂਦਾ ਹੈ ਅਤੇ ਹੇ ਗੋਲੇ[86] ਨਾਨਕ ਉਸ ਨੂੰ ਇਕ ਹਰੀ ਦਾ ਹੀ ਸੱਚਾ ਆਸਰਾ[87] ਹੈ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ[31]।

ਭਲਕੇ[88]ਉਠਿ[89]ਪਰਾਹੁਣਾ[90] ਮੇਰੈ ਘਰਿ[91] ਆਵਉ ॥
ਪਾਉ[92] ਪਖਾਲਾ[93] ਤਿਸਕੇ[94] ਮਨਿ[95] ਤਨਿ[96] ਨਿਤ[97] ਭਾਵਉ[98] ॥

Rising[89] early[88], let God's saint visit my home[91] like a guest[90].
I wash[93] his[94] feet[92] and he is ever[97] pleasing[98] to my soul[95] and body[96].

ਸਾਝਰੇ[88] ਉਠ[89] ਕੇ ਰਬ ਦਾ ਸਾਧੂ ਮੇਰੇ ਗ੍ਰਹਿ[91] ਮਹਿਮਾਨ[90] ਦੀ ਤਰ੍ਹਾਂ ਆਵੇ।
ਮੈਂ ਉਸ[94] ਦੇ ਚਰਨ[92] ਧੋਂਦਾ[93] ਹਾਂ ਅਤੇ ਉਹ ਮੇਰੀ ਆਤਮਾ[95] ਤੇ ਦੇਹਿ[96] ਨੂੰ ਸਦਾ[97] ਚੰਗਾ[98] ਲਗਦਾ ਹੈ।

ਨਾਮੁ ਸੁਣੇ ਨਾਮੁ ਸੰਗ੍ਰਹੈ[99] ਨਾਮੇ ਲਿਵ[100] ਲਾਵਉ[2] ॥
ਗ੍ਰਿਹੁ[3] ਧਨੁ[4] ਸਭੁ ਪਵਿਤ੍ਰੁ[5] ਹੋਇ ਹਰਿ ਕੇ ਗੁਣ[6] ਗਾਵਉ ॥

The Name I hear, the Name I ameas[99] and with the Name, I develop[2] love[100].
My home[3] and wealth[4] are all sanctified[5] by singing the praises[6] of God.

ਨਾਮ ਮੈਂ ਸੁਣਦਾ ਹਾਂ, ਨਾਮ ਮੈਂ ਇਕਤ੍ਰ[99] ਕਰਦਾ ਹਾਂ ਅਤੇ ਨਾਮ ਨਾਲ ਹੀ ਮੈਂ ਪਿਰਹੜੀ[100] ਪਾਉਂਦਾ[2] ਹਾਂ।
ਵਾਹਿਗੁਰੂ ਦੀ ਕੀਰਤੀ[6] ਗਾਇਨ ਕਰਨ ਦੁਆਰਾ ਮੇਰਾ ਘਰ[3] ਤੇ ਦੌਲਤ[4] ਸਾਰੇ ਪਾਕ[5] ਹੋ ਗਏ ਹਨ।

ਹਰਿ ਨਾਮ ਵਾਪਾਰੀ[7] ਨਾਨਕਾ [8]ਵਡਭਾਗੀ[9] ਪਾਵਉ[10] ॥੨॥

The purchaser[7] of God's Name, O Nanak, is found[10] through the greatest[8] good fortune[9].

ਰਬ ਦੇ ਨਾਮ ਦਾ ਵਣਜਾਰਾ[7] ਹੇ ਨਾਨਕ! ਪਰਮ[8] ਚੰਗੇ ਨਸੀਬਾਂ[9] ਦੁਆਰਾ ਪਰਾਪਤ[10] ਹੁੰਦਾ ਹੈ।

ਪਉੜੀ ॥

Pauri.

ਪਉੜੀ।

ਜੋ[16] ਤੁਧੁ ਭਾਵੈ[12] ਸੋ[13] ਭਲਾ[14] ਸਚੁ[17] ਤੇਰਾ ਭਾਣਾ[15]॥ ਤੂ ਸਭ ਮਹਿ[18] ਏਕੁ[19] ਵਰਤਦਾ[20] ਸਭ ਮਾਹਿ ਸਮਾਣਾ[21] ॥

Whatever[16] pleases[12] Thee, that[13] is good[14]. Ever-true[17] is Thine will[15].
Thou alone[19] art working[20] in[18] all, and art contained[21] amongst everything.

ਜਿਹੜਾ ਕੁਛ[16] ਤੈਨੂੰ ਚੰਗਾ[12] ਲਗਦਾ ਹੈ, ਉਹੀ[13] ਸ੍ਰੇਸ਼ਟ[14] ਹੈ। ਸਦੀਵੀ-ਸਤਿ[17] ਹੈ ਤੇਰੀ ਰਜ਼ਾ[15]।
ਕੇਵਲ[19] ਤੂੰ ਹੀ ਸਾਰਿਆਂ ਅੰਦਰ[18] ਕੰਮ[20] ਕਰ ਰਿਹਾ ਹੈਂ ਅਤੇ ਹਰ ਸ਼ੈ ਵਿਚ ਰਮਿਆ[21] ਹੋਇਆ ਹੈਂ।

ਥਾਨ[22] ਥਨੰਤਰਿ[23] ਰਵਿ ਰਹਿਆ[24] ਜੀਅ[25] ਅੰਦਰਿ ਜਾਣਾ[26] ॥
ਸਾਧ ਸੰਗਿ ਮਿਲਿ[27] ਪਾਈਐ[28] ਮਨਿ[29] ਸਚੇ[30] ਭਾਣਾ[31] ॥

Thou art diffused[24] through all the places[22] and inter spaces[23] and art known[26] to be within the mortals[25].
Submitting[29] to his will[31], the True[30] Lord is obtained[28] by joining[27] the society of saints.

ਤੂੰ ਸਾਰੀਆਂ ਥਾਵਾਂ[22] ਅਤੇ ਉਨ੍ਹਾਂ ਦੀਆਂ ਵਿੱਥਾਂ[23] ਵਿਚ ਰਮਿਆ[24] ਹੋਇਆ ਹੈਂ ਅਤੇ ਤੂੰ ਹੀ ਪ੍ਰਾਣੀਆਂ[25] ਅੰਦਰ ਜਾਣਿਆਂ[26] ਜਾਂਦਾ ਹੈਂ।
ਉਸ ਦੀ ਰਜ਼ਾ[31] ਨੂੰ ਕਬੂਲ[29] ਕਰਨ ਦੁਆਰਾ, ਸੱਚਾ[30] ਸਾਈਂ ਸਤਿ ਸੰਗਤ ਨਾਲ ਜੁੜ ਕੇ[27] ਪਰਾਪਤ[28] ਹੁੰਦਾ ਹੈ।

ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥

Nanak, seeks the refuge of the Lord and is ever, ever a sacrifice unto Him.

ਨਾਨਕ ਸਾਹਿਬ ਦੀ ਸ਼ਰਣ ਲੋੜਦਾ ਹੈ, ਅਤੇ ਸਦੀਵ, ਸਦੀਵ ਹੀ ਉਸ ਤੋਂ ਸਦਕੇ ਜਾਂਦਾ ਹੈ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ।

ਚੇਤਾ ਈ[32] ਤਾਂ[33] ਚੇਤਿ[34] ਸਾਹਿਬੁ ਸਚਾ ਸੋ[35] ਧਣੀ[36]॥ ਨਾਨਕ ਸਤਿਗੁਰੁ ਸੇਵਿ[37] ਚੜਿ[38] ਬੋਹਿਥਿ[39] [40]ਭਉਜਲੁ[41] ਪਾਰਿ ਪਉ[42] ॥੧॥

If this thing occurs[32] to thee, then[33], remember[34] that[35] Lord, thy Master[36]. Embark[38] on the ship[39] of the service[37] of the True Guru and cross[42] the terrible[40] world-ocean[41].

ਜੇਕਰ ਤੈਨੂੰ ਇਹ ਗੱਲ ਸੁਝਦੀ[32] ਹੈ ਤਦ[33] ਆਪਣੇ ਮਾਲਕ[36] ਉਸ[35] ਸੱਚੇ ਸੁਆਮੀ ਦਾ ਸਿਮਰਨ[34] ਕਰ। ਸੱਚੇ ਗੁਰਾਂ ਦੀ ਚਾਕਰੀ[37] ਦੇ ਜਹਾਜ਼[39] ਉਤੇ ਸਵਾਰ[38] ਹੋ ਜਾ ਅਤੇ ਭਿਆਨਕ[40] ਸੰਸਾਰ-ਸਮੁੰਦਰ[41] ਨੂੰ ਤਰ[42] ਜਾ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ।

ਵਾਉ[42*] ਸੰਦੇ[43] ਕਪੜੇ[44] ਪਹਿਰਹਿ[45] ਗਰਬਿ[46] ਗਵਾਰ[47]॥ ਨਾਨਕ ਨਾਲਿ[48] ਨ ਚਲਨੀ[49] ਜਲਿ ਬਲਿ[50] ਹੋਏ ਛਾਰੁ[51] ॥੨॥

The proud[46] fools[47] wear[45] the clothes[44] of[43] wind[42*]. (have frail bodies). Nanak, they go[49] not with[48] the mortal and are burnt[50] to ashes[51].

ਆਕੜ ਖਾਂ[46] ਮੂਰਖ[47] ਹਵਾ[42*] ਦੇ[43] ਬਸਤ੍ਰ[44] ਪਹਿਨਦੇ[45] (ਬੋਦੇ ਸਰੀਰ ਰਖਦੇ) ਹਨ। ਨਾਨਕ ਉਹ ਪ੍ਰਾਣੀ ਦੇ ਸਾਥ[48] ਨਹੀਂ ਜਾਂਦੇ[49] ਅਤੇ ਸੜ[50] ਕੇ ਸੁਆਹ[51] ਜਾਂਦੇ ਹਨ।

ਪਉੜੀ ॥

Pauri.

ਪਉੜੀ।

ਸੇਈ[52] ਉਬਰੇ[53] ਜਗੈ ਵਿਚਿ ਜੋ[54] ਸਚੈ ਰਖੇ ॥

They[52] alone are delivered[53] in the world, whom[54] the True Lord preserves.

ਕੇਵਲ ਓਹੀ[52] ਇਸ ਜਹਾਨ ਵਿਚ ਸੁਰਖੁਰੂ[53] ਹੁੰਦੇ ਹਨ, ਜਿਨ੍ਹਾਂ[54] ਦੀ ਸੱਚਾ ਸੁਆਮੀ ਰਖਿਆ ਕਰਦਾ ਹੈ।

ਮੁਹਿ[55] ਡਿਠੈ[56] ਤਿਨ ਕੈ ਜੀਵੀਐ ਹਰਿ ਅੰਮ੍ਰਿਤੁ[57] ਚਖੇ[58] ॥

I live by beholding[56] the faces[55] of those, who taste[58] God's Nectar[57].

ਮੈਂ ਉਨ੍ਹਾਂ ਦੇ ਮੁਖੜੇ[55] ਵੇਖ ਕੇ[56] ਜੀਉਂਦਾ ਹਾਂ ਜੋ ਵਾਹਿਗੁਰੂ ਦੇ ਸੁਧਾਰਸ[57] ਨੂੰ ਪਾਨ[58] ਕਰਦੇ ਹਨ।

ਕਾਮੁ[59] ਕ੍ਰੋਧੁ[60] ਲੋਭੁ[61] ਮੋਹੁ[62] ਸੰਗਿ ਸਾਧਾ[63] ਭਖੇ[64] ॥

Lust[59], wrath[60], avarice[61] and worldly love[62] are burnt down[64] in the saints' congregation[63].

ਵਿਸ਼ੇ ਭੋਗ[59], ਗੁੱਸਾ[60], ਲਾਲਚ[61] ਅਤੇ ਸੰਸਾਰੀ ਮਮਤਾ[62] ਸਤਿ ਸੰਗਤ[63] ਅੰਦਰ ਸੜ ਜਾਂਦੇ[64] ਹਨ।

ਕਰਿ[65] ਕਿਰਪਾ[68] ਪ੍ਰਭਿ ਆਪਣੀ ਹਰਿ ਆਪਿ[66] ਪਰਖੇ[67] ॥ ਨਾਨਕ ਚਲਤ[69] ਨ ਜਾਪਨੀ[70] ਕੋ ਸਕੈ ਨ ਲਖੇ[71] ॥੨॥

Lord God Himself[66] tests and assays[67] those, unto whom He extends[65] His mercy[68]. Nanak, Lord's plays[69] are not known[70]. No one can understand[71] them.

ਵਾਹਿਗੁਰੂ ਸੁਆਮੀ ਖ਼ੁਦ[66] ਉਨ੍ਹਾਂ ਦੀ ਜਾਂਚ ਪੜਤਾਲ[67] ਕਰਦਾ ਹੈ, ਜਿਨ੍ਹਾਂ ਉਤੇ ਉਹ ਆਪਣੀ ਰਹਿਮਤ[68] ਧਾਰਦਾ[65] ਹੈ। ਨਾਨਕ ਸੁਆਮੀ ਦੇ ਖੇਲ[69] ਜਾਣੇ[70] ਨਹੀਂ ਜਾਂਦੇ। ਕੋਈ ਕੀ ਉਨ੍ਹਾਂ ਨੂੰ ਸਮਝ[71] ਨਹੀਂ ਸਕਦਾ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ।

ਨਾਨਕ ਸੋਈ[72] ਦਿਨਸੁ[73] ਸੁਹਾਵੜਾ[74] ਜਿਤੁ ਪ੍ਰਭੁ ਆਵੈ ਚਿਤਿ[75] ॥

Nanak, beautiful[74] is the[72] day[73], when the Lord comes into the mind[75].

ਨਾਨਕ ਸੁਹਣਾ[74] ਹੈ ਉਹ[72] ਦਿਹਾੜਾ[73], ਜਦੋਂ ਪ੍ਰਭੂ ਮਨ[75] ਅੰਦਰ ਆਉਂਦਾ ਹੈ।

ਜਿਤੁ ਦਿਨਿ ਵਿਸਰੈ[76]

But accursed[78] is the day and

ਪਰ ਧਿਰਕਾਰ[78] ਯੋਗ ਹੈ ਉਹ ਚੰਗਾ[79] ਦਿਨ ਅਤੇ

ਪਾਰਬ੍ਰਹਮੁ[77] ਫਿਟੂ[78] ਭਲੇਰੀ[79] ਰੁਤਿ[80] ॥੧॥

season[80], however pleasant[79], when the supreme Lord[77] is forgotten[78].

ਮੌਸਮ[80], ਜਦ ਸ਼ਰੋਮਣੀ ਸਾਹਿਬ[77] ਭੁੱਲ[78] ਜਾਂਦਾ ਹੈ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ।

ਨਾਨਕ ਮਿਤ੍ਰਾਈ[81] ਤਿਸੁ[82] ਸਿਉ[83] ਸਭ ਕਿਛੁ ਜਿਸ ਕੈ ਹਾਥਿ[84] ॥

Contract friendship[81] with[83] Him[82], O, Nanak, in whose hands[84] lies every thing.

ਉਸ[82] ਨਾਲ[83] ਯਾਰੀ[81] ਗੰਢ ਹੇ ਨਾਨਕ! ਜਿਸ ਦੇ ਹੱਥਾਂ[84] ਵਿਚ ਹਰ ਸ਼ੈ ਹੈ।

ਕੁਮਿਤ੍ਰਾ[85] ਸੇਈ[86] ਕਾਂਢੀਅਹਿ[87] ਇਕ ਵਿਖ[88] ਨ ਚਲਹਿ[89] ਸਾਥਿ[90] ॥੨॥

They[86] are accounted[87] false[85] friends, who go[89] not a step[88] with[90] One.

ਉਹ[86] ਝੂਠੇ[85] ਸਜਣ ਗਿਣੇ[87] ਜਾਂਦੇ ਹਨ ਜੋ ਇਕ ਕਦਮ[88] ਭੀ ਬੰਦੇ ਦੇ ਨਾਲ[90] ਨਹੀਂ ਟੁਰਦੇ[89]।

ਪਉੜੀ ॥

Pauri.

ਪਉੜੀ।

ਅੰਮ੍ਰਿਤੁ[91] ਨਾਮੁ ਨਿਧਾਨੁ[92] ਹੈ ਮਿਲਿ[93] ਪੀਵਹੁ[94] ਭਾਈ[95]॥ ਜਿਸੁ[96]ਸਿਮਰਤ[97] ਸੁਖੁ[99] ਪਾਈਐ ਸਭ ਤਿਖਾ[98] ਬੁਝਾਈ[100] ॥

The Nectar[91] is the treasure[92] of God's Name. Meet together[93] and quaff[94] it, O my brethren[95]. By remembering[97] whom[96] peace[99] is obtained and all the thirst[98] is slaked[100].

ਸੁਧਾਰਸ[91] ਹੈ ਵਾਹਿਗੁਰੂ ਦੇ ਨਾਮ ਦਾ ਖ਼ਜ਼ਾਨਾ[92]। ਰਲ ਮਿਲ ਕੇ[93] ਹੇ ਮੇਰੇ ਵੀਰਨੋ[95]! ਇਸ ਨੂੰ ਪਾਨ[94] ਕਰੋ। ਜਿਸ ਦਾ[96] ਆਰਾਧਨ[97] ਕਰਨ ਦੁਆਰਾ ਆਰਾਮ[99] ਪਰਾਪਤ ਹੁੰਦਾ ਹੈ ਅਤੇ ਸਾਰੀ ਤੇਹ[98] ਬੁੱਝ[100] ਜਾਂਦੀ ਹੈ।

ਕਰਿ[4] ਸੇਵਾ ਪਾਰਬ੍ਰਹਮ[2] ਗੁਰ ਭੁਖ[3] ਰਹੈ ਨ ਕਾਈ ॥

Serve[4] thou the Transcendent Lord[2] and the Guru, that thou mayest hunger[3] no more.

ਤੂੰ ਪਰਮ ਪ੍ਰਭੂ[2] ਅਤੇ ਗੁਰਾਂ ਦੀ ਚਾਕਰੀ[4] ਕਰ, ਤਾਂ ਜੋ ਤੈਨੂੰ ਕੋਈ ਭੀ[3] ਭੁੱਖ ਨਾ ਰਹੇ।

ਸਗਲ[5] ਮਨੋਰਥ[6] ਪੁੰਨਿਆ[7] [8]ਅਮਰਾਪਦੁ[9] ਪਾਈ[10] ॥

All[5] thy desires[6] shall be fulfilled[7] and thou shalt obtain[10] an immortal[8] status[9].

ਤੇਰੀਆਂ ਸਾਰੀਆਂ[5] ਖ਼ਾਹਿਸ਼ਾਂ[6] ਪੂਰੀਆਂ[7] ਹੋ ਜਾਣਗੀਆਂ ਅਤੇ ਤੂੰ ਅਬਿਨਾਸ਼ੀ[8] ਮਰਤਬੇ[9] ਨੂੰ ਪਾ ਲਵੇਂਗਾ[10]।

ਤੁਧੁ ਜੇਵਡੁ[12] ਤੂ ਹੈ ਪਾਰਬ੍ਰਹਮ ਨਾਨਕ ਸਰਣਾਈ[13] ॥੩॥

As great[12] as Thee, Thou alone art, O my Supreme Lord. Nanak seeks Thine protection[13].

ਤੇਰੇ ਜਿੱਡਾ[12] ਵੱਡਾ ਕੇਵਲ ਤੂ ਹੀ ਹੈਂ, ਹੇ ਮੇਰੇ ਸ਼ਰੋਮਣੀ ਸਾਹਿਬ! ਨਾਨਕ ਤੇਰੀ ਪਨਾਹ[13] ਲੋੜਦਾ ਹੈ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ।

ਡਿਠੜੋ[17] ਹਭ[15] ਠਾਇ[18] ਊਣ[14] ਨ ਕਾਈ ਜਾਇ[16] ॥

I have seen[17] all[15] the places[18]. There is no place[16] without[14] the Master.

ਮੈਂ ਸਾਰੇ[15] ਥਾਂ[18] ਵੇਖੇ[17] ਹਨ, ਕੋਈ ਥਾਂ[16] ਭੀ ਮਾਲਕ ਦੇ ਬਗੈਰ[14] ਨਹੀਂ।

ਨਾਨਕ ਲਧਾ[19] ਤਿਨ ਸੁਆਉ[20] ਜਿਨਾ ਸਤਿਗੁਰੁ ਭੇਟਿਆ[21] ॥੧॥

Nanak, they who meet[21] the True Guru, attain[19] to their object[20].

ਨਾਨਕ ਜੋ ਸੱਚੇ ਗੁਰਾਂ ਨੂੰ ਮਿਲ[21] ਪੈਂਦੇ ਹਨ, ਉਹ ਆਪਣੇ ਮਨੋਰਥ[20] ਨੂੰ ਪਾ[19] ਲੈਂਦੇ ਹਨ।

੩੧੯ 319 ੩੧੯

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ।

ਦਾਮਨੀ[22] ਚਮਤਕਾਰ[23]

Brief like[24] the flash[23] of lightening[22]

ਬਿਜਲੀ[22] ਦੇ ਲਿਸ਼ਕਾਰੇ[23] ਵਾਂਙੂ[24] ਛਿਨਭੰਗਰ ਹਨ

ਤਿਉ[24] ਵਰਤਾਰਾ[25] ਜਗ[26] ਖੇ ॥

are the worldly[26] ostentations[25].

ਸੰਸਾਰੀ[26] ਅਡੰਬਰ[25] ।

ਵਥੁ[27] ਸੁਹਾਈ[28] ਸਾਇ[29] ਨਾਨਕ ਨਾਉ ਜਪੀਐ[30] ਤਿਸੁ[31] ਧਣੀ[32] ॥੨॥

Pleasing[28] thing[27] is only that[29], O Nanak, by which one meditates[30] on the Name of that[31] Master[32].

ਮਨ ਭਾਉਂਦੀ[28] ਕੇਵਲ ਓਹੀ[29] ਚੀਜ਼ ਹੈ, ਹੇ ਨਾਨਕ ! ਜਿਸ ਦੁਆਰਾ ਉਸ[31] ਮਾਲਕ[32] ਦੇ ਨਾਮ ਦਾ ਆਰਾਧਨ[30] ਹੋਵੇ ।

ਪਉੜੀ ॥

Pauri.

ਪਉੜੀ ।

ਸਿਮ੍ਰਿਤਿ ਸਾਸਤ੍ਰ ਸੋਧਿ[33] ਸਭਿ ਕਿਨੈ ਕੀਮ[34] ਨ ਜਾਣੀ[35] ॥

Men have searched[33] all the Simritis and Shastras, but none has found[35] Lord's worth[34].

ਇਨਸਾਨਾਂ ਨੇ ਸਾਰੀਆਂ ਸਿਮਰਤੀਆਂ ਅਤੇ ਸ਼ਾਸਤਰ ਖੋਜੇ[33] ਹਨ ਪਰ ਕਿਸੇ ਨੂੰ ਭੀ ਪ੍ਰਭੂ ਦੀ ਕੀਮਤ[34] ਦਾ ਪਤਾ[35] ਨਹੀਂ ਲੱਗਾ ।

ਜੋ ਜਨੁ[36] ਭੇਟੈ[37] ਸਾਧ-ਸੰਗਿ ਸੋ[38] ਹਰਿ ਰੰਗੁ[39] ਮਾਣੀ[40] ॥

The person[36], who meets[37] the society of saints, he[38] enjoys[40] God's love[39].

ਜੋ ਪੁਰਸ਼[36] ਸਤਿ ਸੰਗਤ ਨਾਲ ਮਿਲਦਾ[37] ਹੈ, ਉਹ[38] ਵਾਹਿਗੁਰੂ ਦੀ ਪ੍ਰੀਤ[39] ਦਾ ਅਨੰਦ[40] ਭੋਗਦਾ ਹੈ ।

ਸਚੁ ਨਾਮੁ ਕਰਤਾ[41] ਪੁਰਖੁ[42] ਏਹ ਰਤਨਾ[43] ਖਾਣੀ[44] ॥

True is the Name of the Omnipotent[42] Creator[41]. It is the mine[44] of jewels[43].

ਸੱਚਾ ਹੈ ਨਾਮ ਸਰਬ-ਸ਼ਕਤੀਵਾਨ[42] ਸਿਰਜਣਹਾਰ[41] ਦਾ । ਇਹ ਜਵਾਹਿਰਾਤ[43] ਦੀ ਖਾਣ[44] ਹੈ ।

ਮਸਤਕਿ[45] ਹੋਵੈ ਲਿਖਿਆ[46] ਹਰਿ ਸਿਮਰਿ[47] ਪਰਾਣੀ[48] ॥

The mortal[48] on whose forehead[46] such destiny is recorded[46], meditates[47] on God.

ਜਿਸ ਜੀਵ[48] ਦੇ ਮੱਥੇ[45] ਉਤੇ ਐਸੀ ਕਿਸਮਤ ਲਿਖੀ[46] ਹੋਈ ਹੈ, ਉਹ ਵਾਹਿਗੁਰੂ ਦਾ ਚਿੰਤਨ[47] ਕਰਦਾ ਹੈ ।

ਤੋਸਾ[49] ਦਿਚੈ[50] ਸਚੁ ਨਾਮੁ ਨਾਨਕ ਮਿਹਮਾਣੀ[51] ॥੪॥

O Lord, grant[50] Nanak, Thy guest[51], the True Name, as his viaticum[49].

ਹੇ ਸੁਆਮੀ ! ਆਪਣੇ ਪਰਾਹੁਣੇ[51] ਨਾਨਕ ਨੂੰ ਸਤਿਨਾਮ ਸਫਰ-ਖਰਚ[49] ਵਜੋਂ ਬਖ਼ਸ਼[50] ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਸ਼ਾਹੀ ।

ਅੰਤਰਿ[52] ਚਿੰਤਾ[53] ਨੈਣੀ[54] ਸੁਖੀ[55] ਮੂਲਿ ਨ ਉਤਰੈ[56] ਭੁਖ[57] ॥

Within[52] the man is anxiety[53], but to eyes[54] he appears to be happy[55] and his hunger[57] never departs[56].

ਆਦਮੀ ਦੇ ਅੰਦਰ[52] ਫ਼ਿਕਰ[53] ਹੈ, ਪ੍ਰੰਤੂ ਅੱਖੀਂ[54] ਵੇਖਣ ਨੂੰ ਉਹ ਖ਼ੁਸ਼[55] ਮਲੂਮ ਹੁੰਦਾ ਹੈ ਅਤੇ ਉਸ ਦੀ ਭੂੱਖ[57] ਕਦਾਚਿੱਤ ਦੂਰ[56] ਨਹੀਂ ਹੁੰਦੀ ।

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ[58] ਦੂਖੁ[59] ॥੧॥

Nanak, without the True Name, no man's sorrow[59] has ever departed[58].

ਨਾਨਕ ਸੱਚੇ ਨਾਮ ਦੇ ਬਗ਼ੈਰ, ਕਦੇ ਕਿਸੇ ਦਾ ਗ਼ਮ[59] ਦੂਰ[58] ਨਹੀਂ ਹੋਇਆ ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ ।

ਮੁਠੜੇ[60] ਸੇਈ[61] ਸਾਥ[62] ਜਿਨੀ ਸਚੁ ਨ ਲਦਿਆ[63] ॥

The[61] caravans[62], who load[63] not Truth, to carry with them, are beguiled[60].

ਕਾਫ਼ਲੇ[62] ਜੋ ਆਪਣੇ ਨਾਲ ਲੈ ਜਾਣ ਨੂੰ ਸੱਚ ਨਹੀਂ ਲੱਦਦੇ[63], ਉਹ[61] ਠੱਗੇ ਜਾਂਦੇ[60] ਹਨ ।

ਨਾਨਕ ਸੇ[64] ਸਾਬਾਸਿ[65] ਜਿਨੀ ਗੁਰ ਮਿਲਿ ਇਕੁ[66] ਪਛਾਣਿਆ[67] ॥੨॥

Nanak, they[64] who meeting the True Guru, recognise[67] the Unique One[66] are congratulated[65].

ਨਾਨਕ ਜੋ ਸੱਚੇ ਗੁਰਾਂ ਨੂੰ ਮਿਲ ਕੇ, ਅਦੂਤੀ ਪੁਰਖ[66] ਸਿਆਣਦੇ[67] ਹਨ, ਉਨ੍ਹਾਂ[64] ਨੂੰ ਵਧਾਈ[65] ਮਿਲਦੀ ਹੈ ।

ਪਉੜੀ ॥
ਜਿਥੈ ਬੈਸਨਿ ਸਾਧ ਜਨ[68] ਸੋ ਥਾਨੁ[69] ਸੁਹੰਦਾ[70] ॥
ਓਇ ਸੇਵਨਿ[71] ਸੰਮ੍ਰਿਥੁ[72] ਆਪਣਾ ਬਿਨਸੈ[73] ਸਭੁ ਮੰਦਾ[74] ॥
ਪਤਿਤ[75] ਉਧਾਰਣ ਪਾਰਬ੍ਰਹਮ[76] ਸੰਤ ਬੇਦੁ ਕਹੰਦਾ[77] ॥
ਭਗਤਿ ਵਛਲੁ[78] ਤੇਰਾ ਬਿਰਦੁ[79] ਹੈ ਜੁਗਿ ਜੁਗਿ[80] ਵਰਤੰਦਾ[81] ॥
ਨਾਨਕੁ ਜਾਚੈ[82] ਏਕੁ ਨਾਮੁ ਮਨਿ ਤਨਿ ਭਾਵੰਦਾ[83] ॥੫॥

ਸਲੋਕ ਮ: ੫ ॥
ਚਿੜੀ ਚੁਹਕੀ[84] ਪਹੁ ਫੁਟੀ[85] ਵਗਨਿ[86] ਬਹੁਤੁ[87] ਤਰੰਗ[88] ॥
ਅਚਰਜ[89] ਰੂਪ[90] ਸੰਤਨ ਰਚੇ[91] ਨਾਨਕ ਨਾਮਹਿ ਰੰਗ[92] ॥੧॥

ਮ: ੫ ॥
ਘਰ ਮੰਦਰ[93] ਖੁਸੀਆ[94] ਤਹੀ[95] ਜਹ[96] ਤੂ ਆਵਹਿ[97] ਚਿਤਿ[98] ॥
ਦੁਨੀਆ[99] ਕੀਆ ਵਡਿਆਈਆ[100] ਨਾਨਕ ਸਭਿ[4] [2]ਕੁਮਿਤ[3] ॥੨॥

ਪਉੜੀ ॥
ਹਰਿ ਧਨੁ[5] ਸਚੀ ਰਾਸਿ[6] ਹੈ ਕਿਨੈ ਵਿਰਲੈ[7] ਜਾਤਾ[8] ॥
ਤਿਸੈ ਪਰਾਪਤਿ[9] ਭਾਇ-ਰਹੁ[10] ਜਿਸੁ ਦੇਇ ਬਿਧਾਤਾ[12] ॥
ਮਨ ਤਨ ਭੀਤਰਿ[13]

Pauri.
Beautiful[70] is the place[69], where the pious persons[68] sit.
They serve[71] their Omnipotent Lord[72] and their sins[74] are all shed[73].
The saints and Vedas say[77], that the Supreme[76] Lord is the Saviour of sinners[75].
The Lover of saints[78] is Thine qualitative Name[79]. In every age[80] Thou hast been so doing[81].
Nanak asks[82] for the One Name, which is pleasing[83] to his soul and body.

Slok 5th Guru.
With the chirping[84] of the sparrow and breaking[85] of dawn, many[87] currents[88] arise[86] in the man.
In the love[92] of God's Name, the saints create[91] a wondrous[89] phenomenon[90].

5th Guru.
The home, mansion[93] and enjoyments[94] are there[95], where[96] Thou art heartily[98] remembered[97].
The worldly[99] grandeurs[100] are all[4] like evil[2] friends[3], O Nanak.

Pauri.
God's wealth[5] is the true capital[6].
Some rare[7] one understands[8] this.
He alone receives[9] it, O brethren[10], to whom the Destiny-scribe[12] gives.
God's slave[16] is imbued[17] with the

ਪਉੜੀ ।
ਸੁੰਦਰ[70] ਹੈ ਉਹ ਜਗ੍ਹਾ[69] ਜਿਥੇ ਪਵਿੱਤ੍ਰ ਪੁਰਸ਼[68] ਬੈਠਦੇ ਹਨ ।
ਉਹ ਆਪਣੇ ਸਰਬ-ਸ਼ਕਤੀਵਾਨ ਸੁਆਮੀ[72] ਦੀ ਟਹਿਲ[71] ਕਮਾਉਂਦੇ ਹਨ ਅਤੇ ਉਨ੍ਹਾਂ ਦੇ ਸਾਰੇ ਪਾਪ[74] ਝੜ[73] ਜਾਂਦੇ ਹਨ ।
ਸਾਧੂ ਅਤੇ ਵੇਦ ਆਖਦੇ[77] ਹਨ ਕਿ ਸ਼ਰੋਮਣੀ[76] ਸਾਹਿਬ ਪਾਪੀਆਂ[75] ਨੂੰ ਪਾਰ ਉਤਾਰਨ ਵਾਲਾ ਹੈ ।
ਸੰਤਾਂ ਦਾ ਪਿਆਰਾ[78] ਤੇਰਾ ਗੁਣ-ਸੂਚਕ ਨਾਮ[79] ਹੈ । ਹਰ ਯੁਗ[80] ਅੰਦਰ ਤੂੰ ਇਸ ਤਰ੍ਹਾਂ ਕਰਦਾ[81] ਰਿਹਾ ਹੈਂ ।
ਨਾਨਕ ਇਕ ਨਾਮ ਦੀ ਹੀ ਮੰਗ[82] ਕਰਦਾ ਹੈ, ਜੋ ਉਸ ਦੀ ਆਤਮਾ ਅਤੇ ਦੇਹਿ ਨੂੰ ਚੰਗਾ[83] ਲੱਗਦਾ ਹੈ ।

ਸਲੋਕ ਪੰਜਵੀਂ ਪਾਤਸ਼ਾਹੀ ।
ਚਿੜੀ ਦੇ ਚਹਿਚਹਾਉਣ[84] ਤੇ ਪਹੁ ਫੁਟਣ[85] ਨਾਲ ਪ੍ਰਾਣੀ ਦੇ ਅੰਦਰ ਬੜੀਆਂ[87] ਲਹਿਰਾਂ[88] ਚੱਲ[86] ਪੈਂਦੀਆਂ ਹਨ ।
ਰੱਬ ਦੇ ਨਾਮ ਦੀ ਪ੍ਰੀਤ[92] ਅੰਦਰ ਸਾਧੂ ਇਕ ਅਸਚਰਜ[89] ਦ੍ਰਿਸ਼[90] ਸਾਜ[91] ਲੈਂਦੇ ਹਨ ।

ਪੰਜਵੀਂ ਪਾਤਸ਼ਾਹੀ ।
ਗ੍ਰਹਿ, ਮਹਲਿ[93] ਅਤੇ ਮੌਜ-ਬਹਾਰਾਂ[94] ਉਥੇ[95] ਹਨ, ਜਿਥੇ[96] ਤੂੰ ਦਿਲੋਂ[98] ਯਾਦ ਕੀਤਾ ਜਾਂਦਾ[97] ਹੈਂ ।
ਸੰਸਾਰੀ[99] ਸ਼ਾਨ-ਸ਼ੌਕਤਾਂ[100], ਹੇ ਨਾਨਕ ! ਸਮੂਹ[4] ਖੋਟੇ[2] ਮਿਤਾਂ[3] ਦੀ ਮਾਨਿੰਦ ਹਨ ।

ਪਉੜੀ ।
ਵਾਹਿਗੁਰੂ ਦੀ ਦੌਲਤ[5] ਸਚੀ ਪੂੰਜੀ[6] ਹੈ । ਕੋਈ ਟਾਵਾਂ ਟੱਲਾ[7] ਹੀ ਇਸ ਨੂੰ ਸਮਝਦਾ[8] ਹੈ ।
ਕੇਵਲ ਓਹੀ ਇਸ ਨੂੰ ਹਾਸਲ ਕਰਦਾ[9] ਹੈ, ਜਿਸ ਨੂੰ ਕਿਸਮਤ ਦਾ ਲਿਖਾਰੀ[12] ਦਿੰਦਾ ਹੈ, ਹੇ ਭਰਾਓ[10] !
ਵਾਹਿਗੁਰੂ ਦਾ ਗੋਲਾ[16] ਵਾਹਿਗੁਰੂ ਦੀ ਪ੍ਰੀਤ[15] ਨਾਲ

ਮਉਲਿਆ[14] ਹਰਿ ਰੰਗਿ[15] ਜਨੁ[16] ਰਾਤਾ[17] ॥
ਸਾਧਸੰਗਿ ਗੁਣ[18] ਗਾਇਆ ਸਭਿ ਦੋਖਹਿ[19] ਖਾਤਾ[20] ॥

ਨਾਨਕ ਸੋਈ ਜੀਵਿਆ[21] ਜਿਨਿ ਇਕੁ[22] ਪਛਾਤਾ[23] ॥ ੬ ॥

love[15] of God, who is blooming[14] forth in[13] his mind and body.
In the society of saints, he sings Lord's praises[18] and so rids[20] himself of all the agonies[19].
Nanak, he alone lives[21], who recognises[23] the One Lord[22].

ਰੰਗਿਆ[17] ਹੋਇਆ ਹੈ, ਜੋ ਉਸ ਦੇ ਚਿੱਤ ਅਤੇ ਸਰੀਰ ਵਿਚ[13] ਪ੍ਰਫੁਲਤ[14] ਹੋ ਰਿਹਾ ਹੈ।
ਸਤਿ ਸੰਗਤ ਅੰਦਰ ਉਹ ਸਾਹਿਬ ਦੀ ਕੀਰਤੀ[18] ਗਾਇਨ ਕਰਦਾ ਹੈ ਅਤੇ ਇਸ ਤਰ੍ਹਾਂ ਸਾਰੀਆਂ ਤਕਲੀਫ਼ਾਂ[19] ਤੋਂ ਖ਼ਲਾਸੀ[20] ਪਾ ਜਾਂਦਾ ਹੈ।
ਨਾਨਕ ਕੇਵਲ ਓਹੀ ਜੀਉਂਦਾ[21] ਹੈ, ਜੋ ਇਕ ਸਾਹਿਬ[22] ਨੂੰ ਹੀ ਸਿਞਾਣਦਾ[23] ਹੈ।

ਸਲੋਕ ਮ: ੫ ॥
ਖਖੜੀਆ[24] ਸੁਹਾਵੀਆ[25] ਲਗੜੀਆ[26] ਅਕ[27] ਕੰਠਿ[28] ॥
ਬਿਰਹ[29] ਵਿਛੋੜਾ[30] ਧਣੀ[31] ਸਿਉ[32] ਨਾਨਕ ਸਹਸੈ[33] ਗੰਠਿ[34] ॥੧॥

Slok 5th Guru.
The celandine[27] fruits[24] look beauteous[25], attached[26] to the parent stalk[28].
On severence[30] of love[29] with[32] their Master[31], they are reduced into thousands[33] of fragments[34], O Nanak.

ਸਲੋਕ ਪੰਜਵੀਂ ਪਾਤਸ਼ਾਹੀ।
ਮੁਢਲੀ ਸ਼ਾਖ[28] ਨਾਲ ਜੁੜੀਆਂ[26] ਹੋਈਆਂ ਅੱਕ[27] ਦੀਆਂ ਕੱਕੜੀਆਂ[24] ਸੁੰਦਰ[25] ਲਗਦੀਆਂ ਹਨ।
ਆਪਣੇ ਮਾਲਕ[31] ਨਾਲ[32] ਪ੍ਰੀਤ[29] ਟੁਟਣ[30] ਤੇ ਉਨ੍ਹਾਂ ਦੇ ਹਜ਼ਾਰਾਂ[33] ਹੀ ਤੁੰਬੇ[34] ਹੋ ਜਾਂਦੇ ਹਨ, ਹੇ ਨਾਨਕ!

ਮ: ੫ ॥
ਵਿਸਾਰੇਦੇ[35] ਮਰਿ ਗਏ ਮਰਿ ਭੀ ਨ ਸਕਹਿ ਮੂਲਿ[36] ॥
ਵੇਮੁਖ[37] ਹੋਏ ਰਾਮ ਤੇ ਜਿਉ[38] ਤਸਕਰ[39] ਉਪਰਿ[40] ਸੂਲਿ[41] ॥੨॥

5th Guru.
They who forget[35] the Lord, die, but they cannot die altogether[36].
They, who turn away[37] from the Lord suffer agony, like[38] a thief[39] on[40] the gallows[41].

ਪੰਜਵੀਂ ਪਾਤਸ਼ਾਹੀ।
ਜੋ ਸਾਹਿਬ ਨੂੰ ਭੁਲਾਉਂਦੇ[35] ਹਨ, ਉਹ ਮਰ ਜਾਂਦੇ ਹਨ, ਪਰ ਉਹ ਜੜੋਂ ਹੀ[36] ਨਹੀਂ ਮਰਦੇ।
ਜੋ ਸਾਹਿਬ ਵਲੋਂ ਮੂੰਹ ਫੇਰਦੇ[37] ਹਨ, ਉਹ ਸੂਲੀ[41] ਤੇ[40] ਚੜ੍ਹੇ ਹੋਏ ਚੋਰ[39] ਵਾਂਙੂ[38] ਤਸੀਹਾ ਝੱਲਦੇ ਹਨ।

ਪਉੜੀ ॥
ਸੁਖ ਨਿਧਾਨ[42] ਪ੍ਰਭੁ ਏਕੁ ਹੈ ਅਬਿਨਾਸੀ[43] ਸੁਣਿਆ ॥
ਜਲਿ[44] ਥਲਿ[45] ਮਹੀਅਲਿ[46] ਪੂਰਿਆ[47] ਘਟਿ ਘਟਿ[48] ਹਰਿ ਭਣਿਆ[49] ॥
ਊਚ ਨੀਚ ਸਭ ਇਕ ਸਮਾਨਿ[50] ਕੀਟ[51] ਹਸਤੀ[52] ਬਣਿਆ[53] ॥
ਮੀਤ[54] ਸਖਾ[55] ਸੁਤ[56] ਬੰਧਿਪੋ[57] ਸਭਿ ਤਿਸ[58] ਦੇ ਜਣਿਆ[59] ॥
ਤੁਸਿ[60] ਨਾਨਕੁ ਦੇਵੈ ਜਿਸੁ

Pauri.
I have heard the One Lord to be the treasure[42] of imperishable[43] peace.
God is said to be[49] fully filling[47] the ocean[44], dry land[45], sky[46] and every heart[48].
He looks equally[50] adorned[53] amongst all the high and low, an ant[51] and an elephant[52].
The friends[54], comrades[55], sons[56] and relatives[57] are all created[59] by Him[58].
Whomsoever, O Nanak, God by His

ਪਉੜੀ।
ਮੈਂ ਇਕ ਸੁਆਮੀ ਨੂੰ ਅਟਲ[43] ਆਰਾਮ ਦਾ ਖ਼ਜ਼ਾਨਾ[42] ਸੁਣਿਆ ਹੈ।
ਵਾਹਿਗੁਰੂ ਸਮੁੰਦਰ[44], ਖੁਸ਼ਕ[45] ਧਰਤੀ ਅਸਮਾਨ[46] ਅਤੇ ਹਰ ਦਿਲ[48] ਨੂੰ ਪਰੀਪੂਰਨ[47] ਕਰ ਰਿਹਾ ਆਖਿਆ ਜਾਂਦਾ[49] ਹੈ।
ਉਹ ਸਾਰਿਆਂ ਉਚਿਆਂ ਅਤੇ ਨੀਵਿਆਂ, ਕੀੜੀ[51] ਅਤੇ ਹਾਥੀ[52] ਅੰਦਰ ਇਕਸਾਰ[50] ਸੁਭਾਇਮਾਨ[53] ਹੋ ਰਿਹਾ ਹੈ।
ਮਿਤ੍ਰ[54], ਸਾਥੀ[55], ਪੁਤ੍ਰ[56] ਅਤੇ ਸਨਬੰਧੀ[57] ਸਾਰੇ ਉਸ[58] ਦੇ ਪੈਦਾ[59] ਕੀਤੇ ਹੋਏ ਹਨ।
ਜਿਸ ਨੂੰ, ਹੇ ਨਾਨਕ! ਵਾਹਿਗੁਰੂ ਆਪਣੀ ਪਰਸੰਨਤਾ[60]

ਨਾਮੁ ਤਿਨਿ ਹਰਿ ਰੰਗੁ[61] ਮਣਿਆ[62] ॥ ੭ ॥

ਸਲੋਕ ਮ: ੫ ॥

ਜਿਨਾ ਸਾਸਿ[63] ਗਿਰਾਸਿ[64] ਨ ਵਿਸਰੈ[65] ਹਰਿ ਨਾਮਾਂ ਮਨਿ[67] ਮੰਤ੍ਰੁ[66] ॥ ਧੰਨੁ[68] ਸਿ ਸੇਈ[69] ਨਾਨਕਾ ਪੂਰਨੁ[70] ਸੋਈ[71] ਸੰਤੁ ॥ ੧ ॥

ਮ: ੫ ॥

ਅਠੇ ਪਹਰ[72] ਭਉਦਾ[73] ਫਿਰੈ ਖਾਵਣ[74] ਸੰਦੜੈ[75] ਸੂਲਿ[76] ॥

੩੨੦

ਦੋਜਕਿ[77] ਪਉਦਾ[78] ਕਿਉ[79] ਰਹੈ[80] ਜਾ[83] ਚਿਤਿ[81] ਨ ਹੋਇ ਰਸੂਲ[82] ॥ ੨ ॥

ਪਉੜੀ ॥

ਤਿਸੈ[87] ਸਰੇਵਹੁ[84] ਪ੍ਰਾਣੀਹੋ[85] ਜਿਸ ਦੈ ਨਾਉ ਪਲੈ[86] ॥

ਐਥੈ[89] ਰਹਹੁ ਸੁਹੇਲਿਆ[88] ਅਗੈ[90] ਨਾਲਿ ਚਲੈ ॥

ਘਰੁ[91] ਬੰਧਹੁ[92] ਸਚ ਧਰਮ[92*] ਕਾ ਗਡਿ[93] ਥੰਮੁ[94] ਅਹਲੈ[95] ॥

ਓਟ[96] ਲੈਹੁ[2] ਨਾਰਾਇਣੈ[97] ਦੀਨ[98] ਦੁਨੀਆ[99] ਝਲੈ[100] ॥

ਨਾਨਕ ਪਕੜੇ[3] ਚਰਣ[4] ਹਰਿ ਤਿਸੁ[5] ਦਰਗਹ[6] ਮਲੈ[7] ॥੮॥

ਸਲੋਕੁ ਮ: ੫ ॥

ਜਾਚਕੁ[8] ਮੰਗੈ ਦਾਨੁ[9] ਦੇਹਿ ਪਿਆਰਿਆ[10] ॥ ਦੇਵਣ-ਹਾਰੁ[12] ਦਾਤਾਰੁ[13] ਮੈ ਨਿਤ[14] ਚਿਤਾਰਿਆ[15] ॥

pleasure[60] grants His Name, he enjoys[62] His affection[61].

Slok 5th Guru.

Who with every breath[63] and morsel[64] of theirs, forget[65] not God's Name and within whose mind[67] is this spell[66], they alone[69] are the blessed[68] and they alone[71] are the perfect[70] saints, O Nanak.

5th Guru.

In the anguish[76] of[75] eating[74], the man wanders about[73] day and night[72].

320

How[79] can he escape[80] falling[78] into the hell[77], when[83] he remembers[81] not his religious teacher[82] ?

Pauri.

Serve[84] that[87] Guru, O mortals[85], who in his lap[86], has Lord's Name.

Ye shall be comfortable[88] here[89], and it shall go with ye hereafter[90].

Fix[93] the unshakable[95] pillars[94] of faith and build[92] the home[91] of True Devotion[92*].

Enter[2] ye the sanctuary[96] of the Pervading God[97] thus spiritual world[98] and temporal world[99] shall hail[100] thee.

Nanak has grasped[3] the feet[4] of God and he[6] has prostrated[7] himself before His court[6].

Slok 5th Guru.

The beggar[8] begs for alms[9]. "Give me O my Beloved[10]. The Giver[12], benefactor[13], I have ever[14] remembered[15] Thee".

ਦੁਆਰਾ ਆਪਣਾ ਨਾਮ ਬਖਸ਼ਦਾ ਹੈ, ਉਹ ਉਸ ਦੀ ਪ੍ਰੀਤ[61] ਦਾ ਅਨੰਦ[62] ਲੈਂਦਾ ਹੈ ।

ਸਲੋਕ ਪੰਜਵੀਂ ਪਾਤਸ਼ਾਹੀ

ਜੋ ਆਪਣੇ ਹਰ ਸੁਆਸ[63] ਅਤੇ ਬੁਰਕੀ[64] ਨਾਲ ਵਾਹਿਗੁਰੂ ਦੇ ਨਾਮ ਨੂੰ ਨਹੀਂ ਭੁਲਾਉਂਦੇ[65] ਅਤੇ ਜਿਨ੍ਹਾਂ ਦੇ ਚਿੱਤ[67] ਅੰਦਰ ਇਹ ਮੰਤ੍ਰ[66] ਹੈ, ਕੇਵਲ ਓਹੀ[69] ਮੁਬਾਰਕ[68] ਹਨ ਅਤੇ ਕੇਵਲ ਉਹੀ[71] ਪੂਰੇ[70] ਸਾਧੂ ਹਨ, ਹੇ ਨਾਨਕ !

ਪੰਜਵੀਂ ਪਾਤਸ਼ਾਹੀ ।

ਖਾਣ[74] ਦੇ ਦੁਖ[76] ਅੰਦਰ[75] ਆਦਮੀ ਦਿਨ ਰਾਤ[72] ਭਟਕਦਾ ਫਿਰਦਾ[73] ਹੈ ।

੩੨੦

ਉਹ ਨਰਕ[77] ਵਿਚ ਪੈਣ[78] ਤੋਂ ਕਿਸ ਤਰ੍ਹਾਂ[79] ਬਚ[80] ਸਕਦਾ ਹੈ, ਜਦ[83] ਉਹ ਆਪਣੇ ਮਜ਼ਹਬੀ ਮੁਰਸ਼ਦ[82] ਨੂੰ ਯਾਦ[81] ਨਹੀਂ ਕਰਦਾ ।

ਪਉੜੀ ।

ਉਸ[87] ਗੁਰੂ ਦੀ ਟਹਿਲ[84] ਕਮਾਓ ਹੇ ਜੀਵੋ[85] ! ਜਿਸ ਦੀ ਝੋਲੀ[86] ਵਿਚ ਸਾਹਿਬ ਦਾ ਨਾਮ ਹੈ ।

ਤੁਸੀਂ ਇਥੇ[89] ਸੁਖੀ[88] ਰਹੋਗੇ ਅਤੇ ਏਦੂੰ ਮਗਰੋਂ[90] ਇਹ ਤੁਹਾਡੇ ਨਾਲ ਜਾਏਗਾ ।

ਸਿਦਕ ਦੇ ਨਾ ਹਿੱਲਣ ਵਾਲੇ[95] ਸਤੂਨ[94] ਗੱਡ[93] ਕੇ ਸੱਚੀ ਅਨਿਨ[92*] ਭਗਤੀ ਦਾ ਧਾਮ[91] ਬਣਾ[92] ।

ਤੂੰ ਵਿਆਪਕ ਵਾਹਿਗੁਰੂ[97] ਦੀ ਸ਼ਰਣਾਗਤ[96] ਸੰਭਾਲ[2] ਇੰਜ ਰੂਹਾਨੀ ਮੰਡਲ[98] ਅਤੇ ਮਾਦੀ ਸੰਸਾਰ[99] ਤੈਨੂੰ ਵਧਾਈ[100] ਦੇਣਗੇ ।

ਨਾਨਕ ਨੇ ਵਾਹਿਗੁਰੂ ਦੇ ਚਰਨ[4] ਫੜੇ[3] ਹਨ, ਅਤੇ ਉਹ[6] ਉਸ ਦੇ ਦਰਬਾਰ[6] ਅਗੇ ਲੰਮਾ ਪਿਆ[7] ਹੈ ।

ਸਲੋਕ ਪੰਜਵੀਂ ਪਾਤਸ਼ਾਹੀ ।

ਮੰਗਤਾ[8] ਖੈਰ[9] ਮੰਗਦਾ ਹੈ । "ਹੇ ਮੇਰੇ ਪ੍ਰੀਤਮ[10] ! ਮੈਨੂੰ ਖੈਰ ਪਾ ! ਦੇਣ ਵਾਲੇ[12] ਦਾਤੇ[13] ਮੈਂ ਤੈਨੂੰ ਸਦੀਵ[14] ਹੀ ਚੇਤੇ[15] ਕੀਤਾ ਹੈ" ।

ਨਿਖੁਟਿ[16] ਨ ਜਾਈ ਮੂਲਿ ਅਤੂਲ[17] ਭੰਡਾਰਿਆ[18] ॥ ਨਾਨਕ ਸਬਦੁ[19] ਅਪਾਰੁ[20] ਤਿਨਿ ਸਭੂ ਕਿਛੂ ਸਾਰਿਆ[21] ॥੧॥

The immeasurable[17] store houses[18] of God never get exhausted[16].
Nanak, infinite[20] is the Lord's Name[19], which has arranged[21] everything.

ਵਾਹਿਗੁਰੂ ਦੇ ਅਮਾਪ[17] ਮਾਲ-ਗੁਦਾਮ[18] ਕਦਾਚਿੱਤ ਨਹੀਂ ਮੁਕਦੇ[16]।
ਨਾਨਕ, ਬੇਅੰਤ[20] ਹੈ ਸੁਆਮੀ ਦਾ ਨਾਮ[19], ਜਿਸ ਨੇ ਸਾਰਾ ਕੁਛ ਠੀਕ ਕਰ ਦਿੱਤਾ[21] ਹੈ।

ਮ: ੫ ॥

5th Guru.

ਪੰਜਵੀਂ ਪਾਤਸ਼ਾਹੀ।

ਸਿਖਹੁ[22] ਸਬਦੁ[23] ਪਿਆਰਹੋ[24] ਜਨਮ[25] ਮਰਨ[26] ਕੀ ਟੇਕ[27] ॥
ਮੁਖ[28] ਊਜਲ[29] ਸਦਾ[30] ਸੁਖੀ[31] ਨਾਨਕ ਸਿਮਰਤ[32] ਏਕ[33] ॥੨॥

ਕਬੀਰ ਜੀ ਆਖਦੇ ਹਨ, ਇਹ ਗੱਲ ਮੈਂ ਕਿਸ[3] ਨੂੰ ਦੱਸਾਂ[2], ਕਿ ਸਤਿ ਸੰਗਤ ਹੀ ਮਾਲਕ ਦਾ ਮੰਦਰ ਹੈ[4]।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ।

ਉਪਜੈ[5] ਨਿਪਜੈ[6] ਨਿਪਜਿ ਸਮਾਈ[7] ॥

The mortal is born[5], he grows up[6], and having grown up he dies[7].

ਪ੍ਰਾਣੀ ਜੰਮਦਾ[5] ਹੈ, ਉਹ ਵੱਡਾ ਹੁੰਦਾ[6] ਹੈ ਅਤੇ ਵਡਾ ਹੋ ਕੇ ਮਰ ਜਾਂਦਾ[7] ਹੈ।

ਨੈਨਹ[8] ਦੇਖਤ[9] ਇਹੁ ਜਗੁ ਜਾਈ[10] ॥੧॥

Before our very eyes[8], this world is seen[9] passing away[10].

ਸਾਡੀਆਂ ਅੱਖਾਂ[8] ਦੇ ਸਾਮ੍ਹਣੇ ਹੀ ਇਹ ਜਗ ਤੁਰਿਆ ਜਾਂਦਾ[10] ਦਿਸਦਾ[9] ਹੈ।

ਲਾਜ[12] ਨ ਮਰਹੁ ਕਹਹੁ ਘਰੁ ਮੇਰਾ ॥

Thou diest not of shame[12], while calling the home to be thine.

ਤੂੰ ਗ੍ਰਹਿ ਨੂੰ ਆਪਣਾ ਆਖਦਾ ਹੋਇਆ ਸ਼ਰਮ[12] ਨਾਲ ਨਹੀਂ ਮਰਦਾ।

ਅੰਤ[13] ਕੀ ਬਾਰ[14] ਨਹੀ ਕਛੁ ਤੇਰਾ ॥੧॥ ਰਹਾਉ ॥

At the last[13] moment[14] nothing is thine. Pause.

ਅਖ਼ੀਰ[13] ਦੇ ਵੇਲੇ[14] ਤੇਰਾ ਕੁਝ ਭੀ ਨਹੀਂ। ਠਹਿਰਾਉ।

ਅਨਿਕ[15] ਜਤਨ[16] ਕਰਿ ਕਾਇਆ[17] ਪਾਲੀ[18] ॥ ਮਰਤੀ ਬਾਰ[22] ਅਗਨਿ[19] ਸੰਗਿ[20] ਜਾਲੀ[21] ॥੨॥

With various[15] efforts[16] the body[17] is cherished[18], but at the time[22] of death, it is burnt[21] with[20] fire[19].

ਅਨੇਕਾਂ[16] ਉਪਰਾਲਿਆਂ[16] ਨਾਲ ਇਹ ਸਰੀਰ[17] ਪਾਲਿਆ ਪੋਸਿਆ[18] ਜਾਂਦਾ ਹੈ, ਪਰ ਮਰਨ ਦੇ ਵੇਲੇ[22] ਇਹ ਅੱਗ[19] ਨਾਲ[20] ਸਾੜ[21] ਦਿਤਾ ਜਾਂਦਾ ਹੈ।

ਚੋਆ[23] ਚੰਦਨੁ[24] ਮਰਦਨ[25] ਅੰਗਾ[26]॥ਸੋ[27] ਤਨੁ[28] ਜਲੈ[29] ਕਾਠ[30] ਕੈ ਸੰਗਾ[31] ॥੩॥

The[27] body[28], to whose limbs[26], thou appliest[25] the otto[23] of sandal[24], is burned[29] with[31] wood[30].

ਉਹ[27] ਦੇਹਿ[28] ਜਿਸ ਦੇ ਭਾਗਾਂ[26] ਨੂੰ ਤੂੰ ਚੰਨਣ[24] ਦਾ ਦਾ ਅਤਰ[23] ਮਲਦਾ[25] ਹੈਂ, ਲੱਕੜੀਆਂ[30] ਨਾਲ[31] ਮੱਚ[29] ਜਾਂਦੀ ਹੈ।

ਕਹੁ ਕਬੀਰ ਸੁਨਹੁ ਰੇ[32] ਗੁਨੀਆ[33] ॥

Says Kabir, hear me, O[32] virtuous men[33].

ਕਬੀਰ ਜੀ ਆਖਦੇ ਹਨ, ਮੇਰੀ ਗੱਲ ਸੁਣੋ, ਹੇ[32] ਨੇਕ ਬੰਦਿਓ[33]!

ਬਿਨਸੈਗੋ[34] ਰੂਪੁ[35] ਦੇਖੈ ਸਭ ਦੁਨੀਆ[36] ॥੪॥੧੧॥

Thy beauty[35] shall perish[34] and the whole world[36] will witness.

ਤੇਰੀ ਸੁੰਦਰਤਾ[35] ਨਾਸ[34] ਹੋ ਜਾਏਗੀ, ਇਹ ਸਾਰਾ ਜਹਾਨ[36] ਦੇਖਦਾ ਹੋਏਗਾ।

ਗਉੜੀ ਕਬੀਰ ਜੀ ॥

Gauri Reverend Kabir.

ਗਉੜੀ ਕਬੀਰ ਜੀ।

ਅਵਰ[37] ਮੂਏ ਕਿਆ[38] ਸੋਗੁ ਕਰੀਜੈ[39] ॥

Why[38] mournest[39] thou when another[37] dies ?

ਜਦ ਹੋਰ[37] ਕੋਈ ਮਰਦਾ ਹੈ, ਤੂੰ ਕਿਉਂ[38] ਸ਼ੋਕ ਕਰਦਾ[39] ਹੈਂ ?

ਤਉ ਕੀਜੈ ਜਉ[40]ਆਪਨ[41] ਜੀਜੈ[42] ॥੧॥

Do so, if[40] thou art to live[42]thyself[41].

ਤਾਂ ਕਰ, ਜੇ[40] ਤੂੰ ਖ਼ੁਦ[41] ਜੀਉਂਦੇ[42] ਰਹਿਣਾ ਹੈ ।

ਮੈ ਨ ਮਰਉ ਮਰਿਬੋ[43] ਸੰਸਾਰਾ[44] ॥ ਅਬ[47] ਮੋਹਿ[45] ਮਿਲਿਓ ਹੈ ਜੀਆਵਨ-ਹਾਰਾ[46] ॥੧॥ ਰਹਾਉ ॥

I shall not die as the world[44] does die[43]. For I[45] have, now[47], met the Re-animator[46] Lord. Pause.

ਮੈਂ ਉਸ ਤਰ੍ਹਾਂ ਨਹੀਂ ਮਰਾਂਗਾ, ਜਿਸ ਤਰ੍ਹਾਂ ਜਗ[44] ਮਰਦਾ[43] ਹੈ । ਕਿਉਂਕਿ ਮੈਂ[45] ਹੁਣ[47], ਸੁਰਜੀਤ ਕਰਨ ਵਾਲੇ[46] ਸਾਹਿਬ ਨੂੰ ਮਿਲ ਪਿਆ ਹਾਂ । ਠਹਿਰਾਉ ।

ਇਆ ਦੇਹੀ[48] ਪਰਮਲ[49] ਮਹਕੰਦਾ[50] ॥ ਤਾ[51] ਸੁਖ[52] ਬਿਸਰੇ[53] ਪਰਮਾ[54] ਨੰਦਾ ॥੨॥

The mortal perfumes[50] this body[48] with sandal[49]and in that[51] pleasure[52] he forgets[53] the supreme bliss[54].

ਪ੍ਰਾਣੀ ਇਸ ਸਰੀਰ[48] ਨੂੰ ਚੰਨਣ[49] ਨਾਲ ਮਹਿਕਾਉਂਦਾ[50] ਹੈ ਅਤੇ ਉਸ[51] ਖੁਸ਼ੀ[52] ਅੰਦਰ ਉਹ ਮਹਾਨ ਪ੍ਰਸੰਨਤਾ[54] ਨੂੰ ਭੁੱਲ[53] ਜਾਂਦਾ ਹੈ ।

ਕੂਅਟਾ[55] ਏਕੁ ਪੰਚ[56] ਪਨਿਹਾਰੀ[57] ॥

There is one well[55] and the five[56] water-carriers[57].

ਖੂਹ[55] ਇੱਕ ਹੈ ਅਤੇ ਪੰਜ[56] ਪਾਣੀ ਭਰਣ ਵਾਲੇ[57] ਹਨ ।

ਟੂਟੀ[58] ਲਾਜੁ[59] ਭਰੈ[60] ਮਤਿ ਹਾਰੀ[61] ॥੩॥

Even with the broken[58] rope[59] the silly ones[61] continue drawing[60] water.

ਟੁੱਟੇ[58] ਹੋਏ ਰੱਸੇ[59] ਨਾਲ ਭੀ ਮੂਰਖ[61] ਬੰਦੇ ਪਾਣੀ ਭਰੀ ਜਾਂਦੇ[60] ਹਨ ।

ਕਹੁ ਕਬੀਰ ਇਕ ਬੁਧਿ[62] ਬੀਚਾਰੀ[63] ॥

Says Kabir, through deliberation[63], I have gained an understanding[62].

ਕਬੀਰ ਜੀ ਆਖਦੇ ਹਨ ਕਿ ਸੋਚ ਵੀਚਾਰ[63] ਰਾਹੀਂ, ਮੈਨੂੰ ਇਕ ਸਮਝ[62] ਆ ਗਈ ਹੈ ।

ਨਾ ਓਹੁ[66] ਕੂਅਟਾ[64] ਨਾ ਪਨਿਹਾਰੀ[65] ॥੪॥੧੨॥

For me there is no more the[66] well[64], nor that water-carrier[65].

ਮੇਰੇ ਲਈ ਹੁਣ, ਨਾ ਉਹ[66] ਖੂਹ[64] ਹੈ ਤੇ ਨਾ ਹੀ ਉਹ ਪਾਣੀ ਭਰਨ ਵਾਲੇ[65] ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਅਸਥਾਵਰ[67] ਜੰਗਮ[68] ਕੀਟ[69]ਪਤੰਗਾ[70]॥ ਅਨਿਕ[71] ਜਨਮ[72] ਕੀਏ[73] ਬਹੁ[74] ਰੰਗਾ[75] ॥੧॥

Immobile[67] and mobile creatures[68], insects[69] and moths[70], all those I have passed[73] through many[74] forms[75] of various[71] births[72].

ਟਿਕੇ ਰਹਿਣ ਵਾਲੇ[67] ਤੇ ਲੱਤਾਂ ਵਾਲੇ ਜੀਵ[68], ਕੀੜੇ ਮਕੌੜੇ[69] ਅਤੇ ਪਰਵਾਨੇ[70] ਇਨ੍ਹਾਂ ਸਭ ਅਨੇਕਾਂ[71] ਜਨਮਾਂ[72] ਦੀਆਂ ਅਨੇਕਾਂ[74] ਸ਼ਕਲਾਂ[75] ਨੂੰ ਮੈਂ ਧਾਰਨ ਕੀਤਾ[73] ਹੈ ।

੩੨੬

326

੩੨੬

ਐਸੇ[76] ਘਰ[77] ਹਮ ਬਹੁਤੁ[83] ਬਸਾਏ[78] ॥ ਜਬ[79] ਹਮ[80] ਰਾਮ ਗਰਭ[81] ਹੋਇ ਆਏ[82] ॥੧॥ ਰਹਾਉ ॥

When[79] I was cast into[82]my mother's womb[81], my Lord[80], before that I had occupied[78] many[83] such[76] homes[77]. Pause.

ਜਦ[79] ਮੈਂ ਆਪਣੀ ਮਾਤਾ ਦੇ ਪੇਟ[81] ਵਿਚ ਪਾਇਆ[82] ਗਿਆ ਸਾਂ, ਉਸ ਤੋਂ ਪਹਿਲਾਂ ਮੈਂ ਐਹੋ ਜੇਹਿਆਂ[76] ਬਹੁਤਿਆਂ[83] ਗ੍ਰਹਿਆਂ[77] ਅੰਦਰ ਨਿਵਾਸ[78] ਕੀਤਾ ਸੀ । ਮੇਰੇ ਸੁਆਮੀ[80] ! ਠਹਿਰਾਉ ।

ਜੋਗੀ ਜਤੀ[84] ਤਪੀ[85] ਬ੍ਰਹਮਚਾਰੀ[86] ॥

I became a Yogi, a continent[84], a penitent[85] and an ascetic[86].

ਮੈਂ ਯੋਗੀ, ਸਤੀ[84], ਤਪੀਸਰ[85] ਤੇ ਪ੍ਰਹੇਜ਼ਗਾਰ[86] ਬਣਿਆ ।

ਕਬਹੂ[87] ਰਾਜਾ[88]ਛਤ੍ਰਪਤਿ[89] ਕਬਹੂ ਭੇਖਾਰੀ[90] ॥੨॥

Sometimes[87] I became a King[88], the Lord of throne[89] and sometimes a beggar[90].

ਕਦੇ[87] ਮੈਂ ਤਖ਼ਤ ਦਾ ਸੁਆਮੀ[89], ਪਾਤਸ਼ਾਹ[88] ਬਣਿਆ ਅਤੇ ਕਦੇ ਮੰਗਤਾ[90] ।

ਸਾਕਤ[91] ਮਰਹਿ ਸੰਤ ਸਭਿ

The mammon worshippers[91] shall

ਮਾਇਆ ਦੇ ਉਪਾਸ਼ਕ[91] ਮਰ ਜਾਣਗੇ ਪ੍ਰੰਤੂ ਸਾਧੂ ਸਾਰੇ

ਜੀਵਹਿ ॥ ਰਾਮ[92] ਰਸਾਇਨੁ[93] ਰਸਨਾ[94] ਪੀਵਹਿ[95] ॥੩॥

die, but the saints shall all live and quaff[95] the Lord's[92] elixir[93] with their tongues[94].

ਜੀਉ[ਂ]ਦੇ ਰਹਿਣਗੇ ਅਤੇ ਆਪਣੀਆਂ ਜੀਭਾਂ[94] ਨਾਲ ਪ੍ਰਭੂ[92] ਦੇ ਅੰਮ੍ਰਿਤ[93] ਨੂੰ ਪਾਨ[95] ਕਰਨਗੇ।

ਕਹੁ ਕਬੀਰ ਪ੍ਰਭ ਕਿਰਪਾ[96] ਕੀਜੈ[97] ॥

Says Kabir, my Master, have[97] mercy[96] on me.

ਕਬੀਰ ਆਖਦਾ ਹੈ, ਮੇਰੇ ਮਾਲਕ ਮੇਰੇ ਉਤੇ ਮਿਹਰਬਾਨੀ[96] ਕਰ[97]।

ਹਾਰਿ[98] ਪਰੇ ਅਬ[99] ਪੂਰਾ[100] ਦੀਜੈ[2] ॥੪॥੧੩॥

I have grown weary[98]. Grant[2] me perfection[100], now[99].

ਮੈਂ ਹੰਭ ਗਿਆ[98] ਹਾਂ। ਹੁਣ[99] ਮੈਨੂੰ ਪੂਰਨਤਾ[100] ਬਖਸ਼[2]।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥

Gauri Kabir Ji together with the 5th Guru.

ਗਉੜੀ ਕਬੀਰ ਜੀ ਨਾਲ ਮਿਲਾ ਕੇ ਪੰਜਵੀਂ ਪਾਤਸ਼ਾਹੀ।

ਐਸੋ[3] ਅਚਰਜੁ[4] ਦੇਖਿਓ ਕਬੀਰ ॥

Kabir has seen such[3] wonders[4].

ਕਬੀਰ ਐਹੋ ਜਿਹੇ[3] ਅਸਚਰਜ[4] ਵੇਖੇ ਹਨ।

ਦਧਿ[5] ਕੈ ਭੋਲੈ[6] ਬਿਰੋਲੈ[7] ਨੀਰੁ[8] ॥੧॥ ਰਹਾਉ ॥

Mistaking[6] it for curd[5], man is churning[7] water[8]. Pause.

ਦਹੀਂ[5] ਦੇ ਭੁਲੇਖੇ[6] ਅੰਦਰ ਆਦਮੀ ਪਾਣੀ[8] ਨੂੰ ਰਿੜਕ[7] ਰਿਹਾ ਹੈ। ਠਹਿਰਾਉ।

ਹਰੀ[9] ਅੰਗੂਰੀ[10] ਗਦਹਾ[12] ਚਰੈ[13] ॥ ਨਿਤ[14] ਉਠਿ[15] ਹਾਸੈ[16] ਹੀਗੈ[17] ਮਰੈ ॥੧॥

The donkey[12] grazes[13] the green[9] plumules[10] and rising[15] daily[14] laughs[16], brays[17] and finally dies.

ਖੋਤਾ[12] ਕਚੀਆਂ ਕਚਾਰ[9] ਕਰੂੰਬਲਾਂ[10] ਚਰਦਾ[13] ਹੈ ਅਤੇ ਹਰ ਰੋਜ਼[14] ਉਠ ਕੇ[15] ਉਹ ਹੱਸਦਾ[16], ਹੀਂਗਦਾ[17] ਅਤੇ ਓੜਕ ਮਰ ਜਾਂਦਾ ਹੈ।

ਮਾਤਾ[18] ਭੈਸਾ[19] ਅਮੁਹਾ[20] ਜਾਇ[21] ॥

The intoxicated[18] he-buffalo[19] runs about[21] uncontrolled[20].

ਮਤਵਾਲਾ[18] ਝੋਟਾ[19] ਅਮੋੜ[20] ਭੱਜਿਆ ਫਿਰਦਾ[21] ਹੈ।

ਕੁਦਿ[22] ਕੁਦਿ ਚਰੈ[23] ਰਸਾਤਲਿ[24] ਪਾਇ[25] ॥੨॥

It gambols[22], skips, eats[23] and ultimately falls[25] into hell[24].

ਉਹ ਨੱਚਦਾ, ਟੱਪਦਾ[22], ਖਾਂਦਾ[23] ਅਤੇ ਆਖਰ ਨੂੰ ਨਰਕ[24] ਵਿਚ ਪੈ ਜਾਂਦਾ[25] ਹੈ।

ਕਹੁ ਕਬੀਰ ਪਰਗਟੁ[26] ਭਈ ਖੇਡ[27] ॥ ਲੇਲੇ[28] ਕਉ ਚੂਘੈ[29] ਨਿਤ[30] ਭੇਡ[31] ॥੩॥

Says Kabir, a strange sport[27] has become manifest[26]. The sheep[31] ever[30] sucks[29] the milk of her lamb[28].

ਕਬੀਰ ਜੀ ਆਖਦੇ ਹਨ—ਇਕ ਅਦਭੁਤ ਖੇਲ[27] ਜ਼ਾਹਰ[26] ਹੋ ਆਈ ਹੈ। ਭੇਡ[31] ਹਮੇਸ਼ਾਂ[30] ਆਪਣੀ ਛੇਲੀ[28] ਨੂੰ ਚੁੰਘਦੀ[29] ਹੈ।

ਰਾਮ[32] ਰਮਤ[33] ਮਤਿ[34] ਪਰਗਟੀ[35] ਆਈ ॥

Repeating[33] Lord's Name[32] my intellect[34] is illumined[35].

ਸਾਈਂ ਦਾ ਨਾਮ[32] ਉਚਾਰਨ[33] ਕਰਨ ਨਾਲ ਮੇਰੀ ਬੁਧ[34] ਰੋਸ਼ਨ[35] ਹੋ ਗਈ ਹੈ।

ਕਹੁ ਕਬੀਰ ਗੁਰਿ ਸੋਝੀ[36] ਪਾਈ[37] ॥੪॥੧॥੧੪॥

Says Kabir, the Guru has imparted[37] understanding[36] to me.

ਕਬੀਰ ਆਖਦਾ ਹੈ, ਗੁਰਾਂ ਨੇ ਮੈਨੂੰ ਸਮਝ[36] ਦਰਸਾ[37] ਦਿਤੀ ਹੈ।

ਗਉੜੀ ਕਬੀਰ ਜੀ ਪੰਚਪਦੇ ॥

Gauri Kabir Ji. Panchpade.

ਗਉੜੀ ਕਬੀਰ ਜੀ ਪੰਚਪਦੇ।

ਜਿਉ[38] ਜਲ[44] ਛੋਡਿ[45] ਬਾਹਰਿ[39] ਭਇਓ[48] ਮੀਨਾ[40] ॥ ਪੂਰਬ[41] ਜਨਮ[46] ਹਉ[47] ਤਪ[42] ਕਾ ਹੀਨਾ[43] ॥੧॥

I am like[38] the fish[40], which leaving[45] water[44] goes[48] out[39] of it, because in the former[41] life[46] I[47] performed not[43] toilsome service[42].

ਮੈਂ ਉਸ ਮਛੀ[40] ਦੀ ਮਾਨਿੰਦ[38] ਹਾਂ, ਜੋ ਪਾਣੀ[44] ਨੂੰ ਤਿਆਗ[45] ਬਾਹਰਵਾਰ[39] ਚਲੀ[48] ਜਾਂਦੀ ਹੈ, ਕਿਉਂਕਿ ਮੈਂ[47] ਪਿਛਲੇ[41] ਜੀਵਨ[46] ਵਿਚ ਕਰੜੀ ਘਾਲ[42] ਨਹੀਂ[43] ਕਮਾਈ ਸੀ।

ਅਬ[49] ਕਹੁ[50] ਰਾਮ ਕਵਨ ਗਤਿ[51] ਮੋਰੀ[52] ॥ ਤਜੀਲੇ[53] ਬਨਾਰਸ ਮਤਿ[54] ਭਈ ਥੋਰੀ[55] ॥੧॥ ਰਹਾਉ ॥

Say[50] now[49], O Lord, what shall be my[52] condition[51] ? People tell me, that I was left with little[55] sense[54], when I left[53] Banaras. Pause.

ਹੁਣ[49] ਦਸ[50] ਹੇ ਪ੍ਰਭੂ ! ਮੇਰੀ[52] ਕੀ ਦਸ਼ਾ[51] ਹੋਏਗੀ ? ਲੋਕ ਮੈਨੂੰ ਆਖਦੇ ਹਨ ਕਿ ਜਦ ਮੈਂ ਬਨਾਰਸ ਛਡਿਆ[53] ਮੇਰੀ ਅਕਲ[54] ਮਾਰੀ[55] ਗਈ ਸੀ । ਠਹਿਰਾਉ ।

ਸਗਲ ਜਨਮੁ[56] ਸਿਵਪੁਰੀ[57] ਗਵਾਇਆ[58] ॥

All my life[56] I wasted[58] in the city[57] of Shiva.

ਮੈਂ ਆਪਣਾ ਸਾਰਾ ਜੀਵਨ[56] ਸ਼ਿਵਜੀ ਦੇ ਸ਼ਹਿਰ[57] ਵਿਚ ਗੁਆ ਲਿਆ[58] ਹੈ ।

ਮਰਤੀ[59] ਬਾਰ[60] ਮਗਹਰਿ ਉਠਿ ਆਇਆ[61] ॥੨॥

At the time[60] of death[59] I have shifted[61] to Magahar.

ਮਰਨ[59] ਵੇਲੇ[60] ਮੈਂ ਮਗਹਰ ਨੂੰ ਉਠ ਕੇ ਆ ਗਿਆ[61] ਹਾਂ ।

ਬਹੁਤੁ ਬਰਸ[62] ਤਪੁ[63] ਕੀਆ ਕਾਸੀ ॥

For many years[62] I did penance[63] at Kashi (Banaras).

ਘਣੇਰੇ ਸਾਲ[62] ਮੈਂ ਕਾਸ਼ੀ (ਬਨਾਰਸ) ਵਿਚ ਤਪ[63] ਕੀਤੀ ।

ਮਰਨੁ ਭਇਆ[64] ਮਗਹਰ ਕੀ ਬਾਸੀ[65] ॥੩॥

Now when it came[64] to dying, I have come to dwell[65] at Magahar.

ਹੁਣ ਜਦ ਮਰਨ ਨੂੰ ਆ ਢੁਕਿਆ[64] ਹਾਂ, ਮੈਂ ਮਗਹਰ ਆ ਕੇ ਨਿਵਾਸ[65] ਕਰ ਲਿਆ ਹੈ ।

ਕਾਸੀ[66] ਮਗਹਰ ਸਮ[67] ਬੀਚਾਰੀ[68] ॥

Banaras[66] and Magahar I consider[68] alike[67].

ਬਨਾਰਸ[66] ਅਤੇ ਮਗਹਰ ਮੈਂ ਇਕਸਾਰ[67] ਖ਼ਿਆਲ[68] ਕਰਦਾ ਹਾਂ ।

ਓਛੀ[69] ਭਗਤਿ[70] ਕੈਸੇ[71] ਉਤਰਸਿ[72] ਪਾਰੀ ॥੪॥

How[71] can one, with scanty[69] devotion[70] swim across[72] ?

ਅਲਪ[69] ਅਨੁਰਾਗ[70] ਵਾਲਾ ਬੰਦਾ ਕਿਸ ਤਰ੍ਹਾਂ[71] ਤਰ[72] ਸਕਦਾ ਹੈ ?

ਕਹੁ ਕਬੀਰ ਗੁਰ ਗਜਿ[73] ਸਿਵ ਸਭੁ ਕੋ ਜਾਨੈ ॥ ਮੁਆ ਕਬੀਰੁ ਰਮਤ[74] ਸ੍ਰੀ[75] ਰਾਮੈ[76] ॥੫॥੧੫॥

Says Kabir, my Guru, Ganesh[73], Shiva and all know, that Kabir died uttering[74] Lord's[76] holy[75] Name.

ਕਬੀਰ ਜੀ ਆਖਦੇ ਹਨ, ਮੇਰਾ ਗੁਰੂ, ਗਣੇਸ਼[73], ਸ਼ਿਵਜੀ ਅਤੇ ਸਾਰੇ ਹੀ ਜਾਣਦੇ ਹਨ ਕਿ ਕਬੀਰ ਸੁਆਮੀ[76] ਦੇ ਪਵਿਤ੍ਰ[75] ਨਾਮ ਦਾ ਉਚਾਰਨ[74] ਕਰਦਾ ਹੋਇਆ ਮਰ ਗਿਆ ।

N. B. 1—Ganesh is the founder of Magahar.

ਨੋਟ ੧—ਗਣੇਸ਼ ਮਗਹਰ ਵਸਾਉਣ ਵਾਲਾ ਹੈ ।

N. B. 2—Shiva is the founder of Kashi.

ਨੋਟ ੨—ਸ਼ਿਵਜੀ ਕਾਸ਼ੀ ਵਸਾਉਣ ਵਾਲਾ ਹੈ ।

N. B. 3—Kabir's Guru was Rama Nand.

ਨੋਟ ੩—ਕਬੀਰ ਦਾ ਗੁਰੂ ਰਾਮਾਨੰਦ ਸੀ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਚੋਆ[77] ਚੰਦਨ[78] ਮਰਦਨ[79] ਅੰਗਾ[80] ॥ ਸੋ[81] ਤਨੁ[82] ਜਲੈ[83] ਕਾਠ[84] ਕੈ ਸੰਗਾ[85] ॥੧॥

The[81] body[82], to whose limbs[80] the otto[77] of sandal[78] is applied[79], is ultimately burned[83] with[85] the fire-wood[84].

ਜਿਸ[81] ਦੇਹਿ[82] ਦੇ ਅੰਗਾਂ[80] ਨੂੰ ਚੰਨਣ[78] ਦਾ ਅਰਕ[77] ਮਲਿਆ[79] ਜਾਂਦਾ ਹੈ, ਉਹ ਅੰਤ ਲਕੜੀਆਂ[84] ਨਾਲ[85] ਸਾੜ[83] ਦਿਤੀ ਜਾਂਦੀ ਹੈ ।

ਇਸੁ ਤਨ[86] ਧਨ[87] ਕੀ ਕਵਨ[88] ਬਡਾਈ[89] ॥

What[88] is there to be proud[89] of in this body[86] and wealth[87] ?

ਇਸ ਦੇਹਿ[86] ਅਤੇ ਦੌਲਤ[87] ਅੰਦਰ ਹੰਕਾਰ[89] ਕਰਨ ਵਾਲੀ ਕਿਹੜੀ[88] ਸ਼ੈ ਹੈ ?

ਧਰਨਿ[90] ਪਰੈ[91] ਉਰਵਾਰਿ[91]*

They remain lying[91] on earth[90] and go[92]

ਉਹ ਜ਼ਮੀਨ[90] ਤੇ ਪਏ ਰਹਿ[91] ਜਾਂਦੇ ਹਨ ਅਤੇ ਪ੍ਰਾਣੀ ਦੇ ਨਾਲ

ਨ ਜਾਈ[92] ॥ ੧ ॥ਰਹਾਉ ॥

not with the mortal to the world-beyond[91*]. Pause.

ਪ੍ਰਲੋਕ[91*] ਨੂੰ ਨਹੀਂ ਜਾਂਦੇ[92] ਠਹਿਰਾਉ ।

ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥ ਇਕੁ ਖਿਨੁ[93] ਲੇਹਿ[94] ਨ ਹਰਿ ਕੋ ਨਾਮ ॥੨॥ ਹਾਥਿ[95] ਤ ਡੋਰ[96] ਮੁਖਿ[97] ਖਾਇਓ[98] ਤੰਬੋਰ[99] ॥ ਮਰਤੀ ਬਾਰ[100] ਕਸਿ[2] ਬਾਧਿਓ[3] ਚੋਰ[4] ॥੩॥

They, who sleep by night and work by day and repeat[94] not God's Name even for an instant[93], who hold kite string[96] in their hand[95] and chew[98] betel[99] with their mouth[97], are at the time[100] of death firmly[2] bound[3] as thieves[4].

ਜੋ ਰਾਤ੍ਰੀ ਨੂੰ ਸੌਂਦੇ ਹਨ ਤੇ ਦਿਨ ਨੂੰ ਕੰਮ ਕਰਦੇ ਹਨ, ਅਤੇ ਇਕ ਮੁਹਤ[93] ਭਰ ਲਈ ਭੀ ਵਾਹਿਗੁਰੂ ਦੇ ਨਾਮ ਦਾ ਉਚਾਰਨ[94] ਨਹੀਂ ਕਰਦੇ, ਜੋ ਆਪਣੇ ਹੱਥ[95] ਵਿਚ ਪਤੰਗ ਦੀ ਰੱਸੀ[96] ਫੜੀ ਰੱਖਦੇ ਹਨ ਅਤੇ ਆਪਣੇ[97] ਮੂੰਹ ਨਾਲ ਪਾਨ[99] ਚੱਬਦੇ[98] ਹਨ, ਉਹ ਮਰਨ ਦੇ ਵੇਲੇ[100] ਤਸਕਰਾਂ[4] ਦੀ ਮਾਨਿੰਦ ਖਿਚ ਕੇ[2] ਨਰੜੇ[3] ਜਾਂਦੇ ਹਨ ।

ਗੁਰਮਤਿ[5] ਰਸਿ[6] ਰਸਿ[7] ਹਰਿ ਗੁਨ[8] ਗਾਵੈ[9] ॥ ਰਾਮੈ[10] ਰਾਮ[12] ਰਮਤ[13] ਸੁਖੁ[14] ਪਾਵੈ[15] ॥੪॥

If under Guru's instruction[5] and immersed[6] in love[7], thou sing[9] the God's praise[8] and remember[13] the All-pervading[10] Lord[12], thou shalt obtain[15] peace[14].

ਗੁਰਾਂ ਦੀ ਸਿਖਿਆ[5] ਤਾਬੇ ਅਤੇ ਪ੍ਰੇਮ[7] ਅੰਦਰ ਭਿੱਜ[6], ਜੇਕਰ ਤੂੰ ਹਰੀ ਦਾ ਜੱਸ[8] ਗਾਇਨ[9] ਕਰੇਂ ਅਤੇ ਸਰਬ-ਵਿਆਪਕ[10] ਸੁਆਮੀ[12] ਦਾ ਸਿਮਰਨ[13] ਕਰੇਂ ਤਾਂ ਤੂੰ ਆਰਾਮ[14] ਪਰਾਪਤ[15] ਕਰ ਲਵੇਂਗਾ ।

ਕਿਰਪਾ[16] ਕਰਿ ਕੈ ਨਾਮੁ ਦ੍ਰਿੜਾਈ[17] ॥ ਹਰਿ ਹਰਿ[18] ਬਾਸੁ[19] ਸੁਗੰਧ[20] ਬਸਾਈ[21] ॥੫॥

He, within whom the Lord mercifully[16] establishes[17] His Name, imbibes[21] God Master's[18] odour[19] and fragrance[20] in his heart.

ਜਿਸ ਦੇ ਅੰਦਰ ਮਿਹਰ ਧਾਰ ਕੇ[16] ਪ੍ਰਭੂ ਆਪਣਾ ਨਾਮ ਪੱਕਾ ਕਰਦਾ[17] ਹੈ, ਉਹ ਵਾਹਿਗੁਰੂ ਮਾਲਕ[18] ਦੀ ਮਹਿਕ[19] ਅਤੇ ਖ਼ੁਸ਼ਬੂ[20] ਨੂੰ ਆਪਣੇ ਦਿਲ ਅੰਦਰ ਟਿਕਾ ਲੈਂਦਾ[21] ਹੈ ।

ਕਹਤ[25] ਕਬੀਰੁ ਚੇਤਿ[22] ਰੇ[23] ਅੰਧਾ[24] ॥

Says[25] Kabir, remember[22] thou thy Lord, O[23] blind[24] man.

ਕਬੀਰ ਜੀ ਆਖਦੇ[25] ਹਨ, ਤੂੰ ਆਪਣੇ ਸੁਆਮੀ ਦਾ ਚਿੰਤਨ[22] ਕਰ, ਹੇ[23] ਮੁਨਾਖੇ[24] ਮਨੁੱਖ !

ਸਤਿ[26] ਰਾਮੁ[27] ਝੂਠਾ[29] ਸਭੁ ਧੰਧਾ[28] ॥੬॥੧੬॥

True[26] is the Lord[27] and false[29] are all the worldly affairs[28].

ਸੱਚਾ[26] ਹੈ ਸੁਆਮੀ[27] ਅਤੇ ਕੂੜੇ[29] ਹਨ ਸਮੂਹ ਸੰਸਾਰੀ ਵਿਹਾਰ[28] ।

ਗਉੜੀ ਕਬੀਰ ਜੀ
ਤਿਪਦੇ ਚਾਰ ਤੁਕੇ ॥

Gauri Kabir Ji.
Tipadas and Chaupadas.

ਗਉੜੀ ਕਬੀਰ ਜੀ
ਤਿਪਦੇ ਅਤੇ ਚੌਪਦੇ ।

ਜਮ[30] ਤੇ ਉਲਟਿ[31] ਭਏ[32] ਹੈ ਰਾਮ[33] ॥

Instead[31] of heading towards death[30], I have, now, turned[32] towards the Lord[33].

ਮੌਤ[30] ਦੀ ਵੱਲ ਜਾਣ ਦੀ ਥਾਂ[31] ਮੈਂ ਹੁਣ ਸੁਆਮੀ[33] ਵਲ ਵਾਗ ਮੋੜ[32] ਲਈ ਹੈ ।

ਦੁਖ[34] ਬਿਨਸੇ[35] ਸੁਖ[36] ਕੀਓ ਬਿਸਰਾਮ[37] ॥

Anguish[34] is annulled[35] and I abide[37] in peace[36].

ਪੀੜ[34] ਮਿਟ ਗਈ[35] ਹੈ ਅਤੇ ਮੈਂ ਆਰਾਮ[36] ਅੰਦਰ ਵਸਦਾ[37] ਹਾਂ ।

ਬੈਰੀ[38] ਉਲਟਿ[39] ਭਏ ਹੈ ਮੀਤਾ[40] ॥

Mine enemies[38] have turned[39] into friends[40].

ਮੇਰੇ ਦੁਸ਼ਮਨ[38] ਬਦਲ[39] ਕੇ ਮੇਰੇ ਸਜਣ[40] ਬਣ ਗਏ ਹਨ ।

ਸਾਕਤ[41] ਉਲਟਿ ਸੁ[42] ਜਨ[43] ਭਏ ਚੀਤਾ[44] ॥੧॥

The apostates[41] have changed into hearty[44] good[42] folk[43].

ਪਤਿਤ ਪੁਰਸ਼[41] ਬਦਲ ਕੇ ਦਿਲੋਂ[44] ਭਲੇ[42] ਲੋਕ[43] ਹੋ ਗਏ ਹਨ ।

ਅਬ[45] ਮੋਹਿ[46] ਸਰਬ[47] ਕੁਸਲ[48] ਕਰਿ ਮਾਨਿਆ[49] ॥

I[46], now[45], deem[49], everything[47] to be peace-bestowing[48].

ਮੈਂ[46] ਹੁਣ[45], ਹਰ ਸ਼ੈ[47] ਨੂੰ ਆਰਾਮ ਦੇਣ ਵਾਲੀ[48] ਜਾਣਦਾ[49] ਹਾਂ ।

ਸਾਂਤਿ[50] ਭਈ[51] ਜਬ[52] [53]ਗੋਬਿੰਦ[54] ਜਾਨਿਆ[55] ॥ ੧ ॥ ਰਹਾਉ ॥

Since[52] I have realised[55] the world[53]-preserver[54], calmness and composure[50] have come[51] to me. Pause.

ਸਾਂਤ[50] ਭਈ[51] ਜਬ[52] [53]ਗੋਬਿੰਦ[54] ਜਾਨਿਆ[55] ॥ ੧ ॥ ਰਹਾਉ ॥

३२७

ਤਨ[56] ਮਹਿ[57] ਹੋਤੀ[60] ਕੋਟਿ[58] ਉਪਾਧਿ[59] ॥

There were[60] millions[58] of ills[59] in[57] the body[56].

ਤਨ[56] ਅੰਦਰ[57] ਕ੍ਰੋੜਾਂ[58] ਹੀ ਰੋਗ[59] ਸਨ[60] ।

ਉਲਟਿ ਭਈ[61] ਸੁਖ[62] ਸਹਜਿ ਸਮਾਧਿ[63] ॥

They have turned into[61] peace and calm[62] concentration[63].

ਉਹ ਠੰਢ-ਚੈਨ[62] ਅਤੇ ਸ਼ਾਂਤ ਇਕਾਗਰਤਾ[63] ਵਿਚ ਬਦਲ ਗਏ[61] ਹਨ ।

ਆਪੁ[64] ਪਛਾਨੈ[65] ਆਪੈ ਆਪ[66] ॥ ਰੋਗੁ[67] ਨ ਬਿਆਪੈ[68] ਤੀਨੋ ਤਾਪ[69] ॥੨॥

When man himself[64] understands[65] his ownself[66], he suffers[68] not from illness[67] and the three fevers[69].

ਜਦ ਇਨਸਾਨ ਖ਼ੁਦ[64] ਆਪਣੇ ਆਪ[66] ਨੂੰ ਸਮਝ[65] ਲੈਂਦਾ ਹੈ, ਉਸ ਨੂੰ ਬੀਮਾਰੀ[67] ਅਤੇ ਤਿੰਨੇ ਬੁਖ਼ਾਰ[69] ਨਹੀਂ ਚਿਮੜਦੇ[68] ।

ਅਬ[70] ਮਨੁ ਉਲਟਿ[71] ਸਨਾਤਨੁ[72] ਹੂਆ ॥

My mind has, now[70], reverted[71] to its original[72] purity.

ਹੁਣ[70] ਮੇਰੇ ਮਨੂਏ ਨੇ ਮੁੜ ਕੇ[71] ਆਪਣੀ ਪੂਰਬਲੀ[72] ਪਵਿੱਤ੍ਰਤਾ ਧਾਰਨ ਕਰ ਲਈ ਹੈ ।

ਤਬ[73] ਜਾਨਿਆ[74] ਜਬ[75] ਜੀਵਤ[76] ਮੂਆ[77] ॥

When[75] I became dead[77] in life[76], then[73] alone I came to know[74] the Lord.

ਜਦ[75] ਮੈਂ ਜੀਉਂਦੇ[76] ਜੀ ਮਰ[77] ਗਿਆ, ਕੇਵਲ ਤਦ[73] ਹੀ ਮੈਂ ਪ੍ਰਭੂ ਨੂੰ ਪਛਾਣਿਆ[74] ।

ਕਹੁ ਕਬੀਰ ਸੁਖਿ[78] ਸਹਜਿ ਸਮਾਵਉ[79] ॥

Says Kabir, I have now merged[79] into celestial bliss[78].

ਕਬੀਰ ਜੀ ਫ਼ਰਮਾਉਂਦੇ ਹਨ, ਮੈਂ ਹੁਣ ਬੈਕੁੰਠੀ ਅਨੰਦ[78] ਅੰਦਰ ਲੀਨ ਹੋ ਗਿਆ[79] ਹਾਂ ।

ਆਪਿ[80] ਨ ਡਰਉ ਨ ਅਵਰ[81] ਡਰਾਵਉ[82] ॥੩॥ ੧੭॥

I myself[80] fear none, nor do I inspire fear[82] in anyone else[81].

ਮੈਂ ਖ਼ੁਦ[80] ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮੈਂ ਕਿਸੇ ਹੋਰਸ[81] ਨੂੰ ਡਰਾਉਂਦਾ[82] ਹਾਂ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਪਿੰਡਿ[83] ਮੂਏ[84] ਜੀਉ[85] ਕਿਹ[86] ਘਰਿ[87] ਜਾਤਾ[88] ॥

When the body[83] dies[84], to what[86] abode[87] does the soul[85] of the pious person go[88] ?

ਜਦ ਦੇਹਿ[83] ਮਰ[84] ਜਾਂਦੀ ਹੈ ਤਾਂ ਪਵਿੱਤ੍ਰ ਪੁਰਸ਼ ਦੀ ਆਤਮਾ[85] ਕਿਹੜੇ[86] ਟਿਕਾਣੇ[87] ਤੇ ਚਲੀ ਜਾਂਦੀ[88] ਹੈ ?

ਸਬਦਿ[89] ਅਤੀਤਿ[90] ਅਨਾਹਦਿ[91] ਰਾਤਾ[92] ॥

It is absorbed[92] in the Uncontaminated[90] and Imperishable[91] Lord[89].

ਇਹ ਨਿਰਲੇਪ[90] ਅਤੇ ਅਬਿਨਾਸੀ[91] ਪ੍ਰਭੂ[89] ਅੰਦਰ ਲੀਨ[92] ਹੋ ਜਾਂਦੀ ਹੈ ।

ਜਿਨਿ ਰਾਮੁ ਜਾਨਿਆ ਤਿਨਹਿ[93] ਪਛਾਨਿਆ[94] ॥

He[93], who knows the Lord, realises[94] His relish.

ਜੋ ਸੁਆਮੀ ਨੂੰ ਸਮਝਦਾ ਹੈ, ਉਹੀ[93] ਉਸ ਦੇ ਸੁਆਦ ਨੂੰ ਅਨੁਭਵ[94] ਕਰਦਾ ਹੈ ।

ਜਿਉ[95] ਗੂੰਗੇ[96] ਸਾਕਰ[97] ਮਨੁ[98] ਮਾਨਿਆ[99] ॥੧॥

His soul[98] is sated[99] like[95] that of the dumb man[96], eating sugar[97].

ਉਸ ਦੀ ਆਤਮਾ[98] ਗੂੰਗੇ ਆਦਮੀ[96] ਦੇ ਸ਼ੱਕਰ[97] ਖਾਣ ਦੀ ਤਰ੍ਹਾਂ[95] ਸੰਤੁਸ਼ਟ[99] ਹ�و ਜਾਂਦੀ ਹੈ ।

ਐਸਾ[100] ਗਿਆਨੁ[2] ਕਥੈ[3] ਬਨਵਾਰੀ[4] ॥

Such[100] is the Divine Knowledge[2] that the Lord[4] expounds[3].

ਐਹੋ ਜੇਹਾ[100] ਬ੍ਰਹਿਮ-ਬੋਧ[2] ਪ੍ਰਭੂ[4] ਹੀ ਦਰਸਾਉਂਦਾ[3] ਹੈ ।

ਮਨ[5] ਰੇ[6] ਪਵਨ[7] ਦ੍ਰਿੜ[8] ਸੁਖਮਨ ਨਾਰੀ[9] ॥ ੧ ॥ ਰਹਾਉ ॥

O[6] man[6] hold[8] thy breath[7] in the central trachea[9]. Pause.

ਹੇ[6] ਬੰਦੇ[6] ! ਤੂੰ ਆਪਣੇ ਸੁਆਸ[7] ਨੂੰ ਹਵਾ ਦੀ ਮਧ ਦੀ ਨਾੜੀ[9] ਵਿਚ ਟਿਕਾ[8] । ਠਹਿਰਾਉ ।

ਸੋ[10] ਗੁਰੁ ਕਰਹੁ[12] ਜਿ ਬਹੁਰਿ[13] ਨ ਕਰਨਾ ॥

Appoint[12] such[10] a Guru, that thou mayest not have to appoint another again[13].

ਐਸਾ[10] ਗੁਰੂ ਧਾਰ[12] ਜੋ ਤੈਨੂੰ ਮੁੜ ਕੇ[13] ਹੋਰ ਨਾ ਧਾਰਨਾ ਪਵੇ ।

ਸੋ ਪਦੁ[14] ਰਵਹੁ[15] ਜਿ ਬਹੁਰਿ ਨ ਰਵਨਾ ॥

Utter[15] such word[14] that thou mayest not have to utter another again.

ਐਸਾ ਸ਼ਬਦ[14] ਉਚਾਰਨ[15] ਕਰ ਤਾਂ ਜੋ ਤੈਨੂੰ ਮੁੜ ਕੇ ਹੋਰ ਉਚਾਰਨ ਕਰਨਾ ਨਾ ਪਵੇ ।

ਸੋ ਧਿਆਨੁ[16] ਧਰਹੁ[17] ਜਿ ਬਹੁਰਿ ਨ ਧਰਨਾ ॥

Embrace[17] such meditation[16] that thou mayest not have to embrace another again.

ਐਸਾ ਸਿਮਰਨ[16] ਅਖ਼ਤਿਆਰ[17] ਕਰ ਤਾਂ ਜੋ ਤੈਨੂੰ ਮੁੜ ਕੇ ਹੋਰਸ ਅਖ਼ਤਿਆਰ ਨਾ ਕਰਨਾ ਪਵੇ ।

ਐਸੇ[18] ਮਰਹੁ ਜਿ ਬਹੁਰਿ ਨ ਮਰਨਾ ॥੨॥

Die thou in such a way[18], that thou mayest not have to die again.

ਐਸ ਤਰੀਕੇ[18] ਨਾਲ ਮਰ ਕਿ ਤੈਨੂੰ ਮੁੜ ਕੇ ਮਰਨਾ ਨਾ ਪਵੇ ।

ਉਲਟੀ[19] ਗੰਗਾ[20] ਜਮੁਨ[21] ਮਿਲਾਵਉ[22] ॥

Turn[19] thy breaths from the left[20] and right[21] and unite[22] them in the central trachea.

ਆਪਣੇ ਸੁਆਸਾਂ ਨੂੰ ਇੜਾ[20] ਤੇ ਪਿੰਗਲਾ[21] ਤੋਂ ਉਲਟਾ[19] ਕੇ ਕੇਂਦਰਲੀ ਸੁਰ ਵਿਚ ਜੋੜ[22] ।

ਬਿਨੁ[23] ਜਲ[24] ਸੰਗਮ[25] ਮਨ[26] ਮਹਿ[27] ਨਾਵਉ[28] ॥

Within[27] thy mind[26] and at their confluence[25] bathe[28] thou without[23] water[24].

ਆਪਣੇ ਚਿੱਤ[26] ਅੰਦਰ[27] ਅਤੇ ਉਨ੍ਹਾਂ ਦੇ ਮਿਲਾਪ ਅਸਥਾਨ[25] ਤੇ ਤੂੰ ਪਾਣੀ[24] ਦੇ ਬਗ਼ੈਰ[23] ਹੀ ਇਸ਼ਨਾਨ[28] ਕਰ ।

ਲੋਚਾ[29] ਸਮਸਰਿ[30] ਇਹੁ[31] ਬਿਉਹਾਰਾ[32] ॥

To look on all with the same[30] eye[29] this[31] should be thy daily dealing[32].

ਸਾਰਿਆਂ ਨੂੰ ਉਸੇ[30] ਅੱਖ[29] ਨਾਲ ਵੇਖਣਾ, ਇਹ[31] ਤੇਰਾ ਰੋਜ਼ ਦਾ ਕਾਰ-ਵਿਹਾਰ[32] ਹੋਵੇ ।

ਤਤੁ[33] ਬੀਚਾਰਿ[34] ਕਿਆ[35] ਅਵਰਿ[36] ਬੀਚਾਰਾ ॥੩॥

Reflect[34] upon the reality[33], what[35] else[36] is there to reflect upon ?

ਅਸਲੀਅਤ[33] ਦੀ ਵੀਚਾਰ[34] ਕਰ, ਹੋਰ[36] ਸੋਚਣ ਸਮਝਣ ਲਈ ਹੈ ਭੀ ਕੀ[35] ?

ਅਪੁ[37] ਤੇਜੁ[38] ਬਾਇ[39] ਪ੍ਰਿਥਮੀ[40] ਆਕਾਸਾ[41] ॥

Water[37], fire[38], wind[39], earth[40] and the sky[41].

ਪਾਣੀ[37], ਅੱਗ[38], ਹਵਾ[39] ਧਰਤੀ[40] ਅਤੇ ਅਸਮਾਨ[41] ।

ਐਸੀ[42] ਰਹਤ[43] ਰਹਉ[45] ਹਰਿ ਪਾਸਾ[44] ॥

Adopt[45] such[42] way of life[43] as theirs and thou shalt be near[44] God.

ਉਹੋ ਜੇਹੀ[42] ਜੀਵਨ ਰਹੁ-ਰੀਤੀ[43] ਧਾਰਨ[45] ਕਰ ਜੇਹੋ ਜੇਹੀ ਉਨ੍ਹਾਂ ਦੀ ਹੈ ਅਤੇ ਤੂੰ ਰੱਬ ਦੇ ਨੇੜੇ[44] ਹੋਵੇਂਗਾ ।

ਕਹੈ ਕਬੀਰ ਨਿਰੰਜਨ[46] ਧਿਆਵਉ[47] ॥

Contemplate[47] thou on the Pure Lord[46], says Kabir.

ਤੂੰ ਪਵਿਤ੍ਰ ਪ੍ਰਭੂ[46] ਦਾ ਸਿਮਰਨ[47] ਕਰ, ਕਬੀਰ ਜੀ ਆਖਦੇ ਹਨ ।

ਤਿਤੁ[48] ਘਰਿ[49] ਜਾਉ[50] ਜਿ ਬਹੁਰਿ[50*] ਨ ਆਵਉ ॥੪॥ ੧੮ ॥

Arrive[50] at that[48] home[49], whence there be no returning any more[50*].

ਉਸ[48] ਗ੍ਰਹਿ[49] ਤੇ ਅੱਪੜ[50] ਜਿਥੋਂ ਮੁੜ ਕੇ[50*], ਵਾਪਸ ਆਉਣਾ ਨਾ ਪਵੇ ।

ਗਉੜੀ ਕਬੀਰ ਜੀ ਤਿਪਦੇ॥

Gauri Kabir Ji Tipadas.

ਗਉੜੀ ਕਬੀਰ ਜੀ ਤਿਪਦੇ ।

ਕੰਚਨ[51] ਸਿਉ ਪਾਈਐ ਨਹੀ ਤੋਲਿ[52] ॥

The Lord cannot be obtained by giving in alms gold[51] equal to one's weight[52].

ਆਪਣੇ ਭਾਰ[52] ਜਿੰਨਾ ਸੋਨਾ[51] ਦਾਨ ਦੇਣ ਦੁਆਰਾ ਪ੍ਰਭੂ ਪਰਾਪਤ ਨਹੀਂ ਹੁੰਦਾ ।

ਮਨੁ ਦੇ[53] ਰਾਮੁ[54] ਲੀਆ ਹੈ ਮੋਲਿ[55] ॥੧॥

By giving[53] my soul, I have purchased[55] the Master[54].

ਆਪਣੀ ਆਤਮਾ ਦੇ ਕੇ[53] ਮੈਂ ਮਾਲਕ[54] ਨੂੰ ਖ਼ਰੀਦਿਆ[55] ਹੈ ।

ਅਬ[56] ਮੋਹਿ[57] ਰਾਮੁ ਅਪੁਨਾ[58] ਕਰਿ ਜਾਨਿਆ[59]

Now[56] I[57] recognise[59] the Lord, as my own[58].

ਹੁਣ[56] ਮੈਂ[57] ਪ੍ਰਭੂ ਨੂੰ ਆਪਣਾ[58] ਨਿੱਜ ਦਾ ਕਰਕੇ ਜਾਣਦਾ[59] ਹਾਂ ।

ਸਹਜ ਸੁਭਾਇ[60] ਮੇਰਾ ਮਨੁ ਮਾਨਿਆ[61] ॥੧॥ ਰਹਾਉ ॥

My mind is naturally[60] pleased[61] with Him. Pause.

ਮੇਰਾ ਮਨੂਆ ਕੁਦਰਤੀ ਤੌਰ ਤੇ[60] ਉਸ ਨਾਲ ਪ੍ਰਸੰਨ[61] ਹੈ । ਠਹਿਰਾਉ ।

ਬ੍ਰਹਮੈ ਕਥਿ ਕਥਿ[62] ਅੰਤੁ[63] ਨ ਪਾਇਆ[64] ॥

By continually dilating[62] upon Him, Brahma has not found[64] God's limit[63].

ਉਸ ਦਾ ਮੁੜ ਮੁੜ ਵਰਨਣ ਕਰਨ ਦੁਆਰਾ[62] ਬਰ੍ਹਮੇ ਨੂੰ ਵਾਹਿਗੁਰੂ ਦਾ ਓੜਕ[63] ਪਤਾ[64] ਨਹੀਂ ਲੱਗਾ ।

ਰਾਮ[65] ਭਗਤਿ[66] ਬੈਠੇ ਘਰਿ ਆਇਆ ॥੨॥

But by virtue of devotional service[66], the Lord[65] has come and sat in my home.

ਪ੍ਰੰਤੂ ਪ੍ਰੇਮ-ਮਈ ਸੇਵਾ[66] ਦੀ ਬਰਕਤ ਨਾਲ ਸੁਆਮੀ[65] ਆ ਕੇ ਮੇਰੇ ਗ੍ਰਹਿ ਵਿਚ ਬੈਠ ਗਿਆ ਹੈ ।

ਕਹੁ ਕਬੀਰ ਚੰਚਲ ਮਤਿ[67] ਤਿਆਗੀ[68] ॥

Says Kabir, I have given up[68] my wavering disposition[67].

ਕਬੀਰ ਜੀ ਆਖਦੇ ਹਨ, ਮੈਂ ਆਪਣਾ ਚੁਲਬੁਲਾ ਸੁਭਾਅ[67] ਛੱਡ ਦਿੱਤਾ[68] ਹੈ ।

ਕੇਵਲ[69] ਰਾਮ ਭਗਤਿ ਨਿਜ[70] ਭਾਗੀ[71] ॥੩॥੧॥ ੧੯॥

Lord's service alone[69], has fallen to my own[70] lot[71].

ਸਿਰਫ਼[69] ਸੁਆਮੀ ਦੀ ਸੇਵਾ ਹੀ ਮੇਰੇ ਆਪਣੇ[70] ਨਸੀਬਾਂ[71] ਵਿਚ ਆਈ ਹੈ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਜਿਹ ਮਰਨੈ ਸਭੁ ਜਗਤੁ ਤਰਾਸਿਆ[72] ॥ ਸੋ ਮਰਨਾ ਗੁਰ ਸਬਦਿ[73] ਪ੍ਰਗਾਸਿਆ[74] ॥੧॥

The death, which has terrified[72] the whole world, the reality of that death is revealed[74] unto me by the Guru's teaching[73].

ਜਿਸ ਮੌਤ ਤੋਂ ਸਾਰਾ ਜਹਾਨ ਭੈ-ਭੀਤ[72] ਹੋਇਆ ਹੋਇਆ ਹੈ, ਉਸ ਮੌਤ ਦੀ ਅਸਲੀਅਤ ਗੁਰਾਂ ਦੇ ਉਪਦੇਸ਼[73] ਦੁਆਰਾ ਮੈਨੂੰ ਜ਼ਾਹਰ[74] ਹੋ ਗਈ ਹੈ ।

ਅਬ[75] ਕੈਸੇ[76] ਮਰਉ ਮਰਨਿ[77] ਮਨੁ ਮਾਨਿਆ[78] ॥

Now[75], how[76] shall I die ? My mind has accepted[78] death[77].

ਹੁਣ[75] ਮੈਂ ਕਿਸ ਤਰ੍ਹਾਂ[76] ਮਰਾਂਗਾ ? ਮੇਰੇ ਮਨੂਏ ਨੇ ਮੌਤ[77] ਨੂੰ ਕਬੂਲ[78] ਕਰ ਲਿਆ ਹੈ ।

ਮਰਿ ਮਰਿ[79] ਜਾਤੇ[80] ਜਿਨ ਰਾਮੁ[81] ਨ ਜਾਨਿਆ[82] ॥ ੧॥ ਰਹਾਉ ॥

They alone, who know[82] not the Pervading God[81], continually[79] die and depart[80]. Pause.

ਕੇਵਲ ਓਹੀ ਜੋ ਵਿਆਪਕ ਵਾਹਿਗੁਰੂ[81] ਨੂੰ ਨਹੀਂ ਜਾਣਦੇ[82] ਬਾਰੰਬਰ[79] ਮਰਦੇ ਜਾਂਦੇ[80] ਹਨ ।

ਠਹਿਰਾਉ ।

ਮਰਨੋ[83] ਮਰਨੁ ਕਹੈ[84] ਸਭੁ ਕੋਈ[85] ॥

Everyone[85] says[84] "I am to die[83], I am to die".

ਹਰ ਕੋਈ[85] ਆਖਦਾ[84] ਹੈ, "ਮੈਂ ਮਰ ਜਾਣਾ[83] ਹੈ, ਮੈਂ ਮਰ ਜਾਣਾ ਹੈ" ।

ਸਹਜੇ[86] ਮਰੈ ਅਮਰੁ[87] ਹੋਇ ਸੋਈ[88] ॥੨॥

He[88] alone becomes immortal[87] who dies in Divine comprehension[86].

ਕੇਵਲ ਓਹੀ[88] ਅਬਿਨਾਸੀ[87] ਹੁੰਦਾ ਹੈ, ਜੋ ਬ੍ਰਹਿਮ ਗਿਆਤ[86] ਅੰਦਰ ਮਰਦਾ ਹੈ ।

ਕਹੁ ਕਬੀਰ ਮਨਿ ਭਇਆ[89] ਅਨੰਦਾ[90] ॥ ਗਇਆ[91] ਭਰਮੁ[92] ਰਹਿਆ[93] ਪਰਮਾਨੰਦਾ[94] ॥੩॥੨੦॥

Says Kabir, "Within my mind, happiness[90] has emanated[89]. My doubt[92] is dispelled[91] and Supreme bliss[94] abides[93] in it".

ਕਬੀਰ ਜੀ ਆਖਦੇ ਹਨ, "ਮੇਰੇ ਚਿੱਤ ਅੰਦਰ ਖ਼ੁਸ਼ੀ[90] ਉਤਪੰਨ[89] ਹੋ ਆਈ ਹੈ । ਮੇਰਾ ਵਹਿਮ[92] ਦੂਰ[91] ਹੋ ਗਿਆ ਹੈ ਅਤੇ ਪਰਮ ਪਰਸੰਨਤਾ[94] ਇਸ ਵਿਚ ਵਸਦੀ[93] ਹੈ ।"

ਗਉੜੀ ਕਬੀਰ ਜੀ ॥
ਕਤ ਨਹੀ ਠਉਰ[94]* ਮੂਲੁ[95]
ਕਤ[96] ਲਾਵਉ[97] ॥

ਖੋਜਤ[98] ਤਨ[99] ਮਹਿ
ਠਉਰ ਨ ਪਾਵਉ[100] ॥੧॥
ਲਾਗੀ[2] ਹੋਇ ਸੁ[3] ਜਾਨੈ
ਪੀਰ[4] ॥ ਰਾਮ ਭਗਤਿ[5]
ਅਨੀਆਲੇ[6] ਤੀਰ[7] ॥੧॥
ਰਹਾਉ ॥
ਏਕ ਭਾਇ[8] ਦੇਖਉ[9] ਸਭ
ਨਾਰੀ[10] ॥ ਕਿਆ ਜਾਨਉ
ਸਹ[12] ਕਉਨ ਪਿਆਰੀ[13]
॥੨॥
ਕਹੁ ਕਬੀਰ ਜਾਕੈ ਮਸਤਕਿ[14]
ਭਾਗੁ[15] ॥ ਸਭ ਪਰਹਰਿ[16]
ਤਾਕਉ ਮਿਲੈ ਸੁਹਾਗੁ[17] ॥
੩॥੨੧॥

Gauri Kabir Ji.
There is no special place[94]*, where the soul aches. Where[96] should I apply[97] the medicine[95] ?

I have searched[98] my body[99], but have found[100] no such place.
He[3], who feels[2] pain[4], knows it. Pointed[6]are the arrows[7]of the devotional service[5] of the Lord. Pause.

I look[9] upon all the women[10] (persons) with the like eye[8]. What do I know, who is dear[13] to the Bridegroom[12] (God).
Says Kabir, forsaking[16] all, the Husband[17] meets her, on whose forehead[14] such destiny[15] is recorded.

ਗਉੜੀ ਕਬੀਰ ਜੀ ।
ਕੋਈ ਖ਼ਾਸ ਥਾਂ[94]* ਨਹੀਂ ਜਿਥੇ ਕਿ ਆਤਮਾ ਨੂੰ ਪੀੜ ਹੁੰਦੀ ਹੈ । ਮੈਂ ਦਵਾਈ[95] ਕਿੱਥੇ[96] ਲਾਵਾਂ[97] ?

ਮੈਂ ਆਪਣੀ ਦੇਹਿ[99] ਦੀ ਢੂੰਡ ਭਾਲ[98] ਕਰ ਲਈ ਹੈ, ਪਰ ਮੈਨੂੰ ਕੋਈ ਐਸੀ ਥਾਂ ਨਹੀਂ ਮਿਲੀ[100] ।
ਜਿਸ ਨੂੰ ਪੀੜ[4] ਲੱਗੀ[2] ਹੈ, ਓਹੀ[3] ਇਸ ਨੂੰ ਜਾਣਦਾ ਹੈ । ਤਿੱਖੇ[6] ਹਨ ਬਾਣ[7], ਸੁਆਮੀ ਦੀ ਪ੍ਰੇਮ-ਮਈ ਸੇਵਾ[5] ਦੇ । ਠਹਿਰਾਉ ।

ਮੈਂ ਸਾਰੀਆਂ ਜ਼ਨਾਨੀਆਂ[10] (ਮਨੁੱਖਾਂ) ਨੂੰ ਇਕੋ ਜਿਹੀ ਨਜ਼ਰ[8] ਨਾਲ ਵੇਖਦਾ[9] ਹਾਂ । ਮੈਂ ਕੀ ਜਾਣਦਾ ਹਾਂ ਕਿ ਕੰਤ[12] (ਪਰਮਾਤਮਾ) ਦੀ ਕਿਹੜੀ ਲਾਡਲੀ[13] ਹੈ ?

ਕਬੀਰ ਜੀ ਆਖਦੇ ਹਨ, ਸਾਰੀਆਂ ਨੂੰ ਛੱਡ ਕੇ[16] ਪਤੀ[17] ਉਸ ਨੂੰ ਮਿਲਦਾ ਹੈ, ਜਿਸ ਦੇ ਮੱਥੇ[14] ਉਤੇ ਐਸੀ ਕਿਸਮਤ[15] ਲਿਖੀ ਹੋਈ ਹੈ ।

੩੨੮

ਗਉੜੀ ਕਬੀਰ ਜੀ ॥
ਜਾਕੈ ਹਰਿ ਸਾ[18] ਠਾਕੁਰੁ[20]
ਭਾਈ ॥ ਮੁਕਤਿ[21] ਅਨੰਤ[22]
ਪੁਕਾਰਣਿ[23] ਜਾਈ ॥੧॥
ਅਬ[24] ਕਹੁ[25]ਰਾਮ ਭਰੋਸਾ[26]
ਤੋਰਾ[31] ॥ ਤਬ[27] ਕਾਹੂ[28]
ਕਾ ਕਵਨੁ[29] ਨਿਹੋਰਾ[30] ॥
੧॥ ਰਹਾਉ ॥
ਤੀਨਿ ਲੋਕ[32] ਜਾਕੈ ਹਹਿ
ਭਾਰ[33] ॥ ਸੋ ਕਾਹੇ[34] ਨ ਕਰੈ
ਪ੍ਰਤਿਪਾਰ[35] ॥੨॥
ਕਹੁ ਕਬੀਰ ਇਕ ਬੁਧਿ[36]
ਬੀਚਾਰੀ[37] ॥ ਕਿਆ ਬਸੁ
ਜਉ[39] ਬਿਖੁ[40] ਦੇ
ਮਹਤਾਰੀ[42] ॥੩॥੨੨॥

328

Gauri Kabir Ji.
He who has such a Master[20] as[18] God, O brother, countless[22] salvations[21] knock[23] at his door.
Say[25] now[24] that my trust[26] is in Thee[31], O Lord, then[27] what[29] obligation[30] am I under to anyone else[28] ? Pause.
Why[34] should the Lord, who bears the burden[33] of three worlds[32], not cherish[35] me.
Says Kabir, I have obtained one piece of knowledge[36] by reflection[37].
If[39] the mother[42] poisons[40] her own child, what can we do then ?

੩੨੮

ਗਉੜੀ ਕਬੀਰ ਜੀ ।
ਜਿਸ ਦਾ ਮਾਲਕ[20], ਵਾਹਿਗੁਰੂ ਵਰਗਾ[18] ਹੈ, ਹੇ ਵੀਰ ! ਬਿਅੰਤ[22] ਮੁਕਤੀਆਂ[21] ਉਸ ਦੇ ਦਰ ਤੇ ਹਾਕਾਂ ਮਾਰਦੀਆਂ[23] ਹਨ ।
ਦੱਸੋ[25] ! ਹੁਣ[24] ਜਦ ਮੇਰਾ ਯਕੀਨ[26] ਤੇਰੇ[31] ਉਤੇ ਹੀ ਹੈ, ਹੇ ਸਾਹਿਬ ! ਤਦ[27], ਮੈਨੂੰ ਕਿਸੇ ਹੋਰ[28] ਦੀ ਕੀ[29] ਮੁਹੰਦਗੀ[30] ਹੈ ? ਠਹਿਰਾਉ ।

ਸੁਆਮੀ ਜੋ ਤਿੰਨਾਂ ਜਹਾਨਾਂ[32] ਦਾ ਬੋਝ[33] ਬਰਦਾਸ਼ਤ ਕਰ ਰਿਹਾ ਹੈ, ਮੇਰੀ ਕਿਉਂ[34] ਪ੍ਰਤਿਪਾਲਣਾ[35] ਨਾ ਕਰੇਗਾ ?

ਕਬੀਰ ਜੀ ਆਖਦੇ ਹਨ,ਸੋਚ ਵਿਚਾਰ[37] ਦੁਆਰਾ ਮੈਂ ਇਕ ਗਿਆਤ[36] ਪ੍ਰਾਪਤ ਕੀਤੀ ਹੈ, ਜੇਕਰ[39] ਮਾਂ[42] ਆਪਣੇ ਬੱਚੇ ਨੂੰ ਹੀ ਜ਼ਹਿਰ[40] ਦੇਵੇ ਤਾਂ ਅਸੀਂ ਕੀ ਕਰ ਸਕਦੇ ਹਾਂ ?

ਗਉੜੀ ਕਬੀਰ ਜੀ ।
ਪਵਿਤ੍ਰਤਾ[44] ਦੇ ਬਾਝੋਂ[43], ਪਤਨੀ[46] ਪਤਿਬ੍ਰਤਾ[45] ਕਿਸ

ਕੈਸੇ[49] ਨਾਰਿ[46] ॥ ਪੰਡਿਤ ਦੇਖਹੁ ਰਿਦੈ[47] ਬੀਚਾਰਿ[48] ॥ ੧॥

women[46] be faithful[48] to her husband? O Pandit, see and reflect[48] over this in thy mind[47].

ਤਰ੍ਹਾਂ[42] ਹੋ ਸਕਦੀ ਹੈ ? ਹੇ ਪੰਡਤ ਵੇਖ ਅਤੇ ਇਸ ਨੂੰ ਆਪਣੇ ਚਿੱਤ[47] ਅੰਦਰ ਸੋਚ ਸਮਝ[48] ।

ਪ੍ਰੀਤਿ[50] ਬਿਨਾ[53] ਕੈਸੇ ਬਧੈ[51] ਸਨੇਹੁ[52] ॥

If the bride has no[53] love[50] for her husband, how can husband's love[52] for her increase[51] ?

ਜੇ ਪਤਨੀ ਦਾ ਪਤੀ ਨਾਲ ਪਿਆਰ[50] ਨਹੀਂ[53] ਤਾਂ ਪਤੀ ਦਾ ਉਸ ਲਈ ਪਿਆਰ[52] ਕਿਸ ਤਰ੍ਹਾਂ ਵਧ[51] ਸਕਦਾ ਹੈ ?

ਜਬ[54] ਲਗੁ ਰਸੁ[55] ਤਬ ਲਗੁ[56] ਨਹੀ ਨੇਹੁ[57] ॥੧॥ ਰਹਾਉ ॥

As long as[54] there is worldly attachment[55], so long[56] there cannot be Divine[57] love. Pause.

ਜਦ ਤਾਂਈ[54] ਸੰਸਾਰੀ ਲਗਨ[55] ਹੈ, ਤਦ[56] ਤਾਂਈ ਈਸ਼ਵਰੀ[57] ਪ੍ਰੀਤ ਨਹੀਂ ਹੋ ਸਕਦੀ । ਠਹਿਰਾਉ ।

ਸਾਹਨਿ[58] ਸਤੁ[59] ਕਰੈ[60] ਜੀਅ[61] ਅਪਨੈ ॥ ਸੋ[62] ਰਮਯੇ[63] ਕਉ ਮਿਲੈ ਨ ਸੁਪਨੈ[64] ॥੨॥

He[62], who in his mind[61] deems[60] mammon[58] as true[59], meets not the Pervading Lord[63], even in his dream[64].

ਜੋ ਆਪਣੇ ਚਿਤ[61] ਵਿਚ ਮਾਇਆ[58] ਨੂੰ ਸੱਚੀ[59] ਸਮਝਦਾ[60] ਹੈ, ਉਹ[62] ਵਿਆਪਕ ਸੁਆਮੀ[63] ਨੂੰ ਆਪਣੇ ਸੁਪਨੇ[64] ਵਿਚ ਭੀ ਨਹੀਂ ਮਿਲਦਾ ।

ਤਨੁ[65] ਮਨੁ[66] ਧਨੁ[67] ਗ੍ਰਿਹੁ[68] ਸਉਪਿ[69] ਸਰੀਰੁ[70] ॥ ਸੋਈ[71] ਸੁਹਾਗਨਿ[72] ਕਹੈ[73] ਕਬੀਰੁ ॥੩॥੨੩॥

Kabir calls[73] her[71] the true bride[72], who surrenders[69] her body[65], soul[66], wealth[67], home[68] and self[70] to her Master.

ਕਬੀਰ ਉਸ[71] ਨੂੰ ਸੱਚੀ ਵਹੁਟੀ[72] ਆਖਦਾ[73] ਹੈ, ਜੋ ਆਪਣੀ ਦੇਹਿ[65], ਆਤਮਾ[66], ਦੌਲਤ[67] ਘਰ[68] ਅਤੇ ਆਪਣਾ ਆਪ[70] ਆਪਣੇ ਮਾਲਕ ਦੇ ਸਮਰਪਣ[69] ਕਰਦੀ ਹੈ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਬਿਖਿਆ[74] ਬਿਆਪਿਆ[75] ਸਗਲ ਸੰਸਾਰੁ ॥

The whole world is engrossed[75] in deadly sins[74].

ਸਾਰਾ ਜਗ ਪ੍ਰਾਣਨਾਸਕ ਪਾਪਾਂ[74] ਅੰਦਰ ਗਲਤਾਨ[75] ਹੈ ।

ਬਿਖਿਆ[78] ਲੈ ਡੂਬੀ[76] ਪਰਵਾਰੁ[77] ॥੧॥

The sins[78] have drowned[76] families[77] upon families.

ਪਾਪਾਂ ਨੇ[78] ਟੱਬਰਾਂ[77] ਦੇ ਟੱਬਰ ਡੋਬ[76] ਛੱਡੇ ਹਨ ।

ਰੇ[79] ਨਰ[80] ਨਾਵ[81] ਚਉੜਿ[82] ਕਤ[83] ਬੋੜੀ[84] ॥ ਹਰਿ ਸਿਉ[85] ਤੋੜਿ[86] ਬਿਖਿਆ[87] ਸੰਗਿ[88] ਜੋੜੀ[89] ॥ ੧ ॥ ਰਹਾਉ ॥

O[79] man[80], where[83] hast thou wrecked[82] and sunk[84] thy boat[81] ? Having broken[86] with[85] God, thou has joined[89] hands with[88] the sins[87]. Pause.

ਹੇ[79] ਬੰਦੇ[80] ! ਤੂੰ ਆਪਣੀ ਬੇੜੀ[81] ਕਿੱਥੇ[83] ਤਬਾਹ[82] ਅਤੇ ਗ਼ਰਕ[84] ਕਰ ਛੱਡੀ ਹੈ ? ਰੱਬ ਨਾਲੋਂ[85] ਤੋੜ ਵਿਛੋੜੀ[86] ਕਰਕੇ ਤੂੰ ਗੁਨਾਹਾਂ[87] ਨਾਲ[88] ਗੰਢ[89] ਜੋੜ ਕਰ ਲਿਆ ਹੈ । ਠਹਿਰਾਉ !

ਸੁਰਿ[90] ਨਰ[91] ਦਾਧੇ[92] ਲਾਗੀ[93] ਆਗਿ[94] ॥

The fire[94] is raging[93] and the demi-gods[90] and men[91] are burning[92] therein.

ਅੱਗ[94] ਲਗੀ[93] ਹੋਈ ਹੈ ਅਤੇ ਦੇਵਤੇ[90] ਤੇ ਇਨਸਾਨ[91] ਉਸ ਅੰਦਰ ਸੜ[92] ਰਹੇ ਹਨ ।

ਨਿਕਟਿ[95] ਨੀਰੁ[96] ਪਸੁ[97] ਪੀਵਸਿ[98] ਨ ਝਾਗਿ[99] ॥੨॥

The water[96] of Lord's Name is near[95]. By removing the scum[99] of evil passion, the beast[97] drinks[98] it not.

ਸਾਈਂ ਦੇ ਨਾਮ ਦਾ ਪਾਣੀ[96] ਨੇੜੇ[95] ਹੀ ਹੈ । ਮੰਦ ਵੇਗਾਂ ਦੀ ਝੱਗ[99] ਨੂੰ ਪਰੇ ਹਟਾ ਕੇ, ਡੰਗਰ[97] ਇਸ ਨੂੰ ਪਾਨ ਨਹੀਂ[98] ਕਰਦਾ ।

ਚੇਤਤ ਚੇਤਤ[100] ਨਿਕਸਿਓ[2] ਨੀਰੁ ॥

Through continuous meditation[100], the water of Lord's Name issues[2] forth.

ਲਗਾਤਾਰ ਸਿਮਰਨ[100] ਕਰਨ ਰਾਹੀਂ ਸੁਆਮੀ ਦੇ ਨਾਮ ਦਾ ਪਾਣੀ ਨਿਕਲ[2] ਆਉਂਦਾ ਹੈ ।

ਸੋ[3] ਜਲੁ[4] ਨਿਰਮਲੁ[5] ਕਥਤ[6] ਕਬੀਰੁ ॥੩॥੨੪॥

Immaculate[5] is that[3] water[4], says[6] Kabir.

ਪਵਿੱਤ੍ਰ[5] ਹੈ ਉਹ[3] ਪਾਣੀ[4], ਕਬੀਰ ਜੀ ਫ਼ਰਮਾਉਂਦੇ[6] ਹਨ ।

ਗਉੜੀ ਕਬੀਰ ਜੀ ॥

Gauri Kabir Ji

ਗਉੜੀ ਕਬੀਰ ਜੀ ।

ਜਿਹ ਕੁਲਿ[8] ਪੂਤੁ ਨ ਗਿਆਨ[9] ਬੀਚਾਰੀ[10] ॥ ਬਿਧਵਾ[12] ਕਸ[13] ਨ ਭਈ ਮਹਤਾਰੀ[14] ॥੧॥

Why[13] did not the mother[14] of the family[8] become a widow[12], whose son has no Divine knowledge[9] and who reflects[10] not on the Lord.

ਉਸ ਖ਼ਾਨਦਾਨ[8] ਦੀ ਮਾਤਾ[14] ਰੰਡੀ[12] ਕਿਉਂ[13] ਨਾ ਹੋ ਗਈ, ਜਿਸ ਦੇ ਪੁਤ੍ਰ ਨੂੰ ਬ੍ਰਹਿਮ-ਬੋਧ[9] ਨਹੀਂ ਅਤੇ ਜੋ ਸਾਈਂ ਦੇ ਨਾਮ ਦਾ ਸਿਮਰਨ[10] ਨਹੀਂ ਕਰਦਾ ।

ਜਿਹ ਨਰ[15] ਰਾਮ[16] ਭਗਤਿ[17] ਨਹਿ ਸਾਧੀ[18] ॥ ਜਨਮਤ[19] ਕਸ[20] ਨ ਮੁਓ ਅਪਰਾਧੀ[21] ॥ ੧ ॥ ਰਹਾਉ ॥

He,who has not performed[18] Lord's[16] service[17] why[20] did such a wicked[21] man[15] not die at his very[19] birth ? Pause.

ਐਸੇ ਗੁਨਾਹਗਾਰ[21] ਬੰਦੇ[15] ਨੇ ਜਿਸ ਨੇ ਸਾਹਿਬ[16] ਦੀ ਸੇਵਾ[17] ਨਹੀਂ ਕਮਾਈ[18], ਉਹ ਜੰਮਦੇ ਸਾਰ[19] ਹੀ ਕਿਉਂ[20] ਨਾ ਮਰ ਗਿਆ ? ਠਹਿਰਾਉ ।

ਮੁਚੁ ਮੁਚੁ[22] ਗਰਭ[23] ਗਏ ਕੀਨ[24] ਬਚਿਆ[25] ॥ ਬੁਡ ਭੁਜ[26] ਰੂਪ[27] ਜੀਵੇ ਜਗ[28] ਮਝਿਆ[29] ॥੨॥

Pregnancies[23] are many times miscarried[22], why[24] has he escaped[25]? The hideously[26] looking person[27] is leading ignoble life in[29] this world[28].

ਹਮਲ[23] ਬਹੁਤੀ ਵਾਰੀ ਗਿਰ[22] ਜਾਂਦੇ ਹਨ, ਉਹ ਕਿਉਂ[24] ਬਚ[25] ਗਿਆ ਹੈ । ਡਰਾਉਣੀ[26] ਸ਼ਕਲ ਵਾਲਾ ਪੁਰਸ਼[27] ਜਗਤ[28] ਵਿਚ[29] ਨੀਚ ਜੀਵਨ ਬਤੀਤ ਕਰ ਰਿਹਾ ਹੈ ।

ਕਹੁ[37] ਕਬੀਰ ਜੈਸੇ[30] ਸੁੰਦਰ[31] ਸਰੂਪ[32] ॥ ਨਾਮ ਬਿਨਾ[33] ਜੈਸੇ[34] ਕੁਬਜ[35] ਕੁਰੂਪ[36] ॥੩॥੨੫॥

Says[37] Kabir, without[33] God's Name, as[30] are the beautifully[31] shaped[32] persons, so[34] are the ugly[36] hunch-backed[35] ones.

ਕਬੀਰ ਜੀ ਆਖਦੇ[37] ਹਨ, ਵਾਹਿਗੁਰੂ ਦੇ ਨਾਮ ਦੇ ਬਗੈਰ[33] ਜਿਹੋ[30] ਜਿਹੇ ਸੁਹਣੇ[31] ਨਕਸ਼ਾਂ[32] ਵਾਲੇ ਪੁਰਸ਼ ਹਨ, ਉਹੋ ਜਿਹੇ[34] ਹੀ ਹਨ ਕੋਝੇ[36] ਤੇ ਕੁੱਬੇ[35] ਪ੍ਰਾਣੀ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਜੋ ਜਨ[38] ਲੇਹਿ[39] ਖਸਮ[40] ਕਾ ਨਾਉ ॥ ਤਿਨ ਕੈ ਸਦ ਬਲਿਹਾਰੈ[41] ਜਾਉ ॥੧॥

I am ever a sacrifice[41] unto the men[38], who take[39] the Master's[40] Name.

ਮੈਂ ਹਮੇਸ਼ਾ ਉਨ੍ਹਾਂ ਮਨੁੱਖਾਂ[38] ਤੋਂ ਕੁਰਬਾਨ[41] ਜਾਂਦਾ ਹਾਂ, ਜੋ ਆਪਣੇ ਮਾਲਕ[40] ਦਾ ਨਾਮ ਲੈਂਦੇ[39] ਹਨ ।

ਸੋ[43] ਨਿਰਮਲੁ[42] ਨਿਰਮਲ ਹਰਿ ਗੁਨ[44] ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ[45] ॥ ੧॥ਰਹਾਉ॥

He[43] is pure[42], who sings the pure praise[44] of God. He is my brother and dear[45] to my heart. Pause.

ਉਹ[43] ਪਵਿੱਤ੍ਰ[42] ਹੈ ਜੋ ਵਾਹਿਗੁਰੂ ਦਾ ਪਵਿੱਤ੍ਰ ਜੱਸ[44] ਗਾਇਨ ਕਰਦਾ ਹੈ । ਉਹ ਮੇਰਾ ਵੀਰ ਹੈ ਅਤੇ ਮੇਰੇ ਦਿਲ ਨੂੰ ਪਿਆਰਾ[45] ਲਗਦਾ ਹੈ । ਠਹਿਰਾਉ ।

ਜਿਹ ਘਟ[46] ਰਾਮੁ[47] ਰਹਿਆ ਭਰਪੂਰਿ[48] ॥ ਤਿਨ[49] ਕੀ ਪਗ[50] ਪੰਕਜ[51] ਹਮ ਧੂਰਿ[52] ॥੨॥

I am the dust[52] of the lotus[51] feet[50] of those[49], whose hearts[46] are filled[48] with the Pervading God[47].

ਮੈਂ ਉਨ੍ਹਾਂ[49] ਦੇ ਕੰਵਲ[51] ਰੂਪੀ ਚਰਨਾਂ[50] ਦੀ ਧੂੜ[52] ਹਾਂ, ਜਿਨ੍ਹਾਂ ਦੇ ਦਿਲ[46] ਵਿਆਪਕ ਵਾਹਿਗੁਰੂ[47] ਨਾਲ ਪਰੀਪੂਰਨ[48] ਹਨ ।

ਜਾਤਿ[53] ਜੁਲਾਹਾ[54] ਮਤਿ[55] ਕਾ ਧੀਰੁ[56] ॥
ਸਹਜਿ ਸਹਜਿ[57] ਗੁਣ[58] ਰਮੈ[59] ਕਬੀਰੁ ॥੩॥੨੬॥

I am a weaver[54] by caste[53] and patient[56] by nature[55].
Slowly and steadily[57] Kabir utters[59] the Lord's excellences[58].

ਮੈਂ ਜਾਤੀ[53] ਤੋਂ ਕਪੜੇ ਉਣਨ[54] ਵਾਲਾ ਹਾਂ ਅਤੇ ਸੁਭਾਵ[55] ਤੋਂ ਧੀਰਜਵਾਨ[56] ਹਾਂ।
ਕਬੀਰ ਧੀਰੇ ਧੀਰੇ[57] ਸਾਹਿਬ ਦੀਆਂ ਵਡਿਆਈਆਂ[58] ਉਚਾਰਨ[59] ਕਰਦਾ ਹੈ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ।

ਗਗਨਿ[60] ਰਸਾਲ[61] ਚੁਐ[62] ਮੇਰੀ[63] ਭਾਠੀ[64] ॥

The tenth-gate[60], the home[62] of beatitude[61], is my furnace[64], from which the wine is trickling[63] down.

ਦਸਮ ਦੁਆਰ[60] ਪਰਮ ਅਨੰਦ[61] ਦਾ ਘਰ[62]—ਮੇਰੀ ਭੱਠੀ[64] ਹੈ, ਜਿਸ ਵਿਚੋਂ ਸ਼ਰਾਬ ਟਪਕ[63] ਰਹੀ ਹੈ।

ਸੰਚਿ[65] [66]ਮਹਾਰਸੁ[67] ਤਨੁ[68] ਭਇਆ[69] ਕਾਠੀ[70] ॥੧॥

Making[69] my body[68] into fire-wood[70], I have amassed[65] the supreme[66] wine[67] of Lord's Name.

ਆਪਣੇ ਸਰੀਰ[68] ਨੂੰ ਬਾਲਣ[70] ਬਣਾ[69] ਕੇ ਮੈਂ ਸੁਆਮੀ ਦੇ ਨਾਮ ਦੀ ਪਰਮ[66] ਸ਼ਰਾਬ[67] ਨੂੰ ਇਕੱਤ੍ਰ[65] ਕੀਤਾ ਹੈ।

ਉਆ[71] ਕਉ ਕਹੀਐ[72] ਸਹਜ[73] ਮਤਵਾਰਾ[74] ॥
ਪੀਵਤ[75] ਰਾਮ[76] ਰਸੁ[77] ਗਿਆਨ[78] ਬੀਚਾਰਾ[79] ॥ ੧॥ਰਹਾਉ॥

He alone is called[72] the real[73] drunkard[74], who drinks[75] the wine[77] of Lord's[76] Name and reflects over[79] Divine knowledge[78]. Pause.

ਕੇਵਲ ਓਹੀ[71] ਅਸਲੀ[73] ਸ਼ਰਾਬੀ[74] ਆਖਿਆ[72] ਜਾਂਦਾ ਹੈ, ਜੋ ਸੁਆਮੀ[76] ਦੇ ਨਾਮ ਦੀ ਸ਼ਰਾਬ[77] ਪੀਂਦਾ[75] ਹੈ ਅਤੇ ਬ੍ਰਹਿਮ-ਗਿਆਤ[78] ਦਾ ਧਿਆਨ ਧਾਰਦਾ[79] ਹੈ। ਠਹਿਰਾਉ।

ਸਹਜ[80] ਕਲਾਲਨਿ[81] ਜਉ[82] ਮਿਲਿ[83] ਆਈ[84] ॥
ਆਨੰਦਿ[85] ਮਾਤੇ[86] ਅਨ[87]-ਦਿਨੁ ਜਾਈ[88] ॥੨॥

Now when[82] the bar-woman[81] of Divine knowledge[80] has come[84] and served[83] me with the wine of Lord's Name, my night[87] and day are passing[88] intoxicated[86] with bliss[85].

ਹੁਣ ਜਦ[82] ਗਿਆਨ[80] ਦੀ ਕਲਾਲੀ[81] ਨੇ ਸਾਈਂ ਦੇ ਨਾਮ ਦੀ ਸ਼ਰਾਬ ਮੈਨੂੰ ਆ[84] ਕੇ ਦਿੱਤੀ[83] ਹੈ, ਮੇਰੇ ਰੈਣ[87] ਤੇ ਦਿਨ ਖ਼ੁਸ਼ੀ[85] ਅੰਦਰ ਮਸਤ[86] ਬੀਤ[88] ਰਹੇ ਹਨ।

ਚੀਨਤ[89]ਚੀਤੁ[90] ਨਿਰੰਜਨ[91] ਲਾਇਆ[92] ॥ ਕਹੁ[93] ਕਬੀਰ ਤੇ[94] ਅਨਭਉ[95] ਪਾਇਆ[96] ॥੩॥੨੭॥

When, by meditation[89] I attached[92] my mind[90] with the Pure One[91], says[93] Kabir, then[94] did I obtain[96] the Fearless[95] Lord.

ਜਦ ਸਿਮਰਨ[89] ਦੁਆਰਾ ਮੈਂ ਆਪਣਾ ਮਨ[90] ਪਵਿੱਤ੍ਰ ਪੁਰਖ[91] ਨਾਲ ਜੋੜ[92] ਲਿਆ, ਕਬੀਰ ਆਖਦਾ[93] ਹੈ, ਤਦ[94] ਮੈਂ ਨਿਡੱਰ[95] ਪ੍ਰਭੂ ਨੂੰ ਪਰਾਪਤ[96] ਹੋ ਗਿਆ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ।

ਮਨ[99] ਕਾ ਸੁਭਾਉ[97] ਮਨਹਿ[98] ਬਿਆਪੀ[100] ॥

The mind's[99] nature[97] is to pursue[100] the mind[98] and to chasten it.

ਮਨੂਏ[99] ਦੀ ਖ਼ਸਲਤ[97] ਹੈ, ਮਨੂਏ[98] ਦੇ ਪਿਛੇ[100] ਪੈਣਾ ਅਤੇ ਇਸ ਦਾ ਸੁਧਾਰ ਕਰਨਾ।

੩੨੯

329

੩੨੯

ਮਨਹਿ ਮਾਰਿ ਕਵਨ[2] ਸਿਧਿ[3] ਥਾਪੀ[4] ॥੧॥
ਕਵਨੁ ਸੁ[4*] ਮੁਨਿ[5] ਜੋ[6] ਮਨੁ ਮਾਰੈ[7] ॥
ਮਨ ਕਉ ਮਾਰਿ ਕਹਹੁ[8] ਕਿਸੁ[9]ਤਾਰੈ[10] ॥੧॥ਰਹਾਉ॥

Who[2] has become[4] a perfect[3] person, by killing his mind ?
Who is that[4*] silent sage[5], who[6] has killed[7] his mind ?
By killing the mind, say[8], whom else[9] shall he get emancipated[10]. Pause.

ਆਪਣੇ ਮਨੂਏ ਨੂੰ ਮਾਰ ਕੇ ਕੌਣ[2] ਪੂਰਨ[3] ਪੁਰਸ਼ ਬਣਿਆ[4] ਹੈ ?
ਉਹ[4*] ਕਿਹੜਾ ਚੁੱਪ ਕੀਤਾ ਰਿਸ਼ੀ[5] ਹੈ, ਜਿਸ[6] ਨੇ ਆਪਣੇ ਮਨੂਏ ਦਾ ਅਭਾਵ[7] ਕਰ ਦਿਤਾ ਹੈ ?
ਮਨੂਏ ਨੂੰ ਤਬਾਹ ਕਰਕੇ, ਦੱਸੋ[8] ਉਹ ਹੋਰ ਕੀਹਦਾ[9] ਪਾਰ ਉਤਾਰਾ[10] ਕਰਾਏਗਾ ? ਠਹਿਰਾਉ।

ਮਨ ਅੰਤਰਿ[12] ਬੋਲੈ[13] ਸਭੁ[14] ਕੋਈ ॥
ਮਨ ਮਾਰੇ[15]ਬਿਨੁ[18]ਭਗਤਿ[16] ਨ ਹੋਈ[17] ॥੨॥

It is through[12] the mind that everyone[14] speaks[13].
Without[18] killing[15] the (evil of) mind, Lord's devotional service[16] is not performed[17].

ਮਨੂਏ ਦੇ ਰਾਹੀਂ[12] ਹੀ ਹਰ ਕੋਈ[14] ਬੋਲਦਾ[13] ਹੈ।
ਮਨੂਏ ਦੀ ਬਦੀ ਤਬਾਹ[15] ਕੀਤੇ ਬਗ਼ੈਰ[18] ਸੁਆਮੀ ਦੀ ਪ੍ਰੇਮ-ਮਈ ਸੇਵਾ[16] ਨਹੀਂ ਹੁੰਦੀ[17]।

ਕਹੁ ਕਬੀਰ ਜੋ ਜਾਨੈ[19] ਭੇਉ[20] ॥ ਮਨੁ ਮਧੁਸੂਦਨੁ[21] [22]ਤ੍ਰਿਭਵਣ[23] ਦੇਉ[24] ॥੩॥ ੨੮॥

Says Kabir, he, who understands[19] this secret[20], within his mind sees God[21], the Lord[24] of three[22] worlds[23].

ਕਬੀਰ ਜੀ ਆਖਦੇ ਹਨ, ਜੋ ਇਸ ਭੇਤ[20] ਨੂੰ ਸਮਝਦਾ[19] ਹੈ, ਉਹ ਆਪਣੇ ਮਨੂਏ ਅੰਦਰ ਹੀ ਤਿੰਨਾਂ[22] ਜਹਾਨਾਂ[23] ਦੇ ਸੁਆਮੀ[24] ਵਾਹਿਗੁਰੂ[21] ਨੂੰ ਵੇਖ ਲੈਂਦਾ ਹੈ।

ਗਉੜੀ ਕਬੀਰ ਜੀ ॥
ਓਇ ਜੁ ਦੀਸਹਿ[26]ਅੰਬਰਿ[27] ਤਾਰੇ[28] ॥ ਕਿਨਿ[31] ਓਇ[25] ਚੀਤੇ[29] ਚੀਤਨਹਾਰੇ[30] ॥੧॥
ਕਹੁ[33] ਰੇ[32] ਪੰਡਿਤ ਅੰਬਰੁ [34]ਕਾਸਿਉ[35] ਲਾਗਾ[36] ॥
ਬੂਝੈ ਬੂਝਨਹਾਰੁ[37] [38]ਸਭਾਗਾ[39] ॥੧॥ਰਹਾਉ॥
ਸੂਰਜ[40] ਚੰਦੁ[41] ਕਰਹਿ[42] ਉਜੀਆਰਾ[43] ॥
ਸਭ[44] ਮਹਿ[45] ਪਸਰਿਆ ਬ੍ਰਹਮ ਪਸਾਰਾ[46] ॥੨॥
ਕਹੁ ਕਬੀਰ ਜਾਨੈਗਾ[47] ਸੋਇ[48] ॥ ਹਿਰਦੈ[49] ਰਾਮੁ[50] ਮੁਖਿ[51]ਰਾਮੈ ਹੋਇ॥੩॥੨੯॥

Gauri Kabir Ji.

Those[25] stars[28] which are seen[26] in the sky[27], who[31] is the painter[30], who has painted[29] them ?
Say[33], O[32] Pandit, to[35] what[34] is the sky attached[36] ?
Very[38] fortunate[39] is the knower[37], who knows this. Pause.
The sun[40] and the moon[41] diffuse[42] light[43].
In[45] everything[44], the Lord's extension[46] is prevailing.
Says Kabir, he[48] alone shall know[47] this, in whose heart[49] is the Lord[50] and in whose mouth[51] too, is the Lord.

ਗਉੜੀ ਕਬੀਰ ਜੀ।
ਉਹ ਕਿਹੜਾ[31] ਚਿੱਤਰਕਾਰ[30] ਹੈ, ਜਿਸ ਨੇ ਅਸਮਾਨ[27] ਵਿਚ ਨਜ਼ਰੀਂ[26] ਪੈਣ ਵਾਲੇ ਉਹ[25] ਨਛੱਤ੍ਰ[28] ਚਿਤਰੇ[29] ਹਨ ?
ਦੱਸ[33] ਹੇ[32] ਪੰਡਿਤ ! ਅਸਮਾਨ ਕਾਹਦੇ[34] ਨਾਲ[35] ਜੁੜਿਆ[36] ਹੋਇਆ ਹੈ।
ਵੱਡੇ[38] ਭਾਗਾਂ ਵਾਲਾ[39] ਹੈ ਉਹ ਜਾਨਣ ਵਾਲਾ[37] ਜੋ ਇਸ ਨੂੰ ਜਾਣਦਾ ਹੈ। ਠਹਿਰਾਉ।
ਸੂਰਜ[40] ਅਤੇ ਚੰਦ੍ਰਮਾ[41] ਚਾਨਣ[43] ਕਰਦੇ[42] ਹਨ।
ਹਰ ਸ਼ੈ[44] ਅੰਦਰ[45] ਪ੍ਰਭੂ ਦਾ ਹੀ ਪਸਾਰਾ[46] ਫੈਲਿਆ ਹੋਇਆ ਹੈ।
ਕਬੀਰ ਜੀ ਆਖਦੇ ਹਨ, ਕੇਵਲ ਓਹੀ[48] ਇਸ ਨੂੰ ਸਮਝੇਗਾ[47] ਜਿਸ ਦੇ ਦਿਲ[49] ਵਿਚ ਪ੍ਰਭੂ[50] ਹੈ ਅਤੇ ਜਿਸ ਦੇ ਮੂੰਹ[51] ਵਿਚ ਭੀ ਪ੍ਰਭੂ ਹੈ।

ਗਉੜੀ ਕਬੀਰ ਜੀ ॥
ਬੇਦ ਕੀ ਪੁਤ੍ਰੀ[52] ਸਿੰਮ੍ਰਿਤਿ ਭਾਈ[53] ॥
ਸਾਂਕਲ[54] ਜੇਵਰੀ[55] ਲੈ ਹੈ ਆਈ॥੧॥
ਆਪਨ[56] ਨਗਰੁ[57] ਆਪ[58] ਤੇ ਬਾਧਿਆ[59] ॥
ਮੋਹ[60] ਕੈ ਫਾਧਿ[61] ਕਾਲ[62]

Gauri Kabir Ji.

The Simriti is the daughter[52] of the Vedas, O brother[53].
She has brought a chain[54] and a rope[55] for the men.
Of herself[58], she has imprisoned[59] them in her own[56] city[57].
She has spread the noose[61] of

ਗਉੜੀ ਕਬੀਰ ਜੀ।
ਸਿੰਮ੍ਰਿਤੀ, ਵੇਦਾਂ ਦੀ ਲੜਕੀ[52] ਹੈ, ਹੇ ਵੀਰ[53] !
ਉਹ ਆਦਮੀਆਂ ਲਈ ਜ਼ੰਜੀਰ[54] ਤੇ ਰੱਸਾ[55] ਲੈ ਕੇ ਆਈ ਹੈ।
ਉਸ ਨੇ ਖ਼ੁਦ[58] ਉਨ੍ਹਾਂ ਨੂੰ ਆਪਣੇ[56] ਸ਼ਹਿਰ[57] ਵਿਚ ਕੈਦ ਕਰ ਲਿਆ[59] ਹੈ।
ਉਸ ਨੇ ਸੰਸਾਰੀ ਮਮਤਾ[60] ਦੀ ਫਾਹੀ[61] ਲਾਈ ਹੈ, ਅਤੇ

ਸਰੁ[63] ਸਾਂਧਿਆ[64] ॥ ੧ ॥ ਰਹਾਉ॥

wordly love[60] and discharged[64] the arrow[63] of death[62]. Pause.

ਮੌਤ[62] ਦਾ ਤੀਰ[63] ਚਲਾਇਆ[64] ਹੈ । ਠਹਿਰਾਉ ।

ਕਟੀ[65] ਨ ਕਟੈ ਤੂਟਿ[66] ਨਹ ਜਾਈ ॥

By cutting[65] she cannot be cut and is not broken[66], either.

ਵਢਿਆ[65] ਉਹ ਵੱਢੀ ਨਹੀਂ ਜਾ ਸਕਦੀ ਅਤੇ ਟੂਟਦੀ[66] ਭੀ ਨਹੀਂ ।

ਸਾ[67] ਸਾਪਨਿ[68] ਹੋਇ[69] ਜਗ ਕਉ ਖਾਈ ॥ ੨ ॥

Becoming[69] a serpent[68], she[67] is eating the world.

ਨਾਗਣ[68] ਬਣ ਕੇ[69] ਉਹ[67] ਸੰਸਾਰ ਨੂੰ ਖਾ ਰਹੀ ਹੈ ।

ਹਮ[70] ਦੇਖਤ[71] ਜਿਨਿ[72] ਸਭੁ ਜਗੁ ਲੂਟਿਆ[73] ॥ ਕਹੁ ਕਬੀਰ ਮੈ ਰਾਮ[75] ਕਹਿ[74] ਛੂਟਿਆ[76] ॥ ੩ ॥ ੩੦ ॥

Says Kabir, by uttering[74] the Lord's Name[75], I have escaped[76] from her, who[72] before my[70] very eyes[71], has plundered[73] the whole world.

ਕਬੀਰ ਜੀ ਆਖਦੇ ਹਨ, ਸੁਆਮੀ ਦੇ ਨਾਮ[75] ਦਾ ਉਚਾਰਨ[74] ਕਰਨ ਦੁਆਰਾ ਮੈਂ ਉਸ ਕੋਲੋਂ ਖਲਾਸੀ[76] ਪਾਈ ਹੈ, ਜਿਸ[72] ਨੇ ਮੇਰੀਆਂ[70] ਅੱਖਾਂ ਦੇ ਸਾਮ੍ਹਣੇ[71] ਸਾਰਾ ਜਹਾਨ ਲੂਟ[73] ਲਿਆ ਹੈ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਦੇਇ[77] [78]ਮੁਹਾਰ[79]ਲਗਾਮੁ[80] ਪਹਿਰਾਵਉ[81] ॥ ਸਗਲ[82] ਤਜੀਨੁ[83] ਗਗਨ[88] ਦਉਰਾਵਉ[89] ॥੧॥

To inflict[77] defeat[79] on wordly love[78] is putting[81] the bridle[80] to my mind steed and the abandonment[83] of everything[82] is to course[89] it towards heaven[88].

ਸੰਸਾਰੀ ਮੋਹ[78] ਨੂੰ ਸ਼ਿਕਸਤ[79] ਦੇਣੀ[77] ਆਪਣੇ ਮਨ-ਕੋਤਲ ਨੂੰ ਕੰਡਿਆਲਾ[80] ਪਾਉਣਾ[81] ਹੈ ਅਤੇ ਸਭ ਕੁਛ[82] ਦਾ ਤਿਆਗ[83] ਇਸ ਨੂੰ ਅਸਮਾਨ[88] ਵਿਚ ਭਜਾਉਣਾ[89] ਹੈ ।

ਅਪਨੈ[90] ਬੀਚਾਰਿ[91] ਅਸਵਾਰੀ[92] ਕੀਜੈ[93] ॥ ਸਹਜ[94] ਕੈ ਪਾਵੜੈ[95] ਪਗੁ[96] ਧਰਿ ਲੀਜੈ[97] ॥੧॥ਰਹਾਉ॥

Self[90]-reflection[91] I have made[93] my ride[92].
In the stirrup[95]of Divine knowledge[94] I have placed[97] my foot[96]. Pause.

ਸਵੈ[90]-ਸੋਚ-ਬੀਚਾਰ[91] ਨੂੰ ਮੈਂ ਆਪਣੀ ਸਵਾਰੀ[92] ਬਣਾਇਆ[93] ਹੈ ।
ਬ੍ਰਹਮ-ਗਿਆਨ[94] ਦੀ ਰਕਾਬ[95] ਵਿਚ ਮੈਂ ਆਪਣਾ ਪੈਰ[96] ਟਿਕਾ[97] ਲਿਆ ਹੈ । ਠਹਿਰਾਉ ।

ਚਲੁ ਰੇ[98] ਬੈਕੁੰਠ[99] ਤੁਝਹਿ ਲੇ ਤਾਰਉ[100] ॥

Come, O[98] steed, let me drive[100] thee to the Lord's Mansion[99].

ਆ ਹੇ[98] ਕੋਤਲ ! ਮੈਂ ਤੈਨੂੰ ਮਾਲਕ ਦੇ ਮੰਦਰ[99] ਨੂੰ ਲੈ ਚੱਲਾਂ[100] ।

ਹਿਚਹਿ[2] ਤ[3] ਪ੍ਰੇਮ[4] ਕੈ ਚਾਬੁਕ[5] ਮਾਰਉ[6] ॥ ੨ ॥

If thou jib[2], then[3], I will strike[6] thee with the whip[5] of Lord's love[4].

ਜੇਕਰ ਤੂੰ ਅੜੀ[2] ਕਰੇਂਗਾ ਤਾਂ[3] ਮੈਂ ਤੈਨੂੰ ਪ੍ਰਭੂ ਦੀ ਪ੍ਰੀਤ[4] ਦੀ ਚਾਬਕ[5] ਮਾਰਾਂਗਾ[6] ।

ਕਹਤ[7] ਕਬੀਰ ਭਲੇ[8] ਅਸਵਾਰਾ[9] ॥ ਬੇਦ ਕਤੇਬ[10] ਤੇ ਰਹਹਿ ਨਿਰਾਰਾ[12] ॥੩॥ ੩੧॥

Says[7] Kabir, they are the good[8] riders[9], who remain aloof[12] from the Vedas and the Muslim religious books[10].

ਕਬੀਰ ਜੀ ਆਖਦੇ[7] ਹਨ, ਉਹ ਚੰਗੇ[8] ਸਵਾਰ[9] ਹਨ, ਜੋ ਵੇਦਾਂ ਅਤੇ ਮੁਸਲਮਾਨੀ ਮਜ਼ਹਬੀ ਪੁਸਤਕਾਂ[10] ਤੋਂ ਅਟੇਕ[12] ਵਿਚਰਦੇ ਹਨ ।

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਜਿਹ ਮੁਖਿ[13] ਪਾਚਉ[14] ਅੰਮ੍ਰਿਤ[15] ਖਾਏ[16] ॥ ਤਿਹ ਮੁਖ ਦੇਖਤ[17] ਲੂਕਟ[18] ਲਾਏ[19] ॥੧॥

The mouth[13], which used to eat[16] the five[14] dainties[15], I have seen[17] the flame[18] being applied[19] to that mouth.

ਜਿਹੜਾ ਮੂੰਹ[13] ਪੰਜ[14] ਨਿਆਮ੍ਰਤਾਂ[15] ਖਾਂਦਾ[16] ਹੁੰਦਾ ਸੀ, ਮੈਂ ਉਸ ਮੂੰਹ ਨੂੰ ਲਾਂਬੂ[18] ਲਗਦਾ[19] ਵੇਖਿਆ[17] ਹੈ ।

ਇਕੁ[21] ਦੁਖੁ ਰਾਮ[22] ਰਾਇ[23] ਕਾਟਹੁ[20] ਮੇਰਾ ॥ ਅਗਨਿ[24] ਦਹੈ[25] ਅਰੁ[26] ਗਰਭ[27] ਬਸੇਰਾ[28] ॥ ੧ ॥ ਰਹਾਉ ॥

O sovereign[23] Lord[22], remove[20] my one misery[21] of abiding[28] in womb[27] and being burned[26] in fire[24]. Pause.

ਹੇ ਸ਼ਹਿਨਸ਼ਾਹ[23] ਸੁਆਮੀ[22] ! ਗਰਭ[27] ਅੰਦਰ ਵਸਣ[28] ਅਤੇ[26] ਅੱਗ[24] ਵਿਚ ਸੜਣ[25] ਦੀ ਮੇਰੀ ਇਕ ਤਕਲੀਫ[21] ਰਫ਼ਾ[20] ਕਰ ਦੇ । ਠਹਿਰਾਉ ।

ਕਾਇਆ[29] ਬਿਗੂਤੀ[30] [31]ਬਹੁਬਿਧਿ[32] ਭਾਤੀ[33] ॥ ਕੋ[34] ਜਾਰੇ[35] ਕੋ ਗਡਿ[36] ਲੇ ਮਾਟੀ[37] ॥੨॥

The body[29] is destroyed[30] in various[31] ways[32] and manners[33]. Some[34] burn[35] it and some bury[36] it in the earth[37].

ਅੰਤ ਨੂੰ ਸਰੀਰ[29] ਅਨੇਕਾਂ[31] ਢੰਗ[32] ਅਤੇ ਤਰੀਕਿਆਂ[33] ਨਾਲ ਖਤਮ[30] ਕੀਤਾ ਜਾਂਦਾ ਹੈ । ਕਈ[34] ਇਸ ਨੂੰ ਫੂਕਦੇ[35] ਹਨ ਅਤੇ ਕਈ ਇਸ ਨੂੰ ਜ਼ਮੀਨ[37] ਵਿਚ ਦਬਦੇ[36] ਹਨ ।

ਕਹੁ ਕਬੀਰ ਹਰਿ ਚਰਣ[38] ਦਿਖਾਵਹੁ[39] ॥ ਪਾਛੈ[40] ਤੇ ਜਮੁ[41] ਕਿਉ[42]ਨ ਪਠਾਵਹੁ[43] ॥੩॥੩੨॥

Says Kabir, my God, show[39] me Thine feet[38]. Though[42] Thou mayest send[43] death[41] afterwards[40].

ਕਬੀਰ ਜੀ ਆਖਦੇ ਹਨ, ਹੇ ਵਾਹਿਗੁਰੂ ! ਮੈਨੂੰ ਆਪਣੇ ਪੈਰ[38] ਵਿਖਾਲ[39] । ਮਗਰੋਂ[40] ਭਾਵੇਂ[42] ਮੌਤ[41] ਹੀ ਕਿਉਂ[42] ਨ ਘਲ[43] ਦੇਈਂ ?

ਗਉੜੀ ਕਬੀਰ ਜੀ ॥

Gauri Kabir Ji.

ਗਉੜੀ ਕਬੀਰ ਜੀ ।

ਆਪੇ[44] ਪਾਵਕੁ[45] ਆਪੇ ਪਵਨਾ[46] ॥

God Himself[44] is the fire[45] and Himself the wind[46].

ਹਰੀ ਖੁਦ[44] ਅੱਗ[45] ਹੈ, ਖੁਦ ਹੀ ਹਵਾ[46] ।

ਜਾਰੈ[47] ਖਸਮੁ[48] ਤ[49]ਰਾਖੈ[50] ਕਵਨਾ[51] ॥੧॥

When the Master[48] wishes to burn[47] then[49] who[51] can save[50] ?

ਜਦ ਮਾਲਕ[48] ਹੀ ਸਾੜਨਾ[47] ਲੋੜਦਾ ਹੈ, ਤਦ[49] ਕੌਣ[51] ਬਚਾ ਸਕਦਾ[50] ਹੈ ?

ਰਾਮੁ ਜਪਤ[52] ਤਨੁ[53] ਜਰਿ[54] ਕੀਨ[55] ਜਾਇ ॥

What[55] if even my body[53] is burnt[54], when I am repeating[52] the Lord's Name ?

ਸੁਆਮੀ ਦੇ ਨਾਮ ਦਾ ਉਚਾਰਨ[52] ਕਰਦਿਆਂ, ਕੀ[55] ਹੋਇਆ, ਭਾਵੇਂ ਮੇਰਾ ਸਰੀਰ[53] ਭੀ ਬੇਸ਼ਕ ਸੜ[54] ਜਾਵੇ ?

ਰਾਮ ਨਾਮ ਚਿਤੁ[56] ਰਹਿਆ ਸਮਾਇ[57] ॥ ੧ ॥ ਰਹਾਉ ॥

In the Master's Name, my mind[56] remains absorbed[57]. Pause.

ਮਾਲਕ ਦੇ ਨਾਮ ਅੰਦਰ ਮੇਰਾ ਮਨ[56] ਲੀਨ[57] ਰਹਿੰਦਾ ਹੈ । ਠਹਿਰਾਉ ।

ਕਾ[57]* ਕੋ ਜਰੈ ਕਾਹਿ[58] ਹੋਇ ਹਾਨਿ[59] ॥

Whose[57]* house burns and who[58] suffers loss[59] ?

ਕੀਹਦਾ[57]* ਘਰ ਸੜਦਾ ਹੈ ਤੇ ਕਿਸ[58] ਦਾ ਨੁਕਸਾਨ[59] ਹੁੰਦਾ ਹੈ ?

[60]ਨਟਵਟ[61] ਖੇਲੈ ਸਾਰਿਗ ਪਾਨਿ[62] ॥੨॥

God[62] plays like the juggler's[60]ball[61].

ਮਦਾਰੀ[60] ਦੇ ਵੱਟੇ[61] ਵਾਂਙੂ ਹਰੀ[62] ਖੇਡਦਾ ਹੈ ।

ਕਹੁ ਕਬੀਰ ਅਖਰ[63] ਦੁਇ[62]* ਭਾਖਿ[67] ॥ ਹੋਇਗਾ ਖਸਮੁ[64] ਤ[65] ਲੇਇਗਾ ਰਾਖਿ[66] ॥੩॥੩੩॥

Says Kabir, utter[67]the two[62]*letters[63] (composing the word Ram, meaning God). If God be my Husband[64], then[65], He will protect me[66].

ਕਬੀਰ ਜੀ ਆਖਦੇ ਹਨ, ਤੂੰ ('ਰਾਮ' ਦੇ) ਦੋ[62]* ਅੱਖਰ[63] ਉਚਾਰਨ[67] ਕਰ । ਜੇਕਰ ਵਾਹਿਗੁਰੂ ਮੇਰਾ ਮਾਲਕ[64] ਹੈ, ਤਾਂ[65] ਉਹ ਮੈਨੂੰ ਬਚਾ[66] ਲਏਗਾ ।

ਗਉੜੀ ਕਬੀਰ ਜੀ ਦੁਪਦੇ ॥

Gauri Kabir Ji Dupade.

ਗਉੜੀ ਕਬੀਰ ਜੀ ਦੁਪਦੇ ।

ਨਾ ਮੈ ਜੋਗ ਧਿਆਨ[68] ਚਿਤੁ[69] ਲਾਇਆ[70] ॥

I have not applied[70] my thought[68] or mind[69] to the way of Yoga.

ਮੈਂ ਯੋਗ ਦੀ ਵਿਦਿਆ ਵਲ ਆਪਣਾ ਖ਼ਿਆਲ[68] ਜਾਂ ਮਨ[69] ਨਹੀਂ ਦਿਤਾ[70] ।

ਬਿਨੁ ਬੈਰਾਗ[71] ਨ ਛੂਟਸਿ[72] ਮਾਇਆ[73] ॥੧॥
ਕੈਸੇ[74] ਜੀਵਨੁ[75] ਹੋਇ ਹਮਾਰਾ ॥ ਜਬ[77] ਨ ਹੋਇ ਰਾਮ ਨਾਮ ਆਧਾਰਾ[76] ॥੧॥ ਰਹਾਉ ॥

Without Lord's love[71] I cannot escape[72] from mammon[73].
How[74] shall I pass my life[75], when[77] I have not the Lord's Name as my support[76] ? Pause.

ਪ੍ਰਭੂ ਦੀ ਪ੍ਰੀਤ[71] ਦੇ ਬਗੈਰ, ਮੈਂ ਮੋਹਨੀ[73] ਪਾਸੋਂ ਖ਼ਲਾਸੀ[72] ਨਹੀਂ ਪਾ ਸਕਦਾ ।
ਮੇਰੀ ਜ਼ਿੰਦਗੀ[75] ਕਿਸ ਤਰ੍ਹਾਂ[74] ਬਤੀਤ ਹੋਵੇਗੀ, ਜਦ[77] ਕਿ ਸੁਆਮੀ ਦੇ ਨਾਮ ਦਾ ਆਸਰਾ[76] ਮੇਰੇ ਪੱਲੇ ਨਹੀਂ । ਠਹਿਰਾਉ ।

੩੩੦

ਕਹੁ ਕਬੀਰ ਖੋਜਉ[78] ਅਸਮਾਨ[79] ॥ ਰਾਮ[80] ਸਮਾਨ[81] ਨ ਦੇਖਉ[82] ਆਨ[83] ॥੨॥੩੪॥

330

Says Kabir, I have made search[78] in the sky[79] (universe) and have not seen[82] another[83] equal[81] to the Pervading God[80].

੩੩੦

ਕਬੀਰ ਜੀ ਆਖਦੇ ਹਨ ਮੈਂ ਆਕਾਸ਼[79] (ਆਲਮ) ਢੂੰਡਿਆ[78] ਹੈ ਅਤੇ ਵਿਆਪਕ ਵਾਹਿਗੁਰੂ[80] ਦੇ ਤੁੱਲ[81] ਮੈਂ ਹੋਰ ਕੋਈ[83] ਨਹੀਂ ਵੇਖਿਆ[82] ।

ਗਉੜੀ ਕਬੀਰ ਜੀ ॥
ਜਿਹ ਸਿਰਿ ਰਚਿ[84] ਰਚਿ ਬਾਧਤ[85] ਪਾਗ[86] ॥ ਸੋ ਸਿਰੁ[87] ਚੁੰਚ[88] ਸਵਾਰਹਿ[89] ਕਾਗ[90] ॥੧॥
ਇਸੁ ਤਨ[91] ਧਨ[92] ਕੋ ਕਿਆ ਗਰਬਈਆ[95] ॥ ਰਾਮ ਨਾਮੁ ਕਾਹੇ[93] ਨ ਦ੍ਰਿੜੀਆ[94] ॥੧॥ਰਹਾਉ॥
ਕਹਤ ਕਬੀਰ ਸੁਨਹੁ[98] ਮਨ[96] ਮੇਰੇ ॥ ਇਹੀ ਹਵਾਲ[97] ਹੋਹਿਗੇ ਤੇਰੇ ॥ ੨॥੩੫॥

Gauri Kabir Ji.

The crow[90] cleans[89] his beak[88] on the head[87], the head on which the turban[86] was, once very embellishingly[84] bound[85].
What pride[95] can be placed on this body[91] and wealth[92] ? Why[93] dost thou not holdfast[94] Lord's Name ? Pause.
Says Kabir, hear[98] O my soul[96], this shall be thy condition[97] as well.

ਗਉੜੀ ਕਬੀਰ ਜੀ ।
ਕਾਂ[90] ਉਸ ਸਿਰ[87] ਦੇ ਉਤੇ ਆਪਣੀ ਚੁੰਝ[88] ਸੰਵਾਰਦਾ[89] ਹੈ, ਜਿਸ ਸਿਰ ਉਤੇ ਕਿਸੇ ਵੇਲੇ ਬਣਾ ਸੰਵਾਰ[84] ਕੇ ਸਾਫ਼ਾ[86] ਬੰਨ੍ਹਿਆ[85] ਜਾਂਦਾ ਸੀ ।
ਇਸ ਸਰੀਰ[91] ਅਤੇ ਦੌਲਤ[92] ਤੇ ਕੀ ਹੰਕਾਰ[95] ਕੀਤਾ ਜਾ ਸਕਦਾ ਹੈ ? ਤੂੰ ਸੁਆਮੀ ਦੇ ਨਾਮ ਨੂੰ ਕਿਉਂ[93] ਪੱਕੀ ਤਰ੍ਹਾਂ ਨਹੀਂ ਪਕੜਦਾ[94] ? ਠਹਿਰਾਉ ।
ਕਬੀਰ ਜੀ ਆਖਦੇ ਹਨ, ਸੁਣ[98] ਹੇ ਮੇਰੀ ਜਿੰਦੜੀਏ[96] ਤੇਰੀ ਭੀ ਏਹੋ ਹੀ ਹਾਲਤ[97] ਹੋਵੇਗੀ ।

ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥
ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

35 Padey of Gauri Guareri.
Gauri measure Guareri.
Ashtpadi Kabir Ji.

ਗਉੜੀ ਗੁਆਰੇਰੀ ਦੇ ਪੈਂਤੀਸ ਪਦੇ
ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ।

ੴ ਸਤਿਗੁਰ ਪ੍ਰਸਾਦਿ ॥

There is but one God. By the Guru's grace He is obtained.

ਵਾਹਿਗੁਰੂ ਕੇਵਲ ਇਕ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਸੁਖੁ[99] ਮਾਂਗਤ[100] ਦੁਖੁ[2] ਆਗੈ ਆਵੈ[3] ॥
ਸੋ[4] ਸੁਖੁ ਹਮਹੁ[5] ਨ ਮਾਂਗਿਆ ਭਾਵੈ[6] ॥੧॥

Man prays[100] for peace[99], but pain[2] be-falls[3] him.
I[5] like[6] not to ask for that[4] peace.

ਬੰਦਾ ਆਰਾਮ[99] ਮੰਗਦਾ[100] ਹੈ, ਪਰ ਉਸ ਨੂੰ ਪੀੜ[2] ਆ ਮਿਲਦੀ[3] ਹੈ ।
ਉਸ[4] ਆਰਾਮ ਦੀ ਯਾਚਨਾ ਕਰਨੀ ਮੈਨੂੰ[5] ਚੰਗੀ[6] ਨਹੀਂ ਲਗਦੀ ।

ਬਿਖਿਆ[7] ਅਜਹੁ[8] ਸੁਰਤਿ[9] ਸੁਖ ਆਸਾ[10] ॥	Man's intent[9] is bent on sin[7] but still[8] he hopes[10] for happiness.	ਇਨਸਾਨ ਦੀ ਬਿਰਤੀ[9] ਪਾਪ[7] ਤੇ ਮਾਇਲ ਹੈ ਪਰ ਤਾਂ ਭੀ[8] ਉਹ ਖ਼ੁਸ਼ੀ ਦੀ ਉਮੀਦ[10] ਰੱਖਦਾ ਹੈ।
ਕੈਸੇ[12] ਹੋਈ ਹੈ ਰਾਜਾ ਰਾਮ ਨਿਵਾਸਾ[13] ॥੧॥ ਰਹਾਉ ॥	How[12] shall he find an abode[13] in the Sovereign Lord ? Pause.	ਉਹ ਕਿਸ ਤਰ੍ਹਾਂ[12] ਪਾਤਸ਼ਾਹ ਪ੍ਰਭੂ ਅੰਦਰ ਵੱਸੇਬਾ[13] ਪਾਏਗਾ ? ਠਹਿਰਾਉ।
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ[14] ॥ ਸੋ ਸੁਖੁ ਹਮਹੁ[17] ਸਾਚੁ[15] ਕਰਿ ਜਾਨਾ[16] ॥੨॥	This worldly pleasure, even Shiva and Brahma dread[14]. That pleasure I[17] deem[16] to be as true[15].	ਇਸ ਸੰਸਾਰੀ ਖ਼ੁਸ਼ੀ ਪਾਸੋਂ ਸ਼ਿਵਜੀ ਅਤੇ ਬਰ੍ਹਮਾ ਭੀ ਭੈ[14] ਖਾਂਦੇ ਹਨ। ਉਸ ਖ਼ੁਸ਼ੀ ਨੂੰ ਮੈਂ[17] ਸੱਚ[15] ਕਰਕੇ ਜਾਣਦਾ[16] ਹਾਂ।
[18]ਸਨਕਾਦਿਕ[19] ਨਾਰਦ ਮੁਨਿ[20] ਸੇਖਾ[21] ॥ ਤਿਨ ਭੀ ਤਨ[22] ਮਹਿ[23] ਮਨੁ[24] ਨਹੀ ਪੇਖਾ[25] ॥੩॥	Sages[20] like Sanak[18] etc[19], Narad and the thousand headed serpent[21], even they did not perceive[25] the soul[24] within[23] the body[22].	ਸਨਕ[18] ਆਦਿਕ[19], ਰਿਸ਼ੀ[20] ਨਾਰਦ ਅਤੇ ਹਜ਼ਾਰ ਫਨਾਂ ਵਾਲਾ ਸ਼ੇਸ਼ਨਾਗ[21] ਉਨ੍ਹਾਂ ਨੇ ਭੀ ਸਰੀਰ[22] ਅੰਦਰ[23] ਆਤਮਾ[24] ਨੂੰ ਨਹੀਂ ਤੱਕਿਆ[25]।
ਇਸੁ ਮਨ ਕਉ ਕੋਈ ਖੋਜਹੁ[26] ਭਾਈ[27] ॥ ਤਨ[28] ਛੂਟੇ[29] ਮਨੁ ਕਹਾ[30] ਸਮਾਈ[31] ॥੪॥	Let some one inquire[26] into the state of this soul, O brother[27]. Escaping[29] from the body[28], where[30] does the soul go[31] ?	ਕੋਈ ਏਸ ਆਤਮਾ ਦੀ ਦਸ਼ਾ ਦਾ ਪਤਾ ਕਰੋ[26], ਹੇ ਵੀਰ[27] ! ਸਰੀਰ[28] ਤੋਂ ਵੱਖਰੀ[29] ਹੋ ਆਤਮਾ ਕਿੱਥੇ[30] ਚਲੀ[31] ਜਾਂਦੀ ਹੈ ?
ਗੁਰ ਪਰਸਾਦੀ[32] ਜੈਦੇਉ ਨਾਮਾਂ ॥ ਭਗਤਿ[33] ਕੈ ਪ੍ਰੇਮਿ[34] ਇਨਹੀ[36] ਹੈ ਜਾਨਾਂ[35] ॥੫॥	By Guru's grace[32], Jaidev and Nama, they[36] came to know[35] this secret through Lord's meditation[33] and love[34].	ਗੁਰਾਂ ਦੀ ਦਇਆ ਦੁਆਰਾ[32], ਜੈਦੇਵ ਤੇ ਨਾਮਾ, ਉਨ੍ਹਾਂ[36] ਨੇ ਇਸ ਭੇਤ ਨੂੰ ਪ੍ਰਭੂ ਦੇ ਸਿਮਰਨ[33] ਤੇ ਪਿਆਰ[34] ਰਾਹੀਂ ਜਾਣ[35] ਲਿਆ।
ਇਸੁ ਮਨ ਕਉ ਨਹੀ ਆਵਨ ਜਾਨਾ ॥	This soul comes and goes not.	ਇਹ ਆਤਮਾ ਆਉਂਦੀ ਅਤੇ ਜਾਂਦੀ ਨਹੀਂ।
ਜਿਸ ਕਾ ਭਰਮੁ[37] ਗਇਆ[38] ਤਿਨਿ ਸਾਚੁ ਪਛਾਨਾ[39] ॥ ੬॥	He whose doubt[37] is dispelled[38], knows[39] the Truth.	ਜਿਸ ਦਾ ਸੰਦੇਹ[37] ਦੂਰ[38] ਹੋ ਗਿਆ ਹੈ, ਉਹ ਸੱਚ ਨੂੰ ਜਾਣ[39] ਲੈਂਦਾ ਹੈ।
ਇਸੁ ਮਨ ਕਉ ਰੂਪੁ[40] ਨ ਰੇਖਿਆ[41] ਕਾਈ ॥	This soul has no form[40] or outline[41].	ਇਸ ਆਤਮਾ ਦਾ ਕੋਈ ਸਰੂਪ[40] ਜਾਂ ਚੱਕਰ-ਚਿਹਨ[41] ਨਹੀਂ।
ਹੁਕਮੇ[42] ਹੋਇਆ[43] ਹੁਕਮੁ ਬੂਝਿ[44] ਸਮਾਈ[45] ॥੭॥	By Lord's order[42] it was created[43] and by understanding[44] His order it will be absorbed[45] in Him.	ਸਾਈਂ ਦੇ ਹੁਕਮ[42] ਦੁਆਰਾ ਇਹ ਸਾਜੀ[43] ਗਈ ਸੀ ਅਤੇ ਉਸ ਦੇ ਹੁਕਮ ਨੂੰ ਸਮਝ[44] ਕੇ ਇਹ ਉਸ ਵਿਚ ਲੀਨ[45] ਹੋ ਜਾਏਗੀ।
ਇਸ ਮਨ ਕਾ ਕੋਈ ਜਾਨੈ ਭੇਉ[46] ॥	Does anyone know the secret[46] of this soul ?	ਕੀ ਕੋਈ ਇਸ ਆਤਮਾ ਦੇ ਭੇਤ[46] ਨੂੰ ਜਾਣਦਾ ਹੈ ?
ਇਹ ਮਨਿ ਲੀਣ[47] ਭਏ ਸੁਖਦੇਉ[48] ॥੮॥	This soul is, ultimately, absorbed[47] in God, the Comfort-giver[48].	ਇਹ ਆਤਮਾ, ਆਖ਼ਰਕਾਰ, ਆਰਾਮ ਦੇਣਹਾਰ[48] ਵਾਹਿਗੁਰੂ ਅੰਦਰ ਸਮਾ[47] ਜਾਂਦੀ ਹੈ।
ਜੀਉ[49] ਏਕੁ ਅਰੁ[50] ਸਗਲ[51] ਸਰੀਰਾ[52] ॥	There is One Soul[49] and[50] it pervades all[51] the bodies[52].	ਆਤਮਾ[49] ਇਕ ਹੈ ਅਤੇ[50] ਇਹ ਸਾਰੀਆਂ[51] ਦੇਹਾਂ[52] ਵਿਚ ਰਮੀ ਹੋਈ ਹੈ।

ਇਸੁ ਮਨ ਕਉ ਰਵਿ[53] ਰਹੇ ਕਬੀਰਾ ॥੯॥੧॥੩੬॥

This Soul, Kabir is meditating[53] upon.

ਇਸ ਆਤਮਾ ਦਾ ਕਬੀਰ ਸਿਮਰਨ[53] ਕਰ ਰਿਹਾ ਹੈ ।

ਗਉੜੀ ਗੁਆਰੇਰੀ ॥

Gauri Guareri.

ਗਉੜੀ ਗੁਆਰੇਰੀ ।

[54]ਅਹਿਨਿਸਿ[55] ਏਕ[56] ਨਾਮ ਜੋ ਜਾਗੇ ॥ ਕੇਤਕ[57] ਸਿਧ[58] ਭਏ ਲਿਵ[59] ਲਾਗੇ[60] ॥੧॥ ਰਹਾਉ ॥

Of those who day[54] and night[55] were awake to the Name alone[56], many[57] have become perfect persons[58], by enshrining[60] affection[59] for the Lord. Pause.

ਉਨ੍ਹਾਂ ਵਿਚੋਂ ਜੋ ਕੇਵਲ[56] ਨਾਮ ਅੰਦਰ ਦਿਨ[54] ਰਾਤ[55] ਜਾਗਦੇ ਸਨ, ਬਹੁਤ ਸਾਰੇ[57] ਪ੍ਰਭੂ ਨਾਲ ਪ੍ਰੇਮ[59] ਪਾਉਣ[60] ਦੁਆਰਾ ਪੂਰਨ ਪੁਰਸ਼[58] ਹੋ ਗਏ ਹਨ । ਠਹਿਰਾਉ ।

ਸਾਧਕ[61] ਸਿਧ[62] ਸਗਲ ਮੁਨਿ[63] ਹਾਰੇ[64] ॥

The strivers[61], the men of miracles[62], and the silent sages[63] have all lost the game[64].

ਅਭਿਆਸੀ[61], ਕਰਾਮਾਤੀ ਬੰਦੇ[62] ਖ਼ਾਮੋਸ਼ ਰਿਸ਼ੀ[63] ਸਾਰੇ ਬਾਜ਼ੀ ਹਾਰ ਗਏ[64] ਹਨ ।

ਏਕ ਨਾਮ ਕਲਿਪ[65] [66]ਤਰਤਾਰੇ[67] ॥੧॥

The one Name, like the elysian[65] tree[66], saves[67] the mortals.

ਪਾਰਜਾਤ[65] ਬ੍ਰਿਛ[66] ਦੀ ਤਰ੍ਹਾਂ ਇਕ ਨਾਮ ਪ੍ਰਾਣੀਆਂ ਦਾ ਪਾਰ ਉਤਾਰਾ[67] ਕਰ ਦਿੰਦਾ ਹੈ ।

ਜੋ ਹਰਿ ਹਰੇ[68] ਸੁ ਹੋਹਿ[69] ਨ ਆਨਾ[70] ॥

They, who are reverdured[68] by God, become[69] not of any other[70].

ਜਿਨ੍ਹਾਂ ਨੂੰ ਵਾਹਿਗੁਰੂ ਨੇ ਸਰਸਬਜ਼[68] ਕੀਤਾ ਹੈ, ਉਹ ਹੋਰਸ[70] ਕਿਸੇ ਦੇ ਨਹੀਂ ਬਣਦੇ[69] ।

ਕਹਿ ਕਬੀਰ ਰਾਮ ਨਾਮ ਪਛਾਨਾ[71] ॥੨॥੩੭॥

Says Kabir, they recognise[71] the Lord's Name alone.

ਕਬੀਰ ਜੀ ਆਖਦੇ ਹਨ, ਉਹ ਕੇਵਲ ਸੁਆਮੀ ਦੇ ਨਾਮ ਨੂੰ ਹੀ ਸਿਆਣਦੇ[71] ਹਨ ।

ਗਉੜੀ ਭੀ ਸੋਰਠਿ ਭੀ ॥

Gauri and Sorath both.

ਗਉੜੀ ਅਤੇ ਸੋਰਠ ਦੋਵੇਂ ।

ਰੇ[72] ਜੀਅ[73] ਨਿਲਜ[74] ਲਾਜ ਤੁਹਿ ਨਾਹੀ ॥

O[72] shameless[74] fellow[73], dost thou feel not shame ?

ਹੇ[72] ਬੇਸ਼ਰਮ[74] ਬੰਦੇ[73] ! ਕੀ ਤੈਨੂੰ ਸ਼ਰਮ ਨਹੀਂ ਆਉਂਦੀ ?

ਹਰਿ ਤਜਿ[75] ਕਤ[76] ਕਾਹੂ[77] ਕੇ ਜਾਂਹੀ[78] ॥੧॥ਰਹਾਉ॥

Forsaking[75] God, whither[76] and to whom[77] goest[78] thou ? Pause.

ਵਾਹਿਗੁਰੂ ਨੂੰ ਛੱਡ ਕੇ[75] ਤੂੰ ਕਿੱਥੇ[76] ਅਤੇ ਕੀਹਦੇ[77] ਕੋਲ ਜਾਂਦਾ[78] ਹੈਂ ? ਠਹਿਰਾਉ ।

ਜਾ ਕੋ ਠਾਕੁਰੁ ਊਚਾ ਹੋਈ ॥ ਸੋ[79] ਜਨੁ[80] ਪਰ[81] ਘਰ ਜਾਤ[82] ਨ ਸੋਹੀ[83] ॥੧॥

Whose Master is the most high, for that[79] man[80], it seems not graceful[83] to go[82] to another's[81] house.

ਜਿਸ ਦਾ ਮਾਲਕ ਸਭ ਤੋਂ ਉੱਚਾ ਹੈ, ਉਹ[79] ਪੁਰਸ਼[80] ਹੋਰਸ[81] ਦੇ ਗ੍ਰਹਿ ਨੂੰ ਜਾਂਦਾ[82] ਸ਼ੋਭਾ[83] ਨਹੀਂ ਪਾਉਂਦਾ ।

ਸੋ[84] ਸਾਹਿਬੁ ਰਹਿਆ ਭਰਪੂਰਿ[85] ॥

That[84] Lord is fully pervading[85] everywhere.

ਉਹ[84] ਸੁਆਮੀ ਹਰ ਥਾਂ ਪਰੀਪੂਰਨ[85] ਹੋ ਰਿਹਾ ਹੈ ।

ਸਦਾ[86] ਸੰਗਿ[87] ਨਾਹੀ ਹਰਿ ਦੂਰਿ[88] ॥੨॥

God is ever[86] with[87] us, and is never distant[88].

ਹਰੀ ਹਮੇਸ਼ਾ[86] ਸਾਡੇ ਨਾਲ[87] ਹੈ ਅਤੇ ਕਦੇ ਭੀ ਦੂਰੇਡੇ[88] ਨਹੀਂ ।

ਕਵਲਾ[89] ਚਰਨ[90] ਸਰਨ[91] ਹੈ ਜਾ ਕੇ ॥ ਕਹੁ[92] ਜਨ[93] ਕਾ[94] ਨਾਹੀ ਘਰ[95] ਤਾਕੇ ॥੩॥

Say[92], O man[93], what[94] is there not in His Mansion[95], at whose feet[90] the goddess of[89] wealth takes refuge[91] ?

ਜਿਸ ਦੇ ਪੈਰਾਂ[90] ਦੀ ਪਨਾਹ[91] ਧਨ-ਦੌਲਤ ਦੀ ਦੇਵੀ[89] ਲੈਂਦੀ ਹੈ, ਦੱਸੋ[92] ਖਾਂ ਓ ਬੰਦਿਓ[93] ! ਉਸ ਦੇ ਮੰਦਰ[95] ਅੰਦਰ ਕਿਹੜੀ[94] ਚੀਜ਼ ਨਹੀਂ ?

ਸਭੁ ਕੋਊ ਕਹੈ ਜਾਸੁ[96] ਕੀ

He[97], of whom[96] everyone speaks, is

ਉਹ[97] ਜਿਸ[96] ਦੀ ਹਰ ਕੋਈ ਗੱਲ ਕਰਦਾ ਹੈ,

ਬਾਤਾ ॥ ਸੋ[97] ਸੰਮ੍ਰਥੁ[98] [99]ਨਿਜਪਤਿ[100] ਹੈ ਦਾਤਾ[2] ॥੪॥

Omnipotent[98], His own[99] Master[100] and the Bestower[2].

ਸਰਬ-ਸ਼ਕਤੀਵਾਨ[98] ਆਪਣੇ ਆਪ[99] ਦਾ ਆਪ ਮਾਲਕ[100] ਅਤੇ ਦਾਤਾਰ[2] ਹੈ ।

ਕਹੈ ਕਬੀਰੁ ਪੂਰਨ[3] ਜਗ ਸੋਈ[4] ॥ ਜਾ ਕੇ ਹਿਰਦੈ ਅਵਰੁ[5] ਨ ਹੋਈ ॥੫॥੩੮॥

Says Kabir, that[4] man alone is perfect[3] in this world, in whose mind none else[5] but God abides.

ਕਬੀਰ ਜੀ ਆਖਦੇ ਹਨ, ਇਸ ਜਹਾਨ ਅੰਦਰ ਕੇਵਲ ਉਹੀ[4] ਪੁਰਸ਼ ਮੁਕੰਮਲ[3] ਹੈ, ਜਿਸ ਦੇ ਮਨ ਵਿਚ ਵਾਹਿਗੁਰੂ ਦੇ ਬਗੈਰ ਹੋਰ[5] ਕੋਈ ਨਹੀਂ ਵਸਦਾ ।

੩੩੧

ਕਉਨੁ[6] ਕੋ ਪੂਤੁ[7] ਪਿਤਾ[8] ਕੋ ਕਾਕੋ[9] ॥

331

Whose[6] is the son[7] ? Whose[9] is the father[8] ?

੩੩੧

ਕੀਹਦਾ[6] ਪੁੱਤ੍ਰ[7] ਹੈ ? ਕੀਹਦਾ[9] ਪਿਓ[8] ਹੈ ?

ਕਉਨੁ ਮਰੈ ਕੋ ਦੇਇ ਸੰਤਾਪੋ[26] ॥੧॥

Who dies ? Who inflicts pain[26] ?

ਕੌਣ ਮਰਦਾ ਹੈ ? ਕਿਹੜਾ ਦੁੱਖ[26] ਦਿੰਦਾ ਹੈ ?

ਹਰਿ ਠਗ[27] ਜਗ ਕਉ ਠਗਉਰੀ[28] ਲਾਈ ॥

The Lord is the Enticer[27], who has enticed[28] the world.

ਪ੍ਰਭੂ ਲੁਭਾਉਣਹਾਰ[27] ਹੈ ਜਿਸ ਨੇ ਸੰਸਾਰ ਨੂੰ ਲੁਭਾਇਮਾਨ ਕੀਤਾ[28] ਹੋਇਆ ਹੈ ।

ਹਰਿ ਕੇ ਬਿਓਗ[29] ਕੈਸੇ[30] ਜੀਅਉ[31] ਮੇਰੀ ਮਾਈ[32] ॥ ੧॥ ਰਹਾਉ ॥

How[30] shall I survive[31], my mother[32], in separation[29] from God ? Pause.

ਰੱਬ ਦੇ ਵਿਛੋੜੇ[29] ਅੰਦਰ, ਮੇਰੀ ਅੰਮੜੀਏ[32], ਮੈਂ ਕਿਸ[30] ਤਰ੍ਹਾਂ ਜੀਉਂਦੀ[31] ਰਹਾਂਗੀ ? ਠਹਿਰਾਉ ।

ਕਉਨ[33] ਕੋ ਪੁਰਖੁ[34] ਕਉਨ ਕੀ ਨਾਰੀ[35] ॥

Of whom[33] is the husband[34] ? Of whom is the wife[35] ?

ਕਿਸ ਦਾ[33] ਪਤੀ[34] ਹੈ ? ਕਿਸ ਦੀ ਪਤਨੀ[35] ਹੈ ?

ਇਆ ਤਤ[36] ਲੇਹੁ ਸਰੀਰ[37] ਬਿਚਾਰੀ[38] ॥੨॥

Reflect[38] thou on this reality[36] within thy body[37].

ਇਸ ਅਸਲੀਅਤ[36] ਉਤੇ ਤੂੰ ਆਪਣੀ ਦੇਹਿ[37] ਅੰਦਰ ਵੀਚਾਰ ਕਰ[38] ।

ਕਹਿ ਕਬੀਰ ਠਗ ਸਿਉ[40] ਮਨੁ[39] ਮਾਨਿਆ[41] ॥

Says Kabir, with[40] the Enticer, my mind[39] is now propitiated[41].

ਕਬੀਰ ਜੀ ਆਖਦੇ ਹਨ ਕਿ ਲੁਭਾਉਣਹਾਰ ਨਾਲ[40] ਮੇਰਾ ਚਿੱਤ[39] ਹੁਣ ਰੀਝ ਗਿਆ[41] ਹੈ ।

ਗਈ[41*] ਠਗਉਰੀ[42] ਠਗੁ ਪਹਿਚਾਨਿਆ[43] ॥੩॥੩੯॥

The illusion[42] has vanished[41*] and I have recognised[43] the Illusionist.

ਭਰਮ[42] ਦੂਰ[41*] ਹੋ ਗਿਆ ਹੈ ਅਤੇ ਮੈਂ ਭਰਮ ਪਾਉਣ ਵਾਲੇ ਨੂੰ ਸਿਆਣ[43] ਲਿਆ ਹੈ ।

ਅਬ[44] ਮੋ ਕਉ ਭਏ ਰਾਜਾ ਰਾਮ ਸਹਾਈ[45] ॥ ਜਨਮ[46] ਮਰਨ[47] ਕਟਿ[48] ਪਰਮ[49] ਗਤਿ[50] ਪਾਈ ॥੧॥ਰਹਾਉ॥

The Sovereign Lord has, now[44], become my helper[45]. Having cut[48] away coming[46] and going[47], I have obtained the supreme[49] rank[50]. Pause.

ਪ੍ਰਭੂ ਪਾਤਸ਼ਾਹ ਹੁਣ[44] ਮੇਰਾ ਮਦਦਗਾਰ[45] ਹੋ ਗਿਆ ਹੈ। ਆਉਣਾ[46] ਅਤੇ ਜਾਣਾ[47] ਮੇਸ ਕੇ[48], ਮੈਂ ਮਹਾਨ[49] ਮਰਤਬਾ[50] ਪਾ ਲਿਆ ਹੈ । ਠਹਿਰਾਉ ।

ਸਾਧੂ ਸੰਗਤਿ ਦੀਓ ਰਲਾਇ[51] ॥

He has united[51] me with the saints' congregation.

ਉਸ ਮੈਨੂੰ ਸਤਿ ਸੰਗਤ ਨਾਲ ਜੋੜ[51] ਦਿਤਾ ਹੈ ।

ਪੰਚ ਦੂਤ[52] ਤੇ ਲੀਓ ਛਡਾਇ[53] ॥

From the five demons[52], He has rescued[53] me.

ਪੰਜਾਂ ਭੂਤਨਿਆਂ[52] ਕੋਲੋਂ ਉਸ ਨੇ ਮੇਰਾ ਖਹਿੜਾ ਛੁਡਾ[53] ਦਿੱਤਾ ਹੈ ।

ਅੰਮ੍ਰਿਤ[54] ਨਾਮੁ ਜਪਉ ਜਪੁ[55] ਰਸਨਾ[56] ॥

The Nectar Name[54], I continually repeat[55] with my tongue[56].

ਆਪਣੀ ਜੀਭਾ[56] ਨਾਲ ਮੈਂ ਸੁਧਾਰਸ ਨਾਮ[54] ਇੱਕ ਰਸ ਉਚਾਰਦਾ[55] ਹਾਂ ।

ਅਮੋਲ[57] ਦਾਸੁ[58] ਕਰਿ ਲੀਨੋ[59] ਅਪਨਾ ॥੧॥	The Lord has made[59] me His unbought[57] slave[58].	ਸਾਈਂ ਨੇ ਮੈਨੂੰ ਬਿਨਾ ਦੰਮਾਂ ਦੇ[57] ਆਪਣਾ ਗੋਲਾ[58] ਬਣਾ ਲਿਆ[59] ਹੈ ।
ਸਤਿਗੁਰ ਕੀਨੋ ਪਰ-ਉਪਕਾਰੁ[60] ॥	The True Guru has shown beneficence[60] unto me.	ਸੱਚੇ ਗੁਰਾਂ ਨੇ ਮੇਰੇ ਉਤੇ ਅਹਿਸਾਨ[60] ਕੀਤਾ ਹੈ ।
ਕਾਢਿ ਲੀਨ[61] ਸਾਗਰ[62] ਸੰਸਾਰ ॥	He has rescued[61] me from the world ocean[62].	ਉਨ੍ਹਾਂ ਨੇ ਮੈਨੂੰ ਜਗਤ ਸਮੁੰਦਰ[62] ਤੋਂ ਬਚਾ[61] ਲਿਆ ਹੈ।
ਚਰਨ[63] ਕਮਲ[64] ਸਿਉ[66] ਲਾਗੀ[67] ਪ੍ਰੀਤਿ[65] ॥	With[66] Lord's lotus[64] feet[63] I have conceived[67] love[65].	ਪ੍ਰਭੂ ਦੇ ਕੰਵਲ[64] ਪੈਰਾਂ[63] ਨਾਲ[66] ਮੇਰਾ ਪਿਆਰ[65] ਪੈ ਗਿਆ[67] ਹੈ ।
ਗੋਬਿੰਦੁ[70] ਬਸੈ ਨਿਤਾਨਿਤ[68] ਚੀਤ[69] ॥੨॥	The World Lord[70] ever, ever[68], abides within my mind[69].	ਸ੍ਰਿਸ਼ਟੀ ਦਾ ਸੁਆਮੀ[70] ਸਦਾ ਸਦਾ[68] ਮੇਰੇ ਮਨ[69] ਅੰਦਰ ਵਸਦਾ ਹੈ ।
ਮਾਇਆ[71] ਤਪਤਿ[72] ਬੁਝਿਆ[73] ਅੰਗਿਆਰੁ[74] ॥	The burning coal[74] of the fire[72] of mammon[71] has been quenched[73].	ਮੋਹਨੀ[71] ਦੀ ਅੱਗ[72] ਦਾ ਮਚਦਾ ਹੋਇਆ ਕੋਲਾ[74] ਬੁਝ ਗਿਆ[73] ਹੈ ।
ਮਨਿ[75] ਸੰਤੋਖੁ[76] ਨਾਮੁ ਆਧਾਰੁ[77] ॥	By Name's prop[77], my soul[75] has attained contentment[76].	ਨਾਮ ਦੇ ਆਸਰੇ[77] ਮੇਰੀ ਆਤਮਾ[75] ਨੂੰ ਰੱਜ ਆ ਗਿਆ[76] ਹੈ ।
ਜਲਿ[78] ਥਲਿ[79] ਪੂਰਿ ਰਹੇ[80] ਪ੍ਰਭ ਸੁਆਮੀ[81] ॥	The Lord Master[81] is fully pervading[80] in water[78] and land[79].	ਸਾਹਿਬ ਮਾਲਕ[81] ਪਾਣੀ[78] ਤੇ ਧਰਤੀ[79] ਵਿਚ ਪਰੀਪੂਰਨ[80] ਹੋ ਰਿਹਾ ਹੈ ।
ਜਤ[82] ਪੇਖਉ[83] ਤਤ[84] ਅੰਤਰਜਾਮੀ[85] ॥੩॥	Wherever[82] I see[83], there[84] is the Knower of hearts[85].	ਜਿਥੇ ਕਿਤੇ[82] ਮੈਂ ਵੇਖਦਾ[83] ਹਾਂ, ਉਥੇ[84] ਦਿਲਾਂ ਦੀਆਂ ਜਾਨਣਹਾਰ[85] ਹੈ ।
ਅਪਨੀ ਭਗਤਿ[86] ਆਪ[87] ਹੀ ਦ੍ਰਿੜਾਈ[88] ॥	His meditation[86], He has Himself[87] implanted[88] within me.	ਆਪਣਾ ਸਿਮਰਨ[86], ਉਸ ਨੇ ਆਪੇ[87] ਹੀ ਮੇਰੇ ਅੰਦਰ ਪੱਕਾ[88] ਕੀਤਾ ਹੈ ।
ਪੂਰਬ[89] ਲਿਖਤੁ[90] ਮਿਲਿਆ ਮੇਰੇ ਭਾਈ[91] ॥	The Lord meets, O my brother[91], by virtue of the primal[89] writ[90].	ਪੂਰਬਲੀ[89] ਲਿਖਤਾਕਾਰ[90] ਦੀ ਬਰਕਤ ਹੇ ਮੇਰੇ ਵੀਰ[91] ! ਸੁਆਮੀ ਮਿਲਦਾ ਹੈ ।
ਜਿਸੁ ਕ੍ਰਿਪਾ[92] ਕਰੇ ਤਿਸੁ[95] ਪੂਰਨ[93] ਸਾਜ[94] ॥	Perfect[93] becomes the condition[94] of him[95], unto whom the master shows mercy[92].	ਮੁਕੰਮਲ[93] ਹੋ ਜਾਂਦੀ ਹੈ ਉਸ ਦੀ[95] ਬਨਾਵਟ[94], ਜਿਸ ਉਤੇ ਮਾਲਕ ਮਿਹਰ[92] ਧਾਰਦਾ ਹੈ ।
ਕਬੀਰ ਕੋ ਸੁਆਮੀ ਗਰੀਬ ਨਿਵਾਜ[96] ॥੪॥੪੦॥	Kabir's Lord is the Cherisher of the poor[96].	ਕਬੀਰ ਦਾ ਮਾਲਕ, ਕੰਗਾਲਾਂ ਨੂੰ ਪਾਲਣਹਾਰ[96] ਹੈ ।
ਜਲਿ[97] ਹੈ ਸੂਤਕੁ[98] ਥਲਿ[99] ਹੈ ਸੂਤਕੁ ਸੂਤਕ ਓਪਤਿ[100] ਹੋਈ ॥	There is impurity[98] in water[97], there is impurity in land[99] and there is impurity in whatever is born[100].	ਪਾਣੀ[97] ਵਿਚ ਅਪਵਿੱਤ੍ਰਤਾ[98] ਹੈ, ਜ਼ਿਮੀਂ[99] ਵਿੱਚ ਅਪਵਿੱਤ੍ਰਤਾ ਹੈ ਅਤੇ ਜੋ ਕੁਛ ਪੈਦਾ ਹੋਇਆ[100] ਹੈ, ਉਸ ਵਿੱਚ ਅਪਵਿੱਤ੍ਰਤਾ ਹੈ ।
ਜਨਮੇ ਸੂਤਕੁ ਮੂਏ ਫੁਨਿ[2] ਸੂਤਕੁ ਸੂਤਕ ਪਰਜ[3] ਬਿਗੋਈ[4] ॥੧॥	There is impurity in birth, again[2] there is impurity in death. The Lord's subjects[3] are ruined[4] by uncleanliness.	ਜਨਮ ਅੰਦਰ ਅਪਵਿੱਤ੍ਰਤਾ ਹੈ, ਮੁੜ[2] ਮਰਣ ਅੰਦਰ ਅਪਵਿੱਤ੍ਰਤਾ ਹੈ । ਪ੍ਰਭੂ ਦੀ ਰਿਆਇਆ[3] ਅਸ਼ੁੱਧਤਾ ਨੇ ਬਰਬਾਦ[4] ਕਰ ਛੱਡੀ ਹੈ ।

ਕਹੁ[5] ਰੇ[6] ਪੰਡੀਆ ਕਉਨ ਪਵੀਤਾ[7] ॥	Say[6], O[6] Pandit, who is pure[7] ?	ਦੱਸ[5] ਹੇ[6] ਪੰਡਿਤ ! ਕੌਣ ਪਵਿੱਤ੍ਰ[7] ਹੈ ?
ਐਸਾ ਗਿਆਨੁ[8] ਜਪਹੁ[9] ਮੇਰੇ ਮੀਤਾ[10] ॥੧॥ਰਹਾਉ॥	Deliberate[9] over such knowledge[8], O my friend[10]. Pause	ਐਸੀ ਗਿਆਤ[8] ਨੂੰ ਸੋਚ ਵੀਚਾਰ[9] ਹੇ ਮੇਰੇ ਮਿੱਤ੍ਰ[10] ! ਠਹਿਰਾਉ ।
ਨੈਨਹੁ[12] ਸੂਤਕੁ ਬੈਨਹੁ[13] ਸੂਤਕੁ ਸੂਤਕੁ ਸ੍ਰਵਨੀ[14] ਹੋਈ ॥	There is impurity in the eyes[12], there is impurity in speech[13]. There is impurity in the ears[14].	ਅੱਖਾਂ[12] ਵਿੱਚ ਅਸ਼ੁੱਧਤਾ ਹੈ । ਬਚਨ-ਬਿਲਾਸ[13] ਅੰਦਰ ਅਸ਼ੁੱਧਤਾ ਹੈ । ਕੰਨਾਂ[14] ਵਿਚ ਅਸ਼ੁੱਧਤਾ ਹੈ ।
ਊਠਤ ਬੈਠਤ ਸੂਤਕੁ ਲਾਗੈ[15] ਸੂਤਕੁ ਪਰੈ [16]ਰਸੋਈ[17] ॥੨॥	Standing and sitting impurity attaches[15] to the mortal. Impurity enters[16] the kitchen[17].	ਉਠਦਿਆਂ,ਬਹਿੰਦਿਆਂ ਪ੍ਰਾਣੀ ਨੂੰ ਮਲੀਨਤਾ ਚਿਮੜਦੀ[15] ਹੈ । ਮਲੀਨਤਾ ਲੰਗਰ[17] ਅੰਦਰ ਭੀ ਆ ਪ੍ਰਵੇਸ਼ ਕਰਦੀ[16] ਹੈ ।
ਫਾਸਨ[18] ਕੀ ਬਿਧਿ[19] ਸਭੁ ਕੋਊ ਜਾਨੈ ਛੂਟਨ[20] ਕੀ ਇਕੁ[21] ਕੋਈ ॥	Everyone knows the way[19] to be caught[18] in impurity, but rarely anyone[21] knows how to escape[20].	ਫਾਥੇ[18] ਜਾਣ ਦਾ ਢੰਗ[19] ਹਰ ਇਕ ਨੂੰ ਆਉਂਦਾ ਹੈ ਪਰ ਖ਼ਲਾਸੀ[20] ਪਾਉਣਾ ਕੋਈ ਇਕ[21] ਅੱਧ ਹੀ ਜਾਣਦਾ ਹੈ ।
ਕਹਿ ਕਬੀਰ ਰਾਮੁ ਰਿਦੈ[22] ਬਿਚਾਰੈ[23] ਸੂਤਕੁ ਤਿਨੈ[24] ਨ ਹੋਈ ॥੩॥੪੧॥	Says Kabir, no impurity attaches to those[24], who, meditate[23] on the Lord in their mind[22].	ਕਬੀਰ ਜੀ ਆਖਦੇ ਹਨ, ਉਨ੍ਹਾਂ[24] ਨੂੰ ਕੋਈ ਅਪਵਿੱਤ੍ਰਤਾ ਨਹੀਂ ਲਗਦੀ, ਜੋ ਆਪਣੇ ਹਿਰਦੇ[22] ਅੰਦਰ ਸੁਆਮੀ ਦਾ ਸਿਮਰਨ[23] ਕਰਦੇ ਹਨ ।
ਗਉੜੀ ॥	Gauri.	ਗਉੜੀ ।
ਝਗਰਾ[25] ਏਕੁ ਨਿਬੇਰਹੁ[26] ਰਾਮ ॥ ਜਿਉ[27] ਤੁਮ ਅਪਨੇ ਜਨ[28] ਸੌ ਕਾਮੁ[29] ॥੧॥ ਰਹਾਉ॥	Resolve[26] one controversy[25], O Lord, if[27] thou desirest any service[29] from me, thy slave[28]. Pause.	ਇਕ ਬਖੇੜੇ[25] ਦਾ ਫ਼ੈਸਲਾ[26] ਕਰ ਹੇ ਸੁਆਮੀ ! ਜੇਕਰ[27] ਤੂੰ ਮੇਰੇ ਆਪਣੇ ਗੋਲੇ[28] ਪਾਸੋਂ ਕੋਈ ਸੇਵਾ[29] ਲੈਣੀ ਹੈ । ਠਹਿਰਾਉ ।
ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ[30] ॥	Is this soul greater, or He to whom this soul is attuned[30] ?	ਕੀ ਇਹ ਆਤਮਾ ਵੱਡੀ ਹੈ ਜਾਂ ਉਹ ਜਿਸ ਨਾਲ ਇਹ ਆਤਮਾ ਹਿਲੀ ਹੋਈ[30] ਹੈ ?
ਰਾਮੁ ਬਡਾ ਕੈ ਰਾਮਹਿ ਜਾਨਿਆ[31] ॥੧॥	Is the Lord greater, or he who knows[31] the Lord ?	ਕੀ ਪ੍ਰਭੂ ਵਿਸ਼ਾਲ ਹੈ ਜਾਂ ਉਹ ਜੋ ਪ੍ਰਭੂ ਨੂੰ ਜਾਣਦਾ[31] ਹੈ?
ਬ੍ਰਹਮਾ ਬਡਾ ਕਿ ਜਾਸੁ[32] ਉਪਾਇਆ[33] ॥	Is Brahma greater, or he who[32] created[33] him ?	ਬ੍ਰਹਿਮਾ ਵਿਸ਼ਾਲ ਹੈ ਜਾਂ ਉਹ ਜਿਸ[32] ਨੇ ਉਸ ਨੂੰ ਪੈਦਾ[33] ਕੀਤਾ ਹੈ ?
ਬੇਦੁ ਬਡਾ ਕਿ ਜਹਾਂ[34] ਤੇ ਆਇਆ ॥੨॥	Is Veda greater, or the place from where[34] it came ?	ਵੇਦ ਵੱਡਾ ਹੈ ਕਿ ਉਹ ਥਾਂ ਜਿਥੋਂ[34] ਇਹ ਆਇਆ ਹੈ ?
ਕਹਿ ਕਬੀਰ ਹਉ ਭਇਆ ਉਦਾਸੁ[35] ॥ ਤੀਰਥੁ[36] ਬਡਾ ਕਿ ਹਰਿ ਦਾ ਦਾਸੁ[37] ॥ ੩॥੪੨॥	Says Kabir, I have become sad[35] at this. Is the place of pilgrimage[36] greater, or the God's servant[37].	ਕਬੀਰ ਜੀ ਆਖਦੇ ਹਨ, ਮੈਂ ਇਸ ਗੱਲ ਤੋਂ ਸ਼ੋਕਵਾਨ[35] ਹੋਇਆ ਹੋਇਆ ਹਾਂ । ਯਾਤ੍ਰਾ ਅਸਥਾਨ[36] ਵੱਡਾ ਹੈ, ਜਾਂ ਕਿ ਵਾਹਿਗੁਰੂ ਦਾ ਨੌਕਰ[37] ?
ਰਾਗੁ ਗਉੜੀ ਚੇਤੀ ॥	Measure Gauri Cheti.	ਰਾਗ ਗਉੜੀ ਚੇਤੀ ।
ਦੇਖੌ[38] ਭਾਈ[39] ਗ੍ਯਾਨ[40] ਕੀ	So[38], brethren[39], the storm[41] of	ਵੇਖੋ[38] ਭਰਾਓ[39] ! ਬ੍ਰਹਿਮ ਬੀਚਾਰ[40] ਦੀ ਅਨ੍ਹੇਰੀ[41]

ਆਈ ਆਂਧੀ[41] ॥ ਸਭੈ[42] ਉਡਾਨੀ ਭ੍ਰਮ[43] ਕੀ ਟਾਟੀ[44] ਰਹੈ ਨ ਮਾਇਆ[45]ਬਾਂਧੀ[46]॥ ੧॥ਰਹਾਉ॥
ਦੁਚਿਤੇ[47] ਕੀ ਦੁਇ ਥੂਨਿ[48] ਗਿਰਾਨੀ[49] ਮੋਹੁ[50] ਬਲੇਡਾ[51] ਟੂਟਾ ॥ ਤਿਸਨਾ[52] ਛਾਨਿ[53] ਪਰੀ[54] ਧਰ[55] ਊਪਰਿ ਦੁਰਮਤਿ[56] ਭਾਂਡਾ[57] ਫੂਟਾ[58] ॥੧॥

Divine Knowledge[40] has come. It has wholly[42] blown away the thatched hut[44] of doubt[43] and even the bonds[46] of mammon[45] have not been left. Pause.
The two props[48] of double-mindedness[47] have been thrown down[49] and the beam[51] of worldly love[50] has been broken. The thatched roof[53] of greed[52] has fallen[54] to the ground[55] and the pot[57] of mal-intellect[56] has burst[58].

ਆਈ ਹੈ। ਇਸ ਵਹਿਮ[43] ਦੇ ਛਪਰ[44] ਨੂੰ ਪੂਰੀ[42] ਤਰ੍ਹਾਂ ਉਡਾ ਲੈ ਗਈ ਹੈ ਅਤੇ ਮੋਹਨੀ[45] ਦੇ ਬੰਧਨ[46] ਤੱਕ ਭੀ ਬਾਕੀ ਨਹੀਂ ਰਹੇ। ਠਹਿਰਾਉ।

ਦੁਚਿਤੇ-ਪਣ[47] ਦੇ ਦੋਨੋਂ ਥਮਲੇ[48] ਡਿੱਗ ਪਏ[49] ਹਨ ਅਤੇ ਸੰਸਾਰੀ ਮਮਤਾ[50] ਦਾ ਸ਼ਤੀਰ[51] ਟੁੱਟ ਗਿਆ ਹੈ। ਲਾਲਚ[52] ਦੇ ਕੱਖਾਂ ਦੀ ਛੱਤ[53] ਜ਼ਮੀਨ[55] ਤੇ ਡਿੱਗ[54] ਪਈ ਹੈ ਅਤੇ ਮੰਦੀ ਅਕਲ[56] ਦਾ ਬਰਤਨ[57] ਟੁੱਟ[58] ਗਿਆ ਹੈ।

੩੩੨

ਆਂਧੀ ਪਾਛੈ ਜੋ ਜਲੁ[59] ਬਰਖੈ[60] ਤਿਹਿ ਤੇਰਾ ਜਨੁ[61] ਭੀਨਾਂ[62] ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ[63] ਉਦੈ[64] ਭਾਨੁ[65] ਜਬ[66] ਚੀਨਾ[67] ॥੨॥੪੩॥

332

Thy servant[61] is saturated[62] with the rain[59] that has fallen[60] after the storm.

Says Kabir, my mind is illumined[63], when[66] I see[67] the Sun[65] rise[64].

੩੩੨

ਤੇਰਾ ਨੌਕਰ[61] ਉਸ ਮੀਂਹ[59] ਨਾਲ ਗੜੁੱਚ[62] ਹੋ ਗਿਆ ਹੈ, ਜਿਹੜਾ ਅਨ੍ਹੇਰੀ ਮਗਰੋਂ ਵਸਿਆ[60] ਹੈ।

ਕਬੀਰ ਜੀ ਆਖਦੇ ਹਨ, ਜਦ[66] ਮੈਂ ਸੂਰਜ[65] ਨੂੰ ਚੜ੍ਹਦਾ[64] ਦੇਖਦਾ[67] ਜਾਂ ਮੇਰਾ ਚਿੱਤ ਰੋਸ਼ਨ[63] ਹੋ ਜਾਂਦਾ ਹੈ।

ਗਉੜੀ ਚੇਤੀ

ੴ ਸਤਿਗੁਰ ਪ੍ਰਸਾਦਿ ॥

ਹਰਿ ਜਸੁ[68] ਸੁਨਹਿ ਨ ਹਰਿ ਗੁਨ[69] ਗਾਵਹਿ ॥ ਬਾਤਨ[70] ਹੀ ਅਸਮਾਨੁ[71] ਗਿਰਾਵਹਿ[72] ॥੧॥
ਐਸੇ ਲੋਗਨ[73] ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ[74] ਤੇ ਬਾਹਜ[75] ਤਿਨ[76] ਤੇ ਸਦਾ[77] ਡਰਾਨੇ[78] ਰਹੀਐ ॥੧॥ਰਹਾਉ॥
ਆਪਿ[79] ਨ ਦੇਹਿ ਚੁਰੂ ਭਰਿ[80] ਪਾਨੀ ॥ ਤਿਹ ਨਿੰਦਹਿ[81] ਜਿਹ ਗੰਗਾ ਆਨੀ[82] ॥੨॥

Gauri Cheti

There is but one God. By the Guru's grace He is obtained.
They, who neither hear God's praise[68] nor sing God's excellence[69], but knock down[72] the sky[71] with their talk[70],
What should one say to such people[73] ? They, whom the Lord has excluded[76] from His devotional service[74], be thou always[77] afraid[78] of them[76]. Pause.
Themselves[79], they give not even a handful of water[80], but slander[81] him who brought down[82] the Ganges.

ਗਉੜੀ ਚੇਤੀ

ਵਾਹਿਗੁਰੂ ਕੇਵਲ ਇਕ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਜੋ ਨਾ ਵਾਹਿਗੁਰੂ ਦੀ ਕੀਰਤੀ[68] ਸੁਣਦੇ ਹਨ ਅਤੇ ਨਾ ਹੀ ਵਾਹਿਗੁਰੂ ਦੀਆਂ ਵਡਿਆਈਆਂ[69] ਗਾਉਂਦੇ ਹਨ, ਪਰ ਆਪਣੀਆਂ ਗੱਲਾਂ[70] ਨਾਲ ਹੀ ਅਕਾਸ਼[71] ਨੂੰ ਢਾਉਂਦੇ[72] ਹਨ,
ਇਹੋ ਜਿਹੇ ਲੋਕਾਂ[73] ਨੂੰ ਬੰਦਾ ਕੀ ਆਖੇ ?
ਜਿਨ੍ਹਾਂ ਨੂੰ ਸੁਆਮੀ ਨੇ ਆਪਣੀ ਪ੍ਰੇਮ-ਮਈ ਸੇਵਾ[74] ਤੋਂ ਵਾਂਝਿਆਂ[75] ਰੱਖਿਆ ਹੈ, ਤੂੰ ਉਨ੍ਹਾਂ[76] ਤੋਂ ਸਦੀਵ[77] ਹੀ ਡਰਦਾ[78] ਰਹੋ। ਠਹਿਰਾਉ।

ਖ਼ੁਦ[79] ਤਾਂ ਉਹ ਪਾਣੀ ਦੀ ਇਕ ਚੁਲੀ[80] ਭਰ ਭੀ ਨਹੀਂ ਦਿੰਦੇ, ਪਰ ਬਦਖੋਈ[81] ਉਸ ਦੀ ਕਰਦੇ ਹਨ ਜਿਸ ਨੇ ਗੰਗਾ ਲਿਆਂਦੀ[82] ਹੈ।

ਬੈਠਤ ਉਠਤ ਕੁਟਿਲਤਾ[83] ਚਾਲਹਿ[84] ॥	Sitting or standing, crooked[83] are their ways[84].	ਬਹਿੰਦਿਆਂ ਤੇ ਉਠਦਿਆਂ ਟੇਢੀ[83] ਹੈ ਉਨ੍ਹਾਂ ਦੀ ਚਾਲ[84]।
ਆਪੁ[85] ਗਏ[86] ਅਉਰਨ[87] ਹੂ ਘਾਲਹਿ[88] ॥੩॥	They themselves[85] are ruined[86] and they ruin[88] others[87].	ਉਹ ਖ਼ੁਦ[85] ਤਬਾਹ[86] ਹੋ ਗਏ ਨੇ ਅਤੇ ਹੋਰਨਾਂ[87] ਨੂੰ ਤਬਾਹ[88] ਕਰਦੇ ਹਨ ।
ਛਾਡਿ[88]*ਕੁਚਰਚਾ[89]ਆਨ[90] ਨ ਜਾਨਹਿ ॥	Save[88]* evil talk[89], they know nothing else[90].	ਮੰਦੀ ਗੱਲਬਾਤ[89] ਦੇ ਬਗ਼ੈਰ[88]* ਉਹ ਹੋਰ[90] ਕੁਛ ਨਹੀਂ ਜਾਣਦੇ ।
ਬ੍ਰਹਮਾ[91] ਹੂ ਕੋ ਕਹਿਓ[92] ਨ ਮਾਨਹਿ[93] ॥੪॥	They obey[93] not even[91] Brahma's bidding[92].	ਉਹ ਬ੍ਰਹਮਾ ਜੀ ਦੀ ਗੱਲ[92] ਭੀ[91] ਨਹੀਂ ਮੰਨਦੇ[93] ।
ਆਪੁ ਗਏ[94] ਅਉਰਨ ਹੂ ਖੋਵਹਿ[95] ॥	They themselves are gone amiss[94] and they mislead[95] others.	ਉਹ ਆਪ ਕੁਰਾਹੇ[94] ਪਏ ਹੋਏ ਹਨ ਅਤੇ ਹੋਰਨਾਂ ਨੂੰ ਭੀ ਗੁਮਰਾਹ[95] ਕਰਦੇ ਹਨ ।
ਆਗਿ ਲਗਾਇ ਮੰਦਰ[96] ਮੈ[97] ਸੋਵਹਿ ॥੫॥	Setting their mansion[96] on fire, they sleep therein[97].	ਆਪਣੇ ਮਹਿਲ[96] ਨੂੰ ਲੂੰਬਾ ਲਾ ਕੇ ਉਹ ਉਸ ਅੰਦਰ[97] ਸੌਂਦੇ ਹਨ ।
ਅਵਰਨ ਹਸਤ[98] ਆਪ ਹਹਿ[99] ਕਾਂਨੇ[100] ॥	They laugh[98] at others though they themselves are[99] one-eyed[100].	ਉਹ ਹੋਰਨਾਂ ਦੀ ਹਾਸੀ[98] ਉਡਾਉਂਦੇ ਹਨ ਭਾਵੇਂ ਖ਼ੁਦ ਇਕ ਅੱਖ ਵਾਲੇ[100] ਹਨ[99] ।
ਤਿਨ ਕਉ ਦੇਖਿ ਕਬੀਰ ਲਜਾਨੇ[2] ॥੬॥੧॥੪੪॥	On beholding them, Kabir is ashamed[2].	ਉਨ੍ਹਾਂ ਨੂੰ ਵੇਖ ਕੇ ਕਬੀਰ ਨੂੰ ਸ਼ਰਮ ਆਉਂਦੀ[2] ਹੈ ।
ਰਾਗੁ ਗਉੜੀ ਬੈਰਾਗਣਿ ਕਬੀਰ ਜੀ ੧	Measure Gauri Bairagan Kabir ji	ਰਾਗ ਗਉੜੀ ਬੈਰਾਗਣਿ ਕਬੀਰ ਜੀ
੧ ੴ ਸਤਿਗੁਰ ਪ੍ਰਸਾਦਿ ॥	There is but one God. By the Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਜੀਵਤ[3] ਪਿਤਰ[4] ਨ ਮਾਨੈ[5] ਕੋਊ ਮੂਏਂ ਸਿਰਾਧ[6] ਕਰਾਹੀ ॥	One serves[5] not his ancestors[4] when they are alive[3], but he gives them feasts[6] when they are dead.	ਆਦਮੀ ਵੱਡੇ ਵਡੇਰਿਆਂ[4] ਦੀ ਉਨ੍ਹਾਂ ਦੇ ਜੀਉਂਦਿਆਂ[3] ਤਾਂ ਸੇਵਾ[5] ਨਹੀਂ ਕਰਦਾ ਪਰ ਉਨ੍ਹਾਂ ਦੇ ਮਰਨ ਤੇ ਉਨ੍ਹਾਂ ਨੂੰ ਭੋਜਨ[6] ਖੁਆਉਂਦਾ ਹੈ ।
ਪਿਤਰ ਭੀ ਬਪੁਰੇ[7] ਕਹੁ[8] ਕਿਉ[9] ਪਾਵਹਿ[10] ਕਉਆ[12] ਕੂਕਰ[13] ਖਾਹੀ ॥੧॥	Say[8], how[9] shall the poor[7] parents obtain[10] what the crows[12] and dogs[13] have eaten up ?	ਦੱਸੋ[8], ਜੋ ਕੁਛ[12] ਕਾਂ ਤੇ ਕੁੱਤੇ[13] ਖਾ ਗਏ ਹਨ, ਉਹ ਗ਼ਰੀਬ[7] ਮਾਪਿਆਂ ਨੂੰ ਕਿਸ ਤਰ੍ਹਾਂ[9] ਮਿਲੇਗਾ[10] ?
ਮੋਕਉ[14]ਕੁਸਲੁ[15]ਬਤਾਵਹੁ[16] ਕੋਈ ॥	Let some one tell[16] me[14] what the "real[15] joy" is.	ਕੋਈ ਮੈਨੂੰ[14] ਦੱਸੋ[16] ਕਿ "ਅਸਲ ਖ਼ੁਸ਼ੀ[15]" ਕੀ ਹੈ ?
ਕੁਸਲ[17] ਕੁਸਲੁ ਕਰਤੇ ਜਗੁ ਬਿਨਸੈ[18] ਕੁਸਲੁ ਭੀ ਕੈਸੇ ਹੋਈ ॥੧॥ਰਹਾਉ॥	Talking of real satisfaction[17], the world is dying[18]. How can spiritual appeasment be obtained ? Pause.	ਮਾਨਸਕ ਧਰਵਾਸ[17] ਕਹਿੰਦਾ ਕਹਿੰਦਾ ਜਹਾਨ ਮਰਦਾ[18] ਜਾ ਰਿਹਾ ਹੈ । ਰੂਹਾਨੀ ਰੱਜ ਕਿਸ ਤਰ੍ਹਾਂ ਪਰਾਪਤ ਹੋ ਸਕਦਾ ਹੈ ? ਠਹਿਰਾਉ ।
ਮਾਟੀ[19] ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ[20] ਦੇਹੀ[21] ॥	Making goddesses and gods of clay[19], the mortals offer[21] them living creatures[20].	ਮਿੱਟੀ[19] ਦੀਆਂ ਦੇਵੀਆਂ ਅਤੇ ਦੇਵਤੇ ਬਣਾ ਕੇ ਪ੍ਰਾਣੀ ਉਨ੍ਹਾਂ ਨੂੰ ਜੀਉਂਦੇ ਜੀਵਾਂ[20] ਦੀਆਂ ਭੇਟਾਂ ਚੜ੍ਹਾਉਂਦੇ[21] ਹਨ ।

ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ[22] ਨ ਲੇਹੀ[23] ॥੨॥
ਸਰਜੀਉ[24] ਕਾਟਹਿ[25] ਨਿਰਜੀਉ[26] ਪੂਜਹਿ ਅੰਤਕਾਲ[27] ਕਉ ਭਾਰੀ[28] ॥

Such are said to be your deceased parents, who cannot ask[22] for what they want to have[23].
You behead[25] living beings[24] and worship lifeless[26] things. At the last moment[27], great[28] shall be your suffering.

ਇਹੋ ਜਿਹੇ ਆਖੇ ਜਾਂਦੇ ਹਨ, ਤੁਹਾਡੇ ਮਰੇ ਹੋਏ ਮਾਪੇ, ਜਿਹੜੇ ਜੋ ਕੁਛ ਉਹ ਲੈਣਾ[23] ਲੋੜਦੇ ਹਨ, ਆਖ[22] ਕੇ ਨਹੀਂ ਲੈ ਸਕਦੇ ।
ਤੁਸੀਂ ਪ੍ਰਾਣਧਾਰੀਆਂ[24] ਨੂੰ ਮਾਰ[25] ਕੇ ਮੁਰਦਾ[26] ਸ਼ੈਆਂ ਨੂੰ ਪੂਜਦੇ ਹੋ । ਅਖ਼ੀਰ ਦੇ ਵੇਲੇ[27] ਤੁਹਾਨੂੰ ਬਹੁਤ[28] ਮੁਸ਼ਕਿਲ ਬਣੇਗੀ ।

ਰਾਮ ਨਾਮ ਕੀ ਗਤਿ[29] ਨਹੀ ਜਾਨੀ ਭੈ[30] ਡੂਬੇ[31] ਸੰਸਾਰੀ[32] ॥੩॥

You know not the worth[29] of Lord's Name, you shall be drowned[31] in the terrible[30] world[32]-ocean.

ਤੁਸੀਂ ਸੁਆਮੀ ਦੇ ਨਾਮ ਦੀ ਕਦਰ[29] ਨੂੰ ਨਹੀਂ ਜਾਣਦੇ ! ਤੁਸੀਂ ਡਰਾਉਣੇ[30] ਜਗਤ[32] ਸਮੁੰਦਰ ਵਿਚ ਡੁੱਬ[31] ਜਾਓਗੇ ।

ਦੇਵੀ ਦੇਵਾ ਪੂਜਹਿ[33] ਡੋਲਹਿ[34] ਪਾਰਬ੍ਰਹਮੁ[35] ਨਹੀ ਜਾਨਾ[36] ॥

You adore[33] goddesses and gods, waver[34] in your faith and know[36] not the Supreme Lord[35].

ਤੁਸੀਂ ਦੇਵੀਆਂ ਅਤੇ ਦੇਵਤਿਆਂ ਦੀ ਉਪਾਸ਼ਨਾ[33] ਕਰਦੇ ਹੋ । ਆਪਣੇ ਭਰੋਸੇ ਵਿਚ ਡੋਲਦੇ[34] ਰਹਿੰਦੇ ਹੋ ਅਤੇ ਸ਼ਰੋਮਣੀ ਸਾਹਿਬ[35] ਨੂੰ ਨਹੀਂ ਸਮਝਦੇ[36] ।

ਕਹਤ ਕਬੀਰ ਅਕੁਲੁ[37] ਨਹੀ ਚੇਤਿਆ[38] ਬਿਖਿਆ[39] ਸਿਉ[40] ਲਪਟਾਨਾ[41] ॥੪॥ ੧॥੪੫॥

Says Kabir, you have not remembered[38] the ancestorless[37] Lord and are clinging[41] to[40] the deadly[39] sins.

ਕਬੀਰ ਜੀ ਆਖਦੇ ਹਨ, ਤੁਸੀਂ ਕੁਲ-ਰਹਿਤ[37] ਪ੍ਰਭੂ ਦਾ ਆਰਾਧਨ[38] ਨਹੀਂ ਕੀਤਾ ਅਤੇ ਪ੍ਰਾਣ-ਨਾਸਕ[39] ਪਾਪਾਂ ਨਾਲ[40] ਚਿਮੜੇ[41] ਹੋਏ ਹੋ ।

ਗਉੜੀ ॥

Gauri.

ਗਉੜੀ ।

ਜੀਵਤ ਮਰੈ ਮਰੈ ਫੁਨਿ[42] ਜੀਵੈ ਐਸੇ[43] ਸੁੰਨਿ[44] ਸਮਾਇਆ[45] ॥

Man ought to remain dead in life, and being so dead should revive, again[42], through the Name. Like this[43] he is absorbed[45] in the formless[44] Lord

ਆਦਮੀ ਨੂੰ ਜੀਉਂਦਿਆਂ ਮਰੇ ਰਹਿਣਾ ਚਾਹੀਦਾ ਹੈ ਅਤੇ ਮਰ ਕੇ, ਨਾਮ ਦੇ ਰਾਹੀਂ ਮੁੜ[42] ਕੇ ਜੀਉਣਾ ਚਾਹੀਦਾ ਹੈ । ਐਸ ਤਰ੍ਹਾਂ[43] ਉਹ ਨਿਰਗੁਣ ਪ੍ਰਭੂ[44] ਵਿਚ ਲੀਨ[45] ਹੋ ਜਾਂਦਾ ਹੈ ।

ਅੰਜਨ[46]ਮਾਹਿ[47]ਨਿਰੰਜਨਿ[48] ਰਹੀਐ ਬਹੁੜਿ[49] ਨ[50] ਭਵਜਲਿ[51]ਪਾਇਆ[52]॥੧॥

By remaining pure[48] amid[47] impurity[46], he falls[52] not again[49], into the terrible[50] world-ocean[51].

ਅਪਵਿੱਤਰਤਾ[46] ਅੰਦਰ[47] ਪਵਿੱਤਰ[48] ਰਹਿਣ ਦੁਆਰਾ ਉਹ ਮੁੜ[49] ਕੇ ਭਿਆਨਕ[50] ਜਗਤ ਸਮੁੰਦਰ[51] ਅੰਦਰ ਨਹੀਂ ਪੈਂਦਾ[52] ।

ਮੇਰੇ ਰਾਮ ਐਸਾ ਖੀਰੁ[53] ਬਿਲੋਈਐ[54] ॥

My Master, such milk[53] should be churned[54].

ਮੇਰੇ ਮਾਲਕ ! ਇਹੋ ਜਿਹਾ ਦੂਧ[53] ਰਿੜਕਣਾ[54] ਉਚਿੱਤ ਹੈ ।

ਗੁਰਮਤਿ[54*] ਮਨੂਆ ਅਸਥਿਰੁ[55] ਰਾਖਹੁ ਇਨ ਬਿਧਿ[56] ਅੰਮ੍ਰਿਤੁ[58] ਪੀਓਈਐ[57] ॥੧॥ਰਹਾਉ॥

Under Guru's instruction[54*], keep thy mind steadfast[55]. In this way[56] shalt thou drink[57] the Name Nectar[58]. Pause.

ਗੁਰਾਂ ਦੇ ਉਪਦੇਸ਼[54*] ਤਾਬੇ, ਤੂੰ ਆਪਣੇ ਮਨ ਨੂੰ ਅਹਿੱਲ[55] ਰੱਖ । ਇਸ ਤਰੀਕੇ[56] ਨਾਲ ਤੂੰ ਨਾਮ ਦੇ ਸੁਧਾਰਸ[58] ਨੂੰ ਪਾਨ ਕਰ[57] ਲਵੇਂਗਾ । ਠਹਿਰਾਉ ।

ਗੁਰ ਕੈ ਬਾਣਿ[59] ਬਜਰ[60] ਕਲ[61] ਛੇਦੀ[62] ਪ੍ਰਗਟਿਆ[63] ਪਦੁ[64] ਪਰਗਾਸਾ[65] ॥

The Guru's arrow[59] has pierced[62] the admantine[60] Dark-age[61] and the state[64] of illumination[65] has dawned[63] upon me.

ਗੁਰਾਂ ਦੇ ਤੀਰ[59] ਨੇ ਕਰੜੇ[60] ਕਲਜੁਗ[61] ਨੂੰ ਵਿੰਨ੍ਹ[62] ਸੁਟਿਆ ਹੈ ਅਤੇ ਪਰਕਾਸ਼[65] ਦੀ ਅਵਸਥਾ[64] ਮੇਰੇ ਉਤੇ ਆ ਉਦੈ[63] ਹੋਈ ਹੈ ।

ਸਕਤਿ[66] ਅਧੇਰ[67] ਜੇਵੜੀ[68] ਭ੍ਰਮੁ[69] ਚੂਕਾ[70] ਨਿਹਚਲੁ[71] ਸਿਵ[72] ਘਰਿ[73]ਬਾਸਾ[74]॥੨॥

Due to the darkness[67] of mammon[66] my mistaking[69] the rope[68] for a snake, is ended[70] and I now abide[74] in the Lord's[72] eternal[71] mansion[73].

ਮਾਇਆ[66] ਦੇ ਅੰਨ੍ਹੇਰੇ[67] ਦੇ ਸਬੱਬ ਰੱਸੇ[68] ਨੂੰ ਸੱਪ ਖ਼ਿਆਲ ਕਰਨ ਦੀ ਮੇਰੀ ਗ਼ਲਤ-ਫ਼ਹਿਮੀ[69] ਦੂਰ[70] ਹੋ ਗਈ ਹੈ ਅਤੇ ਮੈਂ ਹੁਣ ਸੁਆਮੀ[72] ਦੇ ਸਦੀਵੀ ਸਥਿਰ[71] ਮੰਦਰ[73] ਅੰਦਰ ਵਸਦਾ[74] ਹਾਂ।

੩੩੩

ਤਿਨਿ[75] ਬਿਨੁ[76] ਬਾਣੈ[77] ਧਨਖੁ[78] ਚਢਾਈਐ[79] ਇਹੁ ਜਗੁ ਬੇਧਿਆ[80] ਭਾਈ[81] ॥ [82]ਦਹਦਿਸ[83]ਬੂਡੀ[84]ਪਵਨੁ[85] ਝੁਲਾਵੈ[86] ਡੋਰਿ[87] ਰਹੀ ਲਿਵ[88] ਲਾਈ[89] ॥੩॥

333

The[75] mammon has stretched[79] the bow[78] without[76] an arrow[77], and has pierced[80]this world, O my brethren[81]. In ten[82] directions[83], the drowned mortal[84] moves[86] about in the wind[85], but I keep myself attached[89] to the string[87] of Lord's love[88].

੩੩੩

ਉਸ[75] ਮਾਇਆ ਨੇ ਤੀਰ[77] ਦੇ ਬਗ਼ੈਰ[76] ਹੀ ਕਮਾਨ[78] ਖਿੱਚੀ[79] ਹੈ ਅਤੇ ਇਸ ਸੰਸਾਰ ਨੂੰ ਵਿੰਨ੍ਹ[80] ਸੁੱਟਿਆ ਹੈ, ਹੇ ਮੇਰੇ ਭਰਾਓ[81]। ਡੁੱਬਿਆ ਹੋਇਆ ਪ੍ਰਾਣੀ[84], ਹਵਾ[85] ਵਿਚ ਦਸੀਂ[82] ਪਾਸੀਂ[83] ਹੁਲਾਰੇ[86] ਖਾਂਦਾ ਹੈ, ਪਰ ਮੈਂ ਪ੍ਰਭੂ ਦੀ ਪ੍ਰੀਤ[88] ਦੇ ਧਾਗੇ[87] ਨਾਲ ਜੁੜਿਆ[89] ਹੋਇਆ ਹਾਂ।

ਉਨਮਨਿ[90] ਮਨੂਆ[91] ਸੁੰਨਿ[92] ਸਮਾਨਾ[93]ਦੁਬਿਧਾ[94] [95]ਦੁਰਮਤਿ[96] ਭਾਗੀ[97] ॥ ਕਹੁ ਕਬੀਰ ਅਨਭਉ[98] ਇਕੁ[99] ਦੇਖਿਆ ਰਾਮ ਨਾਮਿ ਲਿਵ[100] ਲਾਗੀ[2] ॥੪॥੨॥ ੪੬॥

The perturbed[90] mind[91] is absorbed[93] in the Lord[92], and duality[94] and evil[95] intellect[96] have fled[97]. Says Kabir, by imbibing[2] affection[100] for Lord's Name, I have seen the fearless[98] Unique[99] God

ਉਖੜੀ[90] ਹੋਈ ਆਤਮਾ[91] ਸੁਆਮੀ[92] ਅੰਦਰ ਲੀਨ[93] ਹੋ ਗਈ ਹੈ ਅਤੇ ਦਵੈਤ-ਭਾਵ[94] ਤੇ ਖੋਟੀ[95] ਬੁੱਧੀ[96] ਦੌੜ[97] ਗਏ ਹਨ। ਕਬੀਰ ਜੀ ਆਖਦੇ ਹਨ ਕਿ ਸੁਆਮੀ ਦੇ ਨਾਮ ਨਾਲ ਪਿਆਰ[100] ਪਾ[2] ਕੇ ਮੈਂ ਨਿਡੱਰ[98] ਅਦੁੱਤੀ[99] ਵਾਹਿਗੁਰੂ ਨੂੰ ਵੇਖ ਲਿਆ ਹੈ।

ਗਉੜੀ ਬੈਰਾਗਣਿ ਤਿਪਦੇ ॥ ਉਲਟਤ[3] ਪਵਨ[4] ਚੈਕ੍ਰ[5] ਖਟੁ[6] ਭੇਦੇ[7] ਸੁਰਤਿ[8] ਸੁੰਨ[9] ਅਨਰਾਗੀ[10] ॥

Gauri Bairagan Tipade.

By turning[3] my thought[4] towards God, I have pierced[7] the six[6] body rings[5] and my mind[8] got enamoured[10] of the Lord[9].

ਗਉੜੀ ਬੈਰਾਗਣਿ ਤਿਪਦੇ। ਆਪਣੇ ਖ਼ਿਆਲ[4] ਨੂੰ ਵਾਹਿਗੁਰੂ ਵੱਲ ਉਲਟਾ[3] ਕੇ, ਮੈਂ ਸਰੀਰ ਦਿਆਂ ਛਿਆਂ[6] ਛੱਲਿਆਂ[5] ਨੂੰ ਵਿੰਨ੍ਹ ਸੁਟਿਆ[7] ਹੈ ਅਤੇ ਮੇਰਾ ਮਨ[8] ਸੁਆਮੀ[9] ਤੇ ਫ਼ਰੇਫ਼ਤਾ[10] ਹੋ ਗਿਆ ਹੈ।

ਆਵੈ ਨ ਜਾਇ ਮਰੈ ਨ ਜੀਵੈ[12] ਤਾਸੁ[13] ਖੋਜੁ[14] ਬੈਰਾਗੀ[15] ॥੧॥

O world-renouncer[15] search[14] Him[13], who comes and goes not, and who neither dies nor is born[12].

ਹੇ ਸੰਸਾਰ-ਤਿਆਗੀ[15],ਉਸ[13] ਦੀ ਖੋਜ-ਭਾਲ[14] ਕਰ, ਜੋ ਨਾ ਆਉਂਦਾ ਅਤੇ ਜਾਂਦਾ ਹੈ ਅਤੇ ਜੋ ਨਾ ਮਰਦਾ ਹੈ, ਤੇ ਨਾ ਹੀ ਜੰਮਦਾ[12] ਹੈ।

ਮੇਰੇ[16] ਮਨ[17] ਮਨ[18] ਹੀ ਉਲਟਿ[19] ਸਮਾਨਾ[20] ॥

Turning away[19] from the world,my[16] soul[17] is merged[20] into the Supreme soul[18].

ਸੰਸਾਰ ਵਲੋਂ ਉਲਟ ਕੇ[19], ਮੇਰੀ[16] ਆਤਮਾ[17] ਪਰਮ ਆਤਮਾ[18] ਅੰਦਰ ਲੀਨ[20] ਹੋ ਗਈ ਹੈ।

ਗੁਰ ਪਰਸਾਦਿ[21] ਅਕਲਿ[22] ਭਈ[23] ਅਵਰੈ[24] ਨਾਤਰੁ[25] ਥਾ[26] ਬੇਗਾਨਾ[27] ॥ ੧ ॥ ਰਹਾਉ॥

By Guru's grace[21], my understanding[22] has become[23] different[24], otherwise[25] I was[26] quite ignorant[27]. Pause.

ਗੁਰਾਂ ਦੀ ਦਇਆ[21] ਦੁਆਰਾ, ਮੇਰੀ ਸਮਝ[22] ਅੱਡਰੀ[24] ਹੋ ਗਈ[23] ਹੈ। ਨਹੀਂ ਤਾਂ[25] ਮੈਂ ਬਿਲਕੁਲ ਹੀ ਅਗਿਆਨੀ[27] ਸਾਂ[26]। ਠਹਿਰਾਉ।

ਨਿਵਰੈ[28] ਦੂਰਿ[29] ਦੂਰਿ ਫੁਨਿ[30]ਨਿਵਰੈ ਜਿਨਿ ਜੈਸਾ[31] ਕਰਿ ਮਾਨਿਆ[32] ॥

What was near[28] has become distant[29], and again[30], what was distant has become near for him who realises[32] the Lord as[31] He is.

ਜੋ ਨੇੜੇ[28] ਸੀ ਉਹ ਦੂਰੇਡੇ[29] ਹੋ ਗਿਆ ਅਤੇ ਮੁੜ[30] ਜੋ ਦੂਰੇਡੇ ਸੀ ਉਹ ਨੇੜੇ ਹੋ ਗਿਆ ਹੈ, ਉਸ ਦੇ ਲਈ, ਜੋ ਸੁਆਮੀ ਨੂੰ ਜੇਹੋ ਜੇਹਾ[31] ਉਹ ਹੈ, ਵੈਸਾ ਹੀ ਅਨੁਭਵ[32] ਕਰਦਾ ਹੈ।

ਅਲਉਤੀ[33] ਕਾ ਜੈਸੇ[34] ਭਇਆ[35] ਬਰੇਡਾ[36] ਜਿਨਿ ਪੀਆ[37] ਤਿਨਿ ਜਾਨਿਆ ॥ ੨॥

As[34] is the sugary water[36] made[35] from sugar-candy[33], only he who drinks[37] it knows its relish.

ਜਿਸ ਤਰ੍ਹਾਂ[34] ਮਿਸਰੀ[33] ਦਾ ਬਣਿਆ[35] ਹੋਇਆ ਸ਼ਰਬਤ[36], ਕੇਵਲ ਓਹੀ ਇਸ ਦੇ ਸੁਆਦ ਨੂੰ ਜਾਣਦਾ ਹੈ, ਜੋ ਇਸ ਨੂੰ ਪਾਨ[37] ਕਰਦਾ ਹੈ।

ਤੇਰੀ [38]ਨਿਰਗੁਨ[43] ਕਥਾ[39] ਕਾਇ[40] ਸਿਉ ਕਹੀਐ[41] ਐਸਾ[42] ਕੋਇ ਬਿਬੇਕੀ[44] ॥

To whom[40] shall I narrate[41] Thy discourse[39], O Lord, which is beyond[38] three qualities[43] ? Is there any such[42] discriminating person[44] ?

ਤੇਰੀ ਤਿੰਨਾਂ ਲੱਛਣਾਂ[43]-ਰਹਿਤ[38] ਕਥਾ ਵਾਰਤਾ[39] ਕਿਸ ਨੂੰ[40] ਦੱਸਾਂ[41], ਹੇ ਪ੍ਰਭੂ ! ਕੀ ਕੋਈ ਇਹੋ ਜਿਹਾ[42] ਪਰਬੀਨ-ਪੁਰਸ਼[44] ਹੈ ?

ਕਹੁ ਕਬੀਰ ਜਿਨਿ ਦੀਆ[45] ਪਲੀਤਾ[46] ਤਿਨਿ ਤੈਸੀ[47] ਝਲ[48] ਦੇਖੀ ॥੩॥੩॥੪੭॥

As is the fuse[46] of spiritual understanding, that one applies[45], so[47] is the Divine flash[48], which he sees.

ਜਿਹੋ ਜਿਹਾ ਰੂਹਾਨੀ ਗਿਆਤ ਦਾ ਪਲੀਤਾ[46] ਬੰਦਾ ਲਾਉਂਦਾ[45] ਹੈ, ਉਹੋ ਜਿਹੀ[47] ਹੀ ਈਸ਼ਵਰੀ ਝਲਕ[48] ਉਹ ਵੇਖ ਲੈਂਦਾ ਹੈ।

ਗਉੜੀ ॥

Gauri.

ਗਉੜੀ ।

ਤਹ[49] ਪਾਵਸ[50] ਸਿੰਧੁ[51] ਧੂਪ[52] ਨਹੀ ਛਹੀਆ[53] ਤਹ ਉਤਪਤਿ[54] ਪਰਲਉ[55] ਨਾਹੀ ॥

There[49] with the Lord is no rainy season[50], ocean[51], sun-shine[52] and shade[53]. There is no creation[54] or destruction[55].

ਉਥੇ[49] ਪ੍ਰਭੂ ਪਾਸ ਕੋਈ ਬਰਖਾ ਰੁੱਤ[50],ਸਮੁੰਦਰ[51], ਧੁੱਪ[52] ਅਤੇ ਛਾਂ[53] ਨਹੀਂ। ਉਥੇ ਉਤਪਤੀ[54] ਜਾਂ ਤਬਾਹੀ[55] ਭੀ ਨਹੀਂ।

ਜੀਵਨ[56]ਮਿਰਤੁ[57] ਨ ਦੁਖੁ[58] ਸੁਖੁ[59] ਬਿਆਪੈ[60] ਸੁੰਨ ਸਮਾਧਿ[61] ਦੋਊ[62] ਤਹ[63] ਨਾਹੀ ॥੧॥

No life[56], no death[57], no sorrow[58] or joy[59] is felt[60] there. There[63] is only profound trance[61] and no duality[62].

ਉਥੇ ਜੰਮਣਾ[56] ਤੇ ਮਰਣਾ[57] ਨਹੀਂ, ਨਾ ਹੀ ਗ਼ਮ[58] ਜਾਂ ਖ਼ੁਸ਼ੀ[59] ਮਹਿਸੂਸ ਹੁੰਦੀ[60] ਹੈ। ਉਥੇ[63] ਕੇਵਲ ਅਫੁਰ ਸਮਾਧੀ[61] ਹੈ, ਅਤੇ ਦਵੈਤ-ਭਾਵ[62] ਨਹੀਂ !

ਸਹਜ[64] ਕੀ ਅਕਥ[65] ਕਥਾ[66] ਹੈ ਨਿਰਾਰੀ[67] ॥

The discourse[66] of Sahaj-state[64] is peerless[67] and ineffable[65].

ਸਹਿਜ ਦੀ ਅਵਸਥਾ[64] ਦੀ ਵਾਰਤਾ[66] ਲਾਸਾਨੀ[67] ਅਤੇ ਅਕਹਿ[65] ਹੈ।

ਤੁਲਿ[68] ਨਹੀ ਚਢੈ ਜਾਇ ਨ ਮੁਕਾਤੀ[69] ਹਲੁਕੀ[70] ਲਗੈ ਨ ਭਾਰੀ[71] ॥੧॥ ਰਹਾਉ॥

Neither it is weighed[68], nor is it exhausted[69]. It is neither light[70] nor heavy[71]. Pause.

ਇਹ ਨ ਤੋਲੀ[68] ਜਾਂਦੀ ਹੈ ਅਤੇ ਨਾ ਹੀ ਮੁਕਦੀ[69] ਹੈ। ਨਾ ਇਹ ਹੌਲੀ[70] ਹੈ ਅਤੇ ਨਾ ਹੀ ਬੋਝਲ[71]। ਠਹਿਰਾਉ।

ਅਰਧ[72] ਉਰਧ[73] ਦੋਊ ਤਹ[74]ਨਾਹੀ ਰਾਤਿ ਦਿਨਸੁ[75] ਤਹ ਨਾਹੀ ॥

Both the nether region[72] and upper one[73] are not there[74]. Night and day[75] too are not there.

ਹੇਠਲਾ ਲੋਕ[72] ਅਤੇ ਉਪਰਲਾ[73] ਦੋਨੋਂ ਹੀ ਉਥੇ[74] ਨਹੀਂ। ਰੈਣ ਅਤੇ ਦਿਹੁੰ[75] ਭੀ ਉਥੇ ਨਹੀਂ।

ਜਲੁ[76] ਨਹੀ ਪਵਨੁ[77]

Again[79] there is no water[76], wind[77]

ਫਿਰ[79] ਉਥੇ ਪਾਣੀ[76] ਹਵਾ[77] ਅਤੇ ਅੱਗ[78] ਨਹੀਂ। ਸੱਚਾ

ਪਾਵਕੁ[78] ਫੂਨਿ[79] ਨਾਹੀ ਸਤਿਗੁਰ ਤਹਾ ਸਮਾਹੀ[80] ॥੨॥	and fire[78]. The True Guru is there contained[80].	ਗੁਰੂ ਉਥੇ ਰਮ ਰਿਹਾ[80] ਹੈ।
ਅਗਮ[81] ਅਗੋਚਰੁ[82] ਰਹੈ[83] ਨਿਰੰਤਰਿ[84] ਗੁਰ ਕਿਰਪਾ[85] ਤੇ ਲਹੀਐ[86] ॥	The Inaccessible[81] and Inapprehensible[82] One abides[83] there within Himself[84]. By Guru's grace[85] He is obtained[86].	ਪਹੁੰਚ ਤੋਂ ਪਰੇ[81] ਅਤੇ ਸੋਚ ਸਮਝ ਤੋਂ ਉਚੇਰਾ[82] ਪੁਰਖ ਉਥੇ ਆਪਣੇ ਆਪ ਦੇ ਅੰਦਰ[84] ਨਿਵਾਸ ਰੱਖਦਾ[83] ਹੈ। ਗੁਰਾਂ ਦੀ ਦਇਆ ਦੁਆਰਾ[85] ਉਹ ਪਾਇਆ[86] ਜਾਂਦਾ ਹੈ
ਕਹੁ ਕਬੀਰ ਬਲਿ[87] ਜਾਉ ਗੁਰ ਅਪੁਨੇ ਸਤਸੰਗਤਿ ਮਿਲਿ[88] ਰਹੀਐ ॥੩॥੪॥ ੪੮ ॥	Says Kabir, I am a sacrifice[87] unto my Guru and I remain attached[88] with the saints' congregation.	ਕਬੀਰ ਜੀ ਆਖਦੇ ਹਨ, ਮੈਂ ਆਪਣੇ ਗੁਰਾਂ ਤੋਂ ਕੁਰਬਾਨ[87] ਹਾਂ ਅਤੇ ਸਾਧ ਸੰਗਤ ਨਾਲ ਜੁੜਿਆ[88] ਰਹਿੰਦਾ ਹਾਂ।
ਗਉੜੀ ॥	Gauri.	ਗਉੜੀ।
ਪਾਪੁ[89] ਪੁੰਨੁ[90] ਦੁਇ[91] ਬੈਲ[92] ਬਿਸਾਹੇ[93] ਪਵਨੁ[94] ਪੂਜੀ[95] ਪਰਗਾਸਿਓ[96] ॥	With both[91] merits[90] and demerits[89] the body ox[92] is bought[93] and life[94] appears[96] as the capital[95].	ਦੋਨੋਂ[91] ਨੇਕੀਆਂ[90] ਅਤੇ ਬਦੀਆਂ[89] ਨਾਲ ਦੇਹਿ ਦਾ ਬਲਦ[92] ਮੁੱਲ ਲਿਆ[93] ਗਿਆ ਹੈ ਅਤੇ ਜਿੰਦ ਜਾਨ[94] ਰਾਸ[95] ਵਜੋਂ ਪਰਗਟ[96] ਹੋਈ ਹੈ।
ਤ੍ਰਿਸਨਾ[97] ਗੂਣਿ[98] ਭਰੀ[99] ਘਟ[100] ਭੀਤਰਿ[2] ਇਨ ਬਿਧਿ[3] ਟਾਂਡ[4] ਬਿਸਾਹਿਓ[5] ॥੧॥	In this way[3] the herd[4] has been purchased[5]. The heart[100] bag[98] on the ox's back is filled[99] from within[2] with desires[97].	ਇਸ ਤਰੀਕੇ ਨਾਲ[3] ਵੱਗ[4] ਖਰੀਦਿਆ[5] ਗਿਆ ਹੈ। ਬਲਦ ਦੀ ਪਿੱਠ ਉਪਰ ਦੀ ਦਿਲ[100] ਦੀ ਬੋਰੀ[98] ਅੰਦਰੋਂ[2] ਖਾਹਿਸ਼ਾਂ[97] ਨਾਲ ਭਰੀ[99] ਹੋਈ ਹੈ।
ਐਸਾ[6] ਨਾਇਕੁ[7] ਰਾਮੁ[8] ਹਮਾਰਾ[9] ॥	Such[6] wealthy[7] Banker is my[9] Lord[8].	ਇਹੋ ਜਿਹਾ[6] ਮਾਲਦਾਰ ਸ਼ਾਹੂਕਾਰ[7] ਹੈ ਮੇਰਾ[9] ਸੁਆਮੀ[8]!
ਸਗਲ[10] ਸੰਸਾਰੁ[12] ਕੀਓ[13] ਬਨਜਾਰਾ[14] ॥੧॥ ਰਹਾਉ॥	The whole[10] world[12], He has made[13] His pedlar[14]. Pause.	ਸਾਰੇ[10] ਜਹਾਨ[12] ਨੂੰ ਉਸਨੇ ਆਪਣਾ ਛੋਟਾ ਹਟਵਾਣੀਆ[14] ਬਣਾਇਆ[13] ਹੋਇਆ ਹੈ। ਠਹਿਰਾਉ।
ਕਾਮੁ[15] ਕ੍ਰੋਧੁ[16] ਦੁਇ ਭਏ ਜਗਾਤੀ[17] ਮਨ ਤਰੰਗ[18] ਬਟਵਾਰਾ[19] ॥	Lust[15] and wrath[16] are both the tax-gatherers[17] and the waves[18] of the mind are the highway robbers[19].	ਵਿਸ਼ੇ-ਭੋਗ[15] ਅਤੇ ਗੁੱਸਾ[16] ਦੋਨੋਂ ਮਸੂਲੀਏ[17] ਹਨ ਅਤੇ ਚਿੱਤ ਦੀਆਂ ਲਹਿਰਾਂ[18] ਰਾਹ-ਮਾਰ ਡਾਕੂ[19] ਬਣ ਗਈਆਂ ਹਨ।
ਪੰਚ ਤਤੁ[20] ਮਿਲਿ[21] ਦਾਨੁ[22] ਨਿਬੇਰਹਿ[23] ਟਾਂਡਾ[24] ਉਤਰਿਓ[25] ਪਾਰਾ ॥੨॥	The five mortal[20] sins meet[21] and distribute[23] the loot[22]. Like this the herd[24] ferries across[25] (passes away).	ਪੰਜ ਪ੍ਰਾਣ ਨਾਸਕ[20] ਪਾਪ ਇਕੱਠੇ[21] ਹੋ ਲੁੱਟ ਦੇ ਮਾਲ[22] ਨੂੰ ਵੰਡ[23] ਲੈਂਦੇ ਹਨ। ਇਸ ਤਰ੍ਹਾਂ ਵੱਗ[24] ਪਾਰ ਲੰਘ ਜਾਂਦਾ[25] (ਮਰ ਮੁਕਦਾ) ਹੈ।
ਕਹਤ[28] ਕਬੀਰੁ ਸੁਨਹੁ ਰੇ ਸੰਤਹੁ ਅਬ[26] ਐਸੀ[27] ਬਨਿ ਆਈ ॥	Says[28] Kabir, hear O saints such[27] has become the state of affairs now[26].	ਕਬੀਰ ਜੀ ਆਖਦੇ[28] ਹਨ, ਸੁਣੋ ਹੇ ਸਾਧੂਓ! ਹੁਣ[26] ਇਸ ਤਰ੍ਹਾਂ[27] ਦੀ ਹਾਲਤ ਆ ਬਣੀ ਹੈ।
ਘਾਟੀ[29] ਚਢਤ[30] ਬੈਲੁ ਇਕੁ ਥਾਕਾ[31] ਚਲੋ[32] ਗੋਨਿ[33] ਛਿਟਕਾਈ[34] ॥੩॥੫॥੪੯॥	Going[30] uphil[29], an ox has grown weary[31] and dropping[34] his sack[33], he has proceeded[32] on his journey.	ਉੱਚੀ ਪਹਾੜੀ[29] ਤੇ ਚੜ੍ਹਦਿਆਂ[30] ਇਕ ਬਲ਼ਦ ਹਾਰ ਗਿਆ[31] ਹੈ ਅਤੇ ਆਪਣੀ ਬੋਰੀ[33] ਸੁੱਟ[34] ਕੇ ਉਹ ਆਪਣੇ ਸਫ਼ਰ ਤੇ ਚਲਦਾ ਬਣਿਆ[32] ਹੈ।

ਗਉੜੀ ਪੰਚਪਦਾ॥	Gauri Panchpade.	ਗਉੜੀ ਪੰਚਪਦੇ ।
ਪੇਵਕੜੈ[35] ਦਿਨ ਚਾਰਿ ਹੈ ਸਾਹੁਰੜੈ[36] ਜਾਣਾ ॥	A woman has four days in her Father's house[35], she must go to her Father-in-law's[36].	ਇਸਤ੍ਰੀ ਦੇ ਆਪਣੇ ਬਾਪੂ ਦੇ ਘਰ[35] ਵਿਚ ਚਾਰ ਦਿਹਾੜੇ ਹਨ, ਉਸ ਨੂੰ ਸਹੁਰੇ ਘਰ[36] ਜਾਣਾ ਪੈਣਾ ਹੈ।
ਅੰਧਾ[37] ਲੋਕੁ[38] ਨ ਜਾਣਈ ਮੂਰਖੁ[39] ਏਆਣਾ[40] ॥੧॥	The blind[37], stupid[39] and childish[40] folk[38] understand not this.	ਅੰਨ੍ਹੀ[37] ਮੂੜ੍ਹ[39] ਅਤੇ ਨਦਾਨ[40] ਜਨਤਾ[38] ਇਸ ਨੂੰ ਨਹੀਂ ਸਮਝਦੀ।
ਕਹੁ[41] ਡਡੀਆ[42] ਬਾਧੈ[43] ਧਨ[44] ਖੜੀ[45] ॥	Say[41], why is the bride[44] so heedlessly standing[45] and trying[43] her loin-cloth[42] ?	ਦੱਸੋ[41] ! ਪਤਨੀ[44] ਕਿਉਂ ਐਨੀ ਬੇਪਰਵਾਹੀ ਨਾਲ ਖਲੋ[45] ਕੇ ਆਪਣੀ ਧੋਤੀ[42] ਬੰਨ੍ਹ[43] ਰਹੀ ਹੈ ?
ਪਾਹੂ[46] ਘਰਿ[47] ਆਏ[48] ਮੁਕਲਾਊ[49] ਆਏ ॥੧॥ ਰਹਾਉ ॥	The guests[46] have reached[48] the home[47] and her Husband[49] has arrived to take her away Pause.	ਪਰਾਹੁਣੇ[46] ਘਰ[47] ਪੁੱਜ ਗਏ[48] ਹਨ ਅਤੇ ਉਸ ਦਾ ਖਸਮ[49] ਉਸ ਨੂੰ ਲੈਣ ਲਈ ਆ ਗਿਆ ਹੈ। ਠਹਿਰਾਉ।
ਓਹ ਜਿ ਦਿਸੈ[50] ਖੂਹੜੀ[52] ਕਉਨ ਲਾਜੁ[51] ਵਹਾਰੀ[53]॥	Who is letting down[53] the rope[51], in the well[52] which we see[50] ?	ਉਹ ਕੌਣ ਹੈ ਜੋ ਉਸ ਦਿੱਸ ਆਉਂਦੇ[50] ਖੂਹ[52] ਅੰਦਰ ਲੱਜ[51] ਲਟਕਾ[53] ਰਿਹਾ ਹੈ ?
ਲਾਜੁ ਘੜੀ[58] ਸਿਉ ਤੂਟਿ[54] ਪੜੀ ਉਠਿ[55] ਚਲੀ[56] ਪਨਿਹਾਰੀ[57] ॥੨॥	The rope breaks[54] away from the water-pot[58], and the water-drawer[57] gets[55] up and departs[56].	ਲੱਜ ਤਾਣੀ ਵਾਲੀ ਮੱਘੀ[58] ਨਾਲੋਂ ਟੁਟ[54] ਜਾਂਦੀ ਹੈ ਅਤੇ ਪਾਣੀ ਭਰਨ ਵਾਲੀ[57] ਖੜੀ[55] ਹੋ ਟੁਰ[56] ਜਾਂਦੀ ਹੈ।
੩੩੪	334	੩੩੪
ਸਾਹਿਬੁ ਹੋਇ ਦਇਆਲੁ[58*] ਕ੍ਰਿਪਾ[59] ਕਰੇ ਅਪੁਨਾ ਕਾਰਜੁ[60] ਸਵਾਰੇ[61] ॥	If the Lord be kind[58*] and shows His mercy[59], the woman shall set aright[61] her affairs[60].	ਜੇ ਕਰ ਸੁਆਮੀ ਮਿਹਰਬਾਨ[58*] ਹੋਵੇ ਅਤੇ ਆਪਣੀ ਮਿਹਰ ਧਾਰੇ[59] ਤਾਂ ਇਸਤਰੀ ਆਪਣੇ ਕੰਮ[60] ਸੁਆਰ[61] ਲਵੇਗੀ।
ਤਾ[66] ਸੋਹਾਗਣਿ[62] ਜਾਣੀਐ[63] ਗੁਰ ਸਬਦੁ[64] ਬੀਚਾਰੇ[65] ॥੩॥	Then[66] alone she is considered[63] to be the happy wife[62], if she ponders[65] on the Guru's teaching[64].	ਕੇਵਲ ਤਦ[66] ਹੀ ਉਹ ਪ੍ਰਸੰਨ-ਪਤਨੀ[62] ਜਾਣੀ ਜਾਂਦੀ[63] ਹੈ, ਜੇਕਰ ਉਹ ਗੁਰਾਂ ਦੇ ਉਪਦੇਸ਼[64] ਨੂੰ ਸੋਚਦੀ ਸਮਝਦੀ[65] ਹੈ।
ਕਿਰਤ[67] ਕੀ ਬਾਂਧੀ[68] ਸਭ ਫਿਰੈ[69] ਦੇਖਹੁ[70] ਬੀਚਾਰੀ[71] ॥	Bound[68] by the deeds done[67] everyone wanders[69] about, you should see[70] and consider[71] this.	ਕੀਤੇ ਹੋਏ ਕਰਮਾਂ[67] ਦਾ ਨਰੜਿਆ[68] ਹੋਇਆ ਹਰ ਕੋਈ ਭਟਕ ਰਿਹਾ[69] ਹੈ। ਅੱਖਾਂ ਖੋਲ੍ਹ ਕੇ[70] ਤੁਸੀਂ ਇਸ ਵੱਲ ਧਿਆਨ[71] ਦਿਉ।
ਏਸ ਨੋ ਕਿਆ ਆਖੀਐ[72] ਕਿਆ ਕਰੇ ਵਿਚਾਰੀ[73] ॥੪॥	What shall we say[72] to her ? What can the poor[73] one do ?	ਇਸ ਨੂੰ ਕੀ ਕਹੀਏ[72] ? ਇਹ ਗ਼ਰੀਬਣੀ[73] ਕੀ ਕਰ ਸਕਦੀ ਹੈ ?
ਭਈ ਨਿਰਾਸੀ[74] ਉਠਿ[75] ਚਲੀ[76] ਚਿਤ[77] ਬੰਧਿ[78] ਨ ਧੀਰਾ[79] ॥	Becoming hopeless[74], she gets up[75] and departs[76]. There is no prop[78] and satisfaction[79] in her mind[77].	ਬੇ-ਉਮੀਦ[74] ਹੋ ਉਹ ਖੜੀ ਹੋ[75] ਟੁਰ[76] ਜਾਂਦੀ ਹੈ। ਉਸ ਦੇ ਮਨ[77] ਅੰਦਰ ਕੋਈ ਆਸਰਾ[78] ਤੇ ਸ਼ਾਂਤੀ[79] ਨਹੀਂ।
ਹਰਿ ਕੀ ਚਰਣੀ[80] ਲਾਗਿ[81]	Remain attached[81] to God's feet[80]	ਵਾਹਿਗੁਰੂ ਦੇ ਪੈਰਾਂ[80] ਨਾਲ ਜੁੜਿਆ[81] ਰਹੁ ਅਤੇ ਦੌੜ[82]

ਰਹੁ ਭਜੁ[82] ਸਰਣਿ[83] ਕਬੀਰਾ ॥੫॥੬॥੫੦॥

and flee[82] to His asylum[83], O Kabir.

ਕੇ ਉਸ ਦੀ ਪਨਾਹ[83] ਲੈ, ਹੇ ਕਬੀਰ !

ਗਉੜੀ ॥

Gauri

ਗਉੜੀ ।

ਜੋਗੀ ਕਹਹਿ[2] ਜੋਗੁ ਭਲ[84] ਮੀਠਾ[85] ਅਵਰੁ ਨ[86] ਦੂਜਾ ਭਾਈ[87] ॥

Yogi says that yoga and nothing[86] else is good[84] and sweet[85], O brother[87].

ਯੋਗੀ ਆਖਦਾ ਹੈ ਯੋਗ ਹੀ ਚੰਗਾ[84] ਅਤੇ ਮਿੱਠਾ[85] ਹੈ ਅਤੇ ਹੋਰ ਕੁਛ ਭੀ ਨਹੀਂ[86] ਹੇ ਭਰਾ[87] !

ਰੁੰਡਿਤ[88] ਮੁੰਡਿਤ[89] ਏਕੈ ਸਬਦੀ[90] ਏਇ[91] ਕਹਹਿ[92] ਸਿਧਿ[93] ਪਾਈ ॥੧॥

The shaven[88] ones, of amputated limb[89] and the one word[90] utterers, they[91] say[92] that they have obtained perfection[93].

ਮੋਨੇ[88], ਅੰਗ ਭੰਗ[89] ਤੇ ਇਕੋ ਸ਼ਬਦ[90] ਬੋਲਣ ਵਾਲੇ ਇਹ[91] ਆਖਦੇ[92] ਹਨ ਕਿ ਉਨ੍ਹਾਂ ਨੇ ਪੂਰਨਤਾ[93] ਪਰਾਪਤ ਕਰ ਲਈ ਹੈ ।

ਹਰਿ ਬਿਨੁ ਭਰਮਿ[94] ਭੁਲਾਨੇ[95] ਅੰਧਾ[96] ॥

Without God, the blind ones[96] are gone astray[95] in doubt[94].

ਵਾਹਿਗੁਰੂ ਦੇ ਬਗ਼ੈਰ, ਅੰਨ੍ਹੇ[96] ਮਨੁੱਖ, ਵਹਿਮ[94] ਅੰਦਰ ਕੁਰਾਹੇ ਪਏ[95] ਹੋਏ ਹਨ ।

ਜਾ ਪਹਿ ਜਾਉ ਆਪੁ ਛੁਟਕਾਵਨਿ[97] ਤੇ[98] ਬਾਧੇ[99] ਬਹੁਫੰਧਾ[100] ॥੧॥ ਰਹਾਉ॥

They[98], to whom I go to release[97] myself, are themselves bound[99] by many chains[100].

ਜਿਨ੍ਹਾਂ ਕੋਲ ਮੈਂ ਆਪਣੇ ਆਪ ਦੀ ਖ਼ਲਾਸੀ[97] ਕਰਾਉਣ ਲਈ ਜਾਂਦਾ ਹਾਂ, ਉਹ[98] ਆਪ ਬਹੁਤ ਸਾਰੀਆਂ ਜ਼ੰਜੀਰਾਂ[100] ਨਾਲ ਜਕੜੇ[99] ਹੋਏ ਹਨ ।

ਜਹ[2] ਤੇ ਉਪਜੀ[3] ਤਹੀ ਸਮਾਨੀ[4] ਇਹ ਬਿਧਿ[5] ਬਿਸਰੀ[6] ਤਬ[7] ਹੀ ॥

The soul is absorbed[4] in Him, from where[2] it issued, when[7] man forgets[6] this sort[5] of pride.

ਜਦ[7] ਬੰਦਾ ਇਸ ਕਿਸਮ[5] ਦਾ ਹੰਕਾਰ ਭੁੱਲ[6] ਜਾਂਦਾ ਹੈ, ਤਾਂ ਆਤਮਾ ਉਸ ਵਿਚ ਲੀਨ[4] ਹੋ ਜਾਂਦੀ ਹੈ, ਜਿਥੋਂ[2] ਇਹ ਪੈਦਾ[3] ਹੋਈ ਸੀ ।

ਪੰਡਿਤ[8] ਗੁਣੀ[9] ਸੂਰ[10] ਹਮ ਦਾਤੇ[12] ਏਹਿ ਕਹਹਿ[14] ਬਡ[13] ਹਮ ਹੀ ॥੨॥

The learned[8], the virtuous[9], the brave[10], the generous[12], they assert[14] that they alone are great[13].

ਵਿਦਵਾਨ[8], ਨੇਕ[9], ਬਹਾਦੁਰ[10] ਅਤੇ ਦਾਨੀ[12], ਇਹ ਆਖਦੇ[14] ਹਨ ਕਿ ਕੇਵਲ ਅਸੀਂ ਹੀ ਵੱਡੇ[13] ਹਾਂ ।

ਜਿਸਹਿ ਬੁਝਾਏ ਸੋਈ[15] ਬੂਝੈ[16] ਬਿਨੁ ਬੂਝੇ ਕਿਉ[17] ਰਹੀਐ[18] ॥

He alone[15] understands[16] God, whom He causes to understand Him. How[17] can one do[18] without understanding Him ?

ਕੇਵਲ ਉਹੀ[15] ਵਾਹਿਗੁਰੂ ਨੂੰ ਸਮਝਦਾ[16] ਹੈ, ਜਿਸ ਨੂੰ ਉਹ ਆਪਣਾ ਆਪ ਸਮਝਾਉਂਦਾ ਹੈ, ਉਸ ਨੂੰ ਸਮਝਣ ਦੇ ਬਗ਼ੈਰ ਬੰਦੇ ਦਾ ਕਿਸ ਤਰ੍ਹਾਂ[17] ਸਰ ਸਕਦਾ[18] ਹੈ ?

ਸਤਿਗੁਰੁ ਮਿਲੈ ਅੰਧੇਰਾ[19] ਚੂਕੈ[20] ਇਨ ਬਿਧਿ[21] ਮਾਣਕੁ[22] ਲਹੀਐ[23] ॥੩॥

By meeting the True Guru, the darkness[19] is dispelled[20]. In this way[21], Lord, the Gem[22] is obtained[23].

ਸੱਚੇ ਗੁਰਾਂ ਨੂੰ ਮਿਲਣ ਦੁਆਰਾ ਅਨ੍ਹੇਰਾ[19] ਦੂਰ[20] ਹੋ ਜਾਂਦਾ ਹੈ । ਇਸ ਤਰੀਕੇ[21] ਨਾਲ ਪ੍ਰਭੂ, ਹੀਰਾ[22] ਪਰਾਪਤ[23] ਹੋ ਜਾਂਦਾ ਹੈ ।

ਤਜਿ[24] ਬਾਵੇ[25] ਦਾਹਨੇ[26] ਬਿਕਾਰਾ[27] ਹਰਿ ਪਦੁ[28] ਦ੍ਰਿੜੁ[29] ਕਰਿ ਰਹੀਐ ॥

Give[24] up sins[27] of thy left[25] hand and the right[26] and take the firm[29] hold of God's Feet[28].

ਆਪਣੇ ਖੱਬੇ[25] ਹੱਥ ਅਤੇ ਸੱਜੇ[26] ਦੇ ਪਾਪਾਂ[27] ਨੂੰ ਛੱਡ ਦੇ[24] ਅਤੇ ਵਾਹਿਗੁਰੂ ਦੇ ਚਰਨ[28] ਘੁੱਟ ਕੇ[29] ਫੜੀ ਰੱਖ ।

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ[31] ਕਹੀਐ[30] ॥੪॥੭॥੫੧॥

Says Kabir, the dumb man has eaten molasses, but what[31] can he tell[30] if questioned ?

ਕਬੀਰ ਜੀ ਆਖਦੇ ਹਨ, ਗੂੰਗੇ ਆਦਮੀ ਨੇ ਗੁੜ ਖਾਧਾ ਹੈ, ਪਰ ਪੁੱਛੇ ਜਾਣ ਤੇ ਉਹ ਕੀ[31] ਆਖ ਸਕਦਾ[30] ਹੈ ?

ਰਾਗੁ ਗਉੜੀ ਪੂਰਬੀ
ਕਬੀਰ ਜੀ ॥

ੴ ਸਤਿਗੁਰ ਪ੍ਰਸਾਦਿ ॥

ਜਹ[32] ਕਛੁ ਅਹਾ[33] ਤਹਾ[34] ਕਿਛੁ ਨਾਹੀ ਪੰਚ ਤਤੁ[35] ਤਹ ਨਾਹੀ ॥
ਇੜਾ[36]ਪਿੰਗੁਲਾ[37]ਸੁਖਮਨ[38] ਬੰਦੇ[39] ਏ[40] [41]ਅਵਗਨ[42] ਕਤ[43] ਜਾਹੀ ॥੧॥

ਤਾਗਾ[44] ਤੂਟਾ[45] ਗਗਨੁ[46] ਬਿਨਸਿ[47] ਗਇਆ ਤੇਰਾ ਬੋਲਤੁ[48] ਕਹਾ[49]ਸਮਾਈ[50]॥
ਏਹ ਸੰਸਾ[51] ਮੋਕਉ[52] ਅਨਦਿਨੁ[53] ਬਿਆਪੈ[54] ਮੋਕਉ ਕੋ ਨ ਕਹੈ[55] ਸਮਝਾਈ ॥੧॥ ਰਹਾਉ ॥
ਜਹ[56] ਬਰਭੰਡੁ[57] ਪਿੰਡੁ[58] ਤਹ[59] ਨਾਹੀ ਰਚਨਹਾਰੁ[60] ਤਹ ਨਾਹੀ ॥
ਜੋੜਣਹਾਰੋ[61] ਸਦਾ[62] ਅਤੀਤਾ[63]ਇਹ[64] ਕਹੀਐ[65] ਕਿਸੁ[66] ਮਾਹੀ[67] ॥੨॥
ਜੋੜੀ[68]ਜੁੜੈ ਨ ਤੋੜੀ ਤੂਟੈ[69] ਜਬ[70] ਲਗੁ ਹੋਇ ਬਿਨਾਸੀ[71] ॥

ਕਾ[72] ਕੋ[73] ਠਾਕੁਰੁ ਕਾ ਕੋ ਸੇਵਕੁ[74] ਕੋ[77] ਕਾਹੂ[75] ਕੈ ਜਾਸੀ[76] ॥੩॥
ਕਹੁ ਕਬੀਰ ਲਿਵ[78]ਲਾਗਿ[79] ਰਹੀ ਹੈ ਜਹਾ ਬਸੈ[80] ਦਿਨ ਰਾਤੀ[81] ॥

Measure Gauri Purbi
Kabir ji.

There is but one God. By the Guru's grace He is obtained.

Where[32] there was[33] something there[34] is nothing now. The five elements[35] are no more, there.

The left nostril[36], the right one[37] and the central trachea[38], how[43] can these[40], now[41], be counted[42], O mortal[39] ?

The string[44] is broken[45] and the brain[46] is destroyed[47]. Whither[49] has the speech[48] gone[50] ?

Night[53] and day, this anxiety[51] haunts[54] me[52]. None can explain[55] and make me understand this. Pause.

The body[58] is not there[59] where[56] this world[57] is. Its prompter[60] (mind too) is not there.

The joiner[61] is ever[62] unattached[63]. Within[67] whom[66] can this soul[64],now be said[65] to be contained ?

By trying to unite[68] the elements, man cannot unite them. By trying to separate them, he cannot separate[69] them, until[70] the body perishes[71].

Of whom[72] the soul is the Lord[73] and of whom the servant[74] ? Where[76] and to whom[77] can it go[76] ?

Says Kabir, my love[78] is centred[79] on the place, where the Lord, day and night[81], abides[80].

ਰਾਗ ਗਉੜੀ ਪੂਰਬੀ
ਕਬੀਰ ਜੀ ।

ਵਾਹਿਗੁਰੂ ਕੇਵਲ ਇਕ ਹੈ, ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਜਿਥੇ[32] ਕੁਛ ਸੀ[33], ਉਥੇ[34] ਹੁਣ ਕੁਛ ਭੀ ਨਹੀਂ । ਪੰਜ ਅੰਸ਼[35] ਭੀ ਉਥੇ ਨਹੀਂ ਹਨ ।

ਖੱਬੀ ਸੁਰ[36], ਸੱਜੀ ਸੁਰ[37] ਅਤੇ ਹਵਾ ਦੀ ਕੇਂਦਰੀ ਨਾਲੀ[38], ਇਹ[40] ਹੁਣ[41] ਕਿਸ ਤਰ੍ਹਾਂ[43] ਗਿਣੇ[42] ਜਾ ਸਕਦੇ ਹਨ, ਹੇ ਇਨਸਾਨ[39] ?

ਧਾਗਾ[44] ਟੁਟ ਗਿਆ[45] ਹੈ ਅਤੇ ਦਮਾਗ਼[46] ਨਾਸ[47] ਹੋ ਗਿਆ ਹੈ । ਬਚਨ ਬਿਲਾਸ[48] ਕਿੱਥੇ[49] ਅਲੋਪ[50] ਹੋ ਗਿਆ ਹੈ ।
ਰਾਤ[53] ਦਿਨ ਇਹ ਫ਼ਿਕਰ[51] ਮੈਨੂੰ[52] ਚਿਮੜਿਆ[54] ਰਹਿੰਦਾ ਹੈ । ਕੋਈ ਇਸ ਨੂੰ ਬਿਆਨ[55] ਕਰਕੇ ਮੈਨੂੰ ਸਮਝਾ ਨਹੀਂ ਸਕਦਾ । ਠਹਿਰਾਉ ।

ਸਰੀਰ[58] ਉਥੇ[59] ਨਹੀਂ ਜਿਥੇ[56] ਇਹ ਦੁਨੀਆਂ[57] ਹੈ । ਇਸ ਦਾ ਪ੍ਰੇਰਕ[60] (ਮਨ ਭੀ) ਉਥੇ ਨਹੀਂ ।

ਜੋੜਣ ਵਾਲਾ[61], ਸਦੀਵ[62] ਹੀ ਨਿਰਲੇਪ[63] ਹੈ । ਹੁਣ ਇਹ ਆਤਮਾ[64] ਕੀਹਦੇ[66] ਅੰਦਰ[67] ਸਮਾਈ ਹੋਈ ਆਖੀ[65] ਜਾ ਸਕਦੀ ਹੈ ?
ਮਿਲਾਉਣ ਦੁਆਰਾ[68] ਆਦਮੀ ਤੱਤਾਂ ਨੂੰ ਮਿਲਾ ਨਹੀਂ ਸਕਦਾ । ਜਦ ਤਾਂਈ[70] ਸਰੀਰ ਨਾਸ[71] ਨਾ ਹੋਵੇ, ਉਹ ਵੱਖਰੇ ਕਰਨ ਦੁਆਰਾ ਇਨ੍ਹਾਂ ਨੂੰ ਵੱਖਰੇ[69] ਨਹੀਂ ਕਰ ਸਕਦਾ ।
ਰੂਹ ਕਿਸ ਦੀ[72] ਮਾਲਕ[73]ਹੈ ਅਤੇ ਕਿਸ ਦੀ ਨੌਕਰਾਣੀ[74]? ਇਹ ਕਿਥੇ[75] ਤੇ ਕੀਹਦੇ[77] ਕੋਲ ਜਾ ਸਕਦੀ[76] ਹੈ ?

ਕਬੀਰ ਜੀ ਆਖਦੇ ਹਨ, ਮੇਰੀ ਪ੍ਰੀਤ[78] ਉਥੇ ਕੇਂਦਰਤ[79] ਹੋਈ ਹੈ, ਜਿਥੇ ਦਿਨ ਰਾਤ[81] ਸਾਹਿਬ ਨਿਵਾਸ[80] ਰਖਦਾ ਹੈ ।

ਉਆ[82] ਕਾ ਮਰਮੁ[83] ਓਹੀ[86] ਪਰੁਜਾਨੈ[84] ਓਹੁ ਤਉ ਸਦਾ ਅਬਿਨਾਸੀ[85] ॥੪॥੧॥੫੨॥

His[82] secret[83] He Himself[86] fully[84] knows. He is ever Imperishable[85].

ਉਸ ਦਾ[82] ਭੇਤ[83] ਉਹ ਆਪ[86] ਹੀ ਪੂਰੀ ਤਰ੍ਹਾਂ[84] ਜਾਣਦਾ ਹੈ। ਉਹ ਹਮੇਸ਼ਾ ਹੀ ਅਮਰ[85] ਹੈ।

ਗਉੜੀ ॥

Gauri.

ਗਉੜੀ।

ਸੁਰਤਿ[88] ਸਿਮ੍ਰਿਤਿ[87] ਦੁਇ[89] ਕੰਨੀ[90] ਮੁੰਦਾ[91] ਪਰਮਿਤਿ[92] ਬਾਹਰਿ[93] ਖਿੰਥਾ[94] ॥

Meditation[88] and contemplation[87] of God, are my two[89] ear[90]-rings[91] and the true knowledge[92] is my outward[93] patched coat[94].

ਰੱਬ ਦੀ ਬੰਦਗੀ[88] ਅਤੇ ਸਿਮਰਨ[87] ਮੇਰੇ ਕੰਨਾਂ[90] ਦੀਆਂ ਦੋ[89] ਮੁੰਦ੍ਰਾਂ[91] ਹਨ ਅਤੇ ਯਥਾਰਥ ਗਿਆਨ[92] ਮੇਰੀ ਬਾਹਰਲੀ[93] ਖਫਣੀ[94] ਹੈ।

ਸੁੰਨ[95] ਗੁਫਾ[96] ਮਹਿ[97] ਆਸਣੁ[98] ਬੈਸਣੁ[99] ਕਲਪ[100] ਬਿਬਰਜਿਤ[2] ਪੰਥਾ[3] ॥੧॥

Contemplative posture[98] is my dwelling[99] in[97] the silent[95] cave[96] and the abandonment[2] of desire[100] is my religious sect[3].

ਧਿਆਨ ਅਵਸਥਾ[98] ਮੇਰਾ ਚੁਪ ਚਾਪ[95] ਕੰਦਰਾਂ[96] ਅੰਦਰ[97] ਦਾ ਵਸੇਬਾ[99] ਹੈ ਅਤੇ ਖ਼ਾਹਿਸ਼[100] ਦਾ ਤਿਆਗਣਾ[2] ਮੇਰਾ ਮਜ਼ਹਬੀ ਮਾਰਗ[3] ਹੈ।

ਮੇਰੇ ਰਾਜਨ[4] ਮੈ ਬੈਰਾਗੀ[5] ਜੋਗੀ ॥

My king[4], I am a yogi, imbued with Lord's love[5].

ਮੇਰੇ ਪਾਤਸ਼ਾਹ[4] ਮੈਂ ਪ੍ਰਭੂ ਦੀ ਪ੍ਰੀਤ[5] ਨਾਲ ਰੰਗਿਆ ਹੋਇਆ ਯੋਗੀ ਹਾਂ।

ਮਰਤ[6] ਨ[7] ਸੋਗ[8] ਬਿਓਗੀ[9] ॥੧॥ ਰਹਾਉ ॥

I am above[7] death[6], sorrow[8] and separation[9]. Pause.

ਮੈਂ ਮੌਤ[6], ਅਫ਼ਸੋਸ[8] ਅਤੇ ਵਿਛੋੜੇ[9] ਤੋਂ ਉਚੇਰਾ[7] ਹਾਂ। ਠਹਿਰਾਉ।

ਖੰਡ[10] ਬ੍ਰਹਮੰਡ[12] ਮਹਿ[13] ਸਿੰਙੀ[14] ਮੇਰਾ ਬਟੂਆ[15] ਸਭੁ ਜਗੁ[16] ਭਸਮਾ[17] ਧਾਰੀ[18] ॥

In[13] the universe[12] and regions[10], I find my horn[14] and the whole world[16] is my wallet[15] to keep[18] the ashes[17].

ਆਲਮ[12] ਤੇ ਇਸ ਦਿਆਂ ਭਾਗਾਂ[10] ਅੰਦਰ[13] ਮੈਂ ਆਪਣਾ ਸਿੰਗ[14] ਪਾਇਆ ਹੈ ਅਤੇ ਸਾਰਾ ਜਹਾਨ[16] ਸੁਆਹ[17] ਰੱਖਣ[18] ਲਈ ਮੇਰਾ ਥੈਲਾ[15] ਹੈ।

ਤਾੜੀ[19] ਲਾਗੀ[20] ਤ੍ਰਿਪਲੁ[21] ਪਲਟੀਐ[22] ਛੂਟੈ[23] ਹੋਇ ਪਸਾਰੀ[24] ॥੨॥

Riddance[22] of three qualities[21] and release[23] from the world[24] is my sitting[20] in trance[19].

ਤਿੰਨਾਂ ਗੁਣਾਂ[21] ਤੋਂ ਖਲਾਸੀ[22] ਅਤੇ ਸੰਸਾਰ[24] ਤੋਂ ਛੁਟਕਾਰਾ[23] ਮੇਰਾ ਸਮਾਧੀ[19] ਲਾਉਣਾ[20] ਹੈ।

ਮਨੁ[25] ਪਵਨੁ[26] ਦੁਇ[27] ਤੂੰਬਾ[28] ਕਰੀਹੈ[29] ਜੁਗ ਜੁਗ[30] ਸਾਰਦ[31] ਸਾਜੀ[32] ॥

My mind[25] and breath[26], I have made[29] the two[27] gourds[28] of my fiddle and the Lord of all the ages[30] I have made[32] its frame[31].

ਆਪਣੇ ਚਿੱਤ[25] ਅਤੇ ਸੁਆਸ[26] ਨੂੰ ਮੈਂ ਵੀਣਾਂ ਦੇ ਦੋ[27] ਤੂੰਬੇ[28] ਬਣਾਇਆ[29] ਹੈ ਅਤੇ ਸਾਰਿਆਂ ਯੁਗਾਂ[30] ਦੇ ਸੁਆਮੀ ਨੂੰ ਮੈਂ ਇਸ ਦੀ ਡੰਡੀ[31] ਬਣਾਇਆ[32] ਹੈ।

੩੩੫

335

੩੩੫

ਥਿਰੁ[33] ਭਈ[34] ਤੰਤੀ[35] ਤੂਟਸਿ[36] ਨਾਹੀ ਅਨਹਦ[37] ਕਿੰਗੁਰੀ[38] ਬਾਜੀ[39] ॥੩॥

Stable[33] has become[34] the string[35] and breaks[36] not, and the fiddle[38] plays[39] spontaneously[37].

ਸਥਿਰ[33] ਹੋ ਗਈ[34] ਹੈ ਤਾਰ[35] ਅਤੇ ਟੁੱਟਦੀ[36] ਨਹੀਂ, ਅਤੇ ਵੀਣਾਂ[38] ਸੁੱਤੇ-ਸਿੱਧ[37] ਹੀ ਵਜ ਰਹੀ[39] ਹੈ।

ਸੁਨਿ ਮਨ[40] ਮਗਨ[41] ਭਏ ਹੈ ਪੂਰੇ[42] ਮਾਇਆ[43] ਡੋਲ[44] ਨ ਲਾਗੀ[45] ॥

By hearing it, the mind[40] of the perfect[42] man is enraptured[41] and feels[45] not the swaying[44] of mammon[43].

ਇਸ ਨੂੰ ਸੁਣਨ ਦੁਆਰਾ ਪੂਰਨ[42] ਪੁਰਸ਼ ਦਾ ਚਿੱਤ[40] ਪ੍ਰਸੰਨ[41] ਹੋ ਜਾਂਦਾ ਹੈ ਅਤੇ ਮੋਹਨੀ[43] ਦੇ ਹਲੂਣੇ[44] ਉਸ ਨੂੰ ਨਹੀਂ ਲਗਦੇ[45]।

ਕਹੁ ਕਬੀਰ ਤਾਕਉ ਪੁਨਰਪਿ[46] ਜਨਮੁ ਨਹੀ ਖੇਲਿ[47] ਗਇਓ ਬੈਰਾਗੀ[48]॥ ੪॥੨॥੫੩॥

Says Kabir, the desireless[48] soul, which has played[47] such a game is not born again[46].

ਕਬੀਰ ਜੀ ਆਖਦੇ ਹਨ ਕਿ ਇਛਾ-ਰਹਿਤ[48] ਆਤਮਾ, ਜੋ ਇਹੋ ਜਿਹੀ ਖੇਡ ਖੇਡ ਗਈ[47] ਹੈ, ਮੁੜ ਕੇ[46] ਜਨਮ ਨਹੀਂ ਧਾਰਦੀ।

ਗਉੜੀ ॥

Gauri.

ਗਉੜੀ।

ਗਜ[49] ਨਵ[50] ਗਜ ਦਸ ਗਜ ਇਕੀਸ[51] ਪੁਰੀਆ[52] ਏਕ[53] ਤਨਾਈ[54] ॥

"Weave[54] this into a[53] full piece[52] of nine[49] yards[50], ten yards and twenty-one[51] yards.

"ਨੌਂ[49] ਗਜਾਂ[50], ਦੱਸ ਗਜਾਂ ਅਤੇ ਇਕੀ ਗਜਾਂ[51] ਦਾ ਇਕ[53] ਪੂਰਾ ਥਾਨ[52] ਬੁਣ[54] ਦੇ।

ਸਾਠ[55] ਸੂਤ[56] ਨਵ ਖੰਡ[57] ਬਹਤਰਿ ਪਾਟੂ[58] ਲਗੋ ਅਧਿਕਾਈ[59] ॥੧॥

To the warp of sixty[55] threads[56] and the woof[58] of seventytwo, add[57] another nine joints[59]."

ਸੱਠਾਂ[55] ਧਾਗਿਆਂ[56] ਦੇ ਤਾਣੇ ਅਤੇ ਬਹੱਤਰਾਂ ਦੇ ਪੇਟੇ[58] ਨਾਲ ਨੌਂ ਜੋੜ[57] ਹੋਰ ਮਿਲਾ[59] ਦੇ"।

ਗਈ[60] ਬੁਨਾਵਨ[61] ਮਾਹੋ[62] ॥

Said the soul who had gone[60] to have the yarn[62] woven[61].

ਸੂਤ[62] ਬੁਣਾਉਣ[61] ਲਈ ਗਈ[60] ਹੋਈ ਆਤਮਾ ਨੇ ਆਖਿਆ।

ਘਰ[63] ਛੋਡਿਐ[64] ਜਾਇ[65] ਜੁਲਾਹੋ[66] ॥੧॥ ਰਹਾਉ ॥

Leaving[64] her former home[63], the soul goes[65] into weaver's[66] woven one. Pause.

ਆਪਣੇ ਪੁਰਾਣੇ ਗ੍ਰਹਿ[63] ਨੂੰ ਤਿਆਗ[64] ਕੇ ਆਤਮਾ ਜੁਲਾਹੇ[66] ਦੇ ਉਣੇ ਹੋਏ ਵਿਚ ਚਲੀ ਜਾਂਦੀ[65] ਹੈ। ਠਹਿਰਾਉ।

ਗਜੀ ਨ ਮਿਨੀਐ[67] ਤੋਲਿ[68] ਨ ਤੁਲੀਐ[69] ਪਾਚਨੁ[70] ਸੇਰ ਅਢਾਈ[71] ॥

The body is not measured[67] with yards or weighed[69] with weights[68]. Its food[70] is two and a half[71] seers.

ਦੇਹਿ ਗੱਜਾਂ ਨਾਲ ਮਾਪੀ[67] ਜਾਂ ਵੱਟਿਆਂ[68] ਨਾਲ ਜੋਖੀ[69] ਨਹੀਂ ਜਾਂਦੀ। ਇਸ ਦੀ ਖੁਰਾਕ[70] ਢਾਈ[71] ਸੇਰ ਹੈ।

ਜੌਕਰਿ[72] ਪਾਚਨੁ ਬੇਗਿ[73] ਨ ਪਾਵੈ[77] ਝਗਰੁ[74] ਕਰੈ ਘਰ[75] ਹਾਈ[76] ॥੨॥

If[72] the body obtains[77] not food quickly[73], the soul quarrels[74] and the body home[75] is destroyed[76].

ਜੇਕਰ[72] ਦੇਹਿ ਨੂੰ ਖੁਰਾਕ ਛੇਤੀ[73] ਨਾ ਮਿਲੇ[77] ਤਾਂ ਆਤਮਾ ਲੜਾਈ[74] ਕਰਦੀ ਹੈ ਅਤੇ ਸਰੀਰ ਦਾ ਘਰ[75] ਬਿਨਸ[76] ਜਾਂਦਾ ਹੈ।

ਦਿਨ[78]ਕੀ[79] ਬੈਠ[80] ਖਸਮ[81] ਕੀ ਬਰਕਸ[82] ਇਹ ਬੇਲਾ[83] ਕਤ[84] ਆਈ[85] ॥

O thou, averse[82] to the Lord[81], soul, how many[79] days[78] are there for thee to sit[80] here ? When[84] shalt thou have[85] this opportunity[83] again ?

ਹੇ ਸਾਹਿਬ[81] ਦੇ ਉਲਟ[82] ਆਤਮਾ! ਤੂੰ ਕਿੰਨੇ[79] ਦਿਹਾੜੇ[78] ਏਥੇ ਬੈਠ[80] ਰਹਿਣਾ ਹੈ? ਇਹ ਮੌਕਾ[83] ਤੈਨੂੰ ਮੁੜ ਕੇ ਕਦੋਂ[84] ਮਿਲੇਗਾ[85]?

ਛੂਟੇ[86] ਕੂੰਡੇ[87] ਭੀਗੈ[88] ਪੁਰੀਆ[89] ਚਲਿਓ[90] ਜੁਲਾਹੋ[91] ਰੀਸਾਈ[92] ॥੩॥

Leaving[86] the pot[87] and the wet[88] bobbins[89], the weaver[91] soul departs[90] in anger[92].

ਭਾਂਡੇ[87] ਅਤੇ ਗਿੱਲੀਆਂ[88] ਨਲੀਆਂ[89] ਨੂੰ ਛੱਡ[86] ਕੇ ਜੁਲਾਹੀ[91] ਆਤਮਾ ਗੁੱਸੇ[92] ਵਿਚ ਟੁਰ ਜਾਂਦੀ[90] ਹੈ।

ਛੇਛੀ[93] ਨਲੀ[94]ਤੰਤੁ[95] ਨਹੀ ਨਿਕਸੈ[96] ਨਤਰ[97] ਰਹੀ[98] ਉਰਝਾਈ[99] ॥

The breath thread[95] comes[96] not out of the empty[93] wind-pipe[94]. Getting entangled[99] the breath thread[97] is exhausted[98].

ਸਾਹ ਦਾ ਧਾਗਾ[95] ਖ਼ਾਲੀ[93] ਹਵਾ ਦੀ ਨਾਲੀ[94] ਵਿਚੋਂ ਨਹੀਂ ਨਿਕਲਦਾ[96]। ਉਲਝ[99] ਕੇ, ਸੁਆਸ ਦਾ ਧਾਗਾ[97] ਟੁੱਟ ਗਿਆ[98] ਹੈ।

ਛੋਡਿ[100] ਪਸਾਰੁ[2] ਈਹਾ[3]

O, wretched[5] soul, while living[4] here[3]

ਹੇ ਨਿਕਰਮਣ[5] ਆਤਮਾ! ਏਥੇ[3] ਰਹਿੰਦੀ [4]ਹੋਈ ਤੂੰ ਸੰਸਾਰ[2]

ਰਹੁ[4] ਬਪੁਰੀ[5] ਕਹੁ[6] ਕਬੀਰ ਸਮਝਾਈ[7] ॥੪॥੩॥੫੪॥

renounce[100] thou the world[2]. Kabir says[6] this to make you understand[7] this.

ਨੂੰ ਤਿਆਗ[100] ਦੇ । ਤੈਨੂੰ ਇਹ ਸਮਝਾਉਣ[7] ਲਈ ਕਬੀਰ ਇਹ ਆਖਦਾ[6] ਹੈ ।

ਗਉੜੀ ॥

Gauri.

ਗਉੜੀ ।

ਏਕ ਜੋਤਿ[8] ਏਕਾ ਮਿਲੀ[9] ਕਿੰਬਾ[10] ਹੋਇ[12] ਮਹੋਇ[13] ॥

One light[8] merges[9] into another light, can it be[12] or be not[13] separated again[10] ?

ਇਕ ਰੋਸ਼ਨੀ[8] ਹੋਰਸ ਰੋਸ਼ਨੀ ਨਾਲ ਮਿਲ[9] ਜਾਂਦੀ ਹੈ । ਕੀ ਇਹ ਮੁੜ[10] ਕੇ ਵੱਖਰੀ ਹੋ[12] ਸਕਦੀ ਹੈ ਜਾਂ ਨਹੀਂ[13] ?

ਜਿਤੁ ਘਟਿ[14] ਨਾਮੁ ਨ ਉਪਜੈ[15] ਫੂਟਿ[16] ਮਰੈ ਜਨੁ[17] ਸੋਇ[18] ॥੧॥

May that man[17], burst[16] and die, in whose[18] mind[14] God's Name sprouts[15] not.

ਜਿਸ[18] ਇਨਸਾਨ[17] ਦੇ ਮਨ[14] ਅੰਦਰ ਵਾਹਿਗੁਰੂ ਦਾ ਨਾਮ ਨਹੀਂ ਪੁੰਗਰਦਾ[15] ਉਹ ਰੱਬ ਕਰੇ ਫੁੱਟ[16] ਕੇ ਮਰ ਜਾਵੇ ।

ਸਾਂਵਲ[19] ਸੁੰਦਰ[20] ਰਾਮਈਆ[21] ॥ ਮੇਰਾ ਮਨੁ ਲਾਗਾ[22] ਤੋਹਿ[23] ॥੧॥ ਰਹਾਉ ॥

O my dark[19] and beauteous[20] Lord[21], my mind is attached[22] with Thee[23]. Pause.

ਹੇ ਮੇਰੇ ਸ਼ਾਮ[19] ਤੇ ਸੁਨੱਖੇ[20] ਸੁਆਮੀ[21] ! ਮੇਰਾ ਚਿੱਤ ਤੇਰੇ[23] ਨਾਲ ਜੁੜਿਆ[22] ਹੋਇਆ ਹੈ । ਠਹਿਰਾਉ ।

ਸਾਧੂ ਮਿਲੈ[27] ਸਿਧਿ[24] ਪਾਈਐ ਕਿ[25] ਏਹੁ ਜੋਗੁ[26] ਕਿ ਭੋਗੁ[28] ॥

By meeting[27] the saints perfection[24] is obtained. Of what[25] use is this Yoga-method[26] and of what the revelments[28] ?

ਸੰਤਾਂ ਨੂੰ ਭੇਟਣ[27] ਦੁਆਰਾ ਪੂਰਨਤਾ[24] ਪਰਾਪਤ ਹੁੰਦੀ ਹੈ । ਕੀ[25] ਲਾਭ ਹੈ ਇਸ ਯੋਗ-ਮਾਰਗ[26] ਦਾ ਅਤੇ ਕੀ ਰੰਗ-ਰਲੀਆਂ[28] ਦਾ ?

ਦੁਹੂ[29] ਮਿਲਿ ਕਾਰਜੁ[30] ਉਪਜੈ[31] ਰਾਮ ਨਾਮ ਸੰਜੋਗੁ[32] ॥੨॥

When two[29],the Guru and the disciple meet,the business[30]is accomplished[31] and the tie[32] with Lord's Name is established.

ਜਦ ਗੁਰੂ ਤੇ ਚੇਲਾ ਦੋਨੋਂ[29] ਮਿਲ ਪੈਂਦੇ ਹਨ, ਤਾਂ ਕੰਮ[30] ਰਾਸ[31] ਹੋ ਜਾਂਦਾ ਹੈ ਅਤੇ ਸੁਆਮੀ ਦੇ ਨਾਮ ਨਾਲ ਸੰਬੰਧ[32] ਕਾਇਮ ਹੋ ਜਾਂਦਾ ਹੈ ।

ਲੋਗੁ[33] ਜਾਨੈ[34] ਇਹੁ ਗੀਤੁ[35] ਹੈ ਇਹੁ ਤਉ ਬ੍ਰਹਮ[36] ਬੀਚਾਰ[37] ॥

People[33] deem[34] it to be a song[35] but it is meditation[37] on the Lord[36].

ਲੋਕੀਂ[33] ਸਮਝਦੇ[34] ਹਨ ਕਿ ਇਹ ਇਕ ਗਾਉਣ[35] ਹੈ, ਪ੍ਰੰਤੂ ਇਹ ਤਾਂ ਸੁਆਮੀ[36] ਦਾ ਸਿਮਰਨ[37] ਹੈ ।

ਜਿਉ[38] ਕਾਸੀ[39] ਉਪਦੇਸੁ[40] ਹੋਇ ਮਾਨਸ[41] ਮਰਤੀ[42] ਬਾਰ[43] ॥੩॥

It is like[38] the instruction[40] imparted to the man[41] at the time[43] of death[42] at Benaras[39].

ਇਹ ਉਸ ਸਿਖਿਆ[40] ਦੀ ਤਰ੍ਹਾਂ[38] ਹੈ ਜੋ ਬਨਾਰਸ[39] ਵਿਚ ਬੰਦੇ[41] ਨੂੰ ਮਰਨ[42] ਵੇਲੇ[43] ਦਿੱਤੀ ਜਾਂਦੀ ਹੈ ।

ਕੋਈ[44] ਗਾਵੈ ਕੋ ਸੁਣੈ ਹਰਿ ਨਾਮਾ ਚਿਤੁ[45] ਲਾਇ ॥ ਕਹੁ ਕਬੀਰ ਸੰਸਾ[46] ਨਹੀਅੰਤਿ[47] ਪਰਮ[48] ਗਤਿ[49] ਪਾਇ[50] ॥੪॥੧॥੪॥੫੫॥

Who-so-ever[44] attentively[45] sings or hears Lord's Name, says Kabir, doubtlessly[46], he obtains[50] the highest[48] dignity[49], at last[47].

ਜੋ ਕੋਈ[44] ਬਿਰਤੀ ਜੋੜ[45] ਸੁਆਮੀ ਦੇ ਨਾਮ ਨੂੰ ਗਾਇਨ ਕਰਦਾ ਜਾਂ ਸੁਣਦਾ ਹੈ, ਕਬੀਰ ਜੀ ਆਖਦੇ ਹਨ, ਉਹ ਨਿਰ-ਸੰਦੇਹ[46] ਹੀ ਓੜਕ[47] ਮਹਾਨ[48] ਪਦਵੀ[49] ਨੂੰ ਪਾ[50] ਲੈਂਦਾ ਹੈ ।

ਗਉੜੀ ॥

Gauri

ਗਉੜੀ ।

ਜੇਤੇ[51] ਜਤਨ[52] ਕਰਤ ਤੇ

All those, who make efforts[52]

ਜਿਤਨੇ ਭੀ[51] ਰਬ ਦੇ ਨਾਮ ਦੇ ਬਗੈਰ ਉਪਰਾਲੇ[52]

ਡੂਬੇ[53] ਭਵ[54] ਸਾਗਰੁ[55]ਨਹੀ ਤਾਰਿਓ[56] ਰੇ ॥

without God's Name, they are drowned[53] and swim[56] not across the terrible[54] ocean[55].

ਕਰਮ[58] ਧਰਮ[59] ਕਰਤੇ[64] ਬਹੁ[60] ਸੰਜਮ[61] ਅਹੰਬੁਧਿ[62] ਮਨੁ ਜਾਰਿਓ[63] ਰੇ ॥੧॥

Those who practise[64]religious[59]rituals[58] and great[60] self-discipline[61], the proud-intellect[62]consumes[63] their soul.

ਸਾਸ[65] ਗ੍ਰਾਸ[66] ਕੋ ਦਾਤੋ[67] ਠਾਕੁਰੁ ਸੋ ਕਿਉ ਮਨਹੁ[68] ਬਿਸਾਰਿਓ[69] ਰੇ[70] ॥

Why hast thou, O[70] man, forgotten[69] in thy mind[68], the Lord, who has given[67] thee life[65] and food[66] ?

ਹੀਰਾ[71] ਲਾਲ[72] ਅਮੋਲੁ[73] ਜਨਮੁ[75] ਹੈ ਕਉਡੀ[76] ਬਦਲੈ[73]* ਹਾਰਿਓ[74] ਰੇ ॥ ੧॥ ਰਹਾਉ ॥

The human birth[75] is a priceless[73] ruby[71] and gem[72]. For[73]* a worthless shell[76] thou hast lost[74] it. Pause.

ਤ੍ਰਿਸਨਾ[77] ਤ੍ਰਿਖਾ[78] ਭੂਖ[79] ਭ੍ਰਮਿ[80] ਲਾਗੀ[81] ਹਿਰਦੈ[82] ਨਾਹਿ ਬੀਚਾਰਿਓ[83] ਰੇ ॥

Thou sufferest[81] from the thirst[78] of desire[77] and the hunger[79] of doubt[80], as thou reflectest[83] not on God in thy mind[82]

ਉਨਮਤ[84]ਮਾਨ[85]ਹਿਰਿਓ[86] ਮਨ ਮਾਹੀ ਗੁਰ ਕਾ ਸਬਦੁ[88] ਨ ਧਾਰਿਓ[89] ਰੇ ॥੨॥

The intoxication[84] of self-adoration[85] defrauds[86] those who keep[89] not Guru's instruction[88] in their mind.

ਸੁਆਦ[90] ਲੁਭਤ[91] ਇੰਦ੍ਰੀ[92] ਰਸ[93] ਪ੍ਰੇਰਿਓ[94] ਮਦ[95] ਰਸ[96] ਲੈਤ[97] ਬਿਕਾਰਿਓ[98] ਰੇ ॥

Sinful[98] are they who are led away[91] by worldly pleasures[90], who are tempted[94] by sexual[92] delights[93] and who enjoy[97] relish[96] of wine[95].

ਕਰਮ[99] ਭਾਗ[100] ਸੰਤਨ ਸੰਗਾਨੇ[2] ਕਾਸਟ[3] ਲੋਹ[4] ਉਧਾਰਿਓ[5] ਰੇ ॥੩॥

They, who through good luck[99] and destiny[100]meet the society of saints[2], float over like iron[4]attached to wood[3].

ਧਾਵਤ[6] ਜੋਨਿ[7] ਜਨਮ[8] ਭ੍ਰਮਿ[9]ਥਾਕੇ[10] ਅਬ[12] ਦੁਖੁ[13] ਕਰਿ ਹਮ[14] ਹਾਰਿਓ[15] ਰੇ ॥

Through error[9] I have wandered[6] among births[8] of various existences[7] and grown weary[10]. I[14] am, now[12], overspent[15] with-travail[13].

ਕਹਿ ਕਬੀਰ ਗੁਰ ਮਿਲਤ[16] ਮਹਾ[17] ਰਸੁ[18] ਪ੍ਰੇਮ[19] ਭਗਤਿ[20] ਨਿਸਤਾਰਿਓ[21] ਰੇ ॥੪॥੧॥੫॥੫੬॥

Says Kabir, on meeting[16] the Guru, I have obtained supreme[17]joy[18], and my love[19] and devotion[20] have saved[21] me.

ਕਰਦੇ ਹਨ, ਉਹ ਡੁੱਬ ਜਾਂਦੇ[53] ਹਨ ਅਤੇ ਭਿਆਨਕ[54] ਸਮੁੰਦਰ[55] ਤੋਂ ਪਾਰ[56] ਨਹੀਂ ਹੁੰਦੇ ਹਨ ।

ਜੋ ਧਾਰਮਕ[59] ਕਰਮ ਕਾਂਡ[58] ਅਤੇ ਭਾਰੀ[60] ਸਵੈ-ਅਧਿਆਪਨ[61] ਕਰਦੇ ਹਨ[64], ਹੰਕਾਰੀ-ਮਤ[62] ਉਨ੍ਹਾਂ ਦੀ ਆਤਮਾ ਸਾੜ ਸੁੱਟਦੀ[63] ਹੈ ।

ਹੇ[70] ਬੰਦੇ ! ਤੂੰ ਉਸ ਸੁਆਮੀ ਨੂੰ ਆਪਣੇ ਚਿੱਤ[68] ਵਿਚੋਂ ਕਿਉਂ ਭੁਲਾਇਆ[69] ਹੈ ਜਿਸ ਨੇ ਤੈਨੂੰ ਜ਼ਿੰਦਗੀ[65] ਅਤੇ ਰੋਜ਼ੀ[66] ਦਿੱਤੀ[67] ਹੈ ?

ਮਨੁੱਖਾ ਜਨਮ[75] ਅਣਮੁੱਲਾ[73] ਮਾਣਕ[71] ਤੇ ਜਵਾਹਰ[72] ਨਿਕੰਮੀ ਕੌੜੀ[76] ਵਾਸਤੇ[73]* ਤੂੰ ਇਸ ਨੂੰ ਹਾਰ ਦਿੱਤਾ[74] ਹੈ । ਠਹਿਰਾਉ ।

ਤੈਨੂੰ ਖ਼ਾਹਿਸ਼[77] ਦੀ ਤੇਹ[78] ਅਤੇ ਵਹਿਮ[80] ਦੀ ਭੁੱਖ[79] ਦਾ ਦੁੱਖ ਲੱਗਾ ਹੋਇਆ[81] ਹੈ, ਕਿਉਂਕਿ ਆਪਣੇ ਰਿਦੇ[82] ਅੰਦਰ ਤੂੰ ਵਾਹਿਗੁਰੂ ਦੇ ਨਾਮ ਦਾ ਚਿੰਤਨ[83] ਨਹੀਂ ਕਰਦਾ ।

ਸਵੈ-ਪੂਜਾ[85] ਦਾ ਨਸ਼ਾ[84] ਉਨ੍ਹਾਂ ਨੂੰ ਠੱਗ ਲੈਂਦਾ[86] ਹੈ, ਜੋ ਗੁਰਾਂ ਦਾ ਉਪਦੇਸ਼[88] ਆਪਣੇ ਚਿੱਤ ਅੰਦਰ ਨਹੀਂ ਟਿਕਾਉਂਦੇ[89] ।

ਪਾਪੀ[98] ਹਨ ਉਹ ਜੋ ਸੰਸਾਰੀ ਖ਼ੁਸ਼ੀਆਂ[90] ਅੰਦਰ ਗੁਮਰਾਹ[91] ਹਨ । ਜੋ ਵਿਸ਼ੇ ਭੋਗ[92] ਦੇ ਸੁਆਦਾਂ[93] ਅੰਦਰ ਮਠੇ[94] ਹਨ ਅਤੇ ਜੋ ਸ਼ਰਾਬ[95] ਦਾ ਸੁਆਦ[96] ਲੈਂਦੇ[97] ਹਨ ।

ਜੋ ਉਤਮ ਨਸੀਬਾਂ[99] ਅਤੇ ਕਿਸਮਤ[100] ਰਾਹੀਂ ਸਾਧ ਸੰਗਤ[2] ਨਾਲ ਜੁੜਦੇ ਹਨ, ਉਹ ਲੱਕੜ[3] ਨਾਲ ਲੱਗੇ ਹੋਏ ਲੋਹੇ[4] ਵਾਂਙ ਪਾਰ ਉਤਰ[5] ਜਾਂਦੇ ਹਨ ।

ਭੁਲੇਖੇ ਰਾਹੀਂ[9] ਮੈਂ ਅਨੇਕਾਂ ਜੂਨੀਆਂ[7] ਦੀਆਂ ਪੈਦਾਇਸ਼ਾਂ[8] ਅੰਦਰ ਭਟਕਦਾ[6] ਹੰਭ ਗਿਆ[10] ਹਾਂ । ਹੁਣ[12] ਮੈਂ[14] ਪੀੜ[13] ਨਾਲ ਹਾਰ ਹੁਟ ਗਿਆ[15] ਹਾਂ ।

ਕਬੀਰ ਜੀ ਆਖਦੇ ਹਨ, ਗੁਰਾਂ ਨੂੰ ਭੇਟਣ ਦੁਆਰਾ[16] ਮੈਨੂੰ ਪਰਮ[17] ਅਨੰਦ[18] ਪਰਾਪਤ ਹੋਇਆ ਹੈ, ਅਤੇ ਪ੍ਰੀਤ[19] ਅਤੇ ਅਨੁਰਾਗ[20] ਨੇ ਮੈਨੂੰ ਬਚਾ ਲਿਆ[21] ਹੈ ।

ਗਉੜੀ ॥
ਕਾਲਬੂਤ[22] ਕੀ ਹਸਤਨੀ[23] ਮਨ[24]ਬਉਰਾ[25]ਰੇ[26]ਚਲਤੁ[27] ਰਚਿਓ[28] [29]ਜਗਦੀਸ[30] ॥

Gauri.
Like the semblance[22] of a she-elephant[23], O[25] silly[25] soul[24], the Lord[30] of the universe[29] has made[28] this world-play[27].

ਗਉੜੀ ।
ਹੱਥਨੀ[23] ਦੇ ਢਾਂਚੇ[22] ਦੀ ਤਰ੍ਹਾਂ ਹੇ[26] ਕਮਲੀ[25] ਜਿੰਦੜੀਏ[24] ! ਸ੍ਰਿਸ਼ਟੀ[29] ਦੇ ਸੁਆਮੀ[30] ਨੇ ਇਹ ਜਗਤ-ਖੇਡ[27] ਬਣਾਈ[28] ਹੈ ।

੩੩੬

ਕਾਮ[31] ਸੁਆਇ[32] ਗਜ[33] ਬਸਿ[34] ਪਰੇ ਮਨ ਬਉਰਾ ਰੇ ਅੰਕਸੁ[35] ਸਹਿਓ[36] ਸੀਸ[37] ॥੧॥

Impelled by the relish[32] of lust[31] the elephant[33] is captured[34], O my silly soul, and his head[37] has to endure[36] the goad[35].

ਵਿਸ਼ੇ[31] ਦੇ ਸੁਆਦ[32] ਦੇ ਅਧੀਨ ਹਾਥੀ[33] ਕਾਬੂ[34] ਵਿਚ ਆ ਜਾਂਦਾ ਹੈ, ਹੇ ਮੇਰੀ ਕਮਲੀ ਜਿੰਦੜੀਏ ! ਅਤੇ ਉਸ ਨੂੰ ਸਿਰ[37] ਤੇ ਕੁੰਡਾ[35] ਸਹਾਰਨਾ[36] ਪੈਂਦਾ ਹੈ ।

ਬਿਖੈ[38] ਬਾਚੁ[39] ਹਰਿ ਰਾਚੁ[40] ਸਮਝੁ[41] ਮਨ ਬਉਰਾ ਰੇ ॥

Escape[39] from sin[38], get immersed[40] in God and heed this advice[41], O my silly soul.

ਪਾਪ[38] ਤੋਂ ਬਚ[39], ਵਾਹਿਗੁਰੂ ਅੰਦਰ ਲੀਨ[40] ਹੋ ਅਤੇ ਇਹ ਸਿਖ-ਮਤ[41] ਧਾਰਨ ਕਰ, ਹੇ ਮੇਰੀ ਕਮਲੀ ਜਿੰਦੜੀਏ !

ਨਿਰਭੈ[42] ਹੋਇ ਨ ਹਰਿ ਭਜੇ[43] ਮਨ ਬਉਰਾ ਰੇ ਗਹਿਓ[44]ਨ ਰਾਮ ਜਹਾਜੁ[45] ॥੧॥ ਰਹਾਉ ॥

Thou hast not fearlessly[42] meditated[43] on God and hast not embarked[44] on the Lord's ship[45], O my silly soul. Pause.

ਤੂੰ ਨਿਡੱਰ[42] ਹੋ ਕੇ ਵਾਹਿਗੁਰੂ ਦਾ ਸਿਮਰਨ[43] ਨਹੀਂ ਕੀਤਾ ਅਤੇ ਸਾਹਿਬ ਦੇ ਬੋਹਿਥ[45] ਉੱਤੇ ਸਵਾਰ[44] ਨਹੀਂ ਹੋਈ, ਹੇ ਮੇਰੀ ਕਮਲੀ ਜਿੰਦੜੀਏ ! ਠਹਿਰਾਉ ।

ਮਰਕਟ[46]ਮੁਸਟੀ[47]ਅਨਾਜ[48] ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ[49] ॥

Stretching out[49] its hand, O my silly soul, the monkey[46] takes a handful[47] of corn[48].

ਹੇ ਮੇਰੀ ਕਮਲੀ ਜਿੰਦੜੀਏ ! ਆਪਣਾ ਹੱਥ ਅਗਾਂਹਾਂ ਕਰ ਕੇ[49] ਬਾਂਦਰ[46] ਦਾਣਿਆਂ[48] ਦੀ ਮੁੱਠੀ[47] ਭਰ ਲੈਂਦਾ ਹੈ ।

ਛੂਟਨ[50] ਕੋ ਸਹਸਾ[51] ਪਰਿਆ[52] ਮਨ ਬਉਰਾ ਰੇ ਨਾਚਿ[53] ਘਰ ਘਰ[54] ਬਾਰਿ[55] ॥੨॥

Infested[52] with the anxiety[51] to escape[50], O my silly soul, it is made to dance[53] at the door[55] of every house[54].

ਖ਼ਲਾਸੀ[50] ਪਾਉਣ ਦੀ ਚਿੰਤਾ[51] ਧਾਰਨ[52] ਕਰ ਹੇ ਮੇਰੀ ਕਮਲੀ ਜਿੰਦੜੀਏ ! ਉਸ ਨੂੰ ਹਰ ਮਕਾਨ[54] ਦੇ ਬੂਹੇ[55] ਮੂਹਰੇ ਨਚਣਾ[53] ਪੈਂਦਾ ਹੈ ।

ਜਿਉ[56] ਨਲਨੀ[57] ਸੁਅਟਾ[58] ਗਹਿਓ[59] ਮਨ ਬਉਰਾ ਰੇ ਮਾਯਾ[60] ਇਹੁ[61] ਬਿਉਹਾਰੁ[62] ॥

As[56] the parrot[58] is caught[59] by means of a trap[57], O my silly soul, so[61] is the man entrapped by the worldly[60] occupations[62].

ਜਿਸ ਤਰ੍ਹਾਂ[56] ਕੁੜਿੱਕੀ[57] ਦੇ ਜ਼ਰੀਏ ਤੋਤਾ[58] ਪਕੜਿਆ[59] ਜਾਂਦਾ ਹੈ, ਹੇ ਮੇਰੀ ਕਮਲੀ ਜਿੰਦੜੀਏ ! ਏਸ ਤਰ੍ਹਾਂ[61] ਹੀ ਸੰਸਾਰੀ[60] ਕਾਰ-ਵਿਹਾਰਾਂ[62] ਨਾਲ ਇਨਸਾਨ ਜਕੜਿਆ ਜਾਂਦਾ ਹੈ ।

ਜੈਸਾ ਰੰਗੁ[63] ਕਸੁੰਭ[64] ਕਾ ਮਨ ਬਉਰਾ ਰੇ ਤਿਉ[65] ਪਸਰਿਓ[66] ਪਾਸਾਰੁ[67] ॥੩॥

As is the fleeting dye[63] of saf-flower[64] O my silly soul, so[65] is the expanse[66] of the world[67].

ਜਿਸ ਤਰ੍ਹਾਂ ਉਡ ਪੁਡ ਜਾਣ ਵਾਲੀ ਹੈ ਰੰਗਤ[63] ਕਸੁੰਭੇ ਦੇ ਫੁੱਲ[64] ਦੀ, ਹੇ ਮੇਰੀ ਕਮਲੀ ਜਿੰਦੜੀਏ ! ਉਸੇ ਤਰ੍ਹਾਂ[65] ਦਾ ਹੈ ਜਗਤ[67] ਦਾ ਖਿਲਾਰਾ[66]

ਨਾਵਨ[68] ਕਉ ਤੀਰਥ[69] ਘਨੇ[70] ਮਨ ਬਉਰਾ ਰੇ ਪੂਜਨ[72]ਕਉ ਬਹੁ[71]ਦੇਵ[73]॥

O my mad soul, there are good many[70] holy places[69] to bathe[68] in, and many[71] deities[73] to worship[72].

ਹੇ ਮੇਰੀ ਕਮਲੀ ਜਿੰਦੇ ਇਸ਼ਨਾਨ[68] ਕਰਨ ਲਈ ਬਹੁਤੇ[70] ਧਰਮ ਅਸਥਾਨ[69] ਹਨ ਅਤੇ ਉਪਾਸ਼ਨਾ[72] ਕਰਨ ਲਈ ਅਨੇਕਾਂ[71] ਦੇਵਤੇ[73] ।

ਕਹੁ ਕਬੀਰ ਛੂਟਨੁ[74] ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ[75]॥੪॥੧॥੬॥੫੭॥

Says Kabir,thou shalt not be saved[74] like this, O my silly soul; thou shalt be released by God's service[75].

ਕਬੀਰ ਜੀ ਆਖਦੇ ਹਨ ਤੇਰਾ ਇਸ ਤਰ੍ਹਾਂ ਛੁਟਕਾਰਾ[74] ਨਹੀਂ ਹੋਣਾ, ਹੇ ਮੇਰੀ ਕਮਲੀ ਜਿੰਦੇ ! ਰੱਬ ਦੀ ਸੇਵਾ[75] ਦੁਆਰਾ ਹੀ ਤੇਰੀ ਖ਼ਲਾਸੀ ਹੋਏਗੀ ।

ਗਉੜੀ ॥

Gauri.

ਗਉੜੀ ।

ਅਗਨਿ[76]ਨ ਦਹੈ[77] ਪਵਨੁ[78] ਨਹੀ ਮਗਨੈ[79] ਤਸਕਰੁ[80] ਨੇਰਿ[81] ਨ ਆਵੈ ॥

Fire[76] burns[77] it not, nor does wind[78] carry[79] it away. The thief[80] draws not near[81] it.

ਅੱਗ[76] ਇਸ ਨੂੰ ਫੂਕਦੀ[77] ਨਹੀਂ, ਨਾ ਹੀ ਹਵਾ[78] ਇਸ ਨੂੰ ਉਡਾ ਕੇ ਲੈ ਜਾਂਦੀ[79] ਹੈ। ਚੋਰ[80] ਇਸ ਦੇ ਨੇੜੇ[81] ਨਹੀਂ ਲਗਦਾ ।

ਰਾਮ ਨਾਮ ਧਨੁ[82] ਕਰਿ ਸੰਚਉਨੀ[83] ਸੋ[85] ਧਨੁ ਕਤਹੀ[84] ਨ ਜਾਵੈ ॥੧॥

Amass[83] such wealth[82] of the Lord's Name. That[85] wealth goes not any where[84].

ਸੁਆਮੀ ਦੇ ਨਾਮ ਦੀ ਐਸੀ ਦੌਲਤ[82] ਇਕੱਤ੍ਰ[83] ਕਰ । ਉਹ[85] ਦੌਲਤ ਕਿਧਰੇ[84] ਨਹੀਂ ਜਾਂਦੀ ।

ਹਮਰਾ ਧਨੁ[86] ਮਾਧਉ[87] [88]ਗੋਬਿੰਦੁ[89] ਧਰਣੀ[90] ਧਰੁ[91] ਇਹੈ ਸਾਰ[92] ਧਨੁ ਕਹੀਐ[93] ॥

My wealth is God, the Lord[87] of wealth[86],the Master[89]of the Universe[88] and the support[91] of the earth[90]. This is called[93] the real[92] wealth.

ਮਾਇਆ[86] ਦਾ ਸੁਆਮੀ[87], ਆਲਮ[88] ਦਾ ਮਾਲਕ[89] ਅਤੇ ਧਰਤੀ[90] ਦਾ ਆਸਰਾ[91], ਵਾਹਿਗੁਰੂ ਮੇਰੀ ਦੌਲਤ ਹੈ। ਇਹੀ ਅਸਲੀ[92] ਦੌਲਤ ਆਖੀ[93] ਜਾਂਦੀ ਹੈ ।

ਜੋ ਸੁਖੁ[94] ਪ੍ਰਭ ਗੋਬਿੰਦ[95] ਕੀ ਸੇਵਾ[96] ਸੋ ਸੁਖੁ ਰਾਜਿ[97] ਨ ਲਹੀਐ[98]॥੧॥ ਰਹਾਉ॥

The peace[94] obtained in the service[96] of the Lord Master[95], that peace is not found[98] in dominions[97]. Pause.

ਜੋ ਠੰਢ ਚੈਨ[94] ਸੁਆਮੀ ਮਾਲਕ[95] ਦੀ ਘਾਲ[96] ਅੰਦਰ ਪਰਾਪਤ ਹੁੰਦੀ ਹੈ, ਉਹ ਠੰਢ ਚੈਨ ਪਾਤਸ਼ਾਹੀ[97] ਵਿਚ ਨਹੀਂ ਲੱਭਦੀ[98] । ਠਹਿਰਾਉ ।

ਇਸੁ ਧਨ ਕਾਰਣਿ[99] ਸਿਵ ਸਨਕਾਦਿਕ[2] ਖੋਜਤ[3] ਭਏ ਉਦਾਸੀ[100] ॥

Shiva and Sanak and the like[2] in their search[3], for[99] this wealth became the world forsakers[100].

ਸ਼ਿਵਜੀ ਅਤੇ ਸਨਕ ਆਦਿਕ[2] ਇਸ ਦੌਲਤ ਦੀ ਖੋਜ[3] ਭਾਲ ਖ਼ਾਤਰ[99] ਜਗਤ-ਤਿਆਗੀ[100] ਹੋ ਗਏ ।

ਮਨਿ ਮੁਕੰਦੁ[4] ਜਿਹਬਾ[5] ਨਾਰਾਇਨੁ[6] ਪਰੈ[7] ਨ ਜਮ[8] ਕੀ ਫਾਸੀ[9] ॥੨॥

He, in whose heart is the Granter of salvation[4], and on whose tongue[5] is the Omnipresent[6] Lord, falls[7] not into Death's[8] noose[9].

ਜਿਸ ਦੇ ਦਿਲ ਅੰਦਰ ਮੁਕਤੀ ਦੇਣਹਾਰ[4] ਅਤੇ ਜਿਸ ਦੀ ਜੀਭ[5] ਉਤੇ ਸਰਬ-ਵਿਆਪਕ[6] ਸੁਆਮੀ ਹੈ, ਉਹ ਮੌਤ[8] ਦੀ ਫਾਹੀ[9] ਵਿਚ ਨਹੀਂ ਪੈਂਦਾ[7] ।

ਨਿਜ[10] ਧਨੁ ਗਿਆਨੁ[12] ਭਗਤਿ[13] ਗੁਰਿ ਦੀਨੀ[14] ਤਾਸੁ[15] [16]ਸੁਮਤਿ[17] ਮਨੁ ਲਾਗਾ[18] ॥

The Guru given[14] Lord's service[13] and Divine Knowledge[12] is my personal[10] wealth. With that[15] good[16] instruction[17]my mind is attached[18].

ਗੁਰਾਂ ਦੀ ਦਿੱਤੀ[14] ਹੋਈ ਸੁਆਮੀ ਦੀ ਸੇਵਾ[13] ਅਤੇ ਬ੍ਰਹਮ ਬੀਚਾਰ[12] ਮੇਰੀ ਜ਼ਾਤੀ[10] ਦੌਲਤ ਹੈ। ਉਸ[15] ਸਰੇਸ਼ਟ[16] ਸਿਖਿਆ[17] ਨਾਲ ਮੇਰਾ ਚਿੱਤ ਜੁੜਿਆ[18] ਹੋਇਆ ਹੈ ।

ਜਲਤ[19] ਅੰਭ[20] ਥੰਭਿ[21] ਮਨੁ ਧਾਵਤ[22] ਭਰਮ[23] ਬੰਧਨ[24] ਭਉ[25] ਭਾਗਾ[26] ॥੩॥

The Lord's Name is water[20] for the burning[19] soul and a pillar[21] for the fleeting[22] mind. The fears[25] and entanglements[24] of doubt[23] depart[26] therewith.

ਸਾਈਂ ਦਾ ਨਾਮ ਸੜਦੀ[19] ਹੋਈ ਰੂਹ ਲਈ ਪਾਣੀ[20] ਹੈ ਅਤੇ ਭੱਜੇ ਫਿਰਦੇ[22] ਮਨੂਏ ਲਈ ਥੰਮ[21] । ਉਸ ਨਾਲ ਵਹਿਮ[23] ਦੇ ਡਰ[25] ਅਤੇ ਜੂੜ[24] ਉਡ ਪੁੱਡ[26] ਜਾਂਦੇ ਹਨ ।

ਕਹੈ ਕਬੀਰੁ ਮਦਨ[27] ਕੇ ਮਾਤੇ[28] ਹਿਰਦੈ[29] ਦੇਖੁ[30] ਬੀਚਾਰੀ[31] ॥

Says Kabir,"O ye lust[27]-intoxicated[28] man, reflect[31] on this in thy mind[29] and see[30]."

ਕਬੀਰ ਜੀ ਆਖਦੇ ਭਨ,"ਓ ਤੂੰ ਕਾਮ[27] ਦੇ ਮੱਤੇ[28] ਹੋਏ ਬੰਦੇ ! ਆਪਣੇ ਚਿੱਤ[29] ਵਿਚ ਸੋਚ[31] ਸਮਝ ਤੇ ਵੇਖ[30]" ।

ਤੁਮ ਘਰਿ ਲਾਖ ਕੋਟਿ[32] ਅਸ੍ਵ[33] ਹਸਤੀ[34] ਹਮ ਘਰਿ ਏਕੁ [35]ਮੁਰਾਰੀ[36] ॥੪॥੧॥ ੭॥੫੮॥

In thy home are lakhs and millions[32] of horses[33] and elephants[34]. In my house is the One Lord, the slayer[36] of Mur[35], demon.

ਤੇਰੇ ਗ੍ਰਿਹ ਵਿਚ ਲੱਖਾਂ ਅਤੇ ਕ੍ਰੋੜਾਂ[32] ਹੀ ਕੋਤਲ[33] ਅਤੇ ਹਾਥੀ[34] ਹਨ । ਮੇਰੇ ਘਰ ਵਿਚ ਮੁਰ[35] ਰਾਖਸ਼ ਨੂੰ ਮਾਰਨ ਵਾਲਾ[36] ਇਕ ਪ੍ਰਭੂ ਹੀ ਹੈ ।

ਗਉੜੀ ॥

Gauri.

ਗਉੜੀ ।

ਜਿਉ[37] ਕਪਿ[38] ਕੇ ਕਰ[39] ਮੁਸਟਿ[40] ਚਨਨ[41] ਕੀ ਲੁਬਧਿ[42] ਨ ਤਿਆਗੁ[43] ਦਇਓ ॥ ਜੋ ਜੋ[44] ਕਰਮ[45] ਕੀਏ ਲਾਲਚ[46] ਸਿਉ[47] ਤੇ[48] ਫਿਰਿ[50] ਗਰਹਿ[49] ਪਰਿਓ ॥੧॥

As[37] a monkey[38], through greed[42] does not. let go[43] handful[40] of grams[41] in its hand[39] and is thereby entrapped, so do all[44] the deeds[45] done by man through[47] greed[46] they[48] ultimately[50] become a halter round his neck[49].

ਜਿਸ ਤਰ੍ਹਾਂ[37] ਲਾਲਚ[42] ਕਰਕੇ ਬਾਂਦਰ[38] ਆਪਣੇ ਹੱਥ[39] ਦੀ ਛੋਲਿਆਂ[41] ਦੀ ਮੁੱਠੀ[40] ਨੂੰ ਨਹੀਂ ਛੱਡਦਾ[43] ਅਤੇ ਉਸ ਕਰਕੇ ਫਸ ਜਾਂਦਾ ਹੈ, ਇਸੇ ਤਰ੍ਹਾਂ ਹੀ ਸਾਰੇ[44] ਅਮਲ[45] ਜੋ ਹਿਰਸ[46] ਰਾਹੀਂ[47] ਬੰਦਾ ਕਮਾਉਂਦਾ ਹੈ, ਉਹ[48] ਆਖ਼ਰ[50] ਨੂੰ ਉਸ ਦੀ ਗਲਦਨ[49] ਦੁਆਲੇ ਦੀ ਫਾਹੀ ਬਣ ਜਾਂਦੇ ਹਨ ।

ਭਗਤਿ[51] ਬਿਨੁ ਬਿਰਥੇ[52] ਜਨਮੁ[53] ਗਇਓ[54] ॥

Without the devotional service[51] of God, human life[53] passes[54] in vain[52].

ਵਾਹਿਗੁਰੂ ਦੀ ਅਨੁਰਾਗੀ ਸੇਵਾ[51] ਦੇ ਬਗ਼ੈਰ ਮਨੁਖੀ ਜੀਵਨ[53] ਬੇਅਰਥ[52] ਬੀਤ[54] ਜਾਂਦਾ ਹੈ ।

ਸਾਧਸੰਗਤਿ ਭਗਵਾਨ[55] ਭਜਨ[56] ਬਿਨੁ[57] ਕਹੀ ਨ ਸਚੁ ਰਹਿਓ[58] ॥੧॥ ਰਹਾਉ ॥

Without the association of the righteous, and the meditation[56] of the Fortunate[55] Lord Truth nowhere[57] abides[58]. Pause.

ਸਚਿਆਰਾਂ ਦੀ ਸੰਗਤ ਅਤੇ ਭਾਗਾਂ ਵਾਲੇ[55] ਸੁਆਮੀ ਦੇ ਸਿਮਰਨ[56] ਦੇ ਬਗ਼ੈਰ ਹੋਰ ਕਿਧਰੇ[57] ਸੱਚ ਨਿਵਾਸ[58] ਨਹੀਂ ਰਖਦਾ । ਠਹਿਰਾਉ ।

ਜਿਉ[59] ਉਦਿਆਨ[60] ਕੁਸਮ[61] ਪਰਫੁਲਿਤ[62] ਕਿਨਹਿ ਨ ਘ੍ਰਾਉ[63] ਲਇਓ[64] ॥ ਤੈਸੇ[65] ਭ੍ਰਮਤ[66] ਅਨੇਕ[67] ਜੋਨਿ[68] ਮਹਿ ਫਿਰਿ ਫਿਰਿ[69] ਕਾਲ[70] ਹਇਓ[71] ॥੨॥

As[59] flower[61] in the wilderness[60] blooms[62] and no one enjoys[64] its fragrance[63], similarly[65] man wanders[66] in many[67] births[68], and death[70] destroys[71] him again and again[69].

ਜਿਸ ਤਰ੍ਹਾਂ[59] ਬੀਅਬਾਨ[60] ਵਿਚ ਫੁਲ[61] ਖਿੜਦਾ[62] ਹੈ ਅਤੇ ਕੋਈ ਭੀ ਉਸ ਦੀ ਸੁਗੰਧੀ[63] ਨਹੀਂ ਮਾਣਦਾ[64], ਇਸੇ ਤਰ੍ਹਾਂ[65] ਆਦਮੀ ਕਈ[67] ਜੂਨੀਆਂ[68] ਅੰਦਰ ਭਟਕਦਾ[66] ਹੈ ਅਤੇ ਮੌਤ[70] ਉਸ ਨੂੰ ਬਾਰੰਬਰ[69] ਤਬਾਹ[71] ਕਰਦੀ ਹੈ ।

ਇਆ[72] ਧਨ[73] ਜੋਬਨ[74] ਅਰੁ[75] ਸੁਤ[76] ਦਾਰਾ[77] ਪੇਖਨ[78] ਕਉ ਜੁ[80] ਦਇਓ[79] ॥

This[72] wealth[73], youth[74], sons[76] and[75] wife[77], that[80] the Lord has given[79], are but a passing show[78].

ਇਹ[72] ਦੌਲਤ[73], ਜੁਆਨੀ[74], ਪੁਤ੍ਰ[76] ਅਤੇ[75] ਪਤਨੀ[77], ਜੋ[80] ਸੁਆਮੀ ਦੇ ਦਿਤੇ[79] ਹਨ, ਕੇਵਲ ਇਕ ਬੀਤ ਜਾਣ ਵਾਲਾ ਨਜ਼ਾਰਾ[78] ਹੈ ।

ਤਿਨ ਹੀ ਮਾਹਿ ਅਟਕਿ[81] ਜੋ ਉਰਝੇ[82] ਇੰਦ੍ਰੀ[83] ਪ੍ਰੇਰਿ[84] ਲਇਓ ॥੩॥

They, who are arrested[81] and entangled[82] in them, are prompted and misled[84] by senses[83].

ਜੋ ਇਨ੍ਹਾਂ ਅੰਦਰ ਫਸ[81] ਅਤੇ ਉਲਝ[82] ਜਾਂਦੇ ਹਨ, ਉਨ੍ਹਾਂ ਨੂੰ ਇੰਦਰੇ[83] ਉਕਸਾ ਕੇ ਕੁਰਾਹੇ[84] ਪਾ ਦਿੰਦੇ ਹਨ ।

ਅਉਧ[85] ਅਨਲ[86] ਤਨੁ[87]

Age[85] is fire[86], the body[87] is lhe

ਉਮਰ[85] ਅੱਗ[86] ਹੈ, ਦੇਹਿ[87] ਫੂਸ[88] ਦਾ ਘਰ[89] ਹੈ ।

ਤਿਨ[88] ਕੋ ਮੰਦਰੁ[89] ਚਹੁ ਦਿਸ[90] ਠਾਟੁ[91] ਠਇਓ[92] ॥
ਕਹਿ ਕਬੀਰ ਭੈ[93] ਸਾਗਰ[94] ਤਰਨ[95] ਕਉ ਮੈ ਸਤਿਗੁਰ ਓਟ[96] ਲਇਓ ॥੪॥੧॥ ੮॥੫੯॥

house[89] of straw[88], on all the four sides[90] this form[91] is made[92].
Says Kabir, to cross over[95] the terrible[93] world-ocean[94], I have taken the shelter[96] of the True Guru.

ਚੌਹੀਂ ਪਾਸੀਂ[90] ਸਾਰੇ ਇਹ ਸਰੂਪ[91] ਬਣੀ[92] ਹੋਈ ਹੈ।
ਕਬੀਰ ਜੀ ਆਖਦੇ ਹਨ ਕਿ ਡਰਾਉਣੇ[93] ਸੰਸਾਰ ਸਮੁੰਦਰ[94] ਤੋਂ ਪਾਰ[95] ਹੋਣ ਲਈ ਮੈਂ ਸੱਚੇ ਗੁਰਾਂ ਦੀ ਪਨਾਹ[96] ਲਈ ਹੈ।

ਗਉੜੀ ॥

Gauri.

ਗਉੜੀ।

ਪਾਨੀ[97] ਮੈਲਾ[98] ਮਾਟੀ[99] ਗੋਰੀ[100] ॥
ਇਸ ਮਾਟੀ[2] ਕੀ ਪੁਤਰੀ[3] ਜੋਰੀ[4] ॥੧॥
ਮੈ ਨਾਹੀ ਕਛੁ ਆਹਿ ਨ ਮੋਰਾ ॥
ਤਨੁ ਧਨੁ ਸਭੁ ਰਸੁ[5] [6]ਗੋਬਿੰਦ[7] ਤੋਰਾ[8] ॥੧॥ ਰਹਾਉ ॥

The watery[97] sperm is dirty[98] and the ovarian secretion[99] is crimson[100].
From this clay[2] the puppet[3] is made[4].
I am nothing and nothing is mine.
My body, riches and all the delicacies[5] are Thine[8], O World[6]-sustainer[7]. Pause.

ਪਾਣੀ[97] ਵਰਗਾ ਵੀਰਜ ਗੰਦਾ[98] ਹੈ ਅਤੇ ਅੰਡ ਥੈਲੀ ਦੀ ਰਤੂਬਤ[99] ਲਾਲ[100]।
ਇਸ ਮਿੱਟੀ[2] ਤੋਂ ਪੁਤਲੀ[3] ਬਣਾਈ[4] ਗਈ ਹੈ।
ਮੈਂ ਕੁਝ ਭੀ ਨਹੀਂ ਅਤੇ ਕੋਈ ਸ਼ੈ ਮੇਰੀ ਨਹੀਂ।
ਮੇਰੀ ਦੇਹਿ, ਦੌਲਤ ਅਤੇ ਸਾਰੀਆਂ ਨਿਆਮਤਾਂ[5] ਤੇਰੀਆਂ[8] ਹਨ ਹੇ ਜਗਤ[6] ਦੇ ਰਖਿਅਕ[7]! ਠਹਿਰਾਉ।

੩੩੭

337

੩੩੭

ਇਸ ਮਾਟੀ[9] ਮਹਿ[10] ਪਵਨੁ[12] ਸਮਾਇਆ[13] ॥
ਝੂਠਾ ਪਰਪੰਚੁ[14] ਜੋਰਿ[15] ਚਲਾਇਆ[16] ॥੨॥
ਕਿਨਹੂ[17] ਲਾਖ ਪਾਂਚ[18] ਕੀ ਜੋਰੀ[19] ॥
ਅੰਤ ਕੀ[20]ਬਾਰ ਗਗਰੀਆ[21] ਫੋਰੀ[22] ॥੩॥
ਕਹਿ ਕਬੀਰ ਇਕ ਨੀਵ[23] ਉਸਾਰੀ[24] ॥ ਖਿਨ[25] ਮਹਿ ਬਿਨਸਿ[26]ਜਾਇ ਅਹੰਕਾਰੀ[27] ॥੪॥੧॥੯॥੬੦॥

In[10] this clay[9] (body), breath[12] is infused[13].
Through Thine might[15], Thou hast set agoing[16] the false contrivance[14].
Some[17] amass[19]five lakhs[18] of rupees.
But, at last[20], the pitcher[21] (body) bursts[22].
Says Kabir, the sole foundation[23], which thou hast laid[24], shall be destroyed[26] in a moment[25],O proud[27] man.

ਇਸ ਮਿੱਟੀ[9] (ਦੇਹਿ) ਅੰਦਰ[10] ਸੁਆਸ[12] ਪਾ ਦਿੱਤਾ[13] ਗਿਆ ਹੈ।
ਆਪਣੀ ਸੱਤਿਆ[15] ਦੁਆਰਾ ਤੂੰ ਝੂਠੀ ਬਣਤਰ[14] ਨੂੰ ਚਾਲੂ[16] ਕਰ ਛੱਡਿਆ ਹੈ।
ਕਈ[17] ਪੰਜ ਲੱਖ[18] ਰੁਪਏ ਜਮ੍ਹਾਂ[19] ਕਰਦੇ ਹਨ।
ਅਖੀਰ[20] ਨੂੰ ਘੜਾ[21] (ਸਰੀਰ) ਫੁੱਟ[22] ਜਾਂਦਾ ਹੈ।
ਕਬੀਰ ਜੀ ਆਖਦੇ ਹਨ, ਕਿ ਇਕ ਬੁਨਿਆਦ[23], ਜਿਹੜੀ ਤੂੰ ਰੱਖੀ[24] ਹੈ, ਇਕ ਮੁਹਤ[25] ਵਿਚ ਤਬਾਹ[26] ਹੋ ਜਾਏਗੀ, ਹੇ ਮਗਰੂਰ[27] ਬੰਦੇ।

ਗਉੜੀ ॥

Gauri.

ਗਉੜੀ।

ਰਾਮ ਜਪਉ ਜੀਅ[30] ਐਸੇ[31] ਐਸੇ ॥ ਧ੍ਰੂ ਪ੍ਰਹਿਲਾਦ ਜਪਿਓ[28] ਹਰਿ ਜੈਸੇ[29] ॥੧॥
ਦੀਨ[32]ਦਇਆਲ[33]ਭਰੋਸੇ[34] ਤੇਰੇ ॥ ਸਭੁ ਪਰਵਾਰੁ[35]

As[29]Dhru and Prahlad did meditate[28] on God, so[31], so do thou O, my soul[30], remember the Lord.
O Merciful[33] to the poor[32], placing reliance[34]on Thee, I have embarked[36]

ਜਿਸ ਤਰ੍ਹਾਂ[29] ਧ੍ਰੂ ਅਤੇ ਪ੍ਰਹਿਲਾਦ ਨੇ ਵਾਹਿਗੁਰੂ ਨੂੰ ਆਰਾਧਿਆ[28] ਸੀ, ਉਸੇ ਤਰ੍ਹਾਂ[31], ਉਸੇ ਤਰ੍ਹਾਂ ਤੂੰ ਹੇ ਮੇਰੀ ਜਿੰਦੇ[30]! ਸਾਹਿਬ ਦਾ ਸਿਮਰਨ ਕਰ।
ਹੇ ਗਰੀਬਾਂ[32] ਦੇ ਮਿਹਰਬਾਨ[33]! ਤੇਰੇ ਉਤੇ ਯਕੀਨ[34] ਧਾਰ ਕੇ, ਮੈਂ ਆਪਣਾ ਸਮੂਹ ਟੱਬਰ ਕਬੀਲਾ[35] ਤੇਰੇ ਜਹਾਜ਼[37]

ਚੜਾਇਆ[36] ਬੇੜੇ[37] ॥੧॥ ਰਹਾਉ ॥

all my family[36] on Thine boat[37]. Pause.

ਤੇ ਚਾੜ੍ਹ[36] ਦਿੱਤਾ ਹੈ। ਠਹਿਰਾਉ।

ਜਾ[38] ਤਿਸੁ[39] ਭਾਵੈ[40] ਤਾ[41] ਹੁਕਮੁ[42] ਮਨਾਵੈ[43] ॥ ਇਸ ਬੇੜੇ ਕਉ ਪਾਰਿ ਲਘਾਵੈ[44] ॥੨॥

When[38] it pleases[40] Him[39], then[41], He has His order[42] obeyed[43]. He causes this boat to cross over[44].

ਜਦ[38] ਉਸ[39] ਨੂੰ ਚੰਗਾ[40] ਲੱਗਦਾ ਹੈ, ਤਦ[41] ਉਹ ਆਪਣੇ ਫ਼ੁਰਮਾਨ[42] ਤੇ ਅਮਲ ਕਰਾਉਂਦਾ[43] ਹੈ। ਉਹ ਇਸ ਜਹਾਜ਼ ਨੂੰ ਪਾਰ ਕਰ ਦਿੰਦਾ[44] ਹੈ।

ਗੁਰ ਪਰਸਾਦਿ[44*] ਐਸੀ ਬੁਧਿ[45] ਸਮਾਨੀ[46] ॥ ਚੂਕਿ ਗਈ[49] ਫਿਰਿ[47] ਆਵਨ ਜਾਨੀ[48] ॥੩॥

By Guru's grace[44*] such understanding[45] is enshrined[46] within me, that my coming and going[48], over again[47], have ceased[49].

ਗੁਰਾਂ ਦੀ ਦਇਆ ਦੁਆਰਾ[44*] ਮੇਰੇ ਅੰਦਰ ਐਸੀ ਸਮਝ[45] ਟਿਕ ਗਈ[46] ਹੈ ਕਿ ਮੇਰਾ ਮੁੜ ਕੇ[47], ਆਉਣਾ ਤੇ ਜਾਣਾ[48] ਮੁਕ ਗਿਆ[49] ਹੈ।

ਕਹੁ ਕਬੀਰ ਭਜੁ[50] ਸਾਰਿਗ[51] ਪਾਨੀ[52] ॥ ਉਰਵਾਰਿ[53] ਪਾਰਿ[54] ਸਭ[55] ਏਕੋ[56] ਦਾਨੀ[57] ॥੪॥੨॥ ੧੦॥੬੧॥

Says Kabir, meditate[50] thou on God, the earth[51]-sustainer[52]. In this world[53], the world beyond[54] and everywhere[55] He alone[56] is the Donor[57].

ਕਬੀਰ ਜੀ ਆਖਦੇ ਹਨ, ਤੂੰ ਧਰਤੀ[51] ਦੇ ਥੰਮ੍ਹਣਹਾਰ[52] ਵਾਹਿਗੁਰੂ ਦਾ ਸਿਮਰਨ[50] ਕਰ। ਇਸ ਲੋਕ[53], ਪਰਲੋਕ[54] ਅਤੇ ਹਰ ਥਾਂ[55] ਕੇਵਲ ਓਹੀ[56] ਦਾਤਾਰ[57] ਹੈ।

ਗਉੜੀ ੯ ॥

Gauri.

ਗਉੜੀ।

ਜੋਨਿ[58] ਛਾਡਿ ਜਉ[59] ਜਗ ਮਹਿ ਆਇਓ ॥ ਲਾਗਤ[60] ਪਵਨ[61] ਖਸਮੁ[62] ਬਿਸਰਾਇਓ[63] ॥੧॥

Leaving the womb[58], when[59] the mortal comes into the world, as soon as the air[61] touches[60] him, he forgets[63] his Master[62].

ਗਰਭ[58] ਨੂੰ ਛੱਡ ਕੇ ਜਦ[59] ਪ੍ਰਾਣੀ ਜਹਾਨ ਅੰਦਰ ਆਉਂਦਾ ਹੈ, ਹਵਾ[61] ਦੇ ਲਗਦਿਆਂ[60] ਹੀ, ਉਹ ਆਪਣੇ ਮਾਲਕ[62] ਨੂੰ ਭੁਲਾ[63] ਦਿੰਦਾ ਹੈ।

[64]ਜੀਅਰਾ[65]ਹਰਿ ਕੇ ਗੁਨਾ[66] ਗਾਉ[67] ॥੧॥ ਰਹਾਉ ॥

O[65] my soul[64], sing[67] thou the praises[66] of God. Pause.

ਹੇ[65] ਮੇਰੀ ਜਿੰਦੇ[64]! ਤੂੰ ਵਾਹਿਗੁਰੂ ਦਾ ਜੱਸ[67] ਗਾਇਨ[66] ਕਰ। ਠਹਿਰਾਉ।

ਗਰਭ[68] ਜੋਨਿ[69] ਮਹਿ ਉਰਧ[70] ਤਪੁ[71] ਕਰਤਾ ॥ ਤਉ[72] ਜਠਰ[73] ਅਗਨਿ[74] ਮਹਿ ਰਹਤਾ[75] ॥੨॥

When thou didst penance[71], reversed[70] in the womb[68] existence[69], thou then[72], escaped[75] the fire[74] of the belly[73].

ਜਦ ਤੂੰ ਬੱਚੇਦਾਨੀ[68] ਦੇ ਜੀਵਨ[69] ਅੰਦਰ ਪੁੱਠਾ[70] ਲਟਕਿਆ ਹੋਇਆ ਤਪੱਸਿਆ[71] ਕਰਦਾ ਸੈਂ, ਤਾਂ[72] ਤੂੰ ਪੇਟ[73] ਦੀ ਅੱਗ[74] ਵਿਚੋਂ ਬਚ ਨਿਕਲਿਆ[75] ਸੈਂ।

ਲਖ ਚਉਰਾਸੀਹ ਜੋਨਿ[76] ਭ੍ਰਮਿ[77] ਆਇਓ[78] ॥

Having wandered[77] through eighty four lacs of existences[76], thou hast come[78].

ਚੁਰਾਸੀ ਲੱਖ ਜੂਨੀਆਂ[76] ਅੰਦਰ ਭਟਕਦਾ[77] ਹੋਇਆ ਤੂੰ ਆਇਆ[78] ਹੈਂ।

ਅਬ[79] ਕੇ ਛੁਟਕੇ[80] ਠਉਰ[81] ਨ ਠਾਇਓ[82] ॥੩॥

If thou stumble[80], now[79], thou shalt find no place[81] or home[82].

ਜੇ ਤੂੰ ਹੁਣ[79] ਠੋਕਰ[80] ਖਾ ਗਿਆ ਤੈਨੂੰ ਕੋਈ ਜਗ੍ਹਾ[81] ਜਾਂ ਘਰ[82] ਹੱਥ ਨਹੀਂ ਲੱਗਣਾ।

ਕਹੁ ਕਬੀਰ ਭਜੁ[83] ਸਾਰਿਗ ਪਾਨੀ[84] ॥ਆਵਤ[86] ਦੀਸੈ[85] ਜਾਤ[87] ਨ ਜਾਨੀ[88] ॥੪॥ ੧॥੧੧॥੬੨॥

Says Kabir, remember[83] thou thy Lord[84], who is not seen[85] coming[86] or going[87] and who knows[88] all the things.

ਕਬੀਰ ਜੀ ਆਖਦੇ ਹਨ, ਤੂੰ ਆਪਣੇ ਸਾਈਂ[84] ਦਾ ਸਿਮਰਨ[83] ਕਰ, ਜੋ ਆਉਂਦਾ[86] ਅਤੇ ਜਾਂਦਾ[87] ਦਿਸਦਾ[85] ਨਹੀਂ ਅਤੇ ਜੋ ਸਾਰਾ ਕੁਛ ਜਾਣਦਾ[88] ਹੈ।

ਗਉੜੀ ਪੂਰਬੀ ॥
ਸੁਰਗ[89]ਬਾਸੁ[90]ਨ ਬਾਛੀਐ[91] ਡਰੀਐ[92] ਨ ਨਰਕਿ[93] ਨਿਵਾਸੁ[94] ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ[95] ਆਸ[96] ॥੧॥
ਰਮਈਆ[97]ਗੁਨ[98] ਗਾਈਐ ਜਾ ਤੇ ਪਾਈਐ ਪਰਮ[99] ਨਿਧਾਨੁ[100] ॥੧॥ ਰਹਾਉ ॥

Gauri Purbi.
Long[91] not for an abode[90] in paradise[89] and fear[92] not to dwell[94] in hell[93].
What is to be,shall definitely happen, so build[96] no hope[96] in thy mind.
Chant thou the praises[98] of the Pervading[97] Lord, from whom the most excellent[99] treasure[100]is obtained. Pause.

ਗਉੜੀ ਪੂਰਬੀ।
ਬਹਿਸ਼ਤ[89] ਅੰਦਰ ਵਸੇਬੇ[90] ਲਈ ਤਾਂਘ[91] ਨਾ ਕਰ ਅਤੇ ਦੋਜ਼ਕ[93] ਅੰਦਰ ਵਸਣੋਂ[94] ਡੁਰ[92] ਨਾ ਕਰ।
ਜੋ ਕੁਛ ਹੋਣਾ ਹੈ, ਉਹ ਨਿਸਚਿਤ ਹੀ ਹੋਵੇਗਾ। ਇਸ ਲਈ ਆਪਣੇ ਮਨ ਵਿਚ ਕੋਈ ਉਮੀਦ[96] ਨ ਬੰਨ੍ਹ[96]।
ਤੂੰ ਵਿਆਪਕ[97] ਪ੍ਰਭੂ ਦਾ ਜੱਸ[98] ਗਾਇਨ ਕਰ, ਜਿਸ ਪਾਸੋਂ ਮਹਾਨ ਸਰੇਸ਼ਟ[99] ਖ਼ਜ਼ਾਨਾ[100] ਪ੍ਰਾਪਤ ਹੁੰਦਾ ਹੈ। ਠਹਿਰਾਉ।

ਕਿਆ[2] ਜਪੁ[3] ਕਿਆ[4] ਤਪੁ ਸੰਜਮੋ[5] ਕਿਆ ਬਰਤੁ[6] ਕਿਆ ਇਸਨਾਨੁ[7] ॥ ਜਬ ਲਗੁ[8] ਜੁਗਤਿ[9] ਨ ਜਾਨੀਐ ਭਾਉ[10] ਭਗਤਿ[12] ਭਗਵਾਨ[13] ॥੨॥

Of what[2] avail is recitation[3], what penance[4]and self-mortification[5],what fasting[6] and what ablution[7], unless[8] thou know the way[9] to love[10] and serve[12] the Auspicious Master[13] ?

ਕੀ[2] ਲਾਭ ਪਾਠ[3] ਦਾ, ਕੀ ਤਪੱਸਿਆ[4] ਤੇ ਸ੍ਵੈ-ਰਿਆਜ਼ਤ[5] ਦਾ, ਕੀ ਹੈ ਨਿਰਾ-ਅਹਾਰ[6] ਰਹਿਣ ਦਾ ਅਤੇ ਕੀ ਨ੍ਹਾਉਣ[7] ਦਾ। ਜਦ ਤਾਂਈਂ[8] ਤੈਨੂੰ ਮੁਬਾਰਕ ਮਾਲਕ[13] ਦੀ ਪ੍ਰੀਤ[10] ਅਤੇ ਸੇਵਾ[12] ਦਾ ਤਰੀਕਾ[9] ਨਹੀਂ ਆਉਂਦਾ ?

ਸੰਪੈ[14] ਦੇਖਿ[15]ਨ ਹਰਖੀਐ[16] ਬਿਪਤਿ[17] ਦੇਖਿ ਨ ਰੋਇ[18] ॥

Feel not elated[16] at the sight[15] of treasures[14] and weep[18] not at the sight of adversity[17].

ਖ਼ਜ਼ਾਨਿਆਂ[14] ਨੂੰ ਤੱਕ ਕੇ[15] ਫੂੱਲ[16] ਕੇ ਨਾ ਬੈਠ ਅਤੇ ਮੁਸੀਬਤ[17] ਨੂੰ ਤੱਕ ਕੇ ਵਿਰਲਾਪ[18] ਨਾ ਕਰ।

ਜਿਉ[19] ਸੰਪੈ[20] ਤਿਉ[21] ਬਿਪਤਿ[22] ਹੈ ਬਿਧ[23] ਨੇ ਰਚਿਆ[24]ਸੋ[25]ਹੋਇ[26] ॥੩॥

As[19] is wealth[20], so[21] is poverty[22], and what the Lord[23] proposes[24], that[26] is accomplished[26].

ਜਿਹੋ ਜਿਹੀ[19]ਦੌਲਤ[20] ਹੈ, ਉਹੋ ਜੇਹੀ[21] ਹੀ ਕੰਗਾਲਤਾ[22] ਜੋ ਕੁਛ ਪ੍ਰਭੂ[23] ਕਰਦਾ[24] ਹੈ, ਉਹੀ[25] ਹੁੰਦਾ[26] ਹੈ।

ਕਹਿ ਕਬੀਰ ਅਬ[27] ਜਾਨਿਆ ਸੰਤਨ ਰਿਦੈ[28] ਮਝਾਰਿ[29] ॥ ਸੇਵਕ ਸੋ[30] ਸੇਵਾ ਭਲੇ[21] ਜਿਹ ਘਟ[22] ਬਸੈ[23] ਮੁਰਾਰਿ[24] ॥੪॥੧॥ ੧੨॥੬੩॥

Says Kabir, through the saints, I have now[27] come to know within[29] my mind[28], that the[30] servant,within whose mind[22] the Lord[24] abides[23], performs the best[21] service.

ਕਬੀਰ ਜੀ ਆਖਦੇ ਹਨ, ਸਾਧੂਆਂ ਦੇ ਰਾਹੀਂ, ਮੈਂ ਹੁਣ[27] ਆਪਣੇ ਮਨ[28] ਵਿਚ[29] ਜਾਣ ਲਿਆ ਹੈ, ਕਿ ਉਹ[30] ਸੇਵਕ, ਜਿਸ ਦੇ ਹਿਰਦੇ[22] ਵਿਚ ਸੁਆਮੀ[24] ਨਿਵਾਸ[23] ਰੱਖਦਾ ਹੈ ਪਰਮ[21] ਸਰੇਸ਼ਟ ਟਹਿਲ ਕਮਾਉਂਦਾ ਹੈ।

ਗਉੜੀ ॥
ਰੇ ਮਨ ਤੇਰੋ ਕੋਇ ਨਹੀ ਖਿੰਚਿ[25] ਲੇਇ ਜਿਨਿ[26] ਭਾਰੁ[27] ॥

Gauri.
My soul, no one, whose[26] burden[27] thou carriest[25], belongs to thee.

ਗਉੜੀ।
ਮੇਰੀ ਜਿੰਦੜੀਏ ! ਕੋਈ ਜਣਾ ਜਿਸ ਦਾ[26] ਬੋਝ[27] ਤੂੰ ਚੁਕਦਾ[25] ਹੈਂ, ਤੇਰਾ ਨਹੀਂ।

ਬਿਰਖ[28] ਬਸੇਰੋ[29]ਪੰਖਿ[30]ਕੋ ਤੈਸੋ[31] ਇਹੁ ਸੰਸਾਰੁ ॥੧॥

As is the perch[29] of the bird[30] on a tree[28], so[31] is this world.

ਜਿਸ ਤਰ੍ਹਾਂ ਪੰਛੀ[30] ਦਾ ਰੂਖ[28] ਉਤੇ ਬੈਠਣਾ[29] ਹੈ, ਉਸੇ ਤਰ੍ਹਾਂ[31] ਦਾ ਇਹ ਜਹਾਨ ਹੈ।

ਰਾਮ ਰਸੁ[32] ਪੀਆ[33] ਰੇ ॥ ਜਿਹ ਰਸ ਬਿਸਰਿ[34] ਗਏ ਰਸ[35] ਅਉਰ[36] ॥੧॥ ਰਹਾਉ ॥

Lord's elixir[32] I have quaffed[33]. By which Nectar, I have forgotten[34] other[36] relishes[35]. Pause.

ਪ੍ਰਭੂ ਦਾ ਅੰਮ੍ਰਿਤ[32] ਮੈਂ ਪਾਨ[33] ਕੀਤਾ ਹੈ। ਜਿਸ ਆਬਿ-ਹਿਯਾਤ ਦੁਆਰਾ ਮੈਨੂੰ ਹੋਰ[36] ਸੁਆਦ[35] ਭੁੱਲ[34] ਗਏ ਹਨ। ਠਹਿਰਾਉ।

ਅਉਰ ਮੁਏ ਕਿਆ ਰੋਈਐ ਜਉ ਆਪਾ[37] ਥਿਰੁ[38] ਨ ਰਹਾਇ ॥

Since we ourselves[37] are not permanent[38], why should we weep on others' death ?

ਜਦ ਕਿ ਅਸੀਂ ਖੁਦ[37] ਮੁਸਤਕਿਲ[38] ਨਹੀਂ, ਹੋਰਨਾਂ ਦੇ ਮਰਨ ਉਤੇ ਅਸੀਂ ਕਿਉਂ ਵਿਰਲਾਪ ਕਰੀਏ ?

ਜੋ ਉਪਜੈ[39] ਸੋ[40] ਬਿਨਸਿ[41] ਹੈ ਦੁਖੁ[42] ਕਰਿ[43] ਰੋਵੈ ਬਲਾਇ[44] ॥੨॥

Whoever is born[39] he[40] shall die[41]. Because[43] of this grief[42] let my evil spirit[44] weep.

ਜੋ ਕੋਈ ਭੀ ਜੰਮਿਆ[39] ਹੈ, ਉਹ[40] ਮਰ[41] ਜਾਸੀ। ਇਸ ਦੁਖੜੇ[42] ਕਾਰਨ[43] ਮੇਰੇ ਭੂਤ[44] ਪ੍ਰੇਤ ਰੋਣ।

ਜਹ[45] ਕੀ ਉਪਜੀ[46] ਤਹ ਰਚੀ[47] ਪੀਵਤ[48] ਮਰਦਨ[49] ਲਾਗ[50] ॥

When man is attached[50] to the pious persons[49] and drinks[48] the Name Nectar, his soul is absorbed[47] in Him from whom[45] it had sprung[46].

ਜਦ ਆਦਮੀ ਨੇਕ ਬੰਦਿਆਂ[49] ਨਾਲ ਜੁੜ ਜਾਂਦਾ[50] ਹੈ ਅਤੇ ਨਾਮ ਅੰਮ੍ਰਿਤ ਪਾਨ ਕਰਦਾ[48] ਹੈ, ਉਸ ਦੀ ਆਤਮਾ ਉਸ ਅੰਦਰ ਲੀਨ[47] ਹੋ ਜਾਂਦੀ ਹੈ, ਜਿਸ ਤੋਂ[45] ਉਹ ਪੈਦਾ ਹੋਈ[46] ਸੀ।

ਕਹਿ ਕਬੀਰ ਚਿਤਿ[51] ਚੇਤਿਆ[52] ਰਾਮ[53] ਸਿਮਰਿ[54] ਬੈਰਾਗ[55] ॥੩॥੨॥੧੩॥ ੬੪॥

Says Kabir, I, in my mind[51], have thought[52] of the Pervading[53] God and remember[54] Him with love[55].

ਕਬੀਰ ਜੀ ਆਖਦੇ ਹਨ, ਮੈਂ ਆਪਣੇ ਮਨ[51] ਵਿਚ ਵਿਆਪਕ[53] ਵਾਹਿਗੁਰੂ ਦਾ ਸਿਮਰਨ[52] ਕੀਤਾ ਹੈ ਅਤੇ ਉਸ ਨੂੰ ਪਿਆਰ[55] ਨਾਲ ਯਾਦ[54] ਕਰਦਾ ਹਾਂ।

ਰਾਗੁ ਗਉੜੀ ॥

Measure Gauri.

ਰਾਗ ਗਉੜੀ।

ਪੰਥੁ[56] ਨਿਹਾਰੈ[57] ਕਾਮਨੀ[58] ਲੋਚਨ[59] ਭਰੀਲੇ[60] ਉਸਾਸਾ[61] ॥

The bride[58] beholds[57] the pathway[56] sighing[61] and with tearful[60] eyes[59].

ਹਉਕੇ[61] ਭਰਦੀ ਅਤੇ ਅੱਥਰੂ ਭਰੀਆਂ[60] ਅੱਖਾਂ[59] ਨਾਲ ਪਤਨੀ[58] ਰਾਹ[56] ਤਕਾਉਂਦੀ[57] ਹੈ।

੩੩੮

338

੩੩੮

ਉਰ[62] ਨ ਭੀਜੈ[63] ਪਗੁ[65] ਨ ਖਿਸੈ[64] ਹਰਿ ਦਰਸਨ[66] ਕੀ ਆਸਾ[67] ॥੧॥

Her mind[62] is not happy[63], and she retracts[64] not her steps[65], in the hope[67] of seeing[66] her Lord.

ਉਸ ਦਾ ਚਿੱਤ[62] ਪ੍ਰਸੰਨ[63] ਨਹੀਂ ਅਤੇ ਆਪਣੇ ਸੁਆਮੀ ਨੂੰ ਦੇਖਣ[66] ਦੀ ਉਮੀਦ[67] ਵਿਚ ਉਹ ਆਪਣੇ ਪੈਰ[65] ਪਿੱਛੇ ਨਹੀਂ ਹਟਾਉਂਦੀ[64]।

ਉਡਹੁ[68] ਨ ਕਾਗਾ[69] ਕਾਰੇ[70] ॥ ਬੇਗਿ[71] ਮਿਲੀਜੈ ਅਪੁਨੇ ਰਾਮ ਪਿਆਰੇ[72] ॥ ॥੧॥ ਰਹਾਉ ॥

Fly away[68] O black[70] crow[69], so that I may quickly[71] meet my Beloved[72] Lord. Pause.

ਉਡ ਜਾ[68], ਹੇ ਕਾਲੇ[70] ਕਾਂ[69] ! ਤਾਂ ਜੋ ਮੈਂ ਆਪਣੇ ਪ੍ਰੀਤਮ[72] ਸੁਆਮੀ ਨੂੰ ਛੇਤੀ[71] ਮਿਲ ਪਵਾਂ। ਠਹਿਰਾਉ।

ਕਹਿ ਕਬੀਰ ਜੀਵਨ[73] ਪਦ[74] ਕਾਰਨਿ ਹਰਿ ਕੀ ਭਗਤਿ[75] ਕਰੀਜੈ ॥

Says Kabir, perform Lord's devotional service[75] to obtain the status[74] of eternal life[73].

ਕਬੀਰ ਆਖਦਾ ਹੈ, ਸਦੀਵੀ ਜੀਵਨ[73] ਦੀ ਪਦਵੀ[74] ਹਾਸਲ ਕਰਨ ਲਈ ਸਾਈਂ ਦੀ ਅਨੁਰਾਗੀ ਸੇਵਾ[75] ਕਰ।

ਏਕੁ[76] ਆਧਾਰੁ[77] ਨਾਮ ਨਾਰਾਇਨ[77*] ਰਸਨਾ[78] ਰਾਮੁ[80] ਰਵੀਜੈ[79] ॥੨॥੧॥ ੧੪॥੬੫॥

The Pervading God's[77*] Name is the only[76] prop[77] of mine, and with my tongue[78] I repeat[79] the Lord's[80] Name.

ਵਿਆਪਕ ਵਾਹਿਗੁਰੂ[77*] ਦਾ ਨਾਮ ਹੀ ਮੇਰਾ ਇਕੋ ਇਕ[76] ਆਸਰਾ[77] ਹੈ ਅਤੇ ਆਪਣੀ ਜੀਭ[78] ਨਾਲ ਮੈਂ ਸੁਆਮੀ[80] ਦੇ ਨਾਮ ਦਾ ਉਚਾਰਨ[79] ਕਰਦਾ ਹਾਂ।

ਰਾਗੁ ਗਉੜੀ ੧੧ ॥

Measure Gauri.

ਰਾਗ ਗਉੜੀ।

ਆਸ[81] ਪਾਸ ਘਨ[82] ਤੁਰਸੀ[83] ਕਾ ਬਿਰਵਾ[84] ਮਾਝ[85] ਬਨਾ[86] ਰਸਿ[87] ਗਾਊ[88] ਰੇ ॥

All round[81] there are thick[82] sweet basil[83] shrubs[84]. In the midst[85] of them is made[86] a good[87] village[88].

ਆਲੇ ਦੁਆਲੇ[81] ਸੰਘਣੀਆਂ[82] ਮਿੱਠੇ ਨਿਆਜ਼ਬੋ[83] ਦੀਆਂ ਝਾੜੀਆਂ[84] ਹਨ। ਉਨ੍ਹਾਂ ਦੇ ਵਿਚ[85] ਇਕ ਉਮਦਾ[87] ਪਿੰਡ[88] ਬਣਿਆ[86] ਹੋਇਆ ਹੈ।

ਊਆ[89] ਕਾ ਸਰੂਪੁ[90] ਦੇਖਿ ਮੋਹੀ[91] ਗੁਆਰਨਿ[92] ਮੋਕਉ ਛੋਡਿ ਨ ਆਉ ਨ ਜਾਹੂ ਰੇ ॥੧॥

Seeing His[89] beauty[90], the milk-maid[92] became enamoured[91]. "Leave me not and come and go not, anywhere.

ਉਸ[89] ਦੀ ਸੁੰਦਰਤਾ[90] ਵੇਖ ਕੇ ਗੁਆਲਣ[92] ਫ਼ਰੇਫ਼ਤਾ[91] ਹੋ ਗਈ "ਮੈਨੂੰ ਨਾ ਛੱਡ ਅਤੇ ਕਿਧਰੇ ਨਾ ਜਾ।

ਤੋਹਿ ਚਰਨ[93] ਮਨੁ ਲਾਗੋ ਸਾਰਿੰਗਧਰ[94] ॥ ਸੋ[95] ਮਿਲੈ ਜੋ[96] ਵਡਭਾਗੋ[97] ॥੧॥ ਰਹਾਉ ॥

My soul is attached to Thy Feet[93], O Holder of the bow[94]. He[95] alone meets Thee, who[96] is very fortunate[97]." Pause.

ਮੇਰੀ ਆਤਮਾ ਤੇਰੇ ਚਰਨਾਂ[93] ਨਾਲ ਜੁੜੀ ਹੋਈ ਹੈ, ਹੇ ਧਨੁਖ-ਧਾਰੀ[94]! ਕੇਵਲ ਓਹੀ[95] ਤੈਨੂੰ ਮਿਲਦਾ ਹੈ, ਜਿਹੜਾ[96] ਸ੍ਰੇਸ਼ਟ ਨਸੀਬਾਂ[97] ਵਾਲਾ ਹੈ"। ਠਹਿਰਾਉ।

ਬਿੰਦ੍ਰਾਬਨ ਮਨ ਹਰਨ[98] ਮਨੋਹਰ*ਕ੍ਰਿਸਨ ਚਰਾਵਤ[99] ਗਾਊ[100] ਰੇ ॥ ਜਾ[2] ਕਾ ਠਾਕੁਰੁ[3] ਤੁਹੀ ਸਾਰਿੰਗਧਰ ਮੋਹਿ[4] ਕਬੀਰਾ ਨਾਉ[5] ਰੇ ॥ ੨॥੨॥੧੫॥੬੬॥

Soul-stirring[98] is Bindraban, where the fascinating* Lord grazes[99] the kine[100]. My[4] name[5] is Kabir, whose[2] Master[3], O holder of the bow, Thou art.

ਮਨ ਨੂੰ ਲੁਭਾਉਣ ਵਾਲਾ[98] ਹੈ ਬ੍ਰਿੰਦਾਬਨ, ਜਿਥੇ ਮਨ-ਮੋਹਨ* ਮਾਲਕ ਗਾਈਆਂ[100] ਚਾਰਦਾ[99] ਹੈ। ਮੇਰਾ[4] ਨਾਮ[5] ਕਬੀਰ ਹੈ, ਜਿਸ[2] ਦਾ ਮਾਲਕ[3], ਹੇ ਕਮਾਨ-ਚੁਕਣ ਵਾਲੇ, ਤੂੰ ਹੈਂ।

ਗਉੜੀ ਪੂਰਬੀ ੧੨ ॥

Gauri Purbi.

ਗਉੜੀ ਪੂਰਬੀ।

ਬਿਪਲ[6] ਬਸਤ੍ਰ[7] ਕੇਤੇ[8] ਹੈ ਪਹਿਰੇ[9]ਕਿਆ ਬਨ[10] ਮਧੇ[12] ਬਾਸਾ[13] ॥

Good many[6] wear[9] various[8] robes[7]. What avails it to have an abode[13] in[12] the forest[10] ?

ਕਈ[6] ਅਨੇਕਾਂ[8] ਪੁਸ਼ਾਕਾਂ[7] ਪਹਿਨਦੇ[9] ਹਨ। ਜੰਗਲ[10] ਵਿਚ[12] ਵਸੇਬਾ[13] ਕਰਨ ਦਾ ਕੀ ਲਾਭ ਹੈ ?

ਕਹਾ ਭਇਆ ਨਰ[14]ਦੇਵਾ[15] ਧੋਖੇ[16] ਕਿਆ ਜਲਿ[17] ਬੋਰਿਓ[18] ਗਿਆਤਾ[19] ॥੧॥

What avails it to man[14] to burn[16] insense before gods[15] ? What is it to dip[18] ones body[19] in water[17] ?

ਦੇਵਤਿਆਂ[15] ਮੂਹਰੇ ਧੂਪ ਧੁਖਾਉਣ[16] ਦਾ ਬੰਦੇ[14] ਨੂੰ ਕੀ ਫ਼ਾਇਦਾ ਹੈ ? ਆਪਣੇ ਸਰੀਰ[19] ਨੂੰ ਪਾਣੀ[17] ਵਿਚ ਟੁੱਭਾ[18] ਲੁਆਉਣ ਦਾ ਕੀ ?

ਜੀਅ[20] ਰੇ[21] ਜਾਹਿਗਾ[22] ਮੈ ਜਾਨਾਂ ॥

O[21] soul[20] ! I know that thou shalt depart[22].

ਹੇ[21] ਜਿੰਦੇ[20] ! ਮੈਂ ਜਾਣਦਾ ਹਾਂ ਕਿ ਤੂੰ ਤੁਰ[22]ਜਾਏਂਗੀ।

ਅਬਿਗਤ[23] ਸਮਝੁ ਇਆਨਾ[24] ॥

O silly man[24], understand the Imperishable[23] Lord.

ਹੇ ਅੰਞਾਣ ਪੁਰਸ਼[24] ! ਅਬਿਨਾਸੀ[23] ਪ੍ਰਭੂ ਨੂੰ ਸਮਝ।

ਜਤ ਜਤ[25] ਦੇਖਉ[26] ਬਹੁਰਿ[27] ਨ ਪੇਖਉ[28] ਸੰਗਿ[29] ਮਾਇਆ[30] ਲਪਟਾਨਾ[31] ॥੧॥ਰਹਾਉ॥

Whatever[25] the mortal beholds[26] now, he shall not see[28] that again[27], but still he is clung[31] with[29] mammon[30]. Pause.

ਜੋ ਕੁਛ[25] ਭੀ ਪ੍ਰਾਣੀ, ਹੁਣ ਵੇਖਦਾ[26] ਹੈ, ਉਹ ਉਸ ਨੂੰ ਮੁੜ[27] ਕੇ ਨਹੀਂ ਵੇਖੇਗਾ[28], ਪਰ ਤਾਂ ਭੀ ਉਹ ਧਨ-ਦੌਲਤ[30] ਨਾਲ[29] ਚਿਮੜਿਆ[31] ਹੋਇਆ ਹੈ। ਠਹਿਰਾਉ।

ਗਿਆਨੀ[32] ਧਿਆਨੀ[33] ਬਹੁ[34] ਉਪਦੇਸੀ[35] ਇਹੁ[36] ਜਗੁ[37] ਸਗਲੋ[38] ਧੰਧਾ[39] ॥

The divine[32], the men of contemplation[33] and the great[34] preachers[35], all[38] are engrossed in these[36] worldly[37] affairs[39].

ਸੁਰਤੇ[32], ਬਿਰਤੀ ਜੋੜਨ ਵਾਲੇ[33] ਅਤੇ ਵੱਡੇ[34] ਉਪਦੇਸ਼ਕ[35] ਸਾਰੇ[38] ਇਨ੍ਹਾਂ[36] ਸੰਸਾਰੀ[37] ਕਾਰ-ਵਿਹਾਰ[39] ਅੰਦਰ ਗ਼ਲਤਾਨ ਹਨ।

ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ[40] ਅੰਧਾ[41]॥੨॥੧॥ ੧੬॥੬੭॥

Says Kabir, without the Name of one Lord, this world is blinded[41] by mammon[40].

ਕਬੀਰ ਜੀ ਆਖਦੇ ਹਨ, ਇਕ ਸੁਆਮੀ ਦੇ ਨਾਮ ਦੇ ਬਗ਼ੈਰ ਇਹ ਜਹਾਨ ਮੋਹਨੀ[40] ਨੇ ਅੰਨ੍ਹਾਂ[41] ਕੀਤਾ ਹੋਇਆ ਹੈ।

ਗਉੜੀ ੧੨ ॥

Gauri.

ਗਉੜੀ।

ਮਨ[42] ਰੇ[43]ਛਾਡਹੁ[49]ਭਰਮੁ[44] ਪ੍ਰਗਟੁ[45] ਹੋਇ ਨਾਚਹੁ[46] ਇਆ ਮਾਇਆ[48] ਕੇ ਡਾਂਡੇ[47]॥ਸੂਰੁ[50]ਕਿ ਸਨਮੁਖ[51] ਰਨ[52] ਤੇ ਡਰਪੈ[53] ਸਤੀ[54] ਕਿ ਸਾਂਚੈ[55] ਭਾਂਡੇ[56] ॥੧॥

O[43] man[42], victim[47] of this mammon[48], abandon[49] doubt[44] and dance[46] in open[45].

What a hero[50] is he, who dreads[53] the face to face[51] engagement[52], and what kind of faithful wife[54] is she, who when call comes, starts assembling[55] utensils[56] ?

ਹੇ[43] ਇਸ ਮਾਇਆ[48] ਦੇ ਸ਼ਿਕਾਰ[47] ਬੰਦੇ[42] ! ਸਹਿਸਾ[44] ਤਿਆਗ[49] ਦੇ ਅਤੇ ਜ਼ਾਹਰਾ[45] ਤੌਰ ਤੇ ਨਿਰਤਕਾਰੀ[46] ਕਰ।

ਉਹ ਕਾਹਦਾ ਸੂਰਮਾ[50] ਹੈ ਜੋ ਆਮੋ-ਸਾਮ੍ਹਣੇ[51] ਲੜਾਈ[52] ਤੋਂ ਡਰਦਾ[53] ਹੈ, ਅਤੇ ਉਹ ਕਿਸ ਤਰ੍ਹਾਂ ਦੀ ਜਾਂ-ਨਿਸਾਰ ਪਤਨੀ[54] ਹੈ, ਜੋ ਜਦ ਸੱਦਾ ਆਉਂਦਾ ਹੈ, ਬਰਤਨ[56] ਇਕੱਤ੍ਰ[55] ਕਰਨ ਲੱਗ ਜਾਂਦੀ ਹੈ ?

ਡਗਮਗ[57] ਛਾਡਿ ਰੇ ਮਨ[58] ਬਉਰਾ[59] ॥

Cease wavering[57] O crazy[59] man[58].

ਡਿੱਕੋ ਡੋਲੇ[57] ਖਾਣੇ ਛੱਡ ਦੇ, ਹੇ ਬੇਵਕੂਫ਼[59] ਬੰਦੇ[58] !

ਅਬ[60] ਤਉ[61] ਜਰੇ[62] ਮਰੇ ਸਿਧਿ[63] ਪਾਈਐ ਲੀਨੋ ਹਾਥਿ ਸੰਧਉਰਾ[64] ॥੧॥ ਰਹਾਉ॥

Now[60] when[61] thou hast taken red lead[64] in thy hand, burn[62] and die to obtain perfection[63]. Pause.

ਹੁਣ[60] ਜਦ[61] ਤੂੰ ਸੰਧੂਰ[64] ਆਪਣੇ ਹੱਥ ਵਿਚ ਲੈ ਲਿਆ ਹੈ, ਪੂਰਨਤਾ[63] ਪ੍ਰਾਪਤ ਕਰਨ ਲਈ ਸੜ[62] ਕੇ ਮਰ ਜਾ। ਠਹਿਰਾਉ।

ਕਾਮ[65] ਕ੍ਰੋਧ[66] ਮਾਇਆ[67] ਕੇ ਲੀਨੇ[68] ਇਆ ਬਿਧਿ[69] ਜਗਤੁ[70] ਬਿਗੂਤਾ[71] ॥

The world[70] is engrossed[68] in lust[65], wrath[66] and wealth[67]. In this way[69] it is ruined[71].

ਸੰਸਾਰ[70] ਵਿਸ਼ੇ-ਭੋਗ[65], ਗੁੱਸੇ[66] ਤੇ ਧਨ-ਦੌਲਤ[67] ਅੰਦਰ ਖਚਤ[68] ਹੋਇਆ ਹੋਇਆ ਹੈ। ਇਸ ਤਰ੍ਹਾਂ[69] ਇਹ ਤਬਾਹ[71] ਹੋ ਗਿਆ ਹੈ।

ਕਹਿ ਕਬੀਰ ਰਾਜਾ[72] ਰਾਮ ਨ ਛੋਡਉ[75] ਸਗਲ[73] ਊਚ[74] ਤੇ ਊਚਾ ॥੨॥੨॥੧੭॥ ੬੮॥

Says Kabir, forsake[75] thou not the Sovereign[72] Lord, who is the highest of all[73] the high[74].

ਕਬੀਰ ਜੀ ਆਖਦੇ ਹਨ, ਤੂੰ ਪਾਤਸ਼ਾਹ[72] ਪਰਮੇਸ਼ਰ ਨੂੰ ਨਾ ਤਿਆਗ[75], ਜੋ ਸਾਰਿਆਂ[73] ਉੱਚਿਆਂ ਨਾਲੋਂ ਪਰਮ ਉੱਚਾ[74] ਹੈ।

ਗਉੜੀ ੧੩ ॥
ਫੁਰਮਾਨੁ[75]* ਤੇਰਾ ਸਿਰੈ[76] ਊਪਰਿ ਫਿਰਿ[77] ਨ ਕਰਤ ਬੀਚਾਰ[78] ॥
ਤੁਹੀ ਦਰੀਆ[79] ਤੁਹੀ ਕਰੀਆ[80] ਤੁਝੈ ਤੇ ਨਿਸਤਾਰ[81] ॥੧॥
ਬੰਦੇ[82] ਬੰਦਗੀ[83] ਇਕਤੀਆਰ[84] ॥
ਸਾਹਿਬੁ ਰੋਸੁ[84]* ਧਰਉ ਕਿ ਪਿਆਰੁ[85] ॥੧॥ਰਹਾਉ॥
ਨਾਮੁ ਤੇਰਾ ਆਧਾਰੁ[86] ਮੇਰਾ ਜਿਉ[87] ਫੂਲੁ[87]* ਜਲੀਹੈ[88] ਨਾਰਿ[89] ॥
ਕਹਿ ਕਬੀਰ ਗੁਲਾਮੁ[90] ਘਰ[94] ਕਾ ਜੀਆਇ[91] ਭਾਵੈ[92] ਮਾਰਿ[93] ॥੨॥੧੮॥ ੬੮॥

Gauri.

Thy command[75]* is upon my head[76], and again[77], I think[78] not of its propriety.
Thou art the river[79] and Thou art the boatman[80]. From Thee is my salvation[81].
O man[82], embrace[84] Lord's meditation[83],
Whether Thy Lord be angry[84]* with thee or loves[85] thee. Pause.
As[87] the flower[87]* blooms[88] in water[89], so is Thy Name my mainstay[86].
Says Kabir, I am the slave[90] of Thy home[94]. Preserve[91] me or[92] slay[93] me.

ਗਉੜੀ ।

ਤੇਰਾ ਹੁਕਮ[75]* ਮੇਰੇ ਸੀਸ[76] ਉਤੇ ਹੈ ਅਤੇ ਮੁੜ[77] ਇਸ ਦੀ ਯੋਗਤਾ ਵੱਲ ਮੈਂ ਧਿਆਨ[78] ਹੀ ਨਹੀਂ ਦਿੰਦਾ ।
ਤੂੰ ਦਰਿਆ[79] ਹੈਂ ਅਤੇ ਤੂੰ ਹੀ ਮਲਾਹ[80] । ਤੇਰੇ ਤੋਂ ਹੀ ਮੇਰਾ ਕਲਿਆਣ[81] ਹੈ ।
ਹੇ ਇਨਸਾਨ[82] ! ਸਾਹਿਬ ਦਾ ਸਿਮਰਨ[83] ਅਖ਼ਤਿਆਰ[84] ਕਰ,
ਭਾਵੇਂ ਤੇਰਾ ਸੁਆਮੀ ਤੇਰੇ ਨਾਲ ਗੁੱਸੇ[84]* ਹੋਵੇ ਜਾਂ ਤੈਨੂੰ ਮੁਹੱਬਤ[85] ਕਰੇ । ਠਹਿਰਾਉ ।
ਜਿਸ ਤਰ੍ਹਾਂ[87] ਪੁਸ਼ਪ[87]* ਪਾਣੀ[89] ਅੰਦਰ ਪ੍ਰਫੁੱਲਤ[88] ਹੁੰਦਾ ਹੈ, ਇਸ ਤਰ੍ਹਾਂ ਹੀ ਤੇਰਾ ਨਾਮ ਮੇਰਾ ਆਸਰਾ[86] ਹੈ ।
ਕਬੀਰ ਆਖਦਾ ਹੈ, ਮੈਂ ਤੇਰੇ ਘਰ[94] ਦਾ ਗੁਮਾਸ਼ਤਾ[90] ਹਾਂ । ਮੇਰੀ ਰਖਿਆ[91] ਕਰ ਤੇ ਭਾਵੇਂ[92] ਮੈਨੂੰ ਮਾਰ ਸੁੱਟ[93] ।

ਗਉੜੀ ॥
ਲਖ ਚਉਰਾਸੀਹ ਜੀਅ[95] ਜੋਨਿ[96] ਮਹਿ[99] ਭ੍ਰਮਤ[97] ਨੰਦੁ ਬਹੁ[98] ਥਾਕੋ[100] ਰੇ ॥
ਭਗਤਿ[2] ਹੇਤਿ[3] ਅਵਤਾਰੁ[4] ਲੀਓ ਹੈ ਭਾਗੁ[5] ਬਡੋ[6] ਬਪੁਰਾ ਕੋ[7] ਰੇ ॥੧॥
ਤੁਮ[8] ਜੁ ਕਹਤ[9] ਹਉ ਨੰਦ ਕੋ ਨੰਦਨ[10] ਨੰਦ ਸੁ[12] ਨੰਦਨੁ ਕਾ[13] ਕੋ ਰੇ ॥
ਧਰਨਿ[14] ਅਕਾਸੁ[15] ਦਸੋ ਦਿਸ[16] ਨਾਹੀ ਤਬ[17] ਇਹੁ ਨੰਦੁ ਕਹਾ[18] ਥੋ ਰੇ ॥੧॥ ਰਹਾਉ॥

Gauri.

Wandering[97] through[99] eightyfour lakhs of animate[95] existences[96] Krishan's adoptive father, Nand, was greatly[98] worn-out[100].
Because[3] of his devotion[2] Krishan became incarnate[4] in his house. Great[6] was the good fortune[5] of the poor[7] man.
You[8] say[9] that Krishan was Nand's son[10], whose[13] son was that[12] Nand himself ? When there were no earth[14], firmament[15] and ten directions[16], where[18] was this Nand then[17] ? Pause.

ਗਉੜੀ ।

ਚੁਰਾਸੀ ਲੱਖ ਪ੍ਰਾਣਧਾਰੀ[95]ਜੂਨੀਆਂ[96] ਅੰਦਰ[99]ਭਟਕਦਾ[97] ਹੋਇਆ, ਕ੍ਰਿਸ਼ਨ ਦਾ ਪਾਲਣ ਵਾਲਾ ਪਿਤਾ, ਨੰਦ ਬਹੁਤ[98] ਹੰਭ[100] ਗਿਆ ਸੀ ।
ਉਸ ਦੇ ਅਨੁਰਾਗ[2] ਦੇ ਕਾਰਨ[3] ਕ੍ਰਿਸ਼ਨ ਨੇ ਉਸ ਦੇ ਘਰ ਜਨਮ ਧਾਰਿਆ[4] । ਗ਼ਰੀਬ[7] ਬੰਦੇ ਦੇ ਚੰਗੇ ਸਰੇਸ਼ਟ[6] ਨਸੀਬ[5] ਸਨ ।
ਤੁਸੀਂ[8] ਕਹਿੰਦੇ[9] ਹੋ ਕਿ ਕ੍ਰਿਸ਼ਨ ਨੰਦ ਦਾ ਪੁਤ੍ਰ[10] ਸੀ, ਉਹ[12] ਨੰਦ ਆਪ ਕੀਹਦਾ[13] ਪੁਤ੍ਰ ਸੀ ? ਜਦ ਕੋਈ ਧਰਤੀ[14] ਅਸਮਾਨ[15] ਅਤੇ ਦੱਸ ਪਾਸੇ[16] ਨਹੀਂ ਹੁੰਦੇ ਸਨ, ਉਦੋਂ[17] ਇਹ ਨੰਦ ਕਿਥੇ[18] ਸੀ ? ਠਹਿਰਾਉ ।

ੴ੯	339	ੴ੯
ਸੰਕਟਿ[19] ਨਹੀ ਪਰੈ[20] ਜੋਨਿ[21] ਨਹੀ ਆਵੈ ਨਾਮੁ ਨਿਰੰਜਨ[22] ਜਾ ਕੋ[23] ਰੇ ॥	He whose[23] Name is the Immaculate Lord[22] falls[20] not in trouble[19] and undergoes not birth[21].	ਜਿਸ[23] ਦਾ ਨਾਮ ਪਵਿੱਤ੍ਰ ਪ੍ਰਭੂ[22] ਹੈ, ਉਹ ਤਕਲੀਫ਼[19] ਵਿਚ ਨਹੀਂ ਪੈਂਦਾ[20] ਅਤੇ ਜਨਮ[21] ਨਹੀਂ ਧਾਰਦਾ।
ਕਬੀਰ ਕੋ ਸੁਆਮੀ[24] ਐਸੋ[25] ਠਾਕੁਰੁ[26] ਜਾਕੈ ਮਾਈ[27] ਨ ਬਾਪੋ ਰੇ[28] ॥੨॥੧੯॥੭੦॥	Kabir's Master[24] is such[25] a Lord[26], who has neither mother[27], nor father[28].	ਕਬੀਰ ਦਾ ਮਾਲਕ[24] ਇਹੋ ਜਿਹਾ[25] ਸਾਹਿਬ[26] ਹੈ, ਜਿਸ ਦੀ ਨਾ ਕੋਈ ਮਾਤਾ[27] ਹੈ ਤੇ ਨਾ ਹੀ ਪਿਤਾ[28]।
ਗਉੜੀ ॥	Gauri.	ਗਉੜੀ।
ਨਿੰਦਉ[29] ਨਿੰਦਉ ਮੋਕਉ[30] ਲੋਗੁ[31] ਨਿੰਦਉ ॥	Slander[29], slander me[30], ye people[31] slander.	ਦੂਸ਼ਨ ਲਾਓ[29], ਦੂਸ਼ਨ ਲਾਓ, ਮੈਨੂੰ[30], ਤੁਸੀਂ ਲੋਕੋ[31] ਦੂਸ਼ਨ ਲਾਓ।
ਨਿੰਦਾ[32] ਜਨ[33] ਕਉ ਖਰੀ[34] ਪਿਆਰੀ[35] ॥	Slander[32] is very[34] sweet[35] to God's servant[33].	ਬਦਖੋਈ[32] ਰੱਬ ਦੇ ਨੌਕਰ[33] ਨੂੰ ਬੜੀ[34] ਮਿੱਠੀ[35] ਲੱਗਦੀ ਹੈ।
ਨਿੰਦਾ ਬਾਪੁ[36] ਨਿੰਦਾ ਮਹਤਾਰੀ[37] ॥੧॥ਰਹਾਉ॥	Slander is my father[36] and slander my mother[37]. Pause.	ਬਦਖੋਈ ਮੇਰਾ ਪਿਤਾ[36] ਹੈ ਅਤੇ ਬਦਖੋਈ ਹੀ ਮੇਰੀ ਮਾਤਾ[37]। ਠਹਿਰਾਉ।
ਨਿੰਦਾ ਹੋਇ ਤ ਬੈਕੁੰਠ[38] ਜਾਈਐ॥ ਨਾਮੁ ਪਦਾਰਥੁ[39] ਮਨਹਿ ਬਸਾਈਐ[40] ॥	If I am calumniated I go to God's Home[38] and Name's wealth[39] abides[40] in my mind.	ਜੇ ਮੈਨੂੰ ਤੁਹਮਤ ਲੱਗੇ ਤਾਂ ਮੈਂ ਰੱਬ ਦੇ ਘਰ[38] ਜਾਂਦਾ ਹਾਂ ਅਤੇ ਨਾਮ ਦੀ ਦੌਲਤ[39] ਮੇਰੇ ਚਿੱਤ ਵਿਚ ਟਿਕ[40] ਜਾਂਦੀ ਹੈ।
ਰਿਦੈ[41] ਸੁਧ[42] ਜਉ[43] ਨਿੰਦਾ ਹੋਇ ॥ ਹਮਰੇ ਕਪਰੇ[44] ਨਿੰਦਕੁ[45] ਧੋਇ ॥੧॥	If I am slandered when[43] my mind[41] is pure[42], the slanderer[45] washes my clothes[44].	ਜੇਕਰ ਮੇਰੇ ਤੇ ਉਦੋਂ ਤੁਹਮਤ ਲੱਗਦੀ ਹੈ, ਜਦ[43] ਮੇਰਾ ਮਨ[41] ਪਵਿੱਤ੍ਰ[42] ਹੈ ਤਾਂ ਕਲੰਕ ਲਾਉਣ ਵਾਲਾ[45] ਮੇਰੇ ਕਪੜੇ[44] ਧੋਂਦਾ ਹੈ।
ਨਿੰਦਾ ਕਰੈ ਸੁ ਹਮਰਾ[46] ਮੀਤੁ[47] ॥ ਨਿੰਦਕ ਮਾਹਿ ਹਮਾਰਾ ਚੀਤੁ[48] ॥	He who calumniates me, is my[46] friend[47], with the slanderer my mind[48] is pleased.	ਜੋ ਮੈਨੂੰ ਕਲੰਕ ਲਾਉਂਦਾ ਹੈ, ਉਹ ਮੇਰਾ[46] ਦੋਸਤ[47] ਹੈ। ਤੁਹਮਤ ਲਾਉਣ ਵਾਲੇ ਨਾਲ ਮੇਰਾ ਮਨ[48] ਪ੍ਰਸੰਨ ਹੈ।
ਨਿੰਦਕੁ ਸੋ ਜੋ ਨਿੰਦਾ ਹੋਰੈ[49]॥	He is the slanderer, who prevents[49] my being slandered.	ਕਲੰਕ ਲਾਉਣ ਵਾਲਾ ਉਹ ਹੈ, ਜੋ ਮੇਰੀ ਬਦਖੋਈ ਹੁੰਦੀ ਨੂੰ ਹੋੜਦਾ[49] ਹੈ।
ਹਮਰਾ ਜੀਵਨੁ[50] ਨਿੰਦਕੁ ਲੋਰੈ[51] ॥੨॥	The calumniator wishes[51] me long life[50].	ਇਲਜ਼ਾਮ ਲਾਉਣ ਵਾਲਾ ਮੇਰੀ ਲੰਮੀ ਉਮਰ[50] ਲੋੜਦਾ[51] ਹੈ।
ਨਿੰਦਾ ਹਮਰੀ ਪ੍ਰੇਮ ਪਿਆਰੁ[52] ॥	I bear love and affection[52] to him who slanders me.	ਮੈਂ ਉਸ ਨਾਲ ਪ੍ਰੀਤ ਤੇ ਨੇਹੁੰ[52] ਕਰਦਾ ਹਾਂ, ਜੋ ਮੇਰੀ ਨਿੰਦਾ ਕਰਦਾ ਹੈ।
ਨਿੰਦਾ ਹਮਰਾ ਕਰੈ ਉਧਾਰੁ[53] ॥	Slander effects my salvation[53].	ਨਿੰਦਾ ਮੇਰੀ ਮੁਕਤੀ[53] ਕਰਦੀ ਹੈ।
ਜਨ[54] ਕਬੀਰ ਕਉ ਨਿੰਦਾ ਸਾਰੁ[55] ॥	To the slave[54] Kabir, calumniation is the best thing[55].	ਗੋਲੇ[54] ਕਬੀਰ ਲਈ ਨਿੰਦਾ ਸਾਰਿਆਂ ਤੋਂ ਚੰਗੀ ਸ਼ੈ[55] ਹੈ।
ਨਿੰਦਕੁ ਡੂਬਾ[56] ਹਮ ਉਤਰੇ ਪਾਰਿ[57] ॥੩॥੨੦॥੭੧॥	The slanderer is drowned[56] and I am ferried across[57].	ਨਿੰਦਕ ਡੁੱਬ[56] ਗਿਆ ਹੈ ਅਤੇ ਮੈਂ ਤਰ[57] ਗਿਆ ਹਾਂ।
ਰਾਜਾ[58] ਰਾਮ ਤੂੰ ਐਸਾ[59]	My Sovereign[58] Lord Thou art very[59]	ਮੇਰੇ ਪਾਤਸ਼ਾਹ[58] ਪ੍ਰਭੂ! ਤੂੰ ਬਹੁਤ[59] ਹੀ ਨਿਡੱਰ[60] ਹੈਂ।

ਨਿਰਭਉ[60] ਤਰਨ[61] ਤਾਰਨ[62] ਰਾਮ ਰਾਇਆ[63] ॥੧॥ ਰਹਾਉ ॥

fearless[60]. Thou art a raft[62] to swim across[61], O God, the monarch[63]. Pause.

ਪਾਰ ਉਤਰਨ ਲਈ[61] ਤੂੰ ਇਕ ਬੇੜੀ[62] ਹੈਂ, ਹੇ ਵਾਹਿਗੁਰੂ ਰਾਜੇ[63] ! ਠਹਿਰਾਉ ।

ਜਬ[64] ਹਮ[65] ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ[66] ਹਮ ਨਾਹੀ ॥

When[64] I[65] was proud Thou wert not in me. Now when Thou art[66] in mine, I am not proud.

ਜਦ[64] ਮੈਂ[65] ਹੰਕਾਰੀ ਸਾਂ ਤੂੰ ਮੇਰੇ ਵਿਚ ਨਹੀਂ ਸੈਂ । ਹੁਣ ਜਦ ਤੂੰ ਮੇਰੇ ਵਿਚ ਹੈਂ[66], ਮੈਂ ਮਗ਼ਰੂਰ ਨਹੀਂ ਹਾਂ ।

ਅਬ[67] ਹਮ ਤੁਮ ਏਕ ਭਏ ਹਹਿ ਏਕੈ[68] ਦੇਖਤ ਮਨੁ ਪਤੀਆਹੀ[69] ॥੧॥

Now[67] Thou and I have become one. My mind is appeased[69] on beholding that we both are one and the same[68].

ਹੁਣ[67] ਤੂੰ ਤੇ ਮੈਂ ਇਕ ਹੋ ਗਏ ਹਾਂ, ਇਹ ਵੇਖ ਕੇ ਕਿ ਅਸੀਂ ਦੋਨੋਂ ਇਕ ਮਿਕ ਹੋ ਗਏ[68] ਹਾਂ, ਮੇਰਾ ਚਿੱਤ ਪਤੀਜ ਗਿਆ[69] ਹੈ ।

ਜਬ ਬੁਧਿ[70] ਹੋਤੀ ਤਬ ਬਲੁ[71] ਕੈਸਾ[72] ਅਬ ਬੁਧਿ ਬਲੁ ਨ ਖਟਾਈ[73] ॥

When there is worldly wisdom[70] how[72] can there be spiritual strength[71] ? Now(when I have spiritual wisdom), the temporal strength cannot abide[73].

ਜਦ ਸੰਸਾਰੀ ਸਿਆਣਪ[70] ਹੈ ਤਾਂ ਰੂਹਾਨੀ ਸੱਤਿਆ[71] ਕਿਸ ਤਰ੍ਹਾਂ[72] ਹੋ ਸਕਦੀ ਹੈ ? ਹੁਣ (ਜਦ ਮੇਰੇ ਪੱਲੇ ਆਤਮਕ ਅਕਲਮੰਦੀ ਹੈ) ਤਾਂ ਦੁਨਿਆਵੀ ਤਾਕਤ ਰਹਿ[73] ਨਹੀਂ ਸਕਦੀ ।

ਕਹਿ ਕਬੀਰ ਬੁਧਿ ਹਰਿ[74] ਲਈ[76] ਮੇਰੀ ਬੁਧਿ ਬਦਲੀ[75] ਸਿਧਿ[77] ਪਾਈ ॥੨॥੨੧॥੭੨॥

Says Kabir, God[74] has taken away[76] my worldly wisdom and I have obtained perfection[77] instead[75].

ਕਬੀਰ ਜੀ ਆਖਦੇ ਹਨ, ਪਰਮੇਸ਼ਰ[74] ਨੇ ਮੇਰੀ ਸੰਸਾਰੀ ਸਿਆਣਪ ਲੈ ਲਈ[76] ਹੈ ਅਤੇ ਉਸ ਦੀ ਥਾਂ[75] ਮੈਨੂੰ ਪੂਰਨਤਾ[77] ਪਰਾਪਤ ਹੋ ਗਈ ਹੈ ।

ਗਉੜੀ ॥

Gauri.

ਗਉੜੀ ।

ਖਟ[78] ਨੇਮ[79] ਕਰਿ ਕੋਠੜੀ[80] ਬਾਂਧੀ[81] ਬਸਤੁ[83] ਅਨੂਪੁ[82] ਬੀਚ ਪਾਈ ॥

The Creator made[81] the body chamber[80] of six[78] rings[79] and in it put a peerless[82] thing[83].

ਸਿਰਜਣਹਾਰ ਨੇ ਛਿਆਂ[78] ਚੱਕਰਾਂ[79] ਵਾਲੀ ਸਰੀਰਕ ਕੋਠੜੀ[80] ਬਣਾਈ[81] ਹੈ ਅਤੇ ਇਸ ਵਿਚ ਉਸ ਨੇ ਇਕ ਲਾਸਾਨੀ[82] ਸ਼ੈ[83] ਪਾਈ ਹੈ ।

ਕੁੰਜੀ[84] ਕੁਲਫੁ[85] ਪ੍ਰਾਨ[86] ਕਰਿ[87] ਰਾਖੇ[88] ਕਰਤੇ[89] ਬਾਰ[90] ਨ ਲਾਈ ॥੧॥

Like[87] lock[85] and key[84], the life[86] is made the watchman[88] thereof. In doing so, the Maker[89] made no delay[90].

ਜਿੰਦੇ[85] ਅਤੇ ਚਾਬੀ[84] ਦੀ ਤਰ੍ਹਾਂ[87] ਜਿੰਦੜੀ[86] ਉਸ ਦੀ ਚੌਕੀਦਾਰ[88] ਬਣਾਈ ਗਈ ਹੈ । ਇਸ ਤਰ੍ਹਾਂ ਕਰਨ ਵਿਚ ਕਰਤਾਰ[89] ਨੇ ਕੋਈ ਦੇਰੀ[90] ਨਹੀਂ ਲਾਈ ।

ਅਬ[91] ਮਨ[92] ਜਾਗਤ[93] ਰਹੁ ਰੇ[94] ਭਾਈ[95] ॥

O[94] brother[95], let thy soul[92] remain awake[93] now[91].

ਹੇ[94] ਵੀਰ[95] ! ਹੁਣ[91] ਤੂੰ ਆਪਣੀ ਆਤਮਾ[92] ਨੂੰ ਜਾਗਦੀ[93] ਰੱਖ ।

ਗਾਫਲੁ[96] ਹੋਇਕੈ ਜਨਮੁ[97] ਗਵਾਇਓ[100] ਚੋਰੁ[2] ਮੁਸੈ[98] ਘਰੁ[99] ਜਾਈ ॥ ੧ ॥ ਰਹਾਉ ॥

Becoming unmindful[96] thou hast wasted away[100] thy life[97]. Thy home[99] is being robbed[98] by thieves[2]. Pause.

ਬੇਪਰਵਾਹ[96] ਹੋ ਕੇ ਤੂੰ ਆਪਣਾ ਮਨੁੱਖੀ-ਜੀਵਨ[97] ਗੁਆ ਲਿਆ[100] ਹੈ । ਤੇਰਾ ਘਰ[99] ਚੋਰ[2] ਲੁੱਟੀ[98] ਜਾ ਰਹੇ ਹਨ । ਠਹਿਰਾਉ ।

ਪੰਚ[3] ਪਹਰੂਆ[4] ਦਰ ਮਹਿ[5] ਰਹਤੇ[6] ਤਿਨ[7] ਕਾ ਨਹੀ ਪਤੀਆਰਾ[8] ॥

The five[3] senses stand[6] as sentinels[4] at the gate[5] but no reliance[8] can be placed on them[7].

ਪੰਜ[3] ਗਿਆਨ ਇੰਦਰੇ ਦਰਵਾਜ਼ੇ[5] ਉਤੇ ਪਹਿਰੇਦਾਰ[4] ਖੜੇ[6] ਹਨ, ਪਰ ਉਨ੍ਹਾਂ ਉਤੇ[7] ਕੋਈ ਭਰੋਸਾ[8] ਨਹੀਂ ਕੀਤਾ ਜਾ ਸਕਦਾ ।

ਚੇਤਿ[9] ਸੁਚੇਤ[10] ਚਿਤ[15] ਹੋਇ ਰਹੁ ਤਉ[12] ਲੈ ਪਰਗਾਸੁ[13] ਉਜਾਰਾ[14] ॥੨॥

Thou shalt have light[13] and illumination[14], until[12] thou art awake[9] in thy conscious[10] mind[15].

ਜਦ ਤਾਂਈ[12] ਤੂੰ ਆਪਣੇ ਚੌਕਸ[10] ਮਨ[15] ਅੰਦਰ ਜਾਗਦਾ[9] ਹੈਂ, ਤੈਨੂੰ ਨੂਰ[13] ਤੇ ਚਾਨਣ[14] ਪਰਾਪਤ ਹੋਵੇਗਾ ।

ਨਉ ਘਰ[16] ਦੇਖਿ ਜੁ ਕਾਮਨਿ[17] ਭੂਲੀ[18] ਬਸਤੁ[19] ਅਨੂਪ ਨ ਪਾਈ[20] ॥

The bride[17] who goes amiss[18] by seeing the body of nine apertures[16], obtains[20] not the peerless[19] thing of God's Name.

ਪਤਨੀ[17] ਜਿਹੜੀ ਨੌ ਗੋਲਕਾਂ[16] ਵਾਲੀ ਦੇਹਿ ਨੂੰ ਵੇਖ ਕੇ ਕੁਰਾਹੇ[18] ਪੈ ਗਈ ਹੈ, ਉਹ ਰੱਬ ਦੇ ਨਾਮ ਦੀ ਲਾਸਾਨੀ[19] ਵਸਤੂ ਨੂੰ ਨਹੀਂ ਪਾਉਂਦੀ[20] ।

ਕਹਤੁ[21] ਕਬੀਰ ਨਵੈ ਘਰ ਮੂਸੇ[22] ਦਸਵੈਂ[23] ਤਤੁ[24] ਸਮਾਈ[25] ॥੩॥੨੨॥੭੩॥

Says[21] Kabir, save the real thing[24], which is contained[25] in the tenth gate[23], the thieves plunder[22] the body of nine apertures.

ਅਸਲ ਵਸਤੂ[24] ਜੋ ਦਸਮ ਦੁਆਰ[23] ਅੰਦਰ ਰਮੀ ਹੋਈ[25] ਹੈ, ਦੇ ਬਿਨਾ ਚੋਰ ਨਵਾਂ ਗੋਲਕਾਂ ਵਾਲੇ ਸਰੀਰ ਨੂੰ ਲੁਟ[22] ਲੈਂਦੇ ਹਨ, ਕਬੀਰ ਜੀ ਆਖਦੇ[21] ਹਨ ।

ਗਉੜੀ ॥

Gauri.

ਗਉੜੀ ।

ਮਾਈ[26] ਮੋਹਿ[27] ਅਵਰ[28] ਨ ਜਾਨਿਓ ਆਨਾਨਾਂ[29] ॥ ਸਿਵ ਸਨਕਾਦਿ[30] ਜਾਸੁ[31] ਗੁਨ[32] ਗਾਵਹਿ[36] ਤਾਸੁ[33] ਬਸਹਿ[34] ਮੋਰੇ ਪ੍ਰਾਨਾਨਾਂ[35] ॥ ੧॥ ਰਹਾਉ ॥

O Mother[26], I[27] know none else[28] beside[29] the Lord.
My soul[35] abides[34] in Him[33], whose[31] praises[32] Shiva, Sanak and others[30] sing[36]. Pause.

ਮੇਰੀ ਮਾਤਾ[26], ਮੈਂ[27] ਪ੍ਰਭੂ ਦੇ ਬਗੈਰ[29] ਹੋਰ[28] ਕਿਸੇ ਨੂੰ ਨਹੀਂ ਜਾਣਦਾ ।
ਮੇਰੀ ਆਤਮਾ[35] ਉਸ ਅੰਦਰ[33] ਰਹਿੰਦੀ[34] ਹੈ, ਜਿਸ ਦੀ[31] ਕੀਰਤੀ[32] ਸ਼ਿਵਜੀ ਅਤੇ ਸਨਕ ਆਦਿਕ[30] ਗਾਇਨ[36] ਕਰਦੇ ਹਨ । ਠਹਿਰਾਉ ।

ਹਿਰਦੇ[37] ਪ੍ਰਗਾਸੁ[38] ਗਿਆਨ[39] ਗੁਰ ਗੰਮਿਤ[40] ਗਗਨ[41] ਮੰਡਲ ਮਹਿ[42] ਧਿਆਨਾਨਾਂ[43] ॥

On meeting[40] the Guru, the light[38] of Divine knowledge[39] has entered my mind[37], and my attention[43] is fixed up in[42] the tenth gate[41].

ਗੁਰਾਂ ਨੂੰ ਮਿਲ ਪੈਣ ਤੇ[40] ਬ੍ਰਹਿਮ-ਬੋਧ[39] ਦਾ ਚਾਨਣ[38] ਮੇਰੇ ਅੰਤਰਿ ਆਤਮੇ[37] ਪ੍ਰਵੇਸ਼ ਕਰ ਗਿਆ ਹੈ ਅਤੇ ਮੇਰੀ ਬਿਰਤੀ[43] ਦਸਮ ਦੁਆਰ[41] ਅੰਦਰ[42] ਸਥਿਰ ਹੋ ਗਈ ਹੈ ।

ਬਿਖੈ[44] ਰੋਗ[45] ਭੈ[50] ਬੰਧਨ[46] ਭਾਗੇ[47] ਮਨ[53] ਨਿਜ[48] ਘਰਿ[52] ਸੁਖੁ[51] ਜਾਨਾਨਾ[49] ॥੧॥

The disease[45] of sin[44], fear[50] and worldly entanglements[46] have fled[47], and my soul[53] has realised[49] peace[51] in its own[48] home[52].

ਪਾਪ[44] ਦੀ ਬੀਮਾਰੀ[45], ਡਰ[50] ਅਤੇ ਸੰਸਾਰੀ ਅਲਸੇਟੇ[46] ਦੌੜ ਗਏ[47] ਹਨ ਅਤੇ ਮੇਰੀ ਆਤਮਾ[53] ਨੇ ਆਪਣੇ ਨਿੱਜ[48] ਦੇ ਗ੍ਰਹਿ[52] ਵਿਚ ਹੀ ਆਰਾਮ[51] ਅਨੁਭਵ[49] ਕਰ ਲਿਆ ਹੈ ।

ਏਕ [54]ਸੁਮਤਿ[55] ਰਤਿ[56] ਜਾਨਿ[57] ਮਾਨਿ[58] ਪ੍ਰਭੁ ਦੂਸਰ[59] ਮਨਹਿ[60] ਨ ਆਨਾਨਾਂ[61] ॥

Imbued[56] with good[54] intellect[55], I know[57] and obey[58] the One Lord and allow not another[59] to enter[61] my mind[60].

ਸਰੇਸ਼ਟ[54] ਅਕਲ[55] ਨਾਲ ਰੰਗੀਜਣ[56] ਕਾਰਨ ਮੈਂ ਇਕ ਸੁਆਮੀ ਨੂੰ ਹੀ ਪਛਾਣਦਾ[57] ਅਤੇ ਮੰਨਦਾ[58] ਹਾਂ ਅਤੇ ਕਿਸੇ ਹੋਰਸ[59] ਨੂੰ ਆਪਣੇ ਚਿੱਤ[60] ਅੰਦਰ ਨਹੀਂ ਆਉਣ[61] ਦਿੰਦਾ ।

ਚੰਦਨ[62] ਬਾਸੁ[63] ਭਏ ਮਨ ਬਾਸਨ[64] ਤਿਆਗਿ[65] ਘਟਿਓ[66] ਅਭਿਮਾਨਾਨਾ[67] ॥੨॥

Having abandoned[65] the mental[66] pride[67], my soul is perfumed[64] with the fragrance[63] of sandal[62].

ਆਪਣੇ ਮਾਨਸਕ[66] ਹੰਕਾਰ[67] ਨੂੰ ਛੱਡ ਕੇ[65], ਮੇਰੀ ਆਤਮਾ ਚੰਨਣ[62] ਦੀ ਮਹਿਕ[63] ਨਾਲ ਖ਼ੁਸ਼ਬੂਦਾਰ[64] ਹੋ ਗਈ ਹੈ ।

ਜੋ ਜਨ[68]ਗਾਇ[69] ਧਿਆਇ[70] ਜਸੁ[71] ਠਾਕੁਰ ਤਾਸ[72] ਪ੍ਰਭੂ ਹੈ ਥਾਨਾਨਾਂ[73] ॥

The man[68], who sings[69] and meditates[70] on the excellences[71] of the Lord, within him[72] is the abode[73] of the Master.

ਜੋ ਪੁਰਸ਼[68] ਸੁਆਮੀ ਦੀਆਂ ਉਤਮਤਾਈਆਂ[71] ਦਾ ਗਾਇਨ[69] ਤੇ ਚਿੰਤਨ[70] ਕਰਦਾ ਹੈ, ਉਸ ਦੇ[72] ਅੰਦਰ ਮਾਲਕ ਦਾ ਨਿਵਾਸ[73] ਹੈ ।

ਤਿਹ[74] ਬਡ[75] ਭਾਗ[76] ਬਸਿਓ ਮਨਿ ਜਾ ਕੈ ਕਰਮ[77] ਪ੍ਰਧਾਨ[78] ਮਥਾਨਾਨਾ[79] ॥ ੩॥

He, in whose heart, the Lord dwells, has very[75] good fortune[76]. The most distinguished[78] is the destiny[77] (recorded) on his forehead[79].

ਜਿਸ ਦੇ ਦਿਲ ਅੰਦਰ ਸੁਆਮੀ ਵਸਦਾ ਹੈ, ਭਾਰੀ[75] ਚੰਗੀ ਕਿਸਮਤ[76] ਹੈ ਉਸ[74] ਦੀ । ਪਰਮ[78] ਪਰਸਿਧ ਹੈ ਉਸ ਦੇ ਮੱਥੇ[79] ਤੇ (ਲਿਖੀ) ਪ੍ਰਾਲਬਧ[77] ।

ਕਾਟਿ[80] ਸਕਤਿ[81] ਸਿਵ[82] ਸਹਜੁ[83] ਪ੍ਰਗਾਸਿਓ[84] ਏਕੈ ਏਕ[85] ਸਮਾਨਾਨਾ[86] ॥

I have destroyed[80] mammon[81]. Lord's[82] knowledge[83] is kindled[84] in my mind and I have become absorbed[86] in the One[85] Master.

ਮਾਇਆ[81] ਨੂੰ ਮੈਂ ਮੇਟ ਸੁਟਿਆ[80] ਹੈ । ਸਾਹਿਬ[82] ਦੀ ਗਿਆਤ[83] ਮੇਰੇ ਹਿਰਦੇ ਅੰਦਰ ਰੌਸ਼ਨ ਹੋ ਗਈ[84] ਹੈ ਅਤੇ ਮੈਂ ਇਕ[85] ਮਾਲਕ ਅੰਦਰ ਲੀਨ[86] ਹੋ ਗਿਆ ਹਾਂ ।

੩੪੦

ਕਹਿ ਕਬੀਰ ਗੁਰ ਭੇਟਿ[87] [88]ਮਹਾਸੁਖ[89]ਭ੍ਰਮਤ[90] ਰਹੇ[91] ਮਨੁ[93] ਮਾਨਾਨਾਂ[92] ॥੪॥ ੨੩॥੭੪॥

340

Says Kabir, on meeting[87] the Guru, I have obtained supreme[88] bliss[89]. My mind[93] has ceased[91] to wander[90] and is rendered happy[92].

੩੪੦

ਕਬੀਰ ਜੀ ਆਖਦੇ ਹਨ, ਗੁਰਾਂ ਨੂੰ ਮਿਲ ਕੇ[87], ਮੈਨੂੰ ਪਰਮ[88] ਆਨੰਦ[89] ਪਰਾਪਤ ਹੋ ਗਿਆ ਹੈ । ਮੇਰਾ ਮਨੂਆ[93] ਭਟਕਣੋਂ[90] ਹੱਟ ਗਿਆ[91] ਹੈ ਅਤੇ ਖ਼ੁਸ਼[92] ਹੋ ਗਿਆ ਹੈ ।

ਰਾਗੁ ਗਉੜੀ ਪੂਰਬੀ
ਬਾਵਨ ਅਖਰੀ
ਕਬੀਰ ਜੀਉ ਕੀ

Measure Gauri Purbi.
An Acrostic
of Kabir Ji

ਰਾਗ ਗਉੜੀ ਪੂਰਬੀ
ਬਾਵਨ ਅੱਖਰੀ
ਕਬੀਰ ਜੀ ਦੀ

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

There is but One God. True is His Name and Creative His personality. By the Guru's grace He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚਾ ਹੈ ਉਸ ਦਾ ਨਾਮ ਅਤੇ ਰਚਣਹਾਰ ਉਸ ਦੀ ਵਿਅਕਤੀ । ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਬਾਵਨ[94] ਅਛਰ[95] ਲੋਕ[96] ਤ੍ਰੈ[97] ਸਭੁ[98] ਕਛੁ ਇਨਹੀ[99] ਮਾਹਿ[100] ॥

Through[100] these[99] fiftytwo[94] letters[95], the three[97] worlds[96] and all else[98] are described.

ਇਨ੍ਹਾਂ[99] ਬਵੰਜਾ[94] ਅੱਖਰਾਂ[95] ਰਾਹੀਂ[100], ਤਿੰਨ[97] ਜਹਾਨ[96] ਅਤੇ ਹੋਰ ਸਾਰਾ ਕੁਝ[98] ਬਿਆਨ ਕੀਤਾ ਜਾਂਦਾ ਹੈ ।

ਏ ਅਖਰ ਖਿਰਿ[2] ਜਾਹਿਗੇ ਓਇ[3] ਅਖਰ[4] ਇਨ ਮਹਿ ਨਾਹਿ ॥੧॥

These letters shall perish[2]. That[3] Imperishable Lord[4], cannot be described through these letters.

ਇਹ ਅੱਖਰ ਬਿਨਸ[2] ਜਾਣਗੇ । ਉਹ[3] ਅਬਿਨਾਸੀ ਪ੍ਰਭੂ[4] ਇਨ੍ਹਾਂ ਅੱਖਰਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ ।

ਜਹਾ[5] ਬੋਲ[6] ਤਹ[7] ਅਛਰ[8] ਆਵਾ ॥

Where[5] there is speech[6], there[7] are letters[8] (words).

ਜਿਥੇ[5] ਬੋਲੀ[6] ਹੈ, ਉਥੇ[7] ਅਖਰ[8] (ਸ਼ਬਦ) ਹਨ ।

ਜਹ ਅਬੋਲ[10] ਤਹ ਮਨੁ[12]ਨ ਰਹਾਵਾ[13] ॥

Where there is no speech[10], there the mind[12] remains not stable[13].

ਜਿਥੇ ਬਚਨ-ਬਿਲਾਸ[10] ਨਹੀਂ, ਉਥੇ ਮਨੂਆ[12] ਸਥਿਰ[13] ਨਹੀਂ ਰਹਿੰਦਾ ।

ਬੋਲ ਅਬੋਲ ਮਧਿ[14] ਹੈ ਸੋਈ[16] ॥	Both in[14] speech and silence, He[16], the Lord abides.	ਬਚਨ-ਬਿਲਾਸ ਅਤੇ ਚੁੱਪ ਦੋਹਾਂ ਅੰਦਰ[14] ਉਹ[16] ਸੁਆਮੀ ਵਸਦਾ ਹੈ।
ਜਸ[17] ਓਹੁ ਹੈ ਤਸ[18] ਲਖੈ[19] ਨ ਕੋਈ ॥੨॥	As[17] He is, none can know[19] Him as such[18].	ਜਿਹੋ ਜਿਹਾ[17] ਉਹ ਹੈ, ਉਹੋ ਜਿਹਾ[18] ਉਸ ਨੂੰ ਕੋਈ ਜਾਣ[19] ਨਹੀਂ ਸਕਦਾ।
ਅਲਹ[20] ਲਹਉ[21] ਤਉ[22] ਕਿਆ ਕਹਉ ਕਹਉ[23] ਤ ਕੋ[24] ਉਪਕਾਰ[25] ॥	If I obtain[21] the Adorable[20] Lord, what shall I say then[22] ? By uttering[23] His praise, what[24] good[25] I do to others ?	ਜੇ ਮੈਂ ਪੂਜਯ ਪ੍ਰਭੂ[20] ਨੂੰ ਪਾ ਲਵਾਂ[21] ਤਦ[22] ਮੈਂ ਉਸ ਨੂੰ ਕੀ ਆਖਾਂਗਾ ? ਉਸ ਦਾ ਜੱਸ ਉਚਾਰਨ ਕਰਨ ਦੁਆਰਾ[23] ਮੈਂ ਹੋਰਨਾਂ ਦਾ ਕੀ[24] ਭਲਾ[25] ਕਰਦਾ ਹਾਂ ?
ਬਟਕ[26] ਬੀਜ[27] ਮਹਿ[28] ਰਵਿ ਰਹਿਓ[29] ਜਾ[30] ਕੋ ਤੀਨਿ ਲੋਕ[31] ਬਿਸਥਾਰ[32] ॥੩॥	He whose[30] expanse[32] is in the three worlds[31], is contained[29] in[28] the seed[27] of banyan-tree[26].	ਜਿਸ ਦਾ[30] ਪਸਾਰਾ[32] ਤਿੰਨਾਂ ਜਹਾਨਾਂ[31] ਅੰਦਰ ਹੈ, ਉਹ ਬੋੜ੍ਹ[26] ਦੇ ਬਿਰਛ ਦੇ ਬੀ[27] ਵਿਚ[28] ਵਿਆਪਕ[29] ਹੋ ਰਿਹਾ ਹੈ।
ਅਲਹ[33] ਲਹੰਤਾ[34] ਭੇਦ[35] ਛੈ[36] ਕਛੁ ਕਛੁ[37] ਪਾਇਓ[38] ਭੇਦ[39] ॥	He who knows[34] the Lord[33] and understands[38] His secret[39], even a little[37], for him separation[35] disappears[36].	ਜੋ ਸਾਹਿਬ[33] ਨੂੰ ਜਾਣਦਾ[34] ਹੈ ਅਤੇ ਉਸ ਦੇ ਭੇਤ[39] ਨੂੰ ਥੋੜ੍ਹਾ ਜਿੰਨਾ[37] ਭੀ ਸਮਝਦਾ[38] ਹੈ, ਉਸ ਦੇ ਲਈ ਵਿਛੋੜਾ[35] ਅਲੋਪ[36] ਹੋ ਜਾਂਦਾ ਹੈ।
ਉਲਟਿ[40] ਭੇਦ[41] ਮਨੁ[42] ਬੇਧਿਓ[43] ਪਾਇਓ ਅਭੰਗ[44] ਅਛੇਦ[45] ॥੪॥	When mortal turns away[40] from the world, his mind[42] is pierced[43] through with the Lord's secret[41] and he obtains the Indestructible[44] and Impenetrable God[45].	ਜਦ ਪ੍ਰਾਣੀ ਦੁਨੀਆਂ ਵਲੋਂ ਮੁੜ ਪੈਂਦਾ[40] ਹੈ, ਉਸ ਦਾ ਹਿਰਦਾ[42] ਸਾਹਿਬ ਦੇ ਭੇਤ[41] ਨਾਲ ਵਿੰਨ੍ਹਿਆ[43] ਜਾਂਦਾ ਹੈ ਅਤੇ ਉਹ ਨਾਸ-ਰਹਿਤ[44] ਅਤੇ ਅਥੇਧ ਵਾਹਿਗੁਰੂ[45] ਨੂੰ ਪਾ ਲੈਂਦਾ ਹੈ।
ਤੁਰਕ[46] ਤਰੀਕਤਿ[47] ਜਾਨੀਐ[48] ਹਿੰਦੂ ਬੇਦ ਪੁਰਾਨ ॥	A Muslim[46] understands[48] the Muslim way of[47] life and a Hindu the Vedas and Puranas.	ਇਕ ਮੁਸਲਮਾਨ[46], ਮੁਸਲਮਾਨੀ ਜੀਵਨ ਰਹੁ-ਰੀਤੀ[47] ਨੂੰ ਸਮਝਦਾ[48] ਹੈ ਅਤੇ ਇਕ ਹਿੰਦੂ ਵੇਦਾਂ ਅਤੇ ਪੁਰਾਣਾਂ ਨੂੰ।
ਮਨ ਸਮਝਾਵਨ[49] ਕਾਰਨੇ ਕਛੂਅਕ[50] ਪੜੀਐ[51] ਗਿਆਨ[52] ॥੫॥	To instruct[49] his mind, man ought to study[51] Divine Knowledge[52] to some extent[50].	ਆਪਣੇ ਚਿੱਤ ਨੂੰ ਸਿੱਧੇ ਰਾਹੇ ਪਾਉਣ ਦੇ ਲਈ[49], ਆਦਮੀ ਨੂੰ ਥੋੜ੍ਹੀ ਬਹੁਤੀ[50] ਬ੍ਰਹਿਮ-ਵਿਦਿਆ[52] ਘੋਖਣੀ[51] ਉਚਿਤ ਹੈ।
ਓਅੰਕਾਰ[53] ਆਦਿ[54] ਮੈ ਜਾਨਾ ॥	I know only the One Lord[53], who is the source[54] of everything.	ਮੈਂ ਕੇਵਲ ਇਕ[53] ਪ੍ਰਭੂ ਨੂੰ ਜਾਣਦਾ ਹਾਂ ਜੋ ਹਰ ਸ਼ੈ ਦਾ ਮੰਬਾ[54] ਹੈ।
ਲਿਖਿ[55] ਅਰੁ[56] ਮੇਟੈ[57] ਤਾਹਿ[58] ਨਾ ਮਾਨਾ[59] ॥	I believe[59] not in him[58], whom the Lord writes[55] (creates) and[56] erases[57] (destroys).	ਮੈਂ ਉਸ[58] ਉਤੇ ਭਰੋਸਾ[59] ਨਹੀਂ ਰੱਖਦਾ ਜਿਸ ਨੂੰ ਪ੍ਰਭੂ ਲਿਖਦਾ[55] (ਰਚਦਾ) ਅਤੇ[56] ਲੋ[57] ਕਰਦਾ ਹੈ।
ਓਅੰਕਾਰ ਲਖੈ[60] ਜਉ[61] ਕੋਈ[62] ॥ ਸੋਈ[63] ਲਖਿ ਮੇਟਣਾ[64] ਨ ਹੋਈ ॥੬॥	If[61] someone[62] sees[60] the One Lord, he perishes[64] not by beholding Him[63].	ਜੇਕਰ[61] ਕੋਈ[62] ਇਕ ਸਾਈਂ ਨੂੰ ਵੇਖ[60] ਲਵੇ, ਤਾਂ ਉਸ ਨੂੰ[63] ਵੇਖਣ ਦੁਆਰਾ ਉਹ ਨਾਸ[64] ਨਹੀਂ ਹੁੰਦਾ।
ਕਕਾ ਕਿਰਣਿ[65] ਕਮਲ[66]	K : When the rays[65] of Divine	ਕ—ਜਦ ਬ੍ਰਹਿਮ ਗਿਆਨ ਦੀਆਂ ਕਿਰਨਾਂ[65] ਦਿਲ ਕੰਵਲ[66]

ਮਹਿ[67] ਪਾਵਾ[68] ॥ ਸਸਿ[69] ਬਿਗਾਸ[70] ਸੰਪਟ[71] ਨਹੀ ਆਵਾ[72] ॥

ਅਰੁ[73]ਜੇ[74] ਤਹਾ[75] ਕੁਸਮ[76] ਰਸੁ[77] ਪਾਵਾ ॥ ਅਕਹ[78] ਕਹਾ[79] ਕਹਿ[80] ਕਾ[81] ਸਮਝਾਵਾ[82] ॥੭॥

ਖਖਾ ਇਹੈ[83] ਖੋੜਿ[84] ਮਨ[85] ਆਵਾ[86] ॥

ਖੋੜੇ ਛਾਡਿ[87] ਨ ਦਹ[88] ਦਿਸ[89] ਧਾਵਾ[90] ॥

ਖਸਮਹਿ[91] ਜਾਣਿ[92] ਖਿਮਾ[93] ਕਰਿ[94] ਰਹੈ ॥ ਤਉ[95] ਹੋਇ ਨਿਖਿਅਉ[96] ਅਖੈ[97] ਪਦੁ[98] ਲਹੈ[99] ॥੮॥

ਗਗਾ ਗੁਰ ਕੇ ਬਚਨ[100] ਪਛਾਨਾ[2] ॥ ਦੂਜੀ ਬਾਤ[3] ਨ ਧਰਈ[4] ਕਾਨਾ[5] ॥

ਰਹੈ[6] ਬਿਹੰਗਮ[7] ਕਤਹਿ[8] ਨ ਜਾਈ ॥ ਅਗਹ[9] ਗਹੈ[10] ਗਹਿ ਗਗਨ[12] ਰਹਾਈ[13] ॥੯॥

ਘਘਾ ਘਟਿ ਘਟਿ[14] ਨਿਮਸੈ[15] ਸੋਈ[16] ॥

ਘਟ[17] ਫੂਟੇ[18] ਘਟਿ[19] ਕਬਹਿ ਨ ਹੋਈ ॥

ਤਾ[20] ਘਟ[21] ਮਾਹਿ[22] ਘਾਟ[23] ਜਉ[24] ਪਾਵਾ[25] ॥

ਸੋ[26]ਘਟੁ ਛਾਡਿ[27]ਅਵਘਟ[28] ਕਤ[29] ਧਾਵਾ[30] ॥ ੧੦ ॥

ਙੰਙਾ ਨਿਗ੍ਰਹਿ[31] ਸਨੇਹੁ[32] ਕਰਿ ਨਿਰਵਾਰੋ[33] ਸੰਦੇਹ[34]॥

knowledge came[68] into[67] the heart lotus[66],the moon[69]shine[70]of mammon, enters[72] not the heart-can[71].

And[73] if[74] man obtains there[75] the otto[77] of the spiritual flower[76], he would be unable to describe[78] the indescribable[79] relish thereof By narration[80], whom[81] can he make understand[82] this ?

Kh—This[83] soul[85] has entered[86] the Lord's cave[84].

Leaving[87] the cave,it now, wanders[90] not in ten[88] directions[89].

When, knowing[92] the Master[91], man practises[94] forgiveness[93], then[95] he becomes immortal[96] and attains[99] the Imperishable[97] dignity[98].

G—He who understands[2] Guru's instruction[100], lends[4] not his ears[5] to anything else[3].

He who grasps[10] the ungraspable[9] Lord and so grasping Him abides[13] in the tenth-gate[12], remains[6] like a recluse[7] and goes nowhere[8].

Gh—He[16], the Lord, dwells[15] in every heart[14].

When the body pitcher[17] bursts[18],He never gets diminished[19].

When[24] in[22] that[20] heart[21], man finds[25] the way[23] to the Lord, abandoning[27] that[26] way, why[29] should he follow[30] a difficult path[28] ?

Ng—Restrain[31] thyself, bear love[32] to thy Lord and dismiss[33]thy doubts[34].

ਵਿਚ[67] ਆ ਜਾਂਦੀਆਂ[68] ਹਨ, ਤਦ ਮਾਇਆ ਦੇ ਚੰਨ[69] ਦੀ ਚਾਨਣੀ[70] ਦਿਲ ਦੇ ਡੱਬੇ[71] ਅੰਦਰ ਪ੍ਰਵੇਸ਼[72] ਨਹੀਂ ਕਰਦੀ ।

ਅਤੇ[73] ਜੇਕਰ[74] ਬੰਦਾ ਉਥੇ[75] ਰੂਹਾਨੀ ਫੂਲ[76] ਦੇ ਅਤਰ[77] ਨੂੰ ਪਾ ਲਵੇ ਉਹ ਉਸ ਦੇ ਅਕਥ[78] ਸੁਆਦ ਨੂੰ ਕਥਨ[79] ਨਹੀਂ ਕਰ ਸਕੇਗਾ । ਵਰਨਣ[80] ਕਰਨ ਦੁਆਰਾ ਉਹ ਕਿਸ ਨੂੰ[81] ਇਸ ਦੀ ਗਿਆਤ[82] ਕਰਵਾ ਸਕਦਾ ਹੈ ?

ਖ–ਇਹ[83] ਆਤਮਾ[85] ਸੁਆਮੀ ਦੀ ਗੁਫ਼ਾ[84] ਵਿਚ ਦਾਖ਼ਲ[86] ਹੋ ਗਈ ਹੈ ।

ਗੁਫ਼ਾ ਨੂੰ ਤਿਆਗ ਕੇ[87], ਇਹ ਹੁਣ, ਦਸੀਂ[88] ਪਾਸੀਂ[89] ਨਹੀਂ ਭਟਕਦੀ[90] ।

ਜਦ ਮਾਲਕ[91] ਨੂੰ ਅਨੁਭਵ ਕਰਕੇ[92],ਇਨਸਾਨ ਦਇਆ[93] ਅੰਦਰ ਵਿਚਰਦਾ[94] ਹੈ, ਤਾਂ[95] ਉਹ ਅਮਰ[96] ਹੋ ਜਾਂਦਾ ਹੈ ਅਤੇ ਅਬਿਨਾਸ਼ੀ[97] ਦਰਜਾ[98] ਹਾਸਲ ਕਰ ਲੈਂਦਾ[99] ਹੈ ।

ਗ–ਜੋ ਗੁਰਾਂ ਦੀ ਸਿਖਿਆ[100] ਨੂੰ ਸਮਝਦਾ[2] ਹੈ, ਉਹ ਹੋਰਸ ਗੱਲ[3] ਵਲ ਆਪਣਾ ਕੰਨ[5] ਨਹੀਂ ਕਰਦਾ[4] ।

ਜੋ ਨਾ ਫੜੇ ਜਾਣ ਵਾਲੇ[9] ਸਾਈਂ ਨੂੰ ਪਕੜਦਾ[10] ਹੈ ਅਤੇ ਇਕੁਰ ਫੜ ਕੇ ਦਸਵੇਂ ਦੁਆਰਾ[12] ਅੰਦਰ ਰਹਿੰਦਾ[13] ਹੈ, ਉਹ ਇਕ ਵਿਰਕਤ[7] ਦੀ ਤਰ੍ਹਾਂ ਵਿਚਰਦਾ[6] ਹੈ ਅਤੇ ਕਿਧਰੇ[8] ਨਹੀਂ ਜਾਂਦਾ ।

ਘ–ਉਹ[16] ਸੁਆਮੀ ਹਰ ਦਿਲ[14] ਅੰਦਰ ਵਸਦਾ[15] ਹੈ ।

ਜਦ ਦੇਹਿ ਦਾ ਘੜਾ[17] ਟੁਟ[18] ਜਾਂਦਾ ਹੈ, ਉਹ ਕਦਾਚਿੱਤ ਥੋੜਾ[19] ਨਹੀਂ ਹੁੰਦਾ ।

ਜਦ[24] ਉਸ[20] ਦਿਲ[21] ਅੰਦਰ[22] ਇਨਸਾਨ ਪ੍ਰਭੂ ਦਾ ਰਸਤਾ[23] ਪਾ ਲੈਂਦਾ[25] ਹੈ,ਤਾਂ ਉਸ[26] ਰਸਤੇ ਨੂੰ ਤਿਆਗ[27] ਕੇ, ਉਹ ਹੋਰਸ ਬਿਖੜੇ ਮਾਰਗ[28] ਕਿਉਂ[29] ਪਵੇ[30] ?

ਙ–ਆਪਣੇ ਆਪ ਨੂੰ ਰੋਕ[31], ਆਪਣੇ ਪ੍ਰਭੂ ਨਾਲ ਪਿਰਹੜੀ[32] ਪਾ ਅਤੇ ਆਪਣੇ ਸੰਸੇ[34] ਦੂਰ[33] ਕਰ ਦੇ ।

ਨਾਹੀ ਦੇਖਿ[35] ਨ ਭਾਜੀਐ[36] ਪਰਮ[37] ਸਿਆਨਪ[38] ਏਹ ॥ ੧੧॥	Though thou see[35] no way to thy Lord, flee[36] not away. This is the highest[37] wisdom[38].	ਭਾਵੇਂ ਤੈਨੂੰ ਆਪਣੇ ਪ੍ਰਭੂ ਦਾ ਰਸਤਾ ਨਹੀਂ ਦਿਸਦਾ[35] ਤੂੰ ਨੱਸ[36] ਨਾ ਜਾ। ਇਹੀ ਮਹਾਨ[37] ਅਕਲਮੰਦੀ[38] ਹੈ।
ਚਚਾ ਰਚਿਤ[39] ਚਿਤ੍ਰ[40] ਹੈ ਭਾਰੀ[41] ॥	Ch—The Master has painted[39] the great[41] picture[40] of the world.	ਚ–ਮਾਲਕ ਨੇ ਸੰਸਾਰ ਦੀ ਵਡੀ[41] ਤਸਵੀਰ[40] ਚਿਤ੍ਰੀ[39] ਹੈ।
ਤਜਿ[42] ਚਿਤ੍ਰੈ[43] ਚੇਤਹੁ[44] ਚਿਤਕਾਰੀ[45] ॥	Leave[42] the painting[43] and remember[44] the Painter[45].	ਚਿਤ੍ਰਕਾਰੀ[43] ਨੂੰ ਛੱਡ ਕੇ[42] ਚਿਤ੍ਰਕਾਰ[45] ਨੂੰ ਚੇਤੇ ਕਰ[44]।
ਚਿਤ੍ਰ ਬਚਿਤ੍ਰ[46] ਇਹੈ [47]ਅਵਝੇਰਾ[48] ॥	This wonderous[46] painting is now[47], the bone of contention[48].	ਇਹ ਅਜੂਬਾ[46] ਚਿਤ੍ਰਕਾਰੀ ਹੀ, ਹੁਣ[47] ਬਖੇੜੇ ਦਾ ਮੂਲ[48] ਹੈ।
ਤਜਿ ਚਿਤ੍ਰੈ ਚਿਤੁ[49] ਰਾਖਿ[50] ਚਿਤੇਰਾ[51] ॥੧੨॥	Dismiss picture and keep[50] thy mind[49] on the Painter[51].	ਮੂਰਤ ਨੂੰ ਛੱਡ ਕੇ, ਚਿਤ੍ਰਕਾਰ[51] ਤੇ ਆਪਣਾ ਮਨ[49] ਜੋੜ[50]।
ਛਛਾ ਇਹੈ[52] ਛਤ੍ਰਪਤਿ[53] ਪਾਸਾ[54] ॥	Chh—God, the Lord of umbrella[53], is here[52] with[54] thee.	ਛ–ਛਤ੍ਰ ਦਾ ਸੁਆਮੀ[53] ਵਾਹਿਗੁਰੂ, ਏਥੇ[52] ਤੇਰੇ ਨਾਲ[54] ਹੀ ਹੈ।
ਛਕਿ[55] ਕਿ[56] ਨ ਰਹਹੁ[60] ਛਾਡਿ[57] ਕਿ[58] ਨ ਆਸਾ[59]॥	Why[56] and what for[58], dost thou not abandon[57] desires[59] and remain[60] happy[56] ?	ਤੂੰ ਕਿਉਂ[56] ਅਤੇ ਕਾਹਦੇ[58] ਲਈ ਖ਼ਾਹਿਸ਼ਾਂ[59] ਤਿਆਗ[57] ਕੇ ਪ੍ਰਸੰਨ[56] ਨਹੀਂ ਰਹਿੰਦਾ[60] ?
ਰੇ[62] ਮਨ[61] ਮੈ ਤਉ ਛਿਨ ਛਿਨ[63] ਸਮਝਾਵਾ[64] ॥	O[62] mind[61], every moment[63] do I instruct[64] thee.	ਹੇ[62] ਮਨੂਏ[61] ! ਹਰ ਮੁਹਤ[63] ਮੈਂ ਤੈਨੂੰ ਸਿਖ-ਮਤ[64] ਦਿੰਦਾ ਹਾਂ।
ਤਾਹਿ[65] ਛਾਡਿ[68] ਕਤ[66] ਆਪੁ ਬਧਾਵਾ[67] ॥੧੩॥	Forsaking[68] Him[65], why[66] dost thou entangle[67] thyself ?	ਉਸ ਨੂੰ[65] ਤਿਆਗ ਕੇ[68], ਤੂੰ ਕਿਉਂ[66] ਆਪਣੇ ਆਪ ਨੂੰ ਫਸਾਉਂਦਾ[67] ਹੈਂ ?
ਜਜਾ ਜਉ[69]ਤਨ[70]ਜੀਵਤ[71] ਜਰਾਵੈ[72] ॥ ਜੋਬਨ[73] ਜਾਰਿ[74] ਜੁਗਤਿ[75] ਸੋ[76] ਪਾਵੈ[77] ॥	J—If[69] a man while alive[71] burns[72] his body[70] and consigns to fire[74] his youth[73], he[76] finds[77] the right way[75].	ਜ–ਜੇਕਰ[69] ਆਦਮੀ ਜੀਉਂਦੇ ਜੀ[71] ਆਪਣੀ ਦੇਹਿ[70] ਨੂੰ ਸਾੜ[72] ਸੁਟੇ ਅਤੇ ਆਪਣੀ ਜੁਆਨੀ[73] ਨੂੰ ਫੂਕ ਦੇਵੇ[74], ਤਾਂ ਉਹ[76] ਠੀਕ ਰਸਤੇ[75] ਨੂੰ ਪਾ[77] ਲੈਂਦਾ ਹੈ।
ਅਸਜਰਿ[78] [79]ਪਰਜਰਿ[80] ਜਰਿ[81] ਜਬ[82] ਰਹੈ[83]॥ ਤਬ[84] ਜਾਇ[85] ਜੋਤਿ[86] ਉਜਾਰਉ[87] ਲਹੈ[88] ॥੧੪॥	When[82]the man abides[83], discarding[81] his own[78] wealth and the wealth[80] of others[79], then[84] proceeding on[85], he obtains[88] the bright[87] light[86] of the Lord.	ਜਦ[82] ਇਨਸਾਨ ਆਪਣੀ[78] ਦੌਲਤ ਅਤੇ ਹੋਰਨਾਂ[79] ਦੀ ਦੌਲਤ[80] ਨੂੰ ਤਿਆਗ ਕੇ[81] ਵਿਚਰਦਾ[83] ਹੈ, ਤਦ[84] ਅਗੇ ਹੋ[85], ਉਹ ਪ੍ਰਭੂ ਦੇ ਉਜਲੇ[87] ਪ੍ਰਕਾਸ਼[86] ਨੂੰ ਪਾ ਲੈਂਦਾ[88] ਹੈ।
੩੪੧	**341**	**੩੪੧**
ਝਝਾ ਉਰਝਿ[89] ਸੁਰਝਿ[90] ਨਹੀ ਜਾਨਾ[91] ॥	Jh—Thou art entangled[89] with the world and knowest[91] not how to disentangle[90] thyself.	ਝ–ਤੂੰ ਸੰਸਾਰ ਅੰਦਰ ਫਸ ਗਿਆ[89] ਹੈਂ ਅਤੇ ਆਪਣੇ ਆਪ ਨੂੰ ਬੰਦ-ਖਲਾਸ[90] ਕਰਾਉਣਾ ਨਹੀਂ ਜਾਣਦਾ[91]।
ਰਹਿਓ ਝਝਕਿ[92] ਨਾਹੀ ਪਰਵਾਨਾ[93] ॥	Thou shrinkest[92] back and art not acceptable[93] to God.	ਤੂੰ ਝਿਜਕ[92] ਰਿਹਾ ਹੈਂ ਅਤੇ ਵਾਹਿਗੁਰੂ ਦਾ ਮਕਬੂਲ[93] ਨਹੀਂ ਹੋਇਆ।

ਕਤ[94]ਝਖਿਝਖਿ[95]ਅਉਰਨ[96] ਸਮਝਾਵਾ[97] ॥
ਝਗਰੁ[98] ਕੀਏ[99] ਝਗਰਉ ਹੀ ਪਾਵਾ[100] ॥੧੫॥

Why[94] talk nonsense[95] to convince[97] others[96] ?
By stirring up[99] controversy[98], controversy thou shalt have[100].

ਹੰਵਾ ਨਿਕਟਿ[2] ਜੁ ਘਟ[3] ਰਹਿਓ[4] ਦੂਰਿ[5] ਕਹਾ[6] ਤਜਿ[7] ਜਾਇ[8] ॥
ਜਾ ਕਾਰਣਿ[9] ਜਗੁ ਢੂਢਿਅਉ[10] ਨੇਰਉ[12] ਪਾਇਅਉ[13]ਤਾਹਿ[14]॥੧੬॥

Nj—The Lord abides[4] near[2] thee in thy heart[3]. Why[6] leave[7] Him and go[8] far[5] to seek Him ?
Him[14], for whom[9] I have searched[10] the whole world, I have found[13] near[12] me.

ਟਟਾ ਬਿਕਟ[15] ਘਾਟ[16] ਘਟ[17] ਮਾਹੀ[18] ॥
ਖੋਲਿ ਕਪਾਟ[19] ਮਹਲਿ[20] ਕਿ[21] ਨ ਜਾਹੀ[22] ॥
ਦੇਖਿ ਅਟਲ[23] ਟਲਿ[24] ਕਤਹਿ[25] ਨ ਜਾਵਾਂ[26] ॥

T—The difficult[16] way[16] to God is within[18] man's mind[17].
Opening the shutters[19], why[21] dost thou not repair[22] to His presence[20] ?
Beholding the Immovable[23] One, thou shalt not slip[24] and go[26] elsewhere[25].

ਰਹੈ ਲਪਟਿ[27] ਘਟ[28] ਪਰਚਉ[29] ਪਾਵਾ ॥੧੭॥

Thou shalt remain clung[27] to God and thy heart[28] shall be glad[29].

ਠਠਾ ਇਹੈ[30] ਦੂਰਿ[31] ਠਗਨੀਰਾ[32] ॥
ਨੀਠਿ[33] ਨੀਠਿ ਮਨੁ ਕੀਆ ਧੀਰਾ[34] ॥
ਜਿਨਿ ਠਗਿ[35] ਠਗਿਆ[36] ਸਗਲ ਜਗੁ ਖਾਵਾ[37] ॥ ਸੋ ਠਗੁ ਠਗਿਆ ਠਉਰ[38] ਮਨੁ ਆਵਾ ॥੧੮॥

Tth—Keep thyself at distance[31] from this[30] mammon's mirage[32].
With great difficulty[33], I have rendered my mind patient[34].
I have cheated the cheat, the cheat[35], which had cheated[36] and devoured[37] the whole world. My mind is now at peace[38].

ਡਡਾ ਡਰ[39] ਉਪਜੈ[40] ਡਰੁ ਜਾਈ[41] ॥
ਤਾ[42] ਡਰ ਮਹਿ[43] ਡਰੁ ਰਹਿਆ ਸਮਾਈ[44] ॥
ਜਉ[45] ਡਰ[46] ਡਰੈ[47] ਤ ਫਿਰਿ[48] ਡਰੁ ਲਾਗੈ[49] ॥
ਨਿਡਰੁ[50] ਹੂਆ ਡਰੁ ਉਰ[51] ਹੋਇ ਭਾਗੈ[52] ॥੧੯॥

D—When Lord's fear[39] is produced[40] other fears depart[41].
In[43] that[42] fear, other fears remain absorbed[44].
When[46] man rejects[47] Lord's fear[46], then[48] other fears cling[49] to him.
If he becomes fear-free[50], the fear of his mind[51] flees away[52].

ਹੋਰਨਾ[96] ਦੀ ਤਸੱਲੀ[97] ਕਰਾਉਣ ਲਈ ਤੂੰ ਕਿਉਂ[94] ਬਕਵਾਸ[95] ਕਰਦਾ ਹੈਂ ?
ਬਖੇੜਾ[98] ਖੜਾ ਕਰਨ ਦੁਆਰਾ[99], ਬਖੇੜਾ ਹੀ ਤੇਰੇ ਪੱਲੇ ਪਵੇਗਾ[100] ।
ਵ—ਉਹ ਪ੍ਰਭੂ ਤੇਰੇ ਨੇੜੇ[2] ਤੇਰੇ ਦਿਲ[3] ਵਿਚ ਵਸਦਾ[4] ਹੈ, ਉਸ ਨੂੰ ਛੱਡ ਕੇ[7] ਤੂੰ ਉਸ ਨੂੰ ਲੱਭਣ ਲਈ ਦੂਰੇਡੇ[5] ਕਿਉਂ[6] ਜਾਂਦਾ[8] ਹੈਂ ?
ਜਿਸ ਦੇ ਲਈ[9] ਮੈਂ ਸਾਰਾ ਜਹਾਨ ਛਾਣ ਮਾਰਿਆ[10] ਹੈ, ਉਸ[14] ਨੂੰ ਮੈਂ ਨੇੜਿਓਂ[12] ਹੀ ਲੱਭ ਲਿਆ[13] ਹੈ ।

ਟ—ਵਾਹਿਗੁਰੂ ਦਾ ਔਖਾ[16] ਮਾਰਗ[16] ਇਨਸਾਨ ਦੇ ਮਨ[17] ਵਿਚ[18] ਹੀ ਹੈ ।
ਕਿਵਾੜ[19] ਖੋਲ੍ਹ ਕੇ ਤੂੰ ਕਿਉਂ[21] ਉਸ ਦੀ ਹਜ਼ੂਰੀ[20] ਵਿਚ ਨਹੀਂ ਪੁੱਜਦਾ[22] ?
ਅਹਿੱਲ[23] ਪੁਰਖ ਨੂੰ ਤੱਕ ਕੇ ਤੂੰ ਤਿਲਕ[24] ਕੇ ਹੋਰ ਕਿਧਰੇ[25] ਨਹੀਂ ਜਾਵੇਂਗਾ[26] ।

ਤੂੰ ਵਾਹਿਗੁਰੂ ਨਾਲ ਚਿਮੜਿਆ[27] ਰਹੇਂਗਾ ਅਤੇ ਤੇਰਾ ਦਿਲ[28] ਪ੍ਰਸੰਨ[29] ਹੋਵੇਗਾ ।
ਠ—ਇਸ[30] ਮਾਇਆ ਦੇ ਮਿਰਗ-ਤ੍ਰਿਸ਼ਨਾ[32] ਦੇ ਜਲ ਤੋਂ ਆਪਣੇ ਆਪ ਨੂੰ ਦੂਰੇਡੇ[31] ਰੱਖ ।
ਬੜੀ ਮੁਸ਼ਕਲ ਨਾਲ[33] ਮੈਂ ਆਪਣੇ ਮਨੂਏ ਨੂੰ ਧੀਰਜਵਾਨ[34] ਕੀਤਾ ਹੈ ।
ਮੈਂ ਉਸ ਛਲੀਏ ਨੂੰ ਛਲ ਲਿਆ ਹੈ, ਜਿਸ ਛਲੀਏ[35] ਨੇ ਸਾਰੇ ਜਹਾਨ ਨੂੰ ਛਲ ਕੇ[36] ਹੜੱਪ ਕਰ ਲਿਆ[37] ਹੈ । ਮੇਰਾ ਚਿੱਤ ਹੁਣ ਆਰਾਮ[38] ਵਿਚ ਹੈ ।

ਡ—ਜਦ ਪ੍ਰਭੂ ਦਾ ਭੈ[39] ਉਤਪੰਨ[40] ਹੋ ਜਾਂਦਾ ਹੈ, ਤਾਂ ਹੋਰ ਭੈ ਦੂਰ ਹੋ ਜਾਂਦੇ[41] ਹਨ ।
ਉਸ[42] ਭੈ ਅੰਦਰ[43] ਹੋਰ ਭੈ ਲੀਨ[44] ਰਹਿੰਦੇ ਹਨ ।

ਜਦ[46] ਪ੍ਰਾਣੀ ਪ੍ਰਭੂ ਦੇ ਭੈ[46] ਨੂੰ ਛੱਡ ਦਿੰਦਾ[47] ਹੈ, ਤਦ[48] ਉਸ ਨੂੰ ਹੋਰ ਡਰ ਆ ਚਿਮੜਦੇ[49] ਹਨ ।
ਜੇਕਰ ਉਹ ਡਰ-ਰਹਿਤ[50] ਹੋ ਜਾਵੇ, ਤਾਂ ਉਸ ਦੇ ਮਨ[51] ਦਾ ਡਰ ਭਜ ਜਾਂਦਾ[52] ਹੈ ।

ਢਢਾ ਢਿਗ[53] ਢੂਢਹਿ[54] ਕਤ[55] ਆਨਾ[56] ॥
ਢੂਢਤ ਹੀ ਢਹਿ[57] ਗਏ ਪਰਾਨਾ[58] ॥
ਚੜਿ[59] ਸਮੇਰਿ[60] ਢੂਢਿ ਜਬ ਆਵਾ[61] ॥ ਜਿਹ ਗੜੁ[62] ਗੜਿਓ[63] ਸੁ ਗੜ ਮਹਿ ਪਾਵਾ[64] ॥੨੦॥
ਣਾਣਾ ਰਣਿ[65] ਰੂਤਉ[66] ਨਰ[67] ਨੇਹੀ[68] ਕਰੈ[69] ॥
ਨਾ ਨਿਵੈ[70] ਨ ਫੁਨਿ[71] ਸੰਚਰੈ[72] ॥
ਧੰਨਿ[73] ਜਨਮੁ[74] ਤਾਹੀ[75] ਕੋ ਗਣੈ[76] ॥ ਮਾਰੈ[77] ਏਕਹਿ[78] ਤਜਿ ਜਾਇ[79] ਘਣੈ[80] ॥ ੨੧ ॥
ਤਤਾ ਅਤਰ[81] ਤਰਿਓ[82] ਨਹ ਜਾਈ ॥
ਤਨ[83] [84]ਤ੍ਰਿਭਵਣ[85]ਮਹਿ[86] ਰਹਿਓ ਸਮਾਈ[87] ॥
ਜਉ[88] ਤ੍ਰਿਭਵਣ ਤਨ ਮਾਹਿ ਸਮਾਵਾ[89] ॥ ਤਉ[90] ਤਤਹਿ[91] ਤਤ[92] ਮਿਲਿਆ ਸਚੁ[93] ਪਾਵਾ ॥੨੨॥
ਥਥਾ ਅਥਾਹ[94] ਥਾਹ[95] ਨਹੀ ਪਾਵਾ[96] ॥
ਓਹੁ ਅਥਾਹ ਇਹੁ ਥਿਰੁ[97] ਨ ਰਹਾਵਾ ॥
ਥੋੜੈ ਥਲਿ[98] ਥਾਨਕ[99] ਆਰੰਭੈ[100] ॥
ਥਿਨੁ ਹੀ ਥਾਭਹ[2] ਮੰਦਿਰੁ[3] ਥੰਭੈ[4] ॥੨੩॥
ਦਦਾ ਦੇਖਿ ਜੁ ਬਿਨਸਨਹਾਰਾ[5] ॥

Dh—Why[55] searchest[54] thou Him elsewhere[56] in other directions[53] ?
While searching for Him elsewhere the life[58] ends[57].
When I returned[61], after ascending[59] the mountain[60], in search for Him, I found Him in the body castle, the castle[62] which He Himself had made[63].
N—The man[67] engaged[66] in strife[65], should practise[69] perseverence[68].
He should neither quail[70], and again[71] nor should he retreat[72].
Blessed[73] is accounted[76] the advent[74] of him[75] who conquers[77] his one[78] mind and eschews[79] the many[80] desires.
T—The unswimable[81] world-ocean cannot be forded[82].
The human body[83] is engrossed[87] in[86] the three[84] worlds[85].
When[88] the Lord of the three worlds enters[89] into my body, then[90], my real-self[92] blends with the Reality[91] and obtains the True Lord[93].
Th—The Lord is Unfathomable[94]. His depth[95] cannot be explored[96].
He is limitless. This body remains not stable[97].
Over a small space[98], man begins[100] to erect a hamlet[99].
Without pillars[2], he wishes to support[4] a mansion[3].
Th—Whatever we see is perishable[5].

ਢ–ਤੂੰ ਉਸ ਨੂੰ ਹੋਰ ਥਾਂ[56] ਹੋਰਨੀਂ ਪਾਸੀਂ[53] ਕਿਉਂ[55] ਲੱਭਦਾ[54] ਹੈਂ ?
ਹੋਰਸ ਥਾਵਾਂ ਤੇ ਉਸ ਨੂੰ ਲੱਭਦਿਆਂ ਹੋਇਆਂ ਜ਼ਿੰਦਗੀ[58] ਖ਼ਤਮ[57] ਹੋ ਜਾਂਦੀ ਹੈ ।
ਉਸ ਨੂੰ ਭਾਲਦਾ ਹੋਇਆ ਜਦ ਮੈਂ ਪਹਾੜ[60] ਉਤੇ ਚੜ੍ਹ ਕੇ[59] ਵਾਪਸ ਆਇਆ[61], ਤਾਂ ਮੈਂ ਉਸ ਨੂੰ ਦੇਹਿ ਦੇ ਕਿਲ੍ਹੇ ਅੰਦਰ ਪਾ ਲਿਆ[64], ਜਿਹੜਾ ਕਿਲ੍ਹਾ[62] ਕਿ ਉਸ ਨੇ ਖ਼ੁਦ ਬਣਾਇਆ[63] ਸੀ ।
ਣ–ਲੜਾਈ[65] ਵਿਚ ਰੁੱਝੇ[66] ਹੋਏ ਆਦਮੀ[67] ਨੂੰ ਸਿਰੜ[68] ਧਾਰਨਾ[69] ਉਚਿੱਤ ਹੈ ।
ਉਸ ਨੂੰ ਨਾ ਦਬਣਾ[70] ਚਾਹੀਦਾ ਹੈ ਅਤੇ ਮੁੜ[71] ਨਾ ਹੀ ਪਿਛੇ ਹਟਣਾ[72] ਚਾਹੀਦਾ ।
ਮੁਬਾਰਕ[73] ਗਿਣਿਆ[76] ਜਾਂਦਾ ਹੈ ਉਸ ਦਾ[75]ਆਗਮਨ[74], ਜੋ ਆਪਣੇ ਇਕ[78] ਮਨੂਏ ਤੇ ਛਤਿਹ[77] ਪਾਉਂਦਾ ਹੈ ਅਤੇ ਅਨੇਕਾਂ[80] ਖ਼ਾਹਿਸ਼ਾਂ ਨੂੰ ਛੱਡ ਦਿੰਦਾ[79] ਹੈ ।
ਤ–ਨਾ–ਤਰੇ ਜਾਣ ਵਾਲਾ[81] ਸੰਸਾਰ ਸਮੁੰਦਰ ਪਾਰ[82] ਨਹੀਂ ਕੀਤਾ ਜਾ ਸਕਦਾ ।
ਮਨੁੱਖੀ ਦੇਹਿ[83] ਤਿੰਨਾਂ[84] ਜਹਾਨਾਂ[85] ਅੰਦਰ[86] ਖਚਤ[87] ਹੋ ਰਹੀ ਹੈ ।
ਜਦ[88] ਤਿੰਨਾਂ ਜਹਾਨਾਂ ਦਾ ਸੁਆਮੀ ਮੇਰੀ ਦੇਹਿ ਅੰਦਰ ਪ੍ਰਵੇਸ਼[89] ਕਰਦਾ ਹੈ, ਤਾਂ[90] ਮੇਰਾ ਅਸਲਾ[92] ਅਸਲੀਅਤ[91] ਵਿਚ ਲੀਨ ਹੋ ਜਾਂਦਾ ਹੈ ਅਤੇ ਸੱਚੇ ਸਾਈਂ[93] ਨੂੰ ਪਾ ਲੈਂਦਾ ਹੈ ।
ਥ–ਸੁਆਮੀ ਓੜਕ-ਰਹਿਤ[94] ਹੈ । ਉਸ ਦੀ ਡੂੰਘਾਈ[95] ਜਾਣੀ[96] ਨਹੀਂ ਜਾ ਸਕਦੀ ।
ਉਹ ਹੱਦ ਬੰਨਾ-ਰਹਿਤ ਹੈ । ਇਹ ਦੇਹਿ ਸਥਿਰ[97] ਨਹੀਂ ਰਹਿੰਦੀ ।
ਥੋੜੀ ਜੇਹੀ ਜਗ੍ਹਾ[98] ਉਤੇ ਇਨਸਾਨ ਬਸਤੀ[99] ਬਣਾਉਣੀ ਸ਼ੁਰੂ[100] ਕਰ ਦਿੰਦਾ ਹੈ ।
ਥੰਮ੍ਹਿਆਂ[2] ਦੇ ਬਗ਼ੈਰ ਉਹ ਮਹਿਲ[3] ਨੂੰ ਠਹਿਰਾਉਣਾ[4] ਚਾਹੁੰਦਾ ਹੈ ।
ਦ–ਜੋ ਕੁਛ ਅਸੀਂ ਵੇਖਦੇ ਹਾਂ, ਨਾਸਵੰਤ[5] ਹੈ ।

ਜਸ[6] ਅਦੇਖਿ[7] ਤਸ[8] ਰਾਖਿ ਬਿਚਾਰਾ[9] ॥	Think[9] of Him[8] who[6] is unseen[7].	ਉਸ[8] ਨੂੰ ਚੇਤੇ[9] ਕਰ ਜੋ[6] ਦਿਸਦਾ[7] ਨਹੀਂ।
ਦਸਵੈ ਦੁਆਰਿ ਕੁੰਚੀ[10] ਜਬ[12] ਦੀਜੈ[13] ॥ ਤਉ[14] ਦਇਆਲ[15] ਕੋ ਦਰਸਨੁ[16] ਕੀਜੈ ॥ ੨੪ ॥	When[12] the key[10] of Divine Knowledge is applied[13] to the tenth gate, then[14] is the sight[16] of the Merciful Master[15] beheld.	ਜਦ[12] ਦਸਵੇਂ ਦਰਵਾਜ਼ੇ ਨੂੰ ਬ੍ਰਹਿਮ-ਗਿਆਨ ਦੀ ਕੁੰਜੀ[10] ਲਾਈ[13] ਜਾਂਦੀ ਹੈ, ਤਦ[14] ਮਿਹਰਬਾਨ ਮਾਲਕ[15] ਦਾ ਦੀਦਾਰ[16] ਦੇਖਿਆ ਜਾਂਦਾ ਹੈ।
ਧਧਾ ਅਰਧਹਿ[17] ਉਰਧ[18] ਨਿਬੇਰਾ[19] ॥	Dh—Everything is settled[19], if one from lower region[17] soars to the higher[18] one.	ਧ—ਜੇਕਰ ਆਦਮੀ ਨੀਵੇਂ ਮੰਡਲ[17] ਤੋਂ ਉਚੇ[18] ਨੂੰ ਉਡਾਰੀ ਮਾਰ ਜਾਵੇ, ਤਾਂ ਸਾਰੀ ਗੱਲ ਮੁੱਕ[19] ਜਾਂਦੀ ਹੈ।
ਅਰਧਹਿ[20] ਉਰਧਹ[21] ਮੰਝਿ[22] ਬਸੇਰਾ[23] ॥	Lord's abode[23] is in[22] earth[20] and heaven[21].	ਧਰਤੀ[20] ਅਤੇ ਅਸਮਾਨ[21] ਵਿਚ[22] ਸੁਆਮੀ ਦਾ ਵਸੇਬਾ[23] ਹੈ।
ਅਰਧਹ ਛਾਡਿ[24] ਉਰਧ ਜਉ[25] ਆਵਾ[26] ॥ ਤਉ[27] ਅਰਧਹਿ[28] ਉਰਧ[29] ਮਿਲਿਆ ਸੁਖ[30] ਪਾਵਾ ॥ ੨੫ ॥	When[25] leaving[24] the earth, the soul goes[26] to heaven, then[27], the soul[28] and God[29] meet and peace[30] is obtained.	ਜਦ[25] ਧਰਤੀ ਨੂੰ ਤਿਆਗ[24] ਆਤਮਾ ਅਸਮਾਨੀ ਜਾਂਦੀ[26] ਹੈ ਤਾਂ[27] ਆਤਮਾ[28] ਤੇ ਵਾਹਿਗੁਰੂ[29] ਮਿਲ ਪੈਂਦੇ ਹਨ, ਅਤੇ ਆਰਾਮ[30] ਪਰਾਪਤ ਹੁੰਦਾ ਹੈ।
ਨੰਨਾ ਨਿਸਦਿਨੁ[31] ਨਿਰਖਤ[32] ਜਾਈ[33] ॥	N—My nights[31] and days pass[33] looking[32] for God.	ਨ—ਵਾਹਿਗੁਰੂ ਨੂੰ ਦੇਖਦਿਆਂ[32] ਮੇਰੀਆਂ ਰਾਤਾਂ[31] ਤੇ ਦਿਨ ਗੁਜ਼ਰਦੇ[33] ਹਨ।
ਨਿਰਖਤ ਨੈਨ[34] ਰਹੇ[36] ਰਤਵਾਈ[35] ॥	By such waiting my eyes[34] have grown[36] blood-shot[35].	ਇਸ ਤਰ੍ਹਾਂ ਵੇਖਣ ਦੁਆਰਾ ਮੇਰੀਆਂ ਅੱਖੀਆਂ[34] ਲਹੂ-ਵਰਗੀਆਂ ਲਾਲ[35] ਹੋ ਗਈਆਂ[36] ਹਨ।
ਨਿਰਖਤ[38] ਨਿਰਖਤ ਜਬ[37] ਜਾਇ[39] ਪਾਵਾ[40] ॥ ਤਬ[41] ਲੇ ਨਿਰਖਹਿ[42] ਨਿਰਖ[43] ਮਿਲਾਵਾ[44] ॥੨੬॥	When[37], after long waiting[38], man finds[40] God in his heart abode[39], then[41], he who beholds[43] blends[44] with Him, who is looked[42] for.	ਜਦ[37] ਬਹੁਤ ਇੰਤਜ਼ਾਰ[38] ਮਗਰੋਂ ਬੰਦਾ, ਵਾਹਿਗੁਰੂ ਨੂੰ ਆਪਣੇ ਦਿਲ ਦੇ ਟਿਕਾਣੇ[39] ਅੰਦਰ ਪਾ[40] ਲੈਂਦਾ ਹੈ, ਤਦ[41] ਦੇਖਣਹਾਰ[43], ਦੇਖੇ ਜਾਣ[42] ਵਾਲੇ ਨਾਲ ਅਭੇਦ[44] ਹੋ ਜਾਂਦਾ ਹੈ।
ਪਪਾ ਅਪਰ[45] ਪਾਰੁ[46] ਨਹੀ ਪਾਵਾ[47] ॥	P—The Master is boundless[45] and His bounds[46] cannot be known[47].	ਪ—ਪਰਮੇਸ਼ਰ ਹੱਦਬੰਨਾ-ਰਹਿਤ[45] ਹੈ ਤੇ ਉਸ ਦਾ ਹੱਦ-ਬੰਨਾ[46] ਜਾਣਿਆ[47] ਨਹੀਂ ਜਾ ਸਕਦਾ।
ਪਰਮ[48] ਜੋਤਿ[49] ਸਿਉ[50] ਪਰਚਉ[51] ਲਾਵਾ[52] ॥	I have contracted[52] intimacy[51] with[50] the Supreme[48] Light[49].	ਮੈਂ ਮਹਾਨ[48] ਪ੍ਰਕਾਸ਼[49] ਨਾਲ[50] ਮਿਤ੍ਰਤਾਈ[51] ਗੰਢ[52] ਲਈ ਹੈ।
ਪਾਂਚਉ[53]ਇੰਦ੍ਰੀ[54] ਨਿਗ੍ਰਹ[55] ਕਰਈ ॥ ਪਾਪੁ[56] ਪੁੰਨੁ[57] ਦੋਊ[58]ਨਿਰਵਰਈ[59]॥੨੭॥	He who controls[55] his five[53] senses[54], is relieved[59] of the idea of both[58] evil[56] and goodness[57].	ਜੋ ਕੋਈ ਆਪਣੇ ਪੰਜੇ[53] ਇੰਦ੍ਰਿਆਂ[54] ਨੂੰ ਕਾਬੂ[55] ਕਰ ਲੈਂਦਾ ਹੈ, ਉਹ ਬਦੀ[56] ਤੇ ਨੇਕੀ[57] ਦੋਨਾਂ[58] ਦੇ ਖ਼ਿਆਲ ਤੋਂ ਖ਼ਲਾਸੀ[59] ਪਾ ਜਾਂਦਾ ਹੈ।
ਫਫਾ ਬਿਨੁ[60]ਫੂਲਹ[61] ਫਲੁ[62] ਹੋਈ ॥	Ph—Without[60] the flower[61], the fruit[62] is produced.	ਫ—ਫੁਲ[61] ਦੇ ਬਗ਼ੈਰ[60] ਹੀ ਫਲ[62] ਪੈਦਾ ਹੋਇਆ ਹੈ।
ਤਾ[63] ਫਲ ਫੰਕ[64] ਲਖੈ[65]	If[66] anyone[67] looks[65] at the slice[64] of	ਜੇਕਰ[66]ਕੋਈ ਜਣਾ[67] ਉਸ[63] ਫਲ ਦੀ ਫਾੜੀ[64] ਨੂੰ ਵੇਖ[65]

ਜਉ[66] ਕੋਈ[67] ॥ ਦੂਣਿ[68] ਨ ਪਰਈ[69] ਫੰਕ ਬਿਚਾਰੈ[70]॥ ਤਾ[71] ਫਲਫੰਕ[72] ਸਭੈ[73] ਤਨ[74] ਫਾਰੈ[75] ॥੨੮॥

that[63] fruit and reflects[70] on the slice, he suffers[69] not transmigration[68]. That[71] section[72] of the fruit tears[75] up all[73] the bodies[74].

ਫਲ ਦੀ ਉਹ[71] ਫਾਂਕੜੀ[72] ਸਾਰੀਆਂ[73] ਦੇਹਾਂ[74] ਨੂੰ ਪਾੜ[75] ਸੁੱਟਦੀ ਹੈ।

ਬਬਾ ਬਿੰਦਹਿ[76] ਬਿੰਦ ਮਿਲਾਵਾ[77] ॥ ਬਿੰਦਹਿ[78] ਬਿੰਦਿ ਨ ਬਿਛੁਰਨ[79] ਪਾਵਾ ॥ ਬੰਦਉ[80] ਹੋਇ[81] ਬੰਦਗੀ[82] ਗਹੈ[83] ॥

B—When the drop[76] blends[77] with drop, then these drops[78] separate[79] not again. Becoming[81] Lord's slave[80], man ought to hold fast[83] His meditation[82].

ਬ—ਜਦ ਬੂੰਦ[76] ਨਾਲ ਬੂੰਦ ਅਭੇਦ[77] ਹੋ ਜਾਂਦੀ ਹੈ, ਤਾਂ ਇਹ ਬੂੰਦਾਂ[78] ਮੁੜ ਵੱਖਰੀਆਂ[79] ਨਹੀਂ ਹੁੰਦੀਆਂ। ਸਾਹਿਬ ਦਾ ਗੁਮਾਸ਼ਤਾ[80] ਬਣ[81] ਕੇ, ਇਨਸਾਨ ਨੂੰ ਉਸ ਦਾ ਸਿਮਰਨ[82] ਫੜੀ[83] ਰੱਖਣਾ ਉਚਿਤ ਹੈ।

੩੪੨

ਬੰਦਕ[83*] ਹੋਇ[84] ਬੰਧ[85] ਸੁਧਿ[86] ਲਹੈ[87] ॥੨੯॥

342

If one becomes[84] the thinker[83*] of the Lord, He takes[87] care[86] of him like a relation[85].

੩੪੨

ਜੇਕਰ ਬੰਦਾ ਸਾਹਿਬ ਦਾ ਸਿਮਰਨ ਕਰਨ ਵਾਲਾ[83*] ਹੋ ਜਾਏ[84] ਤਾਂ ਉਹ ਉਸ ਦੀ ਰਿਸ਼ਤੇਦਾਰ[85] ਦੀ ਤਰ੍ਹਾਂ ਖ਼ਬਰਸਾਰ[86] ਲੈਂਦਾ[87] ਹੈ।

ਭਭਾ ਭੇਦਹਿ[88] ਭੇਦ[89] ਮਿਲਾਵਾ[90] ॥

Bh—By piercing[88] (removing) doubt[89] the union[90] with God is achieved.

ਭ—ਸੰਦੇਹ[89] ਨੂੰ ਵਿੰਨ੍ਹਣ[88] (ਦੂਰ ਕਰਨ) ਦੁਆਰਾ ਵਾਹਿਗੁਰੂ ਨਾਲ ਮਿਲਾਪ[90] ਹੋ ਜਾਂਦਾ ਹੈ।

ਅਬ[91] ਭਉ[92] ਭਾਨਿ[93] ਭਰੋਸਉ[94] ਆਵਾ[95] ॥ ਜੋ ਬਾਹਰਿ ਸੋ[96] ਭੀਤਰਿ[97] ਜਾਨਿਆ[98] ॥

By shattering[93] fear[92], I have, now[91], gained[95] confidence[94]. Him[96], whom I thought without me, I have, now, found[98] within[97] me.

ਡਰ[92] ਨੂੰ ਭੰਨ-ਤੋੜ ਕੇ[93], ਹੁਣ[91] ਮੇਰਾ ਯਕੀਨ[94] ਬੱਝ ਗਿਆ[95] ਹੈ। ਜਿਸ ਨੂੰ ਮੈਂ ਆਪਣੇ ਆਪ ਤੋਂ ਬਾਹਰਵਾਰ ਖ਼ਿਆਲ ਕਰਦਾ ਸਾਂ, ਉਸ ਨੂੰ[96] ਹੁਣ ਮੈਂ ਆਪਣੇ ਅੰਦਰ[97] ਸਮਝਦਾ[98] ਹਾਂ।

ਭਇਆ[99] ਭੇਦੁ[100] [2]ਭੂਪਤਿ[3] ਪਹਿਚਾਨਿਆ[4] ॥੩੦॥

When I found[99] this secret[100], I recognised[4] the world[2] Lord[3].

ਜਦ ਮੈਨੂੰ ਇਸ ਭੇਦ[100] ਦਾ ਪਤਾ[99] ਲੱਗ ਗਿਆ, ਤਾਂ ਮੈਂ ਸ੍ਰਿਸ਼ਟੀ[2] ਦੇ ਸੁਆਮੀ[3] ਨੂੰ ਸਿਆਣ[4] ਲਿਆ।

ਮਮਾ ਮੂਲ[5] ਗਹਿਆ[6] ਮਨੁ[7] ਮਾਨੈ[8] ॥

M—By clinging[6] to the Root[5], the soul[7] is propitiated[8].

ਮ—ਜੜ੍ਹ[5] ਨਾਲ ਜੁੜਨ[6] ਦੁਆਰਾ ਆਤਮਾ[7] ਪਤੀਜ[8] ਜਾਂਦੀ ਹੈ।

ਮਰਮੀ[9] ਹੋਇ ਸੁ ਮਨ ਕਉ ਜਾਨੈ[10] ॥

The Knower[9] of this secret understands[10] his mind.

ਇਸ ਭੇਤ ਨੂੰ ਜਾਨਣ[9] ਵਾਲਾ ਆਪਣੇ ਮਨੂਏ ਨੂੰ ਸਮਝਦਾ[10] ਹੈ।

ਮਤ ਕੋਈ ਮਨ ਮਿਲਤਾ[12] ਬਿਲਮਾਵੈ[13] ॥

Let no mortal make delay[13] in attaching[12] his soul to God.

ਕੋਈ ਜਣਾ ਆਪਣੀ ਆਤਮਾ ਨੂੰ ਵਾਹਿਗੁਰੂ ਨਾਲ ਜੋੜਨ[12] ਵਿਚ ਢਿੱਲ[13] ਨਾ ਕਰੇ।

ਮਗਨ[14] ਭਇਆ ਤੇ[15] ਸੋ[16] ਸਚੁ[17] ਪਾਵੈ[18] ॥੩੧॥

They[16] who[16] obtain[18] the True Lord[17], get immersed[14] in delight.

ਜੋ[16] ਸੱਚੇ ਸੁਆਮੀ[17] ਨੂੰ ਪਾ[18] ਲੈਂਦੇ ਹਨ, ਉਹ[16] ਖ਼ੁਸ਼ੀ ਅੰਦਰ ਭਿੱਜ[14] ਜਾਂਦੇ ਹਨ।

ਮਮਾ ਮਨ ਸਿਉ[19] ਕਾਜੁ[20] ਹੈ ਮਨ ਸਾਧੇ[21] ਸਿਧਿ[22] ਹੋਇ ॥

M—The mortal's business[20] is with[19] his mind. He who chastens[21] his mind attains perfection[22].

ਮ—ਜੀਵ ਦਾ ਵਿਹਾਰ[20] ਆਪਣੇ ਮਨੂਏ ਨਾਲ[19] ਹੈ। ਜੋ ਆਪਣੇ ਮਨੂਏ ਨੂੰ ਸੁਧਾਰਦਾ[21] ਹੈ, ਉਹ ਪੂਰਨਤਾ[22] ਨੂੰ ਪਾ ਲੈਂਦਾ ਹੈ।

ਮਨ ਹੀ[23] ਮਨ ਸਿਉ[24]

Says Kabir, I have dealings with[24]

ਕਬੀਰ ਆਖਦਾ ਹੈ, ਮੇਰਾ ਲੈਣ-ਦੇਣ ਕੇਵਲ[23] ਆਪਣੇ

ਕਹੈ ਕਬੀਰਾ ਮਨ[25] ਸਾ[26] ਮਿਲਿਆ[27] ਨ ਕੋਇ ॥੩੨॥	my mind alone[25]. I have met[27] with nothing like[26] the mind[25].	ਮਨੂਏ ਨਾਲ[24] ਹੈ । ਮੈਨੂੰ ਮਨੂਏ[25] ਵਰਗਾ[26] ਹੋਰ ਕੋਈ ਨਹੀਂ[1] ਮਿਲਿਆ[27] ।
ਇਹੁ ਮਨੁ ਸਕਤੀ[28] ਇਹੁ ਮਨੁ ਸੀਉ[29] ॥	This mind is power[28]. This mind is God[29].	ਇਹ ਮਨੂਆ ਤਾਕਤ[28] ਹੈ । ਇਹ ਮਨੂਆ ਵਾਹਿਗੁਰੂ[29] ਹੈ ।
ਇਹੁ ਮਨੁ ਪੰਚ ਤਤ[30] ਕੋ ਜੀਉ[31] ॥	This mind is the life[31] of the five elements[30] of the body.	ਇਹ ਮਨੂਆ ਸਰੀਰ ਦੇ ਪੰਜਾਂ ਅੰਸ਼ਾਂ[30] ਦੀ ਜਿੰਦ-ਜਾਨ[31] ਹੈ ।
ਇਹੁ ਮਨੁ ਲੇ[32] ਜਉ[33] ਉਨਮਨਿ[34] ਰਹੈ[35]॥ ਤਉ[36] ਤੀਨਿ ਲੋਕ[37] ਕੀ ਬਾਤੈ[38] ਕਹੈ[39] ॥੩੩॥	Restraining[32] his mind when[33] man remains[35] in the state of beatitude[34], then[36], can he tell[39] the secrets[38] of the three worlds[37].	ਆਪਣੇ ਮਨੂਏ ਨੂੰ ਰੋਕ[32] ਕੇ ਜਦ[33] ਆਦਮੀ ਪਰਮ ਪਰਸੰਨਤਾ[34] ਦੀ ਦਸ਼ਾ ਅੰਦਰ ਵਿਚਰਦਾ[35] ਹੈ, ਤਦ[36] ਉਹ ਤਿੰਨਾਂ ਜਹਾਨਾਂ[37] ਦੇ ਭੇਤ[38] ਦੱਸ[39] ਸਕਦਾ ਹੈ ।
ਯਯਾ ਜਉ[45] ਜਾਨਹਿ[46] ਤਉ ਦੁਰਮਤਿ[40] ਹਨਿ[41] ਕਰਬਸਿ[42] ਕਾਇਆ[43] ਗਾਉ[44] ॥	Y—If[46] Thou know[46] anything, then, destroy[41] thy evil-intellect[40] and subdue[42] thy body[43] hamlet[44].	ਯ-ਜੇਕਰ[45] ਤੂੰ ਕੁਛ ਸੋਚਦਾ ਸਮਝਦਾ[46] ਹੈਂ[1] ਤਾਂ ਆਪਣੀ ਖੋਟੀ ਬੁੱਧੀ[40] ਨੂੰ ਨਾਸ[41] ਕਰ ਦੇ ਅਤੇ ਆਪਣੇ ਸਰੀਰ[43] ਦੀ ਬਸਤੀ[44] ਨੂੰ ਕਾਬੂ[42] ਕਰ ।
ਰਣਿ[47] ਰੂਤਉ[48] ਭਾਜੈ[49] ਨਹੀ ਸੂਰਉ[50] ਥਾਰਉ[51] ਨਾਉ[52] ॥੩੪॥	Being engaged[48] in battle[47], if thou fleest[49] not away, thou[51] shalt go by the Name[52] of a hero[50].	ਯੁਧ[47] ਅੰਦਰ ਰੁੱਝਾ[48] ਹੋਇਆ ਜੇਕਰ ਤੂੰ ਭੱਜੇਂਗਾ[49] ਨਹੀਂ[1], ਤੇਰਾ[51] ਨਾਮ[52] ਸੂਰਮਾ[50] ਪੈ ਜਾਵੇਗਾ ।
ਰਾਰਾ ਰਸੁ[53] ਨਿਰਸ[54] ਕਰਿ ਜਾਨਿਆ ॥	R—The worldly pleasures[53] I have deemed as unpalatable[54].	ਰ-ਸੰਸਾਰੀ ਖੁਸ਼ੀਆਂ[53] ਨੂੰ ਮੈਂ[1] ਬੇਸੁਆਦੀਆਂ[54] ਕਰਕੇ ਜਾਤਾ ਹੈ ।
ਹੋਇ ਨਿਰਸੁ[55] ਸੁ[56] ਰਸੁ[57] ਪਹਿਚਾਨਿਆ[58] ॥	Becoming the spurner[55] of relishes, I have realised[58] that[56] spiritual bliss[57].	ਸੁਆਦਾਂ ਦਾ ਤਿਆਗੀ[55] ਹੋ, ਮੈਂ[1] ਉਸ[56] ਰੂਹਾਨੀ ਅਨੰਦ[57] ਨੂੰ ਅਨੁਭਵ[58] ਕਰ ਲਿਆ ਹੈ ।
ਇਹ ਰਸ[59] ਛਾਡੇ[60] ਉਹ[62] ਰਸੁ[63] ਆਵਾ[61] ॥	By abandoning[60] these temporal savours[59] that[62] spiritual bliss[63] is attained[61].	ਇਨ੍ਹਾਂ ਸੰਸਾਰੀ ਸੁਆਦਾਂ[59] ਨੂੰ ਛੱਡਣ[60] ਦੁਆਰਾ ਉਹ[62] ਰੂਹਾਨੀ ਪਰਸੰਨਤਾ[63] ਪਰਾਪਤ[61] ਹੁੰਦੀ ਹੈ ।
ਉਹ ਰਸੁ ਪੀਆ[64] ਇਹ ਰਸੁ ਨਹੀ ਭਾਵਾ[65] ॥੩੫॥	By quaffing[64] that Nectar, this worldly relish remains not pleasing[65].	ਉਸ ਅੰਮ੍ਰਿਤ ਨੂੰ ਪਾਨ[64] ਕਰਨ ਦੁਆਰਾ ਇਹ ਸੰਸਾਰੀ ਸੁਆਦ ਚੰਗਾ[65] ਨਹੀਂ[1] ਲੱਗਦਾ ।
ਲਲਾ ਐਸੇ[66] ਲਿਵ[67] ਮਨੁ ਲਾਵੈ[68] ॥ ਅਨਤ[69] ਨ ਜਾਇ ਪਰਮ[70] ਸਚੁ ਪਾਵੈ ॥	L—Man ought to imbibe[68] such[66] love[67] for God in his mind, that he goes not to another[69] and obtains the Supreme[70] Truth.	ਆਪਣੇ ਚਿੱਤ ਅੰਦਰ ਆਦਮੀ ਨੂੰ ਰੱਬ ਨਾਲ ਇਹੋ ਜਿਹਾ[66] ਪਿਆਰ[67] ਪਾਉਣਾ[68] ਚਾਹੀਦਾ ਹੈ ਕਿ ਉਹ ਕਿਸੇ ਹੋਰਸ[69] ਕੋਲ ਨਾ ਜਾਵੇ ਅਤੇ ਮਹਾਨ[70] ਸੱਚ ਨੂੰ ਪਰਾਪਤ ਹੋਵੇ ।
ਅਰੁ[71]ਜਉ[72] ਤਹਾ[73] ਪ੍ਰੇਮ[74] ਲਿਵ[75] ਲਾਵੈ[76] ॥ ਤਉ ਅਲਹ[77] ਲਹੈ[78] ਲਹਿ[79] ਚਰਨ[80] ਸਮਾਵੈ[81] ॥੩੬॥	And[71] if[72], there in[73], he embraces[76] love[74] and affection[75] for Him, he attains[78] the Lord[77] and obtaining[79] Him becomes absorbed[81] in His Feet[80].	ਅਤੇ[71] ਜੇਕਰ[72] ਉਥੇ[73], ਉਹ ਉਸ ਲਈ ਪਿਆਰ[74] ਤੇ ਪ੍ਰੀਤ[75] ਪੈਦਾ[76] ਕਰ ਲਵੇ, ਉਹ ਸੁਆਮੀ[77] ਨੂੰ ਪਰਾਪਤ[78] ਕਰ ਲੈਂਦਾ ਹੈ ਅਤੇ ਪਰਾਪਤ[79] ਕਰ ਕੇ ਉਸ ਦੇ ਚਰਨਾਂ[80] ਵਿਚ ਲੀਨ[81] ਹੋ ਜਾਂਦਾ ਹੈ ।

ਵਵਾ ਬਾਰ ਬਾਰ[82] ਬਿਸਨ[83] ਸਮ੍ਹਾਰਿ[84] ॥	W—Over and over again[82] think[84] of thy Master[83].	ਵ–ਬਾਰੰਬਾਰ[82] ਆਪਣੇ ਮਾਲਕ[83] ਨੂੰ ਯਾਦ[84] ਕਰ ।
ਬਿਸਨ ਸੰਮ੍ਹਾਰਿ ਨ ਆਵੈ ਹਾਰਿ[85] ॥	By remembering God, defeat[85] shall not come to thee.	ਰੱਬ ਦੇ ਚੇਤੇ ਕਰਨ ਦੁਆਰਾ ਤੈਨੂੰ ਸ਼ਿਕਸਤ[85] ਨਹੀਂ ਆਏਗੀ ।
ਬਲਿ ਬਲਿ[86] ਜੋ ਬਿਸਨ-ਤਨਾ[87] ਜਸੁ[88] ਗਾਵੈ ॥	I am devoted and a sacrifice[86] unto those, who sing the praise[88] of Lord's sons[87].	ਮੈਂ ਸਦਕੇ ਤੇ ਕੁਰਬਾਨ[86] ਹਾਂ ਉਨ੍ਹਾਂ ਉਤੋਂ ਜੋ ਸਾਈਂ ਦੇ ਪੁੱਤ੍ਰਾਂ[87] ਦੀ ਕੀਰਤੀ[88] ਗਾਇਨ ਕਰਦੇ ਹਨ,
ਵਿਸਨ ਮਿਲੇ[90] ਸਭ[89] ਹੀ ਸਚੁ ਪਾਵੈ ॥੩੭॥	By meeting[90] God, the entire[89] truth is obtained.	ਵਾਹਿਗੁਰੂ ਨੂੰ ਭੇਟਣ[90] ਦੁਆਰਾ ਸਮੂਹ[89] ਸੱਚ ਹਾਸਲ ਹੁੰਦਾ ਹੈ ।
ਵਾਵਾ ਵਾਹੀ[91] ਜਾਨੀਐ[92] ਵਾ ਜਾਨੇ ਇਹੁ[93] ਹੋਇ[94] ॥	W—Know[92] Him[91]. By knowing Him, this[93] man becomes[94] as He is.	ਵ–ਉਸ[91] ਨੂੰ ਅਨੁਭਵ[92] ਕਰ । ਉਸ ਨੂੰ ਅਨੁਭਵ ਕਰਨ ਦੁਆਰਾ, ਇਹ[93] ਇਨਸਾਨ ਉਸ ਵਰਗਾ ਹੋ ਜਾਂਦਾ[94] ਹੈ ।
ਇਹੁ[95] ਅਰੁ[96] ਓਹੁ[97] ਜਬ ਮਿਲੈ[98] ਤਬ[99] ਮਿਲਤ[100] ਨ ਜਾਨੈ ਕੋਇ ॥੩੮॥	When this soul[95] and[96] that Lord[97] are blended[98], then[99] after union[100] none can distinguish them.	ਜਦ ਇਹ ਆਤਮਾ[95] ਤੇ[96] ਉਹ ਸੁਆਮੀ[97] ਅਭੇਦ[98] ਹੋ ਜਾਂਦੇ ਹਨ, ਤਦ[99] ਮਿਲਾਪ[100] ਮਗਰੋਂ ਕੋਈ ਭੀ ਉਨ੍ਹਾਂ ਨੂੰ ਅੱਡਰਾ ਨਹੀਂ ਜਾਣ ਸਕਦਾ ।
ਸਸਾ ਸੋ[2] ਨੀਕਾ ਕਰਿ[3] ਸੋਧਹੁ[4] ॥	S—Discipline[4] the[2] mind perfectly[3] well.	ਸ–ਉਸ[2] ਮਨ ਦੀ ਪੂਰੀ[3] ਤਰ੍ਹਾਂ ਤਾੜਨਾ[4] ਕਰ ।
ਘਟ[5] ਪਰਚਾ[6] ਕੀ ਬਾਤ[7] ਨਿਰੋਧਹੁ[8] ॥	Refrain[8] thyself from every talk[7], which allures[6] the mind[5].	ਆਪਣੇ ਆਪ ਨੂੰ ਹਰ ਇਕ ਗੱਲ[7] ਤੋਂ ਰੋਕ[8] ਜੋ ਮਨ[5] ਨੂੰ ਵਰਗਲਾਉਂਦੀ[6] ਹੈ ।
ਘਟ ਪਰਚੈ[9] ਜਉ[10] ਉਪਜੈ[12] ਭਾਉ[13] ॥ ਪੂਰਿ ਰਹਿਆ[14] ਤਹ[15] ਤ੍ਰਿਭਵਣ[16] ਰਾਉ[17] ॥੩੯॥	When[10] love[13] for God springs[12] up, the mind is pleased[9] and therein[15] the King[17] of three worlds[16] remains fully-pervading[14].	ਜਦ[10] ਹਰੀ ਦਾ ਪ੍ਰੇਮ[13] ਉਤਪੰਨ[12] ਹੋ ਜਾਂਦਾ ਹੈ ਤਾਂ ਮਨ ਪਰਸੰਨ[9] ਹੋ ਜਾਂਦਾ ਹੈ ਅਤੇ ਉਥੇ[15] ਤਿੰਨਾਂ ਜਹਾਨਾਂ[16] ਦਾ ਰਾਜਾ[17] ਪਰੀਪੂਰਨ ਰਹਿੰਦਾ[14] ਹੈ ।
ਖਖਾ ਖੋਜਿ[18] ਪਰੈ ਜਉ[19] ਕੋਈ[20] ॥ ਜੋ ਖੋਜੈ ਸੋ ਬਹੁਰਿ[21] ਨ ਹੋਈ[22] ॥	Kh—Any[19] one[20] who searches[18] Him, and he, who by searching finds Him, is not born[22] again[21].	ਖ–ਜੋ[19] ਕੋਈ[20] ਉਸ ਨੂੰ ਢੂੰਡੇ[18], ਅਤੇ ਜੋ ਕੋਈ ਉਸ ਨੂੰ ਢੂੰਡ ਲੈਂਦਾ ਹੈ, ਉਹ ਮੁੜ[21] ਕੇ ਨਹੀਂ ਜੰਮਦਾ[22] ।
ਖੋਜ ਬੂਝਿ[23] ਜਉ ਕਰੈ ਬੀਚਾਰਾ[24] ॥ ਤਉ[25] [26]ਭਵਜਲ[27] ਤਰਤ[28] ਨ ਲਾਵੈ ਬਾਰਾ[29] ॥੪੦॥	When man searches, knows[23] and meditates[24] upon the Lord, then[25] he crosses[28] the frightful[26] world-ocean[27] without delay[29].	ਜਦ ਇਨਸਾਨ ਸੁਆਮੀ ਨੂੰ ਢੂੰਡਦਾ, ਸਮਝਦਾ[23] ਅਤੇ ਉਸ ਦਾ ਸਿਮਰਨ[24] ਕਰਦਾ ਹੈ, ਤਦ[25] ਉਸ ਨੂੰ ਭਿਆਨਕ[26] ਸੰਸਾਰ ਸਮੁੰਦਰ[27] ਤੋਂ ਪਾਰ[28] ਹੁੰਦਿਆਂ ਦੇਰ[29] ਨਹੀਂ ਲੱਗਦੀ ।
ਸਸਾ ਸੋ[30] ਸਹ[31] ਸੇਜ[32] ਸਵਾਰੈ[33] ॥ ਸੋਈ[34] ਸਹੀ[35] ਸੰਦੇਹ[36] ਨਿਵਾਰੈ[37] ॥	S—That[34] maid[35], whose couch[32], He[30], the Spouse[31], adorns[33] with His presence, stills[37] her scepticism[36].	ਸ–ਉਹ[34] ਸਖੀ[35], ਜਿਸ ਦੇ ਪਲੰਘ[32] ਨੂੰ ਉਹ[30] ਕੰਤ[31] ਆਪਣੀ ਹਾਜ਼ਰੀ ਨਾਲ ਸੁਸ਼ੋਭਤ[33] ਕਰਦਾ ਹੈ, ਆਪਣੇ ਸ਼ਕ-ਸ਼ੁਭੇ[36] ਨੂੰ ਦੂਰ[37] ਕਰ ਦਿੰਦੀ ਹੈ ।
ਅਲਪ[38] ਸੁਖ ਛਾਡਿ ਪਰਮ[39] ਸੁਖ[40] ਪਾਵਾ ॥	Renouncing the paltry[38] pleasure, she procures the supreme[39] delight[40].	ਤੁਛ[38] ਆਰਾਮ ਨੂੰ ਤਿਆਗ ਕੇ, ਉਹ ਮਹਾਨ[39] ਅਨੰਦ[40] ਨੂੰ ਪਾ ਲੈਂਦੀ ਹੈ ।

ਤਬ[41] ਇਹ ਤ੍ਰੀਆ[42] ਉਹੁ ਕੰਤੁ[43] ਕਹਾਵਾ[44] ॥੪੧॥

Then[41] she is called[44] the bride[42] and He, her Bridegroom[43].

ਤ—ਵਾਹਿਗੁਰੂ ਹੈ[45], ਪਰ ਬੰਦਾ ਉਸ ਦੀ ਹੋਂਦ[46] ਨੂੰ ਨਹੀਂ ਜਾਣਦਾ ।

ਹਾਹਾ ਹੋਤ[45] ਹੋਇ[46] ਨਹੀ ਜਾਨਾ ॥

H—God exists[45], but man knows not His existence[46].

ਜਬ[47]ਹੀ ਹੋਇ[48] ਤਬਹਿ[49] ਮਨੁ ਮਾਨਾ[50] ॥

When[47] he realises[48] His existence, then[49] is his mind propitiated[50].

ਜਦਾ[47] ਉਹ ਉਸ ਦੀ ਹੋਂਦ ਨੂੰ ਅਨੁਭਵ[48] ਕਰ ਲੈਂਦਾ ਹੈ, ਤਦੋਂ[49] ਉਸ ਦੀ ਆਤਮਾ ਪਤੀਜ[50] ਜਾਂਦੀ ਹੈ ।

ਹੈ ਤਉ ਸਹੀ[51] ਲਖੈ[52] ਜਉ[53] ਕੋਈ[54] ॥

For sure[51], the Lord exists, only if[52] some one[54] could understand[53] Him.

ਪ੍ਰਭੂ ਯਕੀਨਨ[51] ਹੀ ਹੈ, ਜੇਕਰ[53] ਕਿਵੇਂ[52] ਕੋਈ ਬੰਦਾ[54] ਉਸ ਨੂੰ ਸਮਝ[52] ਸਕਦਾ ਹੋਵੇ ।

ਤਬ[55] ਓਹੀ ਉਹੁ[56] ਏਹੁ ਨ ਹੋਈ ॥ ੪੨ ॥

In that case[55], He alone[56] will seem, and not this man.

ਉਸ ਹਾਲਤ[55] ਵਿਚ ਕੇਵਲ[56] ਉਹੀ ਮਲੂਮ ਹੋਵੇਗਾ ਅਤੇ ਇਹ ਬੰਦਾ ਨਹੀਂ ।

ਲਿੰਉ[57] ਲਿੰਉ ਕਰਤ ਫਿਰੈ[58] ਸਭੁ ਲੋਗੁ[57*] ॥

"I will take[57] this, I will take that." Everyone[57*] goes about[58] saying.

"ਮੈਂ ਇਹ ਲਵਾਂਗਾ[57], ਮੈਂ ਉਹ ਲਵਾਂਗਾ" ਹਰ ਜਣਾ[57*] ਆਖਦਾ ਫਿਰਦਾ[58] ਹੈ ।

ਤਾ[59] ਕਾਰਣਿ[60] ਬਿਆਪੈ[61] ਬਹੁ ਸੋਗੁ[62] ॥

Because[60] of that[59], man is infested[61] with great sorrow[62].

ਉਸ[59] ਦੇ ਸਬੱਬ[60] ਆਦਮੀ ਨੂੰ ਬਹੁਤਾ ਸ਼ੋਕ[62] ਆ ਅਕਾਉਂਦਾ[61] ਹੈ ।

ਲਖਿਮੀ[63] ਬਰ ਸਿਉ[64] ਜਉ[65] ਲਿਉ[66] ਲਾਵੈ[67] ॥ ਸੋਗੁ ਮਿਟੈ[68] ਸਭ ਹੀ ਸੁਖ ਪਾਵੈ ॥੪੩॥

When[65] he comes to bear[67] love[66] with[64] the Lord of wealth[63], his sorrow departs[68] and he attains all peace.

ਜਦ[65] ਉਹ ਲਛਮੀ ਦੇ ਸੁਆਮੀ[63] ਨਾਲ[64] ਪ੍ਰੇਮ[66] ਪਾ[67] ਲੈਂਦਾ ਹੈ ਉਸ ਦਾ ਗ਼ਮ ਦੂਰ[68] ਹੋ ਜਾਂਦਾ ਹੈ ਅਤੇ ਉਹ ਸਮੂਹ ਆਰਾਮ ਪਾ ਲੈਂਦਾ ਹੈ ।

ਖਖਾ ਖਿਰਤ[69] ਖਪਤ[70] ਗਏ ਕੇਤੇ[71] ॥

Kh—Many[71] have pined[69] and perished[70] away.

ਖ—ਅਨੇਕਾਂ[71] ਹੀ ਖੁਰ[69] ਕੇ ਨਾਸ[70] ਹੋ ਗਏ ਹਨ ।

ਖਿਰਤ ਖਪਤ ਅਜਹੂੰ[72] ਨਹ ਚੇਤੇ[73] ॥

Inspite of such wasting away and destruction man does not, even now[72], remember[73] the Lord.

ਇਸ ਤਰ੍ਹਾਂ ਖੁਰਨ ਅਤੇ ਤਬਾਹ ਹੋਣ ਦੇ ਬਾਵਜੂਦ ਅਜੇ[72] ਭੀ, ਬੰਦਾ ਸੁਆਮੀ ਨੂੰ ਯਾਦ[73] ਨਹੀਂ ਕਰਦਾ ।

ਅਬ[75] ਜਗੁ[76] ਜਾਨਿ[77] ਜਉ[74] ਮਨਾ[78] ਰਹੈ[79] ॥ ਜਹ[80] ਕਾ ਬਿਛੁਰਾ[81] ਤਹ[82] ਥਿਰੁ[83] ਲਹੈ[84] ॥੪੪॥

If[74]anyone,even now[75],understands[77] the temporary nature of the world[76] and restrains[79] his mind[78], he shall find[84] a permanent[83] place there[82] from where[80] he was separated[81].

ਜੇਕਰ[74] ਕੋਈ ਹੁਣ[75] ਭੀ ਦੁਨੀਆਂ[76] ਦੀ ਆਰਜ਼ੀ ਦਸ਼ਾ ਨੂੰ ਸਮਝ[77] ਲਵੇ ਅਤੇ ਆਪਣੇ ਮਨੂਏ[78] ਨੂੰ ਰੋਕੇ[79], ਤਦ ਉਹ ਉਥੇ[82] ਮੁਸਤਕਿਲ[83] ਥਾਂ ਪਾ[84] ਲਵੇਗਾ, ਜਿਥੋਂ[80] ਕਿ ਉਹ ਵਿਛੜਿਆ[81] ਹੈ ।

੩੪੩ 343 ੩੪੩

ਬਾਵਨ[84*] ਅਖਰ ਜੋਰੇ ਆਨਿ[85] ॥

Man has joined[85] the fifty two[84*] letters.

ਆਦਮੀ ਨੇ ਬਵੰਜਾ[84*] ਅੱਖਰ ਜੋੜ[85] ਲਏ ਹਨ ।

ਸਕਿਆ ਨ ਅਖਰੁ[86] ਏਕੁ ਪਛਾਨਿ[87] ॥

But he cannot recognise[87] the One Word[86] of God.

ਪਰ ਉਹ ਵਾਹਿਗੁਰੂ ਦੇ ਇਕ ਸ਼ਬਦ[86] ਨੂੰ ਨਹੀਂ ਸਿਆਣ[87] ਸਕਦਾ ।

ਸਤ[88] ਕਾ ਸਬਦੁ[89] ਕਬੀਰਾ ਕਹੈ[90] ॥

Kabir utters[90] the word[89] of truth[88].

ਕਬੀਰ ਸੱਚਾ[88] ਬਚਨ[89] ਉਚਾਰਣ[90] ਕਰਦਾ ਹੈ ।

ਪੰਡਿਤ ਹੋਇ ਸੁ ਅਨਭੈ[91] ਰਹੈ[92] ॥

He, who is a Brahman, remains[92] without[91] fear.

ਜੋ ਬ੍ਰਹਿਮਣ ਹੈ, ਉਹ ਨਿਡੱਰ[91] ਹੋ ਵਿਚਰਦਾ[92] ਹੈ ।

ਪੰਡਿਤ[93] ਲੋਗਹ[94] ਕਉ ਬਿਉਹਾਰ[95] ॥

To join letters is the business[95] of the literate[93] person[94].

ਅੱਖਰਾਂ ਨੂੰ ਜੋੜਨਾ ਵਿਦਵਾਨ[93] ਪੁਰਸ਼ਾਂ[94] ਦਾ ਕਿੱਤਾ[95] ਹੈ ।

ਗਿਆਨਵੰਤ[96] ਕਉ ਤਤੁ[97] ਬੀਚਾਰ[98] ॥

The divine person[96] reflects[98] upon the reality[97].

ਬ੍ਰਹਿਮ-ਵਿਚਾਰ ਵਾਲਾ ਬੰਦਾ[96] ਅਸਲੀਅਤ[97] ਨੂੰ ਸੋਚਦਾ ਸਮਝਦਾ[98] ਹੈ ।

ਜਾ[4]ਕੈ ਜੀਅ[99] ਜੈਸੀ[100] ਬੁਧਿ[2] ਹੋਈ ॥ ਕਹਿ ਕਬੀਰ ਜਾਨੈਗਾ[5] ਸੋਈ[3] ॥੪੫॥

Says Kabir, as[100] is the intellect[2] within his[4] mind[99], so[3] does he understand[5].

ਕਬੀਰ ਜੀ ਆਖਦੇ ਹਨ, ਜਿਹੋ ਜਿਹੀ[100] ਅਕਲ[2] ਉਸ[4] ਦੇ ਮਨ[99] ਵਿਚ ਹੈ, ਉਹੋ ਜਿਹਾ[3] ਹੀ ਉਹ ਸਮਝਦਾ[5] ਹੈ ।

ੴ ਸਤਿਗੁਰ ਪ੍ਰਸਾਦਿ ॥

There is but one God. By the Guru's grace He is obtained.

ਵਾਹਿਗੁਰੂ ਕੇਵਲ ਇਕ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਰਾਗੁ ਗਉੜੀ ਥਿੰਤੀ ਕਬੀਰ ਜੀ ਕੀ ॥

Measure Gauri Lunar days of Kabir Ji.

ਰਾਗ ਗਉੜੀ ਤਿਥਾਂ ਕਬੀਰ ਜੀ ਦੀਆਂ ।

ਸਲੋਕੁ ॥

Slok.

ਸਲੋਕ ।

ਪੰਦ੍ਰਹ ਥਿਤੀ[6] ਸਾਤਵਾਰ[7]॥

There are fifteen lunar days[6] and seven week days[7].

ਪੰਦਰਾਂ ਚੰਦ ਦੇ ਦਿਹਾੜੇ[6] ਅਤੇ ਸਤ ਹਫ਼ਤੇ ਦੇ ਦਿਹਾੜੇ[7] ਹਨ ।

ਕਹਿ ਕਬੀਰ ਉਰਵਾਰ[8] ਨ ਪਾਰ[9] ॥

Says Kabir, God has not this[8] or that limit[9].

ਕਬੀਰ ਆਖਦਾ ਹੈ, ਵਾਹਿਗੁਰੂ ਦਾ ਇਹ[8] ਜਾਂ ਉਹ[9] ਕਿਨਾਰਾ ਨਹੀਂ[4] ।

ਸਾਧਿਕ[10] ਸਿਧ[12] ਲਖੈ[13] ਜਉ[14] ਭੇਉ[15] ॥ ਆਪੇ ਕਰਤਾ[16]ਆਪੇਦੇਉ[17] ॥੧॥

The strivers[10] and perfect persons[12] when[14] they know[13] God's secret[15]; themselves they become the Creator[16] and themselves the Lord[17].

ਅਭਿਆਸੀ[10] ਅਤੇ ਪੂਰਨ ਪੁਰਸ਼[12] ਜਦ[14] ਹਰੀ ਦੇ ਭੇਤ[15] ਨੂੰ ਜਾਣ[13] ਲੈਂਦੇ ਹਨ, ਉਹ ਆਪ ਸਿਰਜਣਹਾਰ[16] ਅੱਤੇ ਆਪੇ ਹੀ ਸੁਆਮੀ[17] ਹੋ ਜਾਂਦੇ ਹਨ ।

ਥਿਤੀ ॥

Lunar day.

ਤਿੱਥ ।

ਅੰਮਾਵਸ[18] ਮਹਿ ਆਸ[19] ਨਿਵਾਰਹੁ[20] ॥

On the day of no moon[18], abandon[20] thine desires[19].

ਮੱਸਿਆ[18] ਦੇ ਦਿਨ ਆਪਣੀਆਂ ਖ਼ਾਹਿਸ਼ਾਂ[19] ਨੂੰ ਛੱਡ[20] ਦੇ ।

ਅੰਤਰਜਾਮੀ[21] ਰਾਮੁ[22] ਸਮਾਰਹੁ[23] ॥

Remember[23] thou Lord[22], the Knower of hearts[21].

ਤੂੰ ਦਿਲਾਂ ਦੀਆਂ ਜਾਨਣਹਾਰ[21] ਸਾਈਂ[22] ਨੂੰ ਚੇਤੇ ਕਰ[23] ।

ਜੀਵਤ[24] ਪਾਵਹੁ ਮੋਖ[25] ਦੁਆਰ[26] ॥ ਅਨਭਉ[27] ਸਬਦੁ[28] ਤਤੁ[31] ਨਿਜੁ[29] ਸਾਰ[30] ॥੧॥

Thus shalt thou, in life[24], obtain the gate[26] of salvation[25], the Name[28] of the Fearless[27] Lord and the knowledge[30] of thy own[29] real-self[31].

ਇਸ ਤਰ੍ਹਾਂ ਜੀਉਂਦੇ[24] ਜੀ ਤੂੰ ਮੁਕਤੀ[25] ਦਾ ਦਰਵਾਜ਼ਾ[26], ਨਿਡੱਰ ਸਾਹਿਬ[27] ਦਾ ਨਾਮ[28], ਅਤੇ ਆਪਣੇ ਨਿੱਜ[29] ਦੀ ਅਸਲੀਅਤ[31] ਦੀ ਗਿਆਤ[30], ਪਰਾਪਤ ਕਰ ਲਵੇਂਗਾ ।

ਚਰਨ[31]*ਕਮਲ[32]ਗੋਬਿੰਦ[33] ਰੰਗੁ[34] ਲਾਗਾ[35] ॥ ਸੰਤ ਪ੍ਰਸਾਦਿ[36] ਭਏ ਮਨ

He, who enshrines[35] affection[34] for the Lord's[33] lotus[32] feet[31]*, and by saints grace[36], becomes pure[37] in

ਜੋ ਪ੍ਰਭੂ[33] ਦੇ ਕੰਵਲ[32] ਰੂਪੀ ਚਰਨਾਂ[31]* ਨਾਲ ਪਿਰਹੜੀ[34] ਪਾਉਂਦਾ[35] ਹੈ ਅਤੇ ਸਾਧੂਆਂ ਦੀ ਦਇਆ[36]ਦੁਆਰਾ ਜਿਸ ਦਾ ਚਿੱਤ ਪਵਿੱਤ੍ਰ[37] ਹੋਇਆ ਹੈ, ਉਹ ਰਾਤ[40] ਤੇ ਦਿਨ

ਨਿਰਮਲ[37]ਹਰਿ ਕੀਰਤਨ[38] ਮਹਿ[39] ਅਨਦਿਨੁ[40] ਜਾਗਾ॥ ੧ ॥ ਰਹਾਉ ॥	mind, he, night[40] and day remains awake in[39] singing God's praises[38]. Pause.	ਹਰੀ ਦਾ ਜੱਸ[38] ਗਾਇਨ ਕਰਨ ਵਿਚ[39] ਜਾਗਦਾ ਰਹਿੰਦਾ ਹੈ। ਠਹਿਰਾਉ।
ਪਰਿਵਾ[41] ਪ੍ਰੀਤਮ[42] ਕਰਹੁ ਬੀਚਾਰ[43] ॥	On the first day[41] of the moon, meditate[43] thou on the Beloved[42].	ਏਕਮ ਤਿੱਥ ਦੇ ਦਿਹਾੜੇ[41] ਤੂੰ ਪਿਆਰੇ[42] ਦਾ ਸਿਮਰਨ[43] ਕਰ।
ਘਟ[44] ਮਹਿ[45] ਖੇਲੈ[48] ਅਘਟ[46] ਅਪਾਰ[47] ॥	The Bodyless[46] and Infinite[47] Lord is sporting[48] in[45] the heart[44].	ਸਰੀਰ-ਰਹਿਤ[46] ਅਤੇ ਬੇਅੰਤ[47] ਸੁਆਮੀ ਦਿਲ[44] ਅੰਦਰ[45] ਖੇਡ ਰਿਹਾ[48] ਹੈ।
ਕਾਲ[49] ਕਲਪਨਾ[50] ਕਦੇ ਨ ਖਾਇ[51] ॥ਆਦਿ ਪੁਰਖ[52] ਮਹਿ ਰਹੈ ਸਮਾਇ[53] ॥੨॥	Pain[50] of death[49] never consumes[51] him, who remains absorbed[53] in the Primal Being[52].	ਮੌਤ[49] ਦੀ ਪੀੜ[50] ਉਸ ਨੂੰ ਕਦਾਚਿੱਤ ਖੌ[51] ਨਹੀਂ ਕਰਦੀ, ਜੋ ਪ੍ਰਿਥਮ ਪੁਰਖ[52] ਅੰਦਰ ਲੀਨ[53] ਰਹਿੰਦਾ ਹੈ।
ਦੁਤੀਆ[54] ਦੁਹ ਕਰਿ[55] ਜਾਨੈ ਅੰਗ[56] ॥	Second Lunar[54] day—Know that two[55] beings are sporting within the body limbs[56].	ਦੂਜੀ ਥਿੱਤ[54]-ਜਾਣ ਲੈ ਕਿ ਸਰੀਰ ਦੇ ਭਾਗ[56] ਅੰਦਰ ਦੋ[55] ਖੇਡ ਰਹੇ ਹਨ।
ਮਾਇਆ[57] ਬ੍ਰਹਮ[58] ਰਮੈ[59] ਸਭ[60] ਸੰਗ[61] ॥	Mammon[57] and God[58], are blended[59] with[61] everything[60].	ਮੋਹਨੀ[57] ਅਤੇ ਵਾਹਿਗੁਰੂ[58] ਹਰ ਸ਼ੈ[60] ਨਾਲ[61] ਅਭੇਦ[59] ਹੋਏ ਹੋਏ ਹਨ।
ਨਾ ਓਹੁ[62] ਬਢੈ[63] ਨ ਘਟਤਾ[64] ਜਾਇ॥ ਅਕੁਲ[65] ਨਿਰੰਜਨ[66] ਏਕੈ ਭਾਇ[67]।੩।	That[62] Unknowable[65], Immaculate[66] and Changeless[67] Lord neither increases[63] nor decreases[64].	ਉਹ[62] ਅਗਾਧ[65], ਪਵਿੱਤ੍ਰ[66] ਅਤੇ ਨਾ-ਬਦਲਣ ਵਾਲਾ[67] ਸਾਹਿਬ ਨਾ ਵਧਦਾ[63] ਹੈ ਅਤੇ ਨਾ ਹੀ ਘਟਦਾ[64] ਹੈ।
ਤ੍ਰਿਤੀਆ[68] ਤੀਨੇ ਸਮਕਰਿ[69] ਲਿਆਵੈ[70] ॥ ਆਨਦ[71] ਮੂਲ[72] [73]ਪਰਮਪਦੁ[74] ਪਾਵੈ ॥	The Third Lunar day[68]—If man maintains[70] equilibrium[69] in the three modes, he obtains the Root[72] of joy[71] and supreme[73] status[74]	ਤੀਜੀ ਤਿੱਥ[68]-ਜੇਕਰ ਆਦਮੀ ਤਿੰਨਾਂ ਹੀ ਦਸ਼ਾਂ ਅੰਦਰ ਸਮ ਤੋਲ[69] ਰਹੇ[70] ਤਾਂ ਉਹ ਪਰਸੰਨਤਾ[71] ਦੀ ਜੜ੍ਹ[72] ਅਤੇ ਮਹਾਨ[73] ਮਰਤਬੇ[74] ਨੂੰ ਪਾ ਲੈਂਦਾ ਹੈ।
ਸਾਧ ਸੰਗਤਿ ਉਪਜੈ[75] ਬਿਸ੍ਵਾਸ[76] ॥	In the saints' society faith[76] arises[75] in the mortal.	ਸਤਿ ਸੰਗਤ ਵਿਚ ਆਦਮੀ ਅੰਦਰ ਭਰੋਸਾ[76] ਪੈਦਾ[75] ਹੁੰਦਾ ਹੈ।
ਬਾਹਰਿ ਭੀਤਰਿ[77] ਸਦਾ[78] ਪ੍ਰਗਾਸ[79] ॥੪॥	Ever[78], without and within[77] us is that Lord's light[79].	ਹਮੇਸ਼ਾ[78] ਹੀ, ਸਾਡੇ ਬਾਹਰ ਤੇ ਅੰਦਰ[77] ਉਸ ਪ੍ਰਭੂ ਦਾ ਪਰਕਾਸ਼[79] ਹੈ।
ਚਉਥਹਿ[80] ਚੰਚਲ[81] ਮਨ ਕਉ ਗਹਹੁ[82]॥ਕਾਮ[83]ਕ੍ਰੋਧ[84] ਸੰਗਿ[85] ਕਬਹੁ ਨ ਬਹਹੁ[86]॥	The fourth Lunar day[80]—Restrain[82] thy fickle[81] mind and never associate[86] with[85] lust[83] and wrath[84].	ਚੌਥੀ ਥਿੱਤ[80]-ਆਪਣੇ ਚੁਲਬੁਲੇ[81] ਮਨ੍ਹਦੇ ਨੂੰ ਰੋਕ[82] ਕੇ ਰੱਖ ਅਤੇ ਵਿਸ਼ੇ ਭੋਗ[83] ਤੇ ਗੁੱਸੇ[84] ਨਾਲ[85] ਕਦਾਚਿੱਤ ਉਠਕ ਬੈਠਕ[86] (ਸਾਂਝ) ਨਾ ਰੱਖ।
ਜਲ[87] ਥਲ[88] ਮਾਹੇ[89] ਆਪਹਿ[90] ਆਪ ॥	In[89] sea[87] and land[88], the Lord is all by[90] Himself.	ਸਮੁੰਦਰ[87] ਅਤੇ ਧਰਤੀ[88] ਵਿਚ[89] ਪ੍ਰਭੂ ਸਾਰਾ ਕੁਛ[90] ਖੁਦ ਹੀ ਹੈ।
ਆਪੇ ਜਪਹੁ[91] ਆਪਨਾ ਜਾਪ[92] ॥੫॥	He Himself embraces[91] His meditation[92].	ਉਹ ਖੁਦ ਹੀ ਆਪਣਾ ਸਿਮਰਨ[92] ਕਰਦਾ[91] ਹੈ।
ਪਾਂਚੈ[93] ਪੰਚ ਤਤ[94] ਬਿਸਥਾਰ[95] ॥	The fifth Lunar day[93]—The world is the extension[95] of the five elements[94].	ਪੰਜਵੀਂ ਥਿੱਤ[93]-ਸੰਸਾਰ ਪੰਜਾਂ ਮੂਲ[94] ਅੰਸ਼ਾਂ ਦਾ ਪਸਾਰਾ[95] ਹੈ।

ਕਨਿਕ[96] ਕਾਮਿਨੀ[97] ਜੁਗ[98] ਬਿਉਹਾਰ[99] ॥	The pursuit of gold[96] and woman[97] are its two[98] occupations[99].	ਸੋਨੇ[96] ਅਤੇ ਇਸਤ੍ਰੀ[97] ਦੀ ਤਲਾਸ਼ ਇਸ ਦੇ ਦੋ[98] ਵਿਵਹਾਰ[99] ਹਨ ।
ਪ੍ਰੇਮ[100] ਸੁਧਾਰਸੁ[2] ਪੀਵੈ[3] ਕੋਇ[4] ॥	Rare[4] is the person who drinks[3] the Nectar[2] of Lord's love[100].	ਕੋਈ ਵਿਰਲਾ[4]ਪੁਰਸ਼ ਹੀ ਪ੍ਰਭੂ ਦੀ ਪ੍ਰੀਤ[100] ਦਾ ਅੰਮ੍ਰਿਤ[2] ਪਾਨ ਕਰਦਾ[3] ਹੈ ।
ਜਰਾ[5] ਮਰਣ[6] ਦੁਖੁ[7] ਫੇਰਿ[8] ਨ ਹੋਇ ॥੬॥	He, suffers not, the pain[7] of old age[5] and death[6], again[8].	ਉਹ ਮੁੜ ਕੇ[8] ਬੁਢੇਪੇ[5] ਤੇ ਮੌਤ[6] ਦੀ ਤਕਲੀਫ਼[7] ਨਹੀਂ ਉਠਾਉਂਦਾ ।
ਛਠਿ[9] ਖਟੂ[10] ਚਕ੍ਰ[12] ਛਹੂੰ[13] ਦਿਸ[14] ਧਾਇ[15] ॥	The sixth Lunar day[9]—The six[10] ringed[12]body runs [5]in six[13]directions[14].	ਛੇਵੀਂ ਥਿੱਤ[9]—ਛਿਆਂ[10] ਕੁੰਡਲਾਂ[12] ਵਾਲੀ ਦੇਹਿ ਛਿਆਂ[13] ਹੀ ਪਾਸਿਆਂ[14] ਵੱਲ ਭੱਜੀ ਫਿਰਦੀ[15] ਹੈ ।
ਬਿਨੁ ਪਰਚੈ[16] ਨਹੀ ਥਿਰਾ[17] ਰਹਾਇ ॥	Without the recreation[16] of the Lord's Name it remains not steady[17].	ਪ੍ਰਭੂ ਦੇ ਨਾਮ ਦੇ ਸ਼ੁਗਲ[16] ਦੇ ਬਗੈਰ, ਇਹ ਅਸਥਿਰ[17] ਨਹੀਂ ਰਹਿੰਦੀ ।
ਦੁਬਿਧਾ[18] ਮੇਟਿ[19] ਖਿਮਾ[20] ਗਹਿ ਰਹਹੁ[21] ॥	Efface[19] duality[18] and holdfast[21] to tolerance[20].	ਦਵੈਤ-ਭਾਵ[18] ਨੂੰ ਮੇਸ[19] ਦੇ ਅਤੇ ਸਹਿਨ-ਸ਼ੀਲਤਾ[20] ਨੂੰ ਪਕੜ ਰੱਖ[21] ।
ਕਰਮ[22] ਧਰਮ[23] ਕੀ ਸੂਲ[24] ਨ ਸਹਹੁ[25] ॥੭॥	Endure[25] thou not the torture[24] of rituals[22] and religious[23] rites.	ਤੂੰ ਕਰਮ ਕਾਂਡਾਂ[22] ਅਤੇ ਧਾਰਮਕ[23]ਸੰਸਕਾਰਾਂ ਦੀ ਪੀੜ[24] ਨੂੰ ਨਾ ਝੱਲ[25] ।
ਸਾਤੈਂ[26] ਸਤਿ[27] ਕਰਿ[28] ਬਾਚਾ[29] ਜਾਣਿ[30] ॥ ਆਤਮ ਰਾਮ[31] ਲੇਹੁ ਪਰਵਾਣਿ[32] ॥	The seventh Lunar day[26]—Know[30] Gurbani[29] as[28] true[27] and the Pervading[31] Soul shall accept[32] thee.	ਸਤਵੀਂ ਤਿੱਥ[26]-ਗੁਰਬਾਣੀ[29] ਨੂੰ ਸੱਚੀ[27] ਕਰਕੇ[28] ਸਮਝ[30] ਅਤੇ ਵਿਆਪਕ[31] ਰੂਹ ਤੈਨੂੰ ਕਬੂਲ[32] ਕਰ ਲਵੇਗੀ ।
ਛੂਟੈ[33]ਸੰਸਾ[34] ਮਿਟਿ[35] ਜਾਹਿ ਦੁਖ[36] ॥ ਸੁੰਨ[37] ਸਰੋਵਰਿ[38] ਪਾਵਹੁ[39] ਸੁਖ[40] ॥੮॥	Thy doubt[34] shall be stilled[33] and trouble[36]effaced[35]and thou shalt obtain[39] the peace[40]of the Celestial[37] ocean[38].	ਤੇਰਾ ਵਹਿਮ[34] ਦੂਰ ਹੋ ਜਾਵੇਗਾ[33] ਤੇ ਤਕਲੀਫ਼[36] ਮਿਟ ਜਾਏਗੀ[35] ਅਤੇ ਤੂੰ ਬੈਕੁੰਠੀ[37] ਸਮੁੰਦਰ[38] ਦੇ ਆਰਾਮ[40] ਨੂੰ ਪਰਾਪਤ[39] ਕਰ ਲਵੇਂਗਾ ।
ਅਸਟਮੀ[41] ਅਸਟ[42] ਧਾਤੁ[43] ਕੀ ਕਾਇਆ[44] ॥	The eighth Lunar day[41]—The body[44] is made of the eight[42] ingredients[43].	ਅੱਠਵੀਂ ਤਿੱਥ[41]-ਸਰੀਰ[44] ਅਠਾਂ[42] ਅੰਗਾਂ[43] ਦਾ ਬਣਿਆ ਹੋਇਆ ਹੈ ।
ਤਾ[45] ਮਾਹਿ[46] ਅਕੁਲ[47] ਮਹਾ[48]ਨਿਧਿ[49] ਰਾਇਆ[50]॥	In[46]that[45]is the unknowable[47]Lord,the King[50] of the supreme[48] treasure[49].	ਉਸ[45] ਵਿਚ[46] ਪਰਮ[48] ਖ਼ਜ਼ਾਨੇ[49] ਦਾ ਰਾਜਾ[50]ਅਗਾਧ[47] ਸਾਈਂ ਹੈ ।
ਗੁਰ ਗਮ[51] ਗਿਆਨ[52] ਬਤਾਵੈ[53] ਭੇਦ[54] ॥	The Guru, who is versed[51] in Divine Knowledge[52] discloses[53] this secret[54].	ਬ੍ਰਹਿਮ ਗਿਆਤ[52] ਨੂੰ ਪੁੱਜਿਆ ਹੋਇਆ[51] ਗੁਰੂ ਇਸ ਭੇਤ[54] ਨੂੰ ਦੱਸਦਾ[53] ਹੈ ।
ਉਲਟਾ[55] ਰਹੈ[56] ਅਭੰਗ[57] ਅਛੇਦ[58] ॥੯॥	Turning away[55] from the world, man abides[56] in the unbreakable[57] and impenetrable[58] Lord.	ਸੰਸਾਰ ਵਲੋਂ[55] ਮੋੜਾ ਪਾ ਕੇ[55] ਇਨਸਾਨ ਅਟੁੱਟ[57] ਅਤੇ ਅਬੇਧ[58] ਸੁਆਮੀ ਅੰਦਰ ਵਸਦਾ[56] ਹੈ ।
ਨਉਮੀ[59] ਨਵੈ ਦੁਆਰ[60] ਕਉ ਸਾਧਿ[61] ॥	The ninth Lunar day[59]—Discipline[61] thou thy nine gates[60].	ਨੌਵੀਂ ਥਿੱਤ[59]-ਤੂੰ ਆਪਣੇ ਨਵਾਂ ਹੀ ਦਰਵਾਜ਼ਿਆਂ[60] ਨੂੰ ਕਾਬੂ[61] ਵਿਚ ਰੱਖ ।
ਬਹਤੀ[62] ਮਨਸਾ[63] ਰਾਖਹੁ ਬਾਂਧਿ[64] ॥	Keep restrained[64] thine flowing[62] desires[63].	ਆਪਣੀਆਂ ਵਗਦੀਆਂ[62] ਹੋਈਆਂ ਖ਼ਾਹਿਸ਼ਾਂ[63] ਨੂੰ ਬੰਨ੍ਹ[64] ਕੇ ਰੱਖ ।
ਲੋਭ[65] ਮੋਹ[66]ਸਭ ਬੀਸਰਿ[67] ਜਾਹੁ ॥ ਜੁਗੁ ਜੁਗੁ[68] ਜੀਵਹੁ	Forget[67] all covetousness[65] and worldly love[66] and thou shalt eat[70]	ਸਾਰੇ ਲਾਲਚ[65] ਅਤੇ ਸੰਸਾਰੀ ਲਗਨਾਂ[66] ਭੁਲਾ ਦੇ[67] ਅਤੇ ਤੂੰ ਸਦੀਵੀ ਸਥਿਰ ਕਰਨ ਵਾਲਾ ਫਲ[69] ਖਾ ਲਵੇਂਗਾ[70]

ਅਮਰ ਫਲ[69] ਖਾਹੁ[70] ॥੧੦॥	the immortalising fruit[69] and live through all the ages[68].	ਅਤੇ ਸਾਰਿਆਂ ਯੁਗਾਂ ਅੰਦਰ[68] ਜੀਉਂਦਾ ਰਹੇਂਗਾ ।
੩੪੪	344	੩੪੪
ਦਸਮੀ ਦਹਦਿਸ[71] ਹੋਇ[73] ਅਨੰਦ[72] ॥	On the tenth Lunar day—Joy[72] is prevailing[73] in ten direction[71].	ਦੱਸਵੀਂ ਥਿੱਤ ਨੂੰ ਦੱਸੀਂ ਪਾਸੀਂ[71]ਹੀ ਖ਼ੁਸ਼ੀ[72]ਵਰਤਮਾਨ[73] ਹੋ ਰਹੀ ਹੈ ।
ਛੂਟੈ[74] ਭਰਮੁ[75] ਮਿਲੈ [76]ਗੋਬਿੰਦ[77] ॥	Doubt[75] is dispelled[74] and the World[76] Lord[77] is met.	ਸੰਦੇਹ[75] ਦੂਰ[74] ਹੋ ਗਿਆ ਹੈ ਤੇ ਸ੍ਰਿਸ਼ਟੀ[76] ਦਾ ਸੁਆਮੀ[77] ਮਿਲ ਪਿਆ ਹੈ ।
ਜੋਤਿ[78] ਸਰੂਪੀ[79] ਤਤ[80] ਅਨੂਪ[81] ॥	The Master is the embodiment[79] of light[78], essence[80] of all, and incomparable[81].	ਮਾਲਕ ਪ੍ਰਕਾਸ਼[78] ਦਾ[79] ਸਾਰਿਆਂ ਦਾ ਜੌਹਰ[80] ਅਤੇ ਲਾਸਾਨੀ[81] ਹੈ ।
ਅਮਲ[82] ਨ ਮਲ[83] ਨ ਛਾਹ[84] ਨਹੀ ਧੂਪ[85] ॥੧੧॥	He is pure[82]and filthless[83].There is no shade[84]or sun-shine[85],where He abides.	ਉਹ ਪਵਿੱਤ੍ਰ[82] ਤੇ ਗੰਦਗੀ-ਰਹਿਤ[83] ਹੈ ਜਿਥੇ ਉਹ ਵਸਦਾ ਹੈ, ਉਥੇ ਕੋਈ ਛਾਂ[84] ਜਾਂ ਧੁੱਪ[85] ਨਹੀਂ ।
ਏਕਾਦਸੀ[86] ਏਕ ਦਿਸ[87] ਧਾਵੈ[88] ॥ ਤਉ[89] ਜੋਨੀ[90] ਸੰਕਟ[91] ਬਹੁਰਿ[92] ਨ ਆਵੈ॥	On the eleventh Lunar day[86]—If man runs[88] in the one direction[87] of God then[89] he does not, again[92] suffer the pangs[91] of existences[90].	ਗਿਆਰ੍ਹਵੀਂ ਤਿੱਥ[86] ਦੇ ਦਿਨ ਜੇਕਰ ਇਨਸਾਨ, ਵਾਹਿਗੁਰੂ ਦੇ ਇਕੋ ਹੀ ਪਾਸੇ[87] ਵਲ ਦੌੜੇ[88], ਤਾਂ[89] ਉਹ ਮੁੜ ਕੇ[92] ਜੂਨੀਆਂ[90] ਦੇ ਦੁਖੜੇ[91] ਨਹੀਂ ਸਹਾਰਦਾ ।
ਸੀਤਲ[93] ਨਿਰਮਲ[94] ਭਇਆ ਸਰੀਰਾ[95] ॥	Cool[93] and stainless[94] becomes his body[95].	ਠੰਢੀ[93] ਅਤੇ ਬੇਦਾਗ਼[94] ਹੋ ਜਾਂਦੀ ਹੈ ਉਸ ਦੀ ਦੇਹਿ[95] ।
ਦੂਰਿ[96]ਬਤਾਵਤ[97] ਪਾਇਆ ਨੀਰਾ[98] ॥੧੨॥	God who is said[97] to be far[96], Him he finds at quite close[98].	ਰੱਬ ਜੋ ਦੂਰੇਡੇ[96] ਆਖਿਆ[97] ਜਾਂਦਾ ਹੈ, ਉਸ ਨੂੰ ਉਹ ਨੇੜਿਓਂ[98] ਹੀ ਪਾ ਲੈਂਦਾ ਹੈ ।
ਬਾਰਸਿ[99] ਬਾਰਹ ਉਗਵੈ[100] ਸੂਰ[2] ॥	The twelfth Lunar day[99]—The twelve suns[2] arise[100] in the horizon.	ਬਾਰ੍ਹਵੀਂ ਥਿੱਤ[99]—ਆਕਾਸ਼ ਵਿਚ ਬਾਰਾਂ ਸੂਰਜ[2] ਚੜ੍ਹ ਪੈਂਦੇ[100] ਹਨ ।
[3]ਅਹਿਨਿਸਿ[4] ਬਾਜੇ[5] ਅਨਹਦ[6] ਤੂਰ[7] ॥	Day[3] and night[4], the bugles[7] play[5] the celestial strain[6].	ਦਿਨ[3] ਰਾਤ[4] ਬੈਕੁੰਠੀ ਕੀਰਤਨ[6] ਦੇ ਤੁਰਮ[7] ਵੱਜਦੇ[5]ਹਨ ।
ਦੇਖਿਆ ਤਿਹੂੰ[10] ਲੋਕ ਕਾ ਪੀਉ[9] ॥	The mortal, then, sees the Father[9] of the three[10] worlds[8].	ਪ੍ਰਾਣੀ ਤਦ ਤਿੰਨਾਂ[10] ਜਹਾਨਾਂ[8] ਦੇ ਪਿਤਾ[9] ਨੂੰ ਵੇਖ ਲੈਂਦਾ ਹੈ ।
ਅਚਰਜੁ[12] ਭਇਆ[13] ਜੀਵ[14]ਤੇ[15] ਸੀਉ[16] ॥੧੩॥	A wonder[12] is wrought[13], from[15] man[14] he has become God[16].	ਅਸਚਰਜ[12] ਗੱਲ ਬਣ ਆਈ[13] ਹੈ, ਇਨਸਾਨ[14] ਤੋਂ[15] ਉਹ ਪਰਮੇਸ਼ਰ[16] ਹੋ ਗਿਆ ਹੈ ।
ਤੇਰਸਿ[17] ਤੇਰਹ ਅਗਮ[18] ਬਖਾਣਿ[19] ॥ ਅਰਧ[20] ਉਰਧ[21] ਬਿਚਿ[24] ਸਮ[22] ਪਹਿਚਾਣਿ[23] ॥	On the Thirteenth Lunar day[17]—The holy books[18] proclaim[19], that recognise[23] the Lord alike[22] in[24] nether-world[20] and the sky[21].	ਤੇਰ੍ਹਵੀਂ ਤਿੱਥ[17] ਨੂੰ, ਪਵਿੱਤ੍ਰ ਪੁਸਤਕ[18] ਆਖਦੇ[19] ਹਨ, ਕਿ ਪਾਤਾਲ[20] ਅਤੇ ਆਕਾਸ਼[21] ਵਿਚ[24] ਸੁਆਮੀ ਨੂੰ ਇਕ ਸਮਾਨ[22] ਸਿਆਣ[23] ।
ਨੀਚ ਊਚ ਨਹੀ ਮਾਨ[25] ਅਮਾਨ[26] ॥	For Him there is no high or low,and no honourable[25] or dishonourable[26]	ਉਸ ਦੇ ਲਈ ਕੋਈ ਉੱਚਾ ਜਾਂ ਨੀਵਾਂ ਅਤੇ ਨਾ ਹੀ ਇੱਜ਼ਤ ਵਾਲਾ[25] ਜਾਂ ਬੇਇਜ਼ਤ[26] ਹੈ ।
ਬਿਆਪਿਕ[27]ਰਾਮ[28]ਸਗਲ[29]	The Omnipresent Lord[28] is	ਸਰਬ-ਵਿਆਪਕ ਸੁਆਮੀ[28] ਸਾਰਿਆਂ[29] ਅੰਦਰ

ਸਾਮਾਨ[30] ॥੧੪॥
ਚਉਦਸਿ[31]ਚਉਦਹ ਲੋਕ[30]*
ਮਝਾਰਿ[32] ॥ ਰੋਮ ਰੋਮ[33]ਮਹਿ
ਬਸਹਿ[34] [35]ਮੁਰਾਰਿ[36] ॥
ਸਤ[37] ਸੰਤੋਖ[38] ਕਾ ਧਰਹੁ
ਧਿਆਨ[40] ॥
ਕਥਨੀ[39] ਕਥੀਐ[41] ਬ੍ਰਹਮ[42]
ਗਿਆਨ[43] ॥੧੫॥
ਪੂਨਿਉ[44] ਪੂਰਾ ਚੰਦ[45]
ਅਕਾਸ[46] ॥
ਪਸਰਹਿ[47] ਕਲਾ[48] ਸਹਜ[49]
ਪਰਗਾਸ[50] ॥
ਆਦਿ[51] ਅੰਤਿ[52] ਮਧਿ[53]
ਹੋਇ ਰਹਿਆ ਥੀਰ[54] ॥
ਸੁਖ[55] ਸਾਗਰ[56] ਮਹਿ[57]
ਰਮਹਿ[58] ਕਬੀਰ ॥ ੧੬ ॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਵਾਰ[59]
ਕਬੀਰ ਜੀਉ[60] ਕੇ ੭ ॥
ਬਾਰ ਬਾਰ[62]ਹਰਿ ਕੇ ਗੁਨ[61]
ਗਾਵਉ ॥
ਗੁਰ ਗਮਿ[63] ਭੇਦੁ[64] ਸੁ
ਹਰਿ ਕਾ ਪਾਵਉ[65] ॥੧॥
ਰਹਾਉ ॥
ਆਦਿਤ[66] ਕਰੈ ਭਗਤਿ[67]
ਆਰੰਭ[68] ॥ ਕਾਇਆ[69]
ਮੰਦਰ[70] ਮਨਸਾ[71] ਥੰਭ[72] ॥
ਅਹਿ ਨਿਸਿ[74] ਅਖੰਡ[75]
ਸੁਰਹੀ[76] ਜਾਇ[77] ॥ ਤਉ[78]
ਅਨਹਦ[79] ਬੇਨੂ[80] ਸਹਜ[81]
ਮਹਿ[82] ਬਾਇ[82]* ॥੧॥
ਸੋਮਵਾਰਿ ਸਸਿ[83] ਅੰਮ੍ਰਿਤੁ[84]
ਝਰੈ[85] ॥

contained[27] alike[30] amongst all[29].
The fourteenth Lunar day[31]—In[32] the fourteen worlds[32]* and every hair[33] dwells[34] God, the Enemy[36] of pride[35].
Fix thy attention[40] on truth[37] and contentment[38].
Recite[41] the dialogue[39] of Lord's[42] Knowledge[43].
On the day of the full moon[44], the moon[45] is full in the heavens[46].
With the might[48] of its beams, the gentle[49] light[50] is diffused[47].
In the beginning[51], end[52] and the middle[53], the Lord is firmly fixed[54].
Kabir is absorbed[58] in[57] the ocean[56] of bliss[55].

There is but One God. By the true Guru's grace. He is obtained.

Gauri Measure

Week days[59] of Kabir Ji.

All the days[62] of the week, sing God's praises[61].
By meeting[63] the Guru, obtain[65] thou the mystery[64] of God. Pause.

On Sunday[66], begin[68] Lord's devotional service[67]and restrain[72]the desires[71] within the body[69] palace[70].
When day and night[74]man's attention[76] remains fixed in the imperishable[75] place[77], then[78], the flute[80], in[82] tranquillity[81], plays[82]* heavenly music[79].
On Monday the Nectar[84] trickles[85] from the moon[83].

ਇਕ-ਰਸ[30] ਰਮਿਆ[27] ਹੋਇਆ ਹੈ ।
ਚੌਧਵੀਂ ਤਿੱਥ[31]-ਚੌਦਾਂ ਪੂਰੀਆਂ[32]* ਅਤੇ ਹਰ ਵਾਲ[33] ਅੰਦਰ[32], ਹੰਕਾਰ[35] ਦਾ ਵੈਰੀ[36] ਵਾਹਿਗੁਰੂ ਵਸਦਾ[34] ਹੈ ।
ਆਪਣੀ ਬਿਰਤੀ[40] ਸੱਚ[37] ਅਤੇ ਸੰਤੁਸ਼ਟਤਾ[38] ਨਾਲ ਜੋੜ ।
ਪਰਮੇਸ਼ਰ[42] ਦੀ ਗਿਆਤ[43] ਦੀ ਕਥਾ-ਵਾਰਤਾ[39] ਉਚਾਰਨ[41] ਕਰ ।
ਪੂਰਨਮਾਸ਼ੀ ਦੇ ਦਿਹਾੜੇ[44], ਅਸਮਾਨ[46] ਵਿਚ ਚੰਨ[45] ਪੂਰਾ ਹੁੰਦਾ ਹੈ ।
ਇਸ ਦੀ ਕਿਰਨਾਂ ਦੀ ਸ਼ਕਤੀ[48] ਨਾਲ ਨਰਮ[49] ਜੇਹੀ ਰੋਸ਼ਨੀ[50] ਫੈਲ ਜਾਂਦੀ[47] ਹੈ ।
ਆਰੰਭ[51], ਅਖ਼ੀਰ[52] ਅਤੇ ਵਿਚਕਾਰ[53] ਵਿਚ ਸੁਆਮੀ ਪੱਕੀ ਤਰ੍ਹਾਂ ਸਥਿਰ[54] ਹੋ ਰਿਹਾ ਹੈ ।
ਕਬੀਰ ਪਰਸੰਨਤਾ[55] ਦੇ ਸਮੁੰਦਰ[56] ਅੰਦਰ[57] ਲੀਨ[58] ਹੋਇਆ ਹੋਇਆ ਹੈ ।

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।

ਰਾਗ ਗਉੜੀ

ਸਪਤਾਹ ਦੇ ਦਿਨ[59] ਕਬੀਰ ਜੀ ਦੇ ।

ਹਫ਼ਤੇ ਦੇ ਸਾਰੇ ਦਿਹੁੰ[62] ਹਰੀ ਦਾ ਜੱਸ[61] ਗਾਇਨ ਕਰ ।
ਗੁਰਾਂ ਨੂੰ ਮਿਲਣ[63] ਦੁਆਰਾ ਤੂੰ ਵਾਹਿਗੁਰੂ ਦਾ ਭੇਤ[64] ਪਰਾਪਤ[65] ਕਰ । ਠਹਿਰਾਉ ।
ਐਤਵਾਰ[66] ਨੂੰ ਪ੍ਰਭੂ ਦੀ ਪ੍ਰੇਮ ਮਈ ਸੇਵਾ[67] ਸ਼ੁਰੂ[68] ਕਰ ਅਤੇ ਦੇਹਿ[69] ਦੇ ਮਹਿਲ[70] ਅੰਦਰ ਹੀ ਖ਼ਾਹਿਸ਼ਾਂ[71] ਨੂੰ ਰੋਕ ਰੱਖ[72] ।
ਜਦ ਦਿਨ ਰਾਤ[74] ਇਨਸਾਨ ਦੀ ਬਿਰਤੀ[76] ਅਬਿਨਾਸੀ[75] ਥਾਂ[77] ਤੇ ਜੁੜੀ ਰਹਿੰਦੀ ਹੈ ਤਾਂ[78] ਵੀਣਾ[80], ਸ਼ਾਂਤੀ[81] ਅੰਦਰ[82], ਈਸ਼ਵਰੀ ਕੀਰਤਨ[79] ਉਚਾਰਨ[82]* ਕਰਦੀ ਹੈ ।
ਸੋਮਵਾਰ ਨੂੰ ਚੰਦਰਮੇ[83] ਤੋਂ ਸੁਧਾਰਸ[84] ਟਪਕਦਾ[85] ਹੈ ।

ਚਾਖਤ[86] ਬੇਗਿ[87] ਸਗਲ[88] ਬਿਖ[89] ਹਰੈ[90] ॥
ਬਾਣੀ ਰੋਕਿਆ[91] ਰਹੈ ਦੁਆਰ[92] ॥ ਤਉ[93] ਮਨੁ ਮਤਵਾਰੋ[94] ਪੀਵਨਹਾਰ[95] ॥੨॥
ਮੰਗਲਵਾਰੇ ਲੇ[96] ਮਾਹੀਤਿ[97] ॥ ਪੰਚ ਚੋਰ[98] ਕੀ ਜਾਣੈ[99] ਰੀਤਿ[100] ॥
ਘਰ[2] ਛੋਡੇ[3] ਬਾਹਰਿ[4] ਜਿਨਿ[5] ਜਾਇ[6] ॥ ਨਾਤਰੁ[7] ਖਰਾ[8] ਰਿਸੈ[9] ਹੈ ਰਾਇ[10] ॥੩॥
ਬੁਧਵਾਰਿ ਬੁਧਿ[12] ਕਰੈ ਪ੍ਰਗਾਸ[13] ॥
ਹਿਰਦੈ[14] ਕਮਲ[15] ਮਹਿ[16] ਹਰਿ ਕਾ ਬਾਸ[17] ॥
ਗੁਰਮਿਲਿ[18] ਦੋਊ ਏਕ ਸਮ[19] ਧਰੈ[20] ॥
ਉਰਧ[21] ਪੰਕ[22] ਲੈ[24] ਸੂਧਾ ਕਰੈ[23] ॥੪॥
ਬ੍ਰਿਹਸਪਤਿ[27] ਬਿਖਿਆ[25] ਦੇਇ ਬਹਾਇ[26] ॥
ਤੀਨਿ[28] ਦੇਵ ਏਕ[29] ਸੰਗਿ[30] ਲਾਇ[31] ॥
ਤੀਨਿ ਨਦੀ[32] ਤਹ[33] ਤ੍ਰਿਕੁਟੀ[34] ਮਾਹਿ ॥ ਅਹਿ[35] ਨਿਸਿ[36] ਕਸਮਲ[37] ਧੋਵਹਿ[38] ਨਾਹਿ ॥੫॥
ਸੁਕ੍ਰਿਤੁ[39] ਸਹਾਰੈ[40] ਸੁ ਇਹ ਬ੍ਰਤਿ[42] ਚੜੈ[43] ॥ ਅਨ[44] ਦਿਨ ਆਪਿ ਆਪ[45] ਸਿਉ ਲੜੈ[46] ॥
ਸੁਰਖੀ[47] ਪਾਂਚਉ ਰਾਖੈ[48] ਸਬੈ ॥
ਤਉ[49] ਦੂਜੀ[50] ਦ੍ਰਿਸਟਿ[51] ਨ ਪੇਖੈ[52] ਕਬੈ ॥੬॥
ਥਾਵਰ[53] ਥਿਰੁ[54] ਕਰਿ ਰਾਖੈ

When tasted[86], it speedily[87] removes[90] all[88] the poison[89].
Restrained[91] with Gurbani, the mind remains within doors[92] then[93], drinks[95] the Nectar and gets intoxicated[94].
On Tuesday have[96] a peep into reality[97] and know[99] the way[100] of assault of the five thieves[98].
Leaving[3] thine home[2] never[6] wander[6] abroad[4], otherwise[7] the King[10] shall be exceedingly[8] wrath[9].
On Wednesday, man should enlighten[13] his understanding[12],
So that the Lord may acquire dwelling[17] in[16] his heart[14] lotus[15].
On meeting[18] the Guru, he should consider[20] both the weal and woe alike[19].
He ought to handle[24] and set erect[23] the inverted[21] lotus[22] of his heart.
On Thursday[27], man should wash off[26] his sins[25].
Forsaking the Trinity[28], he should attach[31] himself to[30] One God[29].
Why does he not, day[35] and night[36], wash away[38] his sins[37], there[33] at the confluence[34] of the three steams[32] (of knowledge, action and devotion)?
On Friday[39], he who day[44] and night combats[46] against his ownself[45] and practises endurance[40], successfully completes[43] this fast[42] of his.
Were mortal to restrain[48] all his five senses[47] then[49], he shall never cast[52] a glance[51] on another[50].
On Saturday[53], he who[56] keeps

ਜਦ ਚੱਖਿਆ[86] ਜਾਂਦਾ ਹੈ, ਇਹ ਛੇਰਨ[87] ਹੀ ਸਾਰੀ[88] ਜ਼ਹਿਰ[89] ਨੂੰ ਦੂਰ[90] ਕਰ ਦਿੰਦਾ ਹੈ।
ਗੁਰਬਾਣੀ ਦਾ ਵਰਜਿਆ[91] ਹੋਇਆ ਮਨੂਆ ਦਰ[92] ਦੇ ਅੰਦਰ ਰਹਿੰਦਾ ਹੈ ਅਤੇ ਤਦੋਂ[93] ਸੁਧਾਰਸ ਪਾਨ ਕਰਦਾ[95] ਹੈ ਅਤੇ ਖੀਵਾ[94] ਹੋ ਜਾਂਦਾ ਹੈ।
ਮੰਗਲਵਾਰ ਨੂੰ ਅਸਲੀਅਤ[97] ਅੰਦਰ ਝਾਤੀ ਪਾ[96] ਅਤੇ ਪੰਜਾਂ ਚੋਰਾਂ[98] ਦੇ ਹਮਲਾ ਕਰਨ ਦੇ ਢੰਗ[100] ਨੂੰ ਸਮਝ[99]।

ਆਪਣੇ ਝੁੱਗੇ[2] ਨੂੰ ਛੱਡ[3] ਕੇ ਬਾਹਰਵਾਰ[4] ਕਦਾਚਿੱਤ ਨਾ[6] ਭਟਕ[6] ਨਹੀਂ ਤਾਂ[7] ਪਾਤਸ਼ਾਹ[10] ਬਹੁਤ[8] ਹੀ ਗੁੱਸੇ[9] ਹੋਵੇਗਾ।
ਬੁਧਵਾਰ ਨੂੰ ਬੰਦੇ ਨੂੰ ਆਪਣੀ ਸਮਝ[12] ਉੱਜਲ[13] ਕਰਨੀ ਉੱਚਿਤ ਹੈ,
ਤਾਂ ਜੋ ਪ੍ਰਭੂ ਉਸ ਦੇ ਦਿਲ[14] ਕੰਵਲ[15] ਅੰਦਰ[16] ਨਿਵਾਸ[17] ਅਖ਼ਤਿਆਰ ਕਰ ਲਵੇ।
ਗੁਰਾਂ ਨੂੰ ਭੇਟ[18] ਕੇ, ਉਸ ਨੂੰ ਦੋਨੋਂ ਹੀ ਖ਼ੁਸ਼ੀ ਤੇ ਗ਼ਮੀ ਨੂੰ ਇਕਸਾਰ[19] ਜਾਨਣਾ[20] ਚਾਹੀਦਾ ਹੈ।
ਆਪਣੇ ਦਿਲ ਦੇ ਮੂਧੇ[21] ਕੰਵਲ[22] ਨੂੰ ਲੈ ਕੇ[24] ਸਿੱਧਾ[23] ਕਰਨਾ ਚਾਹੀਦਾ ਹੈ।
ਵੀਰਵਾਰ[27] ਨੂੰ ਇਨਸਾਨ ਨੂੰ ਆਪਣੇ ਪਾਪ[25] ਧੋ[26] ਸੁਟਣੇ ਚਾਹੀਦੇ ਹਨ।
ਤਿੰਨਾਂ ਦੇਵਤਿਆਂ[28] ਨੂੰ ਛੱਡ ਕੇ ਉਸਨੂੰ ਇਕ ਵਾਹਿਗੁਰੂ[29] ਨਾਲ[30] ਜੁੜਨਾ[31] ਚਾਹੀਦਾ ਹੈ।
ਉਹ ਕਿਉਂ (ਗਿਆਨ, ਕਰਮ ਅਤੇ ਭਗਤੀ,) ਦੇ ਤਿੰਨਾਂ ਦਰਿਆਵਾਂ[32] ਦੇ ਸੰਗਮ[34] ਵਿਚ ਉਥੇ[33] ਦਿਨ[35] ਰਾਤ[36] ਆਪਣੇ ਪਾਪ[37] ਨਹੀਂ ਧੋਂਦਾ[38] ?

ਸ਼ੁੱਕਰਵਾਰ[39] ਨੂੰ, ਜੋ ਰਾਤ[44] ਦਿਨ ਆਪਣੇ ਆਪ[45] ਨਾਲ ਯੁੱਧ ਕਰਦਾ[46] ਹੈ ਅਤੇ ਸਹਿਨ-ਸ਼ੀਲਤਾ[40] ਦੀ ਕਮਾਈ ਕਰਦਾ ਹੈ, ਉਸ ਦਾ ਇਹ ਉਪਹਾਸ[42] ਕਾਮਯਾਬੀ ਨਾਲ ਸਿਰੇ ਚੜ੍ਹ[43] ਜਾਂਦਾ ਹੈ।
ਜੇਕਰ ਪ੍ਰਾਣੀ ਆਪਣੇ ਸਾਰੇ ਪੰਜਾਂ ਵਿਸ਼ਿਆਂ[47] ਨੂੰ ਕਾਬੂ[48] ਕਰ ਲਵੇ, ਤਦ[49] ਉਹ ਕਦਾਚਿੱਤ ਕਿਸੇ ਹੋਰਸ[50] ਵੱਲ ਝਾਤੀ[51] ਨਹੀਂ ਪਾਵੇਗਾ[52]।
ਸਨਿੱਚਰਵਾਰ[53] ਨੂੰ ਜੋ[56] ਹਰੀ ਦੇ ਨੂਰ[56] ਦੀ ਬੱਤੀ[57] ਨੂੰ

ਸੋਇ[55] ॥ ਜੋਤਿ[56]ਦੀ ਵਟੀ[57] ਘਟ[58] ਮਹਿ[59] ਜੋਇ[60] ॥ ਬਾਹਰਿ ਭੀਤਰਿ[61] ਭਇਆ ਪ੍ਰਗਾਸੁ[62]॥ਤਬ[63]ਹੂਆ ਸਗਲ ਕਰਮ[64] ਕਾ ਨਾਸੁ[65] ॥੭॥

stable[54] the wick[57] of God's light, which is in[59] his mind[58], illumined[62] within[61] and without and then[63] all his evil actions[64] are destroyed[65].

ਸਥਿਰ[54] ਰੱਖਦਾ ਹੈ, ਜੋ[60] ਉਸ ਦੇ ਅੰਤਰ[59] ਆਤਮੇ[58] ਹੈ, ਉਹ ਅੰਦਰੋਂ[61] ਤੇ ਬਾਹਰੋਂ ਰੋਸ਼ਨ[62] ਹੋ ਜਾਂਦਾ ਹੈ ਤੇ ਤਦ[63], ਉਸ ਦੇ ਸਾਰੇ ਮੰਦੇ ਅਮਲ[64] ਮਿਟ[65] ਜਾਂਦੇ ਹਨ ।

੩੪੫

ਜਬ ਲਗੁ[66] ਘਟ[67] ਮਹਿ[68] ਦੂਜੀ[69] ਆਨ[70] ॥ ਤਉ[71] ਲਉ ਮਹਲਿ[72] ਨ ਲਾਭੈ[73] ਜਾਨ[74] ॥

ਰਮਤ[75] ਰਾਮ[76] ਸਿਉ ਲਾਗੋ[77] ਰੰਗੁ[78] ॥ ਕਹਿ ਕਬੀਰ ਤਬ[79] ਨਿਰਮਲ[80] ਅੰਗ[81] ॥੮॥

345

Know[74] that as long[66] as, in[68] his mind[67], man seeks another's[69] patronage[70], so long[71] he obtains[73] not Lord's presence[72].

Says Kabir, when man embraces[77] love[78] for the Omnipresent[75] Lord[76], then[79] he becomes pure[80] in his heart[81]

੩੪੫

ਸਮਝ[74] ਲਓ ਕਿ ਜਦ ਤਾਈਂ[66] ਆਪਣੇ ਦਿਲ[67] ਅੰਦਰ[68] ਆਦਮੀ ਹੋਰਨਾਂ[69] ਦੀ ਸਰਣ[70] ਲੋੜਦਾ ਹੈ, ਤਦ ਤਾਈਂ[71] ਉਹ ਸਾਹਿਬ ਦੀ ਹਜ਼ੂਰੀ[72] ਨੂੰ ਪਰਾਪਤ[73] ਨਹੀਂ ਹੁੰਦਾ ।

ਕਬੀਰ ਜੀ ਆਖਦੇ ਹਨ, ਜਦ ਆਦਮੀ ਦਾ ਪ੍ਰੇਮ[78] ਸਰਬ-ਵਿਆਪਕ[75] ਸੁਆਮੀ[76] ਨਾਲ ਪੈ[77] ਜਾਂਦਾ ਹੈ, ਤਦ[79] ਉਸ ਦਾ ਦਿਲ[81] ਪਵਿੱਤ੍ਰ[80] ਹੋ ਜਾਂਦਾ ਹੈ ।

ਰਾਗ ਗਉੜੀ ਚੇਤੀ
ਬਾਣੀ ਨਾਮ ਦੇਉ ਜੀਉ ਕੀ

Measure Gauri Cheti
Hymns of Nam Dev Ji

ਰਾਗ ਗਉੜੀ ਚੇਤੀ
ਬਾਣੀ ਨਾਮ ਦੇਵ ਜੀ ਦੀ

੧ ੴ ਸਤਿਗੁਰ ਪ੍ਰਸਾਦਿ ॥

There is but one God. By the True Guru's grace He is obtained.

ਵਾਹਿਗੁਰੂ ਕੇਵਲ ਇਕ ਹੈ । ਉਹ ਸੱਚੇ ਗੁਰਾਂ ਦੀ ਦਇਆ ਦੁਆਰਾ ਪਰਾਪਤ ਹੁੰਦਾ ਹੈ ।

ਦੇਵਾ[82] ਪਾਹਨ[83] ਤਾਰੀਅਲੇ[84] ॥

God[82] has caused the stones[83] to float[84].

ਵਾਹਿਗੁਰੂ[82] ਨੇ ਪੱਥਰ[83] ਤਾਰ[84] ਛੱਡੇ ਹਨ ।

ਰਾਮ ਕਹਤ[85] ਜਨ[86] ਕਸ[87] ਨ ਤਰੇ ॥੧॥ ਰਹਾਉ ॥

Why[87] should not I, Thy slave[86], float over by repeating[85] Thine Name ? Pause.

ਤੇਰੇ ਨਾਮ ਦਾ ਉਚਾਰਨ[85] ਕਰਨ ਦੁਆਰਾ, ਮੈਂ[86] ਤੇਰਾ ਗੋਲਾ[86], ਕਿਉਂ[87] ਪਾਰ ਨਹੀਂ ਉਤਰਾਂਗਾ ? ਠਹਿਰਾਉ ।

ਤਾਰੀਲੇ ਗਨਿਕਾ[88] ਬਿਨੁ[89] ਰੂਪ ਕੁਬਿਜਾ[90] ਬਿਆਧਿ[91] ਅਜਾਮਲੁ ਤਾਰੀਅਲੇ ॥ ਚਰਨ[92] ਬਧਿਕ[93] ਜਨ[94] ਤੇਊ[95] ਮੁਕਤਿ ਭਏ[96] ॥

Thou hast saved the courtesan[88] and ugly[89] hunch-back[90] and hast caused the hunter[91] and Ajamal to swim across. The man[94]-slayer[93], who shot Krishana in the foot[92], even he[95] was emancipated[96].

ਤੂੰ ਵੇਸਵਾ[88] ਅਤੇ ਬਦ-ਸ਼ਕਲ[89] ਕੁੱਬੀ[90] ਨੂੰ ਬਚਾਅ ਲਿਆ ਹੈ ਅਤੇ ਸ਼ਿਕਾਰੀ[91] ਤੇ ਅਜਾਮਲ ਨੂੰ ਪਾਰ ਕਰ ਦਿੱਤਾ ਹੈ ।

ਆਦਮੀ[94] ਮਾਰਨ ਵਾਲਾ[93], ਜਿਸ ਨੇ ਕ੍ਰਿਸ਼ਨ ਦੇ ਪੈਰ[92] ਨੂੰ ਵਿੰਨ੍ਹਿਆ ਸੀ, ਉਹ[95] ਭੀ ਮੁਕਤ[96] ਹੋ ਗਿਆ ।

ਹਉ ਬਲਿ[97] ਬਲਿ ਜਿਨ[98] ਰਾਮ[99] ਕਹੇ[100] ॥੧॥

I am a sacrifice[97], a sacrifice unto those who[98] repeat[100] God's Name[99].

ਮੈਂ[97] ਕੁਰਬਾਨ ਹਾਂ, ਕੁਰਬਾਨ ਹਾਂ, ਉਨ੍ਹਾਂ ਉਤੋਂ[97] ਜੋ[98] ਸਾਹਿਬ ਦਾ ਨਾਮ[99] ਉਚਾਰਨ[100] ਕਰਦੇ ਹਨ ।

ਦਾਸੀ[2] ਸੁਤ[3] ਜਨੁ[4] ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ[5] ਦੀਏ ॥

Thou saved Sudama and slave[4] Bidur, the son[3] of a hand maiden[2] and gave sovereignty[5] to Ugar Sain.

ਤੂੰ ਸੁਦਾਮੇ ਅਤੇ ਨੌਕਰਾਣੀ[2] ਦੇ ਪੁੱਤ੍ਰ[3], ਗੋਲੇ[4] ਬਿਦਰ ਨੂੰ ਤਾਰ ਦਿਤਾ ਅਤੇ ਉਗਰਸੈਨ ਨੂੰ ਪਾਤਸ਼ਾਹੀ[5] ਦੇ ਦਿੱਤੀ ।

ਜਪ[6] ਹੀਨ[7] ਤਪ[8] ਹੀਨ ਕੁਲ[9] ਹੀਨ ਕ੍ਰਮ[10] ਹੀਨ ਨਾਮੇ ਕੇ ਸੁਆਮੀ[12] ਤੇਊ[13] ਤਰੇ[14] ॥੨॥੧॥

So much so that those without[7] devotion[6], without penance[8], without good family[9] and without good acts[10], Nama's Lord[12] has saved[14] them[13] all.

ਇਥੋਂ ਤਕ ਕਿ ਭਗਤੀ[6]-ਰਹਿਤ[7], ਤਪੱਸਿਆ[8]-ਰਹਿਤ, ਚੰਗੇ ਘਰਾਣੇ[9]-ਰਹਿਤ, ਅਤੇ ਚੰਗੇ ਅਮਲ[10]-ਰਹਿਤ ਨਾਮੇ ਦੇ ਮਾਲਕ[12] ਨੇ ਉਨ੍ਹਾਂ[13] ਸਾਰਿਆਂ ਨੂੰ ਤਾਰ[14] ਦਿੱਤਾ ਹੈ।

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ॥

Measure Gauri, Padas of Rav Dass Ji Gauri Guareri.

ਰਾਗ ਗਉੜੀ
ਰਵੀਦਾਸ ਜੀ ਦੇ ਪਦੇ ਗਉੜੀ ਗੁਆਰੇਰੀ।

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

There is but one God. True is His Name and creative His personality. By the Guru's grace He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ ਅਤੇ ਰਚਣਹਾਰ ਉਸ ਦੀ ਵਿਅਕਤੀ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਮੇਰੀ ਸੰਗਤਿ[15] ਪੋਚ[16] ਸੋਚ[17] ਦਿਨੁ ਰਾਤੀ[18]॥ਮੇਰਾ ਕਰਮੁ[19] ਕੁਟਿਲਤਾ[20] ਜਨਮੁ[21] ਕੁਭਾਂਤੀ[22] ॥੧॥

Day and night[18] I am infested with the anxiety[17], that my association[15] is low[16], my acts[19] are crooked[20] and my birth[21] is mean[22].

ਦਿਨ ਰਾਤ[18] ਮੈਨੂੰ ਚਿੰਤਾ[17] ਲੱਗੀ ਰਹਿੰਦੀ ਹੈ ਕਿ ਮੇਰੀ ਉਠਕ ਬੈਠਕ[15] ਭੈੜੀ[16] ਹੈ, ਮੇਰੇ ਅਮਲ[19] ਟੇਢੇ[20] ਹਨ, ਅਤੇ ਮੇਰੀ ਪੈਦਾਇਸ਼[21] ਨੀਚ[22] ਹੈ।

ਰਾਮ[23] [24]ਗੁਸਈਆ[25] ਜੀਅ[26] ਕੇ ਜੀਵਨਾ[27] ॥ ਮੋਹਿ[28] ਨ ਬਿਸਾਰਹੁ[29] ਮੈ ਜਨੁ[30] ਤੇਰਾ ॥੧॥ਰਹਾਉ॥

O God[23], the Lord[25] of earth[24], the Giver of life[27] to men[26], forget[29] me[28] not. I am a slave[30] of Thine. Pause.

ਹੇ ਵਾਹਿਗੁਰੂ[23], ਸ੍ਰਿਸ਼ਟੀ[24] ਦੇ ਸੁਆਮੀ[25], ਇਨਸਾਨਾਂ[26] ਨੂੰ ਜ਼ਿੰਦਗੀ[27] ਬਖ਼ਸ਼ਣਹਾਰ ਮੈਨੂੰ[28] ਨਾ ਭੁਲਾ[29], ਮੈਂ ਤੇਰਾ ਗੋਲਾ[30] ਹਾਂ। ਠਹਿਰਾਉ।

ਮੇਰੀ ਹਰਹੁ[31] ਬਿਪਤਿ[32] ਜਨ[33] ਕਰਹੁ [34]ਸੁਭਾਈ[35]॥ ਚਰਣ[36] ਨ ਛਾਡਉ[37] ਸਰੀਰ[38] ਕਲ[39] ਜਾਈ[40] ॥੨॥

Remove[31] my distress[32] and grant unto me, Thy serf[33], Thine sublime[34] love[35]. I shall not leave[37] Thine feet[36], even though my body[38] may perish[40] tomorrow[39].

ਮੇਰੀ ਤਕਲੀਫ਼[32] ਰਫ਼ਾ[31] ਕਰ, ਅਤੇ ਮੈਂ ਆਪਣੇ ਨਫ਼ਰ[33] ਨੂੰ ਆਪਣੀ ਸ੍ਰੇਸ਼ਟ[34] ਪ੍ਰੀਤ[35] ਪਰਦਾਨ ਕਰ। ਮੈਂ ਤੇਰੇ ਪੈਰ[36] ਨਹੀਂ ਛੱਡਾਂਗਾ[37] ਭਾਵੇਂ ਮੇਰੀ ਦੇਹਿ[38] ਭਲਕੇ[39] ਹੀ ਟੂਰ[40] ਜਾਏ।

ਕਹੁ ਰਵਿਦਾਸ ਪਰਉ ਤੋਰੀ ਸਾਭਾ[41] ॥ ਬੇਗਿ[42] ਮਿਲਹੁ ਜਨ[43] ਕਰਿ ਨ ਬਿਲਾਂਬਾ[44] ॥੩॥੧॥

Says Ravi Dass, I have sought Thine protection[41], O Lord, quickly[42] meet Thy servant[43] and make no delay[44].

ਰਵਿਦਾਸ ਜੀ ਆਖਦੇ ਹਨ, ਮੈਂ ਤੇਰੀ ਪਨਾਹ[41] ਲਈ ਹੈ, ਹੇ ਪ੍ਰਭੂ! ਆਪਣੇ ਨੌਕਰ[43] ਨੂੰ ਛੇਤੀ[42] ਮਿਲ ਅਤੇ ਦੇਰੀ[44] ਨਾ ਲਾ।

ਬੇਗਮਪੁਰਾ ਸਹਰ ਕੋ ਨਾਉ॥

Begampura is the name of the town.

ਸ਼ਹਿਰ ਦਾ ਨਾਮ ਬੇਗਮਪੁਰਾ ਹੈ!

ਦੂਖੁ ਅੰਦੋਹੁ[45] ਨਹੀ ਤਿਹਿ[46] ਠਾਉ[47] ॥

At that[46] place[47] there is no pain or worry[45].

ਉਸ[46] ਥਾਂ[47] ਉਤੇ ਕੋਈ ਤਕਲੀਫ਼ ਜਾਂ ਚਿੰਤਾ[45] ਨਹੀਂ।

ਨਾਂ ਤਸਵੀਸ[48] ਖਿਰਾਜੁ[49] ਨ ਮਾਲੁ[50] ॥

There is no fear[48] of tax[49] of goods[50] there.

ਉਥੇ ਮਾਲ ਅਸਬਾਬ[50] ਤੇ ਮਸੂਲ[49] ਲਗਨ ਦਾ ਡਰ[48] ਨਹੀਂ।

ਖਉਫੁ[51] ਨ ਖਤਾ[52] ਨ ਤਰਸੁ[53] ਜਵਾਲੁ[54] ॥੧॥

Neither awe[51], nor error[52], nor dread[53] nor decline[54] is there.

ਉਥੇ ਨਾ ਭੈ[51], ਨਾ ਗ਼ਲਤੀ[52], ਨਾ ਹੀ ਤ੍ਰਾਹ[53] ਤੇ ਨਾ ਗਿਰਾਵਟ[54] ਹੈ।

ਅਬ[55] ਮੋਹਿ[56] ਖੂਬ[57] ਵਤਨ ਗਹ[58] ਪਾਈ[59] ॥
ਊਹਾਂ[61] ਖੈਰਿ[60] ਸਦਾ[62] ਮੇਰੇ ਭਾਈ[63] ॥੧॥ ਰਹਾਉ॥
ਕਾਇਮੁ[64] ਦਾਇਮੁ[65] ਸਦਾ[66] ਪਾਤਿਸਾਹੀ[67] ॥
ਦੋਮ[68] ਨ ਸੇਮ[69] ਏਕ[70] ਸੋ[71] ਆਹੀ[72] ॥
ਆਬਾਦਾਨੁ[73] ਸਦਾ[74] ਮਸਹੂਰ[75] ॥
ਊਹਾਂ[76] ਗਨੀ[77] ਬਸਹਿ[78] ਮਾਮੂਰ[79] ॥੨॥
ਤਿਉ[80] ਤਿਉ ਸੈਲ[81] ਕਰਹਿ ਜਿਉ[82] ਭਾਵੈ[83] ॥
ਮਹਰਮ[84] ਮਹਲ[85] ਨ ਕੋ ਅਟਕਾਵੈ[86] ॥

ਕਹਿ ਰਵਿਦਾਸ ਖਲਾਸ[87] ਚਮਾਰਾ[88] ॥ਜੋ ਹਮ ਸਹਰੀ[89] ਸੋ ਮੀਤੁ[90] ਹਮਾਰਾ ॥੩॥੨॥

ੴ ਸਤਿਗੁਰ ਪ੍ਰਸਾਦਿ ॥

ਗਉੜੀ ਬੈਰਾਗਣਿ ਰਵਿਦਾਸ ਜੀਉ ॥
ਘਟ[91] ਅਵਘਟ[92] ਡੂਗਰ[93] ਘਣਾ[94] ਇਕੁ ਨਿਰਗੁਣੁ[95] ਬੈਲ[96] ਹਮਾਰ[97] ॥
ਰਮਈਏ[98] ਸਿਉ ਇਕ ਬੇਨਤੀ[99] ਮੇਰੀ ਪੂੰਜੀ[100] ਰਾਖੁ[2] [3]ਮੁਰਾਰਿ[4] ॥੧॥
ਕੋ ਬਨਜਾਰੋ[5] ਰਾਮ ਕੋ ਮੇਰਾ ਟਾਂਡਾ[6] ਲਾਦਿਆ[7] ਜਾਇ[8] ਰੇ ॥੧॥ ਰਹਾਉ ॥

I[56] have, now[58], found[59] an excellent[57] abode[58].
My brethren[63], there is ever-lasting[62] safety[60] there[61]. Pause.
Firm[64], stable[65] and for aye[66] is the sovereignty[67] of God.
There is no second[68] or third[69], He[71] alone[70] is there[72].
Populated[73] and ever[74] famous[75] is that city.
The wealthy[77] and the content[79] dwell[78] there[76].
As[82] they please[83], so[80] do they stroll[81] about.
They are the knowers[84] of the Master's Mansion[85], so none does obstruct[86] them.
Says Ravi Dass, the emancipated[87] shoe-maker[88], he, who is my fellow citizen[89], is a friend[90] of mine.

There is but one God. By the True Guru's grace He is obtained.

Gauri Bairagan.

Ravi Dass Ji.

The path[91] to God is very[94] difficult[92] and mountainous[93] and I[97] have worthless[95] ox[96].
I make one request[99] unto the Pervading Lord[98], the Enemy[4] of pride[3], to preserve[2] my capital[100].
Is there any merchant[5] of God to join me ? My cargo[6] is laden[7] and is on the move[8]. Pause.

ਮੈਨੂੰ[56] ਹੁਣ[58] ਬਹੁਤ ਚੰਗਾ[57] ਨਿਵਾਸ-ਅਸਥਾਨ[58] ਮਿਲ[59] ਗਿਆ ਹੈ।
ਮੇਰੇ ਭਰਾਵੋ[63]! ਉਥੇ[61] ਹਮੇਸ਼ਾ[62] ਦੀ ਸਲਾਮਤੀ[60] ਹੈ। ਠਹਿਰਾਉ।
ਪੱਕੀ[64], ਸਥਿਰ[65] ਅਤੇ ਸਦੀਵੀ[66] ਹੈ ਵਾਹਿਗੁਰੂ ਦੀ ਬਾਦਸ਼ਾਹੀ[67]।
ਦੂਜਾ[68] ਜਾਂ ਤੀਜਾ[69] ਕੋਈ ਨਹੀਂ, ਕੇਵਲ[70] ਉਹੀ[71] ਉਥੇ[72] ਹੈ।
ਆਬਾਦ[73] ਅਤੇ ਹਮੇਸ਼ਾ[74] ਲਈ ਉਘਾ[75] ਹੈ, ਉਹ ਸ਼ਹਿਰ।
ਅਮੀਰ[77] ਅਤੇ ਸੰਤੁਸ਼ਟ[79] ਉਥੇ[76] ਵਸਦੇ[78] ਹਨ।

ਜਿਸ ਤਰ੍ਹਾਂ[82] ਉਨ੍ਹਾਂ ਨੂੰ ਚੰਗਾ[83] ਲੱਗਦਾ ਹੈ, ਉਸ ਤਰ੍ਹਾਂ[80] ਉਹ ਸੈਰ[81] ਕਰਦੇ ਹਨ।
ਉਹ ਮਾਲਕ ਦੇ ਮੰਦਰ[85] ਦੇ ਜਾਣੂ[84] ਹਨ, ਇਸ ਲਈ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ[86]।

ਮੁਕਤ[87] ਹੋਇਆ ਹੋਇਆ, ਜੁੱਤੀਆਂ ਬਨਾਉਣ ਵਾਲਾ[88] ਰਵਿਦਾਸ ਆਖਦਾ ਹੈ, ਜੋ ਮੇਰੇ ਸ਼ਹਿਰ ਦਾ ਰਹਿਣ[89] ਵਾਲਾ ਹੈ, ਉਹ ਮੇਰਾ ਮਿੱਤ੍ਰ[90] ਹੈ।

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਗਉੜੀ ਬੈਰਾਗਣਿ

ਰਵੀਦਾਸ ਜੀ।

ਰੱਬ ਦਾ ਰਸਤਾ[91] ਬੜਾ[94] ਬਿਖੜਾ[92] ਅਤੇ ਪਹਾੜੀ[93] ਹੈ ਅਤੇ ਮੇਰਾ[97] ਬਲ੍ਹਦ[96] ਨਿਕੰਮਾ[95] ਹੈ।
ਆਪਣੇ ਵੱਖਰ[100] ਦੀ ਰਖਵਾਲੀ[2] ਕਰਨ ਲਈ ਮੈਂ ਹੰਕਾਰ[3] ਦੇ ਵੈਰੀ[4] ਸਰਬ-ਵਿਆਪਕ[98] ਸੁਆਮੀ ਮੂਹਰੇ ਇਕ ਪ੍ਰਾਰਥਨਾ[99] ਕਰਦਾ ਹਾਂ।
ਕੀ ਕੋਈ ਰੱਬ ਦਾ ਵਾਪਾਰੀ[5] ਹੈ, ਜੋ ਮੇਰੇ ਨਾਲ ਰਲ ਕੇ ਚੱਲੇ ? ਮੇਰਾ ਮਾਲ[6] ਲੱਦਿਆ[7] ਹੋਇਆ ਜਾ[8] ਰਿਹਾ ਹੈ। ਠਹਿਰਾਉ।

੩੪੬	346	੩੪੬
ਹਉ ਬਨਜਾਰੋ ਰਾਮ ਕੋ ਸਹਜ[9] ਕਰਉ ਬ੍ਯਾਪਾਰੁ[10]॥	I am the merchant of the Lord and deal in[10] Divine knowledge[9].	ਮੈਂ ਪ੍ਰਭੂ ਦਾ ਵਾਪਾਰੀ ਹਾਂ ਅਤੇ ਬ੍ਰਹਮ-ਗਿਆਨ[9] ਦੀ ਸੁਦਾਗਰੀ[10] ਕਰਦਾ ਹਾਂ।
ਮੈ ਰਾਮ ਨਾਮ ਧਨੁ[12] ਲਾਦਿਆ ਬਿਖੁ[14] ਲਾਦੀ[13] ਸੰਸਾਰਿ ॥੨॥	I have loaded the wealth[12] of Lord's Name and the world has laden[13] poison[14].	ਮੈਂ ਸੁਆਮੀ ਦੇ ਨਾਮ ਦਾ ਪਦਾਰਥ[12] ਲੱਦਿਆ ਹੈ ਅਤੇ ਦੁਨੀਆਂ ਨੇ ਜ਼ਹਿਰ[14] ਬਾਰ[13] ਕੀਤੀ ਹੈ।
ਉਰਵਾਰ[15] ਪਾਰ[16] ਕੇ ਦਾਨੀਆ[17] ਲਿਖਿ ਲੇਹੁ ਆਲ ਪਤਾਲੁ[18] ॥	O ye, the knowers[17] of this world[15] and the next[16] one, write whatever nonsense[18] you please about me.	ਹੇ ਤੁਸੀਂ ਲੋਕ[15] ਤੇ ਪ੍ਰਲੋਕ[16] ਦੇ ਜਾਨਣ[17] ਵਾਲਿਓ! ਮੇਰੇ ਮੁਤੱਲਕ ਜੋ ਊਲ-ਜਲੂਲ[18] ਤੁਹਾਨੂੰ ਚੰਗਾ ਲੱਗਦਾ ਹੈ, ਲਿਖ ਲਓ।
ਮੋਹਿ ਜਮ[19]ਡੰਡੁ[20]ਨਲਾਗਈ ਤਜੀਲੇ[21] ਸਰਬ ਜੰਜਾਲ[22]॥ ੩॥	The club[20] of Death's courier[19] will not touch me since I have cast away[21] all involvements[22].	ਮੌਤ ਦੇ ਦੂਤ[19] ਦਾ ਡੰਡਾ[20] ਮੈਨੂੰ ਨਹੀਂ ਲੱਗੇਗਾ, ਕਿਉਂਕਿ ਮੈਂ ਸਾਰੇ ਪੁਆੜੇ[22] ਛੋੜ ਦਿਤੇ[21] ਹਨ।
ਜੈਸਾ[23] ਰੰਗੁ[24] ਕਸੁੰਭ[25] ਕਾ ਤੈਸਾ[26] ਇਹੁ ਸੰਸਾਰੁ[27]* ॥ ਮੇਰੇ ਰਮਈਏ[27] ਰੰਗੁ ਮਜੀਠ[28] ਕਾ ਕਹੁ ਰਵਿਦਾਸ ਚਮਾਰ[29] ॥੪॥੧॥	As[23] is the fleeting colour[24] of saf-flower[25], so[26] is this world[27]*. But the colour of my pervading God[27] is the permanent dye of madder[28]. Says Rav-Dass, the tanner[29].	ਜਿਹੋ ਜਿਹੀ[23] ਉਡਪੁਡ ਜਾਣ ਵਾਲੀ ਭਾਅ[24] ਹੈ ਕਸੁੰਭੇ[25] ਦੇ ਫੁੱਲ ਦੀ ਉਹੋ ਜਿਹੀ[26] ਹੈ ਇਹ ਦੁਨੀਆਂ[27]*। ਪਰ ਮੇਰੇ ਵਿਆਪਕ ਵਾਹਿਗੁਰੂ[27] ਦੀ ਰੰਗਤ ਮਜੀਠੜ[28] ਦੀ ਮੁਸਤਕਿਲ ਭਾਅ ਵਰਗੀ ਹੈ। ਆਖਦਾ ਹੈ ਰਵਿਦਾਸ, ਜੁੱਤੀ ਗੰਢਣ ਵਾਲਾ[29]।
ਗਉੜੀ ਪੂਰਬੀ ਰਵਿਦਾਸ ਜੀਉ	Gauri Purbi. Ravi Dass Ji	ਗਉੜੀ ਪੂਰਬੀ ਰਵਿਦਾਸ ਜੀ
੧ ੴ ਸਤਿਗੁਰ[30] ਪ੍ਰਸਾਦਿ॥	There is but One God. By the grace of the True Guru[30], He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ[30] ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਕੂਪੁ[31] ਭਰਿਓ[32] ਜੈਸੇ[33] ਦਾਦਿਰਾ[34] ਕਛੂ ਦੇਸੁ[35] ਬਿਦੇਸੁ[36] ਨ ਬੂਝੁ[37] ॥	As[33] a frog[34], in a well[31] full[32] of water has no knowledge[37] of native[35] and foreign lands[36].	ਜਿਸ ਤਰ੍ਹਾਂ[33] ਪਾਣੀ ਨਾਲ ਭਰੇ[32] ਖੂਹ[31] ਦੇ ਡੱਡੂ[34] ਨੂੰ ਆਪਣੇ ਵਤਨ[35] ਅਤੇ ਪਰਾਏ ਵਤਨ[36] ਦਾ ਕੁਝ ਭੀ ਪਤਾ[37] ਨਹੀਂ।
ਐਸੇ[38] ਮੇਰਾ ਮਨੁ[39] ਬਿਖਿਆ[40] ਬਿਮੋਹਿਆ[41] ਕਛੂ ਆਰਾ[42] ਪਾਰੁ[44] ਨ ਸੂਝ[43] ॥੧॥	So[38] my soul[39], infatuated[41] with vice[40] has no idea[43] to this world[42] and the next[44].	ਇਸੇ ਤਰ੍ਹਾਂ[38] ਪਾਪ[40] ਦੀ ਗੁਮਰਾਹ[41] ਕੀਤੀ ਹੋਈ ਮੇਰੀ ਆਤਮਾ[39] ਨੂੰ ਇਸ ਲੋਕ[42] ਅਤੇ ਪਰਲੋਕ[44] ਦਾ ਕੁਝ ਭੀ ਖ਼ਿਆਲ[43] ਨਹੀਂ!
ਸਗਲ ਭੁਵਨ[45]ਕੇ ਨਾਇਕਾ[46] ਇਕੁ ਛਿਨੁ[47] ਦਰਸੁ[48] ਦਿਖਾਇ[49]ਜੀ॥੧॥ਰਹਾਉ॥	O Lord[46] of all the worlds[45], show[49] me Thine sight[48] for a moment[47]. Pause.	ਹੇ ਸਾਰਿਆਂ ਜਹਾਨਾਂ[45] ਦਿਆ ਮਾਲਕਾ[46]! ਮੈਨੂੰ ਇਕ ਮੁਹਤ[47] ਲਈ ਆਪਣਾ ਦਰਸ਼ਨ[48] ਵਿਖਾਲ[49]। ਠਹਿਰਾਉ।
ਮਲਿਨ[50] ਭਈ ਮਤਿ[51] ਮਾਧਵਾ[53] ਤੇਰੀ[54] ਗਤਿ[52] ਲਖੀ[55] ਨ ਜਾਇ ॥	My understanding[51] is gone dirty[50] and I cannot understand[55] Thy[54] condition[52], O Lord of light[53].	ਮੇਰੀ ਸਮਝ[51] ਮਲੀਨ[50] ਹੋ ਗਈ ਹੈ ਅਤੇ ਮੈਂ ਤੇਰੀ[54] ਦਸ਼ਾ[52] ਨੂੰ ਨਹੀਂ ਸਮਝ[55] ਸਕਦਾ, ਹੇ ਪ੍ਰਕਾਸ਼ ਦੇ ਪ੍ਰਭੂ[53]!

ਕਰਹੁ ਕ੍ਰਿਪਾ[56] ਭ੍ਰਮੁ[57] ਚੂਕਈ[58] ਮੈ [59]ਸੁਮਤਿ[60] ਦੇਹੁ ਸਮਝਾਇ[61] ॥	Take pity[56] on me that my doubt[57] may be dispelled[58], and teach[61] me the right[59] understanding[60].	ਮੇਰੇ ਉਤੇ ਤਰਸ[56] ਕਰ, ਤਾਂ ਜੋ ਮੇਰਾ ਵਹਿਮ[57] ਦੂਰ[58] ਹੋ ਜਾਵੇ ਅਤੇ ਮੈਨੂੰ ਸਰੇਸ਼ਟ[59] ਸਮਝ[60] ਦਰਸਾ[61] ਦੇ ।
ਜੋਗੀਸਰ[62] ਪਾਵਹਿ ਨਹੀ ਤੁਅ ਗੁਣ[63] ਕਥਨੁ[64] ਅਪਾਰ[65] ॥	The supreme Yogis[62] cannot explain Thine excellences[63], which are beyond[65] expression[64].	ਵੱਡੇ ਯੋਗੀ[62] ਤੇਰੀਆਂ ਸਰੇਸ਼ਟਤਾਈਆਂ[63] ਨੂੰ ਬਿਆਨ ਨਹੀਂ ਕਰ ਸਕਦੇ ਜੋ ਕਥਨ ਕਹਿਣ[64] ਤੋਂ ਪਰੇ[65] ਹਨ ।
ਪ੍ਰੇਮ[66] ਭਗਤਿ[67]ਕੈ ਕਾਰਣੈ[68] ਕਹੁ[69] ਰਵਿਦਾਸ ਚਮਾਰ ॥ ੩॥੧॥	Ravi Dass, the tanner, prays[69] for[68] Thine love[66]and devotional service[67].	ਰਵਿਦਾਸ ਚਮਾਰ ਤੇਰੀ ਪ੍ਰੀਤ[66] ਤੇ ਅਨੁਰਾਗੀ ਸੇਵਾ[67] ਦੇ ਲਈ[68] ਪ੍ਰਾਰਥਨਾ[69] ਕਰਦਾ ਹੈ ।
ਗਉੜੀ ਬੈਰਾਗਣਿ	Gauri Bairagan.	ਗਉੜੀ ਬੈਰਾਗਣ
੧ ੴ ਸਤਿਗੁਰ ਪ੍ਰਸਾਦਿ ॥	There is but One God. By the grace of the True Guru, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਸਤਿਜੁਗਿ ਸਤੁ[70] ਤੇਤਾ ਜਗੀ[71] ਦੁਆਪਰਿ ਪੂਜਾ[72] ਚਾਰ[73] ॥	In the Gold-age was truth[70], in the Silver-age sacrificial feast[71],and in the Brass-age the performance of good[73] worship[72].	ਸਤਿਯੁਗ ਵਿਚ ਸੱਚ[70] ਸੀ, ਤਰੇਤੇ ਵਿਚ ਕੁਰਬਾਨੀ ਵਾਲੇ ਯੱਗ[71] ਅਤੇ ਦੁਆਪਰ ਵਿਚ ਸਰੇਸ਼ਟ[73] ਉਪਾਸ਼ਨਾ[72] ਦਾ ਕਰਨਾ ।
ਤੀਨੌ ਜੁਗ ਤੀਨੌ ਦਿੜੇ[74] ਕਲਿ[75] ਕੇਵਲ[76] ਨਾਮ ਅਧਾਰ[77] ॥੧॥	In the three ages men held fast[74] to these three. In the Iron-age[75] the Name is the only[76] prop[77].	ਤਿੰਨਾਂ ਯੁਗਾਂ ਅੰਦਰ ਬੰਦਿਆਂ ਨੇ ਇਨ੍ਹਾਂ ਤਿੰਨਾਂ ਨੂੰ ਪਕੜਿਆ[74] ਹੋਇਆ ਸੀ । ਕਲਿਜੁਗ[75] ਵਿਚ ਸਿਰਫ[76] ਨਾਮ ਦਾ ਹੀ ਆਸਰਾ[77] ਹੈ ।
ਪਾਰੁ[78] ਕੈਸੇ[79] ਪਾਇਬੋ ਰੇ॥	How[79] shall I swim[78] across ?	ਮੈਂ ਕਿਸ ਤਰ੍ਹਾਂ[79] ਬੰਨੇ[78] ਲੱਗਾਂਗਾ ?
ਮੋ[80] ਸਉ ਕੋਊ ਨ ਕਹੈ[81] ਸਮਝਾਇ[82] ॥ ਜਾਤੇ[83] ਆਵਾਗਵਨੁ[84] ਬਿਲਾਇ[85]॥ ॥੧॥ ਰਹਾਉ ॥	No one explains[81] and brings it[82] home to me[80], by which[83] my transmigration[84] may cease[85]. Pause.	ਮੈਨੂੰ[80] ਕੋਈ ਜਣਾ ਇਸ ਨੂੰ ਦਰਸਾਉਂਦਾ[81] ਤੇ ਨਿਸਚਿਤ[82] ਨਹੀਂ ਕਰਾਉਂਦਾ, ਜਿਸ ਦੁਆਰਾ[83] ਮੇਰਾ ਆਉਣਾ ਤੇ ਜਾਣਾ[84] ਮੁੱਕ[85] ਜਾਵੇ । ਠਹਿਰਾਉ ।
ਤਹੁ[86] ਬਿਧਿ[87] ਧਰਮ[88] ਨਿਰੂਪੀਐ[89] ਕਰਤਾ[90] ਦੀਸੈ[91] ਸਭ ਲੋਇ[92] ॥	Many[86] forms[87] of religion[88] are described[89] and the entire world[92] is seen adopting[90] them.	ਮਜ਼ਹਬ[88] ਦੇ ਅਨੇਕਾਂ[86] ਸਰੂਪ[87] ਬਿਆਨ[89] ਕੀਤੇ ਜਾਂਦੇ ਹਨ ਅਤੇ ਸਾਰਾ ਜਹਾਨ[92] ਉਨ੍ਹਾਂ ਉਤੇ ਚਲਦਾ[90] ਦਿਸਦਾ[91] ਹੈ ।
ਕਵਨ[93]ਕਰਮ[94]ਤੇ ਛੂਟੀਐ[95] ਜਿਹ[96] ਸਾਧੇ[97] ਸਭ ਸਿਧਿ[98] ਹੋਇ ॥੨॥	What[93]are the acts[94],by which I may be emancipated[95]and by performing[97] which[96] I may obtain all perfection[98]?	ਉਹ ਕਿਹੜੇ[93] ਅਮਲ[94] ਹਨ ਜਿਨ੍ਹਾਂ ਦੁਆਰਾ ਮੈਂ ਬੰਦ-ਖਲਾਸ[95] ਹੋ ਜਾਵਾਂ ਅਤੇ ਜਿਨ੍ਹਾਂ[96] ਨੂੰ ਕਰਨ[97] ਦੁਆਰਾ ਮੈਨੂੰ ਸਮੂਹ ਪੂਰਨਤਾ[98] ਪਰਾਪਤ ਹੋ ਜਾਵੇ ?
ਕਰਮ[99] ਅਕਰਮ[100] ਬੀਚਾਰੀਐ[2] ਸੰਕਾ[4] ਸੁਨਿ[3] ਬੇਦ ਪੁਰਾਨ ॥	If merits[99] and demerits[100] are discriminated[2] by hearing[3] Vedas and Puranas, doubt[4] is created.	ਜੇਕਰ ਵੇਦਾਂ ਤੇ ਪੁਰਾਣਾਂ ਨੂੰ ਸ੍ਰਵਣ[3] ਕਰਕੇ ਨੇਕੀਆਂ[99] ਤੇ ਬਦੀਆਂ[100] ਦਾ ਨਿਰਣਾ[2] ਕੀਤਾ ਜਾਵੇ ਤਾਂ ਸੰਦੇਹ[4] ਪੈਦਾ ਹੋ ਜਾਂਦਾ ਹੈ ।

ਸੰਸਾ ਸਦ[5] ਹਿਰਦੈ[6] ਬਸੈ ਕਉਨੁ ਹਿਰੈ[7] ਅਭਿਮਾਨੁ[8] ॥ ੩ ॥

Doubt ever[5] abides within the mind[6], who can dispel[7] my pride[8] ?

ਸੰਦੇਹ ਹਮੇਸ਼ਾ[5] ਚਿੱਤ[6] ਅੰਦਰ ਰਹਿੰਦਾ ਹੈ। ਮੇਰੇ ਹੰਕਾਰ[8] ਨੂੰ ਕੌਣ ਨਵਿਰਤ[7] ਕਰ ਸਕਦਾ ਹੈ ?

ਬਾਹਰੁ[9] ਉਦਿਕ[10] ਪਖਾਰੀਐ[12]ਘਟ[13]ਭੀਤਰਿ[14] [15]ਬਿਬਿਧਿ[16] ਬਿਕਾਰ[17] ॥

Outside[9] of his body, man washes[12] with water[10], but within[14] his mind[13] are vices[17] of many[15] descriptions[16].

ਆਪਣੀ ਦੇਹਿ ਦਾ ਬਾਹਰਵਾਰ[9], ਬੰਦਾ ਪਾਣੀ[10] ਨਾਲ ਧੋ[12] ਲੈਂਦਾ ਹੈ, ਪਰ ਉਸ ਦੇ ਮਨ[13] ਅੰਦਰ[14] ਬੜੇ[15] ਕਿਸਮਾਂ[16] ਦੇ ਪਾਪ[17] ਹਨ।

ਸੁਧ[18] ਕਵਨ[19] ਪਰ[20] ਹੋਇਬੋ[21] ਸੁਚ[22] ਕੁੰਚਰ[23] ਬਿਧਿ[24] ਬਿਉਹਾਰ[25] ॥੪॥

But[20] how[19] shall he be[21] pure[18]? His method[24] to procure purity[22] is like the procedure[25] of an elephant[23].

ਪ੍ਰੰਤੂ[20] ਉਹ ਪਵਿੱਤ੍ਰ[18] ਕਿਸ[19] ਤਰ੍ਹਾਂ ਹੋਵੇਗਾ[21] ?ਉਸਦਾ ਪਵਿੱਤ੍ਰਤਾ[22] ਨੂੰ ਪ੍ਰਾਪਤ ਕਰਨ ਦਾ ਤਰੀਕਾ[24] ਹਾਥੀ[23] ਵਿਵਹਾਰ[25] ਵਰਗਾ ਹੈ।

ਰਵਿ[26] ਪ੍ਰਗਾਸ[27] ਰਜਨੀ[28] ਜਥਾ[29] ਗਤਿ[30] ਜਾਨਤ ਸਭ ਸੰਸਾਰ[31] ॥

As[29] the entire world[31] knows that the night[28] comes to an end[30] with the rising[27] of the Sun[26].

ਜਿਸ ਤਰ੍ਹਾਂ[29] ਸਾਰਾ ਜਹਾਨ[31] ਜਾਣਦਾ ਹੈ ਕਿ ਸੂਰਜ[26] ਦੇ ਚੜ੍ਹਨ[27] ਨਾਲ ਰਾਤ[28] ਖ਼ਤਮ[30] ਹੋ ਜਾਂਦੀ ਹੈ।

ਪਾਰਸ[32] ਮਾਨੋ[33] ਤਾਬੋ[34] ਛੁਏ[35] ਕਨਕ[36] ਹੋਤ[38] ਨਹੀ ਬਾਰ[37]॥੫॥

Believe[33], that with the touch[35] of philosopher's stone[32] copper[34] turns[38] into gold[36], without delay[37].

ਯਕੀਨ[33] ਕਰ ਲੈ ਕਿ ਪਾਰਸ[32] ਨਾਲ ਲਗਨ[35] ਨਾਲ ਤਾਂਬਾ[34], ਬਿਨਾ ਕਿਸੇ ਦੇਰੀ[37] ਦੇ, ਸੋਨਾ[36] ਹੋ[38] ਜਾਂਦਾ ਹੈ।

ਪਰਮ[40] ਪਰਸ[39] ਗੁਰੁ ਭੇਟੀਐ[41] ਪੂਰਬ[42] ਲਿਖਤ[43] ਲਿਲਾਟ[44] ॥ ਉਨ[45] ਮਨ[46] ਮਨ[47] ਮਨ ਹੀ ਮਿਲੇ[48] ਛੁਟਕਤ[49] ਬਜਰ[50]ਕਪਾਟ[51] ॥੬॥

If the Supreme[40] Philosopher's stone[39] Guru be found[41] by virtue of the primal[42] writ[43] on the brow[44], then the soul[47] blends[48] with the Exalted[45] Soul[46]and the admantine[50] shutters[51] are opened[49].

ਜੇਕਰ ਮੱਥੇ[44] ਦੀ ਆਦਿ[42] ਲਿਖਤਕਾਰ[43] ਦੀ ਬਰਕਤ ਦੁਆਰਾ, ਮਹਾਨ[40] ਅਮੋਲਕ-ਪੱਥਰ[39], ਗੁਰੂ ਜੀ ਮਿਲ ਪੈਣ[41], ਤਦ ਆਤਮਾ[47], ਪਰਮ ਉੱਨਤ[45] ਆਤਮਾ[46] ਨਾਲ ਅਭੇਦ[48] ਹੋ ਜਾਂਦੀ ਹੈ ਅਤੇ ਕਰੜੇ[50] ਕਿਵਾੜ[51] ਖੁਲ੍ਹ[49] ਜਾਂਦੇ ਹਨ।

ਭਗਤਿ[52] ਜੁਗਤਿ[53] ਮਤਿ[54] ਸਤਿ[55] ਕਰੀ ਭ੍ਰਮ[56] ਬੰਧਨ[57] ਕਾਟਿ[58] ਬਿਕਾਰ[59] ॥

Doubts[56],entanglements[57]and sins[59]of him,who makes the way[53]of devotion[52] firm[55] in his mind[54], are cut away[58].

ਉਸ ਦੇ ਸੰਦੇਹ[56] ਅਲਝੇਂਟੇ[57] ਅਤੇ ਪਾਪ[59] ਕੱਟੇ ਜਾਂਦੇ[58] ਹਨ, ਜੋ ਅਨੁਰਾਗ[52] ਦੇ ਰਸਤੇ[53] ਨੂੰ ਆਪਣੇ ਚਿੱਤ[54] ਅੰਦਰ ਪੱਕਾ[55] ਕਰਦਾ ਹੈ।

ਸੋਈ[61] ਬਸਿ[62] ਰਸਿ[63] ਮਨ[64] ਮਿਲੇ[65] ਗੁਨ[66] ਨਿਰਗੁਨ[67] ਏਕ[68] ਬਿਚਾਰ[69] ॥ ੭ ॥

He[61] restrains[62] his mind[64], attains[65] joy[63]and meditates[69]on Him alone[68] who is with[66]and without[67] qualities.

ਉਹ[61] ਆਪਣੇ ਮਨੂਏ[64] ਨੂੰ ਰੋਕਦਾ[62] ਹੈ, ਖ਼ੁਸ਼ੀ[63] ਪਾਉਂਦਾ[65] ਹੈ ਤੇ ਕੇਵਲ[68] ਉਸ ਦਾ ਚਿੰਤਨ[69] ਕਰਦਾ ਹੈ, ਜੋ ਲੱਛਣਾਂ ਸਹਿਤ[66] ਅਤੇ ਲੱਛਣਾਂ ਰਹਿਤ[67] ਹੈ।

ਅਨਿਕ[70]ਜਤਨ[71] ਨਿਗ੍ਰਹ[72] ਕੀਏ ਟਾਰੀ[73] ਨ ਟਰੈ ਭ੍ਰਮ[74] ਫਾਸ[75] ॥

Many[70] methods[71] have I tried[72], but by warding[73] off, the noose[75] of doubt[74] is not warded off.

ਮੈਂ ਬੜੇ[70] ਉਪਰਾਲੇ[71] ਕਰ[72] ਵੇਖੇ ਹਨ, ਪਰ ਪਰੇ ਹਟਾਉਣ[73] ਦੁਆਰਾ ਸੰਦੇਹ[74] ਦੀ ਫਾਹੀ[75] ਪਰੇ ਨਹੀਂ ਹਟਾਈ ਜਾ ਸਕਦੀ।

ਪ੍ਰੇਮ[76] ਭਗਤਿ[77] ਨਹੀ ਉਪਜੈ[78] ਤਾਤੇ[79] ਰਵਿਦਾਸ ਉਦਾਸ[80] ॥੮॥੧॥

Love[76] and meditation[77] have not sprung[78] up in me, therefore[79] Ravi Dass is sad[80].

ਪਿਆਰ[76] ਤੇ ਸਿਮਰਨ[77] ਮੇਰੇ ਵਿਚ ਉਤਪੰਨ[78] ਨਹੀਂ ਹੋਏ, ਇਸ ਲਈ[79] ਰਵਿਦਾਸ ਨਿਮੋਝੂਣਾ[80] ਹੈ।